# GURU RAVIDASS SAMBANDHI JANAM SAKHI SAHIT: IK ALOCHNATAMAK ADHIAN

# ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਸਾਹਿਤ : ਇਕ ਆਲੋਚਨਾਤਮਿਕ ਅਧਿਐਨ

**THESIS**

SUBMITTED TO THE PANJAB UNIVERSITY, CHANDIGARH
FOR THE DEGREE OF

**DOCTOR OF PHILOSOPHY**

IN THE FACULTY OF LANGUAGES

**1996**

**Jagtar Singh**

## ਦੋ ਸ਼ਬਦ

ਮੱਧਕਾਲ ਵਿਚ ਹੋਏ ਸੰਤਾਂ ਦੇ ਜੀਵਨ ਬਾਰੇ ਸਾਨੂੰ ਬਹੁਤੀ ਜਾਣਕਾਰੀ ਜਨਮ-ਸਾਖੀ ਸਾਹਿਤ ਤੋਂ ਮਿਲਦੀ ਹੈ। ਇਨ੍ਹਾਂ ਸੰਤਾਂ ਨੇ ਆਪਣੀ ਬਾਣੀ ਵਿਚ, ਜਿਸ ਨੂੰ ਪ੍ਰਮਾਣਿਕ ਮੰਨਿਆ ਜਾ ਸਕਦਾ ਹੈ, ਆਪਣੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਦਿੱਤੀ ਹੈ। ਸੋ ਜਨਮਸਾਖੀਆਂ ਨੇ ਇਨ੍ਹਾਂ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਬਿਰਤਾਂਤ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਾਖੀਕਾਰ ਦਾ ਉਦੇਸ਼ ਸੰਬੰਧਿਤ ਨਾਇਕ ਦੀ ਜੀਵਨੀ ਲਿਖਣਾ ਨਹੀਂ ਸੀ ਸਗੋਂ ਉਹ ਤਾਂ ਉਸ ਮਹਾਂਪੁਰਸ਼ ਦੇ ਜੀਵਨ ਦੇ ਕੁਝ ਵਿਸ਼ੇਸ਼ ਪੱਖ ਹੀ ਪੇਸ਼ ਕਰਦਾ ਰਿਹਾ ਸੀ। ਸਾਖੀ ਸੰਪਰਦਾਇ ਦੀ ਵਸਤੂ ਹੈ ਇਸ ਲਈ ਸਾਖੀਕਾਰਾਂ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਹੀ ਆਪਣੇ ਨਾਇਕ ਦਾ ਜੀਵਨ-ਬਿਰਤਾਂਤ ਆਂਸ਼ਿਕ ਤੌਰ ਤੇ ਪੇਸ਼ ਕੀਤਾ ਹੈ। ਸਾਖੀਆਂ ਦੀ ਰਚਨਾ ਬਾਣੀ ਦੀ ਵਿਆਖਿਆ ਹਿੱਤ ਵੀ ਹੋਈ ਜਾਪਦੀ ਹੈ ਕਿਉਂਕਿ ਬਾਣੀ ਸਮੀਖਿਆ ਦੇ ਮੁੱਢਲੇ ਬੀਜ ਜਨਮ ਸਾਖੀਆਂ ਵਿਚ ਦੇਖੇ ਜਾ ਸਕਦੇ ਹਨ। ਬਹੁਤ ਦੇਰ ਤੱਕ ਜਨਮਸਾਖੀਆਂ ਨੂੰ ਬਾਣੀ ਦੇ ਤੁਲ ਹੀ ਦਰਜਾ ਦਿੱਤਾ ਜਾਂਦਾ ਰਿਹਾ ਹੈ ਪਰੰਤੂ ਵੀਹਵੀਂ ਸਦੀ ਵਿਚ ਇਸ ਸਾਹਿਤ ਨੂੰ ਵੀ ਘੋਖਣ ਪਰਖਣ ਦਾ ਕੰਮ ਸ਼ੁਰੂ ਹੋਇਆ ।

" ਗੁਰੂ ਰਵਿਦਾਸ ਸੰਬੰਧੀ ਜਨਮਸਾਖੀ ਸਾਹਿਤ— ਇੱਕ ਆਲੋਚਨਾਤਮਿਕ ਅਧਿਐਨ" ਖੋਜ-ਵਿਸ਼ਾ ਲੈਂਦਿਆਂ ਮੇਰੇ ਸਾਹਮਣੇ ਕਈ ਮੁਸ਼ਕਲਾਂ ਸਨ। ਗੁਰੂ ਰਵਿਦਾਸ ਸੰਬੰਧੀ ਉਪਲਬਧ ਜਨਮਸਾਖੀ ਸਾਹਿਤ ਬਾਰੇ ਮੁੱਢਲਾ ਕੰਮ ਹੋਣ ਕਾਰਨ ਪਹਿਲਾਂ ਕੰਮ ਤਾਂ ਜਨਮ-ਸਾਖੀਆਂ ਇਕੱਤਰ ਕਰਨਾ ਸੀ। ਡਾ. ਜਸਬੀਰ ਸਿੰਘ ਸਾਬਰ ਵਲੋਂ ਸੰਪਾਦਿਤ 'ਭਗਤ ਰਵਿਦਾਸ ਸ੍ਰੋਤ ਪੁਸਤਕ' ਨੇ ਮੇਰਾ ਕੰਮ ਕਿਸੇ ਹੱਦ ਤੱਕ ਸੌਖਾ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਪੁਰਾਤਨ ਸ੍ਰੋਤਾਂ ਨੂੰ ਛਾਣਬੀਣ ਕਰਨ ਉਪਰੰਤ 'ਭਗਤ ਰਵਿਦਾਸ ਸ੍ਰੋਤ ਪੁਸਤਕ' ਵਿਚ ਦਰਜ ਕਰ ਦਿੱਤਾ ਸੀ। ਫਿਰ ਵੀ ਕੁਝ ਸਮਾਂ ਪੰਜਾਬੀ ਵਿਚ ਮਿਲਦੀਆਂ ਜਨਮਸਾਖੀਆਂ ਨੂੰ ਇਕੱਤਰ ਕਰਨ ਵਿਚ ਲੱਗਿਆ। ਡਾ. ਜਗਜੀਤ ਸਿੰਘ ਦੇ ਖੋਜ-ਪ੍ਰਬੰਧ 'ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਦਾ ਤਾਰਕਿਕ ਅਧਿਐਨ' ਨੂੰ ਵੀ ਘੋਖਿਆ। ਡਾ. ਧਰਮਪਾਲ ਸਿੰਗਲ ਜੀ ਮੇਰੇ ਚਾਨਣ-ਮੁਨਾਰੇ ਹਨ ਇਸ ਲਈ ਉਨ੍ਹਾਂ ਦੀਆਂ ਛੱਡੀਆਂ ਗਿਆਨ-ਕਿਰਨਾਂ ਮੇਰੇ ਲਈ ਨਵੇਂ ਦਿਸਹੱਦੇ ਰੁਸ਼ਨਾਉਂਦੀਆਂ ਰਹਿੰਦੀਆਂ ਤੇ ਮੇਰੀਆਂ ਸਾਰੀਆਂ ਹੀ ਮੁਸ਼ਕਲਾਂ ਹੱਲ ਹੁੰਦੀਆਂ ਰਹੀਆਂ। ਫਿਰ ਵੀ ਜਨਮਸਾਖੀਆਂ

ਨਾਲ ਜੁੜਿਆ ਅਲੋਚਨਾਤਮਿਕ ਸ਼ਬਦ ਮੇਰੇ ਲਈ ਇਕ ਚੁਣੌਤੀ ਬਣਿਆ ਰਿਹਾ। ਕੁਦਰਤ ਨੇ ਆਪ ਹੀ ਮੇਰੇ ਲਈ ਰਾਹ ਖੋਲ੍ਹ ਦਿੱਤਾ ਜਦੋਂ ਮੈਂ ਇਸ ਸਿੱਟੇ ਤੇ ਪੁੱਜਿਆ ਕਿ ਆਲੋਚਨਾ ਤੋਂ ਮੇਰਾ ਭਾਵ ਜਨਮਸਾਖੀ ਸਾਹਿਤ ਨੂੰ ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਾਚਣਾ ਹੈ । ਸੋ ਸਨਿਮਰ ਬੇਨਤੀ ਹੈ ਕਿ ਮੇਰਾ ਮਨੋਰਥ ਕਿਸੇ ਹਿਰਦੇ ਨੂੰ ਠੇਸ ਪਹੁੰਚਾਉਣਾ ਨਹੀਂ। ਮੈਂ ਤਾਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸਾਖੀ-ਸਾਹਿਤ ਦਾ ਸੱਚ, ਸਾਹਿਤ ਦਾ ਸੱਚ ਹੈ ਤੇ ਇਹ ਜ਼ਰੂਰੀ ਨਹੀਂ ਕਿ ਇਹ ਸੱਚ, ਜੀਵਨ ਦਾ ਸੱਚ ਹੋਵੇ ।

ਇਹ ਖੋਜ-ਵਿਸ਼ਾ ਚੁਣਨ ਤੋਂ ਪਹਿਲਾਂ ਇਹ ਮਹਿਸੂਸ ਹੁੰਦਾ ਸੀ ਕਿ ਗੁਰੂ ਰਵਿਦਾਸ ਸੰਬੰਧੀ ਮਿਲਦੀਆਂ ਕੁਝ ਸਾਖੀਆਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਨਹੀਂ ਕਰਦੀਆਂ ਹਨ। ਕਈ ਵਾਰ ਸ਼ਰਧਾਲੂ ਮਨ ਉਲਾਰ ਹੋ ਕੇ ਅਜਿਹੀਆਂ ਰਚਨਾਵਾਂ ਰਚ ਦਿੰਦਾ ਹੈ ਜੋ ਮਹਾਂਪੁਰਸ਼ਾਂ ਦਾ ਅਕਸ ਸੰਵਾਰਨ ਦੀ ਥਾਂ ਵਿਗਾੜ ਦਿੰਦੀਆਂ ਹਨ। ਮੈਂ ਆਪਣੇ ਸ਼ੋਧ-ਪ੍ਰਬੰਧ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਚਮਤਕਾਰਾਂ ਨੂੰ ਰਵਿਦਾਸ ਜੀ ਦੇ ਜੀਵਨ ਵਿੱਚ ਵਿਸ਼ੇਸ਼ ਦਖਲ ਹਾਸਲ ਨਹੀਂ ਸੀ। ਸੋ ਸਾਡਾ ਮਨੋਰਥ ਉਨ੍ਹਾਂ ਸਾਖੀਆਂ ਦੀ ਮੂਲ-ਪਰਵਿਰਤੀ ਨੂੰ ਪੇਸ਼ ਕਰਨਾ ਸੀ ਜਿਹੜੀਆਂ ਗੁਰੂ- ਆਸ਼ੇ ਨਾਲ ਮੇਲ ਨਹੀਂ ਖਾਂਦੀਆਂ ।

ਅਸੀਂ ਆਪਣੇ ਸ਼ੋਧ-ਪ੍ਰਬੰਧ ਨੂੰ ਸੱਤ ਅਧਿਆਇਆਂ ਵਿੱਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਜਨਮ-ਸਾਖੀ ਸਾਹਿਤ ਬਾਰੇ ਭਰਪੂਰ ਵਿਚਾਰ ਪੇਸ਼ ਕੀਤੀ ਹੈ। ਜਨਮਸਾਖੀ ਸਾਹਿਤ ਦੇ ਸਰੂਪ, ਸਿੱਧਾਂਤ ਤੇ ਵਿਕਾਸ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੇਸ਼ ਕਰਨ ਉਪਰੰਤ ਅਸੀਂ ਆਪਣੇ ਵਲੋਂ ਕੁਝ ਵਿਚਾਰ ਪੇਸ਼ ਕੀਤੇ ਹਨ। ਸਾਖੀ ਰਚਨਾ ਦੀ ਵਿਧੀ ਇਸ ਅਧਿਆਇ ਵਿਚ ਮਹੱਤਵਪੂਰਨ ਉਪ-ਸਿਰਲੇਖ ਸੀ। ਸਾਖੀ ਰਚਨਾ ਦੀ ਵਿਧੀ ਨੂੰ ਅਸੀਂ ਲੋਕਧਾਰਾ ਤੇ ਪਰੰਪਰਾ, ਦੋਹਾਂ ਹੀ ਖੇਤਰਾਂ ਵਿਚ ਪਰਖਣ ਦਾ ਯਤਨ ਕੀਤਾ ਹੈ। ਇਸੇ ਅਧਿਆਇ ਵਿਚ ਗੁਰੂ ਰਵਿਦਾਸ ਸੰਬੰਧੀ ਪ੍ਰਚੱਲਿਤ ਜਨਮਸਾਖੀ ਪਰੰਪਰਾਵਾਂ ਦਾ ਵੀ ਜ਼ਿਕਰ ਕੀਤਾ ਹੈ ।

ਦੂਜੇ ਅਧਿਆਇ ਵਿਚ ਗੁਰੂ ਰਵਿਦਾਸ ਸੰਬੰਧੀ ਉਪਲਬਧ ਜਨਮਸਾਖੀ ਸਾਹਿਤ ਦੀ ਸੂਚੀ ਪੇਸ਼ ਕੀਤੀ ਗਈ ਹੈ। ਪਰੰਪਰਾਵਾਦੀ ਜਨਮਸਾਖੀਆਂ ਤੋਂ ਬਿਨਾ ਆਧੁਨਿਕ ਯੁੱਗ ਵਿੱਚ ਰਚੀਆਂ ਪੁਸਤਕਾਂ ਨੂੰ ਵੀ ਅਸੀਂ ਇਸ ਸੂਚੀ ਵਿਚ ਸ਼ਾਮਲ ਕੀਤਾ ਹੈ। ਇਸ ਅਧਿਆਇ ਵਿਚ ਇਕ ਉਪ-ਸਿਰਲੇਖ ਜਨਮਸਾਖੀਆਂ ਵਿਚ ਕਹਾਣੀ ਤੱਤ ਅਧੀਨ ਅਸੀਂ ਇਹ ਸਿੱਧ ਕਰਨ

ਦੀ ਕੋਸ਼ਿਸ਼ ਕੀਤੀ ਹੈ ਕਿ ਸਾਖੀਕਾਰ ਮੂਲ ਰੂਪ ਵਿਚ ਕਹਾਣੀਕਾਰ ਸੀ ਤੇ ਉਸਦੀ ਇਸ ਕਲਾ ਨੇ ਹੀ ਜਨਮਸਾਖੀਆਂ ਨੂੰ ਹਰਮਨ-ਪਿਆਰਾ ਬਣਾ ਦਿੱਤਾ। ਇਸੇ ਅਧਿਆਇ ਵਿਚ ਕੁਝ ਸਾਖੀਆਂ ਪੇਸ਼ ਕਰਕੇ ਉਨ੍ਹਾਂ ਵਿਚਲੀਆਂ ਸਿੱਖਿਆਵਾਂ ਨੂੰ ਰਵਿਦਾਸ-ਬਾਣੀ ਦੇ ਉਦੇਸ਼ਾਂ ਨਾਲ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ ।

ਤੀਜੇ ਅਧਿਆਇ ਵਿਚ ਗੁਰੂ ਰਵਿਦਾਸ ਦੇ ਸਮਕਾਲੀਆਂ ਵਲੋਂ ਉਨ੍ਹਾਂ ਦੇ ਜੀਵਨ ਬਾਰੇ ਪਾਇਆ ਪ੍ਰਕਾਸ਼ ਉਨ੍ਹਾਂ ਵਲੋਂ ਕੀਤੀਆਂ ਟਿੱਪਣੀਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਨਮਸਾਖੀ ਵਿਚ ਇਤਿਹਾਸਕ ਤੱਤਾਂ ਦੀ ਭਾਲ ਕਰਨ ਤੋਂ ਪਹਿਲਾਂ ਅਸੀਂ ਇਹ ਮੰਨਿਆ ਹੈ ਕਿ ਜਨਮਸਾਖੀਆਂ ਇਤਿਹਾਸ ਨਹੀਂ ਸਗੋਂ ਇਤਿਹਾਸ ਦੀ ਚੇਤਨਾ ਹੋ ਕੇ ਸਾਹਿਤ ਦਾ ਇਕ ਰੂਪ ਹਨ ਕਿਉਂਕਿ ਸਾਖੀਕਾਰ ਇਤਿਹਾਸ ਨਹੀਂ ਲਿਖ ਰਹੇ ਸਨ। ਫਿਰ ਵੀ ਕੁਝ ਇਤਿਹਾਸਕ ਤੱਥ ਜਨਮਸਾਖੀਆਂ ਵਿਚ ਜ਼ਰੂਰ ਮਿਲਦੇ ਹਨ। ਉਨ੍ਹਾਂ ਤੱਥਾਂ ਨੂੰ ਪੇਸ਼ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਕਥਾਨਕ ਰੂੜ੍ਹੀਆਂ ਦਾ ਅਧਿਐਨ ਕਰਕੇ ਗੁਰੂ ਰਵਿਦਾਸ ਸੰਬੰਧੀ ਉਪਲਬਧ ਜਨਮ-ਸਾਖੀ ਸਾਹਿਤ ਵਿਚ ਇਨ੍ਹਾਂ ਰੂੜ੍ਹੀਆਂ ਦੇ ਦਖ਼ਲ ਦੀ ਭਾਲ ਕੀਤੀ ਗਈ ਹੈ। ਜਨਮਸਾਖੀਆਂ ਦਾ ਮਿੱਥਿਕ ਅਧਿਐਨ ਕਰਨ ਸਮੇਂ ਮਿੱਥ ਲਈ ਨਵੀਂ ਵਿਗਿਆਨਕ ਸੋਚ ਨੂੰ ਅਪਣਾਇਆ ਗਿਆ ਹੈ। ਇਸੇ ਅਧਿਆਇ ਵਿਚ ਜਨਮਸਾਖੀਆਂ ਵਿਚ ਮਿਲਦੇ ਕਥਾਤਮਕ ਤੇ ਪਰੰਪਰਾਈ ਤੱਤ ਵੀ ਪੇਸ਼ ਕੀਤੇ ਗਏ ਹਨ ।

ਪੰਜਵੇਂ ਅਧਿਆਇ ਵਿਚ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਬਾਰੇ ਇਤਿਹਾਸਕ ਹਵਾਲੇ ਪੇਸ਼ ਕੀਤੇ ਗਏ ਹਨ। ਰਵਾਇਤ ਹੈ ਕਿ ਹੋਰ ਸੰਤਾਂ ਵਾਂਗ ਰਵਿਦਾਸ ਜੀ ਵੀ ਯਾਤਰਾਵਾਂ ਤੇ ਨਿਕਲਦੇ ਰਹੇ ਹੋਣਗੇ। ਉਨ੍ਹਾਂ ਨਾਲ ਸੰਬੰਧਿਤ ਅਨੇਕਾਂ ਅਸਥਾਨਾਂ ਨੂੰ ਅਸੀਂ ਅਰਧ-ਇਤਿਹਾਸਕ ਮੰਨਿਆ ਹੈ। ਰਵਿਦਾਸ ਜੀ ਦੀਆਂ ਯਾਤਰਾਵਾਂ ਸੰਬੰਧੀ ਅਮੀਰ ਪ੍ਰਚੱਲਿਤ ਪਰੰਪਰਾ ਨੂੰ ਵੀ ਅਸੀਂ ਵਿਸ਼ੇਸ਼ ਮਹੱਤਵ ਦਿੱਤਾ ਹੈ। ਰਵਿਦਾਸ ਜੀ ਦੇ ਨਿਕਟਵਰਤੀ ਸ੍ਰੀ ਅਨੰਤਦਾਸ ਜੀ ਵਲੋਂ ਦਿੱਤੀ ਜਾਣਕਾਰੀ ਨੂੰ ਜੇ ਅਸੀਂ ਪ੍ਰਮਾਣਿਕ ਨਾ ਵੀ ਮੰਨਦੇ ਤਾਂ ਵੀ ਉਸ ਨੂੰ ਬਿਲਕੁਲ ਹੀ ਨਕਾਰਿਆ ਨਹੀਂ ਜਾ ਸਕਦਾ ।

ਛੇਵੇਂ ਅਧਿਆਇ ਵਿਚ ਹਰ ਜਨਮ ਸਾਖੀ ਵਿਚ ਮਿਲਦੀਆਂ ਸਾਖੀਆਂ ਦੀ ਗਿਣਤੀ ਕਰਕੇ ਸਾਂਝੀਆਂ ਸਾਖੀਆਂ ਇਕੱਤਰ ਕੀਤੀਆਂ ਗਈਆਂ ਹਨ। ਇਹ ਸਾਂਝੀਆਂ ਸਾਖੀਆਂ

ਏ ਜਾਂ ਇਸ ਤੋਂ ਵੱਧ ਜਨਮ ਸਾਖੀਆਂ ਵਿਚ ਦਰਜ ਹਨ। ਇਸੇ ਅਧਿਆਇ ਵਿਚ ਇਨ੍ਹਾਂ ਸਾਖੀਆਂ ਦਾ ਆਲੋਚਨਾਤਮਿਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਹ ਅਧਿਐਨ ਕਰਦੇ ਸਮੇਂ ਹਿੰਦੀ, ਪੰਜਾਬੀ ਵਿਚ ਮਿਲਦੇ ਪ੍ਰਾਚੀਨ ਤੇ ਨਵੀਨ ਸ੍ਰੋਤਾਂ ਤੋਂ ਛੁੱਟ ਕੁਝ ਵਿਦਵਾਨਾਂ ਵਲੋਂ ਵਿਗਿਆਨਕ ਲੀਹਾਂ ਤੇ ਕੀਤੇ ਕੰਮ ਨੂੰ ਵੀ ਆਧਾਰ ਬਣਾਇਆ ਗਿਆ ਹੈ ।

ਸੱਤਵੇਂ ਤੇ ਆਖਰੀ ਅਧਿਆਇ ਵਿਚ ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀਆਂ ਦੀ ਸਾਹਿਤਕ ਮਹੱਤਤਾ ਤੇ ਵਿਚਾਰ ਕੀਤਾ ਗਿਆ ਹੈ। ਵੱਖ-ਵੱਖ ਢੰਗਾਂ ਰਾਹੀਂ ਕੀਤੀ ਗਈ ਪਾਤਰ ਉਸਾਰੀ ਤੇ ਨਾਇਕ ਦੇ ਸੰਕਲਪ ਤੇ ਭਰਪੂਰ ਚਰਚਾ ਕੀਤੀ ਗਈ ਹੈ। ਇਸ ਅਧਿਆਇ ਵਿਚ ਗੁਰੂ ਰਵਿਦਾਸ ਦੇ ਜੀਵਨ ਦੀਆਂ ਘਟਨਾਵਾਂ ਜਿਵੇਂ ਜਨਮ, ਨਾਂ, ਮਾਤਾ ਪਿਤਾ, ਗ੍ਰਹਿਸਥੀ ਜੀਵਨ, ਕਿੱਤਾ ਆਦਿ ਬਾਰੇ ਵਿਚਾਰ ਕੀਤੀ ਹੈ। ਜਨਮਸਾਖੀਆਂ ਦੀ ਭਾਸ਼ਾ ਬਾਰੇ ਵੀ ਕੋਈ ਅੰਤਿਮ ਸਿੱਟਾ ਕੱਢਣ ਤੋਂ ਪਹਿਲਾਂ ਅਸੀਂ ਹਿੰਦੀ ਤੇ ਪੰਜਾਬੀ ਸ੍ਰੋਤਾਂ ਵਿਚੋਂ ਕੁਝ ਮਿਸਾਲਾਂ ਦਿੱਤੀਆਂ ਹਨ। ਸਾਖੀਕਾਰ ਕਿਸੇ ਵਿਸ਼ੇਸ਼ ਖਿੱਤੇ ਲਈ ਨਹੀਂ ਸਗੋਂ ਸਮੁੱਚੇ ਦੇਸ਼ ਦੇ ਲੋਕਾਂ ਲਈ ਸਾਹਿਤ ਲਿਖ ਰਹੇ ਹਨ। ਇਸ ਕਰਕੇ ਇਕ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਜੋ ਵੱਧ ਤੋਂ ਵੱਧ ਲੋਕਾਂ ਦੀ ਸਮਝ ਵਿਚ ਆ ਸਕੇ। ਗੁਰੂ ਰਵਿਦਾਸ ਸੰਬੰਧੀ ਮਿਲਦੇ ਕੁਝ ਚਿੱਤਰ ਵੀ ਪੇਸ਼ ਕੀਤੇ ਗਏ ਹਨ ।


ਮੈਂ ਆਪਣਾ ਖੋਜ- ਪ੍ਰਬੰਧ ਮੁਕੰਮਲ ਕਰ ਸਕਿਆ ਹਾਂ ਤਾਂ ਸਿਰਫ ਆਪਣੇ ਨਿਰਦੇਸ਼ਕ ਵਿਦਵਾਨ ਡਾ. ਸਿੰਗਲ ਸਾਹਿਬ ਦੀ ਕਿਰਪਾ ਸਦਕਾ । ਡਾ. ਧਰਮਪਾਲ ਸਿੰਗਲ ਜੀ ਦੀ ਸਖਸ਼ੀਅਤ ਬਾਰੇ ਕੁਝ ਕਹਿਣਾ ਤਾਂ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ । ਮੇਰੀ ਖੁਸ਼ਕਿਸਮਤੀ ਹੈ ਕਿ ਇਕ ਲੰਮਾ ਅਰਸਾ ਉਨ੍ਹਾਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਡਾ. ਸਾਹਿਬ ਜਿੰਨੇ ਵਿਦਵਾਨ ਹਨ ਉਨੇ ਹੀ ਮਿਲਣਸਾਰ, ਜਿੰਨੇ ਮਿਹਨਤੀ ਹਨ ਉਨੇ ਹੀ ਯੋਗ ਅਧਿਆਪਕ । ਗਰਮੀ ਹੋਵੇ ਜਾਂ ਸਰਦੀ ਡਾ. ਸਾਹਿਬ ਸਦਾ ਆਪਣੇ ਦਫ਼ਤਰ ਵਿਚ ਪੜ੍ਹਣ ਲਿਖਣ ਵਿਚ ਮਗਨ ਹੁੰਦੇ। ਆਪਣੇ ਵਿਦਿਆਰਥੀਆਂ ਦੀ ਅਗਵਾਈ ਲਈ ਹਰ ਵਕਤ ਤਿਆਰ ਰਹਿੰਦੇ। ਡਾ. ਸਾਹਿਬ ਦੀ ਸੰਗਤ ਵਿਚ ਮਾਣੇ ਪਲਾਂ ਦੀ ਯਾਦ ਸਾਰੀ ਉਮਰ ਬਣੀ ਰਹੇਗੀ। ਮੈਂ ਤਹਿ ਦਿਲੋਂ ਉਨ੍ਹਾਂ ਦਾ ਸ਼ੁਕਰ ਗੁਜ਼ਾਰ ਹਾਂ ਕਿ ਜਿਨ੍ਹਾਂ ਨੇ ਮੇਰੀ ਉਂਗਲ ਫੜ ਕੇ ਮੈਨੂੰ ਇਥੇ ਪਹੁੰਚਾ ਦਿੱਤਾ । ਉਨ੍ਹਾਂ ਦੀ ਬਦੌਲਤ ਹੀ ਮੈਂ ਆਪਣਾ ਖੋਜ-ਕਾਰਜ ਮੁਕੰਮਲ ਕਰ ਸਕਿਆ ਹਾਂ । ਮੈਂ ਅਕ੍ਰਿਤਘਣ ਹੋਵਾਂਗਾ ਜੇ ਆਪਣੀ ਸਹਿ-ਨਿਰਦੇਸ਼ਕਾ

ਡਾ. ਜਸਪਾਲ ਕੌਰ ਕਾਂਗ ਜੀ ਦਾ ਧੰਨਵਾਦ ਨਾ ਕਰਾਂ ਜਿਨ੍ਹਾਂ ਨੇ ਅਤਿ ਦੇ ਰੁਝੇਵਿਆਂ ਦੇ ਬਾਵਜੂਦ ਵੀ ਮੇਰੀ ਅਗਵਾਈ ਕੀਤੀ ਤੇ ਕੀਮਤੀ ਸੁਝਾਅ ਦਿੱਤੇ। ਮੈਂ ਸਦਾ ਉਨ੍ਹਾਂ ਦਾ ਰਿਣੀ ਰਹਾਂਗਾ ।

ਮੇਰੇ ਧੰਨਵਾਦ ਦੇ ਪਾਤਰਾਂ ਦੀ ਸੂਚੀ ਬਹੁਤ ਲੰਬੀ ਹੈ, ਸਭ ਤੋਂ ਪਹਿਲਾਂ ਮੈਂ ਆਪਣੇ ਭਰਾਵਾਂ ਵਰਗੇ ਦੋਸਤ ਸ੍ਰ. ਸੰਤਾ ਸਿੰਘ ਲੈਕਚਰਾਰ ਕੈਮਿਸਟਰੀ (ਬਾਬਾ ਸੰਤਾ ਸਿੰਘ) ਤੇ ਸ੍ਰ. ਕੁਲਵੰਤ ਸਿੰਘ ਲੈਕਚਰਾਰ ਕੈਮਿਸਟਰੀ ਦਾ ਧੰਨਵਾਦੀ ਹਾਂ ਜੋ ਮੇਰੀ ਪੜ੍ਹਾਈ ਦੇ ਕਾਰਜ ਵਿਚ ਮੇਰੀ ਮੱਦਦ ਕਰਦੇ ਰਹੇ। ਜੇ ਮੈਂ ਇਹ ਕਹਾਂ ਕਿ ਪ੍ਰੇਰਨਾ ਇਹ ਦੋਵੇਂ ਦਿੰਦੇ ਰਹੇ ਤੇ ਕੰਮ ਮੈਂ ਕਰਦਾ ਰਿਹਾ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹੁਣ ਮੈਂ ਧੰਨਵਾਦੀ ਹਾਂ ਜ਼ਿਲ੍ਹਾ ਲਾਇਬਰੇਰੀ ਹੁਸ਼ਿਆਰਪੁਰ ਵਾਲੇ ਸ੍ਰ. ਜੋਗਾ ਸਿੰਘ 'ਹੀਰ', ਸ੍ਰ. ਕਰਨੈਲ ਸਿੰਘ, ਸ੍ਰੀ ਰਾਮ ਪ੍ਰਸਾਦ ਤੇ ਪ੍ਰੀਤਮ ਜੀ ਦਾ ਜਿਨ੍ਹਾਂ ਆਪਣੀ ਲਾਇਬਰੇਰੀ ਦੇ ਦਰਵਾਜੇ ਸਦਾ ਮੇਰੇ ਲਈ ਖੁਲ੍ਹੇ ਰੱਖੇ।

ਮੈਂ ਧੰਨਵਾਦੀ ਹਾਂ ਆਪਣੀ ਦੋਸਤ ਮੰਡਲੀ ਬਲਦੇਵ ਬੱਸੀ, ਜਸਵੰਤ ਸਿੰਘ ਆਰਟਿਸਟ, ਜਤਿੰਦਰ ਸਿੰਘ ਦਾ। ਮੇਰੀ ਮਿਹਨਤ ਵਿਚ ਇਨ੍ਹਾਂ ਦੀ ਹੱਲਾਸ਼ੇਰੀ ਵੀ ਰਲੀ ਹੋਈ ਹੈ । ਡਾ. ਮੱਖਣ ਸਿੰਘ ਦਾ ਮੈਂ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਇਸ ਖੋਜ-ਕਾਰਜ ਵਿੱਚ ਬਹੁਤ ਜ਼ਿਆਦਾ ਸਹਾਇਤਾ ਕੀਤੀ ।

ਅੰਤ ਵਿਚ ਮੈਂ ਆਪਣੀ ਸੁਪੱਤਨੀ ਮਨਜੀਤ ਕੌਰ ਦਾ ਸ਼ੁਕਰਗੁਜ਼ਾਰ ਹਾਂ ਜਿਸਦੇ ਸਹਿਯੋਗ ਸਦਕਾ ਹੀ ਮੈਂ ਆਪਣੇ ਖੋਜ-ਕਾਰਜ ਵਿਚ ਰੁਝਿਆ ਰਿਹਾ ਹਾਂ। ਘਰੇਲੂ ਜ਼ਿੰਮੇਵਾਰੀਆਂ ਦਾ ਭਾਰ ਆਪਣੇ ਕੰਧਿਆਂ ਤੇ ਉਠਾਉਂਦਿਆਂ ਮੈਨੂੰ ਇਨ੍ਹਾਂ ਰੁਝੇਵਿਆਂ ਤੋਂ ਮੁਕਤ ਰਖਿਆ । ਮੈਂ ਆਪਣੇ ਬੱਚਿਆਂ ਰਜਿੰਦਰ ਪਾਲ ਸਿੰਘ ਤੇ ਨਵਜੋਤ ਸਿੰਘ ਦਾ ਵੀ ਧੰਨਵਾਦੀ ਹਾਂ ਜਿਹੜੇ ਮੈਨੂੰ ਪੜ੍ਹਨ ਲਿਖਣ ਦਾ ਪੂਰਾ ਸਮਾਂ ਦਿੰਦੇ ਰਹੇ ।



(ਜਗਤਾਰ ਸਿੰਘ)

## ਤ ਤ ਕ ਰਾ


ਪੰਨਾ ਨੰਬਰ

ਭੂਮਿਕਾ — ੳ – ਹ

ਅਧਿਆਇ ਪਹਿਲਾ: ਜਨਮ ਸਾਖੀ ਸਾਹਿਤ — 1 – 47

ਜਨਮ ਸਾਖੀ: ਸਰੂਪ, ਸਿੱਧਾਂਤ ਤੇ ਵਿਕਾਸ
ਸਾਖੀ ਰਚਨਾ ਦੀ ਵਿਧੀ
ਜਨਮ ਸਾਖੀ ਪਰੰਪਰਾ

ਅਧਿਆਇ ਦੂਜਾ: ਗੁਰੂ ਰਵਿਦਾਸ ਨਾਲ ਸੰਬੰਧਤ ਉਪਲਬਧ ਜਨਮ ਸਾਖੀ ਸਾਹਿਤ — 48 – 74

ਪ੍ਰਕਾਸ਼ਿਤ ਜਨਮ ਸਾਖੀਆਂ
ਆਂਸ਼ਿਕ ਤੌਰ ਤੇ ਮਿਲਦੇ ਜਨਮ ਸੰਬੰਧੀ ਬਿਉਰੇ
ਜਨਮ ਸਾਖੀਆਂ ਵਿਚ ਕਹਾਣੀ ਤੱਤ
ਕੀ ਇਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਕਰਦੀਆਂ ਹਨ ।

ਅਧਿਆਇ ਤੀਜਾ: ਗੁਰੂ ਰਵਿਦਾਸ ਨਾਲ ਸੰਬੰਧਤ ਜਨਮ ਸਾਖੀਆਂ ਵਿਚ ਇਤਿਹਾਸਕ ਤੱਤ — 75 – 129

ਗੁਰੂ ਸਾਹਿਬ ਦੇ ਸਮਕਾਲੀ
ਗੁਰੂ ਰਵਿਦਾਸ ਦੇ ਸਮਕਾਲੀਆਂ ਵਲੋਂ ਗੁਰੂ ਸਾਹਿਬ ਦੇ ਜੀਵਨ ਬਾਰੇ ਪਾਇਆ ਪ੍ਰਕਾਸ਼
ਸੰਤਾਂ ਭਗਤਾਂ ਵਲੋਂ ਕੀਤੇ ਟੀਕਾ ਟਿੱਪਣੀ
ਜਨਮ ਸਾਖੀਆਂ 'ਚੋਂ ਉਘੜਦੇ ਇਤਿਹਾਸ ਦੀ ਪ੍ਰਮਾਣਿਕਤਾ

ਅਧਿਆਇ ਚੌਥਾ: ਕਥਾਨਕ ਰੂੜ੍ਹੀਆਂ ਅਤੇ ਜਨਮ ਸਾਖੀਆਂ ਦਾ ਮਿਥਿਕ ਅਧਿਐਨ — 130–149

ਮਿੱਥ ਤੇ ਪਰੰਪਰਾ–ਮਿਥਿਕ ਹਵਾਲੇ
ਜਨਮ ਸਾਖੀਆਂ ਵਿਚ ਕਥਾਤਮਕ ਤੇ ਪਰੰਪਰਾਈ ਤੱਤ

ਅਧਿਆਇ ਪੰਜਵਾਂ: ਜਨਮ ਸਾਖੀਆਂ ਵਿਚ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਦੇ ਹਵਾਲੇ — 150–174

ਗੁਰੂ ਰਵਿਦਾਸ ਦੀਆਂ ਯਾਤਰਾਵਾਂ
ਯਾਤਰਾਵਾਂ ਬਾਰੇ ਮਿਲਦੇ ਇਤਿਹਾਸਕ ਹਵਾਲੇ

ਅਧਿਆਇ ਛੇਵਾਂ: ਜਨਮ ਸਾਖੀਆਂ ਵਿੱਚ ਮਿਲਦੀਆਂ ਸਾਖੀਆਂ ਦਾ ਆਲੋਚਨਾਤਮਕ ਅਧਿਐਨ 175– 221

ਹਰ ਜਨਮ ਸਾਖੀ ਵਿੱਚ ਮਿਲਦੀਆਂ ਸਾਖੀਆਂ ਦੀ
ਕੁਲ ਗਿਣਤੀ
ਸਾਂਝੀਆਂ ਸਾਖੀਆਂ

ਅਧਿਆਇ ਸੱਤਵਾਂ: ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀਆਂ ਦੀ ਸਾਹਿਤਕ ਮਹੱਤਤਾ 222 – 263

ਪਾਤਰ ਉਸਾਰੀ–ਨਾਇਕ ਦਾ ਸੰਕਲਪ
ਜੀਵਨ ਘਟਨਾਵਾਂ ਅਤੇ ਉਨ੍ਹਾਂ ਦੀ ਪੁਣਛਾਣ
ਭਾਸ਼ਾ ਤੇ ਸ਼ੈਲੀਗਤ ਅਧਿਅਨ
ਮਿਲਦੀ ਚਿੱਤਰਕਾਰੀ ਅਤੇ ਉਨ੍ਹਾਂ ਦੇ ਸੰਕੇਤ

ਨਿਸ਼ਕਰਸ਼ 264– 268

ਸਹਾਇਕ ਪੁਸਤਕ- ਸੂਚੀ 269 – 285

* * * * *

# ਅਧਿਆਇ ਪਹਿਲਾ

## ਜਨਮ ਸਾਖੀ ਸਾਹਿਤ : ਸਰੂਪ, ਸਿਧਾਂਤ ਤੇ ਵਿਕਾਸ

# ਜਨਮ ਸਾਖੀ ਸਾਹਿਤ : ਸਰੂਪ , ਸਿਧਾਂਤ ਤੇ ਵਿਕਾਸ

'ਜਨਮ ਸਾਖੀ' ਸ਼ਬਦ ਉਨ੍ਹਾਂ ਸਾਖੀਆਂ ਦੇ ਸੰਗ੍ਰਹਿ ਲਈ ਵਰਤਿਆ ਗਿਆ ਹੈ ਜਿਹੜੀਆਂ ਕਿਸੇ ਧਾਰਮਿਕ ਮਹਾਂਪੁਰਸ਼ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਨ ਲਈ ਸਾਖੀਕਾਰਾਂ ਦੁਆਰਾ ਕਲਮਬੱਧ ਕੀਤੀਆਂ ਗਈਆਂ। ਇਹ ਦੋ ਸ਼ਬਦਾਂ 'ਜਨਮ ਅਤੇ 'ਸਾਖੀ' ਦੇ ਸੁਮੇਲ ਤੋਂ ਬਣਿਆ ਹੈ। ਜਨਮ ਤੋਂ ਭਾਵ ਸੰਬੰਧਿਤ ਮਹਾਂਪੁਰਸ਼ ਦਾ ਸਮੁੱਚਾ ਜੀਵਨ ਹੈ ਤੇ ਸਾਖੀ ਤੋਂ ਭਾਵ ਗਵਾਹੀ ਹੈ। ਇਹ ਕੇਵਲ ਸ਼ਾਬਦਿਕ ਅਰਥ ਹਨ। ਇਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਉਨ੍ਹਾਂ ਹਾਲਾਤਾਂ ਨੂੰ ਘੋਖਣਾ ਚਾਹਾਂਗੇ ਜਿਨ੍ਹਾਂ ਅਧੀਨ ਜਨਮ ਸਾਖੀਆਂ ਦੀ ਰਚਨਾ ਹੋਈ ।

ਸਮੁੱਚੇ ਭਾਰਤੀ ਸਾਹਿਤ ਵਿਚ ਸੰਤਾਂ ਫਕੀਰਾਂ ਦੇ ਜੀਵਨ ਲਿਖਣ ਦੀ ਪਰੰਪਰਾ ਰਹੀ ਹੈ। ਇਸ ਰੂਪ ਲਈ ਪਰਚਈ, ਜੀਵਨ-ਚਰਿਤ, ਜੀਵਨ-ਚਰਿਤਰ, ਜੀਵਨ-ਕਥਾ, ਭਗਤ-ਮਾਲ, ਪਰਚੀਆਂ ਸ਼ਬਦ ਵਰਤੇ ਜਾਂਦੇ ਰਹੇ ਹਨ ਤੇ ਸ਼ਬਦ ਜਨਮ-ਸਾਖੀ ਪੰਜਾਬੀ ਵਿੱਚ ਪਹਿਲੀ ਵਾਰ ਇਸ ਸਦੀ ਵਿਚ ਹੀ ਵਰਤਿਆ ਗਿਆ।[1] ਪੰਜਾਬੀ ਨਾਲੋਂ ਬਹੁਤ ਸਮਾਂ ਪਹਿਲਾਂ ਹਿੰਦੀ ਵਿਚ ਇਹ ਸਾਹਿਤ ਰੂਪ ਆਪਣਾ ਵਿਸ਼ੇਸ਼ ਸਥਾਨ ਬਣਾ ਚੁੱਕਿਆ ਸੀ। ਜਨਮ-ਸਾਖੀ ਸਾਹਿਤ ਬਾਰੇ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਦਿੱਤੀ ਪਰਿਭਾਸ਼ਾ ਇਸ ਤਰ੍ਹਾਂ ਹੈ, " ਇਤਿਹਾਸਕ ਵਿਗਿਆਨਾਂ ( Historical Sciences ) ਦੀ ਉਹ ਸ਼ਾਖਾ ਜਿਹੜੀ ਸੰਤਾਂ ਦੇ ਜੀਵਨ ਨਾਲ ਸੰਬੰਧ ਰੱਖਦੀ ਹੈ।"[2]

ਭਾਵੇਂ ਇਹ ਸਾਹਿਤ ਸੰਤਾਂ ਦੇ ਜੀਵਨ ਦੇ ਇਤਿਹਾਸਕ ਤੱਥ ਪੇਸ਼ ਕਰਨ ਦਾ ਦਾਅਵਾ ਕਰਦਾ ਹੈ ਪਰੰਤੂ ਇਹ ਨਿਰੋਲ ਇਤਿਹਾਸਕ ਨਾ ਹੋ ਕੇ ਯਥਾਰਥ ਤੇ ਕਲਪਨਾ ਦਾ ਸੁਮੇਲ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਾਖੀ ਦੀ ਰਚਨਾ ਵਿਅਕਤੀ 'ਚੋਂ ਨਹੀਂ ਸਗੋਂ ਪਰੰਪਰਾ ਚੋਂ ਹੋਈ ਹੈ ।[3] ਡਾ. ਵਣਜਾਰਾ ਬੇਦੀ ਅੱਗੇ ਚੱਲ ਕੇ ਲਿਖਦੇ ਹਨ " ਮੱਧਕਾਲ ਦੇ ਸੰਤਾਂ, ਸੂਫੀਆਂ, ਗੁਰਵਿਅਕਤੀਆਂ, ਪੀਰਾਂ ਨਾਲ ਇਤਨੀ ਲੋਕਧਾਰਾਈ ਸਾਮਗ੍ਰੀ ਜੁੜ ਗਈ ਅਤੇ ਉਹਨਾਂ ਦੇ ਜੀਵਨ-ਪ੍ਰਸੰਗ ਵਿਚ ਇਤਨੀਆਂ ਕਥਾਨਿਕ ਰੂੜ੍ਹੀਆਂ

ਰਚ ਮਿਚ ਗਈਆਂ ਕਿ ਉਸ ਸਮੇਂ ਦੇ ਕਿਸੇ ਵੀ ਸੰਪ੍ਰਦਾਇਕ— ਵਿਅਕਤੀ ਦੇ ਜੀਵਨ ਦੇ ਵਾਸਤਵਿਕ ਤੱਤ ਨਿਖੇੜਨੇ ਅੱਜ ਸੰਭਵ ਨਹੀਂ ਰਹੇ। ਨਿੱਕੀ ਜਿਹੀ ਗਿਰੀ ਦੁਆਲੇ ਲੋਕਧਾਰਾ ਦਾ ਗੁੰਝਲਦਾਰ ਜਾਲਾ ਇਉਂ ਤਣਿਆ ਪਿਆ ਹੈ ਕਿ ਮੂਲ ਵਸਤੂ ਪਛਾਣੀ ਹੀ ਨਹੀਂ ਜਾ ਸਕਦੀ।"[4]

ਡਾ. ਬੇਦੀ ਦੇ ਵਿਚਾਰ ਸਹੀ ਜਾਪਦੇ ਹਨ ਜਦੋਂ ਹਸੀਂ ਮੱਧਕਾਲ ਦੇ ਸੰਤਾਂ ਫਕੀਰਾਂ ਤੇ ਪਏ ਭਾਰਤੀ ਦਰਸ਼ਨ ਦੇ ਉਸ ਪ੍ਰਭਾਵ ਨੂੰ ਦੇਖਦੇ ਹਾਂ ਜਿਸ ਅਨੁਸਾਰ ਇਹ ਜੀਵਨ ਨਾਸ਼ਵਾਨ ਤੇ ਤੁਛ ਹੈ ਤੇ ਇਹੀ ਵੱਡਾ ਕਾਰਨ ਹੈ ਕਿ ਬਹੁਤੇ ਮਹਾਂਪੁਰਸ਼ਾਂ ਨੇ ਆਪਣੇ ਜੀਵਨ ਬਾਰੇ ਜਾਣਕਾਰੀ ਨਾ ਹੋਣ ਦੇ ਬਰਾਬਰ ਹੀ ਦਿੱਤੀ ਹੈ।[5] ਗੁਰੂ ਰਵਿਦਾਸ ਦੇ ਜੀਵਨ ਬਾਰੇ ਉਨ੍ਹਾਂ ਦੀ ਬਾਣੀ ਚੋਂ ਜਿਹੜੀ ਜਾਣਕਾਰੀ ਮਿਲਦੀ ਹੈ ਉਸ ਨੂੰ ਆਧਾਰ ਬਣਾ ਕੇ ਕਿਸੇ ਜਨਮਸਾਖੀ ਦੀ ਰਚਨਾ ਕਰਨਾ ਮੁਸ਼ਕਲ ਹੈ। ਡਾ. ਪਿਆਰ ਸਿੰਘ ਦੇ ਵਿਚਾਰ ਉਪਰੋਕਤ ਕਥਨ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ ।

ਡਾ. ਪਿਆਰ ਸਿੰਘ ਦਾ ਮੱਤ ਹੈ ਕਿ ਸਾਖੀਕਾਰਾਂ ਦਾ ਮਨੋਰਥ ਕੇਵਲ ਜੀਵਨ ਦੀ ਗਵਾਹੀ ਦੇਣਾ ਹੀ ਨਹੀਂ ਸੀ ਸਗੋਂ ਜੀਵਨ ਕਹਾਣੀ ਨੂੰ ਵਰਨਣ ਕਰਨਾ ਸੀ। ਉਨ੍ਹਾਂ ਅਨੁਸਾਰ ਇਹ ਸ਼ਬਦ (ਜਨਮਸਾਖੀ) ਗੁਰੂਆਂ ਲਈ ਵਰਤਿਆ ਗਿਆ ਤੇ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਅੰਗਰੇਜ਼ੀ ਸ਼ਬਦ 'ਬਾਇਓਗ੍ਰਾਫ਼ੀ' ਦਾ ਪ੍ਰਯਾਇਵਾਚੀ ਬਣ ਗਿਆ।[6]

ਪਰੰਤੂ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, ਇਹ ਸਾਹਿਤ Biography ਨਾਲੋਂ Hagiography ਕਿਸਮ ਦੇ ਸਾਹਿਤ ਦੇ ਜ਼ਿਆਦਾ ਨੇੜੇ ਹੈ। ਅਜੇਹੇ ਜੀਵਨੀ ਸਾਹਿਤ ਦੇ ਬੀਜ ਤਾਂ ਅਵੱਸ਼ ਜਨਮ ਸਾਖੀ ਸਾਹਿਤ ਵਿਚ ਦੇਖੇ ਜਾ ਸਕਦੇ ਹਨ ਪਰੰਤੂ ਸਾਖੀਕਾਰ ਦਾ ਪ੍ਰਯੋਜਨ ਜੀਵਨੀ ਲਿਖਣਾ ਨਹੀਂ ਸਗੋਂ ਜੀਵਨ-ਚਰਿੱਤਰ ਨੂੰ ਹੀ ਉਜਾਗਰ ਕਰਨਾ ਸੀ। ਇਸ ਲਈ ਉਹ ਜੀਵਨ ਸੰਬੰਧੀ ਖੋਜ ਕਰਨ ਦੀ ਥਾਂ ਸਮੱਗਰੀ ਲੋਕਧਾਰਾ ਦੇ ਖੇਤਰ ਚੋਂ ਲੈਂਦਾ ਸੀ। ਇਸ ਦਾ ਇਕ ਵੱਡਾ ਸਬੂਤ ਇਹ ਹੈ ਕਿ ਇਕੋ ਘਟਨਾ ਇਕ ਤੋਂ ਵੱਧ ਮਹਾਂਪੁਰਸ਼ਾਂ ਦੇ ਜੀਵਨ ਨਾਲ ਜੋੜ ਦਿੱਤੀ ਗਈ ਹੈ। ਇੱਥੇ ਅਸੀਂ ਸ. ਦਰਸ਼ਨ ਸਿੰਘ ਦੇ ਵਿਚਾਰ ਪੇਸ਼ ਕਰ ਰਹੇ ਹਾਂ ਜਿਨ੍ਹਾਂ ਅਨੁਸਾਰ ਭਾਰਤ ਵਿੱਚ ਇਤਿਹਾਸਕ ਜੀਵਨੀਆਂ ਦਾ ਅਭਾਵ ਸੀ ।[7]

ਜਨਮ-ਸਾਖੀ ਸਾਹਿਤ ਵਰਗੀ ਸਾਹਿਤ ਰਚਨਾ ਦੇ ਮੂਲ ਤੇ ਵਿਚਾਰ ਕਰਦਿਆਂ ਲਿਊਨ ਐਡਲ ਨੇ ਲਿਖਿਆ ਹੈ, " ਇਥੇ ਅਸੀਂ ਸੰਤ-ਚਰਿਤਕਾਰਾਂ ਬਾਰੇ ਵਿਚਾਰ ਕਰਨ ਦਾ ਲੋਭ ਨਹੀਂ ਛੱਡ ਸਕਦੇ ਜੋ ਆਪਣੇ ਸੰਤ-ਚਰਿਤਾਂ ਵਿੱਚ ਵਿਗਿਆਨ ਦਾ ਬਹੁਤ ਘੱਟ ਅਤੇ ਸੱਤਵਾਦਤਾ ਤੇ ਯਥਾਤੱਥਤਾ ਦਾ ਇਸ ਨਾਲੋਂ ਵੀ ਘੱਟ ਖਿਆਲ ਕਰਦੇ ਹਨ। ਸਗੋਂ ਸਮੇਂ ਸਮੇਂ ਇਕ ਸੰਤ ਦੀ ਜੀਵਨ-ਘਟਨਾ ਦੂਜੇ ਸੰਤ ਦੇ ਨਾਮ ਨਾਲ ਮੜ੍ਹ ਦਿੰਦੇ ਹਨ। ਉਨ੍ਹਾਂ ਲਈ ਖ਼ੁਦ ਜੀਵਨ ਦੇ ਤੱਥਾਂ ਦੀ ਓਨੀ ਮਹੱਤਤਾ ਨਹੀਂ ਜਿੰਨੀ ਸੰਤਗੀਰੀ ਦੇ ਜੀਵਨ ਦੀ ਹੈ।"[8]

ਡਾ. ਹਰਿਭਜਨ ਸਿੰਘ ਅਨੁਸਾਰ ਜਨਮਸਾਖੀ ਬਾਣੀ ਸਮੀਖਿਆ ਦਾ ਮੁੱਢਲਾ ਯਤਨ ਹੈ। ਉਨ੍ਹਾਂ ਅਨੁਸਾਰ ਬਾਣੀ ਸਮੀਖਿਆ ਦੇ ਮੁੱਢਲੇ ਬੀਜ ਜਨਮ-ਸਾਖੀਆਂ 'ਚ ਦੇਖੇ ਜਾ ਸਕਦੇ ਹਨ । ਉਨ੍ਹਾਂ ਦਾ ਮੱਤ ਹੈ ਕਿ ਜਨਮ-ਸਾਖੀ ਵਿੱਚ ਬਾਣੀ ਨੂੰ ਕਰਾਮਾਤੀ ਜੁਗਤ ਵਾਂਗੂ ਵਰਤਿਆ ਗਿਆ ਹੈ।[9] ਜਨਮਸਾਖੀ ਦੇ ਸਰੂਪ ਨੂੰ ਸਪੱਸ਼ਟ ਕਰਨ ਲਈ ਅਸੀਂ ਉਨ੍ਹਾਂ ਦੇ ਨਿਬੰਧ 'ਰਿਗਵੇਦ ਤੋਂ ਜਨਮ ਸਾਖੀ ਤੱਕ' ਵਿਚੋਂ ਕੁਝ ਵਿਚਾਰ ਪੇਸ਼ ਕਰ ਰਹੇ ਹਾਂ, " ਰਿਗਵੇਦ ਤੋਂ ਜਨਮਸਾਖੀ ਤੱਕ ਸਮੇਂ ਦੀ ਖਾਸੀ ਵੱਡੀ ਵਿੱਥ ਹੈ। ਇਸ ਵਿਚਕਾਰ ਮਨੁੱਖ ਦੀ ਸਿਰਜਨ ਵਿਧੀ ਵਿੱਚ ਕਾਫ਼ੀ ਅੰਤਰ ਆ ਗਿਆ ਪਰ ਆਰੰਭ ਵਿੱਚ ਹੀ ਮਨੁੱਖ ਦੀ ਸਿਰਜਨ ਵਸਤੂ ਬਾਰੇ ਇਕ ਅਜਿਹਾ ਬੁਨਿਆਦੀ ਫੈਸਲਾ ਹੋ ਗਿਆ ਕਿ ਉਸ ਨੂੰ ਬਦਲਣਾ ਲਗਭਗ ਅਸੰਭਵ ਹੀ ਹੈ। ਇਹ ਬੁਨਿਆਦੀ ਸਿਰਜਨ-ਵਸਤੂ ਹੈ, ਦੈਵੀ ਹੋਂਦ ।"[10]

ਇਸ ਦੈਵੀ-ਹੋਂਦ ਰਾਹੀਂ ਭਗਤਮਾਲ ਵਰਗੀਆਂ ਰਚਨਾਵਾਂ ਰਾਹੀਂ ਭਗਤਾਂ ਦੇ ਜੀਵਨ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ।[11] ਭਗਤਮਾਲ ਤੋਂ ਪਹਿਲਾਂ ਵੀ ਭਗਤਾਂ ਦੇ ਜੀਵਨ ਲਿਖਣ ਦੀ ਪਰੰਪਰਾ ਰਹੀ ਹੋਵੇਗੀ। ਇਸ ਅਮੀਰ ਪਰੰਪਰਾ ਦੀ ਸਹੀ ਵਰਤੋਂ ਪਹਿਲੀ ਵਾਰ ਸ੍ਰੀ ਨਾਭਾ ਦਾਸ ਜੀ ਨੇ ਕੀਤੀ ਹੈ। ਭਗਤਾਂ ਦੇ ਜੀਵਨ ਦਾ ਵਰਨਣ ਕਰਨ ਸਮੇਂ ਉਨ੍ਹਾਂ ਦੇ ਸੰਪਰਕ ਤੋਂ ਪੈਦਾ ਹੋਏ ਪਰਤੱਖ ਗਿਆਨ ਅਤੇ ਅਨੁਭਵਾਂ ਨੂੰ ਆਧਾਰ ਬਣਾਇਆ ਗਿਆ ਹੈ ।[12] ਹਿੰਦੀ ਸਾਹਿਤ ਵਿਚ ਪਰਚਈ ਸਾਹਿਤ ਦੀ ਇਕ ਅਮੀਰ ਪਰੰਪਰਾ ਰਹੀ ਹੈ ਤੇ ਪੰਜਾਬੀ ਵਿੱਚ ਪਰਚਈ ਦੀ ਥਾਂ ਪਰਚੀ ਸ਼ਬਦ ਵਰਤਿਆ ਗਿਆ ਜੋ ਸ਼ਬਦ ਪਰਚਈ ਦਾ ਤਦਭਵ ਰੂਪ ਹੈ। ਡਾ. ਰਤਨ ਸਿੰਘ ਜੱਗੀ ਪਰਚੀ ਤੇ ਸਾਖੀ ਵਿੱਚ ਅੰਤਰ ਬਿਆਨ ਕਰਦਿਆਂ ਲਿਖਦੇ ਹਨ:--

" ਪਰਚੀ ਸੰਸਕ੍ਰਿਤ ਦੇ ਪਰਿਚਯ ਸ਼ਬਦ ਦਾ ਤਦਭਵ ਰੂਪ ਹੈ। ਜਿਸ ਦਾ ਸਾਧਾਰਨ ਅਰਥ ਜਾਣ-ਪਛਾਣ ਹੈ ਪਰ ਪੰਜਾਬੀ ਵਾਰਤਕ ਰਚਨਾਵਾਂ ਵਿੱਚ ਇਸ ਦਾ ਇਕ ਵਿਸ਼ਿਸ਼ਟ ਅਰਥ ਹੈ। ਇਹ ਉਸ ਰਚਨਾ ਲਈ ਵਰਤਿਆ ਜਾਂਦਾ ਹੈ ਜਿਸ ਵਿੱਚ ਕਿਸੇ ਅਧਿਆਤਮਕ ਮਹਾਂਪੁਰਸ਼ ਜਾਂ ਸਿਖ ਸਾਧਕ ਦਾ ਪਰਿਚਯ ਦਿੱਤਾ ਗਿਆ ਹੋਵੇ। ਇਹ ਪਰਿਚਯ ਕਿਸੇ ਘਟਨਾ, ਪ੍ਰਸੰਗ ਜੀਤ ਪ੍ਰਵਚਨ ਦਾ ਮਿਲਿਆ ਜੁਲਿਆ ਰੂਪ ਹੁੰਦਾ ਹੈ। ਇਸ ਤਰ੍ਹਾਂ ਸਿੱਧਾਂਤਕ ਰੂਪ ਵਿੱਚ ਸਾਖੀ ਸ਼ਬਦ ਅੱਖੀਂ ਡਿੱਠੀ ਘਟਨਾ ਲਈ ਅਤੇ ਪਰਚੀ ਸ਼ਬਦ ਪ੍ਰਸਿੱਧ ਜਾਂ ਸੁਣੀ ਸੁਣਾਈ ਘਟਨਾ ਦੇ ਕਥਾ-ਪ੍ਰਸੰਗ ਲਈ ਵਰਤਿਆ ਜਾਂਦਾ ਹੈ।[13]

ਡਾ. ਜੱਗੀ ਦੇ ਵਿਚਾਰ ਸਾਡੇ ਜਾਚੇ ਬਹੁਤੇ ਢੁਕਵੇਂ ਨਹੀਂ ਹਨ ਕਿਉਂਕਿ ਸਾਖੀ ਦੇ ਸ਼ਾਬਦਿਕ ਅਰਥ ਭਾਵੇਂ ਗਵਾਹੀ ਹੀ ਹਨ ਪਰੰਤੂ ਅਸਲ ਰੂਪ ਵਿੱਚ ਸਾਖੀ ਵੀ ਸੁਣੀ ਸੁਣਾਈ ਜਾਂ ਪ੍ਰਚੱਲਿਤ ਹੋਈ ਪ੍ਰਸਿੱਧ ਕਥਾ ਤੇ ਹੀ ਆਧਾਰਿਤ ਹੁੰਦੀ ਹੈ।

ਜਨਮ-ਸਾਖੀ, ਸਾਖੀਆਂ ਦਾ ਸੰਗ੍ਰਹਿ ਹੈ ਤੇ ਸਾਖੀਆਂ ਦੀ ਹੋਂਦ ਸੁਤੰਤਰ ਹੈ। ਹਰ ਜਨਮ ਸਾਖੀ ਵਿਚ ਕਈ ਸਾਖੀਆਂ ਹੂ-ਬ-ਹੂ ਜਾਂ ਥੋੜ੍ਹੇ ਜਿਹੇ ਬਦਲਵੇਂ ਰੂਪ ਵਿਚ ਮਿਲਦੀਆਂ ਹਨ। ਕਿਸੇ ਇਕ ਵਿਅਕਤੀ ਦਾ ਕਿਸੇ ਸਾਖੀ ਤੇ ਦਾਅਵਾ ਨਾ ਹੋਣ ਕਾਰਨ ਬਹੁਤੀਆਂ ਸਾਖੀਆਂ ਕਈ ਜਨਮ ਸਾਖੀਆਂ 'ਚ ਸ਼ਾਮਲ ਹੋ ਗਈਆਂ ਹਨ। ਜਨਮ-ਸਾਖੀਆਂ ਨੂੰ ਸੰਗ੍ਰਹਿ ਕਰਨ ਸਮੇਂ ਵੀ ਕਿਸੇ ਵਿਸ਼ੇਸ਼ ਸੰਪਾਦਨ ਤਰਤੀਬ ਨੂੰ ਨਹੀਂ ਅਪਣਾਇਆ ਗਿਆ। ਹਰ ਜਨਮਸਾਖੀ ਛਾਪਣ ਵਾਲੇ ਨੇ ਆਪਣੀ ਜਨਮਸਾਖੀ ਨੂੰ ਵਡਿਆਉਣ ਲਈ 'ਅਸਲੀ ਤੇ ਸਭ ਤੋਂ ਵੱਡੀ ਜਨਮਸਾਖੀ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਹੀ ਇਕ ਵੱਡਾ ਕਾਰਨ ਹੈ ਕਿ ਇਨ੍ਹਾਂ ਜਨਮ-ਸਾਖੀਆਂ ਵਿਚ ਅਜੇ ਵੀ ਹੋਰ ਨਵੀਆਂ ਸਾਖੀਆਂ ਜੁੜ ਰਹੀਆਂ ਹਨ ।

ਜਨਮਸਾਖੀ ਸੰਸਥਾ ਦੀ ਵਸਤੂ ਹੈ ਤੇ ਇਸ ਦਾ ਵਿਸ਼ਾ ਬ੍ਰਹਮ ਨਹੀਂ ਸਗੋਂ ਗੁਰੂ ਹੈ। ਇਸ ਦਾ ਮਨੋਰਥ ਬ੍ਰਹਮ ਦੀ ਖੋਜ ਨਹੀਂ ਸਗੋਂ ਆਪਣੇ ਨਾਇਕ ਦੀ ਦਿੱਬਤਾ ਨੂੰ ਕਾਇਮ ਕਰਕੇ ਉਸ ਨੂੰ ਬਣਾਈ ਰੱਖਣਾ ਹੈ। ਜਨਮਸਾਖੀਆਂ ਨੂੰ ਇਤਿਹਾਸਕ ਦਸਤਾਵੇਜ਼ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਹ ਨਿਰੋਲ ਤੱਥਾਂ ਤੇ ਆਧਾਰਿਤ ਨਹੀਂ ਹਨ। ਜਨਮ ਸਾਖੀਆਂ ਦੀ ਮੂਲ ਸਮੱਸਿਆ ਬਾਰੇ ਡਾ. ਜਗਜੀਤ ਸਿੰਘ ਲਿਖਦੇ ਹਨ:--

"ਕਿਸੇ ਮਹਾਂਪੁਰਸ਼ ਦੀ ਜੀਵਨੀ ਲਿਖਣ ਸਮੇਂ ਇਕ ਬਹੁਤ ਵੱਡੀ ਔਕੜ ਇਹ ਪੇਸ਼ ਆਉਂਦੀ ਹੈ ਕਿ ਉਸ ਦੀ ਸ਼ਖਸੀਅਤ ਦਾ ਇਤਿਹਾਸਕ ਪੱਖ ਬਹੁਤਾ ਪ੍ਰਗਟ ਨਹੀਂ ਹੁੰਦਾ। ਜੇਕਰ ਸ਼ਰਧਾ-ਭਾਵ ਅਧੀਨ ਲਿਖੇ ਸਮਾਚਾਰਾਂ ਨੂੰ ਆਧਾਰ ਬਣਾਇਆ ਜਾਵੇ ਤਾਂ ਉਸ ਮਹਾਂਪੁਰਸ਼ ਦਾ ਇਕ ਇਕੱਠਾ ਆਦਰਸ਼ਕ ਚਿੱਤਰ ਸਾਡੇ ਸਾਹਮਣੇ ਆਉਂਦਾ ਹੈ ਅਤੇ ਜੇ ਕਰ ਉਨ੍ਹਾਂ ਸਮਾਚਾਰਾਂ ਨੂੰ ਮੁੱਢੋਂ ਸੁੱਢੋਂ ਨਜ਼ਰ ਅੰਦਾਜ਼ ਕਰ ਦਿੱਤਾ ਜਾਵੇ ਤਾਂ ਫੇਰ ਬਾਕੀ ਕੁਝ ਨਹੀਂ ਬਚਦਾ।"[14]

ਡਾ. ਜਗਜੀਤ ਸਿੰਘ ਨੇ ਸਹੀ ਨੁਕਤਾ ਉਠਾਇਆ ਹੈ ਕਿਉਂਕਿ ਨਾ ਤਾਂ ਜਨਮ-ਸਾਖੀਆਂ ਨੂੰ ਪ੍ਰਮਾਣਿਕ ਆਧਾਰ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਇਨ੍ਹਾਂ ਦੀ ਹੋਂਦ ਨੂੰ ਮੁੱਢੋਂ ਹੀ ਨਕਾਰਿਆ ਜਾ ਸਕਦਾ ਹੈ। ਮੱਧਕਾਲ ਦੇ ਸੰਤਾਂ ਭਗਤਾਂ ਤੇ ਗੁਰੂ ਵਿਅਕਤੀਆਂ ਦੇ ਜੀਵਨ ਬਾਰੇ ਜਾਣਕਾਰੀ ਦੇਣ ਵਾਲਾ ਜਨਮਸਾਖੀ ਸਾਹਿਤ ਹੀ ਸਭ ਤੋਂ ਵੱਡਾ ਸ੍ਰੋਤ ਹੈ। ਜਨਮ-ਸਾਖੀ ਬਾਰੇ ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

" ਜੀਵਨੀ ਦੇ ਨਿਯਮਾਂ ਨੂੰ ਮੁੱਖ ਰੱਖ ਕੇ ਜਨਮਸਾਖੀਆਂ ਸਫਲ ਜੀਵਨੀਆਂ ਨਹੀਂ ਕਹੀਆਂ ਜਾ ਸਕਦੀਆਂ। ਉਨ੍ਹਾਂ ਦਾ ਬਿਆਨ ਕਾਵਿਕ ਹੈ ਅਤੇ ਅਵਾਸਤਵਿਕ ਵੀ। ਉਨ੍ਹਾਂ ਦੀ ਰਚਨਾ ਪਿੱਛੇ ਪੌਰਾਣਿਕ ਕਥਾਵਾਂ ਦੀ ਪਰੰਪਰਾ ਹੈ, ਮੁਸਲਮਾਨੀ ਮਿਥਿਹਾਸ ਹੈ, ਇਹ ਸਭ ਜਿੱਥੇ ਉਨ੍ਹਾਂ ਨੂੰ ਕਰਾਮਾਤੀ ਘਟਨਾਵਾਂ ਨਾਲ ਭਰਦਾ ਹੈ, ਉਥੇ ਗੁਰੂ ਦੇ ਮਨੋਹਰ ਬਚਨਾਂ ਨਾਲ ਸ਼ਿੰਗਾਰਦਾ ਹੈ। ਫਾਰਸੀ ਦੀਆਂ ਤਹਿਰੀਲਾਂ ਅਤੇ ਅਕਵਾਲਾ ਦੀ ਪਰੰਪਰਾ ਉਨ੍ਹਾਂ ਵਿੱਚ ਮੂਰਤੀਮਾਨ ਹੈ।"[15]

ਸਾਖੀ-ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਮਨਜੀਤ ਸਿੰਘ ਲਿਖਦੇ ਹਨ , " ਸਾਖੀ-ਸਾਹਿਤ ਨਾ ਨਿਰੋਲ ਇਤਿਹਾਸ ਹੈ, ਨਾ ਵਾਸਤਵਿਕਤਾ ਅਤੇ ਨਾ ਹੀ ਜੀਵਨੀ। ਆਪਣੇ ਮੂਲ ਰੂਪ ਵਿੱਚ ਇਹ ਇਕ ਅਜਿਹਾ ਸਿਰਜਿਤ ਗਲਪ-ਪ੍ਰਬੰਧ ਹੈ ਜਿਸ ਦੀ ਪ੍ਰਕਿਰਤੀ ਮਿੱਥਿਕ ਹੈ। ਮਿਥਿਕ ਪ੍ਰਕਿਰਤੀ ਵਾਲਾ ਇਹ ਗਲਪੀ ਪ੍ਰਬੰਧ ਅਧਿਆਤਮਕ, ਇਤਿਹਾਸਕ, ਧਾਰਮਿਕ ਪ੍ਰਤੀਕਾਤਮਕ ਆਦਿ ਵੱਖ-ਵੱਖ ਕੋਡਾਂ ਦੀ ਸੰਜੁਗਤੀ ਨਾਲ ਹੋਂਦ ਵਿੱਚ ਆਇਆ।"[16]

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਜਨਮ-ਸਾਖੀਆਂ ਉਨ੍ਹਾਂ ਸਾਖੀਆਂ ਦਾ ਸੰਗ੍ਰਹਿ ਹਨ ਜਿਹੜੀਆਂ ਮੱਧ-ਕਾਲ ਦੇ ਮਹਾਨ ਸੰਤਾਂ ਭਗਤਾਂ ਤੇ ਧਾਰਮਿਕ

ਪੁਰਸ਼ਾਂ ਦੇ ਜੀਵਨ-ਬਿਰਤਾਂਤ ਲਈ ਰਚੀਆਂ ਗਈਆਂ। ਇਨ੍ਹਾਂ ਦੀ ਰਚਨਾ ਵਿਚ ਮਿੱਥ ਤੇ ਪੌਰਾਣਿਕ ਕਥਾਵਾਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਲਿੱਪੀਬੱਧ ਹੋਣ ਤੋਂ ਪਹਿਲਾਂ ਇਨ੍ਹਾਂ ਸਾਖੀਆਂ ਨੇ ਲੋਕ-ਮਨ ਵਿਚ ਗਰਭ ਭੋਗਿਆ ਤੇ ਇਕ ਨਵੇਂ ਰੂਪ ਵਿੱਚ ਪ੍ਰਗਟ ਹੋਈਆਂ । ਲੋਕ-ਧਾਰਾ ਦੇ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਵਿੱਚ ਬਹੁਤ ਕੁਝ ਅਜਿਹਾ ਰਲ ਗਿਆ ਜੋ ਸੱਚ ਭਾਵੇਂ ਨਾ ਵੀ ਹੋਵੇ ਪਰ ਲੋਕ-ਸੱਚ ਸੀ ।

ਸ਼ਬਦ ਜਨਮਸਾਖੀ, ਹਿੰਦੀ ਵਿਚ ਇਸ ਕਿਸਮ ਦੇ ਸਾਹਿਤ ਲਈ ਵਰਤੇ ਜਾਂਦੇ ਪਰਚਈ, ਜੀਵਨ-ਚਰਿੱਤ, ਭਗਤਮਾਲ ਦਾ ਪ੍ਰਯਾਯਵਾਚੀ ਹੈ। ਬਾਣੀ ਸਮੀਖਿਆ ਦੇ ਮੁੱਢਲੇ ਬੀਜ ਜਨਮਸਾਖੀ ਸਾਹਿਤ ਵਿਚ ਮਿਲ ਜਾਂਦੇ ਹਨ। ਸਾਖੀ ਪਰੰਪਰਾ ਵਿੱਚੋਂ ਜਨਮ ਲੈਂਦੀ ਹੈ ਤੇ ਸਾਖੀ ਸੰਪਰਦਾਇ ਦੀ ਵਸਤੂ ਹੈ। ਹਰ ਸਾਖੀਕਾਰ ਨੇ ਆਪਣੇ ਇਸ਼ਟ ਨੂੰ ਹੀ ਸਿਰਮੌਰ ਸਿੱਧ ਕਰਨ ਦਾ ਯਤਨ ਕੀਤਾ ਹੈ। ਜਨਮਸਾਖੀ ਸਾਹਿਤ ਇਤਿਹਾਸ ਨਹੀਂ ਇਤਿਹਾਸ ਦੀ ਚੇਤਨਾ ਹੈ। ਜਨਮ-ਸਾਖੀ ਦੇ ਸਰੂਪ ਨੂੰ ਸਪੱਸ਼ਟ ਕਰਨ ਲਈ ਅਸੀਂ ਡਾ. ਫੌਜਾ ਸਿੰਘ ਦੇ ਵਿਚਾਰ ਪੇਸ਼ ਕਰ ਰਹੇ ਹਾਂ ਜੋ ਉਨ੍ਹਾਂ ਨੇ ਖੋਜ-ਨਿਬੰਧ 'ਜਨਮਸਾਖੀਆਂ ਸਾਹਿਤ ਕਿ ਇਤਿਹਾਸ' ਵਿਚ ਪੇਸ਼ ਕੀਤੇ ਹਨ। ਡਾ. ਫੌਜਾ ਸਿੰਘ ਦਾ ਮੱਤ ਹੈ ਕਿ ਛੇਵੇਂ ਅਤੇ ਸੱਤਵੇਂ ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਪ੍ਰਚੱਲਿਤ ਸਾਖੀਆਂ ਨੂੰ ਸਾਖੀਕਾਰਾਂ ਨੇ ਸੰਗ੍ਰਹਿਤ ਕਰਨ ਦਾ ਯਤਨ ਕੀਤਾ ਹੈ। ਉਹ ਲਿਖਦੇ ਹਨ ਕਿ ਜਨਮ ਸਾਖੀ ਸਾਹਿਤ ਦਾ ਵਿਕਾਸ ( Evolution ) ਹੋਇਆ ਹੈ। ਉਹ ਸਿੱਟਾ ਕੱਢਦੇ ਹਨ ਕਿ ਸਾਖੀਆਂ ਨਾ ਤਾਂ ਪੂਰੇ ਦਾ ਪੂਰਾ ਸਾਹਿਤ ਹਨ ਤੇ ਨਾ ਪੂਰੇ ਦਾ ਪੂਰਾ ਇਤਿਹਾਸ।[17]

## ਸਿੱਧਾਂਤ

ਜਨਮਸਾਖੀ ਨਾ ਤਾਂ ਮੌਲਿਕ ਰਚਨਾ ਹੈ ਤੇ ਨਾ ਹੀ ਇਤਿਹਾਸਕ ਦਸਤਾਵੇਜ਼ । ਕਦੀ ਕਦੀ ਤਾਂ ਬਹੁਤ ਵੱਡੀ ਉਲਝਣ ਪੈਦਾ ਹੋ ਜਾਂਦੀ ਹੈ ਕਿਉਂਕਿ ਨਾ ਤਾਂ ਇਤਿਹਾਸ ਹਨ, ਨਾ ਹੀ ਜੀਵਨੀ।[18] ਇਸ ਵਿਚਾਰ ਤੇ ਲਗਭਗ ਸਾਰੇ ਹੀ ਵਿਦਵਾਨ ਸਹਿਮਤ ਹਨ ਕਿ ਜਨਮਸਾਖੀ ਸਾਹਿਤ ਦਾ ਇਕ ਰੂਪ ਹੈ ਤੇ ਇਸ ਦਾ ਖੇਤਰ ਧਾਰਮਿਕ ਹੈ ਕਿਉਂ ਕਿ

ਜਨਮ-ਸਾਖੀ ਨੇ ਧਾਰਮਿਕ ਖੇਤਰ ਦੇ ਹੀ ਕਿਸੇ ਮਹਾਂਪੁਰਸ਼ ਨੂੰ ਆਪਣਾ ਵਿਸ਼ਾ ਬਣਾਉਣਾ ਹੁੰਦਾ ਹੈ। ਜੀਵਨੀਕਾਰ ਨਾਲੋਂ ਸਾਖੀਕਾਰ ਦੀ ਸਮੱਸਿਆ ਵੱਡੀ ਹੈ ਕਿਉਂਕਿ ਜੋ ਉਸਨੂੰ ਪਰੰਪਰਾ ਵਿਚੋਂ ਮਿਲਦਾ ਹੈ ਉਸ ਵਿੱਚ ਕਾਫ਼ੀ ਕੁਝ ਰਲਗੱਡ ਹੋ ਗਿਆ ਹੁੰਦਾ ਹੈ ਜਿਸ ਨੂੰ ਅੱਜ ਦਾ ਵਿਗਿਆਨਕ ਮਨ ਨਹੀਂ ਮੰਨਦਾ ਪਰੰਤੂ ਜੀਵਨੀਕਾਰ ਨੂੰ ਅਜਿਹੀ ਸਮੱਸਿਆ ਪੇਸ਼ ਨਹੀਂ ਆਉਂਦੀ। ਇਕ ਹੋਰ ਵੱਡਾ ਫ਼ਰਕ ਦੋਹਾਂ ਵਿੱਚ ਹੈ ਉਹ ਹੈ ਕਾਰਜ ਖੇਤਰ ਦਾ । ਸਾਖੀਕਾਰ ਦਾ ਘੇਰਾ ਸੰਪਰਦਾਇਕਤਾ ਦੇ ਦਾਇਰੇ 'ਵਿੱਚ ਬੱਝਿਆ ਹੋਇਆ ਹੈ ਜਦੋਂ ਕਿ ਜੀਵਨੀਕਾਰ ਲਈ ਅਜਿਹੀ ਕੋਈ ਸੀਮਾ ਨਹੀਂ ।

## ਜਨਮਸਾਖੀ ਦੇ ਤੱਤ

ਡਾ. ਧਰਮਪਾਲ ਸਿੰਗਲ ਨੇ ਜਨਮਸਾਖੀ ਲੇਖਕ ਲਈ ਜ਼ਰੂਰੀ ਤੱਤਾਂ ਵਿਚੋਂ ਵਿਸ਼ੇ ਵਸਤੂ ਜਾਂ ਚਰਿੱਤਰ ਨਾਇਕ ( ਜਿਸ ਵਿੱਚ ਵਿਸ਼ੇ ਸਮੱਗਰੀ ਵੀ ਸ਼ਾਮਿਲ ਹੈ ) ਆਂਤਰਿਕ ਸੰਤੁਸ਼ਟੀ, ਆਲੋਚਨਾ, ਮਨੋ-ਵਿਸ਼ਲੇਸ਼ਣ ਆਦਿ ਨੂੰ ਪ੍ਰਮੁੱਖ ਤੱਤ ਮੰਨਿਆ ਹੈ।"[19] ਜਨਮ-ਸਾਖੀਆਂ ਦੀ ਹੋਂਦ ਵਿਧੀ ਬਾਰੇ ਡਾ. ਪਿਆਰ ਸਿੰਘ ਲਿਖਦੇ ਹਨ, " ਜਨਮ ਸਾਖੀਆਂ ਦੀ ਹੋਂਦ ਵਿਧੀ ਗਲਪੀਯ ਨਹੀਂ ਹੈ, ਮਿਥਿਕ ਹੈ, ਇਤਿਹਾਸਕ ਨਹੀਂ ਲੋਜੰਡਰੀ( Legendary) ਹੈ ਜਿਸ ਦੇ ਨਿਰਮਾਣ ਵਿੱਚ ਮਿੱਥ ਨੂੰ ਚੋਖਾ ਦਖਲ ਹਾਸਲ ਹੈ।"[20]

ਡਾ. ਮਨਜੀਤ ਸਿੰਘ ਵੀ ਲਿਖਦੇ ਹਨ, " ਮਿਥਿਕ ਪ੍ਰਕਿਰਤੀ ਵਾਲਾ ਇਹ ਬਿਰਤਾਂਤ-ਪ੍ਰਬੰਧ ਅਧਿਆਤਮਕ, ਇਤਿਹਾਸਕ, ਧਾਰਮਿਕ, ਪ੍ਰਤੀਕਾਤਮਕ ਇਤਿਆਦਿ ਵੱਖ-ਵੱਖ ਸੰਚਾਰ ਕੋਡਾਂ ( Codes if cumminication ) ਦੀ ਸੰਜੁਗਤੀ ਤੋਂ ਹੋਂਦ ਵਿੱਚ ਆਉਂਦਾ ਹੈ।"[21]

ਡਾ. ਪਿਆਰ ਸਿੰਘ ਦਾ ਵਿਚਾਰ ਸਹੀ ਹੈ ਕਿ ਜਨਮ-ਸਾਖੀਆਂ ਦੀ ਹੋਂਦ ਵਿਧੀ ਮਿਥਿਕ ਹੈ ਕਿਉਂਕਿ ਜਨਮ-ਸਾਖੀਆਂ ਦੀ ਮੂਲ ਪਰਵਿਰਤੀ ਹੀ ਮਿਥਿਕ ਹੈ। ਇਸ ਦਾ ਇਕ ਕਾਰਨ ਹੋਰ ਵੀ ਹੈ ਕਿ ਜਨਮਸਾਖੀ ਮਨੁੱਖ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ

ਨਹੀਂ ਸਗੋਂ ਇਸ ਦਾ ਖੇਤਰ ਤਾਂ ਅਧਿਆਤਮਕ, ਧਾਰਮਿਕ ਤੇ ਕਿਸੇ ਹੱਦ ਤੱਕ ਇਤਿਹਾਸਕ ਹੈ। ਅਸੀਂ ਇਹ ਗੱਲ ਇਥੇ ਹੀ ਸਪੱਸ਼ਟ ਕਰ ਲਵਾਂਗੇ ਕਿ ਜਨਮ ਸਾਖੀ ਇਤਿਹਾਸ ਦੀ ਚੇਤਨਾ ਹੈ ਤੇ ਸਿਰਫ ਇਤਿਹਾਸਕ ਹੋਣ ਦਾ ਦਾਅਵਾ ਜ਼ਰੂਰ ਕਰਦੀ ਹੈ। ਮੱਧਕਾਲ ਵਿਚ ਜਦੋਂ ਜਨਮ-ਸਾਖੀ ਦੀ ਰਚਨਾ ਹੋਈ ਤਾਂ ਉਸ ਵੇਲੇ ਮਿੱਥ ਨੂੰ ਸਾਹਿਤ ਰਚਨਾ ਵਿੱਚ ਬਹੁਤ ਵੱਡਾ ਦਖਲ ਹਾਸਲ ਸੀ ।

## ਵਿਸ਼ਾ ਵਸਤੂ ਜਾਂ ਸਮੱਗਰੀ

ਜਨਮ ਸਾਖੀ ਬ੍ਰਹਮ ਨਹੀਂ ਸਗੋਂ ਗੁਰੂ-ਕੇਂਦਰਿਤ ਹੈ ਤੇ ਸਾਖੀਕਾਰ ਦਾ ਉਦੇਸ਼ ਆਪਣੇ ਨਾਇਕ ਨੂੰ ਸਿਰਮੌਰ ਸਿੱਧ ਕਰਕੇ ਉਸ ਦੀ ਦਿੱਬਤਾ ਨੂੰ ਬਣਾਈ ਰੱਖਣਾ ਹੈ। ਸਾਖੀਕਾਰ ਨੂੰ ਸਮੱਗਰੀ ਪਰੰਪਰਾ ਵਿਚੋਂ ਮਿਲਦੀ ਹੈ ਤੇ ਸਮੇਂ ਦੇ ਬੀਤਣ ਨਾਲ ਉਸ ਵਿਚ ਕਾਫੀ ਕੁਝ ਅਜਿਹਾ ਰਲ ਜਾਂਦਾ ਹੈ ਜੋ ਨਾ ਤੱਥਾਂ ਤੇ ਆਧਾਰਿਤ ਹੁੰਦਾ ਹੈ ਤੇ ਨਾ ਹੀ ਸੱਚ ਦੇ ਨੇੜੇ ਤੇੜੇ । ਕਈ ਵਿਦਵਾਨਾਂ ਅਨੁਸਾਰ ਪੁਰਾਤਨ ਜਨਮ ਸਾਖੀ ਹੈ। 1588 ਈ. ਵਿੱਚ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਕੇਵਲ 50 ਸਾਲ ਬਾਦ ਲਿਖੀ ਗਈ।[22] ਇਹ ਸਪੱਸ਼ਟ ਹੈ ਕਿ ਉਨ੍ਹਾਂ ਦੇ ਜੀਵਨ ਤੱਥਾਂ ਬਾਰੇ ਇੰਨਾ ਰਲੇਵਾਂ ਨਹੀਂ ਹੋਇਆ ਹੋਵੇਗਾ ਪਰੰਤੂ ਮੱਧਕਾਲ ਵਿੱਚ ਜੀਵਨੀ ਦਾ ਸੰਕਲਪ ਹੀ ਨਹੀਂ ਸੀ।[23] ਸਾਖੀਕਾਰ ਦਾ ਪ੍ਰਥਮ ਉਦੇਸ਼ ਤਾਂ ਆਪਣੇ ਨਾਇਕ ਨੂੰ ਉਸ ਵੇਲੇ ਦੇ ਪ੍ਰਸਿੱਧ ਪੀਰਾਂ ਫਕੀਰਾਂ ਦੇ ਬਰਾਬਰ ਜਾਂ ਫਿਰ ਉਨ੍ਹਾਂ ਤੋਂ ਵੱਡਾ ਸਿੱਧ ਕਰਨਾ ਸੀ । ਇਸੇ ਲਈ ਸਾਖੀ ਰਚਨਾ ਸਮੇਂ ਕੁਝ ਰਵਾਇਤਾਂ ਤਾਂ ਉਹ ਵੀ ਗੁਰੂ ਸਾਹਿਬ ਦੇ ਜੀਵਨ ਨਾਲ ਜੋੜ ਦਿੱਤੀਆਂ ਗਈਆਂ ਜੋ ਉਨ੍ਹਾਂ ਤੋਂ ਪਹਿਲੇ ਵੀ ਹੋਰ ਮਹਾਂਪੁਰਸ਼ਾਂ ਨਾਲ ਜੁੜੀਆਂ ਹੋਈਆਂ ਸਨ। ਗੁਰੂ ਨਾਨਕ ਸਾਹਿਬ ਦੀਆਂ ਪ੍ਰਚੱਲਤ ਰਵਾਇਤਾਂ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋਈਆਂ । ਮਿਸਾਲ ਦੇ ਤੌਰ ਤੇ ਸੱਪ ਵਲੋਂ ਸਿਰ ਤੇ ਛਾਂ ਕਰਨ ਵਾਲੀ ਰਵਾਇਤ ਹੈ, ਇਹ ਮੁਸਲਮਾਨੀ ਧਾਰਮਿਕ ਸਾਹਿਤ ਦੀ ਪ੍ਰਸਿੱਧ ਪੁਸਤਕ ਕਸ਼ਫ-ਉਲ ਮਹਿਜੂਬ ਦੇ ਕਰਤਾ ਸ਼ੇਖ਼- ਅਬੂ-ਅਲ-ਹਸਨ ਹਜਵੇਰੀ (1009— 1072) ਨੇ ਇਕ ਵਲੀ ਅਹਿਮਦ ਨਾਲ ਵਾਪਰੀ ਦੱਸੀ ਹੈ ।"[24]

ਗੁਰੂ ਨਾਨਕ ਸਾਹਿਬ ਦੇ ਸਮੇਂ ਮੁਸਲਮਾਨ ਪੀਰਾਂ ਫਕੀਰਾਂ ਦੀ ਮਾਨਤਾ ਕਾਫੀ ਸੀ। ਤੇ ਉਨ੍ਹਾਂ ਨਾਲ ਜੀਵਨ ਨਾਲ ਅਨੇਕਾਂ ਕਰਾਮਾਤਾਂ ਜੋੜੀਆਂ ਗਈਆਂ ਸਨ ਕਿਉਂਕਿ ਇਸਲਾਮ ਕਰਾਮਾਤ ਵਿੱਚ ਵਿਸ਼ਵਾਸ ਰੱਖਦਾ ਹੈ। ਇਸੇ ਕਰਕੇ ਸਾਖੀਕਾਰਾਂ ਨੇ ਪ੍ਰਚੱਲਿਤ ਰਵਾਇਤਾਂ ਵਿਚੋਂ ਉਹ ਹੀ ਚੁਣੀਆਂ ਜੋ ਗੁਰੂ ਸਾਹਿਬ ਨੂੰ ਸਭ ਤੋਂ ਵੱਡਾ ਪੀਰ ਸਿੱਧ ਕਰ ਸਕਣ ।

ਸਾਖੀਆਂ ਦੀ ਸਮੱਗਰੀ ਲੋਕਧਾਰਾ ਵਿਚੋਂ ਲਈ ਗਈ ਹੈ। ਡਾ. ਵਣਜਾਰਾ ਬੇਦੀ ਅਨੁਸਾਰ ," ਸਾਖੀ ਵਿੱਚ ਇਸ ਕਿਸਮ ਦਾ ਇਤਿਹਾਸਕ ਤੱਥ, ਜੀਵਨ ਬ੍ਰਿਤਾਂਤ ਅਥਵਾ ਪ੍ਰਸੰਗ ਹੁੰਦਾ ਹੈ ਜਿਸ ਨੂੰ ਕਿਸੇ ਨੇ ਸਾਖਿਆਤ ਦੇਖਿਆ ਹੁੰਦਾ ਹੈ; ਪਰ ਪਰੰਪਰਾ ਦੀ ਧੀ-ਧਿਆਣੀ ਹੋਣ ਦੇ ਨਾਤੇ ਸਾਖੀ ਲੋਕਧਾਰਾ ਦੇ ਅੰਤਰਗਤ ਆਉਂਦੀ ਹੈ; ਜੋ ਤੱਥ ਅਤੇ ਮਿੱਥ ,ਮਨੌਤਾਂ ਅਤੇ ਵਿਸ਼ਵਾਸਾਂ ਦੀ ਮਿਸ ਤੋਂ ਉਪਜੀ ਹੋਣ ਕਰਕੇ ਲੋਕ-ਸੱਚ ਤਾਂ ਹੁੰਦੀ ਹੈ ਪਰ ਜ਼ਰੂਰੀ ਨਹੀਂ, ਵਾਸਤਵਿਕ ਜਾਂ ਇਤਿਹਾਸਕ ਸੱਚ ਵੀ ਹੋਵੇ।"[25]

ਡਾ. ਹਰਿਭਜਨ ਸਿੰਘ ਨੇ ਆਪਣੀ ਪੁਸਤਕ ਸਾਖੀ-ਸੁਰਤਿ ਵਿੱਚ ਲਿਖਿਆ ਹੈ ਕਿ ਬੁਨਿਆਦੀ ਸਿਰਜਨ-ਵਸਤੂ ਹੈ ਦੈਵੀ- ਹੱਦ।[26] ਰਿਗਵੇਦ ਤੋਂ ਲੈ ਕੇ ਹੁਣ ਤੱਕ ਇਹ ਦੈਵੀ ਕਰਨ ਹੁੰਦਾ ਰਿਹਾ ਹੈ। ਪਹਿਲਾਂ ਦੇਵਤੇ ਸਿਰਜੇ ਗਏ ਤੇ ਫਿਰ ਜਦੋਂ ਦੇਵਤਿਆਂ ਦੀ ਭੀੜ ਤੋਂ ਮਨੁੱਖ ਘਬਰਾ ਗਿਆ ਤਾਂ ਪੌਰਾਣਿਕ ਸਾਹਿਤ ਦੀ ਰਚਨਾ ਹੋਈ। ਪੌਰਾਣਿਕ ਸਾਹਿਤ ਦਾ ਅਟੁੱਟ ਖਜ਼ਾਨਾ ਹੀ ਸਾਖੀਆਂ ਦਾ ਮੂਲ ਸ੍ਰੋਤ ਹੈ ਤੇ ਇਹ ਇੰਨਾ ਵੱਡਾ ਹੈ ਕਿ ਇਸ 'ਵਿਚੋਂ ਅਜੇ ਵੀ ਬਹੁਤ ਕੁਛ ਸਿਰਜਿਆ ਜਾ ਸਕਦਾ ਹੈ। " ਸਾਖੀਆਂ ਦੀ ਬੁਨਿਆਦੀ ਪਰਵਿਰਤੀ ਹੀ ਸਾਧਾਰਨ ਨੂੰ ਅਦਭੁੱਤ, ਲੌਕਿਕ ਨੂੰ ਅਲੌਕਿਕ ਤੇ ਮਾਨਵ ਨੂੰ ਅਮਾਨਵੀ ਬਣਾਉਣ ਦੀ ਸੀ। ਇਸੇ ਲਈ ਸਾਖੀਆਂ ਵਿਚੋਂ ਕਿਸੇ ਮਹਾਂਪੁਰਸ਼ ਦਾ ਜੋ ਮੁਹਾਂਦਰਾ ਅਤੇ ਚਰਿਤ੍ਰ ਉਘੜਦਾ ਹੈ, ਉਹ ਪੌਰਾਣਿਕ ਹੈ ਵਾਸਤਵਿਕ ਨਹੀਂ।"[27] ਡਾ. ਵਣਜਾਰਾ ਬੇਦੀ ਦੇ ਵਿਚਾਰਾਂ 'ਚ ਸਚਾਈ ਹੈ ਕਿਉਂਕਿ ਅੱਜ ਤੱਕ ਰਚੇ ਗਏ ਜਨਮ-ਸਾਖੀ ਸਾਹਿਤ ਨੂੰ ਘੋਖੀਏ ਤਾਂ ਉਪਰੋਕਤ ਵਿਚਾਰ ਹੀ ਸਹੀ ਜਾਪਦੇ ਹਨ ।

ਅਸੀਂ ਇਸ ਸਿੱਟੇ ਤੇ ਪਹੁੰਚ ਗਏ ਹਾਂ ਕਿ ਜਨਮ ਸਾਖੀਆਂ ਲਈ ਸਮੱਗਰੀ ਪੌਰਾਣਿਕ ਸਾਹਿਤ ਵਿਚੋਂ ਮਿਲ ਗਈ ਹੈ। ਸਾਖੀ ਕਿਉਂਕਿ ਸਾਖੀ ਪੁਰਸ਼ (ਨਾਇਕ)'ਤੋਂ ਦਿੱਬਤਾ

ਲੱਭਣ ਦਾ ਯਤਨ ਹੈ ਇਸ ਲਈ ਇਸ ਮੰਤਵ ਦੀ ਪੂਰਤੀ ਲਈ ਉਪਰੋਕਤ ਦੋਵੇਂ ਹੀ ਖ਼ਜ਼ਾਨੇ ਕਾਫ਼ੀ ਹਨ। ਸਾਖੀ ਮੱਧਕਾਲ ਦੀ ਉਪਜ ਹੈ ਜਦੋਂ ਦਲੀਲ ਨਾਲੋਂ ਸ਼ਰਧਾ ਪ੍ਰਧਾਨ ਸੀ ਤੇ ਸਾਖੀ ਤਾਂ ਹੈ ਹੀ ਸ਼ਰਧਾ ਮੂਲਕ ਰਚਨਾ ।

## ਤਲਾਸ਼ ਜਾਂ ਆਂਤਰਿਕ ਸੰਤੁਸ਼ਟੀ

ਸਾਖੀ ਦਾ ਇਹ ਤੱਤ ਹੀ ਸਾਖੀ ਰਚਨਾ ਦਾ ਅਸਲ ਕਾਰਨ ਹੈ। ਜਗਿਆਸੂ ਮਨ ਇਹ ਜਾਨਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਮਹਾਂਪੁਰਸ਼ ਜਿਸ ਦੇ ਵਿਚਾਰਾਂ ਤੇ ਕਰਮਾਂ ਤੋਂ ਇਹ ਇੰਨਾ ਪ੍ਰਭਾਵਿਤ ਹੋਇਆ ਉਸ ਦਾ ਆਪਣਾ ਜੀਵਨ ਕਿਹੋ ਜਿਹਾ ਰਿਹਾ ਹੋਵੇਗਾ। ਸਾਡੇ ਕਹਿਣ ਦਾ ਭਾਵ ਇਹ ਨਹੀਂ ਕਿ ਉਹ ਜੀਵਨੀ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਹਾਂਪੁਰਸ਼ਾਂ ਦੇ ਆਪਣੇ ਜੀਵਨ ਵਿਚ ਹੀ ਕੁਝ ਅਜਿਹੀਆਂ ਰਵਾਇਤਾਂ ਪ੍ਰਚੱਲਿਤ ਹੋ ਜਾਂਦੀਆਂ ਹਨ ਜੋ ਸਮਾਂ ਪਾ ਕੇ ਪਰੰਪਰਾ ਦਾ ਅੰਗ ਬਣ ਜਾਂਦੀਆਂ ਹਨ ।

ਸਾਖੀ ਰਚਨਾ ਦੀ ਵਰਤੋਂ ਬਾਣੀ ਦਾ ਪ੍ਰਮਾਣ ਦੇਣ ਲਈ ਵੀ ਕੀਤੀ ਜਾਂਦੀ ਹੈ। ਸਾਖੀਆਂ ਵਿਚ ਇਹ ਸਿੱਧ ਕਰਨ ਦਾ ਯਤਨ ਕੀਤਾ ਜਾਂਦਾ ਹੈ ਕਿ ਇਸ ਬਾਣੀ ਦੀ ਰਚਨਾ ਇਸ ਸਮੇਂ ਹੋਈ। ਮਿਸਾਲ ਦੇ ਤੌਰ 'ਤੇ ਇਕ ਸਾਖੀ ਲੈਂਦੇ ਹਾਂ ਜੋ ਕਿ ਗੁਰੂ ਰਵਿਦਾਸ ਨਾਲ ਸੰਬੰਧਿਤ ਲਗਭਗ ਸਾਰੀਆਂ ਹੀ ਜਨਮਸਾਖੀਆਂ ਵਿਚ ਦਰਜ ਹੈ, ਮੂਰਤੀ ਦੇ ਪਾਣੀ ਤੇ ਤੈਰਨ ਵਾਲੀ ਹੈ। ਸਾਖੀਕਾਰਾਂ ਵਲੋਂ ਇਹ ਸਿੱਧ ਕੀਤਾ ਗਿਆ ਹੈ ਕਿ ਗੁਰੂ ਰਵਿਦਾਸ ਨੇ ਇਹ ਪਦ ਉਸ ਸਮੇਂ ਉਚਾਰਿਆ—

ਮੂਰਤਿ ਮਾਹਿ ਬਸੈ ਪਰਮੇਸੁਰੁ ਪਾਣੀ ਮਹਿ ਤਿਰੈ ਹੋ — ।

ਸਾਖੀਕਾਰ ਭਾਵੇਂ ਸ਼ਰਧਾ ਅਧੀਨ ਹੋ ਕੇ ਰਚਨਾ ਕਰਦਾ ਹੈ। ਗੁਰੂ ਰਵਿਦਾਸ ਦੀ ਸਾਰੀ ਬਾਣੀ ਤੋਂ ਉਨ੍ਹਾਂ ਦੀ ਇਹੋ ਜਿਹੀ ਤਸਵੀਰ ਨਹੀਂ ਮਿਲਦੀ ਹੈ ਕਿ ਕਿਸੇ ਚਮਤਕਾਰ ਜਾਂ ਕਰਾਮਾਤ ਨੂੰ ਉਨ੍ਹਾਂ ਦੇ ਜੀਵਨ ਵਿੱਚ ਕੋਈ ਸਥਾਨ ਹਾਸਲ ਹੋਵੇ। ਪਰ ਸਾਖੀਕਾਰਾਂ ਨੇ ਆਪਣੀ ਆਂਤਰਿਕ ਸੰਤੁਸ਼ਟੀ ਲਈ ਇਸ ਸਾਖੀ ਦੀ ਰਚਨਾ ਕਰ ਲਈ ਜਾਪਦੀ ਹੈ।

ਇਸ ਸੰਤੁਸ਼ਟੀ ਲਈ ਹੀ ਬਹੁਤੀਆਂ ਸਾਖੀਆਂ ਦੀ ਰਚਨਾ ਹੋਈ ਜਾਪਦੀ ਹੈ। ਸਾਡੀ ਸਮੱਸਿਆ ਇਹ ਹੈ ਕਿ ਅਸੀਂ ਬਾਣੀ ਨੂੰ ਛੱਡ ਕੇ ਇਸ ਸਾਹਿਤ ਰੂਪ (ਸਾਖੀ) ਵਿਚੋਂ ਜੀਵਨ ਦੀ ਅਰਥ ਲੱਭਣ ਲੱਗ ਪਏ ਹਾਂ। ਕਿਉਂਕਿ ਇਹ ਸਾਹਿਤ ਦਾ ਇਕ ਰੂਪ ਹੈ, ਜਿਸ ਦਾ ਆਧਾਰ ਕਲਪਨਾ ਤੇ ਮਿੱਥ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਇਹ ਰੂਪ ਯਥਾਰਥਕ ਪੱਧਰ 'ਤੇ ਨਹੀਂ ਵਿਚਰਦਾ ਹੈ।

ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਇਸੇ ਤਰ੍ਹਾਂ ਦੀ ਸਾਖੀ 'ਹਸਨ ਅਬਦਾਲ ਪੰਜਾ ਸਾਹਿਬ' ਦੀ ਹੈ। ਗੁਰੂ ਸਾਹਿਬ ਵਲੋਂ ਉਪਰੋਂ ਰੁੜ੍ਹਦੇ ਆ ਰਹੇ ਪੱਥਰ ਨੂੰ ਆਪਣੇ ਪੰਜੇ ਨਾਲ ਰੋਕਣ ਦੀ ਸਾਖੀ ਇੰਨੀ ਪ੍ਰਚੱਲਿਤ ਹੈ ਕਿ ਮੱਧਕਾਲ ਦਾ ਵਿਅਕਤੀ ਤਾਂ ਕੀ ਅੱਜ ਦਾ ਮਨੁੱਖ ਵੀ ਇਸ ਨੂੰ ਮੰਨਣ ਵਿੱਚ ਕੋਈ ਉਜ਼ਰ ਨਹੀਂ ਮਹਿਸੂਸ ਕਰ ਰਿਹਾ ਹੈ। ਪਰੰਤੂ ਡਾ. ਕਿਰਪਾਲ ਸਿੰਘ ,ਜਿਨ੍ਹਾਂ ਨੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਜਨਮਸਾਖੀਆਂ ਦਾ ਅਧਿਐਨ ਕੀਤਾ ਹੈ, ਲਿਖਦੇ ਹਨ :--

" ਇਸ ਘਟਨਾ ਦੀ ਯਾਦ ਤਾਜ਼ਾ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਪੱਥਰ ਤੇ ਉਕਰਿਆ ਪੰਜਾ ਚਸ਼ਮੇ ਦੇ ਕੋਲ ਰੱਖਕੇ ਗੁਰਦਵਾਰਾ ਬਣਾਇਆ ਗਿਆ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਤੋਂ ਪਹਿਲਾਂ ਇੱਥੇ ਕਿਸੇ ਗੁਰਦਵਾਰੇ ਦਾ ਪਤਾ ਨਹੀਂ ਲੱਗਦਾ ।"[28] ਡਾ. ਕਿਰਪਾਲ ਸਿੰਘ ਲਿਖਦੇ ਹਨ ਕਿ ਜਰਮਨ ਯਾਤਰੂ ਹੋਊਮਨ ਨੇ 27 ਦਸੰਬਰ 1835 ਨੂੰ ਇਹ ਪੰਜੇ ਵਾਲਾ ਪੱਥਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕੋਲ ਪਿਆ ਦੇਖਿਆ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਇਸ ਤੋਂ ਬਾਦ ਹੀ ਇਹ ਪੰਜੇ ਵਾਲਾ ਪੱਥਰ ਚਸ਼ਮੇ ਕੋਲ ਪਹੁੰਚਿਆ ।

ਬਾਕੀ ਹੋਰ ਸਾਖੀਆਂ ਵਾਂਗ ਇਹ ਸਾਖੀ ਵੀ ਗੁਰੂ ਨਾਨਕ ਵਿਚੋਂ ਦਿੱਬਤਾ ਹੀ ਲੱਭਦੀ ਹੈ ਕਿਉਂਕਿ ਇਕ ਉੱਚੀ ਪਹਾੜੀ ਤੋਂ ਰੁੜ੍ਹਦਾ ਆ ਰਿਹਾ ਪੱਥਰ ਰੁਕਣਾ ਅਸੰਭਵ ਸੀ ਪਰ ਕਿਉਂਕਿ ਸਾਖੀ ਵਾਸਤਵਿਕਤਾ ਦੀ ਪੱਧਰ 'ਤੇ ਨਹੀਂ ਵਿਚਰਦੀ ਇਸ ਲਈ ਅਜਿਹਾ ਸਾਖੀਆਂ ਵਿੱਚ ਅਕਸਰ ਵਾਪਰਦਾ ਹੈ। ਸਾਖੀਕਾਰ ਨੇ ਤਾਂ ਆਪਣੇ ਅੰਤਰੀਵ- ਮਨ ਦੀ ਸੰਤੁਸ਼ਟੀ ਕਰਨੀ ਹੁੰਦੀ ਹੈ ।

ਜਨਮ-ਸਾਖੀਆਂ ਦਾ ਅਧਿਐਨ ਕਿਸੇ ਬਣੇ ਬਣਾਏ ਮਾਡਲ ਦੇ ਆਧਾਰ ਤੇ ਨਹੀਂ ਸਗੋਂ ਸਾਖੀਆਂ ਦੇ ਆਪਣੇ ਪਾਠ ਦੀ ਭਰਪੂਰ ਵਿਆਖਿਆ ਦੇ ਆਧਾਰ ਤੇ ਹੀ ਕੀਤਾ ਜਾ ਸਕਦਾ ਹੈ। ਜਨਮ ਸਾਖੀਆਂ ਦੇ ਸੈਟਿਫ ਦੇ ਅਧਿਐਨ ਰਾਹੀਂ ਹੀ ਉਨ੍ਹਾਂ ਦੇ ਪਰੰਪਰਾਗਤ ਤੇ ਇਤਿਹਾਸਕ, ਰਚਨਾਤਮਕ ਤੇ ਕਲਾਤਮਕ ਪ੍ਰਕ੍ਰਿਤੀ ਤੇਂ ਪ੍ਰਯੋਜਨ ਦਾ ਮੁਕੰਮਲ ਅਧਿਐਨ ਹੋ ਸਕਦਾ ਹੈ।"[29]

ਉਪਰੋਕਤ ਵਿਚਾਰ ਬਿਲਕੁਲ ਸਹੀ ਹਨ ਕਿ ਜਿਸ ਸਮੇਂ ਜਨਮਸਾਖੀਆਂ ਦੀ ਰਚਨਾ ਹੋਈ ਉਸ ਸਮੇਂ ਇਨ੍ਹਾਂ ਦੇ ਅਧਿਐਨ ਦੀ ਪਰੰਪਰਾ ਨਹੀਂ ਚੱਲੀ ਸਗੋਂ ਇਨ੍ਹਾਂ ਨੂੰ ਬਾਣੀ ਦੇ ਤੁਲ ਹੀ ਦਰਜਾ ਦੇ ਕੇ ਆਲੋਚਨਾ ਤੇ ਨਕਤਾਚੀਨੀ ਤੋਂ ਉਪਰ ਸਮਝਿਆ ਗਿਆ । ਪਰੰਤੂ ਅੱਜ ਦਾ ਖੋਜੀ ਤੇ ਦਲੀਲ ਦਾ ਕਾਇਲ ਮਨ ਇਹ ਨਹੀਂ ਮੰਨਦਾ ਤਾਂ ਉਸ ਦੇ ਬਣਾਏ ਮਾਡਲਾਂ ਰਾਹੀਂ ਇਨ੍ਹਾਂ ਦਾ ਅਧਿਐਨ ਨਹੀਂ ਹੋ ਸਕਦਾ। ਕਥਾਨਕ-ਰੂੜ੍ਹੀਆਂ ਜਨਮ-ਸਾਖੀ ਰਚਨਾ ਦਾ ਮੂਲ ਧੁਰਾ ਹਨ ਉਨ੍ਹਾਂ ਦੇ ਅਧਿਐਨ ਰਾਹੀਂ ਹੀ ਅਸੀਂ ਇਨ੍ਹਾਂ ਦੇ ਮੂਲ-ਸਰੋਤਾਂ ਨੂੰ ਜਾਣ ਸਕਦੇ ਹਾਂ । ਕਥਾਨਕ-ਰੂੜ੍ਹੀਆਂ ਦੇ ਵਿਸ਼ਲੇਸ਼ਣ ਰਾਹੀਂ ਸੱਭਿਆਚਾਰਕ ਜੀਵਨ ਦੇ ਅਨੇਕਾਂ ਪੱਖ ਸਾਹਮਣੇ ਆਉਂਦੇ ਹਨ। ਜਿਨ੍ਹਾਂ ਦਾ ਜ਼ਿਕਰ ਅਸੀਂ ਅਗਲੇ ਪੰਨਿਆਂ ਵਿਚ ਕਰਾਂਗੇ ।

## ਵਿਕਾਸ

ਜਨਮ-ਸਾਖੀ ਰਚਨਾ ਤੋਂ ਕਾਫੀ ਸਮਾਂ ਪਹਿਲਾਂ ਹਿੰਦੀ ਵਿਚ ਪਰਚਈ ਸਾਹਿਤ ਦੀ ਪਰੰਪਰਾ ਕਾਇਮ ਹੋ ਚੁੱਕੀ ਸੀ ਤੇ ਇਸ ਤੋਂ ਪਹਿਲਾਂ ਕੁਝ ਅਜਿਹੀਆਂ ਰਵਾਇਤਾਂ ਪਰੰਪਰਾ ਦਾ ਹਿੱਸਾ ਬਣ ਚੁੱਕੀਆਂ ਸਨ ਜਿਨ੍ਹਾਂ ਵਿਚੋਂ ਹੀ ਕੁਝ ਕੁ ਲਿੱਪੀਬੱਧ ਹੋ ਕੇ ਪਰਚਈ ਅਨੰਤ-ਦਾਸ ਤੇ ਭਗਤ ਮਾਲ ਕ੍ਰਿਤ ਨਾਭਾਦਾਸ ਵਰਗੀਆਂ ਰਚਨਾਵਾਂ ਦੇ ਰੂਪ ਵਿਚ ਪ੍ਰਗਟ ਹੋਈਆਂ। ਸ੍ਰੀ ਪ੍ਰਕਾਸ਼ ਨਰਾਇਣ ਦੀਕਸ਼ਿਤ ਦਾ ਵਿਚਾਰ ਹੈ ਕਿ ਭਗਤਮਾਲ ਤੋਂ ਪਹਿਲਾਂ ਵੀ ਭਗਤ-ਚਰਿਤ ਲਿੱਪੀ-ਬੱਧ ਕਰਨ ਦੀ ਪਰੰਪਰਾ ਰਹੀ ਹੋਵੇਗੀ, ਜਿਸ ਦੀ ਨਾਭਾ ਦਾਸ ਜੀ ਨੇ ਸਹੀ ਵਰਤੋਂ ਕੀਤੀ ਹੈ।[30] ਸਮਕਾਲੀਨ ਭਗਤਾਂ ਦੇ ਵਰਨਣ ਵਿਚ ਉਨ੍ਹਾਂ ਦੇ ਸੰਪਰਕ ਤੋਂ ਪੈਦਾ ਹੋਏ ਪਰਤੱਖ ਗਿਆਨ ਅਤੇ ਅਨੁਭਵਾਂ ਦਾ ਆਧਾਰ ਲਿਆ ਹੈ ।

ਇਹ ਤਾਂ ਲਿਪੀਬੱਧ ਕਰਨ ਦੀ ਗੱਲ ਹੋਈ ਪਰ ਇਸ ਤੋਂ ਵੀ ਪਹਿਲਾਂ ਸੌਖਿਕ ਪਰੰਪਰਾ ਬਣ ਗਈ ਹੋਵੇ ਤਾਂ ਹੀ ਨਾਭਾ ਦਾਸ ਜੀ ਕੁਝ ਕਰ ਸਕੇ। ਇਸ ਪਰੰਪਰਾ ਦਾ ਆਧਾਰ ਉਹ ਰੂੜੀਆਂ ( Motifs ) ਹੀ ਹਨ ਜੋ ਪਹਿਲਿਆਂ ਦੇਵਤਿਆਂ ਲਈ ਵਰਤੀਆਂ ਗਈਆਂ ਤੇ ਉਹ ਮਹਾਂਪੁਰਸ਼ਾਂ ਨਾਲ ਜੋੜ ਦਿੱਤੀਆਂ ਗਈਆਂ। ਇਹ ਰੂੜ੍ਹੀਆਂ ਮੱਧਕਾਲ ਵਿੱਚ ਲੋਕ-ਸੱਚ ਬਣ ਗਈਆਂ ਤੇ ਇਹੀ ਲੋਕ-ਸੱਚ, ਮੌਖਿਕ ਪਰੰਪਰਾ ਸੀ ਜੋ ਅੱਗੇ ਚੱਲ ਕੇ ਪਰਚਈ ਤੇ ਜਨਮ ਸਾਖੀ ਸਾਹਿਤ ਦਾ ਆਧਾਰ ਬਣੀ। ਹਰ ਸਾਖੀ ਨੇ ਪਹਿਲਾਂ ਲੋਕ-ਮਨ ਵਿੱਚ ਗਰਭ ਭੋਗਿਆ ਅਤੇ ਇੱਥੋਂ ਹੀ ਇਕ ਰੂਪ ਤੇ ਮੁਹਾਂਦਰਾ ਲੈ ਕੇ ਸਾਕਾਰ ਹੋਈ।

ਡਾ. ਧਰਮਪਾਲ ਸਿੰਗਲ ਦਾ ਵਿਚਾਰ ਸਾਨੂੰ ਠੀਕ ਜਾਪਦਾ ਹੈ ਕਿ ਭਾਸ਼ਾ ਦੀ ਦ੍ਰਿਸ਼ਟੀ ਤੋਂ ਭਗਤਮਾਲ ਵਰਗੀਆਂ ਰਚਨਾਵਾਂ ਨੂੰ ਪੰਜਾਬੀ ਵਿਚ ਰੱਖਦਿਆਂ ਥੋੜ੍ਹਾ ਜਿਹਾ ਸੰਕੋਚ ਹੁੰਦਾ ਹੈ। ਪਰੰਤੂ ਫਰਕ ਸਿਰਫ ਭਾਸ਼ਾ ਦਾ ਹੈ ਪਰੰਪਰਾ ਉਹੀ ਚੱਲੀ ਆ ਰਹੀ ਹੈ।[31] ਗੁਰੂ ਨਾਨਕ ਸਾਹਿਬ ਤੇ ਬਾਕੀ ਗੁਰੂਆਂ ਨੇ ਪੰਜਾਬੀ ਵਿਚ ਬਾਣੀ ਰਚ ਕੇ ਪੰਜਾਬੀ ਨੂੰ ਬਹੁਤ ਉੱਚਾ ਦਰਜਾ ਦਿੱਤਾ ਤੇ ਉਨ੍ਹਾਂ ਦੇ ਜੀਵਨ-ਚ੍ਰਿੱਤਾਂ ਤੋਂ ਪੰਜਾਬੀ ਵਾਰਤਕ ਦਾ ਮੁੱਢ ਬੱਝਿਆ । ਭਾਵੇਂ ਪੰਜਾਬੀ ਵਿਚ ਜੀਵਨ-ਚਰਿੱਤ ਲਿਖਣ ਦਾ ਮੁੱਢ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਹੀ ਬੱਝ ਗਿਆ ਸੀ।[32] ਪੰਜਾਬੀ ਵਿਚ ਇਸ ਸਾਹਿਤ ਲਈ ਜਨਮ-ਸਾਖੀ, ਗੋਸ਼ਟਿ -ਪਰਚੀ ਨਾਂ ਪ੍ਰਚੱਲਿਤ ਹੋਏ। ਡਾ. ਹਰਿਭਜਨ ਸਿੰਘ ਨੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਹੈ ਕਿ ਪਰਚੀ ਪਦ ਦੀ ਵਰਤੋਂ ਕੇਵਲ ਭਗਤਾਂ, ਸਾਧਾਂ ਅਤੇ ਸੰਤਾਂ ਲਈ ਸ਼ੁਰੂ ਹੋਈ ਜਿਵੇਂ 'ਪਰਚੀਆਂ ਭਗਤਾਂ ਕੀਆਂ' ,ਪਰਚੀ ਬਾਬਾ ਹੰਦਾਲ', ਪਰਚੀ ਭਾਈ ਕਨ੍ਹਈਆ ਜੀ। ਮੁਸਲਿਮ ਪੀਰਾਂ ਫਕੀਰਾਂ ਦੇ ਜੀਵਨ-ਚਰਿੱਤਾਂ ਲਈ 'ਮਸਲੇ' ਸ਼ਬਦ ਵੀ ਵਰਤਿਆ ਜਾਣਾ ਸ਼ੁਰੂ ਹੋਇਆ ਜਿਵੇਂ 'ਮਸਲੇ ਸ਼ੇਖ਼ ਫਰੀਦ ਕੇ, ਮਸਲੇ ਹਜ਼ਰਤ ਮੁਹੰਮਦ ਕੇ ' ਆਦਿ ।

ਜਨਮ-ਸਾਖੀ ਸ਼ਬਦ ਦੀ ਵਰਤੋਂ ਸਿੱਖ ਜਗਤ ਵਿੱਚ ਇੰਨੀ ਮਕਬੂਲ ਹੋਈ ਕਿ ਇਸ ਦੀ ਥਾਂ ਕਿਸੇ ਹੋਰ ਸ਼ਬਦ ਦੀ ਵਰਤੋਂ ਲਈ ਕੋਈ ਥਾਂ ਨਾ ਰਹੀ । ਗੁਰੂ

ਰਵਿਦਾਸ ਬਾਰੇ ਵੀ ਜਨਮਸਾਖੀ ਸਾਹਿਤ ਦਾ ਸ੍ਰੀ 'ਅਨੰਤ ਦਾਸ ਕ੍ਰਿਤ 'ਪਰਚਈ ਰੈਦਾਸ' ਨਾਲ ਹੁੰਦਾ ਹੈ। ਇਸ ਤੋਂ ਉਪਰੰਤ ਭਗਤਮਾਲ ਕ੍ਰਿਤ ਸ੍ਰੀ ਨਾਭਾਦਾਸ, ਸ੍ਰੀ ਰਾਘੋਦਾਸ, ਸ੍ਰੀ ਰਘੁਰਾਜ ਸਿੰਘ ਆਦਿ ਅਨੇਕਾਂ ਰਚਨਾਵਾਂ ਰਚੀਆਂ ਗਈਆਂ । ਇਸ ਦਾ ਜ਼ਿਕਰ ਅਸੀਂ ਅਗਲੇ ਪੰਨਿਆਂ ਤੇ 'ਜਨਮਸਾਖੀ ਪਰੰਪਰਾ' ਉਪ ਸਿਰਲੇਖ ਹੇਠ ਕਰਾਂਗੇ ।

## ਸਾਖੀ ਰਚਨਾ ਦੀ ਵਿਧੀ

ਮਨੁੱਖ ਨੇ ਆਪਣੀ ਬਲਵਾਨ ਕਲਪਨਾ ਰਾਹੀਂ ਕੁਦਰਤ ਦੇ ਭੇਦਾਂ ਨੂੰ ਸਮਝਣ ਦਾ ਯਤਨ ਕੀਤਾ ਹੈ ਤੇ ਕੁਦਰਤੀ ਸ਼ਕਤੀਆਂ ਦੀ ਆਪਣੀ ਕਲਪਨਾ ਰਾਹੀਂ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਮਨੁੱਖ ਦੀ ਇਸੇ ਕਲਪਨਾ ਨੇ ਪਹਿਲਾਂ ਦੇਵਤੇ ਸਿਰਜੇ ਤੇ ਸਾਰੀਆਂ ਹੀ ਕੁਦਰਤੀ ਸ਼ਕਤੀਆਂ ਲਈ ਦੇਵਤਿਆਂ ਦੀ ਸਿਰਜਨਾ ਕਰ ਲਈ ਗਈ । ਮਿਸਾਲ ਦੇ ਤੌਰ ਤੇ ਮਨੁੱਖੀ ਜੀਵਨ ਲਈ ਅਤਿ ਜ਼ਰੂਰੀ ਲੋੜ ਪਾਣੀ ਲਈ ਇੰਦਰ ਦੇਵਤੇ ਦੀ ਸਿਰਜਨਾ ਕੀਤੀ ਗਈ ਤੇ ਇਹ ਦੇਵਤਾ ਬਾਕੀ ਦੇਵਤਿਆਂ ਦਾ ਸਰਦਾਰ ਬਣ ਗਿਆ। ਦੇਵਤਿਆਂ ਤੋਂ ਬਾਦ ਪੌਰਾਣਿਕ ਪੁਰਸ਼ਾਂ ਦੀ ਸਿਰਜਨਾ ਹੋਈ। ਇਸ ਤਰ੍ਹਾਂ ਮੱਧਕਾਲ ਵਿਚ ਦੇਵੀ ਦੇਵਤਿਆਂ ਦੀ ਇਕ ਭੀੜ ਜਿਹੀ ਜਮ੍ਹਾਂ ਹੋ ਗਈ । ਜਿਸ ਤੋਂ ਘਬਰਾ ਕੇ ਮਨੁੱਖ ਨੇ ਦੇਵਤਿਆਂ ਦੇ ਗੁਣ ਮਹਾਂਪੁਰਸ਼ਾਂ ਵਿਚ ਲੱਭਣੇ ਸ਼ੁਰੂ ਕੀਤੇ ਜਿਸ ਦੇ ਸਿੱਟੇ ਵਜੋਂ ਸਾਖੀਆਂ ਦੀ ਰਚਨਾ ਹੋਈ ।

ਸਾਖੀ ਸੰਸਕ੍ਰਿਤ ਦੇ ਸ਼ਬਦ 'ਸਾਕਸ਼ੀ' ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਗਵਾਹੀ ਜਾਂ ਅੱਖੀਂ ਡਿੱਠੀ ਘਟਨਾ। ਸਾਖੀ ਦਾ ਭਾਵ ਪਦ ਤੋਂ ਵੀ ਹੈ ਜਿਵੇਂ ਕਬੀਰ ਸਾਹਿਬ ਕਹਿੰਦੇ ਹਨ— ਸਾਖੀ ਆਖੀ ਗਿਆਨ ਕੀ ' ਪਰ ਇਥੇ ਸਾਡਾ ਮਨੋਰਥ ਉਨ੍ਹਾਂ ਰਚਨਾਵਾਂ ਤੋਂ ਹੈ ਜੋ ਮੱਧਕਾਲ ਵਿਚ ਹੋਏ ਮਹਾਂਪੁਰਸ਼ਾਂ, ਸੰਤਾਂ ਫਕੀਰਾਂ ਦੇ ਜੀਵਨ ਵੇਰਵੇ ਦੱਸਣ ਲਈ ਰਚੀਆਂ ਗਈਆਂ। ਸਾਖੀ ਸ਼ਬਦ ਤਾਂ ਪੰਜਾਬੀ ਵਿਚ ਇਨ੍ਹਾਂ ਰਚਨਾਵਾਂ ਲਈ ਪ੍ਰਚੱਲਿਤ ਹੋਇਆ ਪਰੰਤੂ ਪੰਜਾਬੀ ਵਿਚ ਰਚਨਾ ਹੋਣ ਤੋਂ ਪਹਿਲਾਂ ਹਿੰਦੀ ਸਾਹਿਤ ਵਿਚ ਭਗਤਮਾਲ ਵਰਗੀਆਂ ਰਚਨਾਵਾਂ ਮੌਜੂਦ ਸਨ । ਭਗਤਮਾਲ ਤੇ ਜਨਮ-ਸਾਖੀ ਦਾ ਉਦੇਸ਼ ਇਕੋ ਹੀ ਹੈ ।

ਜਿਸ ਤਰ੍ਹਾਂ ਭਗਤਮਾਲ ਕੁਝ ਕੁ ਸੰਤਾਂ ਦੇ ਜੀਵਨ-ਚਰਿੱਤਾਂ ਦਾ ਸੰਗ੍ਰਹਿ ਹੈ ਉਸੇ ਤਰ੍ਹਾਂ ਸਾਖੀਆਂ ਦੇ ਸੰਗ੍ਰਹਿ ਨੂੰ ਜਨਮ ਸਾਖੀ ਕਿਹਾ ਜਾਂਦਾ ਹੈ। ਸਾਖੀ ਇਕ ਸੁਤੰਤਰ ਇਕਾਈ ਹੈ, ਜਿਹੜੀ ਪਰੰਪਰਾ ਵਿਚੋਂ ਪੈਦਾ ਹੁੰਦੀ ਹੈ। ਮਹਾਂਪੁਰਸ਼ਾਂ ਦੇ ਜੀਵਨ ਕਾਲ ਵਿੱਚ ਕੁਝ ਅਜਿਹੀਆਂ ਰੂੜ੍ਹੀਆਂ ਉਨ੍ਹਾਂ ਬਾਰੇ ਪ੍ਰਚੱਲਿਤ ਹੋ ਜਾਂਦੀਆਂ ਹਨ ਜੋ ਸਮਾਂ ਪਾ ਕੇ ਲੋਕ-ਸੋਚ ਦਾ ਇਕ ਅਹਿਮ ਅੰਗ ਬਣ ਜਾਂਦੀਆਂ ਹਨ । ਲੋਕ ਸਾਹਿਤ ਦੇ ਇਸ ਖ਼ਜ਼ਾਨੇ ਵਿਚੋਂ ਹੀ ਕੋਈ ਨਾਭਾਦਾਸ ਜੀ ਜਾਂ ਸੋਢੀ ਮਿਹਰਬਾਨ ਵਰਗਾ ਉਸ ਨੂੰ ਸ਼ਬਦਾਂ ਦਾ ਰੂਪ ਦੇ ਦਿੰਦਾ ਹੈ ।

ਸਾਖੀ ਲੋਕ-ਸਾਹਿਤ ਦਾ ਇਕ ਅੰਗ ਹੈ ਤੇ ਲੋਕ-ਕਹਾਣੀਆਂ ਸਾਖੀ ਰਚਨਾ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਸਾਖੀ ਦਾ ਵਿਸ਼ਾ ਕਿਸੇ ਮਹਾਂਪੁਰਸ਼ ਸੰਤ ਫਕੀਰ ਦਾ ਜੀਵਨ ਹੁੰਦਾ ਹੈ ਜੇ ਹੋਰ ਵੀ ਸਪੱਸ਼ਟ ਕਰੀਏ ਤਾਂ ਉਸ ਦੇ ਜੀਵਨ ਦੀ ਕੋਈ ਘਟਨਾ ਹੁੰਦੀ ਹੈ। ਅਜਿਹੀਆਂ ਕਈਆਂ ਸਾਖੀਆਂ ਜੋ ਜੀਵਨ ਦੀਆਂ ਵੱਖ-ਵੱਖ ਘਟਨਾਵਾਂ ਨਾਲ ਸੰਬੰਧਿਤ ਹੁੰਦੀਆਂ ਹਨ ਮਿਲ ਕੇ ਜਨਮ ਸਾਖੀ ਦਾ ਰੂਪ ਲੈਂਦੀਆਂ ਹਨ। ਸਾਖੀ ਦੇ ਕਰਤਾ ਦਾ ਪਤਾ ਨਹੀਂ ਚੱਲਦਾ ਇਸ ਕਰਕੇ ਵੀ ਇਹ ਲੋਕ-ਸਾਹਿਤ ਦੇ ਜ਼ਿਆਦਾ ਨੇੜੇ ਹੈ। ਮੁੱਢ ਨਾਲੋਂ ਗਦ ਰਚਨਾਕਾਰਾਂ ਨੇ ਆਪਣੇ ਆਪ ਨੂੰ ਛੁਪਾਈ ਰੱਖਣਾ ਹੀ ਠੀਕ ਸਮਝਿਆ ਹੈ। ਉਨ੍ਹਾਂ ਦੀ ਇਸੇ ਭਾਵਨਾ ਨੇ ਸਾਖੀ ਨੂੰ ਲੋਕ-ਸਾਹਿਤ ਦਾ ਦਰਜਾ ਦੇ ਦਿੱਤਾ। 'ਸਾਖੀ' ਬਾਰੇ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਡਾ. ਵਣਜਾਰਾ ਬੇਦੀ ਲਿਖਦੇ ਹਨ, " ਸਾਖੀ ਕਿਸੇ ਸਾਧ-ਸੰਤ, ਗੁਰ-ਵਿਅਕਤੀ ਆਦਿ ਦੇ ਜੀਵਨ ਦੇ ਕਿਸੇ ਲੋਕ-ਸੱਚ ਦਾ ਬ੍ਰਿਤਾਂਤ ਹੈ, ਜੋ ਪਰੰਪਰਾ ਦੀ ਧਾਰਾ ਵਿੱਚ ਬਹਿੰਦਾ ਪੀੜ੍ਹੀਉਂ-ਪੀੜ੍ਹੀ ਅੱਗੇ ਵਧਦਾ ਜਾਂਦਾ ਹੈ। ਹਰ ਸਾਖੀ ਨੇ ਪਹਿਲਾਂ ਲੋਕ-ਮਨ ਵਿੱਚ ਗਰਭ ਭੋਗਿਆ ਅਤੇ ਇਥੋਂ ਹੀ ਇੱਕ ਰੂਪ ਤੇ ਮੁਹਾਂਦਰਾ ਲੈ ਕੇ ਸਾਕਾਰ ਹੋਈ ।"[33]

ਡਾ. ਵਣਜਾਰਾ ਬੇਦੀ ਦਾ ਵਿਚਾਰ ਸਹੀ ਹੈ ਕਿਉਂਕਿ ਇਹੋ ਸਾਖੀ ਥੋੜ੍ਹੇ ਬਹੁਤੇ ਫਰਕ ਨਾਲ ਦੂਜੀ ਜਨਮ ਸਾਖੀ ਵਿਚ ਮਿਲ ਜਾਂਦੀ ਹੈ। ਸਾਖੀਕਾਰ ਕਿਉਂਕਿ ਉਸ ਮਹਾਂਪੁਰਸ਼ ਦਾ ਆਮ ਤੌਰ ਤੇ ਸਮਕਾਲੀ ਨਹੀਂ ਹੁੰਦਾ ਜਿਸ ਬਾਰੇ ਉਸ ਨੇ ਸਾਖੀ ਰਚਨਾ

ਕਰਨੀ ਹੈ ਇਸ ਲਈ ਉਸ ਨੂੰ ਸਮੱਗਰੀ ਪਰੰਪਰਾ ਚੋਂ ਮਿਲਦੀ ਹੈ। ਸਾਖੀ ਦੀ ਰਚਨਾ ਉਦੋਂ ਹੋਈ ਜਦੋਂ ਮਨੁੱਖ ਮੱਧਕਾਲ ਵਿਚ ਦੇਵੀ ਦੇਵਤਿਆਂ ਦੀ ਭੀੜ ਤੋਂ ਘਬਰਾ ਕੇ ਮਨੁੱਖਾਂ ਵਿਚ ਹੀ ਉਹ ਗੁਣ ਲੱਭਣ ਲੱਗਾ। ਇਸੇ ਕਾਰਨ ਸੁਭਾਵਿਕ ਹੀ ਸਾਖੀ ਪੁਰਸ਼ਾਂ ਦਾ ਦੈਵੀ- ਕਰਣ ਹੋ ਗਿਆ। ਦੇਵਤਿਆਂ ਦੀ ਦੈਵੀ- ਸ਼ਕਤੀ ਕਰਾਮਾਤਾਂ ਜਾਂ ਮੋਅਜ਼ਜ਼ਾਂ ਬਣ ਕੇ ਸਾਖੀਆਂ ਵਿੱਚ ਸ਼ਾਮਲ ਹੋ ਗਈ।[33] ਸਾਖੀ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।[34]

ਡਾ. ਵਣਜਾਰਾ ਬੇਦੀ ਦਾ ਮੱਤ ਹੈ ਕਿ ਸਾਖੀ ਰਚਨਾ ਵਿਚ ਪੰਜਾਬੀ ਲੋਕ-ਕਹਾਣੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਮਹਾਂਪੁਰਸ਼ਾਂ ਸੰਤਾਂ ਪੀਰਾਂ ਫਕੀਰਾਂ ਦੇ ਜੀਵਨ-ਕਾਲ ਵਿੱਚ ਹੀ ਕੁਝ ਰਵਾਇਤਾਂ ਪ੍ਰਚੱਲਿਤ ਹੋ ਜਾਂਦੀਆਂ ਹਨ ਜੋ ਪਰੰਪਰਾ ਦਾ ਅੰਗ ਬਣ ਜਾਂਦੀਆਂ ਹਨ। ਕਥਾਨਕ ਰੂੜ੍ਹੀਆਂ ਦਾ ਵੀ ਸਾਖੀ ਰਚਨਾ ਵਿੱਚ ਵਿਸ਼ੇਸ਼ ਹੱਥ ਰਿਹਾ ਹੈ। ਡਾ. ਬੇਦੀ ਲਿਖਦੇ ਹਨ ਕਿ ਲੋਕ-ਮਨ ਨੇ ਦੇਵ ਪੁਰਖਾਂ ਨਾਲ ਸੰਬੰਧਿਤ ਅਨੇਕਾਂ ਲੋਕ-ਰੂੜ੍ਹੀਆਂ ਨੂੰ ਮਹਾਂਪੁਰਸ਼ਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ।[35]

ਸਾਖੀ ਦੇ ਚਰਿੱਤਰ ਨੂੰ ਦੇਖਦਿਆਂ ਡਾ. ਬੇਦੀ ਦਾ ਕਥਨ ਠੀਕ ਜਾਪਦਾ ਹੈ। ਡਾ. ਹਰਿਭਜਨ ਸਿੰਘ ਨੇ ਵੀ ਇਸ ਸਾਹਿਤ- ਰੂਪ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਹ ਲਿਖਦੇ ਹਨ ਕਿ ਸਾਖੀ ਸਥਾਨ ਵਿੱਚ ਵਾਪਰਦੀ ਹੋਈ ਵੀ ਸਥਾਨ ਦੀ ਅਧੀਨਗੀ ਤੋਂ ਮੁਕਤ ਹੈ।[36] 'ਸਾਖੀ' ਬਾਰੇ ਹੋਰ ਲਿਖਦੇ ਹਨ, "ਸਾਖੀ ਸਿਰਜਣਾ ਅਤੇ ਸਮੀਖਿਆ ਦੀ ਸੰਜੁਗਤੀ ਹੈ, ਇਸ ਤੋਂ ਅਗਾਂਹ ਸਾਡਾ ਵਾਹ ਵਿਆਖਿਆ ਨਾਲ ਪੈਂਦਾ ਹੈ। ਸਾਖੀ ਵਿੱਚ ਗੁਰੂ, ਸੰਕਟ, ਬਾਣੀ, ਸੰਕਟ-ਹਰਨ, ਸਿੱਖ ਬਣਨਾ ਜਾਂ ਧਰਮਸਾਲਾ ਬੰਨ੍ਹਣਾ ਜਾਂ ਧੰਨ ਧੰਨ ਕਰਨਾ ਆਦਿ ਅੰਸ਼ ਇਕ ਨਿਸ਼ਚਿਤ ਕ੍ਰਮ ਵਿੱਚ ਸੁਗੱਠਿਤ ਹਨ। ਜੇ ਸਾਖੀਆਂ ਵਿੱਚ ਇਨ੍ਹਾਂ ਅੰਸ਼ਾਂ ਦਾ ਨੇਮ -ਕ੍ਰਮ ਨਾ ਹੋਵੇ ਤਾਂ ਉਨ੍ਹਾਂ ਨੂੰ ਸਾਝੇ ਸਾਖੀ ਨਾਮ ਨਾਲ ਪਰਿਭਾਸ਼ਤ ਨਾ ਕੀਤਾ ਜਾ ਸਕੇ।[37]

ਡਾ. ਹਰਿਭਜਨ ਸਿੰਘ ਨੇ ਸਾਖੀ ਬਾਰੇ ਬਹੁਤ ਹੀ ਸਪੱਸ਼ਟ ਸ਼ਬਦ ਕਹੇ ਹਨ। ਸਾਖੀ ਸਿਰਜਨ- ਵਸਤੂ ਤਾਂ ਹੈ ਹੀ ਪਰੰਤੂ ਬਾਣੀ ਸਮੀਖਿਆ ਦੇ ਮੁਢਲੇ ਬੀਜ ਵੀ

ਸਾਖੀਆਂ ਵਿਚ ਮਿਲਦੇ ਹਨ। ਇਸ ਕਰਕੇ ਇਹ ਸਿਰਜਣਾ ਅਤੇ ਸਮੀਖਿਆ ਦੀ ਸੰਜੁਗਤੀ ਹੈ। ਸਾਖੀ ਵਿਚ ਸਭ ਕੁਝ ਪਹਿਲਾਂ ਹੀ ਨਿਸ਼ਚਿਤ ਹੈ ਤੇ ਇਕ ਨਿਸ਼ਚਿਤ ਕ੍ਰਮ ਵਿਚ ਹੀ ਵਾਪਰਦਾ ਹੈ। ਹਰ ਸਾਖੀ ਦਾ ਉਦੇਸ਼ ਸਿੱਖਿਆਤਮਕ ਹੈ ਕਿਉਂਕਿ ਸਾਖੀ ਸਾਹਿਤ ਸਮੁੱਚੀਆਂ ਕਦਰਾਂ ਕੀਮਤਾਂ ਤੇ ਹੀ ਆਧਾਰਿਤ ਹੈ । ਕਥਾਨਕ ਰੂੜ੍ਹੀਆਂ ਰਾਹੀ ਉਹ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਹਨ ਵਿਸ਼ਵਾਸ-ਮੂਲਕ ਹਨ ।

ਜਨਮਸਾਖੀ ਸਾਹਿਤ ਬਾਰੇ ਡਾ. ਪਿਆਰ ਸਿੰਘ ਨੇ ਬੜੀ ਹੀ ਖੂਬਸੂਰਤ ਪਰਿਭਾਸ਼ਾ ਦਿੱਤੀ ਹੈ। ਉਨ੍ਹਾਂ ਦੇ ਵਿਚਾਰਾਂ ਵਿੱਚ ਬਹੁਤ ਵਜਨ ਹੈ, " ਸਾਹਿਤ ਦੇ ਇਕ ਉਪ-ਰੂਪ ਵਜੋਂ ਜਨਮ-ਸਾਖੀਆਂ ਦਾ ਇਕ ਪ੍ਰਬਲ ਤੱਤ ਬ੍ਰਿਤਾਂਤ ਹੈ, ਜਿਸ ਦਾ ਪਸਾਰ ਕਾਲ ਵਿੱਚ ਹੁੰਦਾ ਹੈ। ਇੰਜ ਜਨਮਸਾਖੀਆਂ ਬੜੀਆਂ ਗੁੰਝਲਿਆਈ ਰਚਨਾਵਾਂ ਹਨ। ਇਹ ਗਲਪ ਨਹੀਂ ਕਿਉਂ ਜੋ ਇਨ੍ਹਾਂ ਦਾ ਪ੍ਰਯੋਜਨ ਮਨੋਰੰਜਨ ਨਹੀਂ, ਸਿੱਖਿਆ ਦੇਣਾ ਹੈ; ਇਹ ਇਤਿਹਾਸ ਨਹੀਂ, ਕਿਉਂ ਜੋ ਇਨ੍ਹਾਂ ਵਿਚ ਆਏ ਪ੍ਰਸੰਗ ਇਤਿਹਾਸ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ; ਇਹ ਜੀਵਨੀਆਂ ਨਹੀਂ, ਕਿਉਂ ਜੋ ਇਹ ਅਣਹੋਣੀਆਂ ਘਟਨਾਵਾਂ ਤੇ ਆਦਰਸ਼ਿਆਏ ਚਰਿਤ੍ਰ ਨਾਲ ਭਰੀਆਂ ਹੋਈਆਂ ਹਨ, ਇਹ ਸਫਰਨਾਮੇ ਵੀ ਨਹੀਂ ਕਿਉਂ ਜੋ ਇਹ ਅਜੋਕੇ ਸਮੇਂ ਦੀ ਸਫਰਨਾਮੇ ਦੀ ਧਾਰਣਾ ਤੇ ਪੂਰੀਆਂ ਨਹੀਂ ਉਤਰਦੀਆਂ ।[38]

ਜਨਮ-ਸਾਖੀਆਂ ਨੂੰ ਕਿਸੇ ਵੀ ਇਕ ਆਧੁਨਿਕ ਸਾਹਿਤ ਰੂਪ ਵਿਚ ਨਹੀਂ ਸਮੋਇਆ ਜਾ ਸਕਦਾ ਇਹ ਤਾਂ ਸਗੋਂ ਅਜੋਕੇ ਕਈ ਸਾਹਿਤ ਰੂਪਾਂ ਦਾ ਮਿਸ਼ਰਣ ਹਨ। ਜਦੋਂ ਡਾ. ਪਿਆਰ ਸਿੰਘ ਇਨ੍ਹਾਂ ਰਚਨਾਵਾਂ ਨੂੰ ਗੁੰਝਲਮਈ ਕਹਿੰਦੇ ਹਨ ਤਾਂ ਉਨ੍ਹਾਂ ਦਾ ਭਾਵ ਵੀ ਇਸੇ ਮੁਸ਼ਕਲ ਤੋਂ ਹੈ। ਜਨਮ-ਸਾਖੀਆਂ ਦਾ ਇੱਕੋ ਇੱਕ ਉਦੇਸ਼ ਆਪਣੇ ਇਸ਼ਟ ਨੂੰ ਆਦਰਸ਼ਕ ਬਣਾ ਕੇ ਪੇਸ਼ ਕਰਨਾ ਤੇ ਆਮ ਲੋਕਾਂ ਨੂੰ ਸਿੱਖਿਆ ਦੇਣਾ ਸੀ। ਇਸ ਦਾ ਇਕ ਕਾਰਨ ਹੋਰ ਵੀ ਹੈ ਕਿ ਅੱਜ ਵਾਂਗ ਮੱਧਕਾਲ ਵਿੱਚ ਸਾਹਿਤ ਰਚਨਾ ਵੱਖ-ਵੱਖ ਉਦੇਸ਼ਾਂ ਨੂੰ ਮੁੱਖ ਰੱਖ ਕੇ ਨਹੀਂ ਕੀਤੀ ਜਾਂਦੀ ਸੀ। ਜਨਮ-ਸਾਖੀ ਰਚਨਾ ਪਿੱਛੇ ਚਲੀ ਆ ਰਹੀ ਪਰੰਪਰਾ ਨੇ ਵੀ ਜਨਮ-ਸਾਖੀ ਦਾ ਮਨੋਰਥ ਸੁਤੇ-ਸਿਧ ਹੀ ਨਿਸ਼ਚਿਤ ਕਰ ਦਿੱਤਾ ਸੀ। ਜਨਮ-ਸਾਖੀ ਇਤਿਹਾਸ ਨਹੀਂ ਕਿਉਂਕਿ ਸਾਖੀਕਾਰ ਇਤਿਹਾਸ ਨਹੀਂ ਲਿਖ ਰਹੇ ਸਨ। ਉਨ੍ਹਾਂ ਨੂੰ ਤਾਂ ਸਮੱਗਰੀ ਲੋਕਧਾਰਾ ਵਿਚੋਂ

ਮਿਲੀ ਤੇ ਉਨ੍ਹਾਂ ਉਸ ਨੂੰ ਸ਼ਬਦਾਂ ਦਾ ਰੂਪ ਦੇ ਦਿੱਤਾ। ਲੋਕ-ਮਨ ਲਈ ਬਹੁਤ ਕੁਝ ਅਜਿਹਾ ਹੁੰਦਾ ਹੈ ਜੋ ਇਤਿਹਾਸਕ ਨਾ ਹੁੰਦਿਆਂ ਹੋਇਆਂ ਵੀ ਲੋਕ-ਸੱਚ ਦਾ ਦਰਜਾ ਪ੍ਰਾਪਤ ਕਰ ਜਾਂਦਾ ਹੈ । ਜਨਮ-ਸਾਖੀਆਂ ਵਿਚ ਸਫਰਾਂ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ ਪਰ ਆਧੁਨਿਕ ਸਫਰਨਾਮਾ ਸਾਹਿਤ ਰੂਪ ਦੀ ਕਸੌਟੀ ਤੇ ਪਰਖਿਆਂ ਜਨਮ-ਸਾਖੀਆਂ ਸਫਰਨਾਮਾ ਨਹੀਂ ਸਿੱਧ ਹੁੰਦੀਆਂ। ਉਪਰੋਕਤ ਕੋਈ ਵੀ ਸਾਹਿਤ ਰੂਪ ਨਾ ਹੋ ਕੇ ਵੀ ਜਨਮ ਸਾਖੀ ਸਾਹਿਤ ਦੀ ਸਾਹਿਤ ਵਿੱਚ ਵਿਸ਼ੇਸ਼ ਥਾਂ ਬਣੀ ਰਹੀ ਹੈ। ਬੇਸ਼ੱਕ ਇਨ੍ਹਾਂ ਵਿਚ ਬਹੁਤ ਕੁਝ ਅਜਿਹਾ ਹੈ ਜਿਸ ਨੂੰ ਅੱਜ ਦਾ ਵਿਗਿਆਨਕ ਮਨ ਨਕਾਰ ਰਿਹਾ ਹੈ ਪਰੰਤੂ ਫਿਰ ਵੀ ਆਮ ਲੋਕਾਂ ਤੇ ਇਸ ਸਾਹਿਤ ਦਾ ਪ੍ਰਭਾਵ ਹੈ। ਡਾ. ਪਿਆਰ ਸਿੰਘ ਦੇ ਵਿਚਾਰਾਂ ਤੋਂ ਇਹ ਤੱਤ ਕੱਢਿਆ ਜਾ ਸਕਦਾ ਹੈ ਕਿ ਜਨਮ ਸਾਖੀਆਂ ਜੀਵਨੀ, ਸਫਰਨਾਮਾ ਤੇ ਇਤਿਹਾਸ ਦਾ ਮਿਸ਼ਰਣ ਹਨ ਕਿਉਂ ਕਿ ਇਨ੍ਹਾਂ ਸਾਹਿਤ ਰੂਪਾਂ ਦੇ ਮੁੱਢਲੇ ਬੀਜ ਇਨ੍ਹਾਂ ਜਨਮ ਸਾਖੀਆਂ ਵਿੱਚ ਦੇਖੇ ਜਾ ਸਕਦੇ ਹਨ ।

" ਸਾਖੀ ਪਰੰਪਰਾ ਵਿਚੋਂ ਜਨਮ ਲੈਂਦੀ ਹੈ ਵਿਅਕਤੀ ਵਿਚੋਂ ਨਹੀਂ।"[39] ਉਪਰੋਕਤ ਵਿਚਾਰ ਪੇਸ਼ ਕਰਦਿਆਂ ਸ. ਗੁਰਲਾਲ ਸਿੰਘ ਨੇ ਡਾ. ਬੇਦੀ ਦੇ ਮੱਤ ਦਾ ਜਿੱਥੇ ਸਮਰਥਨ ਕੀਤਾ ਹੈ ਉੱਥੇ ਆਪਣੇ ਨਿਬੰਧ ਵਿੱਚ ਜਨਮ-ਸਾਖੀ ਬਾਰੇ ਬਹੁਤ ਵਿਸਥਾਰ ਨਾਲ ਦੱਸਿਆ ਹੈ ।

ਸ੍ਰ. ਗੁਰਲਾਲ ਸਿੰਘ ਦਾ ਵਿਚਾਰ ਹੈ ਕਿ ਬੇਸ਼ਕ ਬੀਜ ਰੂਪ ਵਿਚ ਸਾਖੀ ਕਿਸੇ ਇਕ ਵਿਅਕਤੀ ਦੀ ਰਚਨਾ ਹੋਵੇਗੀ ਪਰ ਇਕ ਵਿਅਕਤੀ ਤੋਂ ਉਪਜ ਕੇ ਵੀ ਇਹ ਮੂੰਹੋ-ਮੂੰਹ ਅਤੇ ਕਲਮੋਂ-ਕਲਮ ਹੁੰਦੀ ਆਪਣੇ ਅੰਤਲੇ ਰੂਪ ਨੂੰ ਦੇਰ ਬਾਅਦ ਹੀ ਪ੍ਰਾਪਤ ਕਰਦੀ ਹੋਵੇਗੀ।[40] ਸਾਖੀ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਇਹ ਸਰੋਤਾ-ਮੁੱਖ ਰਚਨਾ ਹੈ ਜਿਸ ਵਿਚ ਅੰਤਮ ਸੁਰ ਉਪਦੇਸ਼ਾਤਮਕਤਾ ਦੀ ਹੁੰਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸਾਖੀ ਦੀ ਬਿਰਤੀ ਕਵਿਤਾ ਵਾਂਗ ਸੁਲਝਾਉ ਦੀ ਹੈ । ਸਾਖੀ ਪ੍ਰਵਾਨਿਤ ਨੂੰ ਹੀ ਪ੍ਰਵਾਨ ਕਰਦੀ ਹੈ। ਸਾਖੀ ਦਾ ਚਰਿੱਤਰ ਰੂਪਕੀ ( Metaphorical ) ਦ੍ਰਿਸ਼ਟਾਂਤਕ ( Illustrative ) ਅਤੇ ਪ੍ਰਤਿਮਾਨਕ ( Normative ) ਹੁੰਦਾ ਹੈ।[41] ਸਾਖੀ ਬਾਰੇ ਉਹ ਲਿਖਦੇ ਹਨ—

"ਸਾਖੀ ਮਹਾਂਪੁਰਖਾਂ ਵਿੱਚ ਦੈਵੀ ਸ਼ਕਤੀ ਲੱਭਣ ਦਾ ਇਕ ਯਤਨ ਹੈ।"[42]

ਸ੍ਰ. ਗੁਰਲਾਲ ਸਿੰਘ ਦੇ ਵਿਚਾਰ ਬਹੁਤ ਸਪੱਸ਼ਟ ਹਨ। ਸਾਖੀ ਦਾ ਉਦੇਸ਼ ਹੀ ਮਹਾਂਪੁਰਸ਼ ਵਿਚ ਦੈਵੀ-ਸ਼ਕਤੀ ਲੱਭਣਾ ਹੈ। ਸਾਖੀ ਕਿਉਂਕਿ ਪੌਰਾਣਿਕ ਸਾਹਿਤ ਦਾ ਬਦਲ ਹੈ ਇਸ ਕਰਕੇ ਇਸ ਵਿਚ ਉਹ ਅੰਸ਼ ਆ ਜਾਣੇ ਸੁਭਾਵਿਕ ਹੀ ਹਨ। ਸਿਰਫ ਦੇਵੀ ਦੇਵਤਿਆਂ ਤੇ ਪੌਰਾਣਿਕ ਪੁਰਸ਼ਾਂ ਦੀ ਥਾਂ ਮਹਾਂਪੁਰਸ਼ਾਂ ਜਾਂ ਸੰਤਾਂ ਗੁਰੂਆਂ ਨੇ ਲੈ ਲਈ ਬਾਕੀ ਅੰਸ਼ ਲਗਭਗ ਉਹੀ ਰਹੇ। ਉਸੇ ਤਰ੍ਹਾਂ ਦੈਵੀਕਰਣ ਹੁੰਦਾ ਰਿਹਾ ਤੇ ਦੈਵੀ-ਸ਼ਕਤੀ ਸਾਖੀ 'ਵਿੱਚ ਕਰਾਮਾਤ ਬਣ ਕੇ ਬਿਰਾਜਮਾਨ ਰਹੀ। ਸਾਖੀ ਦੀ ਬਿਰਤੀ ਸਥਾਪਤੀ ਦੀ ਹੈ ਤੇ ਸਾਖੀ ਹੈ ਵੀ ਗੁਰੂ—ਕੇਂਦਰਿਤ ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਾਖੀ ਉਸ ਸਮੇਂ ਦੀ ਉਪਜ ਹੈ ਜਦੋਂ ਮਨੁੱਖ ਦੇਵੀ ਦੇਵਤਿਆਂ ਦੀ ਭੀੜ ਤੋਂ ਘਬਰਾ ਗਿਆ। ਮੱਧਕਾਲ ਵਿਚ ਦੇਵਤਿਆਂ ਦੇ ਗੁਣ ਉਸਨੇ ਮਨੁੱਖਾਂ ਵਿੱਚ ਲੱਭਣੇ ਸ਼ੁਰੂ ਕੀਤੇ ਤੇ ਇਸੇ ਮਨੋਬਿਰਤੀ ਅਧੀਨ ਮਹਾਂਪੁਰਸ਼ਾਂ ਤੇ ਪੀਰਾਂ ਫਕੀਰਾਂ ਨੂੰ ਦੇਵਤਿਆਂ ਦੇ ਤੁਲ ਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਾਖੀ ਵਿਅਕਤੀ ਵਿਚੋਂ ਨਹੀਂ ਸਗੋਂ ਪਰੰਪਰਾ ਵਿਚੋਂ ਪੈਦਾ ਹੁੰਦੀ ਹੈ ਤੇ ਸਹਿਜੇ ਸਹਿਜੇ ਹੀ ਸਾਖੀ ਦਾ ਦਰਜਾ ਕਈ ਉਤਰਾਵਾਂ ਚੜ੍ਹਾਵਾਂ ਤੋਂ ਬਾਦ ਹੀ ਪ੍ਰਾਪਤ ਕਰਦੀ ਹੈ। ਸੰਭਵ ਹੈ ਕਿ ਕਿਸੇ ਵਿਅਕਤੀ ਨੇ ਵੀ ਸਾਖੀ ਦੀ ਮੂਲ ਰੂਪ ਵਿੱਚ ਰਚਨਾ ਕੀਤੀ ਪਰੰਤੂ ਅਜੋਕਾ ਰੂਪ ਇਸ ਨੂੰ ਲੋਕ-ਸੱਚ ਬਣਨ ਤੋਂ ਬਾਦ ਹੀ ਪ੍ਰਾਪਤ ਹੋਇਆ। ਜਿਵੇਂ ਇਕ ਗੀਤ ਤੋਂ ਲੋਕਗੀਤ ਦਾ ਸਫਰ ਬਹੁਤ ਲੰਬਾ ਹੁੰਦਾ ਹੈ ਉਸੇ ਤਰ੍ਹਾਂ ਇਕ ਵਿਅਕਤੀ ਦੀ ਕਿਰਤ ਤੋਂ ਲੈ ਕੇ ਇਕ ਸੰਸਥਾ ਦੀ ਵਸਤੂ ਬਣਨ ਤੱਕ ਸਾਖੀ ਬਹੁਤ ਲੰਮਾ ਪੈਂਡਾ ਤੈਅ ਕਰਦੀ ਹੈ। ਸਾਖੀ ਦਾ ਉਦੇਸ਼ ਆਪਣੇ ਨਾਇਕ ਦੀ ਦਿੱਬਤਾ ਨੂੰ ਕਾਇਮ ਕਰਕੇ ਉਸ ਨੂੰ ਬਣਾਈ ਰੱਖਣਾ ਹੈ। ਬਾਣੀ ਸਮੀਖਿਆ ਦੇ ਪ੍ਰਥਮ ਬੀਜ ਜਨਮ ਸਾਖੀਆਂ ਵਿੱਚ ਦੇਖੇ ਜਾ ਸਕਦੇ ਹਨ। ਸਾਖੀਆਂ ਨਾ ਗਲਪ ਹਨ, ਨਾ ਇਤਿਹਾਸ ਤੇ ਨਾ ਹੀ ਸਫਰਨਾਮਾ, ਇਹ ਤਾਂ ਸਗੋਂ ਇਨ੍ਹਾਂ ਸਾਹਿਤ-ਵਿਧਾਵਾਂ ਦਾ ਮਿਸ਼ਰਣ ਹਨ ।

ਪੰਜਾਬੀ ਵਾਰਤਕ ਦਾ ਮੁੱਢ ਗੁਰੂ ਨਾਨਕ ਸਾਹਿਬ ਬਾਰੇ ਲਿਖੀ ਜਨਮ ਸਾਖੀ ਨਾਲ ਬੱਝਦਾ ਹੈ ਜਿਸ ਨੂੰ 'ਪੁਰਾਤਨ ਜਨਮ ਸਾਖੀ' , ਵਲਾਇਤ ਵਾਲੀ ਜਨਮਸਾਖੀ ਜਾਂ

ਕੋਲਬਰੁਕੇ ਵਾਲੀ ਜਨਮਸਾਖੀ ਕਿਹਾ ਜਾਂਦਾ ਹੈ। ਇਸ ਜਨਮ ਸਾਖੀ ਦਾ ਰਚਨਾਕਾਲ 1588 ਈਸਵੀ ਮੰਨਿਆ ਗਿਆ ਹੈ।[43]

ਸਮੁੱਚੇ ਭਾਰਤੀ ਸਾਹਿਤ ਵਿੱਚ ਪੰਜਾਬੀ ਵਿਚ ਜਨਮਸਾਖੀ ਲਿਖੇ ਜਾਣ ਤੋਂ ਪਹਿਲਾਂ ਸੰਤਾਂ ਭਗਤਾਂ ਦੇ ਜੀਵਨ-ਚਰਿਤ ਲਿਖਣ ਦੀ ਪਰੰਪਰਾ ਸੀ । ਜਨਮਸਾਖੀ ਸਾਹਿਤ ਸੁਭਾਵਕ ਹੀ ਉਸ ਤੋਂ ਪ੍ਰਭਾਵਿਤ ਹੋਇਆ ਹੈ। ਜਨਮਸਾਖੀਆਂ ਜੀਵਨੀਆਂ ਨਹੀਂ ਹਨ। ਭਾਰਤੀ ਸਾਹਿਤ ਵਿਚ ਜੀਵਨੀ ਲਿਖਣ ਦੀ ਪਰੰਪਰਾ ਨਹੀਂ ਸੀ ਕਿਉਂਕਿ ਭਾਰਤੀ ਦਰਸ਼ਨ ਇਸ ਜੀਵਨ ਨੂੰ ਬਹੁਤਾ ਮਹੱਤਵ ਨਹੀਂ ਦਿੰਦਾ। ਸੋ ਭਗਤਮਾਲ ਕ੍ਰਿਤ ਨਾਭਾਦਾਸ ਵਰਗੀਆਂ ਰਚਨਾਵਾਂ ਹੀ ਭਗਤਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਉਪਰਾਲਾ ਕਰਦੀਆਂ ਰਹੀਆਂ ਭਾਵੇਂ ਇਹ ਜਾਣਕਾਰੀ ਪੂਰੀ ਤਰ੍ਹਾਂ ਪ੍ਰਮਾਣਿਕ ਨਹੀਂ ਸੀ ਪਰ ਫਿਰ ਵੀ ਇਹ ਮੱਧਕਾਲ ਵਿਚ ਹੋਏ ਸੰਤਾਂ ਭਗਤਾਂ ਬਾਰੇ ਕਾਫ਼ੀ ਜਾਣਕਾਰੀ ਦਿੰਦੀਆਂ ਹਨ। ਇਸ ਜਨਮ ਸਾਖੀ ਤੇ ਇਸੇ ਪਰੰਪਰਾ ਦੀਆਂ ਹੋਰ ਜਨਮਸਾਖੀਆਂ ਵਿਚ ਦਰਜ ਸਾਖੀਆਂ ਦਾ ਪੈਟਰਨ ਕਾਫ਼ੀ ਹੱਦ ਤੀਕ ਭਗਤਮਾਲ ਤੇ ਆਧਾਰਿਤ ਹੈ। ਡਾ. ਧਰਮਪਾਲ ਸਿੰਗਲ ਲਿਖਦੇ ਹਨ, " ਨਾਭਾ ਸੁਆਮੀ ਦੀ ਕਿਰਤ 'ਭਗਤਮਾਲ' ਜੀਵਨੀ ਦੇ ਪਿਛੋਕੜ ਨੂੰ ਹੋਰ ਵੀ ਮਹੱਤਵ ਪ੍ਰਦਾਨ ਕਰਨ ਵਾਲੀ ਇਕ ਇਹੋ ਜਿਹੀ ਕਿਰਤ ਹੈ ਜਿਸ ਨੂੰ ਇਕ ਆਧਾਰ ਗ੍ਰੰਥ ਮੰਨ ਕੇ ਸੈਂਕੜੇ ਜੀਵਨ-ਚਰਿੱਤਾਂ, ਪਰਚੀਆਂ ਤੇ ਸਾਖੀਆਂ ਦੀ ਰਚਨਾ ਹੋਈ।"[44]

ਜਨਮ ਸਾਖੀ ਕਿਸੇ ਮਹਾਂਪੁਰਸ਼ ਬਾਰੇ ਹੀ ਲਿਖੀ ਜਾਂਦੀ ਹੈ ਤੇ ਜਨਮ-ਸਾਖੀ ਲਿਖੇ ਜਾਣ ਤੱਕ ਉਸ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਚੁੱਕੀ ਹੁੰਦੀ ਹੈ। ਸਾਖੀ ਰਚਨਾ ਪਿੱਛੇ ਕਈ ਵਿਸ਼ੇਸ਼ ਹਾਲਤਾਂ ਕੰਮ ਕਰਦੀਆਂ ਹਨ। ਸਾਖੀ ਸ਼ਬਦ ਬਾਰੇ ਤਾਂ ਅਸੀਂ ਪਹਿਲਾਂ ਵੀ ਵਿਚਾਰ ਕੀਤਾ ਹੈ ਕਿ ਇਹ ਸ਼ਬਦ ਦੇ ਅਰਥ ਉਸ ਰਚਨਾ ਨਾਲ ਮੇਲ ਨਹੀਂ ਖਾਂਦੇ ਜਿਸ ਲਈ ਇਹ ਵਰਤਿਆ ਜਾਂਦਾ ਹੈ। ਜੇ ਸਾਖੀ ਦਾ ਅਰਥ ਗਵਾਹੀ ਲਈ ਲਿਆ ਜਾਵੇ ਤਾਂ ਸਾਖੀਆਂ ਵਿੱਚ ਮਿਲਦੇ ਅਪ੍ਰਮਾਣਿਕ ਤੱਤ ਕੱਢੇ ਜਾਣੇ ਚਾਹੀਦੇ ਹਨ। ਫ਼ਿਰ ਅਜਿਹੀ ਹਾਲਤ ਵਿੱਚ ਸਾਡੇ ਕੋਲ ਕੁਝ ਨਹੀਂ ਬਚੇਗਾ। ਸਾਖੀ ਤਾਂ ਇਕ ਅਜਿਹੀ ਰਚਨਾ ਹੈ ਜਿਸ ਦਾ ਉਦੇਸ਼ ਆਪਣੇ ਨਾਇਕ ਨੂੰ ਆਦਰਸ਼ਕ ਸਿੱਧ ਕਰਨਾ ਤੇ ਉਸ ਦੀ ਦਿੱਬਤਾ ਕਾਇਮ ਕਰਕੇ ਉਸ ਨੂੰ ਬਣਾਈ ਰੱਖਣਾ ਹੈ। ਅਜਿਹੀਆਂ ਹਾਲਤਾਂ ਵਿੱਚ ਸਾਖੀ ਯਥਾਰਥਕ ਪੱਧਰ ਤੇ ਨਹੀਂ ਵਿੱਚਰ ਸਕਦੀ। ਸਾਖੀਆਂ ਤਾਂ ਸ਼ਰਧਾਮੂਲਕ ਰਚਨਾਵਾਂ ਹਨ ਤੇ ਇਨ੍ਹਾਂ ਦੀ ਮਹੱਤਤਾ ਵੀ ਸ਼ਰਧਾਲੂ

ਮਨ ਲਈ ਹੈ।

ਸਭ ਤੋਂ ਪ੍ਰਾਚੀਨ ਗ੍ਰੰਥ ਰਿਗਵੇਦ ਤੋਂ ਜਨਮਸਾਖੀ ਤੱਕ ਸਮੇਂ ਦੀ ਬਹੁਤ ਵੱਡੀ ਵਿੱਥ ਹੈ। ਇਸ ਵਿਚਕਾਰ ਮਨੁੱਖ ਨੇ ਬਹੁਤ ਵਿਕਾਸ ਕੀਤਾ ਹੈ ਤੇ ਉਸ ਦੀ ਸਿਰਜਨ ਵਿੱਧੀ ਵਿਚ ਬਹੁਤ ਵੱਡਾ ਅੰਤਰ ਆਇਆ ਹੈ ਪਰੰਤੂ ਅਰੰਭ ਵਿਚ ਸਿਰਜੀ ਗਈ ਦੈਵੀ-ਹੋਂਦ ਅੱਜ ਤੀਕ ਕਾਇਮ ਰਹੀ ਹੈ। ਸਮੇਂ ਦੀ ਇੱਡੀ ਵੱਡੀ ਵਿੱਥ ਵੀ ਇਸ ਸਿਰਜਨ-ਵਿਧੀ ਵਿੱਚ ਕੋਈ ਫਰਕ ਨਹੀਂ ਪਾ ਸਕੀ।[45]

ਡਾ. ਵਣਜਾਰਾ ਬੇਦੀ ਦਾ ਵਿਚਾਰ ਹੈ ਕਿ ਮੱਧਕਾਲ ਦਾ ਸਾਰਾ ਹੀ ਸਾਹਿਤ ਚਾਹੇ ਉਹ ਮੌਖਿਕ ਜਾਂ ਲਿਪੀ-ਬੱਧ ਰੂਪ ਵਿੱਚ ਸਾਡੇ ਕੋਲ ਪਹੁੰਚਿਆ ਹੈ ਉਹ ਸਭ ਬੁਨਿਆਦੀ ਤੌਰ ਤੇ ਤਤਕਾਲੀ ਲੋਕਧਾਰਾ ( Folklore ) ਦੀ ਕੋਈ ਸਜੀਵ ਧੁਨੀ, ਖੰਡ ਜਾਂ ਉਸਦਾ ਵਿਸਤਾਰ ਹੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਚਾਹੇ ਰਚਨਾ ਕਿਸੇ ਗੁਰੂ, ਪੀਰ, ਭਗਤ ਜਾਂ ਸੰਤ ਦੀ ਗਾਥਾ ( Hagiography ) ਹੋਵੇ ਜਾਂ ਨਿਰੀ ਕਲਪਨਾ ਤੇ ਆਧਾਰਿਤ ਕੋਈ ਕਹਾਣੀ।[46] ਡਾ. ਬੇਦੀ ਦਾ ਕਥਨ ਬਹੁਤ ਠੀਕ ਜਾਪਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਜੇ ਇਸ ਸਾਹਿਤ ਨੂੰ ਲੋਕਧਾਰਾ ਦੇ ਪ੍ਰਕਰਣ ਵਿੱਚ ਰੱਖ ਕੇ ਸਮਝਣ ਦੀ ਚੇਸ਼ਟਾ ਨਾ ਕੀਤੀ ਜਾਵੇ ਤਾਂ ਉਸਦੇ ਮੂਲ ਮੁਹਾਵਰੇ ਤੇ ਲੈਅ ਦੀ ਸਮਝ ਨਹੀਂ ਪੈਂਦੀ। ਇਹ ਗੱਲ ਹੋਰ ਵੀ ਠੀਕ ਜਾਪਦੀ ਹੈ ਜਦੋਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਹਰ ਸਾਖੀ ਨੇ ਪਹਿਲਾਂ ਲੋਕ-ਮਨ ਵਿੱਚ ਗਰਭ ਭੋਗਿਆ ਤੇ ਸਮੂਹ ਨੇ ਉਸ ਨੂੰ ਮਾਂਜ ਸਵਾਰ ਕੇ ਅਜੋਕਾ ਰੂਪ ਦਿੱਤਾ ।

ਮਨੁੱਖ ਦੀ ਕਲਪਨਾ ਬਲਵਾਨ ਹੋਈ ਤਾਂ ਉਸ ਨੇ ਆਪਣੇ ਇਰਦ ਗਿਰਦ ਇੰਨਾ ਕੁਝ ਡਿੱਠਾ ਜਿਸ ਨੂੰ ਤੱਕ ਕੇ ਉਸ ਦੀ ਬੁੱਧੀ ਹੈਰਾਨ ਰਹਿ ਗਈ। ਮਨੁੱਖ ਆਦਿ-ਕਾਲ ਤੋਂ ਕੁਦਰਤ ਦੇ ਹਰ ਭੇਦ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਆਪਣੇ ਮੁੱਢਲੇ ਦੌਰ ਵਿਚ ਉਸਨੇ ਕੁਦਰਤੀ ਸ਼ਕਤੀਆਂ ਦਾ ਦੈਵੀਕਰਣ ਕਰ ਦਿੱਤਾ ਤੇ ਇਥੋਂ ਹੀ ਧਰਮ ਦਾ ਮੁੱਢ ਵੀ ਬੱਝ ਗਿਆ ।

ਸ੍ਰੀ ਮੈਕਲੋਡ ਦਾ ਵਿਚਾਰ ਹੈ ਕਿ ਸਾਖੀਆਂ ਦੇ ਨਿਰਮਾਣ ਵਿਚ ਉਹ ਤੱਥ ਵੀ ਸਹਾਈ ਹੋਏ ਜੋ ਕਿਸੇ ਗੁਰੂ ਪੀਰ ਜਾਂ ਸੰਤ ਦੇ ਜੀਵਨ ਸੰਬੰਧੀ ਲੋਕਾਂ ਨੂੰ ਯਾਦ ਰਹਿ ਗਏ। ਇਹ ਤੱਥ ਲੋਕਾਂ ਵਲੋਂ ਵਾਰ ਵਾਰ ਦੁਹਰਾਏ ਗਏ ਜਿਸ ਨਾਲ ਬਹੁਤ ਕੁਝ ਅਜਿਹਾ ਰਲ ਗਿਆ ਜੋ ਤੱਥਾਂ ਤੋਂ ਕੋਹਾਂ ਦੂਰ ਸੀ। ਲੋਕਾਂ ਦੀ ਸ਼ਰਧਾ ਨੇ ਕੁਝ ਤੱਤ ਇਨ੍ਹਾਂ ਤੱਥਾਂ ਵਿਚ ਰਲਾ ਦਿੱਤੇ ਜੋ ਸਹਿਜੇ ਸਹਿਜੇ ਇਕ ਪਰੰਪਰਾ ਦਾ ਰੂਪ ਧਾਰਨ ਕਰ ਗਏ।[47] ਲੋਕਾਂ ਦੀ ਸ਼ਰਧਾਮਈ ਕਲਪਨਾ ਨੇ ਅਨੇਕਾਂ ਅਜਿਹੀਆਂ ਸਾਖੀਆਂ ਰਚ ਦਿੱਤੀਆਂ ਜਿਨ੍ਹਾਂ ਰਾਹੀਂ ਕਿਸੇ ਮਹਾਂਪੁਰਸ਼ ਨੂੰ ਦੇਵਤਾ ਤੁਲ ਸਿੱਧ ਕੀਤਾ ਗਿਆ। ਲੋਕਾਂ ਦੀ ਸ਼ਰਧਾ ਨੇ ਮਹਾਂਪੁਰਸ਼ਾਂ ਨੂੰ ਸੰਪਰਦਾਇਕਤਾ ਦੇ ਘੇਰੇ ਵਿੱਚ ਕੈਦ ਕਰ ਦਿੱਤਾ ਤੇ ਹਰ ਸੰਪਰਦਾਇ ਨੇ ਆਪਣੇ ਨਾਇਕ ਨੂੰ ਸਿਰਮੌਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਅਜਿਹਾ ਕਰਨ ਦੇ ਯਤਨ ਵਿੱਚ ਵੀ ਬਹੁਤ ਕੁਝ ਅਜਿਹਾ ਰਲ ਗਿਆ ਜੋ ਅਸੁਭਾਵਿਕ ਹੀ ਲੱਗਦਾ ਹੈ।

ਸਾਖੀ ਸੰਸਥਾ ਦੀ ਵਸਤੂ ਹੈ ਤੇ ਹਰ ਸੰਪਰਦਾਇ ਨੇ ਆਪਣੇ ਨਾਇਕ ਦੀ ਦਿੱਬਤਾ ਬਣਾਈ ਰੱਖੀ ਹੈ। ਸਾਖੀ ਉਸ ਸਮੇਂ ਦੀ ਰਚਨਾ ਜਦੋਂ ਮਨੁੱਖ ਦਾ ਦ੍ਰਿਸ਼ਟੀਕੋਣ ਅੱਜ ਵਾਂਗ ਵਿਗਿਆਨਕ ਨਹੀਂ ਸੀ। ਸਾਖੀ-ਪੁਰਸ਼ਾਂ ਨੇ ਕਿਉਂਕਿ ਦੇਵਤਿਆਂ ਦੀ ਥਾਂ ਲਈ ਸੀ ਇਸ ਕਰਕੇ ਇਹ ਸੁਭਾਵਿਕ ਸੀ ਕਿ ਦੈਵੀ-ਸ਼ਕਤੀ ਕਰਾਮਾਤ ਜਾਂ ਮੁਅਜਜ਼ਾ ਬਣ ਕੇ ਸਾਖੀ ਵਿੱਚ ਬਿਰਾਜਮਾਨ ਹੁੰਦੀ। ਡਾ. ਬੇਦੀ ਲਿਖਦੇ ਹਨ ਕਿ ਗੁਰੂ ਪੀਰਾਂ ਜਾਂ ਸਾਧੂ ਸੰਤਾਂ ਨੂੰ ਅਦਭੁੱਤ ਤੇ ਅਲੌਕਿਕ ਰੂਪ ਵਿੱਚ ਪੇਸ਼ ਕਰਨ ਦੀ ਪ੍ਰਵਿਰਤੀ ਪੁਰਾਣ ਚੇਤਨਾ ਦਾ ਹੀ ਫਲ ਹੈ। ਇਨ੍ਹਾਂ ਮਹਾਂਪੁਰਸ਼ਾਂ ਬਾਰੇ ਪੌਰਾਣਿਕ ਰੂੜ੍ਹੀਆਂ ਦੁਆਰਾ ਅਜਿਹਾ ਸੰਘਣਾ ਜਾਲਾ ਬੁਣ ਦਿੱਤਾ ਗਿਆ ਕਿ ਮੂਲ-ਨੁਹਾਰ ਪਛਾਨਣੀ ਅਸੰਭਵ ਹੋ ਗਈ।[48]

ਜਨਮ ਸਾਖੀ ਪਰੰਪਰਾ

ਗੁਰੂ ਰਵਿਦਾਸ ਬਾਰੇ ਸ੍ਰੀ ਅਨੰਤਦਾਸ ਦੁਆਰਾ ਰਚੀ ਗਈ ਪਰਚਈ ਦਾ ਰਚਨਾ ਕਾਲ 1588 ਈ. ਮੰਨਿਆ ਗਿਆ ਹੈ। ਹੋਰ ਭਗਤਾਂ ਵਾਂਗ ਗੁਰੂ ਰਵਿਦਾਸ ਬਾਰੇ ਵੀ ਪੰਜਾਬੀ

ਵਿੱਚ ਕਈ ਰਚਨਾਵਾਂ / ਜਨਮਸਾਖੀਆਂ ਰਚੀਆਂ ਗਈਆਂ ਹਨ। ਲਗਭਗ ਇਹ ਸਾਰੀਆਂ ਹੀ ਰਚਨਾਵਾਂ ਪਰਚਈ ਅਨੰਤ ਦਾਸ ਅਤੇ ਨਾਭਾ ਦਾਸ ਕ੍ਰਿਤ ਭਗਤਮਾਲ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹਨ ।

(1) ਪਰਚਈ ਅਨੰਤ ਦਾਸ

ਪਰਚਈ ਅਨੰਤ ਦਾਸ ਨੂੰ ਭਗਤ ਰਤਨਾਵਲੀ ਵੀ ਕਿਹਾ ਜਾਂਦਾ ਹੈ। ਸੰਤ ਨਾਮਦੇਵ, ਤ੍ਰਿਲੋਚਨ ,ਅੰਗਦ, ਰਵਿਦਾਸ, ਕਬੀਰ, ਧੰਨਾ ਅਤੇ ਪੀਪਾ ਦੇ ਜੀਵਨ ਬਾਰੇ ਜਾਣਕਾਰੀ ਤਾਂ ਦਿੰਦੀ ਹੀ ਹੈ ਇਸ ਤੋਂ ਛੁੱਟ ਮੱਧਕਾਲੀ ਵੈਸ਼ਨਵ-ਭਗਤੀ ਅੰਦੋਲਨ ਦਾ ਚਿਤਰਣ ਵੀ ਕਰਦੀ ਹੈ।[49] ਇਹ ਨਿਸ਼ਚੇ ਹੀ ਉਨ੍ਹਾਂ ਰਵਾਇਤਾਂ ਤੇ ਆਧਾਰਿਤ ਹੈ ਜਿਹੜੀਆਂ ਗੁਰੂ ਰਵਿਦਾਸ ਦੇ ਜੀਵਨ ਕਾਲ ਵਿਚ ਹੀ ਪ੍ਰਚੱਲਿਤ ਹੋ ਗਈਆਂ । ਇਸ ਵਿਚ ਗੁਰੂ ਰਵਿਦਾਸ ਦੇ ਜੀਵਨ ਬਾਰੇ 28 ਘਟਨਾਵਾਂ ਵੇਰਵੇ ਸਹਿਤ ਦਰਜ ਹਨ। ਇਨ੍ਹਾਂ ਘਟਨਾਵਾਂ ਦਾ ਆਧਾਰ ਕੀ ਸੀ ਇਸ ਬਾਰੇ ਕੋਈ ਹਵਾਲਾ ਨਹੀਂ ਦਿੱਤਾ ਗਿਆ ਪਰ ਕਵੀ ਅਨੰਤਦਾਸ ਨੇ ਜ਼ਰੂਰ ਹੀ ਕੁਝ ਸਮੱਗਰੀ ਉਨ੍ਹਾਂ ਰੂੜ੍ਹੀਆਂ ਤੋਂ ਲਈ ਜੋ ਗੁਰੂ ਰਵਿਦਾਸ ਬਾਰੇ ਪ੍ਰਚੱਲਿਤ ਹੋ ਗਈਆਂ ਹੋਣਗੀਆਂ । ਗੁਰੂ ਨਾਨਕ ਦੇਵ ਨਾਲ ਸੰਬੰਧਿਤ ਜਨਮਸਾਖੀਆਂ ਵਿਚ ਉਨ੍ਹਾਂ ਦੇ ਬਚਪਨ ਬਾਰੇ ਬਹੁਤ ਘੱਟ ਰਵਾਇਤਾਂ ਅੰਕਿਤ ਹਨ ਪਰ ਗੁਰੂ ਰਵਿਦਾਸ ਦੇ ਜਨਮ ਬਾਰੇ ਵੀ ਅਨੰਤ ਦਾਸ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਪੂਰਬਲੇ ਜਨਮ ਦੇ ਸਰਾਪ ਕਾਰਨ ਉਸ ਨੂੰ ਨੀਵੀਂ ਜਾਤ (ਚਮਾਰ) ਵਿਚ ਜਨਮ ਲੈਣਾ ਪਿਆ। ਇਸ ਸ੍ਰੋਤ ਵਿਚ ਭਗਤ ਜੀ ਨਾਲ ਸੰਬੰਧਿਤ ਮਾਸ ਨਾ ਛੱਡਣ ਕਰਕੇ ਨੀਚ ਘਰ ਜਨਮ ਲੈਣ, ਪਿਛਲੇ ਜਨਮ ਦੀ ਸੋਝੀ ਕਾਰਨ ਚਮਾਰਨ ਮਾਂ ਦਾ ਦੁੱਧ ਨਾ ਪੀਣਾ, ਸ੍ਰੀ ਰਾਮਾ ਨੰਦ ਦੇ ਆਉਣ ਤੇ ਦੁੱਧ ਪੀਣਾ, ਬਚਪਨ ਵਿੱਚ ਨਵਧਾ ਭਗਤੀ ਵਲ ਰੁਝਾਨ, ਵਪਾਰ ਵਿੱਚ ਅਸਫਲਤਾ, ਜੁੱਤੀਆਂ ਗੰਢਣਾ, ਹਰਿ ਜੀ ਨੇ ਪਾਰਸ ਦੇਣਾ, ਸੰਪਟ ਹੇਠੋਂ ਸੋਨੇ ਦੀਆਂ ਮੋਹਰਾਂ ਮਿਲਣੀਆਂ, ਮੰਦਰ ਬਣਾਉਣਾ, ਸਾਲਗਰਾਮ ਦਾ ਗੋਦੀ ਵਿੱਚ ਆਉਣਾ, ਝਾਲੀ ਨੇ ਚੇਲੀ ਬਣਨਾ, ਚਿਤੌੜ ਜਾਣ ਸਮੇਂ ਕਬੀਰ ਜੀ ਨਾਲ ਮਸ਼ਵਰਾ ਕਰਨਾ, ਚਿਤੌੜ ਯਾਤਰਾ, ਬ੍ਰਹਮ ਭੋਜ ਸਮੇਂ ਬ੍ਰਾਹਮਣਾਂ ਦੇ ਸੱਜੇ ਖੱਬੇ ਬਿਰਾਜਣਾ,

ਚਮੜੀ ਚੀਰ ਕੇ ਜਨੇਊ ਵਿਖਾਉਣਾ ਆਦਿ ਕਈ ਘਟਨਾਵਾਂ ਦਰਜ ਹਨ।[50] ਅਨੰਤ ਦਾਸ ਜੋ ਵੈਸ਼ਨਵ ਇਕ ਵਿਦਵਾਨ ਸਨ ਜਿਨ੍ਹਾਂ ਨੇ ਅੱਠ ਭਗਤਾਂ ਦੀਆਂ ਪਰਚਈਆਂ ਲਿਖੀਆਂ ਹਨ। ਇਸ ਰਚਨਾ ਦੀ ਅੰਦਰਲੀ ਗਵਾਹੀ ਤੋਂ ਇਸ ਦਾ ਰਚਨਾ ਕਾਲ ਸੰਮਤ 1645 ਸਿੱਧ ਹੁੰਦਾ ਹੈ। ਭਗਤ ਨਾਮਦੇਵ ਦੀ ਪਰਚਈ ਦੇ ਅੰਤ ਵਿੱਚ ਅੰਕਿਤ ਪਦ ਇਸ ਤਰ੍ਹਾਂ ਹੈ:-

ਸੰਵਤ ਸੋਲਹ ਸੈ ਪੈਂਤਾਲਾ।।ਵਾਣੀ ਬੋਲੈ ਵਚਨ ਰਸਾਲਾ।।
ਅੰਤਰਜਾਮੀ ਆਗਿਆ ਕੀਨਹੀ।।ਦਾਸ ਅਨੰਤ ਕਥਾ ਕਰਿ ਲੀਨਹੀ।।

ਪਰ ਡਾ. ਜਸਬੀਰ ਸਿੰਘ ਸਾਬਰ ਇਕ ਹੱਥ ਲਿਖਤ ਗ੍ਰੰਥ ਨੰ: 15756 ਦਾ ਹਵਾਲਾ ਦਿੰਦੇ ਹੋਏ ਦੱਸਦੇ ਹਨ ਕਿ ਇਸ ਗ੍ਰੰਥ ਦੇ ਅੰਤਲੇ ਪੰਨੇ ਤੇ ਸੰਮਤ 1652 ਦੱਸਿਆ ਹੈ।[51] ਇਨ੍ਹਾਂ ਗਵਾਹੀਆਂ ਦੀ ਮੌਜੂਦਗੀ ਵਿੱਚ ਅਸੀਂ ਇਹ ਮੰਨ ਸਕਦੇ ਹਾਂ ਕਿ ਇਹ ਰਚਨਾ 1588 ਤੋਂ 1600 ਈ. ਦੇ ਵਿਚਕਾਰ ਹੀ ਰਚੀ ਗਈ । ਇਹ ਗੁਰੂ ਰਵਿਦਾਸ ਬਾਰੇ ਸਭ ਤੋਂ ਪ੍ਰਾਚੀਨ ਰਚਨਾ ਹੈ ਇਸ ਲਈ ਇਤਿਹਾਸਕ ਪੱਖ ਤੋਂ ਵੀ ਇਸ ਦਾ ਮੁੱਲ ਵੱਧ ਜਾਂਦਾ ਹੈ। ਡਾ. ਸਿੰਗਲ ਨੇ ਕਵੀ ਅਨੰਤ ਦਾਸ ਬਾਰੇ ਬਹੁਤ ਹੀ ਖੂਬਸੂਰਤ ਵਿਚਾਰ ਪ੍ਰਗਟ ਕੀਤੇ ਹਨ, " ਕਵੀ ਅਨੰਤਦਾਸ ਨੇ ਇਹ ਕਥਾ ਅੱਖੀਂ ਦੇਖ ਪਰਖ ਕੇ ਇਕ ਸਮਕਾਲੀ ਹੋਣ ਦੇ ਨਾਤੇ ਸੱਚੋ ਸੱਚ ਆਖੀ ਹੈ। ਇਸ ਵਿੱਚ ਰਤਾ ਵੀ ਸੰਦੇਹ ਨਹੀਂ।[52] ਕਵੀ ਅਨੰਤ ਦਾਸ ਇਹ ਦਾਅਵਾ ਕਰਦਾ ਹੈ ਕਿ ਇਸ ਪਰਚਈ ਦਾ ਇਕ ਇਕ ਅੱਖਰ ਸੱਚਾ ਹੈ। ਇਸ ਪਰਚਈ ਤੋਂ ਇਹ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਦਾ ਜਨਮ ਕਾਸ਼ੀ ਜੀ ਵਿਖੇ ਹੋਇਆ ਤੇ ਆਪ ਪਿਛਲੇ ਜਨਮ ਵਿਚ ਬ੍ਰਹਮਚਾਰੀ ਸਨ, ਸਰਾਪ ਕਾਰਨ ਚਮਾਰ ਜਾਤੀ 'ਚ ਪੁਨਰ-ਜਨਮ ਲੈਣਾ ਪਿਆ। ਨਿਸ਼ਚੇ ਹੀ ਇਹ ਇਕ ਅਜਿਹੀ ਰਵਾਇਤ ਹੈ ਜੋ ਗੁਰੂ ਰਵਿਦਾਸ ਦੇ ਜੀਵਨ-ਕਾਲ ਵਿੱਚ ਬ੍ਰਾਹਮਣਾਂ ਵਲੋਂ ਚਲਾਈ ਗਈ ਹੋਵੇਗੀ ਤੇ ਕਵੀ ਅਨੰਤਦਾਸ ਨੇ ਉਸਨੂੰ ਉਸੇ ਰੂਪ ਵਿੱਚ ਇਸ ਪਰਚਈ ਵਿੱਚ ਅੰਕਿਤ ਕਰ ਦਿੱਤਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਗੁਰੂ ਰਵਿਦਾਸ ਆਪਣੇ ਆਪ ਨੂੰ ਨੀਵੀਂ ਜਾਤ ਵਿਚ ਪੈਦਾ ਹੋਇਆ ਚਮਾਰ ਕਹਿ ਕੇ ਮਾਣ ਮਹਿਸੂਸ ਕਰਦੇ ਹਨ ਪਰ ਇਹ ਰਵਾਇਤ ਉਨ੍ਹਾਂ ਨੂੰ ਇਸ ਜਾਤ ਵਿਚ ਇਕ ਸਰਾਪ

ਵਜੋਂ ਪੈਦਾ ਹੋਇਆ ਦੱਸਦੀ ਹੈ। ਇਹ ਪਰਚਈ ਗੁਰੂ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਮੰਨ ਕੇ ਚੱਲਦੀ ਹੈ ।

ਕਵੀ ਅਨੰਤਦਾਸ ਨੇ ਗੁਰੂ ਰਵਿਦਾਸ ਦੀ ਸ਼ਖਸੀਅਤ ਉਘਾੜਣ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਭਗਤੀ-ਭਾਵ ਵਾਲਾ ਸੁਭਾ ਤੇ ਮਾਇਆ ਤੋਂ ਨਿਰਲੇਪ ਹੋਣਾ ਪਾਰਸ ਵਾਲੀ ਘਟਨਾ ਤੋਂ ਸਿੱਧ ਹੁੰਦਾ ਹੈ। ਉਸ ਵੇਲੇ ਦੇ ਪੁਜਾਰੀ- ਪੁਰੋਹਿਤਵਾਦ ਤੇ ਬ੍ਰਾਹਮਣਵਾਦ ਨੇ ਆਪ ਨੂੰ ਭਗਤੀ ਕਰਨ ਤੋਂ ਰੋਕਿਆ ਪਰੰਤੂ ਅੰਤ ਉਨ੍ਹਾਂ ਨੂੰ ਆਪ ਦਾ ਲੋਹਾ ਮੰਨਣਾ ਪਿਆ । ਵੇਲੇ ਦੇ ਰਾਜਾ ਮਹਾਰਾਜਾ ਵੀ ਆਪਣੇ ਸੇਵਕ ਬਣੇ ਜਿਨ੍ਹਾਂ ਵਿਚੋਂ ਰੀਵਾ ਨਰੇਸ਼,ਵੀਰ ਸਿੰਘ ਬਘੇਲਾ, ਚਿਤੌੜ ਦਾ ਮਹਾਰਾਣਾ ਕੁੰਭਾ ਅਤੇ ਰਾਣੀ ਝਾਲੀ ਬਾਈ ਤੇ ਕਾਸ਼ੀ ਨਰੇਸ਼ ਦੇ ਨਾਂ ਵਰਨਣ ਯੋਗ ਹਨ। ਮੀਰਾ ਬਾਈ ਨੇ ਆਪ ਤੋਂ ਦੀਖਿਆ ਲਈ ਸੀ ਜਾਂ ਨਹੀਂ ਇਸ ਬਾਰੇ ਵਿਦਵਾਨਾਂ ਵਿੱਚ ਕਾਫੀ ਮੱਤਭੇਦ ਹੈ ਪਰੰਤੂ ਇਸ ਪਰਚਈ ਅਨੁਸਾਰ 1573 ਬਿਕਰਮੀ ਨੂੰ ਚਿਤੌੜ ਪਧਾਰਨ ਸਮੇਂ ਆਪ ਨੇ ਮੀਰਾ ਬਾਈ ਅਤੇ ਚਿਤੌੜ ਦੇ ਰਾਜ ਕੁਮਾਰ ਭੋਜ ਰਾਜ ਦੇ ਸ਼ੁਭ ਵਿਆਹ ਤੇ ਆਪਣਾ ਆਸ਼ੀਰਵਾਦ ਦਿੱਤਾ ਸੀ ।

ਇਸ ਪਰਚਈ ਵਿਚ ਦਿੱਤੀ ਜਾਣਕਾਰੀ ਤੱਥਾਂ ਨਾਲੋਂ ਰਵਾਇਤਾਂ ਤੇ ਜ਼ਿਆਦਾ ਆਧਾਰਿਤ ਹੈ। ਇਸ ਵਿਚ ਗੁਰੂ ਰਵਿਦਾਸ ਵਲੋਂ ਪ੍ਰਭੂ ਦੀਆਂ ਦਿੱਤੀਆਂ ਮੋਹਰਾਂ ਨਾਲ ਇਕ ਮੰਦਰ ਤੇ ਸੰਤਾਂ ਲਈ ਰਿਹਾਇਸ਼ਗਾਹ ਉਸਾਰਨ ਦਾ ਜ਼ਿਕਰ ਹੈ। ਆਪ ਦੇ ਚਿਤੌੜ ਜਾਣ ਦਾ ਵੀ ਇਸ ਪਰਚਈ ਵਿਚ ਜ਼ਿਕਰ ਹੈ। ਗੁਰੂ ਰਵਿਦਾਸ ਦੀ ਦਿੱਖ ਹੋਰ ਵੀ ਉਭਰਦੀ ਹੈ ਜਦੋਂ ਇਹ ਪਰਚਈ ਦੱਸਦੀ ਹੈ ਕਿ ਗੁਰੂ ਸਾਹਿਬ ਸਾਰੀ ਉਮਰ ਹੱਥੀਂ ਕੰਮ ਕਰਦੇ ਰਹੇ। ਇਸ ਪਰਚਈ ਤੋਂ ਰੈਦਾਸ ਤੇ ਰਵਿਦਾਸ ਦਾ ਭਰਮ ਵੀ ਦੂਰ ਹੁੰਦਾ ਹੈ। ਇਸ ਗ੍ਰੰਥ ਵਿੱਚ ਆਮ ਕਰਕੇ ਰੈਦਾਸ ਲਿਖਿਆ ਹੈ ਪਰੰਤੂ ਅੰਤ ਵਿੱਚ ਰਵਿ ਰਵਿ ਮਿਲਯੋ ਸਰੀਰ ' ਕਹਿ ਕੇ ਰੈਦਾਸ ਦੀ ਰਵਿਦਾਸ ਨਾਲ ਸੁਰ ਮਿਲਾਈ ਗਈ ਹੈ।[53]

ਇਸ ਪਰਚਈ ਅਨੁਸਾਰ ਆਪ 1584 ਸੰਮਤ 'ਚ ਚਿਤੌੜ ਵਿਖੇ ਹੀ ਬ੍ਰਹਮਲੀਨ ਹੋਏ। ਇਹ ਪਰਚਈ ਨਿਸ਼ਚਿਤ ਹੀ ਗੁਰੂ ਰਵਿਦਾਸ ਬਾਰੇ ਰਚੇ ਗਏ ਪਰਚੀ ਸਾਹਿਤ ਦੀ ਪਰੰਪਰਾ ਦੀ ਪਹਿਲੀ ਲੜੀ ਹੈ। ਇਸੇ ਪਰੰਪਰਾ ਦੀ ਦੂਜੀ ਲੜੀ ਨਾਭਾ ਦਾਸ ਕ੍ਰਿਤ ਭਗਤਮਾਲ ਹੈ ।

(2) ਭਗਤਮਾਲ

ਭਗਤਮਾਲ ਦੇ ਰਚਨਾ ਕਾਲ ਬਾਰੇ ਪਤਾ ਨਹੀਂ ਚੱਲਦਾ ਬੇਸ਼ਕ ਵੱਖ-ਵੱਖ ਵਿਦਵਾਨਾਂ ਨੇ ਇਸ ਦਾ ਰਚਨਾ ਕਾਲ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ । ਪਰੰਤੂ ਫਿਰ ਵੀ ਇਸ ਬਾਰੇ ਕਾਫੀ ਵਾਦ-ਵਿਵਾਦ ਹੈ। ਇਹ ਗ੍ਰੰਥ ਸ੍ਰੀ ਨਾਭਾ ਦਾਸ ਜੀ ਨੇ ਆਪਣੇ ਗੁਰੂ ਅਗਰਦਾਸ ਦੀ ਆਗਿਆ ਨਾਲ ਰਚਿਆ। ਇਸ ਗ੍ਰੰਥ ਦੇ ਆਰੰਭ ਵਿੱਚ ਹੀ ਚਾਰ ਦੋਹੇ ਗ੍ਰੰਥ ਦੀ ਰਚਨਾ ਬਾਰੇ ਹਨ। ਪੰਜਵੇਂ ਤੋਂ 26ਵੇਂ ਛੱਪੇ ਤੱਕ ਸਤਿਜੁਗ, ਤ੍ਰੇਤਾ ਦੁਆਪਰ ਦੇ ਪੌਰਾਣਿਕ ਭਗਤਾਂ ਬਾਰੇ ਤੇ ਫਿਰ ਰਾਮਾਨੁਜ ਤੇ ਮਾਧਵਾਚਾਰਯਾ ਜੋ ਕਿ ਕਲਜੁੱਗ ਵਿਚ ਹੋਏ ਹਨ ਦਾ ਹਾਲ ਦੱਸਿਆ ਹੈ। ਸ੍ਰੀ ਰਾਮਾਨੰਦੀ ਸੰਪਰਦਾਇ ਦੇ ਭਗਤਾਂ ਵਿਚ ਹੀ ਆਪਣੇ ਗੁਰੂ ਅਗ੍ਰਦਾਸ ਦਾ ਹਾਲ ਦੱਸਦੇ ਹਨ। ਸ੍ਰੀ ਸ਼ੰਕਰਾਚਾਰੀਆ ਬਾਰੇ ਜਾਣਕਾਰੀ 41ਵੇਂ ਛੱਪੇ ਅੰਦਰ ਦਰਜ ਹੈ ਅਤੇ ਇਸ ਤੋਂ ਬਾਦ 197 ਛੱਪੇ ਤੱਕ ਕਲਿਜੁਗ ਵਿੱਚ ਪ੍ਰਗਟੇ ਭਗਤਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਗ੍ਰੰਥ ਵਿਚੋਂ ਸ੍ਰੀ ਨਾਭਾ ਦਾਸ ਜੀ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ।[54]

ਭਗਤ ਮਾਲ ਦਾ ਟੀਕਾ ਕਰਨ ਸਮੇਂ ਸ੍ਰੀ ਪ੍ਰਿਯਦਾਸ ਨੇ ਉਸ ਦਾ ਰਚਨਾਕਾਲ ਦੱਸ ਦਿੱਤਾ ਹੈ ਜਿਸ ਨਾਲ ਕਿਸੇ ਵਾਦ-ਵਿਵਾਦ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ । ਪਰੰਤੂ ਭਗਤਮਾਲ ਵਿਚ ਸ੍ਰੀ ਨਾਭਾਦਾਸ ਜੀ ਦੇ ਅਜਿਹਾ ਨਾ ਕਰਨ ਤੇ ਇਸ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਪ੍ਰਸਿੱਧ ਵਿਦਵਾਨ ਸਵਰਗੀ ਪੰਡਿਤ ਹਰਿਨਰਾਯਣ ਪ੍ਰੋਹਿਤ ਨੇ ਭਗਤ ਮਾਲ ਦਾ ਰਚਨਾਕਾਲ 1640-80 ਸੰਮਤ ਦੇ ਵਿਚਕਾਰ ਮੰਨਿਆ ਹੈ।[55] ਪੰਡਿਤ ਜੋਤਿ ਪ੍ਰਸਾਦਿ ਨਿਰਮਲ 1680 ਸੰਮਤ ਵਿੱਚ ਭਗਤ-ਮਾਲ ਦੀ ਰਚਨਾ ਹੋਈ ਮੰਨਦੇ ਹਨ। ਅਤੇ ਪੰਡਿਤ ਦੀਨ-ਦਯਾਲ ਦਾ ਵੀ ਇਹੋ ਮਤਿ ਹੈ।[56]

ਭਗਤ ਮਾਲ ਦੇ ਰਚਨਾ ਕਾਲ ਦਾ ਅੰਦਾਜ਼ਾ ਇਸ ਦੇ 147ਵੇਂ ਛੱਪੇ 'ਚ 'ਜਸਵੰਤ ਸਿੰਹੁ' ਤੋਂ ਵੀ ਲਾਉਣ ਦਾ ਯਤਨ ਕੀਤਾ ਗਿਆ ਹੈ। ਡਾ. ਮਹਾਵੀਰ ਗਹਲੋਤ ਨੇ ਇਸ ਜਸਵੰਤ ਸਿੰਘ ਨੂੰ ਮਹਾਰਾਜ ਗਜ ਸਿੰਘ ਦਾ ਪੁੱਤਰ ਦੱਸਿਆ ਹੈ ਜੋ 1683 ਸੰਮਤ ਵਿੱਚ ਜਨਮਿਆ ਤੇ ਸ਼ਾਹ ਜਹਾਂ ਦੇ ਦਰਬਾਰ ਵਿੱਚ ਉਸ ਦਾ ਬਹੁਤ ਮਾਣ ਹੋਇਆ ਅਤੇ ਇਸ ਦਾ ਰੁਤਬਾ 7 ਹਜ਼ਾਰੀ ਰੱਖਿਆ ਗਿਆ। ਡਾ. ਗਹਲੋਤ ਇਸ ਜਸਵੰਤ ਸਿੰਘ ਨੂੰ ਆਧਾਰ ਮੰਨਦਿਆਂ

ਭਗਤਮਾਲ ਦਾ ਰਚਨਾ ਕਾਲ 1715 ਸੰਬਤ ਮੰਨਦੇ ਹਨ ਕਿਉਂਕਿ 1715 ਵਿਚ ਜਸਵੰਤ ਸਿੰਹੁ ਨੇ ਔਰੰਗਜੇਬ ਵਿਰੁੱਧ ਤੇ 1716 ਵਿਚ ਔਰੰਗਜੇਬ ਨੇ ਜੋਧਪੁਰ ਵਿੱਚ ਉਸ ਵਿਰੁੱਧ ਸੈਨਾ ਭੇਜੀ।[57]

ਪਰੰਤੂ ਪੂਰੀ ਛਾਣਬੀਣ ਕੀਤੇ ਬਿਨ੍ਹਾਂ ਕਿਸੇ ਸਿੱਟੇ ਤੇ ਪਹੁੰਚਣਾ ਅਕਸਰ ਗਲਤ ਸਾਬਤ ਹੁੰਦਾ ਹੈ। ਨਾਭਾ ਦਾਸ ਜੀ ਨੇ ਆਪਣੇ ਟੀਕੇ ਵਿੱਚ ਜਸਵੰਤ ਸਿੰਘ ਨੂੰ ਹਿੰਦੂ ਧਰਮ ਦਾ ਪਾਲਕ ਦੱਸਿਆ ਹੈ। 'ਜਸਵੰਤ ਭਗਤਿ ਜਯਮਾਲ ਦੀ ਰੂੜਾ ਰਾਖੀ ਗਠਵੜੇ।" ਡਾ. ਸਾਬਰ ਇਸ ਵਿਚਾਰ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਲਿਖਦੇ ਹਨ ਕਿ ਇਹ ਜਸਵੰਤ ਸਿੰਘ ਮਹਾਰਾਜ ਗੰਜ ਸਿੰਘ ਦਾ ਪੁੱਤਰ ਨਹੀਂ ਸੀ। ਇਹ ਤਾਂ ਕੋਈ ਰਾਧਾਵਲਭੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਹੈ ਜਿਸ ਦੇ ਵੱਡੇ ਭਰਾ ਦਾ ਨਾਂ ਜਯਮਾਲ ਸੀ। ਮਹਾਰਾਜਾ ਗਜ ਸਿੰਘ ਦੇ ਪੁੱਤਰ ਜਸਵੰਤ ਸਿੰਹੁ ਦੇ ਵੱਡੇ ਭਰਾ ਦਾ ਨਾਂ ਅਮਰ ਸਿੰਘ ਰਾਠੌਰ ਸੀ। ਇਤਿਹਾਸਕ ਨੁਕਤੇ ਤੋਂ ਡਾ. ਸਾਬਰ ਦੀ ਦਲੀਲ ਵਿੱਚ ਵਜ਼ਨ ਜਾਪਦਾ ਹੈ ਕਿਉਂਕਿ ਜੇਕਰ ਇਕ ਵਿਅਕਤੀ ਦੇ ਨਾਂ ਨੂੰ ਆਧਾਰ ਬਣਾ ਕੇ ਹੀ ਅਸੀਂ ਕਿਸੇ ਰਚਨਾ ਦਾ ਰਚਨਾਕਾਲ ਨਿਸ਼ਚਿਤ ਕਰਨਾ ਹੈ ਤਾਂ ਨਿਸ਼ਚੇ ਹੀ ਉਸ ਵਿਅਕਤੀ ਬਾਰੇ ਪੂਰੀ ਛਾਣ-ਬੀਣ ਕਰਨੀ ਜ਼ਰੂਰੀ ਹੈ।[58]

ਪ੍ਰਸਿੱਧ ਸਿੱਖ ਵਿਦਵਾਨ ਡਾ. ਭਾਈ ਕਾਨ੍ਹ ਸਿੰਘ ਨਾਭਾ ਨੇ 'ਭਗਤਮਾਲ' ਦਾ ਰਚਨਾ-ਕਾਲ 1642– 1680 ਮੰਨਿਆ ਹੈ।[59]

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ 'ਭਗਤਮਾਲ' ਦੀ ਰਚਨਾ 1699 ਸੰਬਤ ਤੋਂ ਪਹਿਲਾਂ ਹੋ ਚੁੱਕੀ ਸੀ ਨਾ ਕਿ 1715 ਵਿੱਚ । ਡਾ. ਸਾਬਰ ਉਪਰੋਕਤ ਵਿਚਾਰ ਜਾਰੀ ਰੱਖਦਿਆਂ ਅੱਗੇ ਲਿਖਦੇ ਹਨ ਕਿ 'ਭਗਤ ਨਾਮਾਵਲੀ' ਦੇ ਗ੍ਰੰਥ ਜੋ 1687 ਤੋਂ 1698 ਸੰਬਤ ਵਿਚਕਾਰ ਮਿਲਦੇ ਹਨ ਉਨ੍ਹਾਂ ਵਿੱਚ ਵੀ ਭਗਤਮਾਲ ਦੀ ਸੂਚਨਾ ਮਿਲਦੀ ਹੈ। ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਭਗਤਮਾਲ 1691 ਸੰਮਤ ਤੱਕ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਸੀ। ਡਾ. ਸਾਬਰ 'ਭਗਤਮਾਲ' ਦਾ ਰਚਨਾ-ਕਾਲ 1657 ਤੋਂ 1690 ਸੰਮਤ ਦੇ ਵਿਚਕਾਰ ਹੀ ਮੰਨਦੇ ਹਨ।[60] ਭਗਤਮਾਲ ਵਿੱਚ ਭਗਤ ਰਵਿਦਾਸ ਨਾਲ ਸੰਬੰਧਿਤ ਛੱਪਾ ਨੰ: 58 ਹੈ ।

(3) <u>ਭਗਤ ਰਸਬੋਧਨੀ ਟੀਕਾ ਭਗਤਮਾਲ</u>

ਭਗਤਮਾਲ ਦੀ ਭਾਸ਼ਾ ਕਠਿਨ ਹੈ ਪਰੰਤੂ ਭਗਤਮਾਲ ਦੇ ਟੀਕਾਕਾਰਾਂ ਨੇ ਬਹੁਤ ਹੀ ਸਰਲ ਤੇ ਸੁਆਦਲੀ ਭਾਸ਼ਾ ਵਿੱਚ ਇਸ ਗ੍ਰੰਥ ਦੇ ਟੀਕੇ ਕੀਤੇ ਹਨ ਜਿਨ੍ਹਾਂ ਵਿਚੋਂ ਪ੍ਰਿਯਾਦਾਸ ਜੀ ਦਾ ਟੀਕਾ ਭਗਤਿ ਰਸ ਬੋਧਨੀ ਟੀਕਾ ਭਗਤਮਾਲ ਬਹੁਤ ਜ਼ਿਆਦਾ ਪ੍ਰਸਿੱਧ ਹੈ। ਇਸ ਟੀਕੇ ਵਿਚ ਸ੍ਰੀ ਨਾਭਾਦਾਸ ਜੀ ਦੀ ਭਗਤ-ਮਾਲ ਦੇ 214 ਮੂਲ ਛੱਪਿਆਂ ਚੋਂ ਕੇਵਲ 115 ਛਪੇ ਹੀ ਲੈ ਗਏ ਹਨ ਬਾਕੀ 82 ਛੱਪੇ ਤੇ 17 ਦੋਹੇ ਛੱਡ ਦਿੱਤੇ ਗਏ ਹਨ। 634 ਛੰਦਾਂ ਵਿਚ ਕੀਤੀ ਵਿਆਖਿਆ ਜਿੱਥੇ ਸਰਲ ਤੇ ਸੁਆਦਲੀ ਭਾਸ਼ਾ ਵਿੱਚ ਹੈ ਉੱਥੇ ਇਸ ਦੀ ਸ਼ੈਲੀ ਤਥਾਤਮਕ ਨਾਲੋਂ ਲੋਕ ਕਥਾਵਾਂ ਤੇ ਚੰਦ ਕਥਾਵਾਂ ਤੇ ਆਧਾਰਿਤ ਹੈ। ਡਾ. ਸਾਬਰ ਦਾ ਵਿਚਾਰ ਸਹੀ ਹੈ ਜਦੋਂ ਉਹ ਇਹ ਲਿਖਦੇ ਹਨ ਕਿ ਇਹ ਗ੍ਰੰਥ ਦਸਤਾਵੇਜ਼ ਬਣਨ ਦੀ ਥਾਂ ਮਿਥਿਹਾਸ ਦੀ ਲਪੇਟ ਵਿਚ ਵਧੇਰੇ ਆ ਗਿਆ ਹੈ।[61] ਇਸ ਗ੍ਰੰਥ ਨੂੰ ਆਧਾਰ ਬਣਾ ਕੇ ਭਗਤਾਂ ਦੇ ਜੀਵਨ-ਕਾਲ ਬਾਰੇ ਕੋਈ ਗੱਲ ਕਰਨੀ ਬਹੁਤ ਮੁਸ਼ਕਲ ਹੈ। ਟੀਕਾਕਾਰ ਪ੍ਰਿਯਾਦਾਸ ਜੀ ਨੇ ਨਾ ਆਪਣੇ ਬਾਰੇ ਅਤੇ ਨਾ ਹੀ ਆਪਣੇ ਗੁਰੂ ਸ੍ਰੀ ਨਾਭਾਦਾਸ ਜੀ ਬਾਰੇ ਕੋਈ ਜਾਣਕਾਰੀ ਦਿੱਤੀ ਹੈ। ਭਗਤ ਰਸਬੋਧਨੀ ਦੀ ਅੰਦਰਲੀ ਗਵਾਹੀ ਤੋਂ ਇਹ ਸਿੱਧ ਹੁੰਦਾ ਹੈ ਕਿ ਪ੍ਰਿਯਾਦਾਸ ਜੀ ਸ੍ਰੀ ਨਾਭਾਦਾਸ ਜੀ ਦੀ ਸ਼ਿਸ਼ ਪਰੰਪਰਾ 'ਚੋਂ ਸਨ:-

ਜਨਮਨ ਹਰਿ ਲਾਲ ਮਨੋਹਰ ਨਾਵ ਪਾਯੋ।।
ਉਨਹੂ ਨੇ ਮਨ ਹਰਿ ਲੀਨੋ ਤਾਤੇ ਮਾਯੋਂ ਹੈਂ ।।
ਇਨਹੀ ਕੇ ਦਾਸ ਦਾਸ ਪ੍ਰਿਯਦਾਸ ਜਾਨੋ
ਤਿਨ ਲੈ ਬਖਾਨੋ ਮਾਨੋ ਟੀਕਾ ਸੁਖਦਾਈ ਹੈ।[62]

ਇਹ ਰਚਨਾ ਭਗਤ-ਮਾਲ ਤੋਂ 100 ਕੁ ਸਾਲ ਬਾਦ ਕੀਤੀ ਗਈ। ਇਸ ਗ੍ਰੰਥ ਦੀਆਂ ਹੱਥ-ਲਿਖਤਾਂ ਰਾਜਸਥਾਨ, ਯੂ.ਪੀ. ਤੇ ਪੰਜਾਬ ਵਿਚ ਦੇਵਨਾਗਰੀ ਤੇ ਗੁਰਮੁਖੀ ਲਿੱਪੀ ਵਿੱਚ ਮਿਲਦੀਆਂ ਹਨ। ਤੇ ਸਭ ਤੋਂ ਪੁਰਾਣੀ ਨਕਲ ਨਾਗਰੀ ਪ੍ਰਚਾਰਿਣੀ ਸਭਾ, ਵਾਰਾਨਸੀ ਦੇ ਯਾਮਿਅਕ ਸੰਗ੍ਰਹਿ ਬਸਤਾ ਨੰ: 15 ਹੱਥ ਲਿਖਿਤ ਨੰ: 4293 (ਪੁਰਾਣਾ ਨੰ: 298) ਅਨੁਸਾਰ ਮਿਲਦੀ ਹੈ ਜਿਸ ਦਾ ਲਿੱਪੀਕਾਲ 1778 ਸੰਬਤ 1721 ਈ. ਹੈ।[63] ਇਸ ਗ੍ਰੰਥ ਦੇ 166 ਪੱਤਰੇ ਹੀ ਠੀਕ ਦੱਸੇ ਗਏ ਹਨ ਤੇ ਇਸ ਤੋਂ ਅੱਗੇ ਦੇ ਪੱਤਰੇ ਦੀਪਕ ਦੇ ਖਾਧੇ ਤੇ ਫਟੇ ਪੁਰਾਣੇ ਹਨ ਇਸ ਲਈ ਕੇਵਲ 100 ਭਗਤਾਂ ਦਾ ਜੀਵਨ ਹੀ ਇਸ ਗ੍ਰੰਥ 'ਚ ਪ੍ਰਾਪਤ ਹੁੰਦਾ ਹੈ।[64]

ਗੁਰੂ ਰਵਿਦਾਸ ਦਾ ਜੀਵਨ ਪੱਤਰਾ ਨੰ: 59 ਤੋਂ 63 ਉਪਰ,ਛੰਦ ਨੰਬਰ 55 ਤੋਂ 63 ਤੱਕ ਮਿਲਦਾ ਹੈ। ਇਸ ਗ੍ਰੰਥ 'ਵਿਚਲੀਆਂ ਬਹੁਤੀਆਂ ਘਟਨਾਵਾਂ ਦਾ ਪ੍ਰੇਰਨਾ ਸ੍ਰੋਤ 'ਪਰਚਈ ਅਨੰਤਦਾਸ' ਹੀ ਹੈ ਪਰ ਕਿਤੇ ਕਿਤੇ ਕੁਝ ਘਟਨਾਵਾਂ ਵਿਚ ਕਾਫ਼ੀ ਅੰਤਰ ਹੈ। ਇਸ ਗ੍ਰੰਥ ਵਿਚ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਦੱਸਿਆ ਗਿਆ ਹੈ। ਇਸ ਤੋਂ ਬਿਨ੍ਹਾਂ ਰਾਮਾਨੰਦ ਦੇ ਸਰਾਪ ਦੇਣ ਕਾਰਨ ਚਮਾਰ ਘਰ ਵਿਚ ਜਨਮ ਲੈਣਾ, ਪਾਰਸ ਵਾਲੀ ਘਟਨਾ, ਸੋਨੇ ਦੀਆਂ ਮੋਹਰਾਂ ਅਤੇ ਰਾਣੀ ਝਾਲੀ ਦੇ ਬ੍ਰਹਮ ਭੋਜ ਦੀਆਂ ਸਾਖੀਆਂ ਹਨ। ਕੋਈ ਪ੍ਰਸਿੱਧ ਘਟਨਾਵਾਂ ਜਿਵੇਂ ਗੰਗਾ ਵਿਚ ਠਾਕੁਰਾਂ ਦੀ ਤੈਰਨਾ, ਗੰਗਾ ਮਈਆ ਦਾ ਹੱਥ ਕੱਢ ਕੇ ਭੇਟਾ ਲੈਣੀ ਅਤੇ ਸੋਨੇ ਦਾ ਮੰਦਰ ਆਦਿ ਬਣਾਉਣ ਵਾਲੀਆਂ ਪ੍ਰਸਿੱਧ ਘਟਨਾਵਾਂ ਦਾ ਇਸ ਗ੍ਰੰਥ ਵਿਚ ਜ਼ਿਕਰ ਨਹੀਂ ਮਿਲਦਾ ।

(4) ਰਾਘੋਦਾਸ ਕ੍ਰਿਤ ਭਗਤਮਾਲ

ਰਾਘੋਦਾਸ ਉਰਫ ਰਾਘਵਦਾਸ ਦਾਦੂ ਸੰਪ੍ਰਦਾਇ ਦੇ ਸੰਤ ਹਰਿਦਾਸ ਦੇ ਚੇਲੇ ਸਨ। ਆਪ ਨੇ ਸ੍ਰੀ ਨਾਭਾਦਾਸ ਜੀ ਦੀ 'ਭਗਤਮਾਲ' ਦੇ ਮੂਲ ਛੱਪਿਆਂ ਨੂੰ ਸਾਹਮਣੇ ਰੱਖ ਕੇ 'ਭਗਤਮਾਲ' ਦੀ ਟੀਕਾ ਸਹਿਤ ਰਚਨਾ ਕੀਤੀ। ਇਸ ਗ੍ਰੰਥ ਦੇ ਸੰਪਾਦਕ ਸ੍ਰੀ ਅਮਰ ਚੰਦ ਨਾਹਟਾ ਇਹ ਤਾਂ ਮੰਨਦੇ ਹਨ ਕਿ ਇਹ ਭਗਤਮਾਲ ਸ੍ਰੀ ਨਾਭਾਦਾਸ ਜੀ ਦੀ ਭਗਤਮਾਲ ਨੂੰ ਹੀ ਮੁੱਖ ਰੱਖ ਕੇ ਰਚੀ ਗਈ ਹੈ ਪਰੰਤੂ ਇਕ ਵਾਧਾ ਇਸ ਵਿਚ ਇਹ ਹੈ ਕਿ ਇਕ ਤਾਂ ਉਸ ਨਾਲੋਂ ਕਾਫ਼ੀ ਵੱਡੀ ਹੈ ਅਤੇ ਦੂਜਾ ਇਸ ਵਿਚ ਅਜਿਹੇ ਸੰਤਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਨ੍ਹਾਂ ਦਾ ਕਿਸੇ ਹੋਰ ਭਗਤਮਾਲ ਨੇ ਜ਼ਿਕਰ ਨਹੀਂ ਕੀਤਾ।[65] ਸ੍ਰੀ ਮੋਤੀ ਲਾਲ ਮੇਨਾਰਿਯਾ ਵੀ ਇਸੇ ਮੱਤ ਦੀ ਪ੍ਰੋੜਤਾ ਕਰਦਿਆਂ ਲਿਖਦੇ ਹਨ ਕਿ ਇਹ ਗ੍ਰੰਥ ਸ੍ਰੀ ਨਾਭਾਦਾਸ ਜੀ ਦੀ ਸ਼ੈਲੀ ਵਿਚ ਲਿਖਿਆ ਗਿਆ ਹੈ ਪਰੰਤੂ ਉਸ ਦੇ ਮੁਕਾਬਲੇ ਇਸ ਦਾ ਦ੍ਰਿਸ਼ਟੀਕੋਣ ਵਿਆਪਕ ਹੈ। ਅੱਗੇ ਚੱਲਕੇ ਉਹ ਲਿਖਦੇ ਹਨ ਕਿ ਸ੍ਰੀ ਨਾਭਾਦਾਸ ਜੀ ਨੇ ਕੇਵਲ ਵੈਸ਼ਣਵ ਭਗਤਾਂ ਨੂੰ ਸਥਾਨ ਦਿੱਤਾ ਹੈ ਪਰੰਤੂ ਇਨ੍ਹਾਂ ਨੇ ਦਾਦੂ ਪੰਥੀ ਸੰਤਾਂ ਤੋਂ ਬਿਨਾ ਰਾਮਾਨੁਜ, ਵਿਸ਼ਣੂ ਸਵਾਮੀ, ਕਬੀਰ, ਨਾਨਕ ਆਦਿ ਸੰਤਾਂ ਦੇ ਜੀਵਨ ਦਾ ਵਰਨਣ ਕੀਤਾ ਹੈ।[66]

ਇਸ ਗ੍ਰੰਥ ਦਾ ਰਚਨਾਕਾਲ ਵੀ ਇਸੇ ਗ੍ਰੰਥ ਦੇ ਅੰਤ ਵਿਚ ਲਿਖੇ ਇਕ ਦੋਹੇ ਦੇ ਵੱਖ -ਵੱਖ ਅਰਥ ਕੱਢਦਿਆਂ ਵੱਖ-ਵੱਖ ਮਿੱਥਿਆ ਗਿਆ ਹੈ। ਇਹ ਦੋਹਾ ਹੈ:-

ਸਮੂੰਵਤ ਸਤ੍ਰਹੈ ਸੈ ਸਤ੍ਰੋਹੋਤਰਾ ਸ਼ੁਕਲ ਪਕਸ ਸ਼ਨਿਵਾਰ ।।
ਤਿਥਿ ਤ੍ਰਿਤਿਯਾ ਅਸਾੜ ਕੀ, ਰਾਘੋ ਕੀਯਾ ਉਚਾਰ।

ਸ੍ਰੀ ਨਾਹਟਾ ਜੀ ਅਨੁਸਾਰ ਇਹ ਸੰਬਤ 1717 ਬਣਦਾ ਹੈ, ਸੁਆਮੀ ਪੁਰੋਹਿਤ ਹਰੀ- ਨਾਰਾਯਨ ਇਸ ਨੂੰ 1770 ਸੰਬਤ ਮੰਨਦੇ ਹਨ ਅਤੇ ਸੁਵਾਮੀ ਮੰਗਲਦਾਸ (ਦਾਦੂ ਸੰਸਕ੍ਰਿਤ ਮਹਾਂਵਿਦਿਆਲਾ, ਜੈਪੁਰ) ਇਸ ਨੂੰ 1777 ਸੰਬਤ ਮੰਨਦੇ ਹਨ। ਡਾ. ਸਾਬਰ ਅਨੁਸਾਰ 1717 ਸੰਮਤ ਹੀ ਵਧੇਰੇ ਠੀਕ ਬੈਠਦਾ ਹੈ।[67]

ਇਸ ਸ੍ਰੋਤ ਵਿਚਲੀਆਂ ਘਟਨਾਵਾਂ ਵੀ ਸ੍ਰੀ ਅਨੰਤ ਦਾਸ ਰਚਿਤ ਪਰਚਈ ਤੋਂ ਪ੍ਰੇਰਿਤ ਹੋ ਕੇ ਲਿਖੀਆਂ ਗਈਆਂ ਜਾਪਦੀਆਂ ਹਨ। ਇਸ ਵਿਚ ਵੀ ਗੰਗਾ ਧਾਤ ਰਾ ਅਤੇ ਸਾਲਗਰਾਮ ਦਾ ਮੁਰਗਾਈ ਵਾਂਗ ਤੈਰਨ ਦਾ ਜ਼ਿਕਰ ਨਹੀਂ ਆਉਂਦਾ। ਇਸ ਸ੍ਰੋਤ ਵਿਚ ਰਵਿਦਾਸ ਜੀ ਨੂੰ ਪਿਛਲੇ ਜਨਮ ਵਿੱਚ ਬ੍ਰਾਹਮਣ ਤੇ ਗੁਰੂ ਰਾਮਾਨੰਦ ਦਾ ਸ਼ਿਸ਼ ਦੱਸਿਆ ਗਿਆ ਹੈ। ਰਾਮਾਨੰਦ ਦੇ ਸਰਾਪ ਕਾਰਨ ਹੀ ਉਸ ਨੂੰ ਇਕ ਨੀਚ ਘਰ ਵਿਚ ਜਨਮ ਲੈਣਾ ਪਿਆ । ਰਾਮਾਨੰਦ ਦੇ ਆਗ੍ਰਿਹ ਤੇ ਹੀ ਨਵ-ਜਨਮਿਆਂ ਬੱਚਾ ਦੁੱਧ ਪੀਂਦਾ ਹੈ। ਸ੍ਰੀ ਰਾਘੋਦਾਸ ਨੇ ਵੀ ਗੁਰੂ ਰਵਿਦਾਸ ਦਾ ਕਿੱਤਾ ਜੁੱਤੀਆਂ ਗੰਢਣਾ ਹੀ ਦੱਸਿਆ ਹੈ। ਪਾਰਸ ਵਾਲੀ ਘਟਨਾ ਦਾ ਵੀ ਇਸ ਭਗਤਮਾਲ ਵਿਚ ਜ਼ਿਕਰ ਹੈ। ਹਰ ਰੋਜ ਪੰਜ ਮੋਹਰਾਂ ਮਿਲਣ ਦੀ ਸਾਖੀ ਵੀ ਮਿਲਦੀ ਹੈ।

ਸ੍ਰੀ ਰਾਘੋਦਾਸ ਅਨੁਸਾਰ ਗੁਰੂ ਰਵਿਦਾਸ ਨੇ ਉਨ੍ਹਾਂ ਮੋਹਰਾਂ ਨਾਲ ਇਕ ਮੰਦਰ ਵੀ ਬਣਵਾਇਆ ਜਿਸ ਨਾਲ ਉਸ ਵੇਲੇ ਦੇ ਬ੍ਰਾਹਮਣ ਉਨ੍ਹਾਂ ਦੇ ਵਿਰੋਧੀ ਹੋ ਗਏ। ਇਸ ਭਗਤ-ਮਾਲ ਅਨੁਸਾਰ ਰਾਣੀ ਝਾਲੀ ਵੀ ਗੁਰੂ ਰਵਿਦਾਸ ਦੀ ਸ਼ਿਸ਼ ਬਣੀ। ਰਾਣੀ ਝਾਲੀ ਦੇ ਸੱਦੇ ਤੇ ਆਪ ਚਿਤੌੜ ਗਏ ਤੇ ਉੱਥੇ ਜਨੇਊ ਵਾਲੀ ਸਾਖੀ ਵਾਪਰੀ ਦੱਸੀ ਗਈ ਹੈ ।

ਇਸ ਤਰ੍ਹਾਂ ਇਹ ਭਗਤਮਾਲ ਪਰਚਈ ਅਨੰਤਦਾਸ ਤੇ ਭਗਤਮਾਲ ਸ੍ਰੀ ਨਾਭਾਦਾਸ ਜੀ ਤੇ ਹੀ ਆਧਾਰਿਤ ਹੈ। ਬਿਆਨ ਵੱਖਰਾ ਹੈ ਪਰੰਤੂ ਗੁਰੂ ਰਵਿਦਾਸ ਬਾਰੇ

ਘਟਨਾਵਾਂ ਉਪਰੋਕਤ ਦੋਹਾਂ ਗ੍ਰੰਥਾਂ ਵਾਲੀਆਂ ਹੀ ਹਨ ।

ਇਕ ਹੋਰ ਭਗਤਮਾਲ ਜਿਸ ਤੋਂ ਸਾਨੂੰ ਭਗਤ ਰਵਿਦਾਸ ਬਾਰੇ ਜਾਣਕਾਰੀ ਮਿਲਦੀ ਹੈ ਉਹ ਰਘੁਰਾਜ ਸਿੰਹੁ ਕ੍ਰਿਤ ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ ਹੈ। ਸ੍ਰੀ ਰਘੁਰਾਜ ਸਿੰਹੁ ਦਾ ਜਨਮ ਸੰਮਤ 1880 ਵਿੱਚ ਤੇ ਦਿਹਾਂਤ 1937 ਸੰਮਤ ਵਿੱਚ ਹੋਇਆ। ਆਪ ਰੀਵਾ ਨਰੇਸ਼ ਮਹਾਰਾਜ ਵਿਸ਼ਵਨਾਥ ਸਿੰਘ ਦੇ ਪੁੱਤਰ ਅਤੇ ਉੱਘੇ ਕਵੀ ਸਨ। ਆਪ ਦੀਆਂ ਹੋਰ ਪ੍ਰਸਿੱਧ ਪੁਸਤਕਾਂ 'ਜਾਦੂ ਰਾਜ ਵਿਲਾਸ', ਜਗਦੀਸ਼ ਸ਼ਤਕ' ,'ਭਾਗਵਤ ਮਹਾਤਮਾ ਆਦਿ ਹਨ। ਇਹ ਰਚਨਾ ਕਦੋਂ ਰਚੀ ਗਈ ਇਸ ਬਾਰੇ ਸਾਨੂੰ ਕੋਈ ਸੂਚਨਾ ਨਹੀਂ ਮਿਲਦੀ ਤੇ ਡਾ. ਸਾਬਰ ਦੇ ਕਹਿਣ ਅਨੁਸਾਰ ਨਾ ਹੀ ਇਸ ਦਾ ਕੋਈ ਹੱਥ-ਲਿਖਿਤ ਗ੍ਰੰਥ ਹੀ ਵੇਖਣ ਵਿੱਚ ਆਇਆ ਹੈ।[68] ਇਸ ਗ੍ਰੰਥ ਵਿੱਚ ਭਗਤਾਂ ਦੇ ਜੀਵਨ ਬਾਰੇ ਕਾਫੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ। ਭਗਤ ਰਵਿਦਾਸ ਬਾਰੇ ਵੀ ਕਾਫੀ ਜਾਣਕਾਰੀ ਮਿਲਦੀ ਹੈ। ਕੁਝ ਪ੍ਰਸੰਗ ਇਸ ਪ੍ਰਕਾਰ ਹਨ:-

(1) ਤੀਰਥ ਵਾਸਪੀ ਸਮੇਂ ਬ੍ਰਾਹਮਣ ਦਾ ਰਵਿਦਾਸ ਜੀ ਨਾਲ ਮੇਲ ਅਤੇ ਕਸੀਰੇ ਬਾਰੇ ਕੋਈ ਗੱਲ ਨਾ ਕਰਨੀ ।

(2) ਭਗਤ ਰਵਿਦਾਸ ਨੇ ਆਪਣੀ ਘਰ ਵਾਲੀ ਨੂੰ ਬ੍ਰਾਹਮਣ ਦੇ ਹੱਥ ਸੁਨੇਹਾ ਭੇਜਣਾ ਕਿ ਉਹ ਘਿਉ ਦੇ ਘੜੇ ਰੋੜ ਦੇਵੇ ਤੇ ਉਸਨੇ ਅਜਿਹਾ ਕਰ ਦੇਣਾ ਤੇ ਇਕ ਹੋਰ ਪ੍ਰਸੰਗ ਵਿੱਚ ਬ੍ਰਾਹਮਣ ਜਦੋਂ ਆਪਣੀ ਘਰਵਾਲੀ ਨੂੰ ਅਜਿਹਾ ਕਰਨ ਲਈ ਕਹਿੰਦਾ ਹੈ ਤਾਂ ਉਸ ਨੇ ਨਾ ਮੰਨਣਾ ।

ਇਸ ਤੋਂ ਬਿਨਾਂ ਇਸ ਗ੍ਰੰਥ ਵਿੱਚ ਵੀ ਭਗਤ ਰਵਿਦਾਸ ਨੂੰ ਗੁਰੂ ਰਾਮਾਨੰਦ ਦਾ ਸ਼ਿਸ਼ ਦੱਸਿਆ ਗਿਆ ਹੈ ਤੇ ਰਾਮਾਨੰਦ ਦੇ ਸਰਾਪ ਕਾਰਨ ਹੀ ਭਗਤ ਰਵਿਦਾਸ ਨੂੰ ਇਕ ਚਮਾਰ ਘਰ ਵਿੱਚ ਜਨਮ ਲੈਣਾ ਪਿਆ । ਰਾਮਾਨੰਦ ਦੇ ਆਉਣ ਤੇ ਹੀ ਬੱਚੇ ਦਾ ਦੁੱਧ ਪੀਣ ਵਾਲੀਆਂ ਸਾਖੀਆਂ ਸ਼ਾਮਲ ਹਨ। ਪਾਰਸ ਵਾਲੀ ਸਾਖੀ ਦਾ ਵੀ ਇਸ ਗ੍ਰੰਥ ਵਿੱਚ ਵਰਨਣ ਹੈ। ਹਰ ਰੋਜ਼ ਪੰਜ ਮੋਹਰਾਂ ਮਿਲਣ ਦਾ ਵੀ ਜ਼ਿਕਰ ਹੈ ਤੇ ਇਨ੍ਹਾਂ ਮੋਹਰਾਂ

ਨਾਲ ਹੀ ਭਗਤ ਰਵਿਦਾਸ ਨੇ ਮੰਦਰ ਬਣਵਾਇਆ । ਬ੍ਰਾਹਮਣਾਂ ਦੇ ਵਿਰੋਧ ਦਾ ਵੀ ਇਸ ਗ੍ਰੰਥ ਵਿਚ ਜ਼ਿਕਰ ਹੈ। ਸਾਲਗਰਾਮ ਦੇ ਭਗਤ ਰਵਿਦਾਸ ਕੋਲ ਸਿੰਘਾਸਣ ਸਮੇਤ ਚੱਲ ਕੇ ਆਉਣਾ ਤੇ ਬ੍ਰਾਹਮਣਾਂ ਦੇ ਹਾਰ ਹੋਣ ਵਾਲੀ ਸਾਖੀ ਵੀ ਇਸ ਗ੍ਰੰਥ 'ਵਿੱਚ ਦਰਜ ਹੈ। ਇਸ ਗ੍ਰੰਥ ਅਨੁਸਾਰ ਵੀ ਰਾਣੀ ਝਾਲੀ ਭਗਤ ਰਵਿਦਾਸ ਦੀ ਸ਼ਿਸ਼ ਬਣੀ। ਚਿਤੌੜ ਵਿੱਚ ਬ੍ਰਹਮ ਭੋਜ ਸਮੇਂ ਭਗਤ ਰਵਿਦਾਸ ਦਾ ਚਮੜੀ ਹੇਠਲਾ ਜਨੇਊ ਦਿਖਾਉਣ ਦਾ ਵੀ ਵਰਨਣ ਇਸ ਗ੍ਰੰਥ ਵਿਚ ਮਿਲਦਾ ਹੈ ।

ਇਸ ਸ੍ਰੋਤ ਵਿਚ ਵੀ ਬਹੁਤੀਆਂ ਘਟਨਾਵਾਂ ਪਰੰਪਰਾ ਵਿਚੋਂ ਹੀ ਲਈਆਂ ਗਈਆਂ ਜਾਪਦੀਆਂ ਹਨ। ਜਿੰਨੇ ਵੀ ਪ੍ਰਮੁੱਖ ਸ੍ਰੋਤ ਹਨ ਉਨ੍ਹਾਂ ਵਿਚ ਮੁੱਖ ਘਟਨਾਵਾਂ ਇੱਕੋ ਜਿਹੀਆਂ ਹਨ ਜੇ ਫਰਕ ਹੈ ਤਾਂ ਸਿਰਫ ਬਿਆਨ ਦਾ ਹੈ ।

(6) ਗੋਸ਼ਟਿ ਕਬੀਰ ਅਤੇ ਰਵਿਦਾਸ

ਮੱਧਕਾਲੀ ਸੰਤ ਪਰੰਪਰਾ ਦੇ ਦੋ ਪ੍ਰਸਿੱਧ ਸੰਤ, ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਵਿਚਕਾਰ 'ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਸਰੂਪ' ਹੋਣ ਬਾਰੇ ਸੰਵਾਦ ਇਕ ਰਚਨਾ 'ਗੋਸਟਿ ਕਬੀਰ ਅਤੇ ਰਵਿਦਾਸ' ਵਿਚ ਦਰਜ ਹੈ। ਇਸ ਦੇ ਕਰਤਾ ਸਾਰੇ ਵਿਦਵਾਨਾਂ ਦਾ ਇਕ ਮੱਤ ਨਹੀਂ ਹੈ। ਪ੍ਰਮਾਣਿਕ ਤੱਥਾਂ ਦੀ ਅਣਹੋਂਦ ਕਾਰਨ ਬਹੁਤੇ ਵਿਦਵਾਨਾਂ ਨੇ ਇਸ ਰਚਨਾ ਦਾ ਕਰਤਾ 'ਭਗਤ ਸੈਨ' ਨੂੰ ਮੰਨਿਆ ਹੈ।[69] ਇਹ ਬਾਂਧਵਗੜ੍ਹ ਦੇ ਰਾਜਾ, ਸ੍ਰੀ ਰਾਮ ਦੇ ਨਾਈ ਸਨ। ਪਰੰਤੂ ਡਾ. ਬੀ.ਪੀ. ਸ਼ਰਮਾ ਇਸ ਨੂੰ ਅਨੰਤ ਦਾਸ ਵੈਸ਼ਣਵ ਦੀ ਕ੍ਰਿਤ ਮੰਨਦੇ ਹਨ।[70] ਨਾਗਰੀ ਸਭਾ ਦੀ ਖੋਜ ਰਿਪੋਰਟ ਵਿਚ ਇਸਨੂੰ ਕਬੀਰ-ਪੰਥੀ ਭਗਤ ਸੈਨ ਦੀ ਰਚਨਾ ਮੰਨਿਆ ਗਿਆ ਹੈ।[71] ਇਸ ਰਚਨਾ ਤੋਂ ਇਹ ਪਤਾ ਲੱਗਦਾ ਹੈ ਕਿ ਭਗਤ ਰਵਿਦਾਸ ਜੀ ਪਹਿਲਾਂ ਸਰਗੁਣਵਾਦੀ ਸਨ ਤੇ ਕਬੀਰ ਜੀ ਦੇ ਪ੍ਰਭਾਵ ਕਾਰਨ ਹੀ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਦ ਨਿਰਗੁਣਵਾਦੀ ਬਣੇ। ਇਸ ਰਚਨਾ ਦੇ ਖਰੜੇ ਗੁਰਮੁਖੀ ਤੇ ਦੇਵਨਾਗਰੀ ਲਿੱਪੀ ਵਿੱਚ ਅੱਡ-ਅੱਡ ਰੂਪਾਂ ਵਿਚ ਮਿਲਦੇ ਹਨ ।

ਡਾ. ਸਾਬਰ ਦਾ ਕਥਨ ਹੈ , ਰਾਜਸਥਾਨ ਪ੍ਰਾਚਯ ਵਿਦਿਆ ਸ਼ੋਧ ਪ੍ਰਤਿਸ਼ਠਾਨ ਜੈਪੁਰ ਦੇ ਹੱਥ ਲਿਖਿਤ ਗ੍ਰੰਥ ਨੰ: 62, ਜਿਸ ਵਿੱਚ ਮੱਧਕਾਲੀ ਯੁੱਗ ਦੇ ਭਗਤਾਂ ਦੀ ਬਾਣੀ

ਦਰਜ ਹੈ, ਦੇ ਪੱਤਰਾ 324 ਤੋਂ 327 ਤੱਕ ਇਹ ਗੋਸਟਿ 41 ਬੰਦਾਂ ਵਿਚ ਮਿਲਦੀ ਹੈ । ਹਰ ਬੰਦ ਦੋ ਤੁਕਾਂ ਦਾ ਹੈ ਪਰੰਤੂ ਗੁਰਮੁਖੀ ਲਿਪੀ ਵਿੱਚ ਮਿਲਦੇ ਖਰੜਿਆਂ ਵਿਚ ਇਸ ਗੋਸ਼ਟਿ ਦਾ ਰੂਪ ਚੋਪਦਿਆਂ ਵਿਚ ਹੈ।[72] ਡਾ. ਸਾਬਰ ਇਕ ਹੋਰ ਹੱਥ ਲਿਖਿਤ ਗ੍ਰੰਥ ਦਾ ਵੀ ਜ਼ਿਕਰ ਕਰਦੇ ਹਨ ਜਿਹੜਾ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਮ.ਨੰ: 2306 ਅਨੁਸਾਰ ਪਿਆ ਹੋਇਆ ਹੈ, ਜਿਸ ਵਿਚ ਰਵਿਦਾਸ ਪਰੀਚੀ ਵੀ ਹੈ ਤੇ ਇਹ ਕਬੀਰ-ਰਵਿਦਾਸ ਗੋਸਟਿ ਹੈ ਪਰ ਇਸ ਦਾ ਪਾਠ ਪੰਜਾਬੀ ਪਾਠ-ਰੂਪਾਂ ਨਾਲੋਂ ਦੇਵਨਾਗਰੀ ਵਾਲੇ ਪਾਠ ਨਾਲ ਵਧੇਰੇ ਮੇਲ ਖਾਂਦਾ ਹੈ। ਇਹ ਗ੍ਰੰਥ ਅਠਾਰ੍ਹਵੀਂ ਸਦੀ ਬਿਕਰਮੀ ਦਾ ਮੰਨਿਆ ਜਾਂਦਾ ਹੈ।[73]

(7) <u>ਭਵਿਸ਼ ਪੁਰਾਣ</u>

ਗੁਰੂ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲਾ ਭਵਿੱਸ਼ ਪੁਰਾਣ ਅਠਾਰਾਂ ਪੁਰਾਣਾਂ ਵਿਚੋਂ ਇਕ ਹੈ। ਇਸ ਗ੍ਰੰਥ ਦੇ ਛਪੇ ਕਈ ਰੂਪਾਂ ਵਿਚ ਇਕਸਾਰਤਾ ਨਹੀਂ ਹੈ।[74] ਗੱਲਾਂ ਤੇ ਘਟਨਾਵਾਂ ਵਿਚ ਕਾਫੀ ਅੰਤਰ ਹੈ। ਇਸ ਦਾ ਨਾਂ ਭਵਿਸ਼ ਪੁਰਾਣ ਹੋਣ ਦਾ ਕਾਰਨ ਵੀ ਇਹ ਹੈ ਕਿ ਬਹੁਤ ਸਾਰੇ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਇਨ੍ਹਾਂ ਵਿੱਚ ਆਉਣ ਵਾਲੇ ਸਮੇਂ ਦੇ ਹਾਲਾਤ ਦਰਜ ਹਨ। ਇਸ ਗ੍ਰੰਥ ਦੇ ਰਚਨਾਕਾਲ ਅਤੇ ਰਚਨਾਹਾਰ ਬਾਰੇ ਵੀ ਇਕ ਮੱਤ ਨਹੀਂ ਹੈ। ਕਾਲ ਦ੍ਰਿਸ਼ਟੀ ਤੋਂ ਮੇਲ ਨਾ ਖਾਣ ਕਾਰਨ ਇਸ ਗ੍ਰੰਥ ਵਿਚਲੀਆਂ ਘਟਨਾਵਾਂ ਵੀ ਸ਼ੱਕੀ ਕਿਸਮ ਦੀਆਂ ਹਨ। ਪੁਰਾਣਾਂ ਦੇ ਕਰਤਾ ਸ੍ਰੀ ਵਿਆਸ ਨੂੰ ਇਸ ਦਾ ਕਰਤਾ ਮੰਨਣ ਵਿੱਚ ਵੀ ਸਾਰੇ ਵਿਦਵਾਨ ਸਹਿਮਤ ਨਹੀਂ ਹਨ।

ਭਵਿਸ਼ ਪੁਰਾਣ ਵਿਚ ਦੱਸਿਆ ਹੈ ਕਿ ਰਵਿਦਾਸ ਦਾ ਜਨਮ ਕੇਤੂ ਰਾਹੂ ਦੇ ਅੱਤਿਆਚਾਰਾਂ ਨੂੰ ਦੂਰ ਕਰਨ ਲਈ ਹੋਇਆ। ਉਹ ਸੂਰਜ ਦੇ ਦੋ ਪੁੱਤਰਾਂ ਵਿਚੋਂ ਇਕ ਸਨ ਤੇ ਦੂਜੇ ਪੁੱਤਰ ਨੇ ਸਧਨਾ ਦੇ ਰੂਪ ਵਿਚ 'ਇੜਾਪਤਿ ਕਸਾਈ' ਦੇ ਘਰ ਜਨਮ ਲਿਆ । ਰਵਿਦਾਸ ਦਾ ਜਨਮ 'ਪਿੰਗਲਾਪਤਿ' ਚਮਾਰ ਮਾਨਦਾਸ ਦੇ ਘਰ ਹੋਇਆ ਪਹਿਲਾ ਸਧਨਾ ਕਸਾਈ ਦੇ ਤੌਰ ਤੇ ਪ੍ਰਸਿੱਧ ਹੋਇਆ ਤੇ ਦੂਜਾ ਭਗਤ ਰਵਿਦਾਸ ਦੇ ਤੌਰ ਤੇ ।[75]

ਇਸ ਗ੍ਰੰਥ ਅਨੁਸਾਰ ਭਗਤ ਰਵਿਦਾਸ ਨੇ ਕਾਸ਼ੀ ਜਾਕੇ ਸ਼ਾਸਤਾਰਥ ਰਾਹੀਂ ਰਾਮ-ਭਗਤ ਕਬੀਰ ਨੂੰ ਹਰਾਇਆ ਤੇ ਫੇਰ ਸ਼ੰਕਰਾਚਾਰੀਆਂ ਕੋਲੋਂ ਹਾਰ ਕੇ ਸਵਾਮੀ ਰਾਮਾਨੰਦ ਦਾ ਚੇਲਾ ਬਣ ਗਿਆ। ਮੱਧਕਾਲੀ ਪਰਵਿਰਤੀ ਅਨੁਸਾਰ ਇਸ ਗ੍ਰੰਥ ਵਿੱਚ ਵੀ ਰਵਿਦਾਸ ਦਾ ਦੈਵੀ-ਕਰਣ ਹੋ ਗਿਆ ਹੈ। ਜੋ ਸੁਭਾਵਿਕ ਸੀ। ਕਬੀਰ ਨਾਲ ਮੇਲ ਤੇ ਸਵਾਮੀ ਰਾਮਾ ਨੰਦ ਦਾ ਸ਼ਿਸ਼ ਹੋਣ ਦੀਆਂ ਦੋ ਘਟਨਾਵਾਂ ਬਾਕੀ ਗ੍ਰੰਥਾਂ ਨਾਲ ਮੇਲ ਖਾਂਦੀਆਂ ਹਨ ।

ਹਿੰਦੀ ਸਰੋਤਾਂ ਤੋਂ ਬਿਨਾ ਪੰਜਾਬੀ ਵਿਚ ਵੀ ਭਗਤ ਰਵਿਦਾਸ ਬਾਰੇ ਕਾਫ਼ੀ ਕੁਝ ਲਿਖਿਆ ਗਿਆ। ਇਕ ਪਰੰਪਰਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਵੀ ਪਹਿਲਾਂ ਹੀ ਰਵਿਦਾਸ ਜੀ ਪੰਜਾਬ ਵਿਚ ਹਰਮਨ ਪਿਆਰੇ ਹੋ ਚੁੱਕੇ ਸਨ ਜਿਸ ਦਾ ਜ਼ਿਕਰ ਜਨਮ-ਸਾਖੀ ਸੋਢੀ ਮਿਹਰਬਾਨ ਵਿੱਚ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਵਿਦਾਸ ਬਾਣੀ ਦਾ ਸ਼ਾਮਲ ਹੋਣਾ ਇਕ ਅਜਿਹੀ ਘਟਨਾ ਸੀ ਜਿਸਨੇ ਪੰਜਾਬੀ ਵਿਚ ਵੀ ਉਨ੍ਹਾਂ ਦੇ ਜੀਵਨ ਬਾਰੇ ਬਹੁਤ ਕੁਝ ਰਚਾ ਦਿੱਤਾ। ਗੁਰੂ ਰਵਿਦਾਸ ਬੇਸ਼ੱਕ ਪੰਜਾਬ ਵਿਚ ਪੈਦਾ ਤਾਂ ਨਹੀਂ ਪਰੰਤੂ ਉਨ੍ਹਾਂ ਦੇ ਸ਼ਰਧਾਲੂ ਤੇ ਪੈਰੋਕਾਰ ਇੱਥੇ ਪੰਜਾਬ ਵਿਚ ਭਾਰਤ ਦੇ ਬਾਕੀ ਪ੍ਰਾਂਤਾਂ ਵਿਚ ਵਸਦੇ ਸ਼ਰਧਾਲੂਆਂ ਨਾਲੋਂ ਜ਼ਿਆਦਾ ਹਨ ।

ਭਾਈ ਗੁਰਦਾਸ ਦੀਆਂ ਵਾਰਾਂ ਪੰਜਾਬੀ ਵਿਚ ਗੁਰੂ ਰਵਿਦਾਸ ਦੇ ਜੀਵਨ ਵੱਲ ਇਸ਼ਾਰਾ ਕਰਨ ਵਾਲੀਆਂ ਪਹਿਲੀਆਂ ਰਚਨਾਵਾਂ ਹਨ। ਭਾਈ ਗੁਰਦਾਸ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਦੇ ਰਿਸ਼ਤੇ ਵਿਚੋਂ ਭਤੀਜੇ ਤੇ ਪ੍ਰਸਿੱਧ ਵਿਦਵਾਨ ਸਨ। ਇਹ ਸੰਸਕ੍ਰਿਤ ਤੇ ਗੁਰਬਾਣੀ ਦੇ ਪ੍ਰਸਿੱਧ ਵਿਦਵਾਨ ਸਨ। ਵਾਰਾਂ ਤੋਂ ਬਿਨ੍ਹਾਂ ਬਹੁਤ ਸਾਰੇ ਕਬਿੱਤ ਤੇ ਸਵੱਯੇ ਇਨ੍ਹਾਂ ਦੇ ਰਚੇ ਹੋਏ ਬ੍ਰਜੀ ਭਾਸ਼ਾ ਵਿਚ ਮਿਲਦੇ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਤੋਂ ਭਗਤ ਰਵਿ ਦਾਸ ਬਾਰੇ ਚੱਲ ਰਹੀਆਂ ਦੰਦ-ਕਥਾਵਾਂ ਦਾ ਪਤਾ ਚੱਲਦਾ ਹੈ ਜਿਨ੍ਹਾਂ ਵਿਚ ਭਗਤ ਜੀ ਦਾ ਜੁੱਤੀਆਂ ਗੰਢਣਾ, ਗੰਗਾ ਦੀ ਭੇਟ ਕਸੀਰਾ ਦੇਣਾ ਤੇ ਗੰਗਾ ਦਾ ਬਾਂਹ ਕੱਢ ਕੇ ਲੈਣਾ ਆਦਿ ਦਾ ਜ਼ਿਕਰ ਹੈ ।

ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚ ਚਮਰੇਟਾ।
ਪਾਣਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ ।।

ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ ।
ਚਹੁੰ ਵਰਨਾ ਉਪਦੇਸ਼ ਦਾ ਗਿਆਨ ਧਿਆਨ ਕਰਿ ਭਗਤਿ ਸਹੇਟਾ।।
ਨਾਵਣ ਆਇਆ ਸੰਗੁ ਮਿਲਿ ਬਨਾਰਸ ਕਰਿ ਗੰਗਾ ਥੇਟਾ ।।
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਕੀ ਭੇਟਾ ।।
ਲਗਾ ਪੁਰਬੁ ਅਭੀ ਦਾ ਡਿਠਾ ਚਲਿਤੁ ਅਚਰਜ ਅਮੇਟਾ ।।
ਲਇਆ ਕਸੀਰਾ ਹਥਿ ਕਢਿ ਸੂਤੁ ਇਕ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ।।[76]

ਇਸੇ ਤਰ੍ਹਾਂ ਵਾਰ 12, 25ਵੀਂ ਵਾਰ ਵਿਚ ਵੀ ਗੁਰੂ ਰਵਿਦਾਸ ਦਾ ਜ਼ਿਕਰ ਆਉਂਦਾ ਹੈ ।

ਗੋਸ਼ਟਾਂ ਸੋਢੀ ਮਿਹਰਬਾਨ ਰਚਿਤ ਸੋਢੀ ਮਨੋਹਰਦਾਸ ਵਿਚ ਬਾਕੀ ਭਗਤਾਂ ਦੇ ਨਾਲ ਨਾਲ ਭਗਤ ਰਵਿਦਾਸ ਦਾ ਵੀ ਜ਼ਿਕਰ ਆਉਂਦਾ ਹੈ। ਇਸ ਤੋਂ ਕੋਈ ਠੋਸ ਗਵਾਹੀ ਉਨ੍ਹਾਂ ਦੇ ਜੀਵਨ-ਕਾਲ ਬਾਰੇ ਨਹੀਂ ਮਿਲਦੀ ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਹਰਮਨ ਪਿਆਰੇ ਹੋਣ ਦਾ ਹੀ ਪਤਾ ਲੱਗਦਾ ਹੈ। ਇਸ ਸਾਖੀਕਾਰ ਅਨੁਸਾਰ ਮਰਦਾਨਾ ,ਕਬੀਰ, ਤ੍ਰਿਲੋਚਨ, ਰਵਿਦਾਸ ਦੇ ਪਦੇ ਰਬਾਬ ਵਜਾ ਕੇ ਆਉਂਦਾ ਸੀ।

ਤਬ ਗੁਰੂ ਬਾਬੇ ਨਾਨਕ ਜੀ ਸਾਥਿ ਅਗੈ ਹੀ ਬਾਲਪਨ ਮੈ ਹੀ ਸਾਥੇ ਖੇਸ੍ਰਤਾ ਮਰਦਾਨਾ ਡੂਮ ਕਲਾਲਾਂ ਕਾ ਤਲਵੰਡੀ ਰਾਏ ਭੋਐ ਕੀ ਰਹੇਦਾ, ਰਬਾਬ ਵਜਾਇਦਾ,ਨਾਮਾ ਕੰਬੀਰ ਤ੍ਰਿਲੋਚਨ ਰਵਿਦਾਸ ਧੰਨੇ ਬੇਣੀ ਕੇ ਪਦੇ ਗਾਵਤਾ ਗੁਰੂ ਨਾਨਕ ਕੈ ਆਗੈ ਪਦੇ ਗਾਵਤਾ।।

ਇਸ ਸਾਖੀਕਾਰ ਅਨੁਸਾਰ ਸਾਰੇ ਭਗਤਾਂ ਨੂੰ ਪਰਮੇਸ਼ਰ ਦੀ ਆਗਿਆ ਹੋਈ ਕਿ ਨਾਨਕ ਜੋ ਕਿ ਉਸ ਦਾ ਵੱਡਾ ਭਗਤ ਹੈ ਅਜੁੱਧਿਆ ਆਇਆ ਹੈ ਤਾਂ ਸਾਰੇ ਭਗਤ ਉਸ ਦੇ ਦਰਸ਼ਨ ਕਰਨ। ਪਰਮੇਸਰ ਦੀ ਆਗਿਆ ਅਨੁਸਾਰ ਨਾਮਾ, ਜੈ ਦੇਉ, ਕੰਬੀਰ, ਤ੍ਰਿਲੋਚਨ, ਰਵਿਦਾਸ, ਸੈਨੁ, ਸਧਨਾ ਧੰਨੀ ਬੇਣੀ ਸਾਰੇ ਹੀ ਗੁਰੂ ਨਾਨਕ ਦੇ ਦਰਸ਼ਨ ਕਰਨ ਆਏ।"[77]

ਗੁਰੂ ਰਵਿਦਾਸ ਦਾ ਜ਼ਿਕਰ ਸਾਖੀਕਾਰ ਪਰਮੇਸ਼ਰ ਦਾ ਸਿਮਰਨ ਕਰਨ ਵਾਲਿਆਂ ਵਿਚ ਕਰਕੇ ਦੱਸਦਾ ਹੈ ਕਿ ਨਾਮਾ, ਜੈਦੇਵ, ਤ੍ਰਿਲੋਚਨ, ਕੰਬੀਰ ਬਵਿਦਾਸ, ਸੈਨੁ, ਸਧਨੈ, ਬੇਣੀ ਸਾਰੇ ਹੀ ਪਰਮੇਸ਼ਰ ਨੂੰ ਜਾ ਮਿਲੇ।[78] ਸਾਖੀਕਾਰ ਨੇ ਗੁਰੂ ਨਾਨਕ ਦੇ ਮੁੱਖ ਤੋਂ ਵੀ ਇਹੀ ਅਖਵਾਇਆ ਹੈ ਕਿ ਇਹ ਸਾਰੇ ਭਗਤ ਆਪਣੇ ਸਿਮਰਨ ਦੀ ਮਿਹਨਤ ਕਾਰਨ ਪਰਮਾਤਮਾ ਨੂੰ ਜਾ ਮਿਲੇ।"[79]

ਇਸ ਲੜੀ ਦਾ ਦੂਜਾ ਸਰੋਤ ਸ੍ਰੀ ਪ੍ਰਿਥੀ ਚੰਦ ਦੇ ਸਪੁੱਤਰ ਸੋਢੀ ਮਿਹਰਬਾਨ 'ਕ੍ਰਿਤ ਪਰਮਾਰਥ ਸੁਖਮਨੀ ਸਹੰਸ੍ਰਨਾਮਾ ਹੈ ਜਿਸ ਨੂੰ ਉਨ੍ਹਾਂ ਦੇ ਪੁੱਤਰ ਸੋਢੀ ਹਰਿ ਜੀ ਨੇ ਪਰਮਾਰਥ ਸਹਿਤ ਆਪਣੇ ਪਿਤਾ ਦੀ ਆਗਿਆ ਨਾਲ ਸੰਬਤ 1708, ਮਾਘ ਸੁਦੀ 7 ਨੂੰ ਲਿਖਣਾ ਆਰੰਭਿਆ। 839 ਪੱਤਰਿਆਂ ਦੇ ਇਸ ਬਹੁਮੁੱਲੇ ਵਾਰਤਕ ਗ੍ਰੰਥ ਦੀਆਂ ਕੁਲ 30 ਅਸ਼ਟਪਦੀਆਂ ਹਨ ਤੇ ਵਧੇਰੇ ਕਰਕੇ ਇਸ ਵਿੱਚ ਹਿੰਦੂ ਅਵਤਾਰਾਂ ਦੇ ਗੁਣ ਗਾ ਕੇ ਉਨ੍ਹਾਂ ਦੀਆਂ ਵਿਸਥਾਰ ਪੂਰਵਕ ਕਥਾਵਾਂ ਦਾ ਵਰਨਣ ਹੈ। ਇਸ ਗ੍ਰੰਥ ਤੋਂ ਮਿਹਰਬਾਨੀਆਂ ਦੀ ਹਿੰਦੂ ਪੌਰਾਣਿਕ ਸਾਹਿਤ ਨਾਲ ਦਿਲਚਸਪੀ ਤੇ ਇਸ ਦੇ ਡੂੰਘੇ ਅਧਿਐਨ ਦਾ ਪਤਾ ਚੱਲਦਾ ਹੈ।

29ਵੀਂ ਅਸ਼ਟਪਦੀ ਵਿਚ ਦਿੱਤੇ ਭਗਤਾਂ ਦੇ ਹਾਲ ਕਾਫ਼ੀ ਅਹਿਮੀਅਤ ਵਾਲੇ ਹੋਣ ਦੇ ਨਾਲ ਨਾਲ ਦਿਲਚਸਪ ਵੀ ਹਨ। 'ਰਵਿਦਾਸ ਭਗਤ' ਦੀ ਅਲਾਵਦੀ ਪਾਤਸ਼ਾਹ ਨਾਲ ਗੋਸ਼ਟਿ ਦਿੱਤੀ ਹੋਈ ਹੈ। ਇਹ ਗੋਸ਼ਟਿ ਵੀ ਪੌਰਾਣਿਕ ਸਾਹਿਤ ਦੀ ਇਕ ਦਿਲਚਸਪ ਮਿਸਾਲ ਹੈ। ਗੰਗਾ ਦਾ ਰਵਿਦਾਸ ਨੂੰ ਉਸ ਦੀ ਅਮਾਨਤ ਮੋੜਨਾ ਇਸ ਗੋਸ਼ਟਿ ਦੀ ਵਿਸ਼ੇਸ਼ਤਾ ਹੈ।

ਭਗਤ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲਾ ਇਕ ਹੋਰ ਸਰੋਤ ਪ੍ਰੇਮ-ਅੰਬੋਧ ਪੋਥੀ ਹੈ ਜਿਸ ਦਾ ਦੂਜਾ ਨਾਂ 'ਪਰਚੀਆਂ ਪ੍ਰੇਮ ਭਗਤਾਂ ਕੀਆਂ' ਦੀ ਹੈ। ਇਸ ਵਿੱਚ 18 ਭਗਤਾਂ ਦੀਆਂ ਜੀਵਨੀਆਂ ਅੰਕਿਤ ਹਨ ਜਿਨ੍ਹਾਂ ਵਿਚ ਭਗਤ ਰਵਿਦਾਸ ਦੀ ਪਰਚੀ ਛੇਵੇਂ ਨੰਬਰ ਤੇ ਆਉਂਦੀ ਹੈ। ਇਹ ਪਰਚੀ ਕੇਵਲ ਗੁਰਮੁਖੀ ਅੱਖਰਾਂ ਵਿਚ ਉਪਲਬਧ ਹੈ। ਇਸ ਸ੍ਰੋਤ ਵਿਚ ਗੁਰੂ ਰਵਿਦਾਸ ਦਾ ਨੀਚ ਘਰ ਜਨਮ, ਨਵਧਾ ਭਗਤੀ, ਜੁੱਤੀਆਂ ਗੰਢਣਾ, ਚਿਤੌੜ ਦੀ ਰਾਣੀ ਮੀਰਾਂ ਨੇ ਚੇਲੀ ਬਣਨਾ, ਰਾਜੇ ਨੇ ਪ੍ਰੀਖਿਆ ਲੈਣੀ, ਬ੍ਰਾਹਮਣ ਨੇ ਕੰਗਣ ਵੇਚਦੇ ਫੜੇ ਜਾਣਾ,

ਕੁਠਾਲੀ ਵਿਚੋਂ ਹੋਰ ਕੰਗਣ ਕੱਢਣੇ, ਰਾਜੇ ਨੇ ਚਰਨੀਂ ਲੱਗਣੀ, ਹਰਿ ਜੀ ਨੇ ਦਰਸ਼ਨ ਦੇਣੇ ਆਦਿਕ ਪ੍ਰਸਿੱਧ ਘਟਨਾਵਾਂ ਹਨ। ਇਨ੍ਹਾਂ ਵਿਚੋਂ ਪਹਿਲੀਆਂ 7 ਘਟਨਾਵਾਂ 'ਪਰਚਈ ਅਨੰਤ ਦਾਸ' ਨਾਲ ਮੇਲ ਖਾਂਦੀਆਂ ਹਨ ਜਦੋਂ ਕਿ ਬਾਕੀਆਂ ਵਿੱਚ ਸ੍ਰੋਤ ਬਾਰੇ ਕੋਈ ਪਤਾ ਨਹੀਂ ਲੱਗਦਾ ਹੈ। ਚਿਤੌੜ ਦੀ ਰਾਣੀ ਦਾ ਨਾਂ ਵੀ ਝਾਲੀ ਦੀ ਥਾਂ ਮੀਰਾ ਦੱਸਿਆ ਗਿਆ ਹੈ। ਸ੍ਰ. ਗੁਰਚਰਨ ਸਿੰਘ 'ਸੇਕ' ਨੇ ਇਸ ਵਿਚ ਆਈਆਂ ਤੁਕਾਂ ਦੇ ਆਧਾਰ ਤੇ ਇਸ ਨੂੰ 'ਕੇਵਲਦਾਸ' ਨਾਂ ਦੇ ਕਿਸੇ ਕਵੀ ਦੀ ਰਚਨਾ ਮੰਨਿਆ ਹੈ।[80] ਭਗਤ ਰਵਿਦਾਸ ਦੀ ਪਰਚੀ ਤੇ ਨਿਰਸੰਦੇਹ ਪਰਚਈ ਅਨੰਤ ਦਾਸ ਦਾ ਪ੍ਰਭਾਵ ਸਪਸ਼ਟ ਦਿਸਦਾ ਹੈ।

ਭਾਈ ਦਰਬਾਰੀ ਦਾਸ ਰਚਿਤ ਗ੍ਰੰਥ ਪੋਥੀ ਹਰਿ ਜਸ' ਸਮੇਂ ਦੇ ਪ੍ਰਕੋਪ ਤੋਂ ਬਚਿਆ ਇਸ ਸਮੇਂ ਪਿੰਡ ਵੈਰੋਕੇ ਤਹਿਸੀਲ ਮੋਗਾ (ਫਰੀਦਕੋਟ) ਵਿੱਚ ਸੁਰੱਖਿਅਤ ਪਿਆ ਹੈ। ਅੰਦਰਲੀ ਗਵਾਹੀ ਦੇ ਆਧਾਰ ਤੇ ਬਿਕਰਮੀ ਸੰਮਤ 1868 ਵਿੱਚ ਮੁਕੰਮਲ ਹੋਣ ਵਾਲਾ ਇਹ ਗ੍ਰੰਥ 32 ਸਾਲ ਦੀ ਮਿਹਨਤ ਉਪਰੰਤ ਪੂਰਾ ਹੋਇਆ। ਇਸ ਦਾ ਜ਼ਿਕਰ ਖੁਦ ਆਪਣੀ ਰਚਨਾ ਵਿੱਚ ਭਾਈ ਦਰਬਾਰੀ ਦਾਸ ਨੇ ਕੀਤਾ ਹੈ। ਇਸ ਵੱਡੇ ਆਕਾਰ ਦੇ ਗ੍ਰੰਥ ਦੇ 1836 ਸਫੇ ਹਨ। ਗ੍ਰੰਥ ਦੇ ਆਰੰਭ ਦੇ 560 ਪੱਤਰਿਆਂ ਤੱਕ 42 ਰਾਗਾਂ ਵਿੱਚ ਰਾਗ-ਬੱਧ ਬਾਣੀ ਹੈ ਜੋ ਰੂਪਕ ਪੱਖ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਨਕਲ ਹੀ ਜਾਪਦੀ ਹੈ। ਭਾਈ ਦਰਬਾਰੀ ਦਾਸ ਨੇ ਪ੍ਰਭੂ ਸਿਮਰਨ ਤੇ ਜ਼ੋਰ ਦਿੱਤਾ ਹੈ ਤੇ ਉਸ ਦਾ ਸਰੂਪ ਦੱਸ ਕੇ ਉਸਨੂੰ ਮਿਲਣ ਦਾ ਢੰਗ ਵੀ ਦੱਸਿਆ ਹੈ। ਇਸ ਵਿਚਲੀਆਂ 30 ਵਾਰਾਂ ਦੀ ਭਾਸ਼ਾ ਨਿਰੋਲ ਪੰਜਾਬੀ ਮੁਹਾਵਰੇ ਦੀ ਝਲਕ ਦਿੰਦੀ ਹੈ ਜਦੋਂ ਕਿ ਬਾਣੀ ਸਾਧ-ਭਾਸ਼ਾ ਵਿਚ ਹੈ।

ਪੱਤਰਾ 531 ਤੋਂ 761 ਤੱਕ 30 ਭਗਤਾਂ ਦੀਆਂ ਪਰਚੀਆਂ ਹਨ। ਕੁਝ ਭਗਤਾਂ ਦੇ ਜੀਵਨ ਦਾ ਮੂਲ-ਸ੍ਰੋਤ 'ਪੋਥੀ ਪ੍ਰੇਮ ਅੰਬੋਧ' ਵਾਲਾ ਹੈ। ਪਰ ਇਨ੍ਹਾਂ ਨੂੰ ਪੇਸ਼ ਕਰਨ ਦਾ ਢੰਗ ਕਵੀ ਦਾ ਆਪਣਾ ਹੈ। ਭਗਤਾਂ ਦੇ ਜੀਵਨ ਬਾਰੇ ਜਾਣਕਾਰੀ ਦੇਣ ਵਾਲਾ ਪੰਜਾਬੀ ਸਾਹਿਤ ਵਿੱਚ ਇਹ ਸਭ ਤੋਂ ਵੱਡਾ ਗ੍ਰੰਥ ਹੈ। ਇਸ ਗ੍ਰੰਥ ਵਿਚਲੇ ਭਗਤਾਂ ਨੂੰ ਡਾ. ਸਾਬਰ ਨੇ ਬੜੇ ਹੀ ਸੋਹਣੇ ਢੰਗ ਨਾਲ ਦੋ ਸ਼੍ਰੇਣੀਆਂ ਵਿਚ ਵੰਡਿਆ ਹੈ– (1) ਪੌਰਾਣਿਕ, (2) ਕਲਿਜੁਗ। ਭਗਤ ਰਵਿਦਾਸ ਦਾ ਜ਼ਿਕਰ ਦੂਜੀ ਸ਼੍ਰੇਣੀ ਵਿੱਚ ਆਇਆ ਹੈ। ਇਨ੍ਹਾਂ ਪਰਚੀਆਂ 'ਚ ਤੱਥਾਂ ਦੀ ਘਾਟ ਹੈ ਤੇ ਇਹ ਇਤਿਹਾਸਕ ਨਾਲੋਂ ਮਿਥਿਹਾਸਕ ਵਧੇਰੇ ਹਨ ਪਰੰਤੂ ਫਿਰ ਵੀ ਇਸ ਗ੍ਰੰਥ ਵਿੱਚ ਦਰਸਾਈਆਂ ਘਟਨਾਵਾਂ ਤੋਂ ਭਗਤਾਂ ਦੇ ਜੀਵਨ ਦੇ ਕਈ ਪਹਿਲੂ

ਪ੍ਰਗਟ ਹੋ ਜਾਂਦੇ ਹਨ।[81]

ਇਸ ਗ੍ਰੰਥ ਵਿੱਚ ਗੁਰੂ ਰਵਿਦਾਸ ਦੀ ਪਰਚੀ 22ਵੇਂ ਨੰਬਰ ਤੇ ਆਉਂਦੀ ਹੈ ਜਿਸ ਦਾ ਪਾਠ 668 ਤੋਂ 692 ਪੱਤਰੇ ਤੱਕ 379 ਬੰਦਾਂ ਵਿੱਚ ਹੈ। ਇਹ ਰਚਨਾ ਦੋਹਰੇ ਅਤੇ ਚੌਪਈ ਵਿੱਚ ਰਚੀ ਹੋਈ ਹੈ। ਗੁਰੂ ਰਵਿਦਾਸ ਦੇ ਜੀਵਨ ਨਾਲ ਸੰਬੰਧਿਤ 28 ਘਟਨਾਵਾਂ ਵਿਸਥਾਰ ਪੂਰਵਕ ਮਿਲਦੀਆਂ ਹਨ ਜੋ ਆਮ ਪ੍ਰਚੱਲਿਤ ਘਟਨਾਵਾਂ ਨਾਲੋਂ ਕਾਫ਼ੀ ਭਿੰਨ ਹਨ। ਗੁਰੂ ਜੀ ਦੇ ਚਲਾਣੇ ਤੋਂ ਛੁੱਟ ਬਾਕੀ ਘਟਨਾਵਾਂ ਪ੍ਰੇਮ-ਅੰਬੋਧ ਪੋਥੀ ਨਾਲ ਮਿਲਦੀਆਂ ਜੁਲਦੀਆਂ ਹਨ।

ਗੁਰੂ ਰਵਿਦਾਸ ਦੇ ਚਲਾਣੇ ਦੀ ਘਟਨਾ ਪ੍ਰੇਮ ਅੰਬੋਧ ਪੋਥੀ ਨਾਲ ਨਹੀਂ ਸਗੋਂ ਭਾਸ਼ਾ ਵਿਭਾਗ ਦੀ ਪੋਥੀ ਹੱਥ ਲਿਖਿਤ 368 ਨਾਲ ਮਿਲਦੀ ਹੈ।[82] ਭਾਈ ਦਰਬਾਰੀ ਦਾਸ ਨੇ ਆਪਣੀ ਬਾਣੀ ਵਿਚ ਵੀ ਗੁਰੂ ਦਾ ਗੁਣ-ਗਾਇਨ ਕੀਤਾ ਹੈ:-

ਰਵਿਦਾਸ ਭਗਤ ਗੁਰਗਣੀ ਚਹੁੰ ਚੱਕੀ ਜਾਤਾ ।।
ਨੀਚ ਜਾਤਿ ਤੇ ਊਚ ਭਇਆ ਭੇਟਿ ਲਈ ਰੰਗਾਤਾ।।[83]

ਸਾਲਗਰਾਮ ਦੇ ਨਦੀ ਵਿੱਚ ਤੈਰਨ ਦਾ ਭਾਈ ਦਰਬਾਰੀ ਦਾਸ ਨੇ ਆਪਣੀ ਪੋਥੀ ਵਿਚ ਤਾਂ ਵਰਨਣ ਕੀਤਾ ਹੈ ਪਰ ਇਸ ਘਟਨਾ ਦਾ ਜ਼ਿਕਰ ਪਰਚੀ 'ਵਿੱਚ ਨਹੀਂ ਆਇਆ:-

ਰਵਿਦਾਸ ਭਗਤਿ ਕਾ ਅੰਗੁ ਕਰਾਇਆ।।
ਸਾਲਿਗ੍ਰਾਮ ਨਦੀ ਤਰਿਆਇਆ ।।
ਪੰਡਿਤ ਕਉ ਐਸਾ ਡਰ ਦੀਨਾ।।
ਦੀਨੀ ਸੈਰ ਦਿਖਾਈ ਹੈ।।[84]

- - - - - - - - - -

ਰਵਿਦਾਸ ਪ੍ਰੀਤ ਲਗੀ ਪਰਮੇਸ਼ੁਰ ।।
ਬ੍ਰਹਮਨ ਪਤੀ ਆਏ ਜਗਤੇਸੁਰ ।।

ਸਾਲਿਗ੍ਰਾਮ ਨਦੀ ਤਰਿ ਆਏ ।।
ਬ੍ਰਹਮਨ ਸੋਹ ਦਿਖਰਾਤਾ।।[85]

ਕੁਸ਼ਲਦਾਸ ਰਚਿਤ ਇਸ ਗ੍ਰੰਥ ਵਿਚ ਮੋਣਿਆਂ ਦੀ ਬਾਣੀ ਤੋਂ ਭਗਤ ਰਵਿਦਾਸ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਹ ਗ੍ਰੰਥ ਡਾ. ਸਾਬਰ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬਰੇਰੀ ਦੇ ਦੁਰਲਭ ਸੰਗ੍ਰਹਿ ਵਿੱਚ ਹੱਥ ਲਿਖਿਤ ਸੰਗ੍ਰਹਿ ਨੰ: 598 ਅਨੁਸਾਰ ਮੌਜੂਦ ਪਿਆ ਹੈ। ਕੁਸ਼ਲਦਾਸ ਜੀ ਨੇ ਗੁਰੂ ਨਾਨਕ ਦੇਵ ਤੋਂ ਗੁਰੂ ਅਰਜਨ ਦੇਵ ਜੀ ਤੱਕ ਸਿੱਖ ਗੁਰੂਆਂ ਦੀ ਮਹਿਮਾ , ਪ੍ਰਿਥੀਚੰਦ ਦੀ ਗੱਦੀ ਦੇ ਵਾਰਸਾਂ ਮਿਹਰਬਾਨ, ਹਰਿ ਜੀ, ਕਮਲ ਨੈਨ, ਅਤੇ ਰਾਮ ਨਿਰਭਉ ਅਤੇ ਦੀਦਾਰ ਦਾਸ ਦਾ ਕ੍ਰਮਵਾਰ ਜੱਸ ਗਾਇਨ ਕਰਦਿਆਂ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕੁਝ ਭਗਤਾਂ ,ਕਬੀਰ, ਨਾਮਦੇਵ, ਰਵਿਦਾਸ ਆਦਿ ਦੀ ਉਪਮਾ ਵੀ ਕੀਤੀ ਹੈ। ਗੁਰੂ ਰਵਿਦਾਸ ਦੀ ਮਹਿਮਾ ਕਰਦਿਆਂ ਉਨ੍ਹਾਂ ਨੇ ਭਗਤ ਰਵਿਦਾਸ ਨੂੰ ਵੱਡਾ ਭਗਤ ਦੱਸਦਿਆਂ ਉਨ੍ਹਾਂ ਦੇ ਜੀਵਨ ਵਿੱਚ ਠਾਕਰਾਂ ਦਾ ਗੋਦੀ ਪੈਣਾ ਅਤੇ ਰੰਗਾ ਮਈਆ ਦਾ ਬਾਂਹ ਕੱਢ ਕੇ ਕਸੀਰਾ ਫੜਨ ਦੀ ਘਟਨਾ ਦਾ ਹਵਾਲਾ ਦਿੱਤਾ ਹੈ:-

ਭਗਤ ਬਡੇ ਰਵਿਦਾਸ ਹੈ ਕਿਆ ਮਹਮਾ ਗਾਏ।
ਸਿੰਘ ਰੂਪ ਹਰਿ ਧਾਰਿਆ ਦਿਜ ਸਕਲ ਡਰਾਹੇ।।
ਠ੍ਹਾਕਰ ਹੋਇ ਗੋਦੀ ਪਏ ਰਵਿਦਾਸ ਬੁਲਾਏ ।।
ਸਲੋਕਾ। ਵਾਹੁ ਵਾਹੁ ਹਰਿ ਭਗਤਿ ਹੈ ਜੋ ਜਪ ਤੇ ਹਰਿ ਨਾਉ।।
ਤਿਨ ਕੀ ਮਹਿਮਾ ਅਤਿ ਬਡੀ ਸਚਖੰਡ ਜਿਨ ਗਾਉ।।
ਲੀਉ ਕਸੀਰਾ ਰੰਗ ਮਾਤ ਤਬ ਦੂਜਾ ਕਢਾਏ ।।
ਬਾਦਸ਼ਾਹ ਸੰਗ ਪਿਥੀ ਜਬ ਚਾਮ ਉਠਾਏ।।
ਰਵਿਦਾਸੈ ਚਰਨੀ ਲਗੇ ਬਾਦਸਾਹ ਸੁਆਏ।।[86]

'ਭਗਤਿ ਪ੍ਰੇਮਾਕਰਿ' ਰਚਿਤ ਕਵੀ ਜੱਸਾ ਸਿੰਘ ਦੁਆਰਾ 1883 ਬਿਕਰਮੀ ਵਿੱਚ ਲਿਖਿਆ ਗ੍ਰੰਥ 24 ਭਗਤਾਂ ਦੇ ਜੀਵਨ-ਚਰਿੱਤਾਂ ਬਾਰੇ ਜਾਣਕਾਰੀ ਦਿੰਦਾ ਹੈ। ਇਸ ਗ੍ਰੰਥ ਦੇ ਅੰਤ ਉਤੇ ਕਵੀ ਨੇ ਆਪਣੇ ਫਗਵਾੜਾ ਨਿਵਾਸੀ ਹੋਣ ਦੀ ਤਸਦੀਕ ਕੀਤੀ ਹੈ। ਇਸ ਗ੍ਰੰਥ

ਦੇ ਕੁਲ 191 ਪੱਤਰੇ ਹਨ। ਗੁਰੂ ਰਵਿਦਾਸ ਦੀਆਂ 10 ਘਟਨਾਵਾਂ ਦਾ ਵਰਨਣ ਹੈ ਜਿਨ੍ਹਾਂ ਵਿਚੋਂ 8 ਤਾਂ ਪ੍ਰੇਮ-ਅੰਬੋਧ ਪੋਥੀ ਨਾਲ ਮਿਲਦੀਆਂ ਹੋਣ ਦੇ ਬਾਵਜੂਦ ਵੀ ਬਿਆਨ ਦੇ ਪੱਖੋਂ ਨਿਵੇਕਲੀਆਂ ਹਨ। 'ਭਗਤਮਾਲ ਸਟੀਕ ਦੇ ਨਾਂ ਹੇਠ ਕੁਝ ਹੋਰ ਗ੍ਰੰਥ ਕਵੀ ਕੀਰਤ ਸਿੰਘ ਦੇ ਨਾਂ ਹੇਠ ਮਿਲਦੇ ਹਨ ਪਰ ਡਾ. ਸਾਬਰ ਕਾਫੀ ਘੋਖਣ ਤੋਂ ਬਾਅਦ ਇਹ ਸਿੱਟਾ ਕੱਢਦੇ ਹਨ ਕਿ ਕਵੀ ਜੱਸਾ ਸਿੰਘ ਤੇ ਕਵੀ ਕੀਰਤ ਸਿੰਘ ਵਿੱਚ ਬਹੁਤ ਸਮਾਨਤਾ ਹੈ। ਡਾ. ਸਾਬਰ ਲਿਖਦੇ ਹਨ ਕਿ ਸੰਭਵ ਹੈ ਕਿ ਕਵੀ ਕੀਰਤ ਸਿੰਘ ਦਾ ਹੀ ਮੁੱਢਲਾ ਨਾਂ ਜੱਸਾ ਸਿੰਘ ਹੋਵੇ ਤੇ ਬਾਅਦ ਵਿੱਚ ਉਸਨੇ ਪਟਿਆਲਾ ਰਿਆਸਤ ਦੀ ਨੌਕਰੀ ਸਮੇਂ ਆਪਣਾ ਨਾਂ ਕੀਰਤ ਸਿੰਘ ਰੱਖ ਲਿਆ ਹੋਵੇ।[87]

ਪਰੰਤੂ ਕਵੀ ਕੀਰਤ ਸਿੰਘ ਦੇ ਗ੍ਰੰਥ ਵਿੱਚ ਭਗਤ ਰਵਿਦਾਸ ਦੇ ਜੀਵਨ ਬਾਰੇ 20 ਘਟਨਾਵਾਂ ਹਨ ਜਦ ਕਿ ਕਵੀ ਜੱਸਾ ਸਿੰਘ ਕੇਵਲ 10 ਘਟਨਾਵਾਂ ਦਾ ਜ਼ਿਕਰ ਕਰਦਾ ਹੈ। ਦੋਹਾਂ ਰਚਨਾਵਾਂ ਵਿੱਚ ਸ਼ਬਦਾਂ ਵਾਕਾਂ ਤੇ ਵਾਕਾਂਸ਼ ਵਿੱਚ ਕਾਫੀ ਸਮਾਨਤਾ ਦੋਹਾਂ ਦੇ ਇਕੋ ਵਿਅਕਤੀ ਹੋਣ ਦਾ ਭਰਮ ਪੈਦਾ ਕਰਦੀ ਹੈ ।[88]

ਸਾਧੂ (ਕਿਧੀ) ਦਾਸ ਉਦਾਸੀ ਦੁਆਰਾ ਰਚਿਆ ਗ੍ਰੰਥ 'ਭਗਤਿ ਸੁਧਾਸਰ' ਵਿਚ ਗੁਰੂ ਰਵਿਦਾਸ ਦਾ ਜੀਵਨ ਪੱਤਰਾ 131 ਤੋਂ 137 ਤੱਕ ਮਿਲਦਾ ਹੈ। ਇਸ ਗ੍ਰੰਥ ਦੀਆਂ ਘਟਨਾਵਾਂ ਵੀ 'ਪੋਥੀ ਪ੍ਰੇਮ-ਅੰਬੋਧ' ਤੋਂ ਪ੍ਰੇਰਤ ਹੋ ਕੇ ਲਿਖੀਆਂ ਜਾਪਦੀਆਂ ਹਨ ।[88]

ਗੁਰੂ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲੀ ਇਕ ਗੋਸ਼ਟਿ 'ਗੋਸਟਿ ਕਬੀਰ ਅਤੇ ਰਵਿਦਾਸ' ਹੈ। ਇਸ ਗੋਸਟਿ ਵਿਚ ਮੱਧਕਾਲੀ ਸੰਤ ਪਰੰਪਰਾ ਦੇ ਦੋ ਪ੍ਰਸਿੱਧ ਸੰਤ ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਵਿਚਕਾਰ ਬ੍ਰਹਮ ਦੇ ਸਰਗੁਣ ਅਤੇ ਨਿਰਗੁਣ[89] ਸਰੂਪ ਹੋਣ ਬਾਰੇ ਸੰਵਾਦ ਹੈ। ਪ੍ਰਮਾਣਿਕ ਤੱਥਾਂ ਦੀ ਅਣਹੋਂਦ ਕਾਰਨ ਇਸ ਗੋਸਟਿ ਦੇ ਰਚਨਾਹਾਰ ਦਾ ਪਤਾ ਨਹੀਂ ਲੱਗਦਾ। ਪਰੰਤੂ ਬਹੁਤੇ ਵਿਦਵਾਨਾਂ ਨੇ ਇਸ ਨੂੰ 'ਭਗਤ ਸੈਨ' ਦੀ ਰਚਨਾ ਮੰਨ ਲਿਆ ਹੈ ਜੋ ਬਾਧਵਗੜ੍ਹ ਦੇ ਰਾਜਾ ਦੇ ਨਾਈ ਸਨ।[90]

ਇਹ ਗੋਸਟਿ ਗੁਰਮੁਖੀ ਤੇ ਦੇਵਨਾਗਰੀ ਰੂਪ ਦੋਹਾਂ ਵਿੱਚ ਮਿਲਦੀ ਹੈ ਪਰੰਤੂ

ਇਨ੍ਹਾਂ ਵਿੱਚ ਕਾਫ਼ੀ ਭਿੰਨਤਾ ਹੈ। ਡਾ. ਬੀ.ਪੀ. ਸ਼ਰਮਾ ਇਸ ਨੂੰ ਅਨੰਤਦਾਸ ਵੈਸ਼ਣਵ ਦੀ ਰਚਨਾ ਮੰਨਦੇ ਹਨ ਜਦ ਕਿ ਨਾਗਰੀ ਸਭਾ ਦੀ ਰਿਪੋਰਟ ਵਿੱਚ ਇਸ ਨੂੰ ਕਬੀਰ ਪੰਥੀ ਭਗਤ ਸੇਨੂੰ ਦੀ ਰਚਨਾ ਮੰਨਿਆ ਗਿਆ ਹੈ।[91] ਰਾਜਿਸਥਾਨ ਪ੍ਰਾਚਯ ਵਿੱਦਿਆ ਸ਼ੋਧ ਪ੍ਰਤਿਸ਼ਠਾਨ ਜੈਪੁਰ ਦੇ ਹੱਥ ਲਿਖਤ ਗ੍ਰੰਥ ਨੰ: 62 ਵਿੱਚ ਇਹ ਗੋਸਟਿ 4 ਬੰਦਾਂ ਵਿੱਚ ਪੰਨਾ 324 ਤੋਂ 327 ਤਕ ਦਰਜ ਹੈ। ਹਰ ਬੰਦ ਦੋ ਤੁਕਾਂ ਦਾ ਹੈ ਪਰ ਗੁਰਮੁਖੀ ਵਿੱਚ ਇਹ ਰੂਪ ਦੇਵਨਾਗਰੀ ਲਿੱਪੀ ਨਾਲੋਂ ਭਿੰਨ ਚਉਪਦਿਆਂ ਵਿੱਚ ਹੈ ।

ਇਸ ਰਚਨਾ ਤੋਂ ਇਹ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਜੀ ਆਰੰਭ ਵਿੱਚ ਸਰਗੁਣਵਾਦੀ ਸਨ ਤੇ ਕਬੀਰ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਨਿਰਗੁਣਵਾਦੀ ਬਣੇ।[92]

ਕਵੀ ਧਿਆਨ ਸਿੰਘ ਦੀ ਰਚਨਾ ਭਗਤ ਰਸ ਮੰਜਰੀ ਪੋਥੀ' ਪੰਜਾਬੀ ਭਾਸ਼ਾ ਵਿੱਚ ਸ੍ਰੀ ਨਾਭਾ ਦਾਸ ਦੀ ਭਗਤਮਾਲ ਦਾ ਟੀਕਾ ਹੈ। ਇਸ ਗ੍ਰੰਥ ਵਿਚ ਭਗਤ ਰਵਿਦਾਸ ਦੇ ਜੀਵਨ ਬਾਰੇ 7 ਘਟਨਾਵਾਂ ਦਾ ਵਰਨਣ ਹੈ ਜਿਨ੍ਹਾਂ ਦਾ ਸ੍ਰੋਤ ਪੋਥੀ ਪ੍ਰੇਮ-ਅੰਬੋਧ ਹੈ। ਇਸ ਗ੍ਰੰਥ ਵਿੱਚ 178 ਦੇ ਲਗਭਗ ਭਗਤਾਂ ਦਾ ਜੀਵਨ-ਚਰਿੱਤ ਪੇਸ਼ ਕੀਤਾ ਗਿਆ ਹੈ। ਇਸ ਗ੍ਰੰਥ ਦੀ ਇਕੋ ਇੱਕ ਹੱਥ ਲਿਖਿਤ ਕਾਪੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 611 ਨੰਬਰ ਉੱਪਰ ਉਪਲਬਧ ਹੈ।[93]

ਵਾਰਤਕ ਟੀਕਾ ਭਗਤਮਾਲ ਕ੍ਰਿਤ ਲਾਲ ਸਿੰਘ ਨਰੋਤਮ ਵਾਰਤਕ ਵਿਚ ਲਿਖੀ ਭਗਤਮਾਲ ਹੈ। ਇਸ ਗ੍ਰੰਥ ਵਿਚ ਭਗਤ ਰਵਿਦਾਸ ਬਾਰੇ 6 ਸਾਖੀਆਂ ਪੰਨਾ 474 ਤੋਂ 494 ਤੱਕ ਦਰਜ ਹਨ। ਇਸ ਗ੍ਰੰਥ ਦੇ ਸ੍ਰੋਤ ਜਾਂ ਇਸ ਦੇ ਪਹਿਲੇ ਐਡੀਸ਼ਨ ਛਪਣ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਗ੍ਰੰਥ ਵਿਚ ਰਵਿਦਾਸ ਜੀ ਦਾ ਸੁਆਮੀ ਰਾਮਾਨੰਦ ਨੂੰ ਭਿੱਖਿਆ ਅੰਨ ਭੋਜਨ ਖੁਆਉਣਾ ਤੇ ਸਰਾਪ, ਚਮਾਰਨ ਮਾਂ ਦਾ ਦੁੱਧ ਨਾ ਪੀਣਾ, ਪਿਉ ਨੇ ਘਰੋਂ ਕੱਢ ਦੇਣਾ, ਜੁੱਤੀਆਂ ਗੰਢਣਾ, ਦਮੜੀ ਗੰਗਾ ਦੀ ਭੇਟਾ, ਬ੍ਰਾਹਮਣ ਨੇ ਬੇਈਮਾਨ ਹੋਣਾ, ਕੰਗਣ ਵੇਚਦੇ ਫੜੇ ਜਾਣਾ, ਰਾਜੇ ਨੂੰ ਗੁਰੂ ਰਵਿਦਾਸ ਨੇ ਕੁਠਾਲੀ ਵਿੱਚੋਂ ਹੋਰ ਕੰਗਣ ਦੇਣੇ । ਸੰਤਾਂ ਨੇ ਪਾਰਸ ਦੇਣਾ, ਸੰਪਟ ਹੇਠੋਂ ਮੋਹਰਾਂ ਮਿਲਣੀਆਂ, ਬ੍ਰਾਹਮਣਾਂ ਦੀ ਰਾਜੇ ਕੋਲ ਸ਼ਿਕਾਇਤ ਠਾਕਰ ਦਾ ਤੈਰਨਾ, ਚਿਤੌੜ ਦੀ ਰਾਣੀ ਝਾਲੀ ਨੇ ਚੇਲੀ ਬਣਨਾ ਤੇ ਚਿਤੌੜ ਜਾਣਾ ,

ਬ੍ਰਾਹਮਣਾ ਵਿਚਕਾਰ ਬੈਠਣ ਦਾ ਕੌਤਕ ਅਤੇ ਤਵਚਾ ਚੀਰ ਕੇ ਜਨੇਊ ਦਿਖਾਉਣਾ ਆਦਿ ਸਾਖੀਆਂ ਦਰਜ ਹਨ ।[94] ਇਨ੍ਹਾਂ ਸਾਰੀਆਂ ਘਟਨਾਵਾਂ ਦਾ ਪ੍ਰੇਰਨਾ ਸ੍ਰੋਤ ਪੋਥੀ ਪ੍ਰੇਮ-ਅੰਬੋਧ ਹੀ ਜਾਪਦਾ ਹੈ ।

ਇਨ੍ਹਾਂ ਸਾਰੇ ਹਿੰਦੀ ਤੇ ਪੰਜਾਬੀ ਸ੍ਰੋਤਾਂ ਦੀ ਮੌਜੂਦਗੀ ਵਿਚ ਇਕ ਗੱਲ ਜੋ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਹਿੰਦੀ ਸ੍ਰੋਤਾਂ ਨੂੰ ਪਰਚਈ ਅਨੰਤਦਾਸ ਤੇ ਭਗਤ ਮਾਲ ਕ੍ਰਿਤ ਨਾਭਾਦਾਸ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਕਿਉਂਕਿ ਪਰਚਈ ਅਨੰਤਦਾਸ ਸਭ ਤੋਂ ਪ੍ਰਾਚੀਨ-ਸ੍ਰੋਤ ਹੈ। ਮਹਾਂਪੁਰਸ਼ਾਂ ਬਾਰੇ ਲੋਕਧਾਰਾਈ ਸਮੱਗਰੀ ਬਿਖੰਤਰ ਹੁੰਦੀ ਰਹਿੰਦੀ ਹੈ ਤੇ ਅਨੰਤਦਾਸ ਵੈਸ਼ਣਵ ਨੇ ਇਸ ਸਮੱਗਰੀ ਵਿਚੋਂ ਪਰਚਈ ਦੀ ਰਚਨਾ ਕੀਤੀ। ਬੇਸ਼ੱਕ ਇਸ ਵਿਚ ਇਤਿਹਾਸਕ ਤੱਥਾਂ ਦੀ ਘਾਟ ਤੇ ਮਿਥਿਹਾਸਕ ਤੱਥਾਂ ਦੀ ਭਰਮਾਰ ਹੈ ਪਰ ਇਸ ਪਿੱਛੇ ਪੌਰਾਣਿਕ ਸਾਹਿਤ ਦਾ ਖ਼ਜ਼ਾਨਾ ਵੀ ਕੰਮ ਕਰਦਾ ਹੈ ਤੇ ਦੈਵੀ ਹੋਂਦ ਦਾ ਸਿਧਾਂਤ ਵੀ । ਅਸੀਂ ਇਉਂ ਕਹਿ ਸਕਦੇ ਹਾਂ ਕਿ ਅਨੰਤਦਾਸ ਵੈਸ਼ਣਵ ਦੇ ਹੱਥਾਂ ਵਿਚ ਭਗਤ ਰਵਿਦਾਸ ਦਾ ਜੋ ਦੈਵੀਕਰਣ ਹੋਇਆ ਸੀ ਉਹ ਨਿਰੰਤਰ ਅੱਜ ਤੀਕ ਚੱਲਦਾ ਆ ਰਿਹਾ ਹੈ। ਸਮਾਂ ਬੀਤਣ ਨਾਲ ਕੁਝ ਸ੍ਰੋਤਾਂ ਵਿਚ ਘਟਨਾਵਾਂ ਦੀ ਗਿਣਤੀ ਵਧੀ ਹੈ ਇਸ ਦਾ ਇਕ ਵੱਡਾ ਕਾਰਨ ਲੋਕ-ਧਾਰਾਈ ਸਮੱਗਰੀ ਦੇ ਖ਼ਜ਼ਾਨੇ ਵਿਚ ਨਿਰੰਤਰ ਵਾਧੇ ਦਾ ਹੋਣਾ ਹੈ। ਅੱਜ ਵੀ ਜਨਮ — ਸਾਖੀ ਰਚਨਾ ਦਾ ਸੋਮਾ ਲੋਕਧਾਰਾਈ ਸਮੱਗਰੀ ਹੈ ਤੇ ਇਹ ਵਿਅਕਤੀ ਦੀ ਨਹੀਂ ਸਗੋਂ ਸਮੂਹ ਦੀ ਰਚਨਾ ਹੈ ।

ਗੁਰਮੁਖੀ ਲਿੱਪੀ ਵਿੱਚ ਮਿਲਦੇ ਸ੍ਰੋਤਾਂ ਤੇ ਸਭ ਤੋਂ ਵੱਧ ਪ੍ਰਭਾਵ 'ਪੋਥੀ ਪ੍ਰੇਮ ਅੰਬੋਧ' ਨੇ ਪਾਇਆ ਹੈ। ਇਸ ਗ੍ਰੰਥ ਤੇ ਵੀ ਪ੍ਰਮੁੱਖ ਪ੍ਰਭਾਵ 'ਪਰਚਈ ਅਨੰਤਦਾਸ' ਤੇ ਭਗਤਮਾਲ ਦਾ ਪਿਆ ਹੈ। ਪੰਜਾਬੀ ਵਿੱਚ ਇਹੀ ਪਰੰਪਰਾ ਕਾਇਮ ਰਹੀ ਹੈ ਤੇ ਆਧੁਨਿਕ ਕਾਲ ਵਿੱਚ ਲਿਖੀਆਂ ਗਈਆਂ ਜਨਮ ਸਾਖੀਆਂ ਇਸੇ ਪਰੰਪਰਾ ਤੋਂ ਪ੍ਰਭਾਵਿਤ ਹੋਈਆਂ ਹਨ।

## ਟਿੱਪਣੀਆਂ ਤੇ ਹਵਾਲੇ

1. ਡਾ. ਧਰਮਪਾਲ ਸਿੰਗਲ, ਪੰਜਾਬੀ ਜੀਵਨੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ- 1.
2. ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਪੰਨਾ- 9
3. ਡਾ. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ- 77.
4. -ਉਹੀ-, ਪੰਨਾ- 17.
5. ਪੰਜਾਬੀ ਜੀਵਨੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ- 36.
6. ਡਾ. ਪਿਆਰ ਸਿੰਘ, ਜਨਮ ਸਾਖੀ ਅਧਿਐਨ, ਪੰਨਾ- 27.
7. ਸ੍ਰ. ਦਰਸ਼ਨ ਸਿੰਘ, ਏ ਸਟੱਡੀ ਆਫ ਭਗਤ ਰਵਿਦਾਸ, ਪੰਨਾ- 2.
8. ਲਿਟਰੇਸਰੀ ਬਾਇਓਗਰਾਫੀ, ਨਿਊਨ ਐਂਡਲ, ਪੰਨਾ- 4.
ਹਵਾਲਾ: ਪੰਜਾਬੀ ਜੀਵਨੀ: ਸਰੂਪ, ਸਿੱਧਾਂਤ ਤੇ ਵਿਕਾਸ, ਪੰਨਾ- 81.
9. ਡਾ. ਹਰਿਭਜਨ ਸਿੰਘ, ਸਾਖੀ ਸੁਰਤਿ, ਭੂਮਿਕਾ 12.
10. -ਉਹੀ-, ਪੰਨਾ- 47.
11. ਪੰਜਾਬੀ ਜੀਵਨੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ- 134.
12. ਪ੍ਰਕਾਸ਼ ਨਰਾਇਣ ਦੀਕਸ਼ਤ, ਨਾਭਾ ਦਾਸ ਕ੍ਰਿਤ ਭਕਤਮਾਲ ਏਕ ਅਧਿਐਨ, ਪੰਨਾ- 60.
13. ਡਾ. ਰਤਨ ਸਿੰਘ ਜੱਗੀ, ਪੁਰਾਤਨ ਪੰਜਾਬੀ ਵਾਰਤਕ, ਪੰਨਾ- 198.
14. ਡਾ. ਜਗਜੀਤ ਸਿੰਘ, ਆਧੁਨਿਕ ਜਨਮ ਸਾਖੀ, ਭੂਮਿਕਾ- 1.
15. ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ, ਪਨਾ- 16.
16. ਸਾਖੀ-ਸੁਰਤਿ (ਸਾਖੀ ਸਾਹਿਤ-ਨਵ-ਵਿਵੇਚਨ), ਪੰਨਾ- 111.
17. -ਉਹੀ-, ਪੰਨਾ- 83.
18. ਸਾਖੀ ਸੁਰਤਿ, ਪੰਨਾ- 77.
19. ਪੰਜਾਬੀ ਜੀਵਨੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ- 90.
20. ਡਾ. ਪਿਆਰ ਸਿੰਘ, ਆਦਿ ਸਾਖੀਆਂ, ਪੰਨਾ- 10.
21. ਡਾ. ਮਨਜੀਤ ਸਿੰਘ, ਸਾਖੀ ਸਾਹਿਤ-ਨਵ ਵਿਵੇਚਨ, ਪੰਨਾ- 111.
22. ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ, ਪੰਨਾ- 172.
23. ਪੰਜਾਬੀ ਜੀਵਨੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ- 36.

24. ਡਾ. ਕਿਰਪਾਲ ਸਿੰਘ , ਜਨਮਸਾਖੀ ਪਰੰਪਰਾ— ਪਰਵੇਸ਼ਕਾ— 6.

25. ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ- 77.

26. ਸਾਖੀ ਸੁਰਤਿ, ਪੰਨਾ- 47.

27. ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ- 146.

28. ਜਨਮ ਸਾਖੀ ਪਰੰਪਰਾ , ਪੰਨਾ- 111.

29. ਡਾ. ਕੰਵਲਜੀਤ ਗਰੇਵਰ, (ਗੁਰੂ ਨਾਨਕ ਦੇਵ ਦੀਆਂ ਜਨਮਸਾਖੀਆਂ ਵਿੱਚ ਕਥਾਨਕ ਰੂੜ੍ਹੀਆਂ) 'ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 89.

30. ਪ੍ਰਕਾਸ਼ ਨਰਾਇਣ ਦੀਕਸ਼ਤ, ਨਾਭਾਦਾਸ ਕ੍ਰਿਤ ਭਕਤਮਾਲ ਏਕ ਅਧਿਅਨ? ਪੰਨਾ- 60.

31. ਪੰਜਾਬੀ ਜੀਵਨੀ : ਸਰੂਪ ਸਿੱਧਾਂਤ ਤੇ ਵਿਕਾਸ, ਪੰਨਾ- 146.

32. ਭਾਈ ਗੁਰਦਾਸ, ਪਹਿਲੀ ਵਾਰ ਪਉੜੀ (23ਵੀ— 45ਵੀਂ )

33. ਸਾਖੀ-ਸੁਰਤਿ, ਪੰਨਾ- 147

34. ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ- 16.

35. -ਉਹੀ-, ਪੰਨਾ- 16.

36. ਸਾਖੀ-ਸੁਰਤਿ, ਪੰਨਾ- 68.

37. -ਉਹੀ-, ਪੰਨਾ- 79.

38. ਆਦਿ ਸਾਖੀਆਂ, ਪੰਨਾ- 104.

39. ਸਾਖੀ ਸੁਰਤਿ (ਸਾਖੀ ਰੂਪਾਕਾਰ ਦੀ ਸਮੱਸਿਆ)ਪੰਨਾ- 140.

40. -ਉਹੀ-, ਪੰਨਾ- 140.

41. -ਉਹੀ-, ਪੰਨਾ- 142.

42. -ਉਹੀ-, ਪੰਨਾ- 136.

43. ਡਾ. ਰਤਨ ਸਿੰਘ ਜੱਗੀ, ਪੁਰਾਤਨ ਪੰਜਾਬੀ ਵਾਰਤਕ, ਪੰਨਾ- 6.

44. ਪੰਜਾਬੀ ਜੀਵਨੀ: ਸਰੂਪ ਸਿੱਧਾਂਤ ਤੇ ਵਿਕਾਸ, ਪੰਨਾ- 135.

45. ਸਾਖੀ-ਸੁਰਤਿ, ਪੰਨਾ- 47.

46. ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 11.
47. ਡਬਲਿਯੂ.ਐਚ. ਮੈਕਲੋਡ, ਗੁਰੂ ਨਾਨਕ ਐਂਡ ਸਿੱਖ ਰਿਲੀਜ਼ਨ, ਪੰਨਾ 14
48. ਮੱਧਕਾਲੀਨ ਰੂਪ ਕਥਾ ਤੇ ਪਰੰਪਰਾ, ਪੰਨਾ 43.
49. ਡਾ. ਧਰਮਪਾਲ ਸਿੰਘਲ, ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਭੂਮਿਕਾ
50. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ(ਪਰਿਚਈ ਅਨੰਤਦਾਸ) ਪੰਨਾ 204
51. ਰਾਜਸਥਾਨ ਪ੍ਰਾਚਯ ਵਿਦਿਆ ਸ਼ੋਧ ਪ੍ਰਤਿਸਠਾਨ ਜੋਧਪੁਰ

    ਹਵਾਲਾ -ਉਹੀ-, ਪੰਨਾ 204
52. ਪ੍ਰਾਚੀਨ ਜੀਵਨ ਕਥਾ ਗੁਰੂ ਰਵਿਦਾਸ ਜੀ, ਪੰਨਾ 2
53. -ਉਹੀ-, ਪੰਨਾ 23.
54. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 236
55. ਹਿਤੈਸ਼ੀ ਪੱਤ੍ਰਿਕਾ, ਦਸੰਬਰ-ਜਨਵਰੀ 1941–42, ਪੰਨਾ 141.
56. ਹਿੰਦੀ ਸਾਹਿਤ-ਖੰਡ 'ਰਾਮ ਕਾਵਿ' ਭਾਰਤੀ ਹਿੰਦੀ ਪ੍ਰੀਸਦ ਪ੍ਰਯਾਗ, ਪੰਨਾ 328
57. ਰਵਿਦਾਸ ਸ੍ਰੋਤ ਪੁਸਤਕ, ਪੰਨਾ 238.
58. -ਉਹੀ-, ਪੰਨਾ 239.
59. ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਪੰਨਾ 525.
60. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 240.
61. -ਉਹੀ-, ਪੰਨਾ 253.
62. ਭਗਤ ਰਸ ਬੋਧਨੀ, ਛੰਦ 631.
63. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 254
64. -ਉਹੀ-, ਪੰਨਾ 254
65. ਰਾਘੋਦਾਸ ਕ੍ਰਿਤ ਭਗਤਮਾਲ, ਅਗਰਚੰਦ ਨਾਹਟਾ, ਭੂਮਿਕਾ, ਪੰਨਾ ਸ਼
66. -ਉਹੀ-, ਪੰਨਾ 249.
67. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 250.
68. -ਉਹੀ-, ਪੰਨਾ 266

69. ਜੋਗਿੰਦਰ ਸਿੰਘ, ਸੰਤ ਰੈਦਾਸ, ਪੰਨਾ- 23.

70. ਸੰਤ ਗੁਰੂ ਰਵਿਦਾਸ ਬਾਣੀ, ਪੰਨਾ- 143.

71. ਹਸਤ ਲਿਖਿਤ ਹਿੰਦੀ ਗ੍ਰੰਥੋਂ ਕਾ ਸੰਕਸ਼ਿਪਤ ਵਿਵਰਣ, ਭਾਗ-1, ਪੰਨਾ- 114
(ਸੰਨ 1941 ਦੀ ਖੋਜ ਰਿਪੋਰਟ, ਨੰ- 302.

72. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 157.

73. ਸਾਡਾ ਹੱਥ ਲਿਖਿਤ ਸਾਹਿਤ, ਪੰਨਾ- 182.

74. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 273.

75. -ਉਹੀ-, ਪੰਨਾ- 274.

76. ਵਾਰ -16, ਪਉੜੀ 17.

77. ਗੋਸ਼ਟਾਂ ਸੋਢੀ ਮਿਹਰਬਾਨ, ਪੰਨਾ- 190.

78. -ਉਹੀ-, ਪੰਨਾ- 262.

79. -ਉਹੀ-, ਪੰਨਾ- 496.

80. ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ, (ਸ਼ੋਧ ਪ੍ਰਬੰਧ),
ਹਵਾਲਾ- ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 681.

81. -ਉਹੀ-, ਪੰਨਾ- 83.

82. -ਉਹੀ-, ਪੰਨਾ- 83.

83. -ਉਹੀ-, ਪੰਨਾ- 83.

84. -ਉਹੀ-, ਪੰਨਾ- 85.

85. -ਉਹੀ-, ਪੰਨਾ- 85.

86. -ਉਹੀ-, ਪੰਨਾ- 123.

87. -ਉਹੀ-, ਪੰਨਾ- 125.

88. -ਉਹੀ-, ਪੰਨਾ- ~~125.~~ 146

89. ਜੋਗਿੰਦਰ ਸਿੰਘ, ਸੰਤ ਰੈਦਾਸ, ਪੰਨਾ- 23.

90. ਸੰਤ ਗੁਰੂ ਰਵਿਦਾਸ ਬਾਣੀ, ਪੰਨਾ- 143.

91. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 157.

92. -ਉਹੀ-, ਪੰਨਾ- 157.

93. -ਉਹੀ-, ਪੰਨਾ- 177.

94. -ਉਹੀ-, ਪੰਨਾ- 183.

# ਅਧਿਆਇ ਦੂਜਾ

## ਗੁਰੂ ਰਵਿਦਾਸ ਨਾਲ ਸੰਬੰਧਿਤ ਉਪਲਬਧ ਜਨਮ ਸਾਖੀ ਸਾਹਿਤ

## ਗੁਰੂ ਰਵਿਦਾਸ ਨਾਲ ਸੰਬੰਧਿਤ ਉਪਲਬਧ ਜਨਮ ਸਾਖੀ ਸਾਹਿਤ

### ਪ੍ਰਕਾਸ਼ਿਤ ਜਨਮ ਸਾਖੀਆਂ

ਇਤਿਹਾਸ ਦੇ ਝਰੋਖੇ 'ਚੋਂ ਹੋਰ ਸੰਤਾਂ ਵਾਂਗ ਗੁਰੂ ਰਵਿਦਾਸ ਦੇ ਜੀਵਨ ਬਾਰੇ ਵੀ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਗੁਰੂ ਰਵਿਦਾਸ ਦੇ ਜੀਵਨ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਾ ਮਿਲਣ ਦਾ ਵੱਡਾ ਕਾਰਨ ਉਨ੍ਹਾਂ ਦਾ ਆਪਣੇ ਬਾਰੇ ਚੁੱਪ ਰਹਿਣਾ ਸੀ। ਸਭ ਤੋਂ ਵੱਧ ਪ੍ਰਮਾਣਿਕ ਸ੍ਰੋਤ –ਉਨ੍ਹਾਂ ਦੀ ਬਾਣੀ ਵਿਚੋਂ ਵੀ ਉਨ੍ਹਾਂ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਦੀ ਬਾਣੀ ਵਿਚੋਂ ਸਿਰਫ ਉਨ੍ਹਾਂ ਦੀ ਜਾਤ ਤੇ ਜਨਮ ਸਥਾਨ ਬਨਾਰਸ ਦਾ ਹੀ ਪਤਾ ਲੱਗਦਾ ਹੈ। ਇਨ੍ਹਾਂ ਤੱਥਾਂ ਦੀ ਅਣਹੋਂਦ ਦਾ ਕਾਰਨ ਸਮੁੱਚਾ ਮਾਹੋਲ ਸੀ ਜਿਸ ਦੀ ਸਿਰਜਨਾ ਭਾਰਤੀ ਦਰਸ਼ਨ ਸੀ। ਜਿਸ ਅਨੁਸਾਰ ਇਸ ਜੀਵਨ ਨੂੰ ਨਾਸ਼ਵਾਨ ਸਮਝ ਕੇ ਇਸ ਬਾਰੇ ਵੇਰਵੇ ਇਕੱਤਰ ਕਰਨ ਵਿੱਚ ਕੋਈ ਰੁਚੀ ਨਹੀਂ ਦਿਖਾਈ ਜਾਂਦੀ ਸੀ। ਡਾ. ਧਰਮ ਪਾਲ ਸਿੰਗਲ ਨੇ ਇਸ ਮਾਹੋਲ ਨੂੰ ਮੱਦੇ ਨਜ਼ਰ ਰੱਖ ਕੇ ਲਿਖਿਆ ਹੈ ਕਿ ਮੱਧਕਾਲ ਵਿਚ ਸ੍ਵੈ ਜੀਵਨੀ ਜਾਂ ਜੀਵਨੀ ਲਿਖਣ ਦੀ ਪਰੰਪਰਾ ਨਹੀਂ ਸੀ।"[1]

ਮਹਾਂਪੁਰਸ਼ਾਂ ਦੇ ਜੀਵਨ ਦੇ ਤੱਥ ਨਾ ਮਿਲਣ ਦਾ ਕਾਰਨ ਦੱਸਦਿਆਂ ਸ੍ਰੀ ਦਰਸ਼ਨ ਸਿੰਘ ਲਿਖਦੇ ਹਨ ਕਿ ਇਨ੍ਹਾਂ ਤੱਥਾਂ ਦੀ ਅਣਹੋਂਦ ਦਾ ਕਾਰਨ ਭਾਰਤੀ ਧਾਰਮਿਕ-ਦਾਰਸ਼ਨਿਕ ਦ੍ਰਿਸ਼ਟੀਆਚਾਰ ਸੀ।[2] ਸ੍ਰ. ਦਰਸ਼ਨ ਸਿੰਘ ਲਿਖਦੇ ਹਨ ਕਿ ਇਤਿਹਾਸਕ ਜੀਵਨੀਆਂ (HISTORIOGRAPHY) ਲਿਖਣ ਦੀ ਪਰੰਪਰਾ ਦਾ ਆਭਾਵ ਸੀ।[3]

ਸ੍ਰ. ਦਰਸ਼ਨ ਸਿੰਘ ਅਤੇ ਡਾ. ਧਰਮਪਾਲ ਸਿੰਗਲ ਦੇ ਵਿਚਾਰਾਂ ਮੁਤਾਬਕ ਅਜਿਹੀ ਹਾਲਤ ਵਿਚ ਮੱਧਕਾਲ ਦੇ ਇਨ੍ਹਾਂ ਮਹਾਂਪੁਰਸ਼ਾਂ ਬਾਰੇ ਜਾਣਕਾਰੀ ਸਾਨੂੰ ਮੁਸ਼ਕਲ ਮਿਲਦੀ ਹੈ ਪਰ ਫਿਰ ਵੀ ਕੁਝ ਅਜਿਹੇ ਸ੍ਰੋਤ ਹਨ ਜੋ ਕਿ ਪੂਰੀ ਤਰ੍ਹਾਂ ਤੱਥਾਂ ਤੇ ਆਧਾਰਿਤ ਨਾ ਹੁੰਦੇ ਹੋਏ ਵੀ ਕਿਸੇ ਹੱਦ ਤੱਕ ਇਸ ਆਭਾਵ ਦੀ ਪੂਰਤੀ ਕਰਦੇ ਹਨ। ਇਨ੍ਹਾਂ ਸਰੋਤਾਂ ਨੂੰ ਕਦੀ ਪਰਚਈ, ਕਦੀ ਭਗਤਮਾਲ, ਕਦੀ ਜੀਵਨ-ਚਰਿੱਤ ਤੇ ਕਦੀ ਜਨਮ ਸਾਖੀਆਂ ਕਿਹਾ ਜਾਂਦਾ ਰਿਹਾ ਹੈ। ਬੇਸ਼ੱਕ ਭਾਸ਼ਾ ਤੇ ਕਾਲ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਕਾਫੀ ਭਿੰਨਤਾ ਹੈ ਪਰੰਤੂ ਬੁਨਿਆਦੀ ਤੌਰ 'ਤੇ ਰਚਨਾਤਮਕ ਪੱਖ ਤੋਂ ਕਾਫੀ ਸਮਾਨਤਾ ਹੈ। ਇਨ੍ਹਾਂ ਵਿਚ ਕੁਝ ਅਜਿਹੇ ਤੱਤ ਰਲਦੇ ਰਹੇ ਹਨ

ਜੋ ਯਥਾਰਥ ਨਾਲੋਂ ਕਲਪਨਾ ਤੇ ਜ਼ਿਆਦਾ ਆਧਾਰਿਤ ਹਨ। ਇਹ ਤੱਤ ਸੱਚ ਨਾ ਹੋ ਕੇ ਵੀ ਲੋਕ-ਮਨ ਦੀ ਸੋਚ ਦੇ ਜ਼ਿਆਦਾ ਨੇੜੇ ਹਨ ।

ਗੁਰੂ ਰਵਿਦਾਸ ਦੇ ਜੀਵਨ ਬਾਰੇ ਜਾਣਕਾਰੀ ਵੀ ਸਾਨੂੰ ਕੁਝ ਅਜਿਹੇ ਸ੍ਰੋਤਾਂ ਤੋਂ ਮਿਲਦੀ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਪਿਛਲੇ ਪੰਨਿਆਂ ਵਿਚ ਕਰ ਆਏ ਹਾਂ। ਇਨ੍ਹਾਂ ਸ੍ਰੋਤਾਂ ਬਾਰੇ ਵਿਚਾਰ ਕਰਦਿਆਂ ਪ੍ਰਸਿੱਧ ਵਿਦਵਾਨ ਕੇ.ਐਨ. ਉਪਾਧਿਆਇ ਲਿਖਦੇ ਹਨ , " ਇਹ ਦਾਅਵਾ ਕਰ ਸਕਣਾ ਮੁਸ਼ਕਲ ਹੈ ਕਿ ਇਨ੍ਹਾਂ ਸ੍ਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ ਠੋਸ ਅਤੇ ਪੂਰੀ ਤਰ੍ਹਾਂ ਭਰੋਸੇਯੋਗ ਹੈ। ਮਹਾਂਪੁਰਖਾਂ ਦੁਆਰਾ ਕੀਤੀ ਗਈ ਗੁਰੂ ਰਵਿਦਾਸ ਜੀ ਦੀ ਉਪਮਾ ਦੇ ਪਿੱਛੇ ਕੰਮ ਕਰ ਰਹੀ ਭਾਵਾਂ ਦੀ ਨਿਰਛਲਤਾ ਬਾਰੇ ਸੰਦੇਹ ਨਹੀਂ ਕੀਤਾ ਜਾ ਸਕਦਾ, ਪਰ ਇਸ ਗੱਲ ਬਾਰੇ ਕੁਝ ਕਹਿ ਸਕਣਾ ਕਠਿਨ ਹੈ ਕਿ ਆਪ ਦੇ ਸਮਕਾਲੀ ਜਾਂ ਆਪ ਤੋਂ ਪਿੱਛੋਂ ਹੋਏ ਮਹਾਂਪੁਰਖਾਂ ਨੇ ਆਪ ਦੀ ਉਪਮਾ ਕਰਦੇ ਹੋਏ ਕਾਵਿਕ ਅਤਿ-ਕਥਨੀ ਦੀ ਵਰਤੋਂ ਤਾਂ ਨਹੀਂ ਕੀਤੀ ਅਤੇ ਕੁਝ ਗੱਲਾਂ ਨਿਰੋਲ ਤੱਥਾਂ ਦੀ ਬਜਾਇ ਕੇਵਲ ਕਲਪਨਾ ਦੇ ਆਧਾਰ ਤੇ ਨਹੀਂ ਕਹਿ ਦਿੱਤੀਆਂ।"[4]

ਡਾ. ਉਪਾਧਿਆਇ ਦੀ ਦਲੀਲ ਵਿਚ ਵਜ਼ਨ ਹੈ ਕਿਉਂਕਿ ਉਪਮਾ ਕਰਦਿਆਂ ਅਕਸਰ ਅਤਿਕਥਨੀ ਹੋ ਹੀ ਜਾਂਦੀ ਹੈ ਕਿਉਂਕਿ ਦੋਹਾਂ ਦਾ ਬੜਾ ਨੇੜੇ ਦਾ ਰਿਸ਼ਤਾ ਹੈ। ਡਾ. ਉਪਾਧਿਆਇ ਅੱਗੇ ਲਿਖਦੇ ਹਨ ਕਿ ਗੁਰੂ ਰਵਿਦਾਸ ਜੀ ਦੇ ਸਮਕਾਲੀਆਂ ਸੰਤ ਕਬੀਰ ਅਤੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਦੇ ਪ੍ਰਮਾਣ ਗੁਰੂ ਰਵਿਦਾਸ ਦੀ ਜੀਵਨ-ਕਾਲ ਨਿਸ਼ਚਤ ਕਰਨ ਵਿਚ ਕਾਫੀ ਸਹਾਇਤਾ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਇਹ ਸਾਰੇ ਹੀ ਸ੍ਰੋਤ ਪ੍ਰਸੰਸਾ ਨਾਲ ਭਰਪੂਰ ਹਨ।[5]

ਸ੍ਰ. ਦਰਸ਼ਨ ਸਿੰਘ ਇਨ੍ਹਾਂ ਸ੍ਰੋਤਾਂ ਬਾਰੇ ਲਿਖਦੇ ਹਨ ਕਿ ਇਹ ਪਰੰਪਰਾਵਾਦੀ ਸਾਹਿਤ ਵਿਚ ਵੱਖ-ਵੱਖ ਫਿਰਕਿਆਂ ਦੇ ਲੇਖਕਾਂ ਨੇ ਆਪਣੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਰਵਿਦਾਸ ਦਾ ਚਿੱਤਰ ਉਲੀਕਿਆ ਹੈ।[6]

ਇਨ੍ਹਾਂ ਸ੍ਰੋਤਾਂ ਨੂੰ ਵੇਖਣ ਤੋਂ ਬਾਦ ਡਾ. ਦਰਸ਼ਨ ਸਿੰਘ ਦਾ ਵਿਚਾਰ ਸਹੀ ਜਾਪਦਾ ਹੈ। ਇਸ ਦੀ ਇਕ ਮਿਸਾਲ ਬਹੁਤੇ ਸ੍ਰੋਤਾਂ ਵਿੱਚ ਗੁਰੂ ਰਵਿਦਾਸ ਨੂੰ ਬ੍ਰਾਹਮਣ ਸਿੱਧ ਕਰਨਾ ਹੈ।

ਇਹ ਸਾਹਿਤ ਉਸ ਸ਼੍ਰੇਣੀ ਵਲੋਂ ਰਚਿਆ ਗਿਆ ਜਿਸ ਦੀ ਉਸ ਵੇਲੇ ਦੇ ਸਮਾਜ ਵਿੱਚ ਇਜ਼ਾਰੇਦਾਰੀ ਸੀ। ਡਾ. ਧਰਮਪਾਲ ਸਿੰਗਲ ਇਸ ਬਾਰੇ ਲਿਖਦੇ ਹਨ , " ਰਵਿਦਾਸ ਨੂੰ ਪੂਰਵ-ਜਨਮ ਵਿੱਚ ਇਕ ਬ੍ਰਾਹਮਣ ਜਾਂ ਸਰਾਪਿਆ ਹੋਇਆ ਬ੍ਰਾਹਮਣ ਸਿੱਧ ਕਰਨ ਪਿੱਛੇ ਬ੍ਰਾਹਮਣੀ ਸਮਾਜ ਦੀ ਉੱਚ-ਕੁਲੀਨ ਭਾਵਨਾ ਹੀ ਕੰਮ ਕਰਦੀ ਨਜ਼ਰ ਆ ਰਹੀ ਹੈ।"[7] ਡਾ. ਧਰਮਪਾਲ ਸਿੰਗਲ ਲਿਖਦੇ ਹਨ ਕਿ ਇਨ੍ਹਾਂ ਸਾਖੀਆਂ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਗੁਰੂ ਰਵਿਦਾਸ ਨੂੰ ਵੇਲੇ ਦੇ ਜਾਬਰਾਂ, ਹਾਕਮਾਂ, ਧਰਮ-ਅਭਿਮਾਨੀਆਂ ਤੇ ਜਾਤ ਕੁਲ- ਅਭਿਮਾਨੀਆਂ ਨਾਲ ਟੱਕਰ ਲੈਣੀ ਪਈ ਸੀ। ਇਹ ਸਾਖੀਆਂ ਕਿਉਂਕਿ ਲੋਕਧਾਰਾ ਦੇ ਘੇਰੇ ਵਿੱਚ ਆਉਂਦੀਆਂ ਹਨ ਤੇ ਇਸੇ ਖ਼ਜ਼ਾਨੇ ਵਿਚੋਂ ਜਨਮ ਲੈਂਦੀਆਂ ਹਨ ਇਸ ਕਰਕੇ ਇਕ ਕਥਾ ਕਈ ਸੰਤਾਂ ਨਾਲ ਜੁੜ ਗਈ ਹੈ। ਗੁਰੂ ਰਵਿਦਾਸ ਸੰਬੰਧੀ ਪ੍ਰਚੱਲਿਤ ਕਈ ਸਾਖੀਆਂ ਹੋਰ ਦੂਜੇ ਸੰਤਾਂ ਨਾਲ ਵੀ ਜੁੜੀਆਂ ਹੋਈਆਂ ਹਨ। ਸ਼ਰਧਾਲੂਆਂ ਨੇ ਆਪਣੇ ਇਸ਼ਟ ਦੀ ਉੱਚਤਾ ਤੇ ਸਿਰਮੌਰਤਾ ਦੱਸਣ ਲਈ ਕਈ ਕਥਾਵਾਂ ਇਧਰੋਂ ਉਧਰੋਂ ਲੈ ਕੇ ਆਪਣੇ ਨਾਇਕ ਨਾਲ ਜੋੜ ਦਿੱਤੀਆਂ ਹਨ। ਇਸ ਕਰਕੇ ਡਾ. ਦਰਸ਼ਨ ਸਿੰਘ ਦਾ ਵਿਚਾਰ ਸਹੀ ਜਾਪਦਾ ਹੈ ਕਿ ਪਰੰਪਰਾਵਾਦੀ ਸਾਹਿਤ ਵੱਖ ਵੱਖ ਫਿਰਕਿਆਂ ਵਿਚੋਂ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਰਚਿਆ ਗਿਆ ।

ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਸੰਗਮ ਲਾਲ ਪਾਂਡੇ ਕਹਿੰਦੇ ਹਨ ਕਿ ਜਿਸ ਤਰ੍ਹਾਂ ਸੰਤਾਂ ਦੇ ਨਾਵਾਂ ਨਾਲ ਅਨੇਕਾਂ ਚਮਤਕਾਰ ਪੂਰਨ ਘਟਨਾਵਾਂ ਜੁੜ ਜਾਂਦੀਆਂ ਹਨ, ਅਜਿਹਾ ਰਵਿਦਾਸ ਦੇ ਸੰਬੰਧ ਵਿਚ ਵੀ ਹੋਇਆ। ਪਰਚਈ ਅਨੰਤਦਾਸ, ਪ੍ਰਿਆਦਾਸ ਜੀ ਦਾ ਟੀਕਾ, ਭਗਵਾਨ ਰਵਿਦਾਸ ਦੀ ਸੱਤ ਕਥਾ, ਰਵਿਦਾਸ ਮਹਿਮਾ ਅਤੇ ਰਵਿਦਾਸ ਰਮਾਇਣ ਵਿਚਲੀਆਂ ਘਟਨਾਵਾਂ ਵਿੱਚ ਉਹ ਸੱਚਾਈ ਘੱਟ ਤੇ ਝੂਠ ਜ਼ਿਆਦਾ ਦੇਖਦੇ ਹਨ।[8]

ਡਾ. ਪਾਂਡੇ ਦੇ ਕਥਨ ਦਾ ਇਕ ਹਿੱਸਾ ਠੀਕ ਹੈ ਕਿ ਸੰਤਾਂ ਨਾਲ ਅਨੇਕ ਅਜਿਹੀਆਂ ਚਮਤਕਾਰਮਈ ਘਟਨਾਵਾਂ ਜੁੜ ਜਾਂਦੀਆਂ ਹਨ। ਪਰ ਦੂਜੇ ਕਥਨ ਦੀ ਸੋਧ ਕਰਦਿਆਂ ਜੇ ਅਸੀਂ ਸੱਚਾਈ ਦੀ ਥਾਂ 'ਤੱਥ' ਤੇ ਝੂਠ ਦੀ ਥਾਂ 'ਕਲਪਨਾ' ਕਹੀਏ ਤਾਂ ਜ਼ਿਆਦਾ ਠੀਕ ਰਹੇਗਾ । ਸਾਖੀਆਂ ਵਿੱਚ ਮਸਲਾ ਸੱਚ ਝੂਠ ਦਾ ਨਹੀਂ ਸਗੋਂ ਤੱਥ ਤੇ ਮਿੱਥ ਜਾਂ ਯਥਾਰਥ ਤੇ ਕਲਪਨਾ ਦਾ ਹੁੰਦਾ ਹੈ। ਜਨਮ ਸਾਖੀਆਂ ਨਿਰਸੰਦੇਹ ਇਤਿਹਾਸਕ ਦਸਤਾਵੇਜ਼ ਨਹੀਂ ਇਹ ਤਾਂ

ਉਰ ਸਖਸ਼ੀਅਤਾਂ ਨਾਲ ਜੁੜੀਆਂ ਭਾਵਨਾ-ਮੂਲਕ ਘਟਨਾਵਾਂ ਹਨ ਜਿਨ੍ਹਾਂ ਨੇ ਆਪਣੇ ਨਾਇਕ ਦੇ ਜੀਵਨ ਦੀ ਆਂਸ਼ਿਕ ਤਸਵੀਰ ਪੇਸ਼ ਕਰਕੇ ਉਸ ਦੀ ਸਿਰਮੌਰਤਾ ਨੂੰ ਸਿੱਧ ਕਰਨਾ ਹੁੰਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਗੁਰੂ ਰਵਿਦਾਸ ਨਾਲ ਸੰਬੰਧਿਤ ਇਹ ਚਮਤਕਾਰ-ਪੂਰਨ ਘਟਨਾਵਾਂ ਨਿਰੋਲ ਸੱਚੀਆਂ ਹਨ। ਡਾ. ਬੀ.ਪੀ. ਸ਼ਰਮਾ ਲਿਖਦੇ ਹਨ , " ਰਵਿਦਾਸ ਦੇ ਜੀਵਨ ਨਾਲ ਸੰਬੰਧਿਤ ਅਨੇਕ ਅਸਚਰਜਮਈ ਦੈਵੀ ਘਟਨਾਵਾਂ ਦਾ ਸੰਬੰਧ ਹੈ। ਅੱਜ ਦੀ ਵਿਗਿਆਨਕ ਅਤੇ ਬੁੱਧੀਵਾਦੀ ਯੁੱਗ ਆਸਾਨੀ ਨਾਲ ਇਨ੍ਹਾਂ ਘਟਨਾਵਾਂ ਤੇ ਵਿਸ਼ਵਾਸ਼ ਕਰਨ ਲਈ ਤਿਆਰ ਨਹੀਂ ਹੈ ਪਰੰਤੂ ਰਵਿਦਾਸ ਬਾਣੀ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਤੇ ਸਾਰੀਆਂ ਹੀ ਅਸਚਰਜਮਈ ਘਟਨਾਵਾਂ ਪ੍ਰਮਾਣਿਤ ਹੁੰਦੀਆਂ ਹਨ।"[9]

ਜਿਨ੍ਹਾਂ ਘਟਨਾਵਾਂ ਦਾ ਵਰਨਣ ਡਾ. ਸ਼ਰਮਾ ਨੇ ਕੀਤਾ ਹੈ ਉਨ੍ਹਾਂ ਵਿਚ ਰਵਿਦਾਸ ਦਾ ਪੂਰਣ ਜਨਮ ਵਿਚ ਰਾਮਾਨੰਦ ਦਾ ਬ੍ਰਹਮਚਾਰੀ ਸਿੱਖ ਹੋਣਾ ਤੇ ਅਪਰਾਧ ਕਾਰਨ ਨੀਚ ਕੁੱਲ ਵਿਚ ਜਨਮ ਲੈਣਾ, ਦੁੱਧ ਨਾ ਪੀਣਾ ਤੇ ਰਾਮਾਨੰਦ ਦਾ ਆਉਣਾ। ਇਸ ਤੋਂ ਇਲਾਵਾ ਸਾਧੂ ਭੇਸ 'ਚ ਕੇਸ਼ਵ (ਕ੍ਰਿਸ਼ਨ) ਦਾ ਪਾਰਸ ਦੇਣ ਆਉਣਾ ਤੇ ਕਾਸ਼ੀ ਦੇ ਬ੍ਰਾਹਮਣਾਂ ਨਾਲ ਵਿਵਾਦ ਸਮੇਂ ਠਾਕਰ ਸਿੰਘਾਸਨ ਦਾ ਰਵਿਦਾਸ ਦੀ ਗੋਦ ਵਿੱਚ ਆਉਣਾ ਤੇ ਸਿੰਘਾਸਨ ਹੇਠੋਂ ਮੋਹਰਾਂ ਦਾ ਨਿਕਲਣਾ ਹੈ ।

ਬੇਸ਼ੱਕ ਡਾ. ਸ਼ਰਮਾ ਬੜੇ ਭਰੋਸੇ ਨਾਲ ਇਹ ਗੱਲ ਕਹਿ ਰਹੇ ਹਨ ਪਰ ਅੱਜ ਦਾ ਯੁੱਗ ਦਲੀਲ ਦਾ ਯੁੱਗ ਹੈ। ਅਪਰਾਧ ਕਾਰਨ ਰਵਿਦਾਸ ਦੇ ਨੀਚ ਕੁੱਲ ਵਿਚ ਜਨਮ ਲੈਣ ਦੀ ਕਥਾ ਹੀ ਨਿਰਾਧਾਰ ਹੈ। ਜੇ ਕੁੱਲ ਨੀਚ ਸੀ ਤਾਂ ਗੁਰੂ ਰਵਿਦਾਸ ਨੇ ਆਪਣੀ ਜ਼ਾਤ ਦਾ ਨਾਂ ਇੰਨੇ ਮਾਣ ਨਾਲ ਨਹੀਂ ਸੀ ਲੈਣਾ ਤੇ ਉਹ ਵੀ ਇਕ ਨਹੀਂ ਕਈ ਵਾਰੀ । ਸਾਡੇ ਵਿਦਵਾਨ ਸ਼ਰਧਾ ਦਾ ਲੜ ਫੜਕੇ ਸਚਾਈ ਦੇ ਮੁੱਖ ਤੋਂ ਨਜ਼ਰ ਹਟਾ ਲੈਂਦੇ ਹਨ। ਬਾਕੀ ਰਹੀ ਗੱਲ ਰਵਿਦਾਸ ਬਾਣੀ ਦੀ ਅੰਦਰਲੀ ਗਵਾਹੀ ਦੀ ਇਸ ਵਿਚ ਵੀ ਕੋਈ ਬਹੁਤਾ ਵਜਨ ਨਹੀਂ । ਪੱਥਰ ਦੀ ਮੂਰਤੀ ਦੇ ਪਾਣੀ ਵਿੱਚ ਤੈਰਨ ਦੀ ਘਟਨਾ ਨੂੰ ਸਿੱਧ ਕਰਨ ਲਈ ਰਵਿਦਾਸ ਬਾਣੀ ਵਿਚੋਂ ਇਸ ਟੂਕ ਦਾ ਹਵਾਲਾ ਦਿੱਤਾ ਗਿਆ ਗਿਆ ਹੈ:-

ਮੂਰਤੀ ਮਾਹਿ ਵਸੈ ਪਰਮੇਸੁਰ ਤੌ ਪਾਣੀ ਮੈਂ ਤਿਰੇ ਰੇ ।

ਇਸ ਤੁਕ ਦੀ ਵਿਆਖਿਆ ਦੋ ਤਰ੍ਹਾਂ ਕੀਤੀ ਜਾਂਦੀ ਹੈ। ਪਹਿਲੇ ਮੱਤ ਵਾਲੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਮੂਰਤੀ ਵਿੱਚ ਪਰਮੇਸ਼ਰ ਹੈ ਇਸ ਲਈ ਉਹ ਪਾਣੀ ਤੇ ਤਰ ਸਕਦੀ ਹੈ। ਪਰੰਤੂ ਡਾ. ਕ੍ਰਿਸ਼ਨਾ ਕਲਸੀਆ ਨੇ ਇਸ ਤੁਕ ਦੀ ਵਿਆਖਿਆ ਦੂਜੇ ਢੰਗ ਨਾਲ ਕੀਤੀ ਹੈ ਕਿ ਜੇ ਮੂਰਤੀ ਵਿੱਚ ਪਰਮਾਤਮਾ ਹੋਵੇ ਤਾਂ ਉਹ ਪਾਣੀ ਤੇ ਜ਼ਰੂਰ ਤਰੇ।[10] ਜੇ ਅਸੀਂ ਸਮੁੱਚੀ ਰਵਿਦਾਸ ਬਾਣੀ ਨੂੰ ਘੋਖੀਏ ਤਾਂ ਰਵਿਦਾਸ ਕਰਾਮਾਤੀ ਜਾਂ ਕਰਮਕਾਂਡੀ ਸਿੱਧ ਨਹੀਂ ਹੁੰਦੇ ਸਗੋਂ ਉਨ੍ਹਾਂ ਨੇ ਤਾਂ ਸਾਰੇ ਹੀ ਭੇਖਾਂ ਤੇ ਕਰਮਕਾਂਡਾਂ ਦਾ ਖੰਡਨ ਕੀਤਾ ਹੈ। ਗੁਰੂ ਸਾਹਿਬ ਦੱਸਦੇ ਹਨ:—

ਪਾਂਡੇ ਕੈਸੀ ਪੂਜ ਰਚੀ ਰੇ ।।
ਸਤਿ ਬੋਲੈ ਸੋਈ ਸਤਵਾਦੀ, ਝੂਠੀ ਬਾਤ ਬਚੀ ਰੇ।।ਟੇਕ।।
ਜੋ ਅਵਿਨਾਸੀ ਸਬਕਾ ਕਰਤਾ, ਵਯਾਪ ਰਹਯੋ ਸਬ ਠੌਰ ਰੇ।।
ਪਾਂਚ ਤਤ ਜਿਨ ਕੀਯਾ ਪਾਸਾਰਾ, ਸੋ ਯੋਹੀ ਕਿਧੂ ਔਰ ਰੇ।।੧।।
ਤੂੰ ਜੋ ਕਹੈ ਤਯੋਂ ਸੋ ਹੀ ਕਰਤਾ, ਯਾ ਕੂ ਮਾਨੁਖ ਕਰੈ ਰੇ।।
ਤਾਰਣਿ ਸਕਤ ਸਹੀ ਜੇ ਯਾਂ ਮੇਂ ਸੋ ਆਪਨ ਕਿਉਂ ਨ ਤਰੈ ਰੇ।।[11]

ਗੁਰੂ ਰਵਿਦਾਸ ਦੀ ਭਗਤੀ ਪ੍ਰੇਮਾ-ਭਗਤੀ ਹੈ। ਅਜਿਹੇ ਮਹਾਂਪੁਰਸ਼ ਨੂੰ ਕਰਮਕਾਂਡੀ ਤੇ ਕਰਾਮਾਤੀ ਸਿੱਧ ਕਰਨਾ ਬਹੁਤਾ ਠੀਕ ਨਹੀਂ ਜਾਪਦਾ ਹੈ। ਸ੍ਰ. ਦਰਸ਼ਨ ਸਿੰਘ ਦਾ ਵਿਚਾਰ ਸਹੀ ਹੈ ਕਿ ਬ੍ਰਾਹਮਣਾਂ ਵਲੋਂ ਜਾਣ ਬੁੱਝ ਕੇ ਰਵਿਦਾਸ ਜੀ ਨੂੰ ਅੱਖੋਂ-ਪਰੋਖੇ ਕੀਤਾ ਗਿਆ। ਇਕ ਸ਼ੂਦਰ ਦੀ ਉੱਚਤਾ ਨੂੰ ਸਵੀਕਾਰਨਾ ਸਮੇਂ ਦੇ ਕੱਟੜ ਧਾਰਮਿਕ ਆਗੂਆਂ ਲਈ ਮੁਸ਼ਕਲ ਸੀ।[12]

ਗੁਰੂ ਰਵਿਦਾਸ ਦੇ ਜੀਵਨ ਬਾਰੇ ਜਾਣਕਾਰੀ ਦੇਣ ਵਾਲਾ ਸਭ ਤੋਂ ਪ੍ਰਾਚੀਨ ਸ੍ਰੋਤ ਰੈਦਾਸ ਪਰਚਈ ਰਚਿਤ ਅਨੰਤ ਦਾਸ ਹੈ। ਇਸ ਤੋਂ ਪਹਿਲਾਂ ਦੀ ਕੋਈ ਲਿਖਤ ਨਹੀਂ ਮਿਲਦੀ। ਇਹ ਪਰਚਈ ਨਿਸ਼ਚੇ ਹੀ ਉਨ੍ਹਾਂ ਰਵਾਇਤਾਂ ਤੇ ਆਧਾਰਿਤ ਹੋਈ ਜਿਹੜੀਆਂ ਕਿ ਰਵਿਦਾਸ ਦੇ ਜੀਵਨ-ਕਾਲ ਵਿੱਚ ਉਨ੍ਹਾਂ ਬਾਰੇ ਪ੍ਰਚੱਲਿਤ ਹੋ ਗਈਆਂ। ਗੁਰੂ ਰਵਿਦਾਸ ਆਪਣੇ ਸਮੇਂ ਦੇ ਜਾਣੇ ਪਛਾਣੇ ਸੰਤ ਸਨ ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਭਾਈ ਮਰਦਾਨੇ ਵਲੋਂ ਰਵਿਦਾਸ ਦੇ ਪਦੇ ਗਾਉਣ ਦਾ ਜ਼ਿਕਰ ਜਨਮ ਸਾਖੀ ਸੋਢੀ ਮਿਹਰਬਾਨ ਵਿੱਚ ਆਉਂਦਾ ਹੈ ਤਾਂ ਸਹਿਜੇ ਹੀ ਉਹ ਪੰਜਾਬ ਵਾਂਗ ਦੇਸ਼ ਦੇ ਸਾਰੇ ਕੋਨਿਆਂ ਵਿੱਚ ਪ੍ਰਸਿੱਧ ਹੋਣਗੇ ।

ਮੁਢਲੇ ਸ੍ਰੋਤਾਂ ਵਿਚ, ਭਗਤਮਾਲ ਤੇ ਇਸ ਦਾ ਪ੍ਰਿਯਾਦਾਸ ਜੀ ਵਲੋਂ ਕੀਤਾ ਟੀਕਾ ਤੇ ਹੋਰ ਟੀਕੇ ਜਿਨ੍ਹਾਂ ਦਾ ਅਸੀਂ ਪਹਿਲੇ ਪੰਨਿਆਂ ਤੇ ਜ਼ਿਕਰ ਕਰ ਆਏ ਹਾਂ, ਕਹੇ ਜਾ ਸਕਦੇ ਹਨ। ਇਸ ਤੋਂ ਬਾਦ ਹਿੰਦੀ ਤੇ ਪੰਜਾਬੀ ਵਿਚ ਗੁਰੂ ਰਵਿਦਾਸ ਬਾਰੇ ਸੰਤ ਜੀਵਨੀ-ਚਰਿੱਤ (Hagiography) ਕਿਸਮ ਦਾ ਸਾਹਿਤ ਰਚਿਆ ਜਾਂਦਾ ਰਿਹਾ। ਇਸ ਤੋਂ ਬਿਨ੍ਹਾਂ ਦੂਜੀ ਕਿਸਮ ਦਾ ਸਾਹਿਤ ਉਹ ਸੀ ਜੋ ਵਿਗਿਆਨਕ ਚੇਤ ਰੱਖਣ ਵਾਲੇ ਵਿਦਵਾਨਾਂ ਵਲੋਂ ਰਚਿਆ ਗਿਆ। ਗੁਰੂ ਰਵਿਦਾਸ ਬਾਰੇ ਪ੍ਰਚਲਿਤ ਹੋਈਆਂ ਹੈਗਿਉਗਰਾਫ਼ੀ ਕਿਸਮ ਦੀਆਂ ਇਨ੍ਹਾਂ ਕਥਾਵਾਂ ਬਾਰੇ ਡਾ. ਜਸਬੀਰ ਸਿੰਘ ਸਾਬਰ ਲਿਖਦੇ ਹਨ ਕਿ ਇਹ ਕਥਾਵਾਂ ਸਮੇਂ ਦੇ ਬੀਤਣ ਨਾਲ ਉਨ੍ਹਾਂ ਦੇ ਨਾਲ ਜੁੜ ਗਈਆਂ ਅਤੇ ਜਿਨ੍ਹਾਂ ਦਾ ਪ੍ਰਯੋਜਨ ਇਨ੍ਹਾਂ ਦੇ ਵਿਅਕਤੀਤਵ ਦੀ ਮਹਾਨਤਾ, ਆਤਮਿਕ ਉੱਚਤਾ ਅਤੇ ਉਨ੍ਹਾਂ ਦੇ ਰੂਹਾਨੀ ਸੰਦੇਸ਼ ਨੂੰ ਅੰਕਿਤ ਕਰਨਾ ਸੀ। ਉਨ੍ਹਾਂ ਦਾ ਵਿਚਾਰ ਹੈ ਕਿ ਇਨ੍ਹਾਂ ਸਾਖੀਆਂ ਦੀ ਇਤਿਹਾਸਕਤਾ ਨਾਲੋਂ ਸਿੱਧਾਂਤਕ ਮਹੱਤਤਾ ਵਧੇਰੇ ਕਰਕੇ ਮੰਨਣੀ ਪੈਂਦੀ ਹੈ।"[13] ਅੱਗੇ ਚੱਲਕੇ ਡਾ. ਸਾਬਰ ਲਿਖਦੇ ਹਨ ਕਿ ਇਸ ਸ੍ਰੋਤ ਪੁਸਤਕ ਵਿਚ ਦਰਜ ਸ੍ਰੋਤਾਂ ਦੇ ਸੰਪਾਦਨ ਤੋਂ ਬਾਦ ਇਕ ਗੱਲ ਜੋ ਭਗਤ ਰਵਿਦਾਸ ਦੀ ਜੀਵਨੀ ਬਾਰੇ ਉਘੜ ਕੇ ਆਈ ਹੈ ਉਹ ਇਹ ਹੈ ਕਿ ਇਨ੍ਹਾਂ ਸ੍ਰੋਤਾਂ ਵਿੱਚ ਇਤਿਹਾਸਕ ਤੱਥਾਂ ਦੀ ਘਾਟ ਤੇ ਮਿਥਿਹਾਸ ਦੀ ਬਹੁਲਤਾ ਹੈ।[14]

ਪਰੰਤੂ ਇਨ੍ਹਾਂ ਸ੍ਰੋਤਾਂ ਤੋਂ ਬਿਨਾ ਮੱਧਕਾਲ ਦੇ ਸੰਤਾਂ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਲਈ ਸਾਨੂੰ ਇਨ੍ਹਾਂ ਸ੍ਰੋਤਾਂ ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਹਿੰਦੀ ਪੰਜਾਬੀ ਵਿਚ ਮਿਲਦੇ ਸ੍ਰੋਤ ਪਰੰਪਰਾ ਤੇ ਆਧਾਰਿਤ ਰਹੇ ਹਨ ਬੇਸ਼ੱਕ ਸਾਰੇ ਸ੍ਰੋਤਾਂ ਵਿੱਚ ਮਿਲਦੀ ਸਮੱਗਰੀ ਵਿਚ ਕਾਫ਼ੀ ਭਿੰਨਤਾ ਹੈ। ਸਭ ਤੋਂ ਪਹਿਲਾਂ ਅਸੀਂ ਪੰਜਾਬੀ ਵਿਚ ਮਿਲਦੇ ਸ੍ਰੋਤਾਂ ਬਾਰੇ ਵਿਚਾਰ ਕਰਾਂਗੇ।

<u>ਗੁਰੂ ਰਵਿਦਾਸ ਬਾਰੇ ਪੰਜਾਬੀ ਵਿਚ ਮਿਲਦਾ ਜਨਮ ਸਾਖੀ ਸਾਹਿਤ</u>

1. ਸ੍ਰੀ ਗੁਰੂ ਗ੍ਰੰਥ ਸਾਹਿਬ, 1604
2. ਸ੍ਰੀ ਗੁਰੂ ਰਾਮਦਾਸ ਜੀ ਦੇ ਭਗਤ ਰਵਿਦਾਸ ਬਾਰੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ, 1604
3. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭਗਤ ਰਵਿਦਾਸ ਬਾਰੇ ਸ਼ਬਦ, -ਉਹੀ-

4. ਕਲਸਹਾਰ ਦਾ ਭਗਤ ਰਵਿਦਾਸ ਬਾਰੇ ਹਵਾਲਾ, ਗੁਰੂ ਗ੍ਰੰਥ ਸਾਹਿਬ, ਪੰਨਾ- 1390.

5. ਗੋਸ਼ਟਾਂ-- ਸ੍ਰੀ ਮਿਹਰਬਾਨ ਸੋਢੀ

6. ਭਾਈ ਗੁਰਦਾਸ ਦੀ ਪਹਿਲੀ ਤੇ ਦਸਵੀਂ ਵਾਰ -- ਮਿਤੀਹੀਨ

7. ਟੀਕਾ ਭਗਤ ਮਾਲ, ਕੀਰਤੀ ਸਿੰਘ, ਜਸਵੰਤ ਸਿੰਘ

8. ਭਗਤਮਾਲ, ਲਾਲ ਸਿੰਘ ਨਰੋਤਮ

9. ਭਗਤ ਸੁਧਾਸਰ, ਬਿਧੀ ਦਾਸ ਉਦਾਸੀ

10. ਭਗਤ ਰਸ ਮੰਜਰੀ, ਧਿਆਨ ਸਿੰਘ

11. ਆਦਿ ਗੁਰੂ ਬਾਣੀ, ਸੰਪਾ. ਆਲ ਇੰਡੀਆ ਆਦਿ ਧਰਮ ਮਿਸ਼ਨ(ਰਜਿ.)

12. ਗਿਆਨ ਰਤਨਾਵਲੀ (ਵਾਰਾਂ ਭਾਈ ਗੁਰਦਾਸ ਟੀਕਾ) ਗਿਆਨੀ ਨਰੈਣ ਸਿੰਘ, 1914.

13. ਰਵਿਦਾਸ ਦੀਪ, ਸੰਤ ਗੋਰਾ ਦਾਸ, 1920.

14. ਸੁਖਮਨੀ ਸਹਿੰਸਰਨਾਮਾ, ਸ੍ਰੀ ਹਰਿ ਦਾਸ

15. ਭਗਤ ਪ੍ਰੇਮਾਕਰ, ਜੱਸਾ ਸਿੰਘ

16. ਰਵਿਦਾਸੀਆ ਜਾਪ, ਗੁਰਦੇਵ ਦਾਸ ਲੁਹਾਰ (ਮਿਤੀਹੀਨ )

17. ਪਰਚੀਆਂ ਭਗਤਾਂ ਕੀਆਂ, ਭਾਈ ਦਰਬਾਰੀ ਦਾਸ

18. ਰਵਿਦਾਸ ਪ੍ਰਕਾਸ਼, ਜਸਵੰਤ ਸਿੰਘ ਉਰਫ ਜਮਨਾਦਾਸ, 1932.

19. ਸ੍ਰੀ ਰਵਿਦਾਸ ਸਰੂਪ ਕੀ ਕਥਾ, -ਉਹੀ-, 1933.

20. ਸ੍ਰੀ ਰਵਿਦਾਸ ਲੀਲਾ, ਵਰਿਆਮ ਸਿੰਘ ਚੰਦੜ, 1953.

21. ਸਭ ਤੋਂ ਵੱਡੀ ਜਨਮਸਾਖੀ ਸ੍ਰੀ ਭਗਤ ਰਵਿਦਾਸ ਜੀ ਕੀ, ਕਾਲਾ ਸਿੰਘ ਨਾਮਧਾਰੀ, 1953.

22. ਸ੍ਰੀ ਰਵਿਦਾਸ ਭਗਤ ਜੀ ਦੀ ਜੀਵਨ ਕਥਾ, ਅਮਰ ਸਿੰਘ ਪ੍ਰਦੇਸੀ

23. ਜਨਮ ਸਾਖੀ ਸ੍ਰੀ ਰਵਿਦਾਸ ਭਗਤ ਜੀ, ਬਰਕਤ ਸਿੰਘ ਅਨੰਦ, 1962.

24. ਭਗਤਾਂ ਦੇ ਜੀਵਨ, ਗਿਆਨੀ ਅਮਰ ਸਿੰਘ

25. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਡਾ. ਤਾਰਨ ਸਿੰਘ, 1963.

26. ਸ੍ਰੀ ਗੁਰੂ ਰਵਿਦਾਸ ਨਿੱਤਨੇਮ, ਸੰਪਾ. ਬੀ.ਆਰ. ਘੇੜਾ ।

27. ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ, ਪੂਰਨ ਚੰਦ ਜਖੂ

28. ਜਨਮ ਸਾਖੀ ਭਗਤ ਰਵਿਦਾਸ, ਹਰੀਸ਼ ਚੰਦਰ

29. ਭਗਤ ਦਰਸ਼ਨ, ਗਿਆਨੀ ਪਰਤਾਪ ਸਿੰਘ

30. ਸ਼੍ਰੋਮਣੀ ਭਗਤਾਂ ਦੇ ਜੀਵਨ, ਗਿਆਨੀ ਅਮਰ ਸਿੰਘ

31. ਜਨਮ ਸਾਖੀ ਭਗਤ ਰਵਿਦਾਸ ਜੀ, ਰਜਿੰਦਰ ਸਿੰਘ ਸੁਚਦੇਵ ਗਿ. ਅਮਰ ਸਿੰਘ

32. ਭਗਤ ਬਾਣੀ ਸਟੀਕ, ਪ੍ਰੋ. ਸਾਹਿਬ ਸਿੰਘ

33. ਗੁਰੂ ਰਵਿਦਾਸ ਅੰਕ ,ਭਾਸ਼ਾ ਵਿਭਾਗ, ਪੰਜਾਬ, 1971.

34. ਜੀਵਨ ਮੁਕਤੀ ਅਰਥਾਤ ਗੁਰੂ ਰਵਿਦਾਸ ਨਾਟਕ, ਖੁਸ਼ੀ ਰਾਮ ਪ੍ਰਦੇਸ਼ੀ, 1973.

35. ਭਗਤ ਰਵਿਦਾਸ ਜੀਵਨ ਤੇ ਰਚਨਾ, ਭਾਈ ਜੋਧ ਸਿੰਘ, 1974.

36. ਕਥਾ ਗੁਸਾਈਂ ਰਵਿਦਾਸ ਜੀ ਕੇ ਸਮਾਵਣੈ ਕੀ, ਪ੍ਰੋ. ਊਸ਼ਾ ਖੰਨਾ, 1977.

37. ਜਾਗ੍ਰਤੀ (ਵਿਸ਼ੇਸ਼ ਅੰਕ), ਸੰਪਾ. ਸੁਖਪਾਲਵੀਰ ਸਿੰਘ ਹਸਰਤ, 1977.

38. ਪੰਜਾਬੀ ਦੁਨੀਆ, ਭਾਸ਼ਾ ਵਿਭਾਗ,ਪੰਜਾਬ, 1977.

39. ਇਹ ਜਨਮ ਤੁਮਾਰੇ ਲੇਖੇ, ਈਸ਼ਰ ਸਿੰਘ ਅਟਾਰੀ, (ਸੰਪਾ.), 1978.

40. ਭਗਤ ਰਵਿਦਾਸ ਜੀ ਦਾ ਜੀਵਨ ਤੇ ਬਾਣੀ, ਸ਼ਮਸ਼ੇਰ ਸਿੰਘ ਅਸ਼ੋਕ, ਜੰਗ ਸਿੰਘ(ਗਿਆਨੀ) 1979.

41. ਕਬੀਰ ਜੀਵਨੀ ਤੇ ਸਿੱਖਿਆ, ਭਾਈ ਜੋਧ ਸਿੰਘ, 1979.

42. ਸ੍ਰੀ ਗੁਰੂ ਰਵਿਦਾਸ ਮਿਸ਼ਨ, ਮੰਗੂ ਰਾਮ ਬਾਹੜੋਵਾਲੀਆ

43. ਬਾਗੀ ਰਹਿਬਰ ਗੁਰੂ ਰਵਿਦਾਸ, ਲਾਹੌਰੀ ਰਾਮ ਬਾਲੀ, ਮਿਤੀਹੀਨ

44. ਭਗਤ ਰਵਿਦਾਸ ਜੀਵਨ ਤੇ ਰਚਨਾ, ਮਨਮੋਹਨ ਸਿੰਘ, 1980.

45. ਇਨਕਲਾਬੀ ਜੋਤ ਗੁਰੂ ਰਵਿਦਾਸ ਜੀ, ਆਰ.ਡੀ. ਨਾਮਨਸੂਰ, 1982.

46. ਮਨੁੱਖਤਾ ਦਾ ਚਾਨਣ ਮੁਨਾਰਾ ਗੁਰੂ ਰਵਿਦਾਸ, ਪਾਖਰ ਸਿੰਘ, 1982.

47. ਗੁਰੂ ਰਵਿਦਾਸ ਮਹਾਨ, ਹਰਭਜਨ ਸਿੰਘ ਰਤਨ, 1983.

48. ਸੰਤ ਸ਼ਿਰੋਮਣੀ ਰਵਿਦਾਸ, ਡਾ. ਧਰਮਪਾਲ ਸਿੰਗਲ,1983.

49. ਭਗਤ ਰਵਿਦਾਸ ਸ੍ਰੋਤ ਪੁਸਤਕ, ਡਾ. ਜਸਬੀਰ ਸਿੰਘ ਸਾਬਰ, 1984.

50. ਬਾਣੀ ਭਗਤ ਰਵਿਦਾਸ ਜੀ ਕੀ, ਹਰਨਾਮ ਸਿੰਘ ਸ਼ਾਨ, 1984.

51. ਸਾਧਨ ਮੈਂ ਰਵਿਦਾਸ ਸੰਤ, ਦਲੀਪ ਸਿੰਘ ਦੀਪ, 1984.

52. ਬਾਣੀ ਗੁਰੂ ਰਵਿਦਾਸ, ਰਤਨ ਸਿੰਘ ਜੱਗੀ, 1984.

53. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਧਰਮਪਾਲ ਸਿੰਗਲ, 1985.

54. ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ, ਗੁਰਮੁਖ ਸਿੰਘ, 1986.

55. ਭਗਤ ਰਵਿਦਾਸ ਜੀ, ਐਸ.ਐਸ. ਚੋਪੜਾ

56. ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਲੇਖ ਰਾਜ ਪਰਵਾਨਾ, 1986

57. ਭਗਤ ਰਵਿਦਾਸ- ਇਕ ਅਧਿਐਨ(ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਰਵਿਦਾਸ ਬਾਣੀ ਤੇ ਆਧਾਰਿਤ, ਡਾ. ਕੁਲਵੰਤ ਕੌਰ, 1986

58. ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਮਨਮੋਹਨ ਸਹਿਗਲ, 1987.

59. ਗੁਰੂ ਰਵਿਦਾਸ, ਕੇ.ਐਨ. ਉਪਾਧਿਆਇ, 1987.

60. ਗੁਰੂ ਰਵਿਦਾਸ ਵਾਰਤਾ, ਸ.ਸ. ਅਮੋਲ, 1988.

61. ਗੁਰੂ ਰਵਿਦਾਸ ਜੀਵਨ ਤੇ ਬਾਣੀ , ਡਾ. ਧਰਮਪਾਲ ਸਿੰਗਲ ਤੇ ਅਰਸ਼ੀ, 1989.

62. ਹਉ ਬਨਜਾਰੋ ਰਾਮ ਕੋ, ਕਰਮ ਸਿੰਘ ਰਾਜੂ, 1989.

63. ਪੋਥੀ ਪ੍ਰੇਮ ਸੰਬੋਧ , (ਸੰਪਾ.) ਦਵਿੰਦਰ ਸਿੰਘ ਉਸਾਹ, 1989.

64. ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ, 1991.

65. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਡਾ. ਧਰਮਪਾਲ ਸਿੰਗਲ , 1992.

66. ਗੁਰੂ ਰਵਿਦਾਸ ਜੀਵਨ ਤੇ ਰਚਨਾ,(ਸੰਪਾ.) ਡਾ. ਧਰਮਪਾਲ ਸਿੰਗਲ, 1992


## ਗੁਰੂ ਰਵਿਦਾਸ ਬਾਰੇ ਹਿੰਦੀ ਵਿੱਚ ਉਪਲਬਧ ਜਨਮ ਸਾਖੀ ਸਾਹਿਤ


1. ਰੈਦਾਸ ਪਰਚਈ, ਅਨੰਤ ਦਾਸ, 1588/89.

2. ਭਗਤ ਮਾਲ, ਸ੍ਰੀ ਨਾਭਾ ਦਾਸ

3. ਟੀਕਾ ਭਗਤ ਮਾਲ, ਸ੍ਰੀ ਪ੍ਰਿਯਦਾਸ

4. ਗੋਸ਼ਟੀ ਕਬੀਰ ਰਵਿਦਾਸ, ਸ੍ਰੀ ਸੈਣ ਨਾਈ

5. ਰਵਿਦਾਸ ਕੇ ਪਦੇ, ਬਾਬਾ ਹਰੀ ਦਾਸ

6. ਸਰਬੰਗੀ, ਸੰਤ ਰੱਜਬ

7. ਭਵਿਸ਼ ਪੁਰਾਣ, ਭਾਗ ਚੌਥਾ ਅਧਿਆਇ 18, ਸ਼ਲੋਕ 53--56.

8. ਭਗਤ ਮਾਲ, ਰਾਘੋਦਾਸ

9. ਭਗਤ ਨਾਮਾਵਲੀ, 1680 (ਬੀ.ਪੀ. ਸ਼ਰਮਾ ,ਸੰਤ ਗੁਰੂ ਰਵਿਦਾਸ ,ਪੰਨਾ- 56)

10. ਰਾਮ ਰਸਕਾਵਲੀ, ਰਘੁਰਾਜ ਸਿੰਘ

11. ਅਗਸਤ ਸੰਹਿਤਾ,(ਸੰਪਾ.) ਰਾਮ ਦਾਸ ਸ੍ਰੀ ਭਗਤਮਾਲ 'ਚ ਰੂਪ ਕਲਾ ,ਨਿਰਦਿਸ਼ਟ,ਪੰਨਾ-285.

12. ਰਵਿਦਾਸ ਰਮਾਇਣ, ਪ੍ਰਯਾਗਦਾਸ ਸ਼ਰਮਾ

13. ਰਵਿਦਾਸ ਰਮਾਇਣ, ਬਖਸ਼ੀ ਦਾਸ ,ਮਿਤੌਹੀਨ

14. ਭਕਤ ਰੂਈਦਾਸ, ਮਧੂਸੂਦਨ ਮਜੂਮਦਾਰ, 1915.

15. ਰਵਿਦਾਸ ਰਮਾਇਣ (ਪੰਜ ਕਾਂਡ), ਪ੍ਰਸਾਦ ਸਿੰਹੁ (ਬਾਬੂ)

16. ਰੈਦਾਸ ਪੁਰਾਣ, (1921 ਦੀ ਹੱਥ ਲਿਖਤ ਕਾਪੀ ਸ੍ਰੀ ਪਰਸ਼ੂ ਰਾਮ ਚਤੁਰਵੇਦੀ)

17. ਪ੍ਰੇਮ ਭਕਤਿ ਪ੍ਰਕਾਸ਼, ਜਮਨਾ ਦਾਸ ਉਰਫ ਜਸਵੰਤ ਸਿੰਘ ਮਹੰਤ, 1933

18. ਰਵਿਦਾਸ ਰਮਾਇਣ, ਸ੍ਰੀ ਰਾਜ ਰਾਮ ਮਿਸ਼ਰ

19. ਰੈਦਾਸ ਜੀ ਕੀ ਬਾਣੀ, ਬੈਲਵੀਡੀਯਰ ਪ੍ਰਿੰਟਿੰਗ ਵਰਕਸ ਇਲਾਹਾਬਾਦ ।

20. ਚੰਬਰ(ਚੰਵਰ) ਪੁਰਾਣ, ਮਹੰਤ ਮਕੂਲਦਾਸ, 1950.

22. ਸੰਤ ਸੁਧਾਸਰ, ਵਿਯੋਗੀ ਹਰਿ (ਸੰਪਾ.), 1957.

23. ਹਿੰਦੀ ਸਾਹਿਤਯ ਕਾ ਇਤਿਹਾਸ, ਰਾਮ ਚੰਦ੍ਰ ਸ਼ੁਕਲ

24. ਸੰਤ ਰਵਿਦਾਸ ਔਰ ਉਨਕਾ ਕਾਵਿ, ਰਾਮਾਨੰਦ ਸ਼ਾਸਤਰੀ ਅਤੇ ਵੀਰੇਂਦਰ ਪਾਂਡੇ

25. ਪਰਚਈ ਸਾਹਿਤ, ਡਾ. ਤ੍ਰਿਲੋਕੀ ਨਾਰਾਇਣ ਦੀਕਸ਼ਤ

26. ਹਿੰਦੀ ਸੰਤ ਸਾਹਿਤ, ਡਾ. ਤ੍ਰਿਲੋਕੀ ਨਾਰਾਇਣ ਦੀਕਸ਼ਤ

27. ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਦਾਰਸ਼ਨਿਕ ਪ੍ਰਿਸ਼ਟ ਭੂਮੀ, ਡਾ. ਗੋਬਿੰਦ ਤ੍ਰਿਗੁਣਾਇਤ

28. ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਸਾਹਿਤਯ ਪਰ ਉਸਕਾ ਪ੍ਰਭਾਵ, ਡਾ. ਬਦਰੀ ਨਰਾਇਣ

29. ਸੰਤ ਸਾਹਿਤਯ ਕੀ ਭੂਮਿਕਾ, ਪਰਸ਼ੂਰਾਮ ਚੁਤਰਵੇਦੀ

30. ਭਗਤਮਾਲ (ਚਤੁਰਦਾਸ) ਟੀਕਾ, ਅਮਰ ਚੰਦ ਨਾਹਟਾ, 1965.

31. ਭਾਰਤੀ ਦਰਸ਼ਨ, ਡਾ. ਸਤੀਸ਼ ਚੰਦਰ ਚਟੋਪਾਧਿਆਇ ਅਤੇ ਡਾ. ਧੀਰੇਂਦਰ ਮੋਹਨ ਦੱਤ

32. ਸ਼ੂਦਰੋਂ ਕੀ ਖੋਜ, ਡਾ. ਅੰਬੇਦਕਰ, 1968.

33. ਹਿੰਦੀ ਸਾਹਿਤ ਕਾ ਆਲੋਚਨਾਤਮਕ ਇਤਿਹਾਸ, ਪ੍ਰੋ. ਰਾਮ ਕੁਮਾਰ ਵਰਮਾ

34. ਸੰਤ ਰਵਿਦਾਸ, ਰਤਨ ਚੰਦਰ, 1968.

35. ਹਿੰਦੀ ਸਾਹਿਤਯ, ਡਾ. ਹਜ਼ਾਰੀ ਪ੍ਰਸਾਦ ਦਿਵੇਦੀ, 1969.

36. ਸੰਤ ਰੈਦਾਸ ਵਿਅਕਤਿਤ੍ਵ ਏਵਮ ਕ੍ਰਿਤਿਤ੍ਵ, ਸੰਗਮ ਲਾਲ ਪਾਂਡੇ, 1970.

37. ਭਗਤ ਮੀਰਾ, ਬਾਂਕੇ ਬਿਹਾਰੀ, 1971.

38. ਸ੍ਰੀ ਭਗਵਾਨ ਰੈਦਾਸ ਕਾ ਸੱਤਯ ਸਰਵਰਭਾਵ, ਸ੍ਰੀ ਰਾਮ ਦਾਸ ਸਾਤਰਪਾਨੀ

39. ਸ੍ਰੀ ਰਵਿਦਾਸ ਨਿਤਯ ਕਰਤੱਵਯ, ਸੰਤ ਗਿਆਨ ਦਾਸ

40. ਮੱਧਕਾਲੀਨ ਸੰਤ ਸਾਹਿਤਯ, ਡਾ. ਰਾਮਖੇਲਾਵਨ ਪਾਂਡੇ

41. ਸ੍ਰੀ ਆਦਿ ਗ੍ਰੰਥ ਕੇ ਅਤਿਰਿਕਤ ਰਵਿਦਾਸ ਬਾਣੀ, ਸ਼ਮਸ਼ੇਰ ਸਿੰਘ ਅਸ਼ੋਕ

42. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੂਰਾਮ ਚਤੁਰਵੇਦੀ, 1972.

43. ਸੰਤ ਗੁਰੂ ਰਵਿਦਾਸ, ਡਾ. ਬੀ.ਪੀ. ਸ਼ਰਮਾ, 1972.

44. ਰਵਿਦਾਸ ਦਰਸ਼ਨ, ਪ੍ਰਿਥਵੀ ਸਿੰਘ ਆਜ਼ਾਦ, 1973.

45. ਸੰਤ ਸਾਹਿਤਯ ਪੁਨਰ ਮੁਲੰਕਣ, ਰਾਜਦੇਵ ਸਿੰਘ, 1973.

46. ਸੰਤ ਰੈਦਾਸ, ਕਲਾ ਸ਼ੁਕਲਾ, 1974.

47. ਅਥ ਸ੍ਰੀ ਰਵਿਦਾਸ ਵਾਣੀ ਗ੍ਰੰਥ, ਜਗਬੀਰ ਸਿੰਹੁ, 1975.

48. ਸੰਤ ਗੁਰੂ ਰਵਿਦਾਸ ਬਾਣੀ, ਬੀ.ਪੀ. ਸ਼ਰਮਾ, 1976.

49. ਨੀਚ ਤੇ ਊਚ ਕੀਓ ਮੇਰੇ ਸਤਿਗੁਰੂ, ਧਰਮਪਾਲ ਸ਼ਰੀਨ, 1977.

50. ਪੰਜਾਬ ਸੌਰਭ, 1977.

51. ਸੰਤ ਰਵਿਦਾਸ ਵਿਚਾਰਕ ਔਰ ਕਵੀ, ਪਦਮ ਗੁਰਚਰਨ ਸਿੰਘ, 1977.

52. ਸੰਤ ਰੈਦਾਸ ਕ੍ਰਿਤਤ੍ਵ ਜੀਵਨ ਔਰ ਚਿੰਤਨ, ਯੋਗੇਂਦਰ ਸਿੰਹੁ, 1978.

53. ਕਬੀਰ ਔਰ ਰੈਦਾਸ ਏਕ ਤੁਲਨਾਤਮਕ ਅਧਿਐਨ, ਚੰਦਰਦੇਵ ਰਾਯ, 1978.

54. ਸੰਤ ਰਵਿਦਾਸ ਮਹਾਤਮਯ, ਜਗਬੀਰ ਸਿੰਹੁ, 1979.

55. ਸੰਤ ਰੈਦਾਸ, ਧਰਮਪਾਲ ਮੈਨੀ, 1979.

56. ਮੀਰਾਂਬਾਈ ਔਰ ਉਨਕੀ ਪਦਾਵਲੀ, ਪ੍ਰੋ. ਦੇਸ ਰਾਜ ਸਿੰਘ ਭਾਟੀ, 1980.

57. ਸੰਤ ਰਵਿਦਾਸ ਕੀ ਭਕਤਿ ਸਾਧਨਾ, ਬੀ.ਪੀ. ਸ਼ਰਮਾ, 1980.

58. ਰਵਿਦਾਸ ਵਚਨ ਸੁਧਾ, ਸਰਨਦਾਸ ਭਨੋਟ, 1981.

59. ਯੁੱਗ ਪਰਵਰਤਕ ਸ੍ਰੀ ਗੁਰੂ ਰਵਿਦਾਸ, ਪ੍ਰਿਥਵੀ ਸਿੰਘ ਆਜ਼ਾਦ(ਸੰਪਾ.), 1983.

60. ਸੰਤ ਕਾਵਿ- ਰੈਦਾਸ- ਮੁਲੰਕਣ ਔਰ ਪ੍ਰਦੇਯ, ਐਨ ਸਿੰਘ, 1983.

61. ਮੀਰਾ ਬਾਈ ਕੀ ਪਦਾਵਲੀ, ਪਰਸ਼ੂ ਰਾਮ ਚਤੁਰਵੇਦੀ, 1983.

62. ਸੰਤ ਪ੍ਰਵਰ ਰੈਦਾਸ ਸਾਹਿਬ, ਚੰਦ੍ਰਿਕਾ ਪ੍ਰਸਾਦ, ਜਗਿਆਸੂ, 1984.

63. ਸੰਤ ਰੈਦਾਸ, ਕੰਵਲ ਭਾਰਤੀ, 1985.

64. ਸੰਤੋਂ ਕੇ ਧਾਰਮਿਕ ਵਿਸ਼ਵਾਸ, ਧਰਮਪਾਲ ਮੈਨੀ, 1986.

65. ਸੰਤ ਰਵਿਦਾਸ, ਇੰਦਰਾਜ ਸਿੰਹੁ, 1986.

66. ਸੰਤ ਰੈਦਾਸ, ਛੋਨਾ ਰਾਣੀ, 1987.

67. ਕਲਯਾਣ (ਸੰਤ ਐਕ), 1987.

68. ਮਹਾਮਾਨਵ ਰੈਦਾਸ, ਸ਼ਿਵਕੁਮਾਰ ਸ਼ਾਂਡਿਲਯ, 1987.

69. ਸੰਤ ਰੈਦਾਸ, ਯੋਗੇਸ਼ ਗੁਪਤ

70. ਸੁਤ ਭਾਖੈ ਰੈਦਾਸ, ਆਚਾਰੀਆ ਰਜਨੀਸ਼, 1990.

71. ਐਸੀ ਭਕਤਿ ਕਰੈ ਰੈਦਾਸ, ਆਚਾਰੀਆ ਰਜਨੀਸ਼, 1990.


<u>ਗੁਰੂ ਰਵਿਦਾਸ ਸੰਬੰਧੀ ਅੰਗਰੇਜ਼ੀ ਵਿਚ ਮਿਲਦਾ ਜਨਮ ਸਾਖੀ ਸਾਹਿਤ</u>


1. ਕਬੀਰ ਐਂਡ ਦੀ ਭਗਤੀ ਮੂਵਮੈਂਟ, ਡਾ. ਮੋਹਣ ਸਿੰਘ, ਲਾਹੌਰ, 1934.

2. ਦੀ ਸਿੱਖ ਰਿਲੀਜ਼ਨ ਵੋਲਿਊਮ -5, ਐਮ.ਏ. ਮੈਕਾਲਿਫ, 1963.

3. ਭਗਤੀ ਮਾਰਗ ਇਨ ਦੀ ਇਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਗ੍ਰੀਅਰਸਨ ਐਂਡ ਜੇਨਜ਼, 1964.

4. ਮੀਰਾ ਬਾਈ: ਹਰ ਲਾਈਫ ਐਂਡ ਟਾਈਮਜ਼, ਜਿਊਟੀ ਹਰਮਨ, 1966.

5. ਐਨ ਆਊਟ ਲਾਈਨ ਆਫ ਦੀ ਰਿਲੀਜਨਜ਼ ਲਿਟਰੇਚਰ ਆਫ ਇੰਡੀਆ, ਜੇ.ਐਨ. ਫਰਖੂਆਰ ਰੀਪ੍ਰਿੰਟ, 1967.

6. ਸੋਸ਼ਲ ਲਾਈਫ ਇਨ ਮੈਡੀਵਲ ਰਾਜਸਥਾਨ, ਜੀ.ਐਨ. ਸ਼ਰਮਾ, 1968.

7. ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼, ਡਾ. ਦਰਸ਼ਨ ਸਿੰਘ, 1977.

8. ਦੀ ਫਿਲਾਸਫੀ ਆਫ ਰਵਿਦਾਸ, ਸੰਗਮ ਲਾਲ ਪਾਂਡੇ

9. ਅਰਲੀ ਸਿੱਖ ਟਰੈਡੀਸ਼ਨਜ਼, ਡਬਲਯੂ.ਐਚ. ਮੈਕਲੋਡ, 1980.

10. ਏ ਸਟੱਡੀ ਆਫ ਭਗਤ ਰਵਿਦਾਸ, ਪ੍ਰੋ. ਦਰਸ਼ਨ ਸਿੰਘ, 1981.

11. ਸੈਂਟਸ ਐਂਡ ਸੇਜਜ਼ ਆਫ ਇੰਡੀਆ, ਪ੍ਰੋ. ਪ੍ਰੀਤਮ ਸਿੰਘ

12. ਗੁਰੂ ਰਵਿਦਾਸ, ਕੇ.ਐਨ. ਉਪਾਧਿਆਇ, 1981.

13. ਮੀਰਾ: ਦੀ ਡਿਵਾਈਨ ਲਵਰ, ਵੀ. ਕੇ ਸੇਠੀ

14. ਰਿਲੀਜ਼ਨ ਆਫ ਦੀ ਹਿੰਦੂਜ਼, ਐਚ.ਐਚ. ਵਿਲਸਨ .

ਸ੍ਰੋਤਾਂ ਦੀ ਸਾਰਣੀ ਪੇਸ਼ ਕਰਨ ਤੋਂ ਬਾਦ ਅਸੀਂ ਦੇਖਦੇ ਹਾਂ ਕਿ ਹਿੰਦੀ ਵਾਂਗ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿਚ ਵੀ ਗੁਰੂ ਰਵਿਦਾਸ ਬਾਰੇ ਕਾਫ਼ੀ ਪੁਸਤਕਾਂ ਲਿਖੀਆਂ ਗਈਆਂ। ਜਿੱਥੇ ਪ੍ਰਾਚੀਨ ਸ੍ਰੋਤ ਸ਼ਰਧਾ ਦਾ ਪੱਲਾ ਫੜ ਕੇ ਤੁਰਦੇ ਹਨ ਉਥੇ ਨਵੀਨ ਸ੍ਰੋਤਾਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਹੈ। ਵਿਦਵਾਨਾਂ ਨੇ ਉਨ੍ਹਾਂ ਦੇ ਜੀਵਨ ਸੰਬੰਧੀ ਕਈ ਮਸਲੇ, ਜਿਵੇਂ ਉਨ੍ਹਾਂ ਦਾ ਨਾਮ, ਮਾਤਾ ਪਿਤਾ, ਸਮਕਾਲੀਆਂ ਨਾਲ ਸੰਬੰਧ ਤੇ ਉਨ੍ਹਾਂ ਵਲੋਂ ਕੀਤੀਆਂ ਯਾਤਰਾਵਾਂ ਆਦਿ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰਾਚੀਨ ਸ੍ਰੋਤਾਂ ਦੀ ਖੋਜ ਪੜਤਾਲ ਤੋਂ ਬਾਦ ਉਪਰੋਕਤ ਮਸਲਿਆਂ ਸੰਬੰਧੀ ਕਈ ਨਵੇਂ ਤੱਥ ਉਘੜ ਕੇ ਸਾਹਮਣੇ ਆ ਰਹੇ ਹਨ। ਪੰਜਾਬੀ ਵਿਚ ਜਨਮ ਸਾਖੀ ਸ੍ਰੀ ਗੁਰੂ ਰਵਿਦਾਸ ਜੀ ਸਿਰਲੇਖ ਹੇਠ ਕਈ ਰਚਨਾਵਾਂ ਛਪੀਆਂ ਹਨ ਪਰੰਤੂ ਇਹ ਖੋਜ ਦੀ ਥਾਂ ਕੋਰੀ ਨਕਲ ਤੇ ਪਰੰਪਰਾ ਤੇ ਆਧਾਰਿਤ ਹਨ। ਜਨਮ ਸਾਖੀ ਕਰਤਾ ਨੇ ਸ਼ਰਧਾ ਦਾ ਪੱਲਾ ਵੀ ਨਹੀਂ ਛੱਡਿਆ ਹੈ ਤੇ ਉਪਮਾ ਕਰਦਿਆਂ ਕਈ ਅਜਿਹੀਆਂ ਘਟਨਾਵਾਂ ਦਾ ਵਰਨਣ ਕਰ ਦਿੱਤਾ ਹੈ ਜਿਨ੍ਹਾਂ ਦਾ ਕੋਈ ਪ੍ਰਮਾਣਿਕ ਆਧਾਰ ਨਹੀਂ ਮਿਲਦਾ ਹੈ। ਇਥੋਂ ਤੱਕ ਕਿ ਪ੍ਰਾਚੀਨ ਸ੍ਰੋਤਾਂ ਵਿਚ ਵੀ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਨਹੀਂ ਹੈ। ਇਕ ਪੁਸਤਕ 'ਰਵਿਦਾਸ ਪ੍ਰਗਾਸ' ਕਰਤਾ ਮਹੰਤ ਜਮਨਾਦਾਸ ਉਰਫ ਸਤਿ ਦਰਬਾਰੀ ਦਾ ਜ਼ਿਕਰ ਇਥੇ ਕਰਨਾ ਅਸੰਗਤ ਨਹੀਂ ਹੋਵੇਗਾ। ਇਹ ਲੇਖਕ ਗੁਰੂ ਰਵਿਦਾਸ ਦੇ ਸਫ਼ਰਾਂ ਦਾ ਵਰਨਣ ਕਰਦਿਆਂ ਉਨ੍ਹਾਂ ਨੂੰ ਸ੍ਰੀਨਗਰ ਤੋਂ ਡਲਹੌਜ਼ੀ ਭੇਜ ਦਿੰਦਾ ਹੈ। ਰਵਿਦਾਸ ਤੇ ਰੈਦਾਸ ਇਸ ਲੇਖਕ ਅਨੁਸਾਰ ਦੋ ਵਿਅਕਤੀ ਸਨ। ਅਸੀਂ ਇਨ੍ਹਾਂ ਰਚਨਾਵਾਂ ਦਾ ਜ਼ਿਕਰ ਅਗਲੇ ਪੰਨਿਆਂ ਵਿਚ ਕੀਤਾ ਹੈ ।

ਗੁਰੂ ਰਵਿਦਾਸ ਸੰਬੰਧੀ ਉਪਲਬਧ ਤਿੰਨਾਂ ਹੀ ਭਾਸ਼ਾਵਾਂ ਵਿਚ ਮਿਲਦੇ ਜਨਮ-ਸਾਖੀ ਸਾਹਿਤ ਨੂੰ ਅਸੀਂ ਕਾਲ-ਕ੍ਰਮ ਅਨੁਸਾਰ ਰੱਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਇਸ ਨਾਲ ਸਹਿਜੇ ਹੀ ਗੁਰੂ ਸਾਹਿਬ ਬਾਰੇ ਲਿਖੇ ਸਾਹਿਤ ਦੀ ਸਮੀਖਿਆ ਹੋ ਸਕੇ। ਜ਼ਿਆਦਾ ਮੌਲਿਕ ਕੰਮ ਹਿੰਦੀ ਵਿਚ ਹੋਇਆ ਹੈ ਪਰ ਪੰਜਾਬੀ ਵਿਚ ਵੀ ਹਿੰਦੀ ਵਿਚ ਮਿਲਦੇ ਜਨਮ-ਸਾਖੀ ਸਾਹਿਤ ਨਾਲ ਮਿਲਦਾ ਜੁਲਦਾ ਹੀ ਸਾਹਿਤ ਰਚਿਆ ਗਿਆ। ਪਰਚਈ ਅਨੰਤ ਦਾਸ ਤੇ ਭਗਤ ਮਾਲ, ਪੰਜਾਬੀ ਵਿਚ ਲਿਖੇ ਗਏ ਜਨਮ-ਸਾਖੀ ਸਾਹਿਤ ਦਾ ਪ੍ਰੇਰਨਾ-ਸ੍ਰੋਤ ਬਣੇ ਹਨ। ਕਾਲ-ਕ੍ਰਮ ਅਨੁਸਾਰ ਤਰਤੀਬ ਦੇਣ ਤੋਂ ਸਾਡਾ ਭਾਵ ਇਹੀ ਸੀ ਕਿ ਪੁਰਾਤਨ ਤੇ ਆਧੁਨਿਕ ਰਚਨਾਵਾਂ ਦੇ ਸੁਮੇਲ ਨੂੰ ਭਲੀ-ਭਾਂਤ ਘੋਖਿਆ ਜਾ ਸਕੇ। ਭਾਵੇਂ ਅਸੀਂ ਉਪਲਬਧ ਜਨਮ ਸਾਖੀ ਸਾਹਿਤ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਪਰੰਤੂ ਇਹ ਮੁਕੰਮਲ ਪੇਸ਼ਕਾਰੀ

ਦਾ ਦਾਅਵਾ ਨਹੀਂ ਹੈ। ਫਿਰ ਵੀ ਸਾਡੀ ਭਰਪੂਰ ਕੋਸ਼ਿਸ਼ ਹੈ। ਕਈ ਜਨਮਸਾਖੀਆਂ ਦੇ ਰਚਨਾ–ਕਾਲ ਬਾਰੇ ਜਾਣਕਾਰੀ ਨਹੀਂ ਮਿਲੀ ਤਾਂ ਅਸੀਂ ਉਨ੍ਹਾਂ ਨੂੰ ਲੇਖਕ ਦੇ ਜੀਵਨ ਕਾਲ ਦੇ ਸਮੇਂ ਵਿਚ ਰੱਖਿਆ ਹੈ ।

ਜਨਮ ਸਾਖੀਆਂ ਵਿੱਚ ਕਹਾਣੀ ਤੱਤ

ਗੁਰੂ ਰਵਿਦਾਸ ਨਾਲ ਸੰਬੰਧਿਤ ਜਨਮ ਸਾਖੀ ਸਾਹਿਤ ਗਲਪੀ ਤੱਤਾਂ ਨਾਲ ਭਰਪੂਰ ਹੈ। ਕਹਾਣੀ ਤੇ ਨਾਵਲ ਗਲਪ ਦੇ ਅਧੀਨ ਆਉਂਦੇ ਹਨ। ਇਹ ਸ਼ਬਦ ਸੰਸਕ੍ਰਿਤ ਵਿਚੋਂ ਆਇਆ ਹੈ ਜਿਸ ਦਾ ਅਰਥ ਹੈ'ਮਨੋਕਲਪਿਤ ਗੱਲ' ਜਿਸ ਦਾ ਵਾਸਤਵ ਵਿੱਚ ਕੋਈ ਆਧਾਰ ਨਾ ਹੋਵੇ। ਇਸ ਲਈ ਮਿੱਥਿਆ ਜਾਂ ਝੂਠ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਅੰਗਰੇਜ਼ੀ ਵਿਚ ਇਸ ਦਾ ਸਮਾਨਾਰਥਕ 'ਫਿਕਸ਼ਨ' ਹੈ। ਪਰ ਸਾਹਿਤ ਦੀ ਇਕ ਵੰਨਗੀ ਦੇ ਰੂਪ ਵਿਚ ਇਸ ਦੇ ਅਰਥ 'ਝੂਠ' ਜਾਂ ਮਿੱਥਿਆ ਨਹੀਂ।[15]

ਡਾ. ਪਿਆਰ ਸਿੰਘ ਵੀ ਪ੍ਰਿੰ. ਸੰਤ ਸਿੰਘ ਸੇਖੋਂ ਵਾਂਗ ਹੀ ਗਲਪ ਨੂੰ ਅੰਗਰੇਜ਼ੀ ਸ਼ਬਦ ਫਿਕਸ਼ਨ( Fiction ) ਦਾ ਪਰਯਾਇਵਾਚੀ ਮੰਨਕੇ ਇਸ ਨੂੰ ਸਾਹਿਤ ਦੀ ਉਸ ਵੰਨਗੀ ਦਾ ਸੂਚਕ ਮੰਨਦੇ ਹਨ ਜਿਸ ਨੂੰ ਨਾਵਲ ਤੇ ਕਹਾਣੀ ਆਖਿਆ ਜਾਂਦਾ ਹੈ।[16]
ਫਿਕਸ਼ਨ ਨੂੰ ਲਾਤੀਨੀ ਸ਼ਬਦ ਦੱਸਦਿਆਂ ਡਾ. ਪਿਆਰ ਸਿੰਘ ਲਿਖਦੇ ਹਨ ਕਿ ਇਸ ਦੇ ਅਰਥ ਘੜਨਾ, ਢਾਲਣਾ, ਮਨੋਕਲਪਨਾ ਦੁਆਰਾ ਕਿਸੇ ਸਾਹਿਤਕ ਰਚਨਾ ਨੂੰ ਉਸਾਰਨਾ ਕੀਤੇ ਜਾਂਦੇ ਹਨ। ਗਲਪ ਦੇ ਅਰਥ ਗੱਪ ਜਾਂ ਮਨੋਕਲਪਿਤ ਇਸ ਸਾਹਿਤ-ਵਿਧਾ ਲਈ ਢੁਕਵੇਂ ਨਹੀਂ । ਗਲਪ ਮਨੋਕਲਪਿਤ ਹੁੰਦਿਆਂ ਹੋਇਆਂ ਵੀ ਯਥਾਰਥ ਹੋ ਸਕਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਸਾਹਿਤ ਦਾ ਸੱਚ ਜੀਵਨ ਦਾ ਸੱਚ ਹੁੰਦਾ ਹੈ। ਡਾ. ਪਿਆਰ ਸਿੰਘ ਦੇ ਵਿਚਾਰ ਅਨੁਸਾਰ ਜੀਵਨੀ, ਸ੍ਵੈਜੀਵਨੀ , ਸਫਰਨਾਮੇ ਤੇ ਇਤਿਹਾਸ ਦੇ ਅਸਲੋਂ ਗਲਪ-ਮੁਕਤ ਹੋਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ।[17]

ਆਧੁਨਿਕ ਯੁੱਗ ਵਿਚ ਸ਼ਬਦ 'ਗਲਪ' ਸਿਰਫ ਗਦ ਲਈ ਹੀ ਵਰਤਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਨਮਸਾਖੀਆਂ ਪੰਜਾਬੀ ਵਾਰਤਕ ਦਾ ਮੁੱਢਲਾ

ਰੂਪ ਮੰਨਿਆਂ ਜਾ ਸਕਦੀਆਂ ਹਨ। ਜਨਮਸਾਖੀ ਸਾਹਿਤ ਦਾ ਉਦੇਸ਼ ਮਨੋਰੰਜਨ ਨਹੀਂ ਸਗੋਂ ਸਿੱਖਿਆ ਦੇਣਾ ਸੀ ਇਸ ਲਈ ਸਾਖੀਕਾਰਾਂ ਨੇ ਆਪਣੀ ਪ੍ਰਤਿਭਾ ਰਾਹੀਂ ਇਸ ਸਾਹਿਤ ਨੂੰ ਹਰਮਨ-ਪਿਆਰ ਬਣਾ ਦਿੱਤਾ। ਅਸੀਂ ਅਗਲੇ ਪੰਨਿਆਂ ਵਿਚ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਸਾਖੀ ਰਚਨਾ ਲਈ ਕਹਾਣੀ ਤੱਤ ਤੇ ਮਿੱਥ ਦੀ ਵਰਤੋਂ ਕੀਤੀ ਗਈ ਕਿਉਂਕਿ ਜਨਮਸਾਖੀਆਂ ਦੀ ਹੋਂਦ ਵਿਧੀ ਗਲਪੀਯ ਨਹੀਂ ਮਿੱਥਿਕ ਹੈ।[18]

ਜਨਮ-ਸਾਖੀ ਬ੍ਰਹਮ ਨਹੀਂ ਸਗੋਂ ਗੁਰੂ ਕੇਂਦਰਿਤ ਹੈ। ਬਾਣੀ ਵਿਚਲੀਆਂ ਬਾਰੀਕੀਆਂ ਨੂੰ ਜਨਮ-ਸਾਖੀ ਵਿਚ ਉਘਾੜ ਕੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਬਾਣੀ ਵਿਚੋਂ ਇਕ ਵਿਚਾਰ ਲੈ ਕੇ ਜਨਮਸਾਖੀ ਰਾਹੀਂ ਉਸ ਦੇ ਸੱਚੇ ਤੇ ਪ੍ਰਮਾਣਿਕ ਹੋਣ ਦਾ ਦਾਅਵਾ ਕੀਤਾ ਗਿਆ ਹੈ। ਬਾਣੀ ਦੀਆਂ ਬਾਰੀਕੀਆਂ ਆਮ ਆਦਮੀ ਦੀ ਸਮਝ ਤੋਂ ਬਾਹਰ ਦੀ ਗੱਲ ਹਨ ਇਸ ਘਾਟ ਨੂੰ ਸਾਡੇ ਜਨਮਸਾਖੀਕਾਰਾਂ ਨੇ ਪੂਰਾ ਕਰਨ ਦਾ ਯਤਨ ਕੀਤਾ ਹੈ। ਜਨਮ-ਸਾਖੀਆਂ ਵਿਚਲੀਆਂ ਸਾਖੀਆਂ ਬਾਣੀ ਦੀਆਂ ਵੱਖ ਵੱਖ ਤੁਕਾਂ ਉੱਤੇ ਆਧਾਰਿਤ ਹੋਣ ਕਰਕੇ ਸੁਤੰਤਰ ਇਕਾਈਆਂ ਹਨ। ਆਮ ਵਿਅਕਤੀ ਤੱਕ ਬਾਣੀ ਦਾ ਸੰਦੇਸ਼ ਪਹੁੰਚਾਉਣ ਲਈ ਵੀ ਇਨ੍ਹਾਂ ਜਨਮ-ਸਾਖੀਆਂ ਦੀ ਰਚਨਾ ਸ਼ੁਰੂ ਹੋਈ ਹੋ ਸਕਦੀ ਹੈ। ਪਰ ਇਹ ਕੰਮ ਇੰਨਾ ਆਸਾਨ ਨਹੀਂ ਸੀ। ਇਸ ਲਈ ਸਾਖੀਕਾਰ ਕੋਲ ਪ੍ਰਤਿਭਾ ਦਾ ਹੋਣਾ ਲਾਜ਼ਮੀ ਸੀ। ਇਹ ਪ੍ਰਤਿਭਾ ਹੀ ਅਸਿੱਧੇ ਰੂਪ ਵਿੱਚ ਮੰਗ ਕਰਦੀ ਸੀ ਕਿ ਸਾਖੀਆਂ ਗਲਪੀ-ਤੱਤਾਂ ਨਾਲ ਭਰਪੂਰ ਹੋਣ।

ਇਹ ਗਲਪੀ ਰੁਚੀ ਕੋਈ ਨਵੀਂ ਨਹੀਂ ਸੀ। ਸਾਡੇ ਸਭ ਤੋਂ ਪ੍ਰਾਚੀਨ ਗ੍ਰੰਥ ਰਿਗਵੇਦ ਵੀ ਗਲਪੀ-ਤੱਤਾਂ ਨਾਲ ਉਸਾਰਿਆ ਹੈ। ਜਾਤਕ ਕਹਾਣੀਆਂ, ਹਿਤੋਪਦੇਸ਼, ਪੰਚਤੰਤਰ, ਕਥਾ-ਸਾਹਿਤ ਸਾਗਰ ਆਦਿ ਮੁਢਲੀਆਂ ਭਾਰਤੀ ਰਚਨਾਵਾਂ ਗਲਪੀ ਤੱਤਾਂ ਨਾਲ ਭਰੀਆਂ ਪਈਆਂ ਹਨ।[19] ਗਾਲਪਨਿਕ ਰੁਚੀ ਦੇ ਵਿਆਪਕ ਹੋਣ ਦਾ ਸਭ ਤੋਂ ਵੱਡਾ ਕਾਰਨ ਗਲਪ ਦਾ ਮਨੁੱਖੀ ਮਨ ਤੇ ਪ੍ਰਭਾਵ ਹੈ। ਕਵਿਤਾ ਨਾਲੋਂ ਗਲਪ ਦਾ ਦਾਇਰਾ ਇਸੇ ਕਰਕੇ ਵੱਡਾ ਹੈ। ਪ੍ਰਸਿੱਧ ਵਿਦਵਾਨ ਮੈਕੋਨਲ ਦਾ ਵਿਚਾਰ ਹੈ ਕਿ ਕਹਾਣੀ (ਗਲਪ) ਭਾਰਤੀ ਸਾਹਿਤ ਦਾ ਮੌਲਿਕ ਵਿਭਾਗ ਹੈ ਜਿਸਨੇ ਵਿਦੇਸ਼ੀ ਸਾਹਿਤ ਤੇ ਬਹੁਤ ਵੱਡਾ ਪ੍ਰਭਾਵ ਪਾਇਆ ਹੈ।[20]

ਰਾਬਿਨਸਨ ਵੀ ਪੂਰਬ ਨੂੰ ਪਸ਼ੂ ਪੰਛੀਆਂ ਦੀਆਂ ਸਿੱਖਿਆਦਾਇਕ ਕਹਾਣੀਆਂ (Fables) ਦਾ ਘਰ ਮੰਨਦਾ ਹੈ।[21] ਇਨ੍ਹਾਂ ਦੋਹਾਂ ਵਿਦਵਾਨਾਂ ਦੇ ਮੱਤਾਂ ਦੀ ਰੋਸ਼ਨੀ

541955

ਵਿਚ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਗਾਲਪਿਕ ਰੁਚੀ ਸਾਹਿਤ ਰਚਨਾ ਜਿੰਨੀ ਹੀ ਪੁਰਾਣੀ ਹੈ। ਗਲਪ ਦਾ ਖਜ਼ਾਨਾ ਭਾਰਤੀ ਮਿਥਿਹਾਸ ਹੈ ਤੇ ਸਭ ਭਾਰਤੀ ਭਾਸ਼ਾਵਾਂ ਨੇ ਇਸ ਖਜ਼ਾਨੇ ਦੀ ਭਰਪੂਰ ਵਰਤੋਂ ਕੀਤੀ ਹੈ। ਡਾ. ਸਵਿੰਦਰ ਸਿੰਘ ਉਪਲ ਆਪਣੇ ਖੋਜ-ਨਿਬੰਧ ਵਿਚ ਲਿਖਦੇ ਹਨ ਕਿ ਪੰਜਾਬੀ ਸਾਹਿਤ ਦਾ ਸ਼ਾਇਦ ਹੀ ਕੋਈ ਅਜਿਹਾ ਰੂਪ ਹੋਵੇਗਾ ਜਿਸ ਤੇ ਮਿਥਿਹਾਸ (ਜੋ ਗਲਪ ਦਾ ਇਕ ਮੁੱਢਲਾ ਅੰਗ ਹੈ) ਦੇ ਰੰਗ ਨੇ ਅਸਰ ਨਾ ਕੀਤਾ ਹੋਵੇ।[22] ਇਸ ਵਿੱਚ ਅਤਿਕਥਨੀ ਨਹੀਂ ਹੋਵੇਗੀ ਜੇ ਅਸੀਂ ਇਹ ਕਹਿ ਲਈਏ ਕਿ ਪੁਰਾਤਨ ਪੰਜਾਬੀ ਵਾਰਤਕ, ਗਲਪ ਦੇ ਸਹਾਰੇ ਹੀ ਪ੍ਰਵਾਨ ਚੜ੍ਹੀ। ਪੁਰਾਤਨ ਸਾਹਿਤ ਧਾਰਮਿਕ ਰੁਚੀਆਂ ਨਾਲ ਭਰਪੂਰ ਸੀ। ਮੌਤ ਦਾ ਡਰ ਮੁੱਢ-ਕਦੀਮੀ ਡਰ ਸੀ ਜਿਸ ਨੇ ਪ੍ਰਾਚੀਨ ਮਨੁੱਖ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਤੇ ਉਹ ਕੁਦਰਤ ਦੀ ਅਨੇਕ ਢੰਗਾਂ ਰਾਹੀਂ ਪੂਜਾ ਕਰਨ ਲੱਗ ਪਿਆ। ਗਾਲਪਿਕ ਰੰਗਾਂ ਦਾ ਪ੍ਰਭਾਵ ਮਨੁੱਖ ਦੀਆਂ ਧਾਰਮਿਕ ਰੁਚੀਆਂ ਤੇ ਪੈਣਾ ਸੁਭਾਵਿਕ ਸੀ। ਪੰਜਾਬੀ ਵਾਰਤਕ ਦਾ ਉਦੈ ਗੁਰੂ ਨਾਨਕ ਸਾਹਿਬ ਸੰਬੰਧੀ ਰਚੀ ਵਾਰਤਕ ਤੋਂ ਹੁੰਦਾ ਹੈ ਇਸ ਕਰਕੇ ਉਨ੍ਹਾਂ ਦੀ ਸ਼ਖਸ਼ੀਅਤ ਹੀ ਪੰਜਾਬੀ ਵਾਰਤਕ ਦਾ ਪ੍ਰਮੁੱਖ ਕਾਰਨ ਬਣੀ ।

ਸਾਡੇ ਸਾਖੀਕਾਰਾਂ ਦਾ ਪ੍ਰਯੋਜਨ ਆਪਣੇ ਨਾਇਕ ਦੀ ਸ਼ਖਸੀਅਤ ਨੂੰ ਦੈਵੀ ਸਿੱਧ ਕਰਨਾ ਤਾਂ ਸੀ ਪਰ ਨਾਲ ਹੀ ਉਹ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵੀ ਪ੍ਰਚਾਰ ਕਰਨਾ ਚਾਹੁੰਦੇ ਸਨ। ਇਸ ਮੰਤਵ ਲਈ ਗਾਲਪਿਕ-ਤੱਤ ਨਾਲ ਭਰਪੂਰ ਰਚਨਾਵਾਂ ਹੀ ਉਨ੍ਹਾਂ ਦਾ ਮਨੋਰਥ ਸਿੱਧ ਕਰ ਸਕਦੀਆਂ ਸਨ। ਗਲਪ ਅਸਲ ਵਿਚ ਹੈ ਕੀ ? ਇਸ ਦਾ ਉੱਤਰ ਦਿੰਦਿਆਂ ਡਾ. ਸਵਿੰਦਰ ਸਿੰਘ ਉਪਲ ਲਿਖਦੇ ਹਨ, " ਕੁਝ ਘਟਨਾਵਾਂ ਤੇ ਸਥਿਤੀਆਂ ਨੂੰ ਵਿਉਤਮਈ ਤੇ ਨਾਟਕੀ ਢੰਗ ਰਾਹੀਂ ਪਾਤਰਾਂ ਦੀ ਸਹਾਇਤਾ ਨਾਲ ਇੰਜ ਗੁੰਦਣਾ ਕਿ ਉਸ ਦਾ ਇਕ ਢਾਂਚਾ ਆਦਿ, ਮੱਧ ਸਿੱਖਰ ਤੇ ਅੰਤ ਦੇ ਰੂਪ ਵਿਚ ਖੜ੍ਹਾ ਹੋ ਜਾਵੇ ਗਲਪ ਅਖਵਾਉਂਦਾ ਹੈ। ਘਟਨਾਵਾਂ ਤੇ ਸਥਿਤੀਆਂ ਨੂੰ ਇੰਜ ਜੋੜਿਆ ਜਾਂਦਾ ਹੈ ਕਿ ਉਤਸੁਕਤਾ ਵਧਦੀ ਜਾਵੇ, ਰੋਚਿਕਤਾ ਵਿਚ ਵਾਧਾ ਹੋਵੇ ਅਤੇ ਇਕ ਘਟਨਾ ਜਾਂ ਸਥਿੱਤੀ ਵਿਚੋਂ ਅਗਲੀ ਘਟਨਾ ਜਾਂ ਸਥਿਤੀ ਜਨਮ ਲੈਂਦੀ ਪ੍ਰਤੀਤ ਹੋਵੇ।"[23]

ਸਾਖੀਕਾਰ ਕੋਲ ਆਧਾਰ ਸਮੱਗਰੀ ਸੀ ਉਸ ਨੇ ਆਪਣੀ ਪ੍ਰਤਿਭਾ ਰਾਹੀਂ ਇਕ ਅਜਿਹੀ ਕਹਾਣੀ ਦੀ ਰਚਨਾ ਕਰਨੀ ਸੀ ਜੋ ਇਕ ਸਾਹਿਤਕ-ਸੱਚ ਹੋ ਨਿਬੜੇ ।

ਇਹ ਹੋਇਆ ਵੀ ਠੀਕ ਇਸੇ ਤਰ੍ਹਾਂ । ਇਹੋ ਕਾਰਨ ਹੈ ਕਿ ਸਾਖੀਆਂ ਵਿੱਚ, ਜੋ ਕਿ ਨਿਰੋਲ ਸਾਹਿਤਕ ਰਚਨਾਵਾਂ ਸਨ ਅੱਜ ਇਤਿਹਾਸ ਤੇ ਤੱਥ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਗਾਲਪਨਿਕ ਰਚਨਾਵਾਂ ਵਿਚਲੇ ਕਹਾਣੀ ਤੱਤ ਨੇ ਇਨ੍ਹਾਂ ਨੂੰ ਇੰਨੀਆਂ ਲੋਕਪ੍ਰਿਅ ਬਣਾ ਦਿੱਤਾ ਹੈ ਕਿ ਇਨ੍ਹਾਂ ਦੇ ਸਾਹਿਤਕ ਸੱਚ ਨੂੰ ਹੀ ਯਥਾਰਥ ਮੰਨਿਆ ਜਾਣ ਲੱਗ ਪਿਆ ਹੈ । ਪ੍ਰੋ. ਪੂਰਨ ਸਿੰਘ ਪੰਜਾਬੀ ਸਾਹਿਤ ਦੀ ਰਚਨਾ ਬਾਰੇ ਲਿਖਦੇ ਹਨ, " ਪੰਜਾਬੀ ਦਾ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ । ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ, ਜਿਨ੍ਹਾਂ ਦੇ ਹੋਂਠ ਗੁਰੂ ਸਾਹਿਬ ਦੇ ਪਿਆਰ - ਅੰਮ੍ਰਿਤ ਨਾਲ ਸਿੰਜੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੀਰ ਨਾਲ ਹਿੱਲਦੇ ਸਨ।"[24]

ਸਾਡੇ ਸਾਖੀਕਾਰ ਬਾਣੀ ਦੇ ਗਿਆਤਾ ਹੋਣ ਕਾਰਨ ਹੀ ਕੁਝ ਤੁਕਾਂ ਨੂੰ ਆਧਾਰ ਬਣਾ ਕੇ ਕੁਝ ਕਹਾਣੀਆਂ ਦੀ ਰਚਨਾ ਕਰ ਸਕੇ। ਗਲਪ ਵਿਚ ਗੁੰਦੀ ਗੱਲ ਦਾ ਪ੍ਰਭਾਵ ਸਾਧਾਰਨ ਵਾਰਤਕ ਨਾਲੋਂ ਤੀਬਰ ਤੇ ਸਥਿਰ ਹੁੰਦਾ ਹੈ । ਬਾਣੀ ਵਿਚ ਕਹੀ ਗੱਲ ਜੋ ਆਮ ਆਦਮੀ ਲਈ ਮੁਸ਼ਕਲ ਲੱਗਦੀ ਸੀ ਸਾਖੀ ਵਿਚ ਉਹ ਵਿਚਾਰ ਹਰ ਵਿਅਕਤੀ ਨੂੰ ਸਮਝ ਆ ਜਾਂਦਾ ਸੀ ।

ਗੁਰੂ ਰਵਿਦਾਸ ਸੰਬੰਧੀ ਰਚੇ ਗਏ ਜਨਮ ਸਾਖੀ ਸਾਹਿਤ ਵਿਚ ਵੀ ਇਹੀ ਗਾਲਪਿਕ ਰੁਚੀ ਪ੍ਰਧਾਨ ਰਹੀ ਹੈ। ਕਹਾਣੀ ਜੋੜ ਲੈਣੀ ਹੀ ਸਾਖੀਕਾਰ ਦੀ ਕਲਾ ਸੀ। ਇਸ ਕਹਾਣੀ ਦੀ ਗੋਂਦ ਪਿੱਛੇ ਹੀ ਜਿੱਥੇ ਬਾਣੀ ਦੀ ਕਿਸੇ ਇਕ ਤੁਕ ਦਾ ਸਹਾਰਾ ਸੀ ਉੱਥੇ ਸਾਖੀਕਾਰ ਦਾ ਆਪਣਾ ਦ੍ਰਿਸ਼ਟੀਕੋਣ ਵੀ ਕੰਮ ਕਰਦਾ ਜਾਪਦਾ ਹੈ। ਗੁਰੂ ਰਵਿਦਾਸ ਬਾਰੇ ਇਕ ਸਾਖੀ, ਜੋ ਸਭ ਤੋਂ ਪ੍ਰਾਚੀਨ ਸ੍ਰੋਤ 'ਪਰਚਈ ਅਨੰਤਦਾਸ' ਵਿਚ ਹੈ, ਉਨ੍ਹਾਂ ਦੇ ਪੂਰਬਲੇ ਜਨਮ ਦੀ ਗੱਲ ਕਰਦੀ ਹੈ। ਕਹਾਣੀ ਚੱਲਦੀ ਹੈ ਕਿ ਰਵਿਦਾਸ ਨੂੰ ਸੁਆਮੀ ਰਾਮਾਨੰਦ ਦੇ ਸਰਾਪ ਕਾਰਨ ਹੀ ਇਕ ਨੀਚ-ਕੁਲ ਵਿਚ ਜਨਮ ਲੈਣਾ ਪਿਆ । ਇਸ ਕਹਾਣੀ ਦਾ ਆਦਿ, ਮੱਧ, ਸਿੱਖਰ ਤੇ ਅੰਤ ਵੀ ਹੈ। ਇਸ ਕਹਾਣੀ ਦਾ ਇਕ ਪਹਿਲੂ ਤਾਂ ਰਵਿਦਾਸ ਤੇ ਗੁਰੂ ਰਾਮਾਨੰਦ ਦੇ ਗੁਰੂ-ਸ਼ਿਸ਼ ਦੇ ਸੰਬੰਧ ਨੂੰ ਦਰਸਾਉਂਦਾ ਹੈ ਪਰ ਇਸ ਦਾ ਦੂਜਾ ਪਹਿਲੂ ਗੁਰੂ ਰਵਿਦਾਸ ਨੂੰ ਪੂਰਬਲੇ ਜਨਮ ਵਿਚ ਬ੍ਰਾਹਮਣ ਹੋਣਾ ਦੱਸਦਾ ਹੈ। ਸਾਨੂੰ ਇਸ ਸਾਖੀ ਦਾ ਸ੍ਰੋਤ ਰਵਿਦਾਸ

ਬਾਣੀ ਵਿਚ ਮਿਲ ਜਾਂਦਾ ਹੈ। ਰਾਗ ਬਿਲਾਵਲ ਵਿਚ ਗੁਰੂ ਸਾਹਿਬ ਲਿਖਦੇ ਹਨ:-

ਹਮ ਅਪਰਾਧੀ ਨੀਚ ਘਰਿ ਜਨਮੇ, ਕੁਟੰਬ ਲੋਗ ਕਰੇ ਹਾਸੀ ਰੇ।
ਕਹੈ 'ਰਵਿਦਾਸ' ਰਾਮ ਜਪਿ ਰਸਨਾ, ਕਾਟੈ ਜਮ ਕੇ ਫਾਸੀ ਰੇ।।3।।[25]

ਸਾਖੀਕਾਰ ਨੂੰ ਇਥੋਂ ਇਕ ਕਹਾਣੀ ਦਾ ਨੁਕਤਾ ਮਿਲਿਆ। ਇਥੇ ਅਪਰਾਧੀ ਦੇ ਦੋ ਅਰਥ ਹੋ ਸਕਦੇ ਹਨ। ਮਹਾਂਪੁਰਸ਼ ਆਪਣੇ ਆਪ ਲਈ ਇਹੋ ਜਿਹੇ ਨਾਂ ਅਕਸਰ ਵਰਤ ਲੈਂਦੇ ਹਨ। ਗੁਰੂ ਨਾਨਕ ਸਾਹਿਬ ਆਪਣੇ ਆਪ ਨੂੰ ਨੀਚੁ ਨਾਨਕ ਤੱਕ ਕਹਿ ਦਿੰਦੇ ਹਨ। ਪਰੰਤੂ ਸਾਖੀਕਾਰ ਨੇ ਇਸ ਦੇ ਅਰਥ ਆਪਣੇ ਦ੍ਰਿਸ਼ਟੀਕੋਣ ਤੋਂ ਲੈ ਲਏ ਹਨ। ਉਸਨੇ ਇਹ ਮੰਨ ਲਿਆ ਕਿ ਰਵਿਦਾਸ ਦਾ ਕਿਸੇ ਅਪਰਾਧ ਕਾਰਨ ਕਿਸੇ ਨੀਚ ਘਰ ਵਿਚ ਜਨਮ ਹੋਇਆ। ਸ੍ਰੀ ਅਨੰਤ ਦਾਸ ਵੀ ਕਿਸੇ ਨੀਚ ਸ਼੍ਰੇਣੀ ਨਾਲ ਸੰਬੰਧ ਨਹੀਂ ਰੱਖਦਾ ਸੀ ਤੇ ਉਸ ਵੇਲੇ ਦਾ ਸਮਾਜ ਵੀ ਉਚ-ਕੁਲੀਨ ਬ੍ਰਾਹਮਣ ਵਰਗ ਦੀ ਪ੍ਰਭੂਸੱਤਾ ਨੂੰ ਮੰਨਦਾ ਸੀ। ਸਾਖੀਕਾਰ ਵੀ ਨਿਸ਼ਚੇ ਹੀ ਇਸ ਉਚ-ਵਰਗ ਨਾਲ ਸੰਬੰਧਿਤ ਸੀ। ਇੱਥੇ ਸਾਖੀ ਦੀ ਕਹਾਣੀ ਇਕ ਨਵਾਂ ਰੁੱਖ ਅਖ਼ਤਿਆਰ ਕਰ ਲੈਂਦੀ ਹੈ। ਗੁਰੂ ਰਵਿਦਾਸ ਦਾ ਅਪਰਾਧ ਕੀ ਸੀ ? ਹੁਣ ਇਹ ਕਿਵੇਂ ਪਤਾ ਲੱਗੇ । ਕਹਾਣੀ ਘੜੀ ਗਈ ਕਿ ਪੂਰਬਲੇ ਜਨਮ ਵਿਚ ਉਹ ਇਕ ਬ੍ਰਹਮਚਾਰੀ ਸੀ ਤੇ ਇਕ ਦਿਨ ਉਹ ਭਿੱਖਿਆ ਲੈਣ ਵੇਲੇ ਨੀਚ-ਸ਼੍ਰੇਣੀ ਨਾਲ ਸੰਬੰਧਿਤ ਵਿਅਕਤੀ ਤੋਂ ਭਿੱਖਿਆ ਲੈ ਆਇਆ, ਜਿਸ ਅਪਰਾਧ ਕਾਰਨ ਗੁਰੂ ਰਾਮਾਨੰਦ ਨੇ ਸਰਾਪ ਦੇ ਦਿੱਤਾ। ਉਸੇ ਸਰਾਪ ਦੇ ਸਿੱਟੇ ਵਜੋਂ ਗੁਰੂ ਰਵਿਦਾਸ ਨੂੰ ਨੀਚ-ਕੁਲ ਵਿਚ ਜਨਮ ਲੈਣਾ ਪਿਆ ।

ਇਸ ਸਾਖੀ ਦਾ ਲਗਭਗ ਬਹੁਤ ਸ੍ਰੋਤਾਂ ਵਿੱਚ ਦਰਜ ਹੋਣਾ ਹੀ ਇਸ ਵਿਚਲੇ ਗਾਲਪਿਕ-ਤੱਤਾਂ ਨੂੰ ਸਿੱਧ ਕਰਦਾ ਹੈ। ਸ੍ਰੀ ਅਨੰਤ ਦਾਸ ਤੋਂ ਬਾਦ ਦੇ ਸਾਖੀਕਾਰਾਂ ਨੂੰ ਇਸ ਦੇ ਕਹਾਣੀ ਤੱਤ ਨੇ ਇੰਨਾ ਪ੍ਰਭਾਵਿਤ ਕੀਤਾ ਕਿ ਉਹ ਅੱਖਾਂ ਮੀਟੀ ਉਹੀ ਲਿਖੀ ਗਏ। ਰਵਿਦਾਸ ਬਾਣੀ ਵਿਚ ਗੁਰੂ ਰਵਿਦਾਸ ਨੇ ਬੜੇ ਹੀ ਫ਼ਖ਼ਰ ਨਾਲ ਆਪਣੇ ਚਮਾਰ ਹੋਣ ਦਾ ਜ਼ਿਕਰ ਕੀਤਾ ਗਿਆ ਹੈ ਕਿਤੇ ਵੀ ਉਹ ਹੀਣ-ਭਾਵਨਾ ਮਹਿਸੂਸ ਨਹੀਂ ਕਰਦੇ। ਪਰੰਤੂ ਇਹ ਸਾਖੀ ਉਸ ਜਮਾਤ ਦੀ ਪ੍ਰਤੀਨਿੱਧਤਾ ਕਰਦੀ ਹੈ ਜੋ ਇਕ ਚਮਾਰ ਸ਼ੂਦਰ ਨੂੰ ਬ੍ਰਾਹਮਣ ਸਿੱਧ ਕਰਨ 'ਤੇ ਤੁਲੀ ਹੋਈ ਹੈ ਕਿਉਂਕਿ ਇਕ ਸ਼ੂਦਰ ਦਾ ਬੁੱਧੀਮਾਨ ਤੇ ਭਗਤੀਭਾਵ ਵਾਲਾ ਹੋਣਾ ਉਸ

ਉਸ ਤੋਂ ਬਰਦਾਸ਼ਤ ਨਹੀਂ ਹੋ ਸਕਿਆ ਸੀ। ਇਸ ਸਾਖੀਕਾਰ ਕੋਲ ਇਹ ਯੋਗਤਾ ਸੀ ਕਿ ਇਹ ਕਹਾਣੀ ਲਿਖ ਸਕੇ ਪਰ ਨਾਲ ਹੀ ਉਸ ਦਾ ਡਲਸਫਾ ਇਸ ਕਹਾਣੀ ਤੇ ਭਾਰੂ ਹੋ ਗਿਆ।

ਸ਼ਬਦ 'ਅਪਰਾਧੀ' ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਆਪਣੇ ਲਈ ਇਕ ਥਾਂ ਹੋਰ ਵਰਤਿਆ ਹੈ। ਰਾਗ ਸੋਰਠ ਵਿਚ ਉਹ ਕਹਿੰਦੇ ਹਨ:--

ਭਗਤਿ ਹੇਤ ਤੁਮ ਕਹਾ ਕਹਾ ਨਹੀਂ ਕੀਨਾ,
ਹਮਰੀ ਬੇਰ ਭਏ ਬਲ ਹੀਨਾ ।
ਕਹੈ 'ਰਵਿਦਾਸ' ਦਾਸ ਅਪਰਾਧੀ ,
ਜੇ ਤੁਮ ਦ੍ਰਵੈ ਮੈਂ ਭਗਤਿ ਨਾ ਸਾਧੀ ।[26]

ਸਾਡਾ ਵਿਚਾਰ ਹੈ ਕਿ ਅਪਰਾਧੀ ਸ਼ਬਦ ਉਨ੍ਹਾਂ ਦੀ ਨਿਮਰਤਾ ਦਾ ਸੂਚਕ ਹੈ ਨਾ ਕਿ ਉਸ ਅਵਸਥਾ ਲਈ ਉਨ੍ਹਾਂ ਵਰਤਿਆ ਹੈ ਜਿਸ ਦਾ ਜ਼ਿਕਰ ਸਾਡੇ ਸਾਖੀਕਾਰਾਂ ਨੇ ਕੀਤਾ ਹੈ। ਇਹ ਤਾਂ ਉਹਨਾਂ ਦੀ ਕਲਪਨਾ ਸੀ ਜਿਸ ਦੇ ਖੰਭਾਂ 'ਤੇ ਚੜ੍ਹ ਕੇ ਇਹ ਕਹਾਣੀ ਪ੍ਰਚੱਲਿਤ ਹੋ ਗਈ ।

ਜਨਮ ਸਾਖੀਆਂ ਵਿਚਲੇ ਕਹਾਣੀ- ਤੱਤ ਨੇ ਇਨ੍ਹਾਂ ਨੂੰ ਹਰਮਨ ਪਿਆਰੀਆਂ ਬਣਾਉਣ ਵਿਚ ਬਹੁਤ ਮੱਦਦ ਕੀਤੀ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਜੇ ਇਹ ਕਹਿ ਲਈਏ ਕਿ ਆਮ ਵਿਅਕਤੀ, ਬਾਣੀ ਨਾਲੋਂ ਸਾਖੀਆਂ ਵਿਚ ਜ਼ਿਆਦਾ ਦਿਲਚਸਪੀ ਰੱਖਦਾ ਹੈ। ਜਨਮ-ਸਾਖੀਆਂ ਨੂੰ ਸਾਹਿਤ ਦੇ ਇਕ ਰੂਪ ਵਜੋਂ ਸਵੀਕਾਰਿਆ ਗਿਆ ਹੈ ਤੇ ਇਨ੍ਹਾਂ ਦੇ ਵਿਗਿਆਨਕ ਅਧਿਐਨ ਨੇ ਇਨ੍ਹਾਂ ਵਿਚ ਛੁਪੇ ਇਤਿਹਾਸ ਤੇ ਮਿਥਿਹਾਸ ਦੇ ਖਜ਼ਾਨੇ ਨੂੰ ਪਛਾਨਣ ਦਾ ਯਤਨ ਕੀਤਾ ਹੈ। ਇਹ ਸਾਖੀਆਂ ਨਾ ਤਾਂ ਕੋਰੀ ਕਲਪਨਾ ਦਾ ਸਿੱਟਾ ਹਨ ਅਤੇ ਨਾ ਹੀ ਮੁਕੰਮਲ ਇਤਿਹਾਸ। ਬੇਸ਼ੱਕ ਬਹੁਤ ਘੱਟ ਹੀ ਸਹੀ ਪਰੰਤੂ ਇਨ੍ਹਾਂ ਵਿੱਚ ਤੱਥ ਵੀ ਛੁਪੇ ਹੋਏ ਹਨ ।

ਗੁਰੂ ਰਵਿਦਾਸ ਨਾਲ ਸੰਬੰਧਿਤ ਜਨਮ-ਸਾਖੀ ਸਾਹਿਤ ਉਤੇ ਜੇ ਅਸੀਂ ਸਮੁੱਚੇ ਰੂਪ ਵਿਚ ਡੂੰਘੀ ਝਾਤ ਮਾਰੀਏ ਤਾਂ ਸਾਨੂੰ ਸਾਰੀਆਂ ਹੀ ਸਾਖੀਆਂ ਵਿਚ ਕਹਾਣੀ-ਤੱਤ ਮਿਲ

ਜਾਂਦਾ ਹੈ ਕਿਉਂਕਿ ਸਾਖੀਆਂ ਲੋਕ-ਮਨ ਦੀ ਉਪਜ ਹਨ ਇਸ ਕਰਕੇ ਉਨ੍ਹਾਂ ਦੀ ਕਲਪਨਾ ਨੇ ਹੀ ਇਨ੍ਹਾਂ ਨੂੰ ਜਨਮ ਦਿੱਤਾ। ਕਹਾਣੀ ਸੁਣਨ ਸੁਣਾਉਣ ਦਾ ਸਿਲਸਿਲਾ ਮਨੁੱਖ ਦੇ ਜਨਮ ਜਿੰਨਾ ਹੀ ਪੁਰਾਣਾ ਹੈ। ਜਦੋਂ ਕੋਈ ਮਹਾਂਪੁਰਸ਼ ਪ੍ਰਸਿੱਧ ਹੋ ਜਾਂਦਾ ਹੈ ਤੇ ਉਸ ਦੇ ਨਾਲ ਅਜਿਹੀਆਂ ਅਨੇਕਾਂ ਹੀ ਕਹਾਣੀਆਂ ਜੁੜ ਜਾਂਦੀਆਂ ਹਨ ।

ਇਨ੍ਹਾਂ ਜਨਮ ਸਾਖੀਆਂ ਦੀ ਮਹੱਤਤਾ ਪ੍ਰਤੀਕਾਤਮਕ ( Symbolic ) ਹੈ। ਇਹ ਗਾਲਪਿਕ ਰਚਨਾਵਾਂ ਹੁੰਦੀਆਂ ਹੋਈਆਂ ਵੀ ਆਪਣੇ ਅੰਦਰ ਬਹੁਤ ਕੁਝ ਸਮੋਈ ਬੈਠੀਆਂ ਹਨ। ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਨ੍ਹਾਂ ਸਾਖੀਆਂ ਵਿਚ ਕਹਾਣੀ- ਤੱਤ ਮੌਜੂਦ ਹੈ ਤੇ ਇਸੇ ਤੱਤ ਨੇ ਹੀ ਇਨ੍ਹਾਂ ਦੇ ਹਰਮਨ ਪਿਆਰਾ ਹੋਣ ਵਿਚ ਬਹੁਤ ਜ਼ਿਆਦਾ ਮੱਦਦ ਕੀਤੀ ਹੈ। ਗਲਪ ਵਾਂਗ ਹੀ ਇਨ੍ਹਾਂ ਨੇ ਸਮੂਹ ਨੂੰ ਆਪਣੇ ਪ੍ਰਭਾਵ ਹੇਠ ਲੈ ਲਿਆ। ਬਾਣੀ ਵਿਚੋਂ ਕੋਈ ਤੁਕ ਲੈ ਕੇ ਕਹਾਣੀ ਘੜ ਲੈਣ ਦੀ ਰੁਚੀ ਇੰਨੀ ਪ੍ਰਧਾਨ ਰਹੀ ਹੈ ਕਿ ਇਉਂ ਜਾਪਦਾ ਹੈ ਕਿ ਜੇ ਸਾਖੀਕਾਰਾਂ ਨੇ ਕਹਾਣੀ-ਤੱਤ ਵੱਲ ਧਿਆਨ ਨਾ ਦਿੱਤਾ ਹੁੰਦਾ ਤਾਂ ਸ਼ਾਇਦ ਇਹ ਸਾਹਿਤ ਅੱਜ ਵਾਂਗ ਲੋਕਾਂ ਨੇ ਆਪਣੇ ਗਲਬੇ ਹੇਠ ਨਾ ਲੈ ਸਕਦਾ ।

ਕੀ ਇਹ ਸਾਖੀਆਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਕਰਦੀਆਂ ਹਨ ?

ਇਹ ਮੰਨੀ ਪ੍ਰਮੰਨੀ ਸਚਾਈ ਹੈ ਕਿ ਜਨਮ ਸਾਖੀਆਂ ਦੀ ਰਚਨਾ ਗੁਰੂ- ਆਸ਼ੇ ਅਨੁਸਾਰ ਨਹੀਂ ਹੋਈ। ਇਨ੍ਹਾਂ ਵਿਚ ਬਹੁਤ ਕੁਝ ਅਜਿਹਾ ਆ ਗਿਆ ਹੈ ਜੋ ਬਾਣੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦਾ । ਨਾਇਕ ਦੀ ਰਚਨਾ ਵਿਚੋਂ ਕਿਸੇ ਇਕ ਛੋਟੇ ਜਿਹੇ ਹਿੱਸੇ (ਤੁਕ) ਜਾਂ ਪੂਰੇ ਸ਼ਬਦ ਨੂੰ ਆਧਾਰ ਬਣਾ ਕੇ ਇਨ੍ਹਾਂ ਰਚਨਾਵਾਂ ਦੀ ਰਚਨਾ ਕੀਤੀ ਗਈ ਪਰ ਇਸ ਦੇ ਬਾਵਜੂਦ ਇਹ ਰਚਨਾਵਾਂ ਇਹ ਦਾਅਵਾ ਨਹੀਂ ਕਰ ਸਕਦੀਆਂ ਕਿ ਇਹ ਕਿਸੇ ਗੁਰੂ ਪੀਰ ਦੀਆਂ ਸਿੱਖਿਆਵਾਂ ਨੂੰ ਪੂਰੀ ਤਰ੍ਹਾਂ ਪ੍ਰਦੀਪਤ ਕਰਦੀਆਂ ਹਨ। ਪ੍ਰਮਾਣਿਕ ਤਾਂ ਬਾਣੀ ਹੈ ਤੇ ਰਚਨਾ-ਕਾਲ ਵਿਚ ਵੀ ਉਸੇ ਦਾ ਪਹਿਲਾ ਸਥਾਨ ਹੈ ।

ਗੁਰੂ ਰਵਿਦਾਸ ਨਾਲ ਸੰਬੰਧਿਤ ਸਮੁੱਚੇ ਜਨਮ ਸਾਖੀ ਸਾਹਿਤ ਦਾ ਜੇ ਗਹੁ ਨਾਲ ਮੁਲੰਕਣ ਕਰੀਏ ਤਾਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉਨ੍ਹਾਂ ਨਾਲ ਸੰਬੰਧਿਤ ਸਾਰੀਆਂ ਸਾਖੀਆਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਨਹੀਂ ਕਰਦੀਆਂ। ਰਵਿਦਾਸ ਬਾਣੀ ਦੇ ਆਸ਼ੇ ਨਾਲ ਉਹ ਮੇਲ ਨਹੀਂ ਖਾਂਦੀਆਂ ਤੇ ਕਈ ਤਾਂ ਵਿਰੋਧਾਤਮਕ ਜਾਪਦੀਆਂ ਹਨ। ਗੁਰੂ

ਰਵਿਦਾਸ ਦੀ ਸਖਸ਼ੀਅਤ ਨੂੰ ਵੀ ਇਹ ਸਾਖੀਆਂ ਸਹੀ ਢੰਗ ਨਾਲ ਪੇਸ਼ ਨਹੀਂ ਕਰ ਸਕੀਆਂ। ਆਪਣੇ ਕਥਨ ਦੀ ਪੁਸ਼ਟੀ ਲਈ ਅਸੀਂ ਕੁਝ ਕੁ ਪ੍ਰਮੁੱਖ ਸਾਖੀਆਂ ਤੇ ਵਿਚਾਰ ਕਰਾਂਗੇ । ਗੁਰੂ ਰਵਿਦਾਸ ਨਾਲ ਸੰਬੰਧਿਤ ਇਕ ਸਾਖੀ ਪਾਰਸ ਵਾਲੀ ਹੈ। ਕਹਾਣੀ ਇਉਂ ਚੱਲਦੀ ਹੈ ਕਿ ਭਗਵਾਨ ਨੇ ਆਪਣੇ ਭਗਤ ਦੀ ਪ੍ਰੀਖਿਆ ਲਈ ਉਸ ਨੂੰ ਪਾਰਸ ਭੇਂਟ ਕੀਤਾ। ਭਗਤ ਰਵਿਦਾਸ ਕੋਲ ਤਾਂ ਸੰਤੋਖ ਧਨ ਸੀ ਇਸ ਕਰਕੇ ਉਨ੍ਹਾਂ ਨੂੰ ਇਸ ਪਾਰਸ ਦੀ ਲੋੜ ਨਹੀਂ ਸੀ। ਸੋ ਉਨ੍ਹਾਂ ਨੇ ਪਾਰਸ ਤੇਰਾਂ ਮਹੀਨੇ ਬਾਦ ਉਂਞ ਵੀ ਵਾਪਸ ਮੋੜ ਦਿੱਤਾ ।

ਉਪਰੋਕਤ ਸਾਖੀ ਇਕ ਅਜਿਹੀ ਸਾਖੀ ਹੈ ਜੋ ਉਨ੍ਹਾਂ ਦੀ ਸਿੱਖਿਆ ਨੂੰ ਪ੍ਰਦੀਪਤ ਕਰਦੀ ਹੈ। ਇਸ ਸਾਖੀ ਨੇ ਉਨ੍ਹਾਂ ਦੀ ਸਖਸ਼ੀਅਤ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਇਹ ਸਾਖੀ ਦੱਸਦੀ ਹੈ ਕਿ ਉਹ ਸੰਜਮੀ ਤੇ ਹੱਥੀਂ ਮਿਹਨਤ ਕਰਕੇ ਖਾਣ ਵਿਚ ਹੀ ਯਕੀਨ ਰੱਖਦੇ ਹਨ। ਇਹ ਸਾਖੀ ਹਾਮੀ ਭਰਦੀ ਹੈ ਬਾਣੀ ਦੀਆਂ ਉਨ੍ਹਾਂ ਤੁਕਾਂ ਦੀ ਜਿਨ੍ਹਾਂ ਵਿੱਚ ਰਵਿਦਾਸ ਕਹਿੰਦੇ ਹਨ ਕਿ ਮੈਂ ਤਾਂ ਹੱਥੀਂ ਕੰਮ ਕਰਦਾ ਹਾਂ। ਇਹ ਸਾਖੀ ਭਾਈ ਗੁਰਦਾਸ ਦੇ ਬਚਨਾਂ ਨੂੰ ਵੀ ਸਿੱਧ ਕਰਦੀ ਹੈ ਜੋ ਉਨ੍ਹਾਂ ਨੇ ਭਗਤ ਰਵਿਦਾਸ ਬਾਰੇ ਕਹੇ ਹਨ। ਸਾਖੀਕਾਰ ਨੇ ਇਸ ਸਾਖੀ ਦੀ ਰਚਨਾ ਕਰਕੇ ਆਪਣੇ ਗੁਰੂ-ਆਸ਼ੇ ਦੇ ਅਨੁਕੂਲ ਹੀ ਕੰਮ ਕੀਤਾ ਹੈ।

ਸਾਡਾ ਅਧਿਐਨ ਕਿਉਂਕਿ ਵਿਗਿਆਨਕ ਹੈ ਇਸ ਕਰਕੇ ਅਸੀਂ ਗੁਰੂ ਰਵਿਦਾਸ ਨਾਲ ਸੰਬੰਧਿਤ ਕੁਝ ਅਜਿਹੀਆਂ ਸਾਖੀਆਂ ਦਾ ਵੀ ਅਧਿਐਨ ਕਰਾਂਗੇ ਜਿਹੜੀਆਂ ਕਿ ਪਰੰਪਰਾ ਤੋਂ ਸੱਚੀਆਂ ਮੰਨੀਆਂ ਜਾਂਦੀਆਂ ਹਨ ਪਰੰਤੂ ਸਾਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਜਾਪਦਾ ਕਿ ਇਹ ਸਾਖੀਆਂ ਨਿਰੋਲ ਸਚਾਈ ਤੇ ਆਧਾਰਿਤ ਨਹੀਂ ਹਨ । ਗੁਰੂ ਰਵਿਦਾਸ ਨਾਲ ਸੰਬਧਿਤ ਕੁਝ ਪ੍ਰਮੁੱਖ ਸਾਖੀਆਂ, ਪੂਰਬਲਾ ਜਨਮ ਗੰਗਾ ਦਾ ਹੱਥ ਕੱਢ ਕੇ ਭਗਤ ਰਵਿਦਾਸ ਵਲੋਂ ਭੇਜੀ ਦਮੜੀ ਬ੍ਰਾਹਮਣ ਕੋਲੋਂ ਲੈਣਾ, ਮੂਰਤੀ ਦਾ ਪਾਣੀ ਵਿਚ ਤੈਰਨਾ ਅਤੇ ਸਾਲਿਗ੍ਰਾਮ ਦਾ ਖੁਦ ਚਲ ਕੇ ਉਨ੍ਹਾਂ ਦੀ ਗੋਦ ਵਿਚ ਆਉਣਾ ਹੈ । ਮਹਾਂਪੁਰਸ਼ ਪਰਮਾਤਮਾਂ ਤੇ ਭਰੋਸਾ ਕਰਦੇ ਸਨ ਤੇ ਉਹ ਕਰਾਮਾਤਾਂ ਦਿਖਾਉਣ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ।ਇਹ ਸਾਰੀਆਂ ਹੀ ਸਾਖੀਆਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਕਰਨ ਦਾ ਦਾਅਵਾ ਨਹੀਂ ਕਰ ਸਕਦੀਆਂ । ਇੱਥੇ ਅਸੀਂ ਇਕ ਗੱਲ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਇਨ੍ਹਾਂ ਸਾਖੀਆਂ ਦਾ ਇਕ ਤਾਂ ਆਸ਼ਾ ਬਾਣੀ ਦੀ ਥਾਂ ਗੁਰੂ-ਕੇਂਦਰਿਤ ਸੀ ਤੇ ਦੂਜਾ ਇਨ੍ਹਾਂ ਦੀ ਰਚਨਾ ਵੀ ਉਸ ਸਮੇਂ ਹੋਈ ਜਦੋਂ

ਮੱਧਕਾਲ ਦੇ ਇਨ੍ਹਾਂ ਮਹਾਂਪੁਰਸ਼ਾਂ ਦਾ ਦੈਵੀ-ਕਰਣ ਕਰਨ ਦੀ ਰੁਚੀ ਪ੍ਰਧਾਨ ਸੀ। ਇਸੇ ਰੁਚੀ ਅਧੀਨ ਇਹ ਸਾਖੀਆਂ ਰਚੀਆਂ ਗਈਆਂ। ਡਾ. ਜਸਬੀਰ ਸਿੰਘ ਸਾਬਰ ਇਨ੍ਹਾਂ ਸਾਖੀਆਂ ਬਾਰੇ ਲਿਖਦੇ ਹਨ , " ਭਗਤ ਰਵਿਦਾਸ ਜੀ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਸਾਖੀਆਂ ਜੋ ਸੰਮਿਲਿਤ ਸ੍ਰੋਤਾਂ ਅਤੇ ਸੰਪ੍ਰਦਾਈ ਲਿਖਤਾਂ ਤੋਂ ਮਿਲਦੀਆਂ ਹਨ, ਤੱਥ ਮੂਲਕ ਨਾ ਹੋ ਕੇ ਭਾਵਨਾ-ਮੂਲਕ ਪ੍ਰਤੀਤ ਹੁੰਦੀਆਂ ਹਨ।"[27]

ਇਹ ਸਾਖੀਆਂ ਵੱਖ ਵੱਖ ਸ਼ਰਧਾਲੂਆਂ ਵਲੋਂ ਰਚੀਆਂ ਗਈਆਂ ਤੇ ਹਰੇਕ ਨੇ ਪਹਿਲੋਂ ਨਾਲ ਕੁਝ ਵੱਖ ਦੱਸ ਕੇ ਆਪਣੀ ਪ੍ਰਭੂਸੱਤਾ ਦਿਖਾਈ। ਇਹੀ ਕਾਰਨ ਹੈ ਕਿ ਇਨ੍ਹਾਂ ਵਿੱਚ ਨਿਰੰਤਰ ਵਾਧਾ ਹੁੰਦਾ ਗਿਆ ਤੇ ਇੱਕੋ ਹੀ ਸਾਖੀ ਦੇ ਥੋੜ੍ਹੇ ਜਿਹੇ ਫਰਕ ਨਾਲ ਕਈ ਰੂਪ ਮਿਲਣ ਲੱਗ ਪਏ ।

ਪਹਿਲੀ ਘਟਨਾ ਪੂਰਬਲੇ ਜਨਮ ਦੀ ਹੈ। ਕਹਾਣੀ ਹੈ ਕਿ ਭਗਤ ਰਵਿਦਾਸ ਨੂੰ ਆਪਣੇ ਗੁਰੂ ਰਾਮਾਨੰਦ ਦੇ ਸਰਾਪ ਕਾਰਨ ਹੀ ਨੀਚ ਘਰ (ਚਮਾਰ ਜਾਤੀ) ਵਿਚ ਜਨਮ ਲੈਣਾ ਪਿਆ। ਆਪਣੇ ਪੂਰਬਲੇ ਜਨਮ ਵਿਚ ਬ੍ਰਾਹਮਣ ਹੋਣ ਨੂੰ ਉਹ ਨਾ ਭੁਲਾ ਸਕੇ ਜਿਸ ਕਰਕੇ ਉਨ੍ਹਾਂ ਨੇ ਆਪਣੀ ਮਾਤਾ ਦਾ ਦੁੱਧ ਨਾ ਪੀਤਾ। ਅਜਿਹੀ ਨਾਜ਼ੁਕ ਸਥਿਤੀ ਵਿਚ ਰਾਮਾਨੰਦ ਨੂੰ ਆਕਾਸ਼ਬਾਣੀ ਹੋਈ ਤੇ ਉਨ੍ਹਾਂ ਦੇ ਪਹੁੰਚਣ ਤੋਂ ਬਾਦ ਹੀ ਬੱਚੇ ਨੇ ਸਤਨਪਾਨ ਕੀਤਾ। ਇਹ ਇਕ ਮਨਘੜਤ ਕਹਾਣੀ ਜਾਪਦੀ ਹੈ ਜੋ ਨਿਸ਼ਚੇ ਹੀ ਬ੍ਰਾਹਮਣਵਾਦੀ ਸੋਚ ਦੀ ਪ੍ਰਤੀਕ ਹੈ। ਭਗਤ ਰਵਿਦਾਸ ਨੇ ਆਪਣੀ ਜਾਤ ਨਹੀਂ ਛੁਪਾਈ ਸਗੋਂ ਉਹ ਵਾਰ ਵਾਰ ਕਹਿੰਦੇ ਹਨ ਕਿ ਮੇਰੀ ਜਾਤ ਚਮਾਰ ਹੈ। ਪਰੰਤੂ ਇਹ ਸਾਖੀ ਕਹਿੰਦੀ ਹੈ ਕਿ ਉਹ ਪਿਛਲੇ ਜਨਮ ਵਿਚ ਬ੍ਰਾਹਮਣ ਸਨ ਤੇ ਕਿਸੇ ਸਰਾਪ ਕਾਰਨ ਹੀ ਉਨ੍ਹਾਂ ਨੂੰ ਇਕ ਚਮਾਰ ਘਰ ਵਿਚ ਜਨਮ ਲੈਣਾ ਪਿਆ। ਗੁਰੂ ਰਵਿਦਾਸ ਬਾਣੀ ਵਿਚ ਇਹ ਸਪੱਸ਼ਟ ਲਿਖਿਆ ਹੈ ਕਿ ਨੀਵੀਂ ਜਾਤ ਵਿਚ ਪੈਦਾ ਹੋ ਕੇ ਵੀ ਉਹ ਇੰਨੀ ਉੱਚੀ ਪਦਵੀ ਪ੍ਰਾਪਤ ਕਰ ਗਏ ਕਿ ਬ੍ਰਾਹਮਣ ਵੀ ਉਨ੍ਹਾਂ ਨੂੰ ਨਮਸ਼ਕਾਰ ਕਰਦੇ ਹਨ। ਉਨ੍ਹਾਂ ਦੀ ਉੱਚੀ ਅਵੱਸਥਾ ਨੇ ਹੀ ਬ੍ਰਾਹਮਣਾਂ ਨੂੰ ਇਹ ਸਾਖੀ ਰਚਣ ਲਈ ਮਜ਼ਬੂਰ ਕੀਤਾ ਜਾਪਦਾ ਹੈ ।

ਦੂਜੀ ਸਾਖੀ ਜਿਸ ਦਾ ਅਸੀਂ ਜ਼ਿਕਰ ਕੀਤਾ ਹੈ, ਗੰਗਾ ਵਲੋਂ ਭਗਤ ਰਵਿਦਾਸ ਵਲੋਂ ਭੇਜੀ ਦਮੜੀ ਹੱਥ ਕੱਢ ਕੇ ਲੈਣਾ ਹੈ। ਪਰੰਪਰਾ ਤੋਂ ਦਰਿਆਵਾਂ ਦੀ ਪੂਜਾ ਹੁੰਦੀ ਰਹੀ

ਹੈ ਕਿਉਂਕਿ ਪ੍ਰਾਚੀਨ ਸੱਭਿਆਤਾਵਾਂ ਦਾ ਜਨਮ ਦਰਿਆਵਾਂ ਦੇ ਕੰਢੇ ਤੇ ਹੀ ਹੋਇਆ ਹੈ। ਜੇ 'ਹਿੰਦੂ ਮਿਥਿਹਾਸ ਕੋਸ਼' ਨੂੰ ਵਾਚੀਏ ਤਾਂ ਗੰਗਾ ਦਰਿਆ ਬਾਰੇ ਬੜੀ ਹੀ ਰੋਚਿਕ ਜਾਣਕਾਰੀ ਮਿਲਦੀ ਹੈ। ਇਸ ਪਵਿੱਤਰ ਨਦੀ ਦਾ ਰਿਗਵੇਦ ਵਿਚ ਦੋ ਵਾਰ ਵਰਨਣ ਹੋਇਆ ਹੈ। ਪੁਰਾਣਾਂ ਵਿਚੋਂ ਮਿਲਦੀ ਜਾਣਕਾਰੀ ਅਨੁਸਾਰ ਵਿਯਦ-ਗੰਗਾ(ਸਵਰਗੀ ਨਦੀ) ਜਿਹੜੀ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਵਿੱਚੋਂ ਨਿਕਲੀ ਸੀ, ਰਾਜੇ ਭਗੀਰਥ ਦੇ ਤਪ ਨਾਲ ਸਵਰਗ ਤੋਂ ਪ੍ਰਿਥਵੀ ਤੇ ਲਿਆਂਦੀ ਗਈ, ਤਾਂ ਜੋ ਰਾਜਾ ਸਗਰ ਦੇ ਕਲਪ ਰਿਸ਼ੀ ਦੀ ਕਰੋਧ ਦੀ ਅੱਗ ਨਾਲ ਭਸਮ ਹੋਏ ਸੱਠ ਹਜ਼ਾਰ ਪੁੱਤਰਾਂ ਦੀ ਸੁਆਹ ਨੂੰ ਇਸ ਦੇ ਜਲ ਨਾਲ ਪਵਿੱਤਰ ਕੀਤਾ ਜਾ ਸਕੇ।

ਦੇਵੀ ਦੇ ਰੂਪ ਵਿਚ ਗੰਗਾ ਨੂੰ ਹਿਮਵਤ ਤੇ ਮੇਨਾ ਦੀ ਪੁੱਤਰੀ ਤੇ ਉਮਾ ਦੀ ਭੈਣ ਕਿਹਾ ਜਾਂਦਾ ਹੈ। ਉਹ ਰਾਜੇ ਸ਼ਾਤਨੂੰ ਦੀ ਪਤਨੀ ਬਣੀ ਅਤੇ ਭੀਸ਼ਮ ਨਾਂ ਦੇ ਇਕ ਪੁੱਤਰ ਨੂੰ ਜਨਮ ਦਿੱਤਾ।[28] ਇਸ ਸਾਖੀ ਵਿਚ ਵੀ ਭਗਤ ਰਵਿਦਾਸ ਦੀ ਸਰਬਉੱਚਤਾ ਸਿੱਧ ਕਰਨ ਲਈ ਗੰਗਾ ਦਾ ਦੈਵੀ ਰੂਪ ਵਰਤਿਆ ਗਿਆ। ਇਨ੍ਹਾਂ ਸਾਖੀਆਂ ਦੀ ਰਚਨਾ ਵਿੱਚ ਮਿਥਿਹਾਸ ਦਾ ਬਹੁਤ ਵੱਡਾ ਹੱਥ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਹ ਸਾਖੀ ਭਗਤ ਰਵਿਦਾਸ ਦੀ ਕਿਸੇ ਸਿੱਖਿਆ ਨੂੰ ਪ੍ਰਦੀਪਤ ਨਹੀਂ ਕਰਦੀ । ਇਸ ਦੀ ਸਿਰਫ ਇੰਨੀ ਹੀ ਮਹੱਤਤਾ ਹੈ ਕਿ ਭਗਤ ਰਵਿਦਾਸ ਪਰਮਾਤਮਾ ਨਾਲ ਇਕਮਿਕ ਹੋ ਚੁੱਕੇ ਸਨ ਤੇ ਸਾਖੀਕਾਰ ਨੇ ਕੁਦਰਤ ਨੂੰ ਵੀ ਭਗਤ ਰਵਿਦਾਸ ਦੀ ਮਰਜ਼ੀ ਅਨੁਸਾਰ ਵਿਚਰਨ ਲਈ ਮਜਬੂਰ ਕਰ ਦਿੱਤਾ ਹੈ।

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਆਏ ਹਾਂ ਬਹੁਤੀਆਂ ਸਾਖੀਆਂ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਨਹੀਂ ਕਰਦੀਆਂ। ਇਸ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਇਹ ਇਸ ਮੰਤਵ ਤੋਂ ਰਚੀਆਂ ਹੀ ਨਹੀਂ ਗਈਆਂ। ਸਾਖੀਕਾਰ ਦਾ ਉਦੇਸ਼ ਤਾਂ ਗੁਰੂ-ਕੇਂਦਰਿਤ ਸੀ ਤੇ ਉਸ ਨੇ ਆਪਣੇ ਨਾਇਕ ਦੀ ਸਿਰਮੌਰਤਾ ਨੂੰ ਸਿੱਧ ਕਰਨਾ ਸੀ। ਇਕ ਬਹੁਤ ਹੀ ਪ੍ਰਸਿੱਧ ਸਾਖੀ ਮੂਰਤੀ ਦੇ ਪਾਣੀ ਵਿਚ ਤੈਰਨ ਦੀ ਹੈ। ਵਿਦਵਾਨਾਂ ਨੇ ਬਾਣੀ ਦੀ ਅੰਦਰਲੀ ਗਵਾਹੀ ਤੋਂ ਵੀ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਭਗਤ ਰਵਿਦਾਸ ਦੀ ਸ਼ਕਤੀ ਨਾਲ ਮੂਰਤੀ ਸਚਮੁੱਚ ਹੀ ਪਾਣੀ ਵਿਚ ਤੈਰਨ ਲੱਗ ਪਈ।[29] ਪਰੰਤੂ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਇਸ ਟੂਕ ਤੋਂ ਰਵਿਦਾਸ ਜੀ ਦਾ ਭਾਵ ਇਹ ਕਹਿਣਾ ਸੀ ਕਿ ਜੇ ਮੂਰਤੀ ਵਿੱਚ ਪਰਮਾਤਮਾ ਵਸਦਾ ਹੋਵੇ ਤਾਂ ਉਹ ਪਾਣੀ ਤੇ ਜਰੂਰ ਤਰੇ।

ਡਾ. ਧਰਮਪਾਲ ਸਿੰਗਲ ਵਲੋਂ ਪੇਸ਼ ਕੀਤਾ ਗਿਆ ਪ੍ਰਮਾਣ ਪਹਿਲੀ ਰਾਇ ਰੱਖਣ ਵਾਲਿਆਂ ਦੇ ਵਿਚਾਰਨ ਯੋਗ ਹੈ। ਆਪਣੇ ਨੁਕਤਾ ਨਜ਼ਰ ਤੋਂ ਬਾਣੀ ਦੇ ਅਰਥ ਕੀਤਿਆਂ ਅਨਰਥ ਹੋ ਜਾਂਦਾ ਹੈ ਤੇ ਇਕ ਸਾਖੀ ਨੂੰ ਸਿੱਧ ਕਰਨ ਲਈ ਅਜਿਹਾ ਕਰਨਾ ਕਦੀ ਵੀ ਯੋਗ ਨਹੀਂ ਮੰਨਿਆ ਜਾ ਸਕਦਾ ਹੈ। ਘੋਖਣ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਇਹ ਸਾਖੀ ਵੀ ਗੁਰੂ ਰਵਿਦਾਸ ਦੀ ਕਿਸੇ ਸਿੱਖਿਆ ਨੂੰ ਪ੍ਰਦੀਪਤ ਨਹੀਂ ਕਰਦੀ ਹੈ।

ਇਸੇ ਤਰ੍ਹਾਂ ਹੋਰ ਸਾਖੀਆਂ ਵੀ ਜਿਵੇਂ ਸਾਲਿਗਰਾਮ ਦਾ ਚਲ ਕੇ ਰਵਿਦਾਸ ਜੀ ਦੀ ਗੋਦ ਵਿੱਚ ਆ ਜਾਣਾ, ਰਵਿਦਾਸ ਜੀ ਦਾ ਬ੍ਰਹਮ ਭੋਜ ਸਮੇਂ ਬ੍ਰਾਹਮਣਾਂ ਵਿਚਕਾਰ ਬੈਠੇ ਹੋਣਾ ਤੇ ਚਮੜੀ ਚੀਰ ਕੇ ਜਨੇਊ ਦਿਖਾਉਣਾ ਰਵਿਦਾਸ ਜੀ ਦਾ ਅਕਸ ਸੰਵਾਰਨ ਦੀ ਥਾਂ ਵਿਗਾੜਦੀਆਂ ਹਨ। ਜਿਵੇਂ ਅਸੀਂ ਪਿਛਲੇ ਪੰਨਿਆਂ ਵਿੱਚ ਆਖ ਆਏ ਹਾਂ ਸਾਖੀਕਾਰ ਦਾ ਰਵਿਦਾਸ ਜੀ ਦੀ ਸ਼ਖਸ਼ੀਅਤ ਨਾਲ ਇੰਨਾ ਸਰੋਕਾਰ ਨਹੀਂ ਸੀ ਜਿੰਨਾ ਉਨ੍ਹਾਂ ਦੀ ਸਿਰਮੌਰਤਾ ਨੂੰ ਸਿੱਧ ਕਰਨ ਨਾਲ । ਅੰਤ ਵਿੱਚ ਅਸੀਂ ਇਸੇ ਸਿੱਟੇ ਤੇ ਪੁੱਜਦੇ ਹਾਂ ਕਿ ਇਹ ਸਾਰੀਆਂ ਸਾਖੀਆਂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਨਹੀਂ ਕਰਦੀਆਂ ਹਨ ।

## ਸਿੱਟੇ ਤੇ ਨਿਚੋੜ

ਗੁਰੂ ਰਵਿਦਾਸ ਜੀ ਬਾਰੇ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਜਨਮ ਸਾਖੀਆਂ ਮਿਲਦੀਆਂ ਹਨ। ਇਨ੍ਹਾਂ ਵਿਚ ਸਾਖੀਆਂ ਦੀ ਗਿਣਤੀ ਤੇ ਤਰਤੀਬ ਇਕੋ ਜਿਹੀ ਨਹੀਂ ਹੈ ।

ਜਨਮ-ਸਾਖੀਆਂ ਵਿਚਲੇ ਕਹਾਣੀ ਤੱਤ ਨੇ ਹੀ ਇਨ੍ਹਾਂ ਨੂੰ ਹਰਮਨ ਪਿਆਰਾ ਬਣਾਇਆ ਹੈ । ਸਾਖੀਆਂ ਦੀ ਰਚਨਾ ਬਾਣੀ ਰਚਨਾ ਤੋਂ ਬਾਦ ਹੋਈ ਇਸ ਲਈ ਬਾਣੀ ਦੀ ਇਕ ਤੁਕ ਨੂੰ ਆਧਾਰ ਬਣਾ ਕੇ ਵੀ ਸਾਖੀ ਰਚ ਲਈ ਗਈ। ਮਿਸਾਲ ਦੇ ਤੌਰ ਤੇ ਰਵਿਦਾਸ ਜੀ ਦੇ ਪੂਰਬਲੇ ਜਨਮ ਸੰਬੰਧੀ ਕਹਾਣੀ ਇੰਨੀ ਰੌਚਿਕ ਹੈ ਕਿ ਇਸ ਨੂੰ ਸਾਖੀਕਾਰਾਂ ਦੇ ਇਕ ਵੱਡੇ ਵਰਗ ਨੇ ਅਪਣਾਇਆ ਹੈ। ਸਾਖੀਕਾਰ ਨੂੰ ਇਕ ਚੰਗਾ ਕਹਾਣੀਕਾਰ ਮੰਨਿਆ ਜਾ ਸਕਦਾ ਹੈ। ਗੁਰੂ ਰਵਿਦਾਸ ਸੰਬੰਧੀ ਰਚੇ ਗਏ ਜਨਮ-ਸਾਖੀ ਸਾਹਿਤ ਵਿੱਚ ਇਹ ਗਾਲਪਿਕ ਰੁਚੀ

ਪ੍ਰਧਾਨ ਰਹੀ ਹੈ। ਸੋ ਸਾਡਾ ਵਿਚਾਰ ਹੈ ਕਿ ਸਾਖੀਆਂ ਵਿਚਲੇ ਕਹਾਣੀ ਤੱਤ ਨੇ ਹੀ ਇਨ੍ਹਾਂ ਨੂੰ ਹਰਮਨ ਪਿਆਰਾ ਬਣਾਇਆ ਹੈ।

ਗੁਰੂ ਰਵਿਦਾਸ ਬਾਰੇ ਜਾਣਕਾਰੀ ਦਿੰਦਾ ਇਹ ਸਾਹਿਤ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਮੁੱਚੇ ਰੂਪ ਵਿੱਚ ਪ੍ਰਦੀਪਤ ਨਹੀਂ ਕਰਦਾ ਹੈ। ਜਿੱਥੇ ਕਈ ਸਾਖੀਆਂ ਉਨ੍ਹਾਂ ਦੀ ਸਖਸ਼ੀਅਤ ਨੂੰ ਉਘਾੜਦੀਆਂ ਹਨ ਉੱਥੇ ਕਈ ਸਾਖੀਆਂ ਉਨ੍ਹਾਂ ਦੇ ਅਕਸ਼ ਨੂੰ ਵਿਗਾੜਦੀਆਂ ਵੀ ਹਨ। ਇਨ੍ਹਾਂ ਸਾਖੀਆਂ ਨੂੰ ਪ੍ਰਮਾਣਿਕ ਸਿੱਧ ਕਰਨ ਲਈ ਅਜੋਕੇ ਮਾਪਦੰਡ ਨਹੀਂ ਵਰਤੇ ਜਾ ਸਕਦੇ। ਜਿਸ ਸਮੇਂ ਇਹ ਸਾਖੀਆਂ ਰਚੀਆਂ ਗਈਆਂ ਉਸ ਸਮੇਂ ਦੇ ਲੋਕ-ਮਨ ਨੂੰ ਇਨ੍ਹਾਂ ਦੀ ਲੋੜ ਸੀ।

## ਟਿੱਪਣੀਆਂ ਤੇ ਹਵਾਲੇ

1. ਡਾ. ਧਰਮਪਾਲ ਸਿੰਗਲ, ਪੰਜਾਬੀ ਜੀਵਨੀ ਸਰੂਪ ਸਿੱਧਾਂਤ ਤੇ ਵਿਕਾਸ, ਪੰਨਾ- 126
2. " Religio- Philosophic culture of India is responsible for the absence of details about the lives of these saints."

   -- A Study of Bhakta Ravidasa, P. 1.
3. - Ibid-, P. 2.
4. ਗੁਰੂ ਰਵਿਦਾਸ ,ਪੰਨਾ- 1.
5. -ਉਹੀ-, ਪੰਨਾ- 3
6. " The traditional literature was produced by sectarian writers who presented Ravidasa according to their on sectarian point of view."

   -- A Study of Bhakta Ravidasa, P. Introduction, XII.
7. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 94
8. ਸੰਤ ਰੈਦਾਸ, ਪੰਨਾ- 16
9. ਸੰਤ ਗੁਰੂ ਰਵਿਦਾਸ ਬਾਣੀ, ਪੰਨਾ- 30-31.
10. ਗੁਰੂ ਰਵਿਦਾਸ ਦਾ ਭਗਤੀ ਮਾਰਗ, ਪੰਨਾ- ੪੧
11. ਡਾ. ਧਰਮਪਾਲ ਸਿੰਗਲ, ਰਵਿਦਾਸ ਬਾਣੀ, ਪੰਨਾ- 72, ਪਦ 182
12. " It is perhaps on account of the lack of interest on the part of the Brahmans, the custodians of traditional learning that little scholarly attention has been passed to Ravidasa. His caste and spiritual attainments pase a sort of contradiction to traditional Hindus."

   -- A Study of Bhakta Ravidasa, P. Introduction -XI.

13. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 45.

14. -ਉਹੀ-, ਪੰਨਾ- 52.

15. ਖੋਜ ਪੱਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪੰਨਾ- 1. (ਪ੍ਰਿੰ. ਸੰਤ ਸਿੰਘ ਸੇਖੋਂ )

16. -ਉਹੀ-, ਪੰਨਾ- 30( ਡਾ. ਪਿਆਰ ਸਿੰਘ)

17. -ਉਹੀ-, ਪੰਨਾ- 33. -ਉਹੀ-

18. -ਉਹੀ-, ਪੰਨਾ- 37, -ਉਹੀ-

19. ਡਾ. ਸਵਿੰਦਰ ਸਿੰਘ ਉਪਲ, ਖੋਜ ਪੱਤ੍ਰਿਕਾ (ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 284.

20. -ਉਹੀ-, ਪੰਨਾ- 284.

21. -ਉਹੀ-, ਪੰਨਾ- 284.

22. -ਉਹੇ-, ਪੰਨਾ- 284.

23. -ਉਹੀ-, ਪੰਨਾ- 287.

24. ਪ੍ਰੋ. ਪੂਰਨ ਸਿੰਘ, ਖੁਲ੍ਹੇ ਲੇਖ, ਪੰਨਾ- 288.

25. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 96.

26. -ਉਹੀ-, ਪੰਨਾ- 25.

27. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 45.

28. ਜੋਨ ਡੈਸਨ, ਹਿੰਦੂ ਮਿਥਿਹਾਸ ਕੋਸ਼, ਪੰਨਾ- 212.

29. ਡਾ. ਬੀ.ਪੀ. ਸ਼ਰਮਾ, ਸੰਤ ਗੁਰੂ ਰਵਿਦਾਸ ਬਾਣੀ, ਪੰਨਾ- 30-31.

30. ਡਾ. ਧਰਮਪਾਲ ਸਿੰਗਲ, ਰਵਿਦਾਸ ਬਾਣੀ, ਪੰਨਾ- 72.

# ਅਧਿਆਇ ਤੀਜਾ

## ਗੁਰੂ ਰਵਿਦਾਸ ਨਾਲ ਸੰਬੰਧਿਤ ਜਨਮ ਸਾਖੀਆਂ ਵਿਚ ਇਤਿਹਾਸਕ ਤੱਤ

# ਗੁਰੂ ਰਵਿਦਾਸ ਨਾਲ ਸੰਬੰਧਿਤ ਜਨਮ ਸਾਖੀਆਂ ਵਿਚ ਇਤਿਹਾਸਕ ਤੱਤ

## ਗੁਰੂ ਰਵਿਦਾਸ ਦੇ ਸਮਕਾਲੀ

ਇਤਿਹਾਸ ਦੇ ਝਰੋਖੇ ਵਿਚੋਂ ਜਿਨ੍ਹਾਂ ਮਹਾਂਪੁਰਸ਼ਾਂ ਦੇ ਗੁਰੂ ਰਵਿਦਾਸ ਦੇ ਸਮਕਾਲੀ ਹੋਣ ਦਾ ਪਤਾ ਲੱਗਦਾ ਹੈ ਉਨ੍ਹਾਂ ਵਿਚ ਉਨ੍ਹਾਂ ਦੇ ਗੁਰੂ ਭਾਈ (ਸਵਾਮੀ ਰਾਮਾਨੰਦ ਦੇ ਸ਼ਿਸ਼) ਸ੍ਰੀ ਅਨੰਤਾਨੰਦ, ਭਗਤ ਕਬੀਰ, ਸੁਖਾਨੰਦ, ਨਰਹਰੀਆ ਨੰਦ, ਭਾਵਾਨੰਦ, ਸੁਰਸੁਰਾਨੰਦ, ਸੁਰਸੁਰੀ, ਪਦਮਾਵਤੀ, ਪੀਪਾ ਜੀ, ਭਗਤ ਸੈਨ ਅਤੇ ਭਗਤ ਧੰਨਾ ਦਾ ਨਾਂ ਲਿਆ ਜਾ ਸਕਦਾ ਹੈ।[1] ਪਰੰਪਰਾ ਇਸ ਗੁਰੂ-ਸ਼ਿਸ਼ ਸੰਬੰਧ ਨੂੰ ਸਵੀਕਾਰਦੀ ਹੈ। ਗੁਰੂ ਰਵਿਦਾਸ ਦੇ ਸਮਕਾਲੀਆਂ ਵਿਚ ਗੁਰੂ ਨਾਨਕ ਵੀ ਸ਼ਾਮਲ ਹਨ ਭਾਵੇਂ ਦੋਹਾਂ ਦੀ ਮੁਲਾਕਾਤ ਸੰਬੰਧੀ ਵਿਦਵਾਨਾਂ ਦੀ ਇਕ ਰਾਇ ਨਹੀਂ ਹੈ ।

ਭਗਤ ਕਬੀਰ ਤੇ ਰਵਿਦਾਸ ਸੰਬੰਧ ਬਾਰੇ ਵਿਦਵਾਨ ਕੁਝ ਵੀ ਕਹਿਣ ਪਰੰਤੂ ਇਕ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਦੋਵੇਂ ਇਕ ਦੂਜੇ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦੇ ਸਨ। ਡਾ. ਜਸਬੀਰ ਸਿੰਘ ਸਾਬਰ ਭਗਤ ਕਬੀਰ ਦਾ ਸਮਾਂ ਸੀਮਾ 1446 ਬਿ. ਤੋਂ 1495 ਬਿ. ਮੰਨ ਕੇ ਦੋਹਾਂ ਨੂੰ ਸਮਕਾਲੀ ਸਿੱਧ ਕਰਦੇ ਹਨ।[2]

ਗੁਰੂ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲਾ ਗ੍ਰੰਥ ਅਨੰਤਦਾਸ ਰਚਿਤ 'ਰੈਦਾਸ ਪਰਚਈ' ਸੰਤ ਨਾਭਾਦਾਸ ਦੀ ਭਗਤਮਾਲ, ਸ੍ਰੀ ਬਖਸੀ ਦਾਸ ਦੀ 'ਰੈਦਾਸ ਰਮਾਇਣ' ਭਗਤ ਸੈਨ ਜੀ ਦਾ 'ਰਵਿਦਾਸ- ਕਬੀਰ ਸੰਵਾਦ' ਇਸ ਸੰਬੰਧ ਦੀ ਪੁਸ਼ਟੀ ਕਰਦੇ ਹਨ। ਇਸ ਤੋਂ ਬਿਨਾਂ ਪੰਜਾਬੀ ਵਿਚ ਭਗਤ ਰਵਿਦਾਸ ਬਾਰੇ ਜਨਮਸਾਖੀ ਲਿਖਣ ਵਾਲੇ ਵਿਦਵਾਨ ਸ੍ਰੀ ਬਰਕਤ ਸਿੰਘ ਅਨੰਦ, ਪ੍ਰਤਾਪ ਸਿੰਘ ਜੋਤਸ਼ੀ, ਹਰੀਸ਼ ਚੰਦਰ, ਕਾਲਾ ਸਿੰਘ ਨਾਮਧਾਰੀਆ, ਲਾਲ ਸਿੰਘ ਨਰੋਤਮ ਆਦਿ ਸਾਰੇ ਵਿਦਵਾਨ ਇਸ ਮੱਤ ਦੀ ਪੁਸ਼ਟੀ ਕਰਦੇ ਹਨ ।[3]

ਪ੍ਰਸਿੱਧ ਵਿਦਵਾਨ ਮੈਕਾਲਫ[4] ਤੇ ਮੈਕਲੋਡ[5] ਵੀ ਇਸੇ ਮੱਤ ਨੂੰ ਮੰਨਣ ਵਾਲਿਆਂ ਵਿਚੋਂ ਹਨ। ਸ੍ਰੀ ਪਰਸ਼ੂਰਾਮ ਚਤੁਰਵੇਦੀ[6] ਪ੍ਰੋ. ਰਾਮ ਕੁਮਾਰ ਵਰਮਾ[7] ਤੇ ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ[8] ਵੀ ਭਗਤ ਰਵਿਦਾਸ ਤੇ ਭਗਤ ਕਬੀਰ ਨੂੰ ਸਮਕਾਲੀ ਮੰਨਦੇ ਹਨ ।

ਰਵਿਦਾਸ ਜੀ ਭਗਤ ਕਬੀਰ ਨਾਲੋਂ ਉਮਰ ਵਿਚ ਵੱਡੇ ਸਨ ਜਾਂ ਛੋਟੇ ਇਸ ਬਾਰੇ ਵੀ ਵਿਦਵਾਨਾਂ ਵਿਚ ਮੱਤਭੇਦ ਹੈ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਤੇ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਭਗਤ ਰਵਿਦਾਸ ਦਾ ਜਨਮ 1433 ਸੰਮਤ ਵਿਚ ਹੋਇਆ ਮੰਨਕੇ ਭਗਤ ਰਵਿਦਾਸ ਨੂੰ ਭਗਤ ਕਬੀਰ ਨਾਲੋਂ ਉਮਰ ਵਿਚ ਵੱਡਾ ਮੰਨਦੇ ਹਨ। ਆਪਣੇ ਮੱਤ ਦੇ ਸਮਰਥਨ ਵਿਚ ਇਹ ਵਿਦਵਾਨ ਕਬੀਰ ਸਾਹਿਬ ਦੀ ਇਕ ਪੰਕਤੀ 'ਸਾਧਨ ਮੈਂ ਰੈਦਾਸ ਸੰਤ ਹੈ ਸਪੁਰ ਰਿਸ਼ੀ ਸੋ ਮਾਨਿਆ '। ਪਰੰਤੂ ਡਾ. ਸਾਬਰ ਅਨੁਸਾਰ ਇਸ ਤੁਕ ਬਾਰੇ ਵੀ ਵਿਦਵਾਨਾਂ ਵਿੱਚ ਮੱਤਭੇਦ ਹੈ।[9]

ਡਾ. ਜੋਗਿੰਦਰ ਸਿੰਘ ਇਸ ਪੰਗਤੀ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ, " ਯਹੀ ਪੰਕਤੀ ਕਬੀਰ ਕੀ ਰਚਨਾਉਂ ਮੇਂ ਬਹੁਤ ਸੇ ਪਾਠੋਂ ਮੇਂ ਨਹੀਂ ਮਿਲਤੀ ਹੈ ਅਤ: ਇਸ ਪੰਕਤਿ ਕੋ ਪਕਸ਼ਪਤ ਭੀ ਮਾਨਾ ਜਾ ਸਕਤਾ ਹੈ।"[10]

ਪਹਿਲਾਂ ਤਾਂ ਇਸ ਗੱਲ ਬਾਰੇ ਵੀ ਸ਼ੰਕਾ ਹੈ ਕਿ ਇਹ ਰਚਨਾ ਕਬੀਰ ਸਾਹਿਬ ਦੀ ਹੈ ਜਾਂ ਨਹੀਂ ਪਰੰਤੂ ਜੇ ਇਸ ਰਚਨਾ ਨੂੰ ਕਬੀਰ ਸਾਹਿਬ ਦੀ ਰਚਨਾ ਮੰਨ ਵੀ ਲਿਆ ਜਾਵੇ ਤਾਂ ਕਿਸੇ ਤਰ੍ਹਾਂ ਵੀ ਇਹ ਰਚਨਾ ਇਹ ਸਾਬਤ ਨਹੀਂ ਕਰਦੀ ਕਿ ਰਵਿਦਾਸ ਕਬੀਰ ਨਾਲੋਂ ਉਮਰ ਵਿਚ ਵੱਡੇ ਸਨ ।

ਪ੍ਰਸਿੱਧ ਵਿਦਵਾਨ ਡਾ. ਮੈਕਲੋਡ ਦਾ ਮੱਤ ਹੈ, "The traditional link between Ramanand and Kabir is barely plausible on Chronological grounds, and it is evident that Raidas was younger than Kabir. This is the conclusion which is indicated by the references which he makes to Kabir and it places him beyond the time of Ramanank .Moreover there is no hint of such a relationship in any of his works ."[11]

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਦੋਹਾਂ ਸਮਕਾਲੀਆਂ ਵਿਚ ਭਾਵਮਈ ਰਿਸ਼ਤਾ ਸੀ। ਭਗਤ ਰਵਿਦਾਸ ਦੀ ਸੁਰ ਨਿਵੇਕਲੀ ਸੀ ਤੇ ਆਪਣੇ ਸ਼ਾਂਤ ਸੁਭਾਅ ਕਾਰਨ ਹੀ ਉਨ੍ਹਾਂ ਭਗਤ ਕਬੀਰ ਬਾਰੇ ਸਤਿਕਾਰਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ:—

ਤਬ ਰੈਦਾਸ ਵਿਚਾਰੀ ਬਾਤਾ। ਗੁਰੂ ਸਮਾਨ ਕਬੀਰ ਬੜ ਭ੍ਰਾਤਾ।।[12]

'ਪਰਚਈ ਅਨੰਤਦਾਸ'ਦੀ ਇਸ ਤੁਕ ਤੋਂ ਇਹ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਕਬੀਰ ਸਾਹਿਬ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਸਨ ਤੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਆਦਰ ਭਾਵ ਦੇ ਇਹ ਦੋਹਾਂ ਦੇ ਭਾਵਮਈ ਰਿਸ਼ਤੇ ਨੂੰ ਸਿੱਧ ਕਰਦੇ ਹਨ ।

## ਗੁਰੂ ਰਵਿਦਾਸ ਤੇ ਸੰਤ ਪੀਪਾ ਜੀ

ਸੰਤ ਪੀਪਾ ਜੀ ਸ੍ਰੀ ਗੁਰੂ ਰਵਿਦਾਸ ਦੇ ਸਮਕਾਲੀ ਤੇ ਗੁਰੂ ਭਾਈ ਸਨ। ਆਪਨੇ ਇਕ ਪਦ ਵਿਚ ਭਗਤ ਰਵਿਦਾਸ ਤੇ ਭਗਤ ਕਬੀਰ ਬਾਰੇ ਇਕੱਠੇ ਹੀ ਉਸਤੱਤ ਕੀਤੀ ਹੈ। ਆਪ ਦਾ ਭਾਵ ਇਹ ਸੀ ਕਿ ਜੇ ਕਲਿਜੁਗ ਵਿਚ ਇਹ ਦੋਵੇਂ ਭਗਤ ਇਸ ਦੁਨੀਆਂ ਵਿਚ ਨਾ ਆਉਂਦੇ ਤਾਂ ਵੇਲੇ ਦੇ ਲੋਕ 'ਵੇਦ ਅਤੇ ਕਲਿਜੁਗ' ਮਿਲ ਕੇ ਭਗਤੀ ਨੂੰ ਪਾਤਾਲ ਵਿਚ ਧੱਕ ਦਿੰਦੇ । ਕਥਨ ਹੈ:—

ਜੋ ਕਲਿ ਰੈਦਾਸ-ਕਬੀਰ ਨ ਹੋਤੇ,<br>
ਤੋ ਲੋਕ ਵੇਦ ਅਰੁ ਕਲਜੁਗ ਮਿਲ ਕਰ<br>
ਭਗਤਿ ਰਸਾਤਲ ਦੇਤੇ ।। ਟੇਕ ।।[13]

ਪੀਪਾ ਜੀ ਦੇ ਕਹਿਣ ਦਾ ਸਾਰ ਇਹ ਹੈ ਕਿ ਹਰਿ-ਰੂਪ ਹੋ ਚੁੱਕੇ ਇਨ੍ਹਾਂ ਦੋਹਾਂ ਭਗਤਾਂ ਨੇ ਲੋਕਾਂ ਨੂੰ ਪਾਂਡਿਆਂ ਦੁਆਰਾ ਵਿਖਾਏ ਗਏ ਕਰਮਕਾਂਡ ਤੇ ਭਰਮ-ਕਾਂਡ ਵਿਚੋਂ ਕੱਢਿਆ। ਪੀਪਾ ਜੀ ਲਿਖਦੇ ਹਨ ਕਿ ਰਾਮਾਨੰਦ, ਨਾਮਦੇਵ, ਰਵਿਦਾਸ ਤੇ ਕਬੀਰ ਆਦਿ ਸੰਤਾਂ ਵਲੋਂ ਭਗਤੀ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੇ ਖ਼ੁਦ ਵੀ ਕੁਝ ਪ੍ਰਾਪਤ ਕੀਤਾ:—

ਰਾਮ ਦੁ ਨਾਮਾ ਰੈਦਾਸ ਕਬੀਰਾ
ਤਹਾਂ ਪੀਛੈ ਕਛੂ ਪਾਸਾ ।[14]

ਗੁਰੂ ਰਵਿਦਾਸ ਬਾਰੇ ਹੋਰ ਵਿਚਾਰ ਪੇਸ਼ ਕਰਦਿਆਂ ਪੀਪਾ ਜੀ ਲਿਖਦੇ ਹਨ ਕਿ ਨੀਵੀਂ ਜਾਤ(ਢੇੜ ਜਾਤ) ਵਿਚ ਪੈਦਾ ਹੋਣ ਦੇ ਬਾਵਜੂਦ ਰਵਿਦਾਸ ਦਾ ਨਾਂ ਹਰ ਥਾਂ ਮੌਜੂਦ ਹੈ। ਉਨ੍ਹਾਂ ਦੇ ਜਾਤ ਦੇ ਲੋਕ ਅੱਜ ਵੀ ਮੋਏ ਜਾਨਵਰਾਂ ਦੀਆਂ ਲਾਸ਼ਾਂ ਢੋਣ ਦਾ ਕੰਮ ਕਰਦੇ ਹਨ ਪਰੰਤੂ ਪ੍ਰਭੂ ਦੇ ਉਸ ਭਗਤ ਨੂੰ ਉੱਚੀ ਜਾਤ ਵਾਲੇ ਕਰਮਕਾਂਡੀ ਬ੍ਰਾਹਮਣ ਵੀ ਡੰਡੌਤ ਬੰਦਨਾ ਕਰਦੇ ਹਨ:-

ਜਾ ਕੀ ਜਾਤਿ ਕੇ ਢੇਢ ਢੋਰ ਢੋਵਤ ਫਿਰੈ ,
ਅਜਹੂੰ ਬਾਨਾਰਸੀ ਆਸ ਪਾਸਾ ।
ਖਟ ਕਰਮ ਸਹਿਤ ਬਿਪ੍ਰ ਡੰਡਵਤ ਕਰੈਂ ,
ਪ੍ਰਗਟ ਨੀਸਾਨ ਰੈਦਾਸ ਦਾਸਾ ।[15]

## ਭਗਤ ਰਵਿਦਾਸ ਤੇ ਧੰਨਾ ਭਗਤ

ਇਹ ਸਿੱਧਾ ਸਾਦਾ ਜੱਟ ਪਰਮਾਤਮਾ ਦੀ ਬੰਦਗੀ ਕਰਨ ਵਾਲਾ ਭਗਤ ਸੀ। ਉਨ੍ਹਾਂ ਨੇ ਨਾਮਦੇਵ, ਕਬੀਰ, ਰਵਿਦਾਸ ਤੇ ਸੈਨ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਨੀਵੀਂ ਕੁਲ ਤੇ ਸਮਾਜਿਕ ਤੌਰ ਤੇ ਤੁਛ ਸਮਝੇ ਜਾਣ ਦੇ ਬਾਵਜੂਦ ਵੀ ਪ੍ਰਭੂ ਨਾਲ ਇਕਮਿਕ ਹੋ ਕੇ ਬਹੁਤ ਉੱਚਾ ਦਰਜਾ ਪ੍ਰਾਪਤ ਕਰ ਗਏ ਤਾਂ ਇਸ ਤੋਂ ਉਸ ਨੂੰ ਵੀ ਬਹੁਤ ਪ੍ਰੇਰਨਾ ਮਿਲੀ ਤੇ ਉਹ ਵੀ ਭਗਤੀ ਕਰਨ ਲੱਗ ਪਿਆ ਤੇ ਪਰਮਾਤਮਾ ਨੂੰ ਜਾ ਮਿਲਿਆ ।

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨ ਲੀਣਾ।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।।1।।ਰਹਾਉ ।।
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।।
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟ ਹੋਆ ਸਾਧ ਸੰਗਿ ਹਰਿ ਦਰਸਨ ਪਾਇਆ ।।

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।।
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ।।
ਇਹਿ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ।।
ਮਿਲੈ ਪ੍ਰਤਖਿ ਗੁਸਾਈਆਂ ਧੰਨਾ ਵਡਭਾਗਾ ।।[16]

## ਭਗਤ ਰਵਿਦਾਸ ਤੇ ਸੈਨੁ ਭਗਤ

ਭਗਤ ਸੈਨੁ ਦੇ ਆਪਣੇ ਕਥਨ ਅਨੁਸਾਰ ਉਨ੍ਹਾਂ ਦਾ ਰਾਮਾਨੰਦ ਨਾਲ ਸੰਬੰਧ ਜੁੜਦਾ ਕਥਨ ਹੈ:-

ਰਾਮਾ ਭਗਤਿ ਰਾਮਾਨੰਦ ਜਾਨੈ, ਪੂਰਨ ਪਰਮਾਨੰਦ ਬਖਾਨੈ।[17]

ਇਹ ਭਗਤ ਰਵਿਦਾਸ ਦੇ ਸਮਕਾਲੀ ਸਨ ਤੇ ਇਨ੍ਹਾਂ ਨੇ ਵੀ ਸ਼ਰਧਾਮਈ ਭਾਵ ਨਾਲ ਟਿੱਪਣੀ ਕੀਤੀ ਹੈ:-

ਰਵਿਦਾਸ ਭਗਤ ਨੇ ਐਸੀ ਕੀਨੀ, ਠਾਕੁਰ ਪਾਇਆ ਪਕੜ ਅਧੀਨੀ ।
ਡੂਬਤ ਠਾਕਰ ਜਲ ਮੈਂ ਆਇਆ, ਤੁਲਸੀ ਦਲ ਅਰੁ ਤਿਲਕੁ ਚੜਾਇਆ।
ਭੋਗੁ ਲਗਾਇਆ ਹਰਿ ਧੂਪ ਦੇਵਾਇਆ ।।
ਸੈਂਨੂ ਦਾਸ ਹਰਿ ਗੁਰ ਸੇਵਾ ਨੀਕੀ, ਰਾਮ ਨਾਮ ਗੁਨ ਗਾਇਆ।[18]

ਬੇਸ਼ੱਕ ਭਗਤ ਸੈਨੁ ਨੇ ਭਗਤ ਰਵਿਦਾਸ ਨੂੰ ਆਪਣੀ ਭਗਤੀ ਦੇ ਪ੍ਰਤਾਪ ਨਾਲ ਕਰਾਮਾਤ ਕਰਦਿਆਂ ਦਿਖਾਇਆ ਹੈ ।ਪਰੰਤੂ ਜ਼ਿਆਦਾ ਜ਼ੋਰ ਕਰਾਮਾਤ 'ਤੇ ਨਹੀਂ ਸਗੋਂ ਭਗਤੀ ਦੇ ਪ੍ਰਤਾਪ 'ਤੇ ਹੈ। ਭਗਤ ਸੈਨੁ ਅਨੁਸਾਰ ਪ੍ਰਭੂ ਭਗਤੀ ਹੀ ਸਭ ਤੋਂ ਉੱਤਮ ਹੈ ।

## ਭਗਤ ਰਵਿਦਾਸ ਤੇ ਸੰਤ ਅਨੰਤ ਦਾਸ

ਸੰਤ ਪੀਪਾ ਜੀ ਦੇ ਪੋਤੇ ਸੰਤ ਅਨੰਤ ਦਾਸ ਜੀ ਨੇ 1588 ਈ. ਭਗਤ ਰਵਿਦਾਸ ਦੇ ਅਕਾਲ ਚਲਾਣੇ ਤੋਂ ਕੁਝ ਵਰ੍ਹੇ ਬਾਅਦ ਹੀ ਉਨ੍ਹਾਂ ਬਾਰੇ ਇਸ ਪੂਰੀ ਪਰਚੀ 'ਰੈਦਾਸ ਪਰਚਈ' ਆਪਣੀ ਪੁਸਤਕ 'ਭਗਤ ਰਤਨਾਵਲੀ' ਵਿਚ ਦਰਜ ਕੀਤੀ ਹੈ। ਇਸ ਪਰਚੀ ਵਿਚ ਵੱਖ-ਵੱਖ ਕਥਾਵਾਂ ਰਾਹੀਂ 'ਭਗਤ ਰਵਿਦਾਸ ਦਾ ਗੁਣ ਗਾਇਆ ਗਿਆ ਹੈ। ਇਸ ਪਰਚੀ ਨੂੰ ਪੰਜਾਬੀ

ਵਿੱਚ ਡਾ. ਧਰਮਪਾਲ ਸਿੰਗਲ ਨੇ 'ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ' ਦੇ ਨਾਂ ਹੇਠ ਬਹੁਤ ਹੀ ਸੋਹਣੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਪਰਚੀ ਵਿਚੋਂ ਭਗਤ ਰਵਿਦਾਸ ਦਾ ਜੋ ਸਰੂਪ ਉਘੜਦਾ ਹੈ ਉਸ ਦੀ ਇਕ ਵੰਨਗੀ ਮਾਤਰ ਅਸੀਂ ਪੇਸ਼ ਕਰਦੇ ਹਾਂ:--

ਅਬਰੁ ਏਕ ਰੈਦਾਸ ਚਮਾਰਾ, ਜਾਹਿ ਨਾਰਦ ਲੀਨੋ ਔਤਾਰਾ,
ਸੂਦ੍ਰ ਕਹੌ ਤੋ ਆਵੈ ਲਾਜਾ, ਦਰਸ਼ਨ ਕਾਰਨਿ ਤਲਵੈ ਰਾਜਾ।
ਪੰਡਿਤ ਮਰਮ ਨ ਜਾਨੈ ਕੋਈ, ਵਿਸ਼ਨ ਸਮਾਨ ਔਤਰੇ ਸੋਈ ।[19]

## ਗੁਰੂ ਰਵਿਦਾਸ ਤੇ ਗੁਰੂ ਨਾਨਕ

ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਦੇ ਭਤੀਜੇ ਸੋਢੀ ਮਿਹਰਬਾਨ ਦੀ ਰਚਨਾ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਪਹਿਲੀ ਸੈਂਚੀ ਵਿਚ 'ਸ੍ਰੀ ਗੁਰੂ ਨਾਨਕ ਦੇਵ ਜੀ ਅਯੁੱਧਿਆ ਵਿਚ' ਦੇ ਸਿਰਲੇਖ ਹੇਠ ਬਾਬੇ ਨਾਨਕ ਦੀ ਭਗਤਾਂ ਨਾਲ ਗੋਸ਼ਟਿ ਹੋਣ ਦਾ ਸੰਕੇਤ ਮਿਲਦਾ ਹੈ । ਇਸ ਜਨਮ ਸਾਖੀ ਵਿਚ ਦੱਸਿਆ ਗਿਆ ਹੈ ਕਿ ਬਾਬੇ ਨਾਨਕ ਦੀ ਅਯੁਧਿਆ ਫੇਰੀ ਸਮੇਂ ਬਹੁਤ ਸਾਰੇ ਭਗਤ ਇਕੱਠੇ ਹੋ ਕੇ ਗੁਰੂ ਨਾਨਕ ਸਾਹਿਬ ਨੂੰ ਮਿਲਣ ਆਏ ਇਨ੍ਹਾਂ ਭਗਤਾਂ ਵਿਚ ਰਵਿਦਾਸ ਜੀ ਦਾ ਨਾਂ ਵੀ ਸ਼ਾਮਲ ਹੈ। " ਤਬ ਬਾਬਾ ਨਾਨਕ ਜੁਹਦੀ ਅਜੋਧਿਆ ਮਹਿ ਬੈਠਾ ਪਰਲੀ ਦਖਣ ਦੀ ਤਰਫ ਏਕੁ ਪੰਜ ਤੀਰਥੀ ਥੀ ਉਸਕੇ ਉਪਰਿ ਮਠੁ ਥਾ, ਉਸ ਹੀ ਮਹਿ ਬੈਠਾ ਨਾਮੁ ਸਿਮਰਨ ਕਰਤਾ ਥਾ, ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥਿ ਸਭਿ ਭਗਤ ਮਿਲੇ, ਮਿਲਿ ਕਰਿ ਮਿਲਣੇ ਆਏ– ਨਾਮਾ, ਜੈ ਦੇਉ– ਕਬੀਰ, ਤਿਲੋਚਨ, ਰਵਿਦਾਸ, ਸੈਣ, ਸਧਨਾ, ਬੇਣੀ।"[20]

ਸੋਢੀ ਮਿਹਰਬਾਨ ਦੀ ਇਸ ਰਚਨਾ ਵਿਚ ਦਿੱਤੀ ਜਾਣਕਾਰੀ ਨੂੰ ਮੰਨਿਆ ਜਾ ਸਕਦਾ ਸੀ ਜੇ ਇਸ ਵਿਚ ਇਕ ਬਹੁਤ ਵੱਡੀ ਇਤਿਹਾਸਕ ਉਕਾਈ ਨਾ ਹੁੰਦੀ। ਇਹ ਰਚਨਾ ਇਤਿਹਾਸਕ ਨਾਲੋਂ ਮਿਥਿਹਾਸਕ ਵਧੇਰੇ ਜਾਪਦੀ ਹੈ। ਗੁਰੂ ਰਵਿਦਾਸ ਦੇ ਨਾਲ ਭਗਤ ਨਾਮਦੇਵ, ਜੈ ਦੇਵ ਤੇ ਕਬੀਰ ਤਾਂ ਗੁਰੂ ਨਾਨਕ ਸਾਹਿਬ ਦੇ ਅਯੁੱਧਿਆ ਜਾਣ ਤੋਂ ਪਹਿਲਾਂ ਹੀ ਚਲਾਣਾ ਕਰ ਚੁੱਕੇ ਸਨ। ਇਸ ਕਰਕੇ ਇਸ ਜਾਣਕਾਰੀ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ ਹੈ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ ਗੁਰੂ ਰਵਿਦਾਸ ਤੇ ਬਾਬੇ ਨਾਨਕ ਦੀ ਮੁਲਾਕਾਤ ਦਾ ਸਮਾਂ 1555 ਸੰਮਤ ਮੰਨਿਆ ਹੈ।[21] ਪਰੰਤੂ ਹੁਣ ਤੱਕ ਹੋਈ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਸਮੇਂ ਗੁਰੂ ਨਾਨਕ ਸਾਹਿਬ ਨੇ ਪੂਰਬ ਦੀ ਪਹਿਲੀ ਉਦਾਸੀ ਆਰੰਭੀ । ਆਜ਼ਾਦ ਜੀ ਨੇ ਪਤਾ ਨਹੀਂ ਕਿਸ ਤਰ੍ਹਾਂ ਇਨ੍ਹਾਂ ਦੋ ਸ਼ਲੋਕਾਂ ਨੂੰ ਗੁਰੂ ਨਾਨਕ ਦੇਵ ਵਲੋਂ ਉਚਾਰੇ ਗਏ ਮੰਨ ਲਿਆ ਹੈ :-

– ਰਵਿਦਾਸ ਚਮਾਰੁ ਉਸਤਤਿ ਕਰੇ, ਹਰਿ ਕੀਰਤ ਨਿਮਖ ਇਕ ਗਾਇ।
ਪਤਿਤ ਜਾਤ ਉਤਮ ਭਇਆ, ਚਾਰ ਵਰਨ ਪਏ ਪਗਿ ਆਇ।।[22]

– ਰਵਿਦਾਸ ਧਿਆਏ ਪ੍ਰਭੂ ਅਨੂਪ ਗੁਰਦੇਵ ਨਾਨਕ ਗੋਬਿੰਦ ਰੂਪ।[23]

ਇਸ ਤੋਂ ਵੀ ਸਿੱਟਾ ਇਹੀ ਨਿਕਲਦਾ ਹੈ ਕਿ ਸ੍ਰੀ ਆਜ਼ਾਦ ਜੀ ਵੀ ਇਸ ਮਿਲਣੀ ਬਾਰੇ ਕੋਈ ਠੋਸ ਤੱਥ ਨਹੀਂ ਜੁਟਾ ਸਕੇ। ਅਜਿਹੀਆਂ ਗਵਾਹੀਆਂ ਦੇ ਆਧਾਰ ਤੇ ਇਸ ਮੁਲਾਕਾਤ ਨੂੰ ਮੰਨਣਾ ਮੁਸ਼ਕਲ ਜਾਪਦਾ ਹੈ।

ਇਸ ਸੰਬੰਧੀ ਇਕ ਹੋਰ ਸੂਚਨਾ ਸ੍ਰ. ਧੰਨਾ ਸਿੰਘ 'ਗੁਲਸ਼ਨ' ਸਾਬਕਾ ਸਮਾਜ ਭਲਾਈ ਮੰਤਰੀ ਭਾਰਤ ਸਰਕਾਰ ਵਲੋਂ ਲਿਖੇ ਇਕ ਲੇਖ 'ਨੀਚੋਂ ਊਚ ਭਗਤ ਰਵਿਦਾਸ ਜੀ' ਵਿਚੋਂ ਮਿਲਦੀ ਹੈ। ਬੇਸ਼ੱਕ ਗੁਲਸ਼ਨ ਜੀ ਨੇ ਇਹ ਸੂਚਨਾ ਦੀ ਪ੍ਰਮਾਣਿਕਤਾ ਲਈ ਕਿਸੇ ਸ੍ਰੋਤ ਦਾ ਹਵਾਲਾ ਨਹੀਂ ਦਿੱਤਾ ਪਰੰਤੂ ਇਹ ਟੂਕ ਕਿਸੇ ਪੁਰਾਤਨ ਸ੍ਰੋਤ ਤੋਂ ਹੀ ਲਈ ਗਈ ਹੈ ਜਿਸ ਬਾਰੇ ਪਤਾ ਇਸਦੀ ਸ਼ਬਦਾਵਲੀ ਤੋਂ ਲੱਗਦਾ ਹੈ। ਇਹ ਟੂਕ ਇਸ ਪ੍ਰਕਾਰ ਹੈ:-
" ਸ਼ਿਵਰਾਤਰੀ ਦੇ ਮੇਲੇ ਸਮੇਂ ਸੰਨ 1509 ਫਰਵਰੀ 19 ਨੂੰ 40 ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਜਗਤ ਨੂੰ ਤਾਰਦੇ ਹੋਏ ਕਾਸ਼ੀ ਪੁਰ ਪਹੁੰਚੇ ਸਿੱਧੇ ਭਗਤ ਰਵਿਦਾਸ ਜੀ ਦੇ ਡੇਰੇ ਜਾ ਚਰਨ ਪਾਏ। ਭਗਤ ਜੀ ਨੇ ਆਦਰ ਨਾਲ ਨੀਵੇਂ ਹੋ ਕੇ ਨਮਸ਼ਕਾਰ ਕਰਕੇ ਸਵਾਗਤ ਵਿਚ ਖਲੋ ਕੇ ਜੀ ਆਇਆਂ ਆਖਿਆ। ਗੁਰੂ ਜੀ ਨੇ ਘੁੱਟ ਕੇ ਗਲੇ ਨਾਲ ਲਗਾਇਆ ਅਤੇ ਬਚਨ ਕੀਤਾ ਪੁਰਖਾ, ਤੇਰਾ ਜਨਮ ਸਫਲ, ਤੇਰੀਆਂ ਘਾਲਾਂ ਥਾਂ ਪਈਆਂ, ਲੱਖਾਂ ਭੁੱਲੇ ਪਾਂਧੀਆਂ ਨੂੰ ਸੁਚੇ ਮਾਰਗ ਪਾਇਆ, ਤੇਰਾ ਨਾਮ ਅਮਰ ਰਹੇਗਾ, ਤੇਰੀ ਬਾਣੀ ਸਾਡੀ ਬਾਣੀ ਨਾਲ ਪੂਜੀ ਜਾਵੇਗੀ, ਤੇਰੇ ਨਾਮ ਨੂੰ ਨਮਸਕਾਰਾਂ ਹੋਣਗੀਆਂ। ਜਗਤ ਸੁਧਾਰ ਲਈ ਪ੍ਰਸਪਰ ਗੋਸ਼ਟੀ ਹੁੰਦੀ ਰਹੀ ਲੰਗਰ ਦਾ ਪ੍ਰਬੰਧ ਭਗਤ ਜੀ ਦੇ ਡੇਰੇ ਹੀ ਰਿਹਾ।"[24]

ਇਸ ਮੁਲਾਕਾਤ ਬਾਰੇ ਹੋਰ ਵੀ ਕਾਫੀ ਵਿਦਵਾਨਾਂ ਨੇ ਅੰਦਾਜ਼ੇ ਲਗਾਉਣ ਦੀ ਕੋਸ਼ਿਸ਼ ਕੀਤੀ ਹੈ । 'ਜਨਮ ਸਾਖੀ ਭਗਤ ਰਵਿਦਾਸ' ਦੇ ਕਰਤਾ ਗਿ. ਬਰਕਤ ਸਿੰਘ ਅਨੰਦ ਅਤੇ ਸ੍ਰੀ ਹਰੀਸ਼ ਚੰਦਰ ਗੁਰੂ ਨਾਨਕ ਸਾਹਿਬ ਤੇ ਭਗਤ ਰਵਿਦਾਸ ਦੀ ਮੁਲਾਕਾਤ 1545 ਬਿ. 1488 ਈ. ਮੰਨਦੇ ਹਨ। ਪਰੰਤੂ ਇਹ ਮਿਤੀ ਠੀਕ ਨਹੀਂ ਜਾਪਦੀ ਕਿਉਂਕਿ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਸਮੁੱਚਾ ਸਮਾਂ 1497 ਤੋਂ 1522 ਈ. ਤੱਕ ਮੰਨਿਆ ਜਾਂਦਾ ਹੈ।[25] ਪਰੰਤੂ ਜਨਮ-ਸਾਖੀ ਦੇ ਕਰਤਾ ਦੇ ਹਿਸਾਬ ਨਾਲ ਇਹ ਮਿਤੀ 1488 ਈ. ਹੀ ਬਣਦੀ ਹੈ ਜੋ ਕਿ ਠੀਕ ਨਹੀਂ ।

ਸੋਢੀ ਮਿਹਰਬਾਨ ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਇਹ ਲਿਖਦਾ ਹੈ ਕਿ ਰਵਿਦਾਸ ਬਾਣੀ ਗੁਰੂ ਨਾਨਕ ਸਾਹਿਬ ਦੇ ਸਮੇਂ ਪੰਜਾਬ ਵਿਚ ਕਾਫੀ ਲੋਕ ਪ੍ਰਿਯ ਹੋ ਚੁੱਕੀ ਸੀ ਜਿਸਨੂੰ ਮਰਦਾਨਾ ਗਾਂਵਦਾ ਸੀ:- " ਮਰਦਾਨਾ- ਤਲਵੰਡੀ ਰਾਇ ਭੋਇ ਕੀ ਰਹਿੰਦਾ , ਰਬਾਬ ਵਜਾਇਦਾ, ਨਾਮਾ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨੇ, ਬੇਣੀ ਕੇ ਪਦੇ ਗਾਵਤਾ ।। ਗੁਰੂ ਨਾਨਕ ਕੇ ਆਗੇ ਪਦੇ ਗਾਵਤਾ।।"[26]

ਸੋਢੀ ਮਿਹਰਬਾਨ ਦੇ ਇਸ ਦਾਅਵੇ ਵਿਚ ਵੀ ਕੋਈ ਬਹੁਤਾ ਵਜ਼ਨ ਨਹੀਂ ਜਾਪਦਾ ਹੈ। ਰਵਿਦਾਸ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਹੀ ਹਰਮਨ ਪਿਆਰੀ ਹੋਈ ਤੇ ਇਸ ਦਾ ਪੰਜਾਬੀ ਮੁਹਾਵਰਾ ਇਸ ਨੂੰ ਲੋਕ-ਪ੍ਰਿਅ ਬਣਾਉਣ ਵਿਚ ਬਹੁਤ ਸਹਾਈ ਹੋਇਆ ਹੈ। ਇਉਂ ਜਾਪਦਾ ਹੈ ਕਿ ਭਗਤ ਸ੍ਰਿੰਖਲਾ ਦੇ ਸਿੱਖਰ ਕਬੀਰ ਸਾਹਿਬ ਦੀ ਗੱਲ ਕਰਦਿਆਂ ਸੋਢੀ ਮਿਹਰਬਾਨ ਜੀ ਬਾਕੀ ਭਗਤਾਂ ਦੇ ਨਾਂ ਵੀ ਲਿਖ ਗਏ ਹਨ ।

ਪ੍ਰਸਿੱਧ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ ਗੁਰੂ ਨਾਨਕ ਦੇਵ ਦੀ ਬਨਾਰਸ ਫੇਰੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ, " ਕਾਸ਼ੀ ਅੰਦਰ ਲਕਸ਼ਾ ਮਹਲ ਵਿਚ ਗੁਰੂ ਦਾ ਬਾਗ ਗੁਰੂ ਦਵਾਰਾ ਹੈ, ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਾਜੇ ਹਨ ਅਤੇ ਗੋਪਾਲ ਪੰਡਤ ਨੂੰ ਉਪਦੇਸ਼ ਦਿੱਤਾ ।"[27]

ਪਰੰਤੂ ਸਾਡੀ ਨਿਮਰ ਰਾਇ ਅਨੁਸਾਰ ਇਸ ਤੋਂ ਉਨ੍ਹਾਂ ਦੇ ਗੁਰੂ ਰਵਿਦਾਸ ਨੂੰ ਮਿਲਣ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਜੇ ਅਜਿਹਾ ਹੁੰਦਾ ਤਾਂ ਉਹ ਵੀ ਜਾਣਕਾਰੀ

ਆਪਣੇ ਮਹਾਨ ਕੋਸ਼ ਵਿੱਚ ਜ਼ਰੂਰ ਦਿੰਦੇ। ਆਧੁਨਿਕ ਖੋਜ ਵੀ ਮੱਧਕਾਲ ਦੇ ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦੀ ਮੁਲਾਕਾਤ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਪੇਸ਼ ਨਹੀਂ ਕਰ ਸਕੀ। ਫਿਰ ਵੀ ਵਿਦਵਾਨਾਂ ਵਲੋਂ ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ ।

ਸ੍ਰੀ ਕਰਮ ਸਿੰਘ ਰਾਜੂ ਆਪਣੀ ਪੁਸਤਕ ਵਿਚ ਇਹ ਦਾਅਵੇ ਨਾਲ ਕਹਿੰਦੇ ਹਨ ਕਿ ਗੁਰੂ ਰਵਿਦਾਸ ਤੇ ਗੁਰੂ ਨਾਨਕ ਦੀ ਮੁਲਾਕਾਤ ਹੋਈ। ਇਸ ਵਿਦਵਾਨ ਅਨੁਸਾਰ ਮੁਲਾਕਾਤ ਦਾ ਇਹ ਸਮਾਂ 1505 ਈ. ਦਾ ਅੰਤ ਜਾਂ 1506 ਈ. ਦਾ ਆਰੰਭ ਹੈ।[28] ਉਨ੍ਹਾਂ ਅਨੁਸਾਰ ਇਹ ਮੁਲਾਕਾਤ ਅਯੁੱਧਿਆ ਵਿਚ ਨਹੀਂ ਸਗੋਂ ਬਨਾਰਸ ਵਿਚ ਹੋਈ। ਉਨ੍ਹਾਂ ਦੇ ਸ਼ਬਦਾਂ ਵਿੱਚ , " ਗੁਰੂ ਨਾਨਕ ਜੀ ਤੇ ਰਵਿਦਾਸ ਜੀ ਇਕ ਦੂਜੇ ਨੂੰ ਭਲੀ ਭਾਂਤ ਜਾਣਦੇ ਸਨ। ਇਸ ਮਿਲਣੀ ਦੇ ਦੌਰਾਨ 1506 ਈ. ਵਿਚ ਗੁਰੂ ਨਾਨਕ ਦੇਵ ਜੀ ਨੇ ਰਵਿਦਾਸ ਬਾਣੀ ਰਵਿਦਾਸ ਜੀ ਪਾਸੋਂ ਇਕੱਤਰ ਕੀਤੀ।"[29]

ਪਰੰਤੂ ਇਹ ਜਾਣਕਾਰੀ ਕਿਸ ਸ੍ਰੋਤ 'ਤੇ ਆਧਾਰਿਤ ਹੈ। ਚੰਗਾ ਹੁੰਦਾ ਇਸ ਸ੍ਰੋਤ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੁੰਦੀ। ਸਾਡੇ ਬਜ਼ੁਰਗ ਵਿਦਵਾਨ ਪਤਾ ਨਹੀਂ ਬਾਣੀ ਬਾਰੇ ਇਹ ਦਲੀਲ ਕਿਉਂ ਦਿੰਦੇ ਹਨ ਜਦੋਂ ਕਿ ਗੁਰੂ ਰਵਿਦਾਸ ਜੀ ਦੀ ਕੋਈ ਵੀ ਹੱਥ ਲਿਖਤ ਉਪਲਬਧ ਨਹੀਂ ਹੈ। ਜੇ ਇਹ ਮੰਨ ਵੀ ਲਿਆ ਜਾਵੇ ਤਾਂ ਕੇਵਲ 40 ਸ਼ਬਦ ਹੀ ਕਿਉਂ ਅਤੇ ਬਾਕੀ ਬਾਣੀ ਕਿਉਂ ਨਾ ਇਕੱਤਰ ਕੀਤੀ ।

ਉਪਰੋਕਤ ਸਾਰੇ ਵਿਚਾਰਾਂ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਇਤਿਹਾਸ ਦੇ ਝਰੋਖੇ ਵਿਚੋਂ ਗੁਰੂ ਨਾਨਕ ਸਾਹਿਬ ਤੇ ਗੁਰੂ ਰਵਿਦਾਸ ਦੀ ਮੁਲਾਕਾਤ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਦੇ ਬਨਾਰਸ ਜਾਣ ਕਾਰਨ ਇਸ ਮੁਲਾਕਾਤ ਦੀ ਸੰਭਾਵਨਾ ਹੋ ਸਕਦੀ ਹੈ ।

## ਗੁਰੂ ਰਵਿਦਾਸ– ਮੀਰਾ ਤੇ ਰਾਣੀ ਝਾਲੀ ਬਾਈ

ਮੀਰਾ ਦਾ ਭਗਤ ਰਵਿਦਾਸ ਦੀ ਚੇਲੀ ਹੋਣ ਵੀ ਬਹੁਤ ਵਿਵਾਦ-ਗ੍ਰਸਤ ਹੈ । ਮੀਰਾ ਬਾਈ ਵਲੋਂ ਆਪਣੇ ਕੁਝ ਪਦਾਂ ਵਿਚ ਭਗਤ ਰਵਿਦਾਸ ਨੂੰ ਆਪਣਾ ਗੁਰੂ ਮੰਨਣਾ ਇਸ ਪੱਖ ਦੇ ਵਿਦਵਾਨਾਂ ਦੀ ਦਲੀਲ ਦਾ ਆਧਾਰ ਬਣਦਾ ਹੈ ।

ਆਧੁਨਿਕ ਖੋਜੀਆਂ ਵਿੱਚੋਂ ਡਾ. ਧਰਮਪਾਲ ਸਿੰਗਲ ਜੀ ਮੀਰਾ ਬਾਈ ਨੂੰ ਭਗਤ ਰਵਿਦਾਸ ਦੀ ਸ਼ਿਸ਼ ਮੰਨਦੇ ਹਨ। ਡਾਕਟਰ ਸਿੰਗਲ ਨੇ ਮੀਰਾ ਬਾਈ ਬਾਰੇ ਇਕ ਪੁਸਤਕ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਇਹ ਜਾਣਕਾਰੀ ਕਾਫ਼ੀ ਵਧੀਆ ਢੰਗ ਨਾਲ ਦਿੱਤੀ ਗਈ ਹੈ। " ਮੀਰਾ ਦੇ ਗੁਰੂ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹੈ। ਨਾਭਾਦਾਸ ਨੇ ਆਪਣੀ 'ਭਗਤ ਮਾਲ' ਵਿਚ ਸੰਤ ਰਵਿਦਾਸ ਨੂੰ ਰਾਮਾਨੰਦ (1289— 1410) ਦਾ ਸ਼ਿਸ਼ ਮੰਨਿਆ ਹੈ। 'ਭਗਤਮਾਲ' ਵਿਚ ਸਿਰਫ ਇਕ ਥਾਂ ਹੀ ਐਸਾ ਵਰਨਣ ਆਉਂਦਾ ਹੈ, ਜਿਸ ਵਿਚ ਰਾਮਾਨੰਦ ਦੇ ਸ਼ਿਸ਼ਾਂ ਦੇ ਨਾਂ ਦਿੱਤੇ ਗਏ ਹਨ, ਜਿਨ੍ਹਾਂ ਵਿਚ ਰਵਿਦਾਸ ਦਾ ਵੀ ਨਾਮ ਹੈ। - - - ਸੰਤ ਪਰੰਪਰਾ ਅਨੁਸਾਰ ਰਵਿਦਾਸ ਜਾਂ ਰੈਦਾਸ ਕਬੀਰ (1399— 1518) ਦੇ ਸਿੱਖ ਸਨ ਅਤੇ ਉਨ੍ਹਾਂ ਨੇ 118 ਸਾਲ ਦੀ ਉਮਰ ਪਾਈ। ਕੁਝ ਰਵਾਇਤਾਂ ਅਨੁਸਾਰ ਰਵਿਦਾਸ ਦਾ ਜੀਵਨ ਕਾਲ 1414— 1532 ਸੀ, ਜਦ ਕਿ ਕੁਝ ਹੋਰ 1434— 1552 ਮੰਨਦੇ ਹਨ। - - - ਤਾਂ ਵੀ, ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਮੀਰਾ ਦੇ ਜੀਵਨ ਦੇ ਪਹਿਲੇ 34 ਜਾਂ 52 ਵਰ੍ਹਿਆਂ ਦੇ ਸਮੇਂ ਤੱਕ ਉਸ ਦੇ ਸਮਕਾਲੀ ਸਨ।[30]

ਮੀਰਾ ਨੇ ਕੁਝ ਪਦਾਂ ਵਿਚ ਆਪਣੇ ਗੁਰੂ ਰਵਿਦਾਸ ਦਾ ਜ਼ਿਕਰ ਕੀਤਾ ਹੈ:—

ਨਹਿ ਮੈਂ ਪੀਹਰ ਸਾਸਰੈ, ਨਹਿ ਪਿਯਾ ਜੀ ਰੀ ਸਾਥ ।
ਮੀਰਾ ਨੇ ਗੋਬਿੰਦ ਮਿਲਯਾ ਜੀ, ਗੁਰੂ ਮਿਲਿਯਾ ਰੈਦਾਸ।।
(ਮੀਰਾ ਬ੍ਰਿਹਦ ਪਦਾਵਲੀ ਭਾਗ ੧ ਪੰਨਾ-20)

ਅਤੇ ਮੈਨੂੰ ਰਵਿਦਾਸ ਵਰਗੇ ਸੰਤ ਗੁਰੂ ਦੇ ਰੂਪ ਵਿਚ ਮਿਲ ਗਏ ਹਨ, ਮੈਂ ਉਨ੍ਹਾਂ ਦੇ ਦਿੱਤੇ ਹੋਏ ਨਾਮ ਨੂੰ ਕਦੇ ਨਹੀਂ ਛੱਡਾਂਗੀ —

ਗੁਰੂ ਮਿਲਯਾ ਮ੍ਹਾਨੇ ਰੈਦਾਸ, ਨਾਮ ਨਹੀਂ ਛੋਡੂੰ ।
(ਮੀਰਾ ਸੁਧਾ ਸਿੰਧੂ, ਪੰਨਾ 181, ਪਦ 35)

ਡਾ. ਸਿੰਗਲ ਲਿਖਦੇ ਹਨ ਕਿ ਸਿਰਫ ਸੰਤ ਰਵਿਦਾਸ ਦੀ ਕਿਰਪਾ ਦੁਆਰਾ ਹੀ ਮੀਰਾ ਨੂੰ ਆਪਣੇ ਅਧਿਆਤਮਕ ਟੀਚੇ ਦੀ ਪ੍ਰਾਪਤੀ ਹੋ ਸਕੀ।[31] ਮੀਰਾ ਦੇ ਆਪਣੇ ਪਦਿਆਂ ਵਿਚ ਵੀ ਇਕ ਨਹੀਂ ਅਨੇਕ ਵਾਰ ਰਵਿਦਾਸ ਦਾ ਜ਼ਿਕਰ ਹੈ:—

— ਖੋਜਤ ਫਿਰੂੰ ਭੇਦ ਵਾ ਘਰ ਕੋ, ਕੋਈ ਨ ਕਰਤ ਬਖਾਨੀ।
ਰੈਦਾਸ ਸੰਤ ਮਿਲੇ ਮੋਹਿ ਸਤਗੁਰੂ, ਦੀਨ੍ਹਾ ਸੁਰਤ ਸਹਦਾਨੀ ।

ਮੈਂ ਮਿਲੀ ਜਾਯ ਪਿਯ ਅਪਨਾ, ਤਬ ਮੇਰੀ ਪੀਰ ਬੁਝਾਨੀ।।

—ਮੀ.ਵ੍ਰਿ. ਪ. ਪੰਨਾ- 207.

ਗੁਰੂ ਰੈਦਾਸ ਮਿਲੇ ਮੋਹਿ ਪੂਰੇ, ਧੁਰ ਸੇ ਕਲਮ ਭਿੜੀ ।
ਸਤ ਗੁਰੂ ਸੈਨ ਦਈ ਜਬ ਆ ਕੇ, ਜੋਤ ਮੇਂ ਜੋਤ ਰਲੀ।

—ਮੀਰਾ ਬਾਈ ਕੀ ਪਦਾਵਲੀ ਪੰਨਾ-3 ਪਦ 147

ਡਾ. ਬੀ.ਪੀ. ਸ਼ਰਮਾ ਵੀ ਇਸ ਸੰਬੰਧ ਨੂੰ ਸਵੀਕਾਰਦੇ ਹਨ, " ਰਵਿਦਾਸ ਦਾ ਚਿਤੌੜ ਵਿਚ ਹੀ ਸਰੀਰ ਅੰਤ ਹੋ ਜਾਣ ਤੇ ਇਨ੍ਹਾਂ ਦੀਆਂ ਸ਼ਿਸ਼ਾ ਰਾਣੀ ਝਾਲੀ ਅਤੇ ਮੀਰਾ ਨੇ ਰਾਣਾ ਸਾਂਗਾ ਦੀ ਆਗਿਆ ਨਾਲ ਚਿਤੌੜਗੜ੍ਹ ਵਿਚ ਕੁੰਭ ਸ਼ਿਆਮ ਮੰਦਰ ਦੇ ਵਿਹੜੇ ਵਿਚ ਰੈਦਾਸ ਦੀ ਯਾਦਗਾਰ 'ਰੈਦਾਸ ਛਤਰੀ' ਦਾ ਨਿਰਮਾਣ ਕਰਵਾਇਆ।"[32]

ਡਾ. ਸ਼ਰਮਾ ਦੇ ਵਿਚਾਰ ਕਾਫ਼ੀ ਹੱਦ ਤੱਕ ਠੀਕ ਹਨ ਕਿਉਂਕਿ ਜੇਕਰ ਰਵਿਦਾਸ ਦਾ ਉਸ ਪਰਿਵਾਰ ਨਾਲ ਕੋਈ ਸੰਬੰਧ ਨਾ ਹੁੰਦਾ ਤਾਂ ਉਦੋਂ ਤੋਕ ਇਸ ਯਾਦਗਾਰ ਦਾ ਨਿਰਮਾਣ ਸੰਭਵ ਨਹੀਂ ਸੀ। ਇਹ ਸਨਮਾਨ ਤਾਂ ਸਿਰਫ਼ ਮਹਾਨ ਯੋਧਿਆਂ ਨੂੰ ਹੀ ਦਿੱਤਾ ਜਾਂਦਾ ਸੀ। ਬਾਦਲ ਅਤੇ ਜੈਮਲ ਫੱਤਾ ਵਰਗੇ ਸੂਰਮਿਆਂ ਦੀਆਂ ਯਾਦਗਾਰੀ ਛਤਰੀਆਂ ਚਿਤੌੜਗੜ ਦੇ ਸੱਤ ਪ੍ਰਵੇਸ਼-ਦੁਆਰ ਤੇ ਬਣੀਆਂ ਹੋਈਆਂ ਹਨ।[33]

ਇਸੇ ਮੱਤ ਦੀ ਪ੍ਰੋੜਤਾ ਕਰਦਿਆਂ ਸ੍ਰੀ ਕੇ.ਐਨ. ਉਪਾਧਿਆਇ ਮੀਰਾ ਬਾਈ ਦੇ ਕਈ ਪੱਦ ਪੇਸ਼ ਕੀਤੇ ਹਨ ਜਿਨ੍ਹਾਂ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਭਗਤ ਰਵਿਦਾਸ ਹੀ ਮੀਰਾ ਦੇ ਗੁਰੂ ਸਨ।[34]

1. ਮੀਰਾ ਕੋ ਗੋਬਿੰਦ ਮਿਲਿਆ ਜੀ, ਗੁਰੂ ਮਿਲਿਆ ਰੈਦਾਸ।

   —ਮੀਰਾ ਬ੍ਰਿਹਤ ਪਦਾਵਲੀ ਭਾਗ 1, ਪੰਨਾ-201.

2. ਗੁਰੂ ਮਿਲਿਆ ਮਹਾਨੇ ਰੈਦਾਸ, ਨਾਮ ਨਹੀਂ ਛੋੜੂੰ ।

   —ਮੀਰਾ ਸੁਧਾ ਸਿੰਧੂ, ਪੰਨਾ 281.

3. ਕਾਸ਼ੀ ਨਗਰ ਮਾਂ ਚੌਕ ਮਾ, ਮਨੇ ਗੁਰੂ ਮਿਲਿਆ ਰੈਦਾਸ।

   — ਮਧਯ ਕਾਲੀਨ ਪ੍ਰੇਮ ਸਾਧਨਾ ਪੰਨਾ- 135.

4. ਰੈਦਾਸ ਸੰਤ ਮਿਲੇ ਮੋਹਿ ਸਤਗੁਰੂ, ਦੀਨਹੀ ਸੁਰਤ ਸਹਦਾਨੀ ।

   —ਮੀਰਾ ਬ੍ਰਿਹਤ ਪਦਾਵਲੀ ਭਾਗ 1, ਪੰਨਾ- 207.

5. ਗੁਰੂ ਮਿਲਿਆ ਰੈਦਾਸ ਜੀ, ਦੀਨਹੀਂ ਗਿਆਨ ਕੀ ਗੁਟਕੀ ।
—ਮੀਰਾ ਸੁਧਾ ਸਿੰਧੂ, ਪੰਨਾ- 379.

6. ਗੁਰੂ ਰੈਦਾਸ ਮਿਲੇ ਮੋਹਿ ਪੂਰੇ, ਧੁਰ ਸੇ ਕਲਮ ਭਿੜੀ ।
— ਮੀਰਾ ਬਾਈ ਕੀ ਸ਼ਬਦਾਵਲੀ ਪੰਨਾ- 31 .

ਭਗਤ ਰਵਿਦਾਸ ਦੇ ਜੀਵਨ ਤੇ ਬਾਣੀ ਸੰਬੰਧੀ ਕੰਮ ਕਰ ਰਹੇ ਇਕ ਵਿਦਵਾਨ ਕਰਮ ਸਿੰਘ ਰਾਜੂ ਵੀ ਇਸ ਮੱਤ ਦੇ ਧਾਰਨੀ ਹਨ।[35] ਆਪਣੀ ਪੁਸਤਕ ਵਿਚ ਸ੍ਰੀ ਰਾਜੂ ਜੀ ਨੇ ਹੋਰਨਾਂ ਵਿਦਵਾਨਾਂ ਦੇ ਵਿਚਾਰਾਂ ਨੂੰ ਆਪਣੇ ਮੱਤ ਦੇ ਪੱਖ ਵਿਚ ਨਕਾਰਨ ਤੋਂ ਬਿਨਾਂ ਹੋਰ ਕੋਈ ਤੱਥ ਪੇਸ਼ ਨਹੀਂ ਕੀਤਾ ਹੈ।

ਡਾ. ਜੋਗਿੰਦਰ ਸਿੰਘ ਮੀਰਾ ਨੂੰ ਰਵਿਦਾਸ ਦੀ ਚੇਲੀ ਮੰਨਣ ਵਾਲਿਆਂ ਵਿਚੋਂ ਹਨ। ਉਹ ਲਿਖਦੇ ਹਨ, " ਮੀਰਾ ਨੇ ਰੈਦਾਸ ਕਾ ਗੁਰੂ ਭਾਵ ਸੇ ਅਪਨੇ ਪਦੋਂ ਮੇਂ ਅਨੇਕ ਸਥਲੋਂ ਪਰ ਸਮਰਣ ਕੀਆ ਹੈ ਔਰ ਅਬ ਵੇ ਪਦ ਅਧਿਕਾਰਕ ਰੂਪ ਸੇ ਮੀਰਾ ਕੇ ਮਾਨੇ ਜਾ ਚੁਕੇ ਹੈਂ । ਇਨ ਪਦੋਂ ਕੇ ਪ੍ਰਕਾਸ਼ ਮੇਂ ਰੈਦਾਸ ਕੇ ਮੀਰਾ ਕਾ ਗੁਰੂ ਹੋਨੇ ਕੀ ਸੰਭਾਵਨਾ ਉਤਪੰਨ ਹੋਤੀ ਹੈ। - - - ਔਰ ਹਮ ਕੋ ਰੈਦਾਸ ਕੇ ਮੀਰਾ ਕਾ ਗੁਰੂ ਮਾਨਨੇ ਕੀ ਹੀ ਪਕਸ਼ ਮੇਂ ਅਧਿਕ ਪ੍ਰਮਾਣ ਮਿਲਤੇ ਹੈਂ ।"[36]

ਡਾ. ਗਣਪਤ ਚੰਦ ਰ ਗੁਪਤ ਵੀ ਇਸ ਸੰਬੰਧ ਨੂੰ ਸਵੀਕਾਰ ਕਰਦੇ ਲਿਖਦੇ ਹਨ," ਇਤਿਹਾਸਕ ਦ੍ਰਿਸ਼ਟੀ ਸੇ ਭੀ ਰੈਦਾਸ ਤਥਾ ਮੀਰਾ ਕੇ ਕਾਲ ਮੇਂ ਇਤਨਾ ਅਧਿਕ ਅੰਤਰ ਨਹੀਂ ਕਿ ਜਿਸ ਮੇਂ ਇਸ ਦੋਨੋਂ ਕਾ ਮਿਲਨਾ ਅਸੰਭਵ ਹੋ ਜਾਏ।"[37]

ਇਥੇ ਉਨ੍ਹਾਂ ਵਿਦਵਾਨਾਂ ਦੇ ਵਿਚਾਰ ਪੇਸ਼ ਕਰਨਾ ਵੀ ਅਸੰਗਤ ਨਹੀਂ ਹੋਵੇਗਾ ਜਿਨ੍ਹਾਂ ਨੇ ਮੀਰਾ ਬਾਈ ਤੇ ਭਗਤ ਰਵਿਦਾਸ ਵਿਚਕਾਰ ਗੁਰੂ ਸ਼ਿਸ਼ ਸੰਬੰਧ ਤੋਂ ਇਨਕਾਰ ਕੀਤਾ ਹੈ। ਭਗਤ ਰਵਿਦਾਸ ਸ੍ਰੋਤ ਪੁਸਤਕ ਦੇ ਖੋਜੀ ਸੰਪਾਦਕ ਡਾ. ਜਸਬੀਰ ਸਿੰਘ ਸਾਬਰ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਦੇ ਹਨ:- " ਠੋਸ ਪ੍ਰਮਾਣਾਂ ਦੀ ਘਾਟ ਕਾਰਨ ਵਿਦਵਾਨਾਂ ਨੇ ਨਿਸ਼ਚਿਆਤਮਕ ਢੰਗ ਨਾਲ ਆਪਣੇ ਮਤਿ ਨੂੰ ਨਹੀਂ ਪ੍ਰਗਟਾਇਆ।"[38]

ਡਾ. ਸਾਬਰ ਦੇ ਮੱਤ ਦੇ ਹੱਕ ਵਿਚ ਪਰਚਈ ਅਨੰਤਦਾਸ, ਭਗਤ ਮਾਨ ਸ੍ਰੀ ਨਾਭਾਦਾਸ ਜਿਹੇ ਪੁਰਾਤਨ ਗ੍ਰੰਥਾਂ ਦਾ ਹਵਾਲਾ ਦਿੰਦੇ ਹਨ ਜਿਨ੍ਹਾਂ ਵਿਚ ਇਸ ਸੰਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਕਈ ਵਿਦਵਾਨਾਂ ਦੇ ਮੱਤ ਪੇਸ਼ ਕਰਕੇ ਡਾ. ਸਾਬਰ ਇਸ ਸਿੱਟੇ ਤੇ ਪੁੱਜਦੇ ਹਨ ਕਿ ਰਵਿਦਾਸ ਅਤੇ ਮੀਰਾਂ ਬਾਈ ਦਾ ਸੰਪਰਕ ਨਹੀਂ ਹੋਇਆ ਤੇ ਇਹ ਸੰਬੰਧ ਸਿਰਫ ਮਿੱਥ ਤੇ ਪਰੰਪਰਾ ਤੇ ਆਧਾਰਿਤ ਹੈ । ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਸਾਨੂੰ ਰਵਿਦਾਸ- ਮੀਰਾਂ ਦੀ ਗੁਰੂ ਸ਼ਿਸ਼ ਪਰੰਪਰਾ ਨੂੰ ਮੰਨਣਾ ਹੀ ਪਵੇਗਾ।

## ਰਾਣੀ ਝਾਲੀ ਅਤੇ ਗੁਰੂ ਰਵਿਦਾਸ

ਗੁਰੂ ਰਵਿਦਾਸ ਦੇ ਸਮਕਾਲੀਆਂ ਵਿਚੋਂ ਰਾਣੀ ਝਾਲੀ ਦਾ ਜ਼ਿਕਰ ਕਈ ਪ੍ਰਾਚੀਨ ਗ੍ਰੰਥਾਂ ਨੇ ਕੀਤਾ ਹੈ ਜਿਨ੍ਹਾਂ ਵਿਚ ਅਨੰਤ ਦਾਸ ਦੀ "ਰੈਦਾਸ ਪਰਚਈ" ਨਾਭਾ ਦਾਸ ਦੀ ਭਗਤ-ਮਾਲ, ਪ੍ਰਿਯਦਾਸ ਦਾ ਟੀਕਾ ਸ਼ਾਮਲ ਹਨ। ਸ੍ਰੀ ਐਚ.ਐਚ. ਵਿਲਸਨ, ਫਰਕੂਹਰ ਸਾਹਿਬ, ਡਾ. ਰਾਮ ਕੁਮਾਰ ਵਰਮਾ ਅਤੇ ਡਾ. ਦਿਵੇਦੀ ਆਦਿ ਬਹੁਤ ਸਾਰੇ ਵਿਦਵਾਨਾਂ ਨੇ ਵੀ ਰਾਣੀ ਝਾਲੀ ਨੂੰ ਭਗਤ ਰਵਿਦਾਸ ਦੀ ਚੇਲੀ ਮੰਨਿਆ ਹੈ।[39]

ਕਾਲ ਦ੍ਰਿਸ਼ਟੀ ਤੋਂ ਵੀ ਦੋਹਾਂ ਦਾ ਸਮਕਾਲੀ ਹੋਣਾ ਸਿੱਧ ਹੁੰਦਾ ਹੈ ਕਿਉਂਕਿ ਵਿਦਵਾਨਾਂ ਨੇ ਰਾਣੀ ਝਾਲੀ ਦਾ ਸਮਾਂ 1539- 1584 ਸੰਮਤ ਅਤੇ ਕੁਝ ਕੁ ਹੋਰ ਵਿਦਵਾਨਾਂ ਨੇ 1480- 1525 ਸੰਮਤ ਮੰਨਿਆ ਹੈ।[40] ਪ੍ਰਾਚੀਨ ਸ੍ਰੋਤਾਂ ਵਿਚ ਭਗਤ ਰਵਿਦਾਸ ਦਾ ਚਿਤੌੜ ਜਾਣਾ ਅਤੇ ਦਰਬਾਰ ਵਿਚ ਬ੍ਰਹਮ ਭੋਜ ਸਮੇਂ ਵਿਖਾਏ ਚਮਤਕਾਰ ਨੂੰ ਆਧਾਰ ਮੰਨ ਕੇ ਦੋਹਾਂ ਨੂੰ ਸਮਕਾਲੀ ਮੰਨਿਆ ਜਾ ਸਕਦਾ ਹੈ ।

ਅਖੀਰ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਕਬੀਰ, ਗੁਰੂ ਨਾਨਕ, ਰਾਣੀ ਝਾਲੀ ਤੇ ਮੀਰਾਂ ਬਾਈ ਗੁਰੂ ਰਵਿਦਾਸ ਦੇ ਸਮਕਾਲੀਆਂ ਵਿਚੋਂ ਸਨ। ਹੋਰ ਵੀ ਅਨੇਕਾਂ ਸੰਤ ਫਕੀਰਾਂ ਧਾਰਮਿਕ ਪੁਰਸ਼ਾਂ ਨਾਲ ਉਨ੍ਹਾਂ ਦਾ ਸੰਬੰਧ ਰਿਹਾ ਹੋਵੇਗਾ ਪਰੰਤੂ ਕਿਸੇ ਪ੍ਰਮਾਣਿਕ ਤੱਥ ਬਿਨਾਂ ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ ।

## ਸੰਤਾਂ ਭਗਤਾਂ ਵਲੋਂ ਕੀਤੀ ਟੀਕਾ ਟਿੱਪਣੀ

ਭਗਤ ਰਵਿਦਾਸ ਦੇ ਇਨ੍ਹਾਂ ਸਮਕਾਲੀਆਂ ਨੇ ਉਨ੍ਹਾਂ ਦੇ ਜੀਵਨ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਦਿੱਤੀ ਹੈ ਪਰ ਇਸ ਨੂੰ ਜਾਣਕਾਰੀ ਨਾਲੋਂ ਭਾਵਪੂਰਤ ਟਿੱਪਣੀਆਂ ਕਹਿਣਾ ਵਧੇਰੇ ਯੋਗ ਜਾਪਦਾ ਹੈ। ਇਨ੍ਹਾਂ ਸਮਕਾਲੀਆਂ ਨੇ ਭਗਤ ਰਵਿਦਾਸ ਨੂੰ ਨੀਵੀਂ ਜਾਤ (ਚਮਾਰ) ਵਿਚ ਪੈਦਾ ਹੋਇਆ ਦੱਸਿਆ ਹੈ ਤੇ ਇਹ ਵੀ ਦੱਸਿਆ ਹੈ ਕਿ ਉਨ੍ਹਾਂ ਦੇ ਜ਼ਾਤ ਦੇ ਲੋਕ ਮਰੇ ਹੋਏ ਡੰਗਰਾਂ ਨੂੰ ਢੋਂਦੇ ਸਨ। ਭਗਤ ਸੈਨ੍ਹ ਨੇ ਉਨ੍ਹਾਂ ਨੂੰ ਪਹੁੰਚੇ ਹੋਏ ਸੰਤ ਦੱਸਿਆ ਹੈ ਜਿਨ੍ਹਾਂ ਨੇ ਆਪਣੀ ਭਗਤੀ ਦੇ ਪ੍ਰਤਾਪ ਨਾਲ ਪਰਮਾਤਮਾ ਨੂੰ ਆਪਣੀ ਮੱਦਦ ਲਈ ਸੱਦ ਵਿਖਾਇਆ ਸੀ। ਇਸ ਤੋਂ ਵਧੇਰੇ ਜਾਣਕਾਰੀ ਸਾਨੂੰ ਇਨ੍ਹਾਂ ਸ੍ਰੋਤਾਂ ਤੋਂ ਨਹੀਂ ਮਿਲਦੀ ਹੈ। ਇਨ੍ਹਾਂ ਸਮਕਾਲੀਆਂ ਤੋਂ ਬਿਨਾ ਹੋਰ ਸੰਤਾਂ ਭਗਤਾਂ ਵਲੋਂ ਉਨ੍ਹਾਂ ਬਾਰੇ ਟੀਕਾ ਟਿੱਪਣੀ ਕੀਤੀ ਗਈ ਹੈ। ਹੁਣ ਅਸੀਂ ਉਨ੍ਹਾਂ ਸੰਤਾਂ ਭਗਤਾਂ ਦੀਆਂ ਉਹ ਟਿੱਪਣੀਆਂ ਪੇਸ਼ ਕਰ ਰਹੇ ਹਾਂ ।

ਭਗਤ ਰਵਿਦਾਸ ਦੀ ਮਹਿਮਾ ਸਮਾਂ ਬੀਤਣ ਦੇ ਨਾਲ ਭਾਰਤ ਦੇ ਹਰ ਕੋਨੇ ਵਿਚ ਪਹੁੰਚ ਗਈ ਇਸ ਦੀ ਇਕ ਮਿਸਾਲ ਪੰਜਾਬ ਵਿਚ ਸਥਿੱਤ ਇਕ ਵੈਸ਼ਣਵ ਸੰਤ ਗੁਸਾਈਂ ਸਾਈਂਦਾਸ ਦੀ ਹੈ। ਇਹ ਸੁਆਮੀ ਰਾਮਾਨੰਦ ਦਾ ਪੜਸ਼ਿਸ਼ ਸੀ।[41] ਆਪ ਸ੍ਰੀ ਰਵਿਦਾਸ ਜੀ ਦੇ ਜੱਦੀ ਪੇਸ਼ੇ ਤੇ ਉਨ੍ਹਾਂ ਦੀ ਪ੍ਰਾਪਤੀ ਬਾਰੇ ਲਿਖਦੇ ਹਨ:-

> ਢੋਰ ਭਰਿਤ ਦੁਰਿਗੰਧ ਉਠਿਤ ਹੈ, ਮੁਖ ਦਾਪਤਿ ਲੇਤਿ ਸਵਾਸਾ।
> ਤਾਹਿ ਤੁਚਾ ਲੇ ਪਨਿਹਾਂ ਗਾਂਠੇ ਭਗਤਿ ਭਯੋ ਰਵਿਦਾਸਾ ।

ਆਪ ਦੇ ਕਥਨ ਦਾ ਸਾਰ ਇਹੀ ਹੈ ਕਿ ਆਪ ਮਹਾਨ ਭਗਤ ਹੁੰਦੇ ਹੋਏ ਵੀ ਬਦਬੂ ਭਰੇ ਮਾਹੌਲ ਵਿਚ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ ।

<u>ਮਹਾਤਮਾ ਸੂਰਦਾਸ</u>

ਮਹਾਤਮਾ ਸੂਰਦਾਸ ਜੀ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਬੇਨਤੀ ਕਰਦਿਆਂ ਆਖਦੇ ਹਨ ਕਿ ਤੁਸੀਂ ਆਪਣੇ ਭਗਤਾਂ ਦੇ ਕਾਰਜ ਸੁਆਰੇ ਹਨ ਤੇ ਕੁਝ ਕੁ ਭਗਤਾਂ ਤੇ ਵਿਸ਼ੇਸ਼ ਕਿਰਪਾ ਕੀਤੀ ਹੈ। ਇਨ੍ਹਾਂ ਹੀ ਭਗਤਾਂ ਵਿਚ ਸੂਰਦਾਸ ਜੀ ਭਗਤ ਰਵਿਦਾਸ ਦਾ ਵੀ ਨਾਂ ਲੈਂਦੇ ਹਨ:-

ਹਨੂਮਾਨ, ਸੁਤ, ਸੈਨਿਕ, ਬੱਲਭ, ਸੁਗ੍ਰੀਵ, ਰਿਸ਼ੀਰਾਜ।
ਰੰਕਾ, ਬੰਕਾ, ਪੀਪਾ, ਨਾਮਾ, ਸੇਨ, ਧੰਨਾ ਕੇ ਕੀਏ ਕਾਜ।
ਸਦਨਾ, ਰੈਦਾਸ, ਮੀਰਾਂਬਾਈ, ਕ੍ਰਿਪਾ ਕਰੀ ਬ੍ਰਿਜਰਾਜ ।
ਬ੍ਰਾਹਮਣ, ਕਸ਼ਤ੍ਰੀ, ਬਨਿਜ, ਅੰਤਯਜ, ਬਨਚਰ, ਨਿਸ਼ਚਰ ਰਾਜ।
ਔਰ ਅਨੇਕ ਪਤਿਤ ਤਾਰੇ ਤੁਮ, ਕਹਾਂ ਲੋ ਗਿਨੋ ਤੇਰੇ ਰਾਜ।[42]

## ਸੰਤ ਵਿਆਸ ਜੀ

ਇਨ੍ਹਾਂ ਦੁਆਰਾ ਰਚੀ ਗਈ ਸਾਰੀ ਬਾਣੀ ਦਾ ਸੰਪਾਦਨ ਕਰਕੇ ਗੋਸੂਆਮੀ ਵਾਸੁਦੇਵ ਜੀ ਨੇ 'ਭਗਤ ਕਵੀ ਵਿਆਸ ਜੀ' ਦੇ ਨਾਂ ਹੇਠ ਛਾਪਿਆ ਹੈ। ਉਨ੍ਹਾਂ ਦੇ ਕਹਿਣ ਦਾ ਸਾਰ ਇਹ ਹੈ ਕਿ ਸਾਰੇ ਹੀ ਸੰਤ ਇਕੋ ਪਰਿਵਾਰ ਨਾਲ ਸੰਬੰਧ ਰੱਖਦੇ ਹਨ:-

ਇਤਨੋ ਹੈ ਸਬੁ ਕਦੁਮ ਹਮਾਰੋ ।
ਸੇਨ ਧਨਾ ਅਰੁ ਨਾਮਾ ਪੀਪਾ, ਔਰ ਕਬੀਰ ਰੈਦਾਸ ਚਮਾਰ।[43]

## ਭੱਟ ਕਲਸਹਾਰ

ਸੰਤ ਰਵਿਦਾਸ ਜੀ ਦਾ ਜਸ ਗਾਉਣ ਵਾਲਿਆਂ ਵਿਚ 16ਵੀਂ ਸਦੀ ਦਾ ਇਕ ਭੱਟ ਕਲਸਹਾਰ ਵੀ ਹੈ ਜਿਸ ਨੇ ਗੁਰੂ ਨਾਨਕ ਦਾ ਜਸ ਗਾਉਣ ਦੇ ਨਾਲ ਨਾਲ ਮੱਧਕਾਲ ਦੇ ਹੋਰ ਕਈ ਸੰਤਾਂ ਦਾ ਜੱਸ ਗਾਇਆ ਹੈ।

ਗੁਣ ਗਾਵੈ ਰਵਿਦਾਸ ਭਗਤੁ ਜੈ ਦੇਵ ਤ੍ਰਿਲੋਚਨ ।
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮਲੋਚਨ ।[44]

## ਸੰਤ ਏਕਨਾਥ

ਮਹਾਂਰਾਸ਼ਟਰ ਦੇ ਇਸ ਮਹਾਨ ਸੰਤ ਨੇ ਭਗਤ ਰਵਿਦਾਸ ਨੂੰ ਲੋਕ-ਪ੍ਰਚੱਲਿਤ ਰੋਹਿਦਾਸ ਦੇ ਨਾਂ ਨਾਲ ਯਾਦ ਕੀਤਾ ਹੈ। ਸੰਤ ਏਕਨਾਥ ਜੀ ਦੱਸਦੇ ਹਨ ਕਿ ਆਪਣੇ ਪਵਿੱਤਰ ਪ੍ਰੇਮ ਸਦਕਾ ਹੀ ਭਗਤ ਰਵਿਦਾਸ ਆਪਣੀ ਕਠੌਤੀ ਵਿਚ ਗੰਗਾ ਜੀ ਦੇ ਦਰਸ਼ਨ ਕਰ ਸਕੇ:-

ਰੋਹਿਦਾਸ ਚਮਾਰ ਸਬ ਕੁਝ ਜਾਨੈ
ਕਠੋਰੇ ਰੰਗਾ ਦੇਖ ।[45]

<u>ਗੁਰੂ ਰਾਮਦਾਸ</u>

ਗੁਰੂ ਰਾਮਦਾਸ ਜੀ ਨੇ ਵੈਸ਼ਨਵ ਸੰਤਾਂ ਬਾਰੇ ਲਿਖਿਆ ਹੈ ਕਿ ਉਹ ਸਾਰੇ (ਨਾਮ ਦੇਵ, ਜੈਦੇਵ, ਕਬੀਰਦਾਸ, ਤ੍ਰਿਲੋਚਨ ਅਤੇ ਚਮਾਰ ਜਾਤੀ ਦੇ ਰਵਿਦਾਸ ਸਮੇਤ) ਹੀ ਸਾਧ- ਸੰਗਤ ਦੇ ਪ੍ਰਤਾਪ ਸਦਕਾ ਤਰ ਗਏ। ਗੁਰੂ ਸਾਹਿਬ ਦਾ ਕਥਨ ਹੈ ਕਿ ਪਰਮਾਤਮਾ ਆਪਣੇ ਭਗਤਾਂ ਦੀ ਰਖਿਆ ਕਰਦਾ ਹੈ:-

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨ ਅਉ ਜਾਤਿ ਜਾਤਿ ਰਵਿਦਾਸ ਚਮਾਰ
ਚਮਈਆ ।।
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣ ਮਿਲਿਆ
ਹਰਿ ਦਈਆ ।
ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰ ਕਰਈਆ।।
ਨਾਨਕ ਸਰਣਿ ਪਰੇ ਜਗ ਜੀਵਨ ਹਰਿ ਕਿਰਪਾ ਧਾਰਿ ਰਖਈਆ ।।[46]

ਸੰਤ ਰਵਿਦਾਸ ਬਾਰੇ ਉਹ ਲਿਖਦੇ ਹਨ:-

ਰਵਿਦਾਸ ਚਮਾਰੁ ਉਸਤਤ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮ ਭਇਆ ਚਾਰਿ ਵਰਨ ਪਏ ਪਗਿ ਆਇ ।।
ਗੁਰੂ ਗ੍ਰੰਥ ਸਾਹਿਬ, ਪੰਨਾ-733.

ਗੁਰੂ ਰਵਿਦਾਸ ਬਾਰੇ ਉਨ੍ਹਾਂ ਦਾ ਕਥਨ ਹੈ ਕਿ ਉਹ ਪ੍ਰਭੂ ਦੀ ਕੀਰਤ ਕਰਨ ਨਾਲ ਹੀ ਇੰਨੇ ਉੱਤਮ ਹੋ ਗਏ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਚਾਰੇ ਹੀ ਵਰਣ ਉਨ੍ਹਾਂ ਦੇ ਚਰਨੀਂ ਆ ਲੱਗੇ । ਸ੍ਰੀ ਰਵਿਦਾਸ ਦੀ ਨਾਮ-ਭਗਤੀ ਦੀ ਵਡਿਆਈ ਕਰਦਿਆਂ ਉਹ ਦੱਸਦੇ ਹਨ ਕਿ ਉਹ ਚਮਾਰ ਜਾਤ ਵਿਚ ਪੈਦਾ ਹੋ ਕੇ ਵੀ ਨਾਮ ਸਿਮਰਨ ਦੇ ਸਹਾਰੇ ਇਸ ਸੰਸਾਰ-ਸਾਗਰ ਨੂੰ ਪਾਰ ਕਰ ਗਿਆ। ਉਸ ਦੇ ਸਾਰੇ ਦੁੱਖ ਦੂਰ ਹੋ ਗਏ:-

ਕਲਜੁਗਿ ਨਾਮੁ ਪ੍ਰਧਾਨ ਪਦਾਰਥ ਭਗਤ ਜਨਾ ਉਧਰੇ ।
ਨਾਮਾ ਜੈਦੇਉ ਕਬੀਰ ਤ੍ਰਿਲੋਚਨ ਸਭਿ ਦੋਖ ਗਏ ਚਮਰੇ ।।[47]

## ਸੰਤ ਬਾਬਾ ਵਜੀਦ

ਬਾਬਾ ਵਜੀਦ ਇਕੋ ਵੇਲੇ ਸੂਫੀ ਫਕੀਰ ਤੇ ਹਿੰਦੂ ਭਗਤੀ ਵਿਚ ਰੰਗੇ ਹੋਏ ਮਹਾਂਪੁਰਸ਼ ਸਨ। ਡਾ. ਸਿੰਗਲ ਸਾਹਿਬ ਆਪ ਨੂੰ ਰਾਮ-ਭਗਤ ਦੱਸਦੇ ਹਨ।[48] ਆਪ ਨੇ ਭਗਤ ਰਵਿਦਾਸ ਤੋਂ ਬਿਨਾ ਧਰੂ ਭਗਤ, ਪ੍ਰਹਿਲਾਦ, ਬਿਦੁਰ ਜੀ, ਸੁਦਾਮਾ ਜੀ, ਨਾਮਦੇਵ ਆਦਿ ਕਈ ਸੰਤਾਂ ਬਾਰੇ ਟਿੱਪਣੀਆਂ ਕੀਤੀਆਂ ਹਨ। ਭਗਤ ਰਵਿਦਾਸ ਬਾਰੇ ਉਹ ਲਿਖਦੇ ਹਨ:-

ਰਵਿਦਾਸ ਚਮਾਰ ਧਿਆਇਆ, ਕੇਵਲ ਕ੍ਰਿਸ਼ਨ ਹਰਿ ।
(ਵਾਕੀ) ਦਮੜੀ ਲਈ ਗੰਗਾ, ਭੁਜਾ ਪਸਾਰ ਕਰਿ ।
ਇਕ ਭਗਤੀ ਕਰਦੇ ਮਰੇ, ਨਾ ਹੋਇਆ ਦਰਸ ਹਰਿ ।
ਵਜੀਦਾ ਕੌਣ ਸਾਈਂ ਨੌ ਆਖੇ, ਐਉਂ ਨਹੀਂ ਐਉਂ ਕਰਿ।[49]

ਇਸ ਟਿੱਪਣੀ ਅਨੁਸਾਰ ਗੁਰੂ ਰਵਿਦਾਸ ਤੇ ਪ੍ਰਭੂ ਦੀ ਵਿਸ਼ੇਸ਼ ਕਿਰਪਾ ਹੋਈ ਹੈ ਜਿਸ ਕਾਰਨ ਮਾਤਾ ਗੰਗਾ ਨੇ ਬਾਂਹ ਪਸਾਰ ਕੇ ਭੇਂਟ ਕੀਤੀ ਹੋਈ ਦਮੜੀ ਕਬੂਲ ਕੀਤੀ ।

## ਗੋਸਵਾਮੀ ਅਗ੍ਰਦਾਸ

ਸਵਾਮੀ ਰਾਮਾਨੰਦ ਦੀ ਸ਼ਿਸ਼ ਪਰੰਪਰਾ ਦੇ ਪ੍ਰਸਿੱਧ ਭਗਤ ਗੋਸਵਾਮੀ ਅਗ੍ਰਦਾਸ ਨੇ ਭਗਤ ਰਵਿਦਾਸ ਬਾਰੇ ਕਿਹਾ ਹੈ ਕਿ ਉਹ ਗਰੀਬ ਬੇਸ਼ੱਕ ਸਨ ਪਰ ਬਹੁਤ ਹੀ ਖੁਲ੍ਹਦਿਲੇ ਸਨ ਤੇ ਗੁਰੂ ਦੀ ਸੇਵਾ ਤੇ ਭਗਤੀ ਵਿਚ ਵਿਸ਼ਵਾਸ਼ ਰੱਖਦੇ ਸਨ:-

ਰਮਾਦਾਸ ਸ਼ਾਸਨ ਮਤਿਦਾਸੀ, ਸਦਾ ਭਾਗਵਤ ਧਰਮ ਪ੍ਰਕਾਸੀ।
ਨਿ: ਕਿੰਚਨ ਉਦਾਰ ਗੁਰੂ ਸੇਵੀ ਭਾਵਿਕ ਰਾਮ ਤਤ ਕੇ ਭੇਵੀ।[50]

## ਭਾਈ ਗੁਰਦਾਸ ਭੱਲਾ

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਵਿਚ ਬਹੁਤ ਸਾਰੇ ਭਗਤਾਂ ਬਾਰੇ

ਗੁਰਮਤਿ ਆਸ਼ਿਆਂ ਅਨੁਸਾਰ ਆਪਣੇ ਵਿਚਾਰ ਪ੍ਰਗਟਾਏ ਹਨ। ਭਗਤ ਰਵਿਦਾਸ ਦੀ ਜਾਤ ਉਸ ਦੇ ਕੰਮ ਅਤੇ ਗੰਗਾ ਵਲੋਂ ਹੱਥ ਕੱਢ ਕੇ ਦਮੜੀ ਲੈਣ ਦੀ ਘਟਨਾ ਦਾ ਵਰਨਣ ਕੀਤਾ ਹੈ:-

ਭਗਤ ਭਗਤ ਜਗਿ ਵਜਿਆ ਚਹੁ ਚਕਾਂ ਦੇ ਵਿਚ ਚਮਿਰੇਟਾ।।
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ ।।
ਜਿਉਂ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ ।।
ਚਹੁੰ ਵਰਣਾਂ ਉਪਦੇਸ ਦਾ ਗਿਆਨ ਧਿਆਨ ਕਰਿ ਭਗਤ ਸਹੇਟਾ ।।
ਨ੍ਹਾਵਣ ਆਇਆ ਸੰਗ ਮਿਲਿ ਬਾਨਾਰਸ ਕਰਿ ਗੰਗਾ ਥੇਟਾ।
ਕੱਢ ਕਸੀਰਾ ਸਉਪਿਆ ਰਵਿਦਾਸ ਗੰਗਾ ਦੀ ਭੇਟਾ ।।
ਲੱਗਾ ਪੁਰਬ ਅਭੀਚ ਦਾ ਡਿੱਠਾ ਚਲਿਤੁ ਅਚਰਜ ਅਮੇਟਾ ।।
ਲਇਆ ਕਸੀਰਾ ਹਥਿ ਕਢਿ ਸੂਤੁ ਇਕ ਜਿਉ ਤਾਣਾ ਪੇਟਾ।।
ਭਗਤ ਜਨਾਂ ਹਰਿ ਮਾਂ ਪਿਉ ਬੇਟਾ।।[51]

ਭਾਈ ਗੁਰਦਾਸ ਨੇ ਇਕ ਹੋਰ ਵਾਰ ਵਿਚ ਵੀ ਭਗਤ ਰਵਿਦਾਸ ਦੀ ਉਸਤਤ ਕੀਤੀ ਹੈ:-

ਭਗਤੁ ਕਬੀਰ ਵਖਾਣੀਐ, ਜਨ ਰਵਿਦਾਸੁ ਬਿਦਰ ਗੁਰ ਭਾਏ।
ਜਾਤਿ ਅਜਾਤਿ ਸਨਾਤਿ ਵਿਚਿ ਗੁਰਮੁਖਿ ਚਰਣ ਕਵਲੁ ਚਿਤੁ ਲਾਇ।
ਹਉਮੈ ਮਾਰੀ ਪ੍ਰਗਟੀ ਆਏ।[52]

ਭਾਈ ਸਾਹਿਬ ਨੇ ਇਸ ਗੱਲ ਤੇ ਜੋਰ ਦਿੱਤਾ ਹੈ ਕਿ ਭਗਤੀ ਦੇ ਖੇਤਰ ਵਿਚ ਜਾਤ-ਪਾਤ ਲਈ ਕੋਈ ਸਥਾਨ ਨਹੀਂ ।

## ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਗ੍ਰੰਥ) ਦੇ ਸੰਪਾਦਕ ਤੇ ਮਹਾਨ ਸ਼ਹੀਦ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਰਵਿਦਾਸ ਸਮੇਤ ਹੋਰ ਕਈ ਭਗਤਾਂ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ। ਉਨ੍ਹਾਂ ਦਾ ਕਥਨ ਹੈ ਕਿ ਜੋ ਲੋਕ ਐਥੇ ਪਹਿਰ ਹਰਿ ਦਾ ਸਿਮਰਨ ਕਰਦੇ ਹਨ ਉਹ ਹਰਿ ਨੂੰ ਪ੍ਰਾਪਤ ਕਰ ਲੈਂਦੇ ਹਨ:-

੧ਓਂਕਾਰ ਸਤਿਗੁਰ ਪ੍ਰਸਾਦਿ ।
ਉਆ ਅਸਥਿਰ ਕੇ ਹਉ ਬਲਿ ਜਾਈ।।
ਆਠ ਪਹਰ ਅਪਨਾ ਪ੍ਰਭੁ ਸਿਮਰਨ, ਵਡਭਾਗੀ ਹਰਿ ਪਾਈ।ਰਹਾਉ।।
ਭਲੋ ਕਬੀਰੁ ਦਾਸੁ ਦਾਸਨ ਕੋ, ਊਤਮੁ ਸੈਨੁ ਜਨੁ ਨਾਈ।।
ਊਚ ਤੇ ਊਚ ਨਾਮ ਦੇਉ ਸਮਦਰਸੀ, ਰਵਿਦਾਸ ਠਾਕੁਰ ਬਣਿ ਆਈ।।1।।
ਜੀਉ ਪਿੰਡੁ ਤਨੁ ਧਨੁ ਸਾਧਕ ਕਾ, ਇਹ ਮਨੁ ਸੰਤ ਰੇਨਾਈ।।
ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ।।2।।4।।8।।[53]

ਭਗਤ ਰਵਿਦਾਸ ਦੀ ਪ੍ਰਭੂ ਭਗਤੀ ਬਾਰੇ ਉਹ ਲਿਖਦੇ ਹਨ:–

ਕਬੀਰ ਧਿਆਇਓ ਏਕ ਰੰਗ।।ਨਾਮਦੇਵ ਹਰਿ ਜੀਉ ਬਸਹਿ ਸੰਗਿ।।
ਰਵਿਦਾਸ ਧਿਆਏ ਪ੍ਰਭੂ ਅਨੂਪ।।ਗੁਰੂ ਨਾਨਕ ਦੇਵ ਗੋਵਿੰਦ ਰੂਪ।।[54]

ਗੁਰੂ ਸਾਹਿਬ ਨੇ ਇਨ੍ਹਾਂ ਭਗਤਾਂ ਦੀ ਭਗਤੀ ਦੇ ਨਾਲ ਹੀ ਆਪਣੇ ਬਾਰੇ ਵੀ ਦੱਸਿਆ ਹੈ ਕਿ ਉਨ੍ਹਾਂ ਲਈ ਗੁਰੂ ਨਾਨਕ ਹੀ ਪ੍ਰਭੂ ਦਾ ਰੂਪ ਹਨ ।

## ਸੰਤ ਧਰਨੀਦਾਸ ਜੀ

ਇਹ ਸੰਤ ਕਵੀ ਪਿੰਡ ਮਾਂਝੀ, ਜਿਲ੍ਹਾ ਸਾਰਨ(ਬਿਹਾਰ) ਵਿਚ 1575 ਈ. ਨੂੰ ਪੈਦਾ ਹੋਏ। ਰਾਮਾਨੰਦ ਦੇ ਗੁਰੂ ਰਾਘਵਾਨੰਦ ਅਤੇ ਹੋਰ ਸੰਤਾਂ ਭਗਤਾਂ ਬਾਰੇ ਆਪਨੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਇਨ੍ਹਾਂ ਨੇ ਵੀ ਰਵਿਦਾਸ ਦੀ ਪ੍ਰਭੂ ਭਗਤੀ ਦਾ ਹੀ ਜੱਸ ਗਾਇਆ ਹੈ:–

ਭਗਤਿ ਭਰਥਰੀ ਕੀ ਅਵਰ ਜਾਨਿ ਪੀਪਾ
ਜਿਨੋ ਕਾ ਅਮਰ ਨਾਮ ਹੈ ਦੀਪ ਦੀਪਾ ।।
ਕਬੀਰਾ ਗੋਰਖਨਾਥ ਮੀਰਾ ਬੜਾਈ ।
ਕਾਮਾ ਵ ਨਾਮਾ ਸੁਦਾਮਾ ਭਲਾਈ ।
ਸੁਕਦੇਵ ਜੈਦੇਵ ਸੋਭਾ ਸੁਹਾਈ ।
ਰੈਦਾਸ ਸੇਨ ਧਨਾ ਧੀਰਤਾਈ ।।[55]

ਸ੍ਰੀ ਭਗਵਾਨ ਨਰਾਇਣ

ਸਵਾਮੀ ਰਾਮਾਨੰਦ ਸੰਪਰਦਾਇ ਦੇ ਇਹ ਦੋ ਵੈਸ਼ਨਵ ਸੰਤ ਸ੍ਰੀ ਗੁਰੂ ਅਰਜਨਦੇਵ ਦੇ ਸਮਕਾਲੀ ਸਨ। ਡਾ. ਚਰਨਦਾਸ ਸ਼ਾਸਤ੍ਰੀ ਜੀ ਨੇ ਇਨ੍ਹਾਂ ਦੀ ਬਾਣੀ ਨੂੰ ਖੋਜ ਕੇ 'ਸ੍ਰੀ ਭਗਵਾਨ-ਨਰਾਇਣ ਵਚਨ ਸੁਧਾ' ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਬਾਰੇ ਇਨ੍ਹਾਂ ਨੇ ਬਹੁਤ ਹੀ ਸ਼ਰਧਾ-ਭਰੇ ਵਚਨ ਉਚਾਰੇ ਹਨ:—

— ਤਿਨ ਕੋ ਸੰਸਾ ਕਿਆ ਕਰੈ, ਜੋ ਸਿਮਰੈ ਰਘੁਰਾਈ ।
ਕੁਲ ਕ੍ਰਮ ਹੀਨ ਪਾਪੀਆ, ਉਧਰੈ ਰੰਕ ਰਾਈ
ਕਬੀਰ ਕੋਰੀ ਸੈਨ ਨਾਈਆ, ਰਵਿਦਾਸ ਚਮਿਆਰ
ਨਾਮਾ ਛੀਂਬਾ ਧਨਾ ਜਾਟ, ਰਾਖੇ ਕਰ ਧਾਰਿ ।।[56]

— ਸਨਕਾਦਿਕ ਅਰੁ ਨਾਰਦ ਅੰਬਰੀਕ੍ਧ੍ਰੂ ਪ੍ਰਹਿਲਾਦ
ਨਾਰਾਇਣ ਵਯਾਸ ਜਨਕ ਸੁਕ ਅਭੈ ਭਯੇ, ਰਾਮ ਨਾਮ ਧਨ ਪਰਸਾਦ।।[57]

— ਨਾਮਾ ਸੁਦਾਮਾ ਧਨਾ ਸੈਨ, ਰਵਿਦਾਸ ਕਲਿ ਕਬੀਰ
ਨਾਰਾਇਣ ਰਾਮ ਨਾਮ ਧਨ ਪਾਇਕੈ, ਭਏ ਸਕਲ ਵਿਧਿ ਗੁਣੀ ਗਹੀਰ।।
ਹਿੰਦੂ ਤੁਰਕ ਜਗ ਮਹਿ ਘਨੇ, ਹਰਿ ਭਗਤਨ ਕੇ ਆਧੀਨ ।
'ਨਾਰਾਇਣ' ਨੀਚ ਜਾਤਿ ਰਵਿਦਾਸ ਕੀ, ਗੰਗਾ ਦਮੜੀ ਲੀਨ।।[58]

— ਕਹਾ ਨਾਮਾ ਧੰਨਾ ਕਹਾ, ਕਹਾ ਰਵਿਦਾਸ ਸੈਨ ਕਬੀਰ।
'ਨਾਰਾਇਣ' ਕਮੀਨੇ ਤੇ ਨਗੀਨਾ ਭਏ, ਜੈਸੇ ਸਲਿਤਾ ਮਹਿ ਗੰਗਾ ਕਾ ਨੀਰ।[58]

— ਨਾਮ ਰਵਿਦਾਸ ਨੇ ਸਿਮਰਿਓ, ਤੋ ਗੰਗਾ ਦਮਰੀ ਲੀਨ
ਨਾਰਾਇਣ ਨਾਮ ਪ੍ਰਸਾਦ ਤੇ, ਰਵਿਦਾਸ ਪੂਜ ਸਬਹੂ ਕਾ ਕੀਨ।[60]

ਇਨ੍ਹਾਂ ਸੰਤਾਂ ਨੇ ਵੀ ਨਾਮ-ਸਿਮਰਨ ਦੀ ਵਡਿਆਈ ਦੱਸੀ ਹੈ ਤੇ ਨਾਮ-ਸਿਮਰਨ ਨਾਲ ਹੀ ਰਵਿਦਾਸ ਸਮੇਤ ਸਾਰੇ ਭਗਤਾਂ ਨੂੰ ਬਹੁਤ ਉੱਚੀ ਪਦਵੀ ਪ੍ਰਾਪਤ ਹੋਈ ਤੇ ਪਰਮਾਤਮਾ ਨੇ ਇਨ੍ਹਾਂ ਭਗਤਾਂ ਨੂੰ ਆਪਣਾ ਜਾਣ ਕੇ ਇਨ੍ਹਾਂ ਦੀ ਹਰ ਵੇਲੇ ਰਖਿਆ ਕੀਤੀ ।

## ਸੰਤ ਤੁਕਾ ਰਾਮ

ਸੰਤ ਸਮਾਜ ਦੇ ਪ੍ਰਸ਼ੰਸਕ ਇਸ ਸੰਤ ਦਾ ਜਨਮ ਮਹਾਰਾਸ਼ਟਰ ਦੇ ਇਕ ਕਿਸਾਨ ਪਰਿਵਾਰ ਵਿਚ ਹੋਇਆ। ਇਨ੍ਹਾਂ ਨੂੰ ਸਾਰੇ ਹੀ ਸੰਤ ਆਪਣੇ ਸਕੇ ਸੰਬੰਧੀ ਜਾਪਦੇ ਹਨ:-

ਨਿਵ੍ਰਿਤਿ ਗਯਾਨਦੇਵ ਸਪਾਨ ਢਾਮਾ ਜੀ,
ਮੇਰੇ ਜੀ ਕੇ ਹੈ ਜੀ ਨਾਮਦੇਵ ।
ਨਾਗਾਜਨ ਮਿਤ ਨਰ ਹਰਿ ਸੁਨਾਰ
ਰਵਿਦਾਸ ਕਬੀਰ ਸਗੇ ਮੇਰੇ ।[61]

## ਸੰਤ ਦਾਦੂ ਜੀ

ਆਪ ਜੀ ਨੇ ਜਨਮ ਤਾਂ ਭਾਵੇਂ ਅਹਿਮਦਾਬਾਦ ਗੁਜਰਾਤ ਵਿਚ ਲਿਆ ਪਰੰਤੂ ਆਪ ਦੀ ਪ੍ਰਸਿੱਧੀ ਮੱਧਕਾਲ ਦੇ ਇਕ ਮਹਾਨ ਸੰਤ ਵਜੋਂ ਹੋਈ। ਦਾਦੂ ਦਿਆਲ ਜੀ ਦਾ ਇਹ ਪਦ ਗੁਰੂ ਰਵਿਦਾਸ ਜੀ ਨਾਲ ਕਾਫੀ ਮਿਲਦਾ ਜਾਪਦਾ ਹੈ:-

– ਰਾਮ ਨਟ ਨਾਰਾਯਣ :
ਤੁਮ ਬਿਨ ਐਸੋਂ ਕੌਣ ਕਰੇ ।
ਗਰੀਬ ਨਵਾਜ ਗੁਸਾਈਂ ਮੇਰੇ, ਮਾਥੈਂ ਮੁਕਟ ਧਰੇ।।ਟੇਕ।।
ਨੀਚ ਊਚ ਲੇ ਕਰੈ ਗੁਸਾਈ, ਟਾਰਯੋ ਹੂੰ ਨ ਟਰੈ ।।
ਹਸਤ ਕਵਲ ਕੀ ਛਾਯਾ ਰਾਖੈ, ਕਾਹੂ ਥੈਂ ਨ ਡਰੈ।।1।।
ਜਾਕੀ ਛੋਤਿ ਜਗਤਿ ਕੋ ਲਾਗੇ, ਤਾਂ ਪਰਿ ਤੂੰ ਹੀ ਢਰੈ।।
ਅਮਰੈ ਆਪ ਲੈ ਕਰੈ ਗੁਸਾਈਂ, ਮਾਰਯੋ ਹੂ ਨ ਮਰੈ।।2।।
ਨਾਮਦੇਵ ਕਬੀਰ ਜੁਲਾਹਾ, ਜਨ ਰੈਦਾਸ ਤਰੈ ।।
ਦਾਦੂ ਬੇਗਿ ਬਾਰ ਨਹੀਂ ਲਾਗੈ, ਹਰਿ ਸੋਂ ਸਬੈ ਸਰੈ।।3।।[62]

– ਦਾਦੂ ਕਹਾਂ ਲੀਨ ਸੁਖਦੇਵ ਥਾ, ਕਹਾਂ ਪੀਪਾ ਰੈਦਾਸ ।।
ਦਾਦੂ ਸਾਚਾ ਕਯੂ ਛਿਪੈ ਸਕਲ ਲੋਕ ਪ੍ਰਕਾਸ਼ ।।
ਰਾਮ ਰਸ ਮੀਠਾ ਰੇ, ਕੋਈ ਪੀਵੇ ਸਾਧ ਸੁਜਾਨ ।।
ਸਦਾ ਰਸ ਪੀਵੈ ਪ੍ਰੇਮ ਸੋਂ ਸੋ ਅਵਿਨਾਸੀ ਪ੍ਰਾਣ।।ਟੇਕ।।[63]

ਇਹ ਰਾਸੇ ਰਾਤੇ ਨਾਮਦੇਵ, ਪੀਪਾ ਅਰ ਰੈਦਾਸ।।
ਪਿਵਤ ਕਬੀਰਾ ਨ ਥਕਯਾ ਅਜਹੁ ਪ੍ਰੇਮ ਪਿਯਾਸ ।।
ਯਹੁ ਰਸ ਮੀਠਾ ਜਿਨ ਪੀਯਾ, ਸੋ ਰਸ ਹੀ ਮਾਂਹਿ ਸਮਾਇ।।
ਮੀਠੇ ਮੀਠਾ ਮਿਲਿ ਰਹਯਾ, ਦਾਦੂ ਅਨਤ ਨ ਜਾਇ।[4]।

– ਰਾਮ ਵਿਮੁੱਖ ਜਗ ਮਰਿ ਮਰਿ ਜਾਇ,
ਜੀਵੈ ਸੰਤ ਰਹੈ ਲਯੋ ਲਾਈ।।ਟੇਕ।।
ਲੀਨ ਭਏ ਜੇ ਆਤਮ ਰਾਮਾ, ਸਦਾ ਸਜੀਵਨ ਕੀਏ ਨਾਮਾ।।1।।
ਅੰਮ੍ਰਿਤ ਰਾਮ ਰਸਾਇਣ ਪੀਆ, ਤਾਥੈਂ ਅਮਰ ਕਬੀਰਾ ਕੀਆ।।
ਰਾਂਗ ਰਾਮ ਕਹਿ ਰਾਮ ਸਮਾਨਾ ਜਨ ਰਵਿਦਾਸ ਮਿਲੇ ਭਗਵਾਨਾ।।
ਆਦਿ ਅੰਤ ਕੇਤੇ ਕਲਿ ਜਾਗੇ, ਅਮਰ ਭਏ ਅਵਿਨਾਸੀ ਲਾਗੇ ।।
ਰਾਮ ਰਸਾਇਣ ਦਾਦੂ ਮਾਤੇ, ਅਵਿਚਲ ਭਏ ਰਾਮ ਰੰਗਿ ਰਾਤੇ।।[65]

– ਭਕਤਿ ਜਾਤਿ ਕੂੰ ਕਯਾ ਕਰੈ ਸੁਨਹੁ ਰੇ ਭਾਈ ।
ਬੇਟੀ ਸਹਾਰੇ ਬਾਪ ਕੇ ਭੇਜੇ ਤਹਾਂ ਜਾਈ ।
ਭਕਤਿ ਤੌਂ ਆਦਿ ਮਿਲਿ, ਜੈ ਦੇਵ ਕੂੰ ਰੈਦਾਸ ਸਮਾਨੀ ।
ਪੇ ਦਾਦੂ ਘਰ ਪੈਠੀ ਕਸੂੰ ਰਹੀ ਨਿਮਾਨੀ ।।[66]

ਇਸ ਪਦ ਵਿਚ ਸੰਤ ਦਾਦੂ ਦਿਆਲ ਜੀ ਦੱਸਦੇ ਹਨ ਕਿ ਭਗਤੀ ਦੇ ਖੇਤਰ ਵਿਚ ਕਿਸੇ ਦੀ ਜਾਤ ਨਹੀਂ ਦੇਖੀ ਜਾਂਦੀ । ਸੰਤ ਦੀ ਮਹਾਨਤਾ ਉਸਦੀ ਭਗਤੀ ਕਾਰਨ ਹੁੰਦੀ ਹੈ ।

## ਸੰਤ ਰੱਜਬ

ਸੰਤ ਰੱਜਬ ਜੀ ਮੱਧਕਾਲ ਦੇ ਮਹਾਨ ਸੰਤਾਂ ਦੀ ਨਾਮ ਮਹਿਮਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:-

ਬਾਲਿਦ ਦੁਆਰ ਕਬੀਰ ਆਵਤੇ, ਜਗੁ ਸਭ ਜਾਨੈ ।
ਤਾਰਕ ਰਵਦਾਸ ਜਨੇਊ, ਤਾਰਣ ਜਗ ਤਨ ਛਾਨੈ।[67]

ਭਗਤ ਰਵਿਦਾਸ ਬਾਰੇ ਆਪ ਲਿਖਦੇ ਹਨ ਕਿ ਉਹ ਸੰਤ ਮਾਲ ਵਿਚ ਧਰੂ ਤਾਰੇ

ਸਮਾਨ ਚਮਕਦੇ ਹਨ। ਅੱਗੇ ਲਿਖਦੇ ਹਨ:-

ਚਮਾਰੀ ਗਰਭੇ ਉਤਪੰਨੋ, ਰੈਦਾਸੋ ਮਹਾਮੁਨਿ ।
ਉਤਿਮ ਬ੍ਰਹਮ ਸੁਮਿਰਣ ਨਾਮ, ਤਸਮਾਤ ਕਿ ਨਜ਼ਾਤਿ ਕਾਰਣ।[68]

ਸੰਤ ਰੱਜਬ ਜੀ ਵੀ ਇਸੇ ਗੱਲ ਤੇ ਜੋਰ ਦਿੰਦੇ ਹਨ। ਜਾਤ-ਪਾਤ ਨਾਲੋਂ ਪ੍ਰਭੂ-ਭਗਤੀ ਕਿਤੇ ਉੱਚੀ ਹੈ:-

ਜਾਤਿ ਜਗਤ ਗੁਰ ਦੇਖੈ ਨਾਹੀ ।
ਮਿਲੈ ਪ੍ਰਾਣਪਤਿ ਪ੍ਰੀਤਹਿ ਮਾਹੀਂ।।ਟੇਕ।।
ਨਾਮ ਕਬੀਰ ਦਾਦੂ ਜਨ ਤਾਰੇ, ਨਾਵ ਨੇਹ ਨੌਖੰਡ ਉਜਾਰੇ।।1।।
ਸਧਨਾ ਸੇਨ ਅਰੁ ਕੀਤੀ ਬੇਰੀ, ਹਰਿ ਹਿਤ ਸੀਕੇ ਹੈ ਕੁਲ ਕੋਰੀ।।2।।
ਆਦਿ ਜੈਦੇਵ ਅੰਤਿ ਰੈਦਾਸਾ, ਭਾਵ ਭਗਤਿ ਕਾਟੇ ਕਰਮ ਪਾਸ਼ਾ।।
ਜਨ ਰੱਜਬ ਕਰਣਾ ਕਰਣਾਮੈ ਕੈਸੋ, ਪ੍ਰੇਮ ਨੇਮ ਭਜਿ, ਭਾਜਿ ਅੰਦੇਸੋ।।4।।[69]

ਰੱਜਬ ਜੀ ਕਹਿੰਦੇ ਹਨ ਕਿ ਪਰਮਾਤਮਾ ਤਾਂ ਪ੍ਰੇਮ ਦਾ ਭੁੱਖਾ ਹੈ ਤੇ ਪ੍ਰੇਮ ਹੀ ਅਸਲੀ ਮਾਰਗ ਹੈ ਉਸ ਤੱਕ ਪਹੁੰਚਣ ਦਾ ।

## ਸੰਤ ਮੋਹਨ ਦਾਸ ਦਫ਼ਤਰੀ

ਸੰਤ ਦਾਦੂ ਜੀ ਦੀ ਉਚਾਰੀ ਬਾਣੀ ਨੂੰ ਕਲਮਬੰਦ ਕਰਨ ਕਰਕੇ ਹੀ ਆਪ ਦਾ ਨਾਂ 'ਦਫਤਰੀ' ਜਾਣਿਆ ਜਾਂਦਾ ਹੈ। ਬ੍ਰਹਮ ਲੀਲ੍ਹਾ' ਨਾਂ ਦੇ ਗ੍ਰੰਥ ਵਿਚ 39 ਪਦ ਤੇ 43 ਸਾਖੀਆਂ ਦਰਜ ਹਨ। ਨਾਮ ਦੀ ਵਡਿਆਈ ਦੱਸਦਿਆਂ ਆਪ ਭਗਤ ਰਵਿਦਾਸ ਬਾਰੇ ਲਿਖਦੇ ਹਨ:-

ਪਤਿਤ ਪਾਵਨ ਨਾਵ ਹਰਿ ਜੀ ਕੋ, ਸੰਤਨਿ ਜਾਨ ਪਰਯੋ ।
ਸੁਮਿਰਤ ਬੇਗਿ ਸਕਲ ਅਬ ਨਾਸੇ, ਜਯੂ ਰਵਿ ਤਿਮਿਰ ਹਰਯੋ।।ਟੇਕ।।
ਸ਼ੇਸ਼ ਮਹੇਸ਼ ਕਬੀਰ ਨਾਮਦੇਵ, ਜਨ ਰੈਦਾਸ ਤਿਰਯੋ ।
ਪਰਾਪਰੀ ਨਿਜ ਰੂਪ ਨਾਮ ਗਹਿ, ਯੂ ਸਬ ਕਾਜ ਗਹਯੋ।।3।।[70]

ਨਾਮ ਸਿਮਰਨ ਨੂੰ ਸਭ ਸਾਧਨਾਂ ਦਾ ਸਾਰ ਦੱਸਦਿਆਂ ਆਪ ਲਿਖਦੇ ਹਨ:-

ਸੁਮਿਰਣ ਸਾਰ ਸੁਮਿਰਣ ਸਾਰ, ਸੁਮੀਰ ਸੁਮਾਰ ਜਨ ਉਤਰੇ ਪਾਰ।।ਟੇਕ।।
ਰਾਮਾਨੰਦ ਗੁਰੂ ਰਾਮ ਪਹਿਚਾਨਾ, ਆਤਮ ਰਾਮ ਨਿਕਟ ਮਨ ਮਾਨਾ।
ਸੁਮਿਰਣ ਨਾਮਦੇਵ ਜਿਤ ਤਿਤ ਪੇਖਾ, ਰਮਤਾ ਰਾਮ ਸਬਨਿ ਮੈਂ ਦੇਖਾ।3।।
ਸੁਮਿਰਣ ਦਾਸ ਕਬੀਰ ਨਿਵਾਜੈ, ਸਕਲ ਲੋਕ ਮੈਂ ਅਨਹਦ ਬਾਜੈ ।।
ਸੁਮਿਰਣ ਸੇਤੀ ਦਾਦੂ ਦਾਸ, ਤੇਜ ਪੁੰਜ ਮੈਂ ਸਦਾ ਨਿਵਾਸ।।4।।
ਸੁਮਿਰਣ ਜਨ ਰੈਦਾਸ ਉਜਾਸ, ਹਰਿ ਹਰਿਦਾਸ ਮਿਟੀ ਜਮ ਤ੍ਰਾਸ।
ਨਾਨਕ ਸੁਮਿਰਣ ਸਾਂਚਾ ਪਾਯਾ, ਪੀਪਾ ਸੋਂਝਾ ਹਰਿ ਗੁਣ ਗਾਯਾ।।5।।[71]

ਸੰਤ ਮੋਹਨ ਦਾਸ 'ਦਫਤਰੀ' ਦੇ ਇਸ ਕਥਨ ਅਨੁਸਾਰ ਇਨ੍ਹਾਂ ਸਾਰੇ ਸੰਤਾਂ ਨੂੰ ਨਾਮ ਸਿਮਰਨ ਕਰਕੇ ਹੀ ਵਡਿਆਈ ਮਿਲੀ ਹੈ।

ਬਾਬਾ ਬਨਵਾਰੀ ਦਾਸ ਜੀ

ਆਪ ਸੰਤ ਦਾਦੂ ਜੀ ਦੇ ਪ੍ਰਸਿੱਧ 52 ਸ਼ਿਸ਼ਾਂ ਵਿਚੋਂ ਸਨ।[72] ਇਸ ਰਚਨਾ ਵਿਚ ਆਪਣੇ ਗੁਰੂ ਦੇਵ ਸਮੇਤ ਹੋਰਨਾਂ ਸੰਤਾਂ ਦਾ ਜਸ ਗਾਇਨ ਕੀਤਾ ਹੈ:-

ਗੁਰੂ ਗੋਬਿੰਦ ਕੀ ਆਰਤੀ ਗਾਊਂ, ਔਰ ਸਬ ਸੰਤਨਿ ਕੇ ਮਾਥੈ ਨਾਊਂ।ਟੇਕ।।
ਦੇਖ ਦੇਖਿ ਦਾਦੂ ਆਰਤਾ ਗਾਇਓ, ਐਸੀ ਸਾਂਈਂ ਸਿਉ ਲਯੋ ਲਾਇਓ।।੧।।
ਪਰਚੈ ਕਬੀਰ ਹਰਿ ਗੁਣ ਗਾਯਾ, ਤਾਥੈ ਸਾਹਿਬ ਨਿਕਟਿ ਬੁਲਾਯਾ।।2।।
ਨਾਮਾ ਰੈਦਾਸ ਨਾਉਂ ਸੂ ਰਾਤਾ, ਖਟ ਦਰਸ਼ਨ ਕੈ ਨਿਕਟਿ ਨ ਜਾਤਾ।।3।।[73]

ਸੰਤ ਹਰਦਾਸ ਜੀ

ਆਪ ਦਾਦੂ ਪੰਥੀ ਸਾਧੂ ਸਨ। ਆਪਨੇ ਹਰਿ ਦਾ ਜਾਪ ਕਰਨ ਤੇ ਜ਼ੋਰ ਦਿੱਤਾ ਹੈ ਤੇ ਬਾਈ ਭਗਤਾਂ ਦੀ ਮਿਸਾਲ ਦਿੱਤੀ ਹੈ ਜੋ ਹਰਿ ਦਾ ਜਾਪ ਕਰਦਿਆਂ ਜਨਮ ਮਰਨ ਦੇ ਚੱਕਰਾਂ ਵਿਚੋਂ ਛੁੱਟ ਗਏ ।

ਹਰਿ ਹਰਿ ਹਰਿ ਹਰਿ ਹਰਿ ਹਰਿ ਹਰਿ ਹਰਿ ਹਰਿ ਹਰਿ
ਕਹਾਂ ਤਾਂ ਗਯੇ ਨਿਸਤਰਿ ਤਰਿ।।ਟੇਕ ।।

ਹਰਿ ਕੈ ਨਾਇ ਕਬੀਰ ਉਜਾਗਰ ਜਨਮ ਮਰਨ ਕੇ ਬੇਕੇ ਕਾਗਰ।।1।।
ਨਿਮਤਿ ਨਾਮਦੇ ਘਰਿ ਮੈ ਪਾਯੋ, ਬਹੁਰਿ ਨ ਜੋਨਿ ਸੰਕੁਟਿ ਆਯੋ।।2।।
ਜਨ ਰੈਦਾਸ ਰਾਮ ਰੰਗਿ ਰਾਤਾ, ਹਰਿ ਪ੍ਰਸਾਦ ਨਰਕਿ ਨਹੀਂ ਆਤਾ।।3।।
ਸੁਨਿ ਸਾਖਿ ਅਮਰ ਪਦ ਜੀਜੈ, ਪਖਿ ਪ੍ਰਹਲਾਦ ਪਿਰਮ ਸਬ ਰੰਜੈ।।4।।
ਮਨ ਪ੍ਰਤੀਤਿ ਪ੍ਰੇਮ ਲਯੋ, ਲਾਗੀ ਰਇ ਹਰਦਾਸ ਰਸਨ ਅਨਰਾਗੀ।।5।।[74]

## ਸਵਾਮੀ ਦੂਜਨ ਦਾਸ ਜੀ

ਇਹ ਸੰਤ ਕਵੀ ਸੰਤ ਦਾਦੂ ਦਯਾਲ ਜੀ ਦੇ ਪ੍ਰਮੁੱਖ 52 ਸ਼ਿਸ਼ਾਂ ਵਿਚ ਗਿਣੇ ਜਾਂਦੇ ਹਨ। ਆਪਦੇ ਲਿਖੇ ਤਿੰਨ ਲਘੂ ਗ੍ਰੰਥ-ਵਾਵਨੀ, ਪੰਦ੍ਰਹ ਤਿਥੀ ਅਤੇ ਉਪਦੇਸ਼ ਚਿੰਤਾਮਣੀ ਮਿਲਦੇ ਹਨ।

ਅਸਰਨ ਸਰਨ ਕੀ ਬਲਿ ਜਾਊਂ, ਜਾ ਕੋ ਸੰਤ ਸੁਮਿਰੇ ਨਾਉਂ।।ਟੇਕ।।
ਉਨਮਾਨਿ ਅਪਨੇ ਸਬੈ ਸੋਯੇ, ਬਹੁਤ ਭਾਤ ਕਬੀਰ।
ਜਨ ਪੀਪਾ ਰੈਦਾਸ ਸੇਝੇ, ਪੀਵੈ ਹਰਿ ਜਨ ਨੀਰ।।5।।[75]

ਭਗਤ ਰਵਿਦਾਸ ਬਾਰੇ ਆਪ ਲਿਖਦੇ ਹਨ ਕਿ ਸੰਤ ਪੀਪਾ ਜੀ, ਸੰਤ ਰਵਿਦਾਸ ਜੀ, ਸੰਤ ਸੇਝਾਦਾਸ ਜੀ ਨੇ ਹਮੇਸ਼ਾ ਹਰਿ ਰੂਪੀ ਸਰੋਵਰ ਦਾ ਪਵਿੱਤਰ ਜਲ ਸੇਵਨ ਕੀਤਾ।

## ਸੰਤ ਜਗਨ ਨਾਥ ਦਾਦੂ ਪੰਥੀ

ਸੰਤ ਸ਼੍ਰੀ ਦਾਦੂ ਦਿਆਲ ਜੀ ਦੇ ਜਿਨ੍ਹਾਂ 52 ਸ਼ਿਸ਼ਾਂ ਦਾ ਜਸਗਾਨ ਉਨ੍ਹਾਂ ਦੇ ਸ਼ਿਸ਼ ਸੰਤ ਰਾਘੋਦਾਸ ਨੇ ਆਪਣੀ ਭਗਤਮਾਲ ਵਿਚ ਕੀਤਾ ਹੈ, ਉਨ੍ਹਾਂ ਵਿਚ ਸੰਤ ਜਗਨ ਨਾਥ ਦਾ ਨਾਂ ਵੀ ਸ਼ਾਮਿਲ ਹੈ।

ਆਰਤੀ ਕਰਿ ਅਲਖ ਪਿਛਾਣੈ, ਆਪ ਨਿਰੰਜਨ ਆਪਹਿ ਜਾਣੈਂ।।1।।
ਨਾਰਦ ਸੁਖ ਸਨਕਾਦਿਕ ਸੇਸਾ, ਚਰਚਾ ਚਿਤਵਨਿ ਨਿਜ ਉਪਦੇਸਾ।।2।।
ਰਾਮ ਰਾਮ ਪ੍ਰਹਿਲਾਦ ਬਖਾਨੈ, ਬਿਪਰ ਕਹੈ ਸੋ ਸੇਕ ਨ ਮਨੈ।।3।।

ਬਾਲਕ ਰੂਪ ਬ੍ਰਹਮ ਰਸ ਭੀਨਾ, ਧਰਯੋ ਧਯਾਨ ਧਰੂ ਨਿਹਚਲ ਕੀਨਾ।।4।।
ਨਾਮਦੇਵ ਜੈ ਦੇਵ ਰੁ ਰੰਕਾ, ਭਜ ਭਗਵਾਨ ਤਜੀ ਜਗ ਸੰਕਾ।।5।।
ਜਨ ਕਬੀਰਦਾਸ ਰੈਦਾਸਾ ਭਜਨਿ ਪ੍ਰਤਾਪ ਕਾਟਿ ਭ੍ਰਮ ਪਾਸਾ।।6।।
ਪੀਪਾ ਪਰਸ ਸੋਮ ਅਰੁ ਸੇਝਾ, ਨਾਟਿ ਲਾਗਿ ਡਾਰਯਾ ਸਿਰ ਬੋਝਾ।।7।।
ਸੈਨ ਧਨਾ ਨਾਨਿਕ ਨਿਰਵਾਨਾ ਪ੍ਰੇਮ ਭਗਤਿ ਕਰਿ ਔਰ ਨ ਜਾਨਾ।।8।।[76]

ਭਗਤ ਰਵਿਦਾਸ ਬਾਰੇ ਆਪ ਲਿਖਦੇ ਹਨ ਕਿ ਸੰਤ ਕਬੀਰ ਦਾਸ ਤੇ ਸੰਤ ਰਵਿਦਾਸ ਨੇ ਭਜਨ ਦੇ ਪ੍ਰਤਾਪ ਨਾਲ ਹਰ ਕਿਸਮ ਦੇ ਭਰਮ ਦਾ ਫੰਧਾ ਕੱਟ ਸੁੱਟਿਆ।

## ਸੰਤ ਗਰੀਬ ਦਾਸ ਦਾਦੂ ਪੰਥੀ

ਸੰਤ ਦਾਦੂ ਦਿਆਲ ਜੀ ਦੇ ਸ਼ਿਸ਼ ਤੇ ਰਾਜਸਥਾਨ ਦੇ ਪੁੱਜੇ ਹੋਏ ਸੰਤ ਸਨ। ਇਨ੍ਹਾਂ ਨੇ ਵੀ ਕਾਫ਼ੀ ਬਾਣੀ ਦੀ ਰਚਨਾ ਕੀਤੀ। ਇਸ ਪਦ ਵਿਚ ਵਿਕਾਰਾਂ ਨੂੰ ਤਿਆਗਣ ਤੇ ਜ਼ੋਰ ਦੇ ਕੇ ਭਗਤ ਰਵਿਦਾਸ ਸਮੇਤ ਹੋਰ ਕਈ ਸੰਤਾਂ ਦਾ ਜ਼ਿਕਰ ਕੀਤਾ ਗਿਆ ਹੈ। ਜਿਹੜੇ ਅਜਿਹਾ ਕਰਨ ਕਰਕੇ ਅਮਰ ਹੋ ਗਏ:-

— ਸੰਤੋ ਐਸੋ ਬਿਰਖ ਹਮ ਪਾਯਾ।
ਊਪਰਿ ਸੀਚੇ ਹੋਇ ਡਹਡਹਾ, ਸਤਗੁਰ ਨਾਂਹਿ ਲਖਾਯਾ।।ਟੇਕ।।
ਪੋਖੈ ਮੂਲ ਨਾਮ ਹਵੈ ਤਰਵਰ, ਬਿਨ ਪੋਖੇ ਅਤਿ ਰਾਜੈ।।1।।
ਕਾਟੇ ਜੜ ਪਾਵਕ ਸੇ ਪੋਖੇ ਤੋ ਫਲ ਲਾਗੈ ਮੀਠਾ।
ਖਾਇ ਅਮਰ ਫਲ ਹੋਇ ਅਭੈਸੇ, ਗੁਰ ਕਾ ਸਬਦਾਂ ਚੀਠਾ।।2।।
ਸ਼ਿਵ ਸੁਖਦੇਵ ਸੇਸ ਧ੍ਰੂ ਗੋਰਖ, ਨਾਮ ਕਬੀਰ ਰੈਦਾਸਾ।
ਗਰੀਬਦਾਸ ਜੇ ਤਰਵਰ ਪੋਖੈ, ਤੋ ਆਵਾਗਵਨ ਦੁਖ ਨਾਸਾ।।3।।7।।[77]

— ਜਲੰਧ੍ਰੀ ਭਰਥਰੀ ਗੋਪੀਚੰਦਾ, ਮਿਲੈ ਨਿਰੰਜਨ ਕਰੈ ਅਨੰਦਾ।।4।।
ਰਾਮਾਨੰਦ ਕਬੀਰਾ ਦਾਦੂ, ਸਕਲ ਸਿਰੋਮਣਿ ਜਪੈ ਅਗਾਧੂ।।5।।
ਨਾਮਦੇਵ ਰੈਦਾਸਰ ਆਦੂ, ਕਰੈਂ ਬੰਦਗੀ ਸਬ ਹੀ ਸਾਧੂ।।6।।[78]

ਸੰਤ ਗਰੀਬ ਦਾਸ ਜੀ ਭਗਤ ਰਵਿਦਾਸ ਦੀ ਪ੍ਰਭੂ ਭਗਤੀ ਦਾ ਗੁਣ ਗਾਇਨ ਕਰ ਰਹੇ ਹਨ। ਉਹ ਅੱਗੇ ਲਿਖਦੇ ਹਨ:-

ਅਲਖ ਨਿਰੰਜਨ ਕਲਪਾ ਨਾ ਜਾਣੀ, ਤਹਾਂ ਕਬੀਰ ਜੀ ਰਹਯਾ ਸਮਾਣੀ।।2।।
ਪਰਮ ਸਨੇਹੀ ਪ੍ਰਾਣ ਨਿਵਾਸ, ਸਨਮੁਖ ਨਾਵੇ ਜਨ ਰੈਦਾਸ।।3।।[79]

## ਸਵਾਮੀ ਮਸਕੀਨ ਦਾਸ ਜੀ

ਆਪ ਸੰਤ ਗਰੀਬ ਦਾਸ ਦੇ ਛੋਟੇ ਭਾਈ ਤੇ ਦਾਦੂ ਪੰਥੀ ਦੀ ਨਰਾਵੇ ਵਾਲੀ ਮੁੱਖ ਗੱਦੀ ਦੇ ਸੰਮਤ 1683–1705 ਤੱਕ ਗੱਦੀਦਾਰ ਰਹੇ।[80] ਆਪ ਜੀ ਨੇ ਆਪਣੇ ਪਦਾਂ ਵਿਚ ਉਨ੍ਹਾਂ ਸੰਤਾਂ ਭਗਤਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਪ੍ਰਭੂ ਦੀ ਮਹਿਮਾ ਗਾਉਣ ਸਦਕੇ ਹੀ ਪ੍ਰਭੂ ਦੇ ਚਰਨਾਂ ਵਿਚ ਜਾ ਬਿਰਾਜੇ:-

ਜੇਤੇ ਸਾਧੂ ਹੂਏ ਤੇ ਗਾਵੇਂ ਨਾਮਾ ਅਰੁ ਰੈਦਾਸ ।
ਕਬੀਰ ਗੋਰਖ ਦਾਦੂ ਦਾਸ, ਰਹੇਂ ਸਾਈਂ ਪਾਸ।।[81]

## ਸੰਤ ਕਵੀ ਬਖਨਾ ਜੀ

ਆਪ ਵੀ ਸੰਤ ਦਾਦੂ ਦਿਆਲ ਦੇ ਪ੍ਰਮੁੱਖ ਸ਼ਿਸ਼ਾਂ ਵਿਚੋਂ ਇਕ ਸਨ। ਆਪ ਦੀ ਭਾਸ਼ਾ ਵਿਚ ਠੇਠ ਪੰਡੂ ਮਾਰਵਾੜੀ ਦਾ ਬਹੁਤ ਸਰਲਤਾ ਹੈ।[82] ਇਸ ਸੰਤ ਕਵੀ ਨੇ ਨਾਮ ਦੀ ਮਹਿਮਾ ਦੀ ਵਡਿਆਈ ਦੱਸਦਿਆਂ ਭਗਤ ਰਵਿਦਾਸ ਦੀ ਪ੍ਰਭੂ ਭਗਤੀ ਦਾ ਜਸਗਾਇਨ ਕੀਤਾ ਹੈ:-

ਰਾਗ ਸੀਧੂੜੋ:

ਘਟ ਨਾਮੀ ਤਣੈ ਮਾਰਗ ਮਾਨਤਾਂ, ਵਿਰਲੈ ਜਨ ਕੋਈ ਪਾਰ ਰਹਹੀ।
ਸੂਰਾ ਜਾਹਿ ਕਾਇਰੈ ਦਾਸਰ, ਪਖਾਂ ਦਹੂੰ ਵਿਚ ਬਾਢ ਵਹੈ।।ਟੇਕ।।
ਹਿੰਦੂ ਤੁਰਕ ਦੇ ਦਊਦਲ ਝੂੰਵਯਾ, ਵਾਣੀ ਵਚਨ ਨ ਵੀਸਰਿਯੋ।।1।।
ਨੜਤੇ ਭਿੜਤੇ ਸੂਰਾ ਤਨ ਕਰਤੇ, ਨਾਸੈ ਦੇਵੇ ਮਾਰਗ ਨੀਸਰਿਯੋ।।1।।
ਵੇਦ ਕੁਰਾਣਾ ਮੁਸਲਮਾਣਾ, ਦਿਨ ਮੈਂ ਅਚਰਜ ਦੇਹ ਭਯੋ ।
ਦਹੂੰਦਲਾਂ ਨੈਂ ਨੇਹ ਲਗਾਯੋ ਏਵੇਂ ਪੰਥ ਕਬੀਰ ਗਯੋ।।2।।
ਸੋਝੋ ਸੈਨ ਪੀਪੇਂ ਪਾਖਰਿਯੋ, ਜਨ ਰੈਦਾਸ ਨਿਖੇੜੀ ਖਿੜੀ।
ਵੈ ਅਵਿਨਾਸੀ ਨਗਰ ਪਹੁੰਤਾ, ਵੀਜੋ ਪਰਜਾ ਭੂਲ ਪੜੀ।।3।।

ਗੋਰਖ ਹਣੂੰ ਭਰਥਰੀ ਸੁਖਦੇਵ, ਕਰਤਾ ਆਖ਼ਾ ਤਿਮੈ ਕਿਯੋ।
'ਬਖਨਾ' ਦੇਸ ਕਿਸੇ ਦਾਦੂ ਨੈਂ, ਪੰਥ ਪੁਰਾਤਨ ਸੋਧ ਲਿਯੋ।।[83]

ਸੰਤ ਕਵੀ ਬਖਨਾ ਜੀ ਆਖਦੇ ਹਨ ਕਿ ਭਗਤ ਰਵਿਦਾਸ ਨੇ ਵੀ ਦੂਜੇ ਸੰਤਾਂ ਵਾਂਗ ਹੀ ਸੰਸਾਰੀ ਧਰਮ ਆਚਾਰ ਦੀ ਬੱਝਵੀਂ ਰੀਤ ਛੱਡ ਕੇ ਛੂਤ ਛਾਤ, ਪੂਜਾ ਪਾਠ, ਖਾਣ ਪੀਣ ਦਾ ਉਲੇਖ ਨ ਕਰਕੇ ਵੀ ਪ੍ਰਭੂ ਦੇ ਅਸਲ ਸਰੂਪ ਦੀ ਪ੍ਰਾਪਤੀ ਕਰ ਲਈ। ਪਰਮਾਤਮਾ ਆਪਣੇ ਭਗਤਾਂ ਦੀ ਆਸ ਪੂਰੀ ਕਰਦਾ ਹੈ:-

ਜਾ ਕੈ ਨਾਮ ਸੈਨ ਕਬੀਰਾ, ਪੀਪਾ ਧਨਾਂ ਅਹੀਰਾ।
ਸੂਰਦਾਸ, ਰੈਦਾਸਾ, ਸਗਲਾਂ ਕੀ ਪੂਰੈ ਆਸਾ।।4।।[84]

ਭਗਤਾਂ ਤੇ ਮੌਕੇ ਦੇ ਹਾਕਮਾਂ ਵੱਲੋਂ ਕੀਤੇ ਜ਼ੁਲਮਾਂ ਦਾ ਵਰਨਣ ਕਰਦਿਆਂ ਬਖਨਾ ਜੀ ਲਿਖਦੇ ਹਨ:-

ਸਿਹਿ ਸਬਲ ਭਰੋਸਾ ਰਾਮ ਕਾ
ਪਰਚਾ ਸੂੰ ਸੇਵਿਯੇ ਪਰਮੇਸਰ, ਆਨ ਧਰਮ ਕਿਸ ਕਾਮ ਕਾ।।ਟੇਕ।।
ਨਾਮਾ ਪੁਰ ਸੁਲਤਾਨੀ ਕੋਪੇ, ਜੇ ਗਯੇ ਮਾਡੂ ਮੀਰ ਕਾ।
ਮੂਈ ਗਾਇ ਜਿਵਾਈ ਕੈਸੇ ਬੜਾ ਮਤਾ ਵੈ ਵੀਰ ਕਾ ।।1।।
ਕਾਸ਼ੀ ਮਾਂਹਿ ਸਿਕੰਦਰ ਤਮਕਯੋ, ਗਲ ਮੈਂ ਡਾਰਿ ਜੰਜੀਰ ਕਾ।
ਜਿਨ ਕੈ ਆਇ ਮਿਲੇ ਪਰਮੇਸੁਰ, ਬੰਧਨ ਕਾਟਿ ਕਬੀਰ ਕਾ।।2।।
ਪੰਡਿਤ ਕੋਪ ਸਵੈ ਖੜਿ ਆਯੇ, ਠਾਕੁਰ ਲਿਯੋ ਰੈਦਾਸ ਕਾ।
ਫਿਰਿ ਕਰਿ ਕੈ ਰੈਦ ਪਧਾਰੇ, ਪੰਡਿਤ ਗਯੇ ਨਿਰਾਸ ਕਾ।।3।।[85]

ਬਖਨਾ ਜੀ ਆਖਦੇ ਹਨ ਕਿ ਦੁਨੀਆਂ ਭਾਵੇਂ ਕਿੰਨੇ ਹੀ ਜ਼ੁਲਮ ਕਰੇ ਪਰੰਤੂ ਪ੍ਰਭੂ ਆਪਣੇ ਭਗਤਾਂ ਦੀ ਸਹਾਇਤਾ ਲਈ ਆਪ ਖ਼ੁਦ ਬਹੁੜਦਾ ਹੈ। ਅਗਲੇ ਪਦ ਵਿੱਚ ਸੰਤ ਬਖਨਾ ਜੀ ਗ੍ਰਿਹਸਥ ਧਰਮ ਤੇ ਜ਼ੋਰ ਦਿੰਦਿਆਂ ਕਈ ਭਗਤਾਂ ਦੀ ਮਿਸਾਲ ਦਿੰਦੇ ਹਨ ਜਿਨ੍ਹਾਂ ਵਿਚ ਭਗਤ ਰਵਿਦਾਸ ਦਾ ਨਾਂ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਘਰ ਬੈਠਿਆਂ ਹੀ ਤਰ ਗਏ:-

ਕਾਯੇ ਡਰਛੈ ਰੇ ਘਰਵਾਰ ਕੇ, ਜਯਾਂਹ ਕੈ ਹਿਰਦੈ ਹਰਿ ਰੈ ਸਿਮਰਣ।
ਨਾ ਡਰ ਨਾਹੀ ਲਗਾਰ ਕੇ ।।ਟੇਕ ।।

ਕਾਂਯੇ ਘਰ ਕਾਂਯੇ ਵਨ ਮਾਹੈ, ਯਹੂ ਛੈ ਕਾਮ ਵਿਚਾਰ ਕੋ।।
ਵੈਰਾਗ ਲਿਯਾਂ ਕੀ ਕੌਣ ਬੜਾਈ, ਜੇ ਭਾਰ ਵਹੈ ਸੰਸਾਰ ਕੋ ।।1।।
ਤਨ ਬੈਰਾਗੀ ਮਨ ਘਰਬਾਰੀ, ਦੀਠੇ ਗਿਆਨ ਗੰਵਾਰ ਕੇ ।।
ਬੋੜੀ ਛੋੜ ਘਣੇਰੀ ਲਾਗੇ, ਪਸਾਰ ਸੌ ਵਾਰ ਕੋ।।2।।
ਚਰਣ ਚਿਤਾਰੈ ਹਿਰਦੈ ਧਾਰੇ, ਗੁਰ ਗਗਿ ਗਿਆਨ ਅਪਾਰ ਕੋ।।
ਤਿਹਿ ਨੈਂ ਕਰਮਨ ਲਾਗੈ ਕੋਈ, ਵੈ ਸਾਹਿਬ ਕਾ ਦਰਵਾਰ ਕੋ।।3।।
ਸੂਤੁਾ ਪਢਾਵਤ ਗਨਿਕਾ ਤਾਰੀ, ਜਿਹਿ ਕੈ ਵਣਜ ਵਿਕਾਰ ਕੋ।
ਅਜਾਮੇਲ ਸੇ ਅਧਮ ਉਧਾਰੇ, ਜਿਹਿ ਨਾਮ ਲਿਯੋ ਕਰਤਾਰ ਕੋ।।4।।
ਘਰ ਮੈਂ ਹੀ ਤੈਂ ਨਾਮ ਕਬੀਰਾ, ਅਰੁ ਰੈਦਾਸ ਚਮਾਰ ਕੋ ।
ਘਰ ਮਾਹੈ ਹਰਿ ਕੇ ਗੁਣ ਗਾਵੈ, ਬਖਨਾ ਸਿਰਜਨਹਾਰ ਕੋ।।5।।[86]

ਪ੍ਰਭੂ ਦੇ ਨਾਮ ਨਾਲ ਵਿਚਾਰੀ ਗਨਿਕਾ ਤੇ ਅਜਾਮਲ ਵਰਗੇ ਨੀਚ ਵੀ ਤਰ ਗਏ।

## ਸੰਤ ਸੁੰਦਰਦਾਸ ਜੀ (ਛੋਟੇ)

ਆਪ ਦਾਦੂ ਦਯਾਲ ਜੀ ਦੇ ਪਰਮ ਸ਼ਿਸ਼ ਫਾਰਸੀ, ਸੰਸਕ੍ਰਿਤ, ਹਿੰਦੀ, ਗੁਜਰਾਤੀ ਤੇ ਮਾਰਵਾੜੀ ਆਦਿ ਬਹੁਤ ਸਾਰੀਆਂ ਭਾਸ਼ਾਵਾਂ ਦੇ ਜਾਣਕਾਰ ਸਨ।[87]

ਸੰਤ ਰਵਿਦਾਸ ਬਾਰੇ ਆਪ ਕਹਿੰਦੇ ਹਨ ਕਿ ਉਨ੍ਹਾਂ ਨੇ ਇਕ ਸੂਰਬੀਰ ਵਾਲਾ ਸਰੀਰ ਸਾਧ ਕੇ ਬ੍ਰਾਹਮਣਾਂ ਨੂੰ ਉਹ ਮਾਰ ਮਚਾਈ ਕਿ ਰਹਿੰਦੀ ਦੁਨੀਆਂ ਤੱਕ ਯਾਦ ਰੱਖੇਗੀ: —

ਜਨ ਰਵਿਦਾਸ ਸਾਧਿ ਸੂਰਾ ਤਨ
ਬਿਪ੍ਰਨ ਮਾਰ ਮਚਾਈ ਰੇ।

ਇਨ੍ਹਾਂ ਦੇ ਸਤਰਾਂ ਵਿਚ ਹੀ ਆਪ ਨੇ ਭਗਤ ਰਵਿਦਾਸ ਬਾਰੇ ਬਹੁਤ ਕੁਝ ਕਹਿ ਦਿੱਤਾ ਹੈ। ਸੰਤ ਰਵਿਦਾਸ ਦੀ ਗਿਣਤੀ ਆਪ ਭਾਰਤ ਦੀ ਗੁਰੂ ਪਰੰਪਰਾ ਵਿਚ ਹੋ ਚੁੱਕੇ ਮਹੱਤਵ-ਪੂਰਨ ਨਾਵਾਂ ਵਿਚ ਕਰਦੇ ਹਨ:

ਮਹਾਦੇਵ ਵਾਮਦੇਵ ਰਿਸ਼ਤ ਕਪਿਲਦੇਵ, ਵਯਾਸ ਸ਼ੁਕਦੇਵ ਜਯਦੇਵ ਨਾਮਦੇਵਜੂ।
ਰਾਮਾਨੰਦ ਸੁਖਾਨੰਦ ਕਹਿਯੇ ਅਨੰਤਾਨੰਦ ,

ਸੁਰਸੁਰਾਨੰਦ ਹੂੰ ਕੇ ਆਨੰਦ ਅਛੇਵ ਜੂ ।
ਰੈਦਾਸ ਕਬੀਰਦਾਸ ਪੋਹਾਦਾਸ ਪੀਪਾਦਾਸ,
ਦਾਸਹੂ ਕੇ ਦਾਸ ਭਾਵ ਭਾਵ ਹੂ ਕੀ ਟੇਵ ਜੂ ।
ਸੁੰਦਰ ਕਹਤ ਸੰਤ ਪ੍ਰਗਟ ਜਗਤ ਮਾਹਿ,
ਜੈਸੇ ਗੁਰੂ ਦਾਦੂ ਦਾਸ ਲਾਗੈ ਹਰਿ ਸੇਵਜੂ ।[88]

ਸੰਤ ਬਾਲਕ ਰਾਮ

ਆਪ ਸੰਤ ਸੁੰਦਰ ਦਾਸ ਜੀ ਦੇ ਸ਼ਿਸ਼ ਸਨ। ਆਪ ਲਿਖਦੇ ਹਨ ਕਿ ਭਗਤ ਰਵਿਦਾਸ ਪੂਰੀ ਤਰ੍ਹਾਂ ਪਰਮਾਤਮਾ ਦੇ ਰੰਗ ਵਿਚ ਰੰਗੇ ਹੋਏ ਸਨ :–

ਰੈਦਾਸ ਭਵਨ ਦਾਦੂ ਪਰਸ ਨਾਨਕ ਕਾਨ੍ਹਾਂ ਬ੍ਰਹਮ ਰਤ।
ਜੈ ਦੇਵ ਤਿਲੋਚਨ ਸਬਨਿ ਕੇ ਸੁ ਬਾਲਕ ਰਾਮ ਵੰਦਨ ਕਰਤ।।34।।[89]

ਸੰਤ ਬਾਲਕ ਰਾਮ ਜੀ ਆਖਦੇ ਹਨ ਕਿ ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਇਨ੍ਹਾਂ ਸਭ ਸੰਤਾਂ ਨੂੰ ਉਹ ਨਮਸ਼ਕਾਰ ਕਰਦੇ ਹਨ।

ਸ੍ਰੀ ਨਰਾਇਣ ਦਾਸ ਨਾਭਾ ਸੁਆਮੀ

ਮੱਧਕਾਲ ਦੇ ਮਹਾਨ ਵੈਸ਼ਣਵ ਸੰਤ ਸ੍ਰੀ ਨਰਾਇਣ ਦਾਸ ਜੀ ਨੇ ਛੇ ਪੰਕਤੀਆਂ ਵਿਚ ਹੀ ਭਗਤ ਰਵਿਦਾਸ ਦੀ ਵਾਣੀ, ਜੀਵਨ ਅਤੇ ਸ਼ਖਸੀਅਤ ਦੀ ਖੁਲ੍ਹੇ ਦਿਲ ਨਾਲ ਪ੍ਰਸੰਸਾ ਕੀਤੀ ਹੈ:–

ਸੰਦੇਹ ਗ੍ਰੰਥਿ ਖੰਡਨ ਨਿਪੁਨ, ਬਾਨਿ ਬਿਮਲ ਰੈਦਾਸ ਕੀ।
ਸਦਾਚਾਰ ਸ਼ੁਤਿ ਸਾਸਤ੍ਰ, ਬਚਨ ਅਬਿਰੁੱਧ ਉਚਾਰਯੋ।
ਨੀਰ ਖੀਰ ਬਿਬਰਨ ਪਰਮਹੰਸਨਿ ਉਰ ਧਾਰਯੋ।।
ਭਗਵਤ ਕ੍ਰਿਪਾ ਪ੍ਰਸਾਦ ਪਰਮਗਤਿ ਇਹਿ ਤਨ ਪਾਈ।
ਰਾਜ ਸਿੰਘਾਸਨਿ ਬੈਠਿ ਗਯਾਤਿ ਪਰਤੀਤਿ ਦਿਖਾਈ ।
ਵਰਣਾਸ਼੍ਰਮ ਅਭਿਮਾਨ ਤਜ, ਪਦ ਰਜ ਬੰਦਹਿ ਜਾਸੁ ਕੀ।
ਸੰਦੇਹ ਗ੍ਰੰਥ ਖੰਡਨ ਨਿਪੁਨ, ਬਾਨਿ ਬਿਮਲ ਰੈਦਾਸ ਕੀ।[90]

ਆਪ ਜੀ ਲਿਖਦੇ ਹਨ ਕਿ ਭਗਤ ਰਵਿਦਾਸ ਦੀ ਬਾਣੀ ਸ਼ੰਕਿਆਂ ਤੇ ਸੰਸਿਆਂ ਦੀਆਂ ਗੰਢਾਂ ਖੋਲ੍ਹਣ ਵਿਚ ਨਿਪੁੰਨ ਹੈ। ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੰਦੀ ਹੈ।

## ਸੰਤ ਰਾਘੋਦਾਸ

ਸੰਤ ਰਾਘੋਦਾਸ ਜੀ ਸੰਤ ਦਾਦੂ ਜੀ ਦੇ ਸ਼ਿਸ਼ ਸਨ। ਆਪ ਦੀ ਰਚੀ 'ਭਗਤ ਮਾਲ' ਸੰਮਤ 1777 ਵਿਚ ਪੂਰੀ ਹੋਈ ਜੋ ਕਿ ਇਕ ਮਹੱਤਵਪੂਰਨ ਰਚਨਾ ਹੈ। ਸੰਤ ਰਵਿਦਾਸ ਜੀ ਬਾਰੇ ਆਪ ਆਖਦੇ ਹਨ ਕਿ ਪਰਮਾਤਮਾ ਹਮੇਸ਼ਾ ਉਨ੍ਹਾਂ ਦੀ ਲਾਜ ਰੱਖਦਾ ਰਿਹਾ ਹੈ ਤੇ ਸੰਤ ਰਵਿਦਾਸ ਜੀ ਕਾਸ਼ੀ ਵਿਚ ਰਹਿੰਦੇ ਹੋਏ ਲੋਕਾਂ ਵਿਚ ਪ੍ਰਸਿੱਧ ਹੋ ਗਏ ।

ਦਾਸ ਰੈਦਾਸ ਜੀ ਪੈਜ ਰਹੀ ਨਿਬਹੀ, ਸਰਬ ਲੋਕ ਸਿਰੈ ਮਧਿ ਕਾਸੀ।
ਬਿਪ੍ਰਨ ਬਾਦ ਕਿਯੋ ਯਹ ਜਾਨਿਕੈ, ਸੂਦ੍ਰ ਕਯੂੰ ਸਾਲਿਗਰਾਮ ਉਪਾਸੀ।
ਟੇਕ ਯਹੈ ਬਟਵਾ ਬਿਚਿ ਰਾਖਹੁ, ਜਾਹਿ ਕੇ ਪ੍ਰੀਤ ਹੈ ਤਾਹਿਕ ਆਸੀ।
ਰਾਘੋ ਕਹੈ ਮਧੋ ਦਾਸ ਰਯਦਾਸ ਪੈ,
ਪ੍ਰੀਤਿ ਖੁਸ਼ੀ ਹਰਿ ਜਾਤਿ ਨ ਜਾਸੀ ।। 32।।[91]

ਸੰਤ ਰਵਿਦਾਸ ਦੀ ਪ੍ਰਭੂ ਭਗਤੀ ਵਰਨਣ ਕਰਦਿਆਂ ਉਹ ਲਿਖਦੇ ਹਨ ਕਿ ਉਹ ਕਦੀ ਵੀ ਪਰਮਾਤਮਾ ਨੂੰ ਨਹੀਂ ਭੁੱਲੇ:-

ਇਕ੍ਰ ਰਾਮਾ ਨੰਦ ਪ੍ਰਤਾਪ ਤੈਂ, ਇਤਨੇ ਦਿਗੇ ਦਵਾਦਸ ਮਹੰਤ।।ਟੇਕ।।
ਅਨੰਤਾਨੰਦ, ਕਬੀਰ, ਸੁਖਾਨੰਦ ਸੁਖ ਮੈਂ ਝੂਲੇ।
ਸੁਮਰਿ ਸੁਰਸੁਰਾਨੰਦ, ਰਾਮ ਰੈਦਾਸ ਨ ਭੂਲੇ।
ਧਨਾ ਸੇਨ ਪਦਮਾਵਤਿ, ਪੀਪਾ ਪੁਨਿ ਨਰਹਰਿ-ਦਾਸਾ।
ਭਾਵਾਨੰਦ, ਸੁਰਸੁਰੀ, ਕੀਯੋ ਹਰਿ ਘਰ ਮੈਂ ਬਾਸਾ।[92]

ਉਹ ਮੰਨਦੇ ਹਨ ਕਿ ਇਨ੍ਹਾਂ ਭਗਤਾਂ ਦੀ ਵਡਿਆਈ ਸਵਾਮੀ ਰਾਮਾਨੰਦ ਦੇ ਪ੍ਰਤਾਪ ਕਰਕੇ ਹੋਈ ਹੈ।

## ਸੰਤ ਚਤੁਰਦਾਸ

ਆਪ ਰਾਘੋਦਾਸ ਕ੍ਰਿਤ ਭਕਤਮਾਲ ਦੇ ਟੀਕਾਕਾਰ ਹਨ। ਇਥੇ ਪੇਸ਼ ਪਦ

ਅਨੁਸਾਰ ਗੁਰੂ ਰਵਿਦਾਸ ਰਾਣੀ ਝਾਲੀ ਦੇ ਸੱਦੇ 'ਤੇ ਚਿਤੌੜ ਗਏ। ਉੱਥੇ ਉਨ੍ਹਾਂ ਨੇ ਬ੍ਰਾਹਮਣਾਂ ਨੂੰ ਆਪਣਾ ਕੰਧਾ ਚੀਰ ਕੇ ਜਨੇਊ ਦਿਖਾ ਦਿੱਤਾ :-

> ਰਾਢ ਚਿਤੌਰ ਹਿ ਭੂਪ ਤਿਯ ਸਿਖਿ, ਆਇ ਹੁਈ ਉਸ ਨਾਮ ਸੁ ਝਾਲੀ।
> ਸਾਥ ਲਈ ਦ੍ਵਿਜ ਦੇਖ ਉਠੇ ਦਾਝ, ਭੂਪਤਿ ਪੈਸ ਸਭਾ ਮਿਲਿ ਚਾਲੀ।
> ਭਾਂਤਿ ਉਹੀ ਪਰਿ ਹੈ ਬਿਚਿ ਠਾਕਰ, ਪਾਠ ਕਰੈ ਦ੍ਵਿਜ ਹੈ ਸਬ ਖਾਲੀ।
> ਗਾਵਤ ਹੈ ਪਦ ਹੋ ਅਘਮੋਚਨ, ਆਇ ਲਗੇ ਉਰ ਪ੍ਰੀਤਿਸੁ ਪਾਲੀ।23।।
> ਦੇਸ ਗਈ ਫਿਰ ਕਾਗਜ ਭੇਜਤ, ਆਇ ਦਯਾ ਕਰਿ ਪਾਵਨ ਕੀਜੈ।
> ਆਪ ਚਿਤੌਰ ਗਯੇ ਧਨ ਵਾਰਤ, ਬ੍ਰਾਹਮਨ ਆਵਤ ਪਾਹੂ ਜਿਮੀਜੈ।
> ਜੀਮਨ ਕੌਂ ਜੁ ਲਗੇ ਜਬਹਿ ਦ੍ਵਿਜ ਦੇਖਨ ਮੈਂ ਰਯਦਾਸ ਲਖੀਜੈ ।
> ਆਮੁਨਿ ਸਾਮੁਨਿ ਪੇਖਿ ਭਯੇ ਸਿਖ, ਕੀਟਿਰ ਕੰਧ ਜਨੇਊ ਦਿਖੀਜੈ।[93]

ਭਗਤ ਰਵਿਦਾਸ ਦੀ ਸਾਧੂ ਸੇਵਾ ਬਾਰੇ ਆਪ ਲਿਖਦੇ ਹਨ:-

> ਸਾਧਰਿ ਸੇਵ ਲਗੇ ਰਯਦਾਸ ਜੁ,ਮਾਤ-ਪਿਤਾ ਸ ਜੁਦਾ ਕਰਿ ਦੀਯਾ।
> ਸੰਪਤਿ ਛੂੰਵ ਦਿਯਾ ਨ ਹੁਤਾ ਬਹੁ ਯਾਹੁ ਤਿਯ ਪਤਿ ਨਾਂਵ ਨ ਲੀਯਾ।
> ਜੂਤਨਿ ਗਾਂਠਿ ਨਿਬਾਹ ਕਰੈ ਤਨ, ਔਰ ਉਪਾਨਤ ਸੰਤਨ ਕੀਯਾ ।
> ਸਾਲਗਰਾਮਹਿ ਛਾਨਿ ਛਵਾਵਤ, ਆਪ ਸਵਾਹਰਿ ਬਾਟਹਿ ਧੀਯਾ।1।[94]

## ਸੰਤ ਧਰੁਵਦਾਸ

ਮੱਧਕਾਲ ਦੇ ਕਈ ਪ੍ਰਸਿੱਧ ਸੰਤਾਂ ਬਾਰੇ ਉਹ ਦੱਸਦੇ ਹਨ ਕਿ ਆਪਣੀ ਭਗਤੀ ਨਾਲ ਉਨ੍ਹਾਂ ਨੇ ਪਰਮਾਤਮਾ ਨੂੰ ਆਪਣੇ ਵੱਸ ਵਿਚ ਕਰ ਲਿਆ:-

> ਰਾਮਾਨੰਦ ਅੰਗਦ ਸੋਭੂ ਹਰਿ ਵਿਆਸ ਅਰੁ ਛੀਤ ।
> ਏਕ ਏਕ ਕੇ ਨਾਮ ਤੇ ਸਭ ਜਗ ਹੋਇਆ ਪੁਨੀਤ ।
> ਜਿਨਿ ਜਿਨਿ ਭਕਤਿਨਿ ਪ੍ਰੀਤ ਕੋ, ਤਾ ਕੇ ਬਸ ਭਏ ਆਨਿ ।
> ਜਗਤ ਵਿਦਿਤ ਪੀਪਾ, ਧੰਨਾ ਅਰ ਰੈਦਾਸ ਕਬੀਰ ।
> ਮਹਾਂਧੀਰ ਦ੍ਰਿੜ ਏਕ ਰਸ, ਭਰੇ ਭਕਤਿ, ਗੰਭੀਰ।।[95]

ਚਾਰਣ ਬ੍ਰਹਮਦਾਸ

ਇਸ ਸੰਤ ਕਵੀ ਨੇ 6 ਭਗਤਮਾਲਾ ਰਚੀਆਂ ਜਿਨ੍ਹਾਂ ਦੇ ਸੰਪਾਦਕ ਚਾਰਣ ਕਵੀ ਉਦੈਰਾਜ ਅਨੁਸਾਰ ਆਪ ਦਾਦੂ ਪੰਥੀ ਸਨ। ਪ੍ਰਸਤੁਤ ਦੋਹਾ ਪੰਜਵੀਂ ਭਗਤ ਮਾਲ ਵਿਚੋਂ ਹੈ।[97]

ਕਿਤਨੇਈ ਪਰਗਟ ਕੀਏ ਪਰਚੇ ਤੇ ਪਿਆਰ ।
ਦੇ ਸਿਹਰਾਂ ਰੈਦਾਸ ਕੂੰ, ਤੈਂ ਸੰਕਟ ਟਾਰੇ।।[98]

ਇਸ ਦੋਹੇ ਅਨੁਸਾਰ ਭਗਵਾਨ ਨੇ ਭਗਤ ਰਵਿਦਾਸ ਨੂੰ ਸਿਹਰਾਂ ਦੇ ਕੇ ਉਨ੍ਹਾਂ ਦੀ ਮੁਸ਼ਕਲ ਹੱਲ ਕੀਤੀ ।

ਰਮਤਾ ਰਾਮ ਚਤੁਰਭੁਜ ਸਵਾਮੀ

ਸੰਤ ਚਤਰਭੁਜ ਜੀ ਸੰਤ ਦਾਦੂ ਜੀ ਦੇ ਸਮਕਾਲੀ ਸਨ ਇਸਦੀ ਪ੍ਰੋੜਤਾ ਉਨ੍ਹਾਂ ਦਾ ਇਹ ਦੋਹਾ ਕਰ ਦਿੰਦਾ ਹੈ ਜਿਸ ਵਿਚ ਉਹ ਆਪਣੇ ਆਪ ਨੂੰ ਮਹਾਤਮਾ ਕਬੀਰ ਦੇ ਸੰਤ ਰੈਦਾਸ ਦੀ ਧਾਰਾ ਦਾ ਮੰਨਦੇ ਹਨ:-

ਚਤੁਰਭੁਜ ਮੇਰੇ ਦੇਸ ਕੇ, ਨਾਮ ਕਬੀਰਾ ਦੋਇ ।
ਕੇ ਦਾਦੂ ਰੈਦਾਸ ਹੈ, ਇਸ ਸਮ ਔਰ ਨ ਕੋਇ ।
ਚਤੁਰਭੁਜ ਵਾਂਕੇ ਦੇਸ ਕੇ, ਗੋਰਖ ਗਏ ਕਬੀਰ,
ਅਸਹਮ ਜਯਾਰਤਿ ਕੋ ਚਲੇ, ਜਹਾਂ ਨਿਰੰਜਨ ਪੀਰ।[98]

ਸੰਤ ਚਤੁਰਭੁਜ ਦਾਸ ਜੀ

ਦੇਵੀ ਦੇਵਤਿਆਂ ਸਮੇਤ ਸਾਰੇ ਹੀ ਸੰਤ ਮਹਾਤਮਾ ਤੇਰੀ ਜਸਕੀਰਤ ਗਾ ਰਹੇ ਹਨ। ਹੇ ਪਰਮਾਤਮਾ! ਸੰਤ ਚੁਤੁਰਭੁਜ ਜੀ ਆਖਦੇ ਹਨ ਕਿ ਉਨ੍ਹਾਂ ਨੂੰ ਵੀ ਦਰਸ਼ਨ ਦੇ ।

ਜੈ ਜੈ ਹੋ ਦੀਨ ਦਯਾਲ ਰਾਮ, ਤੁਮ੍ਹਾਰੀ ਆਰਤੀ ਬਨੀ ।
ਬ੍ਰਹਮਾ ਬਿਸ਼ਨ ਮਹੇਸਰ ਦੇਵਾ, ਸਿਰ ਨਾਯੇ ਠਾਢੇ ਕਰੈਂ ਤੁਮ੍ਹਾਰੀ ਸੇਵਾ।ਟੇਰ

- - - - - - - - - - - - - - - - - - - - - - - -

ਧ੍ਰੂ ਪ੍ਰਹਿਲਾਦ ਕਬੀਰ ਨਾਮਦੇਵ, ਦਾਦੂ ਗੋਰਖ ਨਾਥ ।

ਨਾਨਕ ਧਨਾ ਸੈਨ ਰੈਦਾਸਾ, ਪੀਪਾ ਜੈ ਦੇਵ ਸਾਥ।।3।।
ਅਗਮ ਅਗਾਧ ਅਤੈ ਅਬਿਨਾਸੀ, ਅਵਿਗਤ ਅਲਖ ਅਪਾਰ ।।
ਚਤੁਰਭੁਜ ਦਾਸ ਕਹੈ ਕਰ ਜੋਰੈ, ਅਬ ਕੈ ਦੇ ਦੀਦਾਰ।।4।।[99]

## ਸੰਤ ਹਰਿਦਾਸ ਜੀ

ਆਪ ਪਰਮ ਸੰਤ ਦਾਦੂ ਦਿਆਲ ਦੇ ਪ੍ਰਧਾਨ ਸ਼ਿਸ਼ ਸੰਤ ਪ੍ਰਾਗਦਾਸ ਦੇ ਸ਼ਿਸ਼ ਸਨ।[100] ਭਗਤ ਰਵਿਦਾਸ ਬਾਰੇ ਆਪ ਲਿਖਦੇ ਹਨ ਕਿ ਨੀਵੀ ਜਾਤ ਵਿਚ ਪੈਦਾ ਹੋ ਕੇ ਵੀ ਭਗਤੀ-ਭਾਵ ਦੇ ਖੇਤਰ ਵਿਚ ਬਹੁਤ ਉੱਚੇ ਹਨ:-

ਜਨ ਰਵਿਦਾਸ ਨੀਚ ਕੁਲ ਊਂਚਾ ਤਾਕੂੰ ਤੀਨ ਲੋਕ ਸਬ ਜਾਣੈ ਰੇ।
ਜਨ ਹਰੀਦਾਸ ਵੈ ਨਿਰਭੈ ਦੇਖਯਾ, ਤਾਂ ਤੇ ਉਲਟੀ ਤਾਣੈ ਰੇ।[101]

ਭਗਤ ਰਵਿਦਾਸ ਨੂੰ ਆਪ ਇਕ ਨਿਰਭੈ ਯੋਧਾ ਦੱਸਦੇ ਹਨ ।

## ਸੰਤ ਚੈਨ ਜੀ

ਸੰਤ ਚੈਨ ਜੀ ਦਾਦੂ ਦਿਆਲ ਦੇ ਪਰਮ-ਸ਼ਿਸ਼ ਮਹਾਤਮਾ ਜਨ ਗੋਪਾਲ ਜੀ ਦੇ ਸਤਿਕਾਰਤ ਸ਼ਿਸ਼ ਸਨ। ਸੰਤ ਚੈਨ ਜੀ ਨਾਮਦੇਵ ਤੇ ਕਬੀਰ ਦੀਆਂ ਮਿਸਾਲਾਂ ਦੇ ਕੇ ਦੱਸਦੇ ਹਨ ਕਿ ਕਿਵੇਂ ਵੇਲੇ ਦੇ ਹਾਕਮ ਇਨ੍ਹਾਂ ਸੰਤਾਂ ਦੇ ਵਿਰੁੱਧ ਰਹੇ। ਭਗਤ ਰਵਿਦਾਸ ਨੇ ਬ੍ਰਾਹਮਣਾਂ ਨੇ ਬਹੁਤ ਤੰਗ ਕੀਤਾ:-

ਜਨ ਰੈਦਾਸ ਬਿਪ੍ਰ ਮਿਲਿ ਘੇਰਯੋ, ਮਾਂਡਯੋ ਦਿਜਨਿਦਵਾਣ ।
ਤਬ ਨੈ ਗੁਣ ਨਿਕਾਰਿ ਸੁਰਸਰੀ ਫੇਰੀ, ਭਈ ਛਿਨ ਮੈਂ ਆਸਾਨ।8।।

ਇਥੇ ਸੰਕੇਤ ਗੰਗਾ ਵਿਚੋਂ ਰਾਣੀ ਨੂੰ ਹਾਰ ਕੱਢ ਕੇ ਦੇਣ ਵਾਲੀ ਸਾਖੀ ਵੱਲ ਹੈ। ਭਗਤ ਰਵਿਦਾਸ ਇਕ ਥਾਂ ਹੋਰ ਜ਼ਿਕਰ ਕੀਤਾ ਗਿਆ ਹੈ:-

ਰਾਮਾਨੰਦ ਕਬੀਰ ਅਰਪਿਯੋ ਪਰਸੂ, ਗਲਗਲਾ ਸੁਰਸਰਾ ਪਾਵੈ ਦਰਸੂ।
ਅੰਤ ਸੁੰਦਰ ਰੈਦਾਸ ਪਦਮਾਵਤੀ ਸੇਵਾ, ਸੁਰਸੁਰਾਨੰਦ ਸੁਰਸਰਿ ਰਹੇ ਜਯੋ ਲਾਈ।[103]

## ਸੰਤ ਜਨ ਗੋਪਾਲ

ਆਪ ਦਾਦੂ ਜੀ ਦੇ ਪ੍ਰਸਿੱਧ ਸ਼ਿਸ਼ਾਂ ਵਿਚੋਂ ਸਨ। ਇਥੇ ਆਪ ਭਗਤ ਰਵਿਦਾਸ ਅਤੇ ਹੋਰ ਅਨੇਕਾਂ ਭਗਤਾਂ ਦਾ ਜ਼ਿਕਰ ਕਰ ਰਹੇ ਹਨ ਜੋ ਪਰਮਾਤਮਾ ਦੀ ਭਗਤੀ ਵਿਚ ਲੀਨ ਹਨ:

ਆਰਤੀ ਆਗਮ ਦੇਵ ਅਨਤਾ, ਬਹੁ ਬਿਧਿ ਸੰਤ ਕਰੈ ਭਗਵੰਤਾ।।ਟੇਕ।।

- - - - - - - - - - - - - - - - - - - - - - - - -

ਨਾਮ ਕਬੀਰ ਕਰੈ ਰੈਦਾਸਾ, ਪੀਪਾ ਜਨ ਦਾਦੂ ਹਰਿ ਦਾਸਾ।।3।।
ਆਰਤੀ ਅਗਮ ਅਨੰਤ ਅਪਾਰਾ, ਜਨ ਗੋਪਾਲ ਜਨ ਹੈ ਵਿਚਾਰਾ।।4।[104]

ਭਗਤ ਰਵਿਦਾਸ ਦੀ ਮਿਸਾਲ ਦਿੰਦਿਆਂ ਆਪ ਇਕ ਥਾਂ ਲਿਖਦੇ ਹਨ ਕਿ ਪ ਪਰਮਾਤਮਾ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ:-

ਅਗਨਿ ਨੀਰ ਰਾਜ ਕੀ ਤ੍ਰਾਸ, ਰਾਖੈ ਕਿਧੌਂ ਨਾਹੀ।
ਜਨ ਰੈਦਾਸ ਵਿਪ੍ਰ ਤ੍ਰਾਸ, ਰੰਗਾ ਤੇ ਕਾਢੈ ।
ਭਗਤ ਵਛਲਤਾ ਬਿਰਦ ਜਾਨਿ, ਕਰ ਪ੍ਰਵਾਹ ਬਾਢੈ।।6।।[105]

ਪ੍ਰਭੂ ਆਪਣੇ ਭਗਤਾਂ ਨੂੰ ਵਡਿਆਈ ਦਿੰਦਾ ਹੈ:-

ਰੈਦਾਸ ਕੋ ਫਿਰੀ ਸੁਰਸਰੀ ਧਾਰਾ, ਪੀਪਾ ਪਰਸਿਧ ਕਿਯੋ ਪਰਚੋ ਅਪਾਰਾ।
ਧੰਨਾ ਕੋ ਖੇਤ ਬਿਨ ਬੀਜ ਨਿਪਾਯੋ, ਸੇਨ ਰਾਜ ਨ੍ਰਿਪ ਆਨਿ ਰਿਝਾਯੋ।4।[106]

- ਧਰੂਵ ਪ੍ਰਹਿਲਾਦ ਉਧਾਰਿਆ, ਪੀਪਾ ਅਰੁ ਰੈਦਾਸ ।
ਕਾਟਣ ਕਰਮ ਕਬੀਰ ਕੇ, ਜਨ ਕੀ ਪੂਰਵਨ ਆਸ।।2।।[107]

## ਸੰਤ ਜੱਗਾ ਜੀ ਦਾਦੂ ਪੰਥੀ

ਆਪ ਪ੍ਰਸਿੱਧ ਦਾਦੂ ਪੰਥੀ ਸੰਤ ਹੋਏ ਹਨ। ਆਪ ਜੀ ਨੇ ਭਗਤ ਰਵਿਦਾਸ ਸਮੇਤ ਹੋਰ ਕਈ ਭਗਤਾਂ ਦੇ ਨਾਮ ਜਪਣ ਦੇ ਸੰਦੇਸ਼ ਨੂੰ ਪੇਸ਼ ਕੀਤਾ ਹੈ:-

ਨਾਮਦੇਵ ਤਿਲੋਚਨ ਕਬੀਰ ਘੂਰੀ ਸਵਾਮੀ ਇਨਹੂ ਕਹਯੋ ਭਜ ਅੰਤਰਯਾਮੀ।
ਰਾਮਾਨੰਦ ਸੁਖਾ ਸ੍ਰੀ ਰੰਗਾ, ਨਾਨਕ ਕਹਯੋ ਰਹਹੁ ਹਰਿ ਸੰਗਾ।।2।।

ਪੀਪਾ ਸੈਂਞੀ ਧਨਾ ਰੈਦਾਸਾ, ਰਾਮ ਰਾਮਨੀ ਬੰਧਾਈ ਆਸਾ।
ਸੁਕਾਲ ਸੈਨ ਜਨਕ ਰਾਕਾ ਬਾਕਾ, ਇਨਹੂ ਦਿਆ ਹਰਿ ਨਾਮ ਕਾ ਨਾਕਾ।2।।[108]

ਲਾਲ ਜੀ ਦਾਸ ਬੈਰਾਗੀ

ਆਪ ਕਹਿੰਦੇ ਹਨ ਕਿ ਭਗਵਾਨ ਭਗਤਾਂ ਦੀ ਸਦਾ ਲਾਜ ਰੱਖਦਾ ਹੈ:--

ਵੈਸਾਖ ਲਾਜ ਭਗਤਾਂ ਦੀ ਰਖਦਾ, ਜੁਗ ਜੁਗ ਹੋਹੁ ਸਹਾਈ, ਜਾਦੋਰਾਈ,
ਨਾਮੇ ਭਗਤ ਪਰ ਭੀੜ ਬਨੀ, ਪ੍ਰਭੂ ਮੋਈ ਧੇਨ ਜਿਵਾਈ, ਕਲਾ ਦਿਖਾਈ ।
ਰਵਿਦਾਸ ਭਗਤ ਤੇ ਪੀਪਾ ਗਨਕਾ, ਰਾਜ ਕੀ ਬੰਦ ਛੁੜਾਈ, ਡੇਰ ਨਾ ਲਾਈ।
ਲਾਲ ਜੀ ਦਾਸ ਕਹੈ ਬੈਰਾਗੀ, ਤਾਰਿਓ ਸਧਨਾ ਕਸਾਈ, ਮੀਰਾ ਬਾਈ।2।[109]

ਭਗਤ ਗੁਆਲ ਦਾਸ ਜੀ

ਆਪ ਨਿਰਗੁਣ ਤੇ ਸਗੁਣ ਭਗਤੀ ਦੇ ਏਕਾਕਾਰ ਵਿਚ ਵਿਸ਼ਵਾਸ਼ ਰੱਖਣ ਵਾਲੇ ਸਨ। ਇਨ੍ਹਾਂ ਸਤਰਾਂ ਵਿਚ ਆਪ ਨੇ ਪ੍ਰਭੂ ਤੇ ਉਸਦੇ ਭਗਤਾਂ ਦੇ ਸੰਬੰਧ ਦਾ ਵਰਨਣ ਕੀਤਾ ਹੈ।

ਤੈਂ ਧੰਨੇ ਦਾ ਖੇਤ ਜਮਾਇਆ, ਤੈਂ ਅਜਾਮਲ ਗਤਿ ਪਹੁਚਾਇਆ ।
ਪੀਪਾ ਰਵਿਦਾਸ ਨਾਮਾ, ਤੈਂ ਤਾਰੇ ਬਿਦਰ ਸੁਦਾਮਾ।[110]

ਸੰਤ ਗਰੀਬ ਦਾਸ ਛੁਡਾਨੀ ਵਾਲੇ

ਆਪ ਸੰਤ ਕਬੀਰਦਾਸ ਨੂੰ ਆਪਣਾ ਗੁਰੂ ਮੰਨਣ ਵਾਲੇ ਪਿੰਡ ਛੁਡਾਨੀ ਦੇ ਰਹਿਣ ਵਾਲੇ ਸਨ। ਇਨ੍ਹਾਂ ਸਤਰਾਂ ਵਿਚ ਆਪ ਆਪਣੇ ਵਿਸ਼ਵਾਸ ਨੂੰ ਦ੍ਰਿੜ੍ਹ ਕਰਵਾ ਰਹੇ ਹਨ ਕਿ ਮਹਾਤਮਾ ਕਬੀਰ ਤੇ ਰਵਿਦਾਸ਼ ਸਦਾ ਹੀ ਉਨ੍ਹਾਂ ਦੇ ਅੰਗ ਸੰਗ ਹਨ:-

ਕਬੀਰ ਰਨਧੀਰ ਰੈਦਾਸ਼ ਜੋ ਪਾਸ ਹੈ
ਨੌ ਲਾਖ ਬੋੜੀ ਤਹਾ ਲਯਾਵਤਾ ਹੂੰ
ਭਰੇ ਭੰਡਾਰ ਮੁਕਤਾਰ ਜੌਨਾਰ ਹੈ
ਕੇਸੋ ਨਾਮ ਤੇ ਆਨਿ ਧਰਾਵਤਾ ਹੂੰ।[111]

– ਰਵਿਦਾਸ ਰੰਗੀਲਾ ਰੰਗ ਹੈ, ਦੀਏ ਜਨੇਊ ਤੋੜ ।।
ਜਗਧ ਜਯੋਨਾਰ ਚੱਲੇ ਧਰੇ, ਇਕ ਰੈਦਾਸ ਇਕ ਗੌੜ।[112]

– ਕਨਕ ਜਨੇਊ ਕੰਧ ਦਿਖਾਇਆ, ਭਗਤੀ ਕਰੀ ਰੈਦਾਸਾ ।
ਦਾਧ ਗਰੀਬ ਐਨ ਗਤਿ ਪਾਵੈ, ਮਘਹਰ ਮੁਕਤੀ ਬਿਲਾਸਾ।[113]

ਸੰਤ ਸੇਵਾਦਾਸ

ਪਰਸ਼ੂਰਾਮ ਚਤੁਰਵੇਦੀ ਜੀ ਅਨੁਸਾਰ ਸੰਤ ਸੇਵਾਦਾਸ ਜੀ (ਸੰਮਤ 1687–1798) ਦੀਆਂ ਬਾਣੀਆਂ ਦੀ ਗਿਣਤੀ ਬਹੁਤ ਵੱਡੀ ਜਾਪਦੀ ਹੈ।[114]

ਰਾਮ ਰਧ ਪੀਜਾ ਰੇ, ਪੀਨਾ ਹੀ ਆਨੰਦ ਹੋਯ ।
ਸੇਝੇ ਸੈਨ ਪਿਯੇ ਰਵਿਦਾਸਾ, ਮੀਰਾਂ ਪ੍ਰੇਮ ਬੜਾਈ ਰੇ ।

ਉਪਰੋਕਤ ਸਾਰੇ ਹੀ ਭਗਤਾਂ ਨੇ ਰਾਮ-ਰਸ ਦਾ ਪਾਨ ਕਰਕੇ ਇਚ ਸੰਸਾਰ ਵਿਚ ਵਡਿਆਈ ਪ੍ਰਾਪਤ ਕੀਤੀ ਹੈ। ਬਾਕੀ ਸੰਤਾਂ ਵਾਂਗ ਇਨ੍ਹਾਂ ਨੇ ਵੀ ਭਗਤ ਰਵਿਦਾਸ ਦੀ ਭਗਤੀ ਦਾ ਜਸ ਗਾਇਆ ਹੈ।

ਸੰਤ ਕਰਮਦਾਸ

ਆਪ ਜੀ ਸਤਾਰ੍ਹਵੀਂ ਸਦੀ ਦੇ ਇਕ ਰਵਿਦਾਸੀ ਸੰਤ ਹੋਏ ਹਨ। ਸੰਤ ਕਰਮ ਦਾਸ ਦੀ ਬਾਣੀ ਵਿਚੋਂ ਹੀ ਅਸੀਂ ਗੁਰੂ ਰਵਿਦਾਸ ਜਨਮ ਸੰਮਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ- ਸੰਮਤ ਚੌਦਾ ਸੈ ਤੈਤੀਸਾ ਮਾਘ ਸੁਦੀ ਪੰਦ੍ਰਾਸ, ਦੁਖੀਉ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ।[115] ਭਗਤ ਰਵਿਦਾਸ ਦੀ ਮਹਿਮਾ ਵਿਚ ਉਨ੍ਹਾਂ ਦਾ ਇਕ ਦੋਹਾ ਹੈ:–

ਸੁਮੰਤ੍ਰ ਰਵਿਦਾਸ ਵਚਨੰ, ਕੋਟਿ ਦੋਸ਼ ਵਿਨਾਸ਼ਨਮ ।
ਰਵਿਦਾਸ ਚਰਣੰ ਧਯਾਨ ਧਰਣੰ, ਕੁਲ ਸਮੂਹ ਉਧਾਰਣਮ ।[116]

ਆਪ ਜੀ ਅਨੁਸਾਰ ਗੁਰੂ ਰਵਿਦਾਸ ਦਾ ਮਨੋਹਰ ਵਚਨ ਮੰਤਰ ਬੀਜ ਹੈ ਜਿਹੜਾ ਕਰੋੜਾਂ ਦੋਸ਼ਾਂ ਨੂੰ ਦੂਰ ਕਰਨ ਵਾਲਾ ਹੈ।

ਸੰਤ ਚਰਨਦਾਸ

ਦਿੱਲੀ ਦੇ ਇਹ ਮਹਾਨ ਸੰਤ ਸੁਕਦੇਵ ਜੀ ਦੇ ਸ਼ਿਸ਼ ਸਨ। ਇਸ ਰਚਨਾ ਵਿਚ ਉਨ੍ਹਾਂ ਨੇ ਰਾਮ-ਰੰਗ ਵਿਚ ਰੰਗੇ ਭਗਤਾਂ ਦੀ ਹਾਲਤ ਦਾ ਵਰਨਣ ਕੀਤਾ ਹੈ:--

ਸੁਨਿ ਰਾਮ ਭਕਤਿ ਗਤਿ ਨਯਾਰਿ ਹੈ ।
ਸਾਧੋਂ ਕੀ ਸੇਵਾ ਮੇਂ ਰਾਚੇ, ਭੂਪ ਕੀ ਸੁਰਤਿ ਬਿਸਾਰਿ ਹੈ ।।
ਸੈਨਾ ਭਕਤ ਕੇ ਕਾਰਨ ਹਰਿ ਨੂੰ, ਵਾ ਕੀ ਸੂਰਤ ਧਾਰੀ ਹੈ ।।
ਦਾਸ ਕਬੀਰਾ ਜਾਤ ਜੁਲਾਹਾ ਭਯੇ ਸੰਤ ਉਪਕਾਰੀ ਹੈ।
ਸਾਖਿ ਸੁਨੋ ਰੈਦਾਸ ਚਮਾਰਾ, ਸੋ ਜਗ ਮੇਂ ਉਜਿਯਾਰੀ ਹੈ।
ਕਨਕ ਜਨੇਊ ਕਾਢਿ ਦਿਖਾਯੋ, ਬਿਪ੍ਰ ਗਏ ਸਭ ਹਾਰੀ ਹੈ।
ਅਜਾਮੀਲ ਸਦਨਾ, ਤ੍ਰਿਲੋਚਨ, ਨਾਮਾ ਨਾਮ ਅਧਾਰੀ ਹੈ।[117]

ਸੰਤ ਦਯਾ ਬਾਈ ਜੀ

ਆਪ ਦੇ ਗੁਰੂ ਸੰਤ ਚਰਨ ਦਾਸ ਜੀ ਸਨ ਜਿਨ੍ਹਾਂ ਦੀ ਦੂਜੀ ਪ੍ਰਸਿੱਧ ਚੇਲੀ ਦਾ ਨਾਂ ਸਹਜੋਬਾਈ ਸੀ। ਆਪ ਭਗਤ ਰਵਿਦਾਸ ਬਾਰੇ ਲਿਖਦੇ ਹਨ ਕਿ ਬਾਕੀ ਭਗਤਾਂ ਦੀ ਤਰ੍ਹਾਂ ਪ੍ਰਭੂ ਨੇ ਉਨ੍ਹਾਂ ਦੀ ਵੀ ਲਾਜ ਰੱਖੀ :-

ਭੇਟੇ ਜਬ ਰਵਿਦਾਸ ਕੂੰ, ਲੀਨ੍ਹੋਂ ਭੁਜਾ ਪਸਾਰ ।
ਹਰਿ ਲੀਲਾ ਜੋਈ ਨਹੀਂ, ਅਚਰਜ ਕਹੈ ਅਪਾਰ।।73।।[118]

ਸੰਤ ਪਲਟੂ ਜੀ

ਆਪ ਬ੍ਰਾਹਮਣੀ ਸਮਾਜ ਦੇ ਕੱਟੜ ਵਿਰੋਧੀ ਅਤੇ ਸੰਤ ਸਮਾਜ ਦੇ ਅਨੁਰਾਗੀ ਸਨ। ਆਪਨੇ ਬ੍ਰਾਹਮਣਾਂ ਤੇ ਭਗਤ ਰਵਿਦਾਸ ਵਿਚਕਾਰ ਹੋਏ ਝਗੜੇ ਨੂੰ ਲੈ ਕੇ ਭਗਤ ਰਵਿਦਾਸ ਦੀ ਦ੍ਰਿੜ੍ਹ ਭਗਤੀ ਦੀ ਗੱਲ ਕੀਤੀ ਹੈ:-

ਨਹਾਤੇ ਤ੍ਰਿਕਾਲ ਰੋਜ਼ ਪੰਡਿਤ ਅਚਾਰੀ ਬੜੇ,
ਸਦਾ ਪਟ ਬਸਤਰ ਸੂਤ ਅੰਗ ਨ ਲਗਾਇਏ ਹੈ ।
ਪੂਜਾ ਨੈਵੇਦ ਆਰਤੀ ਕਰਕੇ ਹਮ ਬਿਧਿ ਬਿਧਾਨ,

ਚੰਦਨ ਐ ਤੁਲਸੀ ਭਲੀ ਭਾਂਤਿ ਸੋ ਚਢਾਈ ਹੈ।
ਹਾਰੇ ਹਮ ਕੁਲੀਨ ਸਬ ਕੋਟਿ ਕੋਟਿ ਕੈ ਉਪਾਇੰ ,
ਕੈਸੇ ਤੁਮ ਠਾਕਰ ਸੁਪਨੇ ਹੂੰ ਨ ਪਾਈ ਹੈ ।
'ਪਲਟੂ ਦਾਸ' ਦੇਖੋ ਯਹ ਗੌਝ ਮੇਰੇ ਸਾਹਿਬ ਕੋ,
ਗਏ ਹੈਂ ਕਹਾਂ ਜਬ ਰੈਦਾਸ ਨੇ ਬੁਲਾਈ ਹੈ।[119]

ਸੰਤ ਹਰਿਦਾਸ ਜੀ

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੰਤ ਹਰਿਦਾਸ ਨੂੰ ਇਸ ਰਚਨਾ ਦਾ ਕਰਤਾ ਮੰਨਿਆ ਜਾਂਦਾ ਹੈ;—ਸ੍ਰੀ ਪਿਆਰਾ ਸਿੰਘ ਪਦਮ ਦਾ ਇਹੀ ਮੱਤ ਹੈ।[120]

ਪਾਤਸ਼ਾਹੀ 10, ਪੰਨਾ 70—85 (ਰਚਨਾ ਸੰਮਤ 1750 ਬਿਕ੍ਰਮੀ)
ਰਵਿਦਾਸ ਜਾਤਿ ਚਮਾਰ ਕਹਾਵੇ, ਜਾਤਿ ਧਰਮ ਕੁਲ ਕਰਮ ਕਮਾਵੇ।।
ਨਿਸਬਾਸਰ ਅਪਕਰਮਨ ਮਾਹੀ, ਲਗਾ ਰਹੇ ਕਛੁ ਸਮਝੈ ਨਾਹੀ ।।
ਸਾਸਤ ਬੇਦ ਕੋ ਨਹੀਂ ਅਧਿਕਾਰ,ਤਤੁ ਗਿਆਨ ਕਿਵ ਰਹੇ ਚਮਾਰ ।।
ਜਾਤਿ ਬਰਨ ਕੁਲ ਕਰਮ ਕਾਹੀਨਾ, ਨਿਰਗੁਨ ਰੂਪ ਹੋਇ ਰਹਿਓ ਅਧੀਨਾ।।
ਬਿਨ ਦਰਸਨ ਤਿਨ ਚੈਨ ਨ ਪਰੈ, ਅਹਿਰ ਨਿਸ ਪ੍ਰੇਮ ਅਗਨਿ ਮੈ ਜਰੈ।।4।।
ਕਰ ਨੀਚੈ ਵਹ ਗਰਦਨ ਰਹੈ, ਸਤਿ ਉਸਨ ਸਭ ਸਮਕਰ ਸਹੈ।।
ਨਹੀਂ ਕਿਸਿ ਕੋ ਤਿਸੁ ਰਹਿਓ ਨਹੋਰਾ, ਸਗਲ ਪ੍ਰੇਮ ਸਿਉਂ ਹੋਇ ਗਇਓ ਬਉਰਾ।
ਬੁਰਾ ਭਲਾ ਕੋਈ ਕਹਿ ਜਾਵੇ, ਕੋਰ ਉਚੈ ਤਿਸ ਨਦਰਿ ਨ ਲਿਆਵੇ ।
ਕੋਈ ਆਨ ਖਾਨ ਸਿਰ ਡਾਰੈ, ਕੋਏ ਦਇਆਕਰ ਚੰਦਰ ਧਾਰੈ।।
ਇਹ ਬਉਰਾ ਕਛੁ ਮਨ ਨਹੀਂ ਆਨੈ, ਰਚਿ ਰਹਿਓ ਪੂਰਨ ਭਗਵਾਨੈ।।5।।
ਅਧਿਕ ਪ੍ਰੇਮ ਰਵਿਦਾਸ ਲਗਾਨਾ, ਜਗਤ ਕੀ ਓਰ ਤੇ ਭਇਆ ਦਿਵਾਨਾ।
ਬੈਠ ਬਜ਼ਾਰ ਪਨ੍ਹੀਆਂ ਸੋ ਗਾਢੈ, ਅਉ ਪ੍ਰੇਮ ਸ਼ਗਨ ਇਤ ਉਤ ਕਉ ਹਾਢੈ।।
ਜੋ ਕੋਈ ਕਛੁ ਦੇਇ ਸੋ ਲੇਇ, ਜੋ ਛੋਰਿ ਨਹੀ ਤਿਉ ਹੀ ਰੀਝ ਦੇਇ ।।
ਊਚੇ ਕਰ ਕੰਬਹੂ ਨ ਪਸਾਰੈ, ਭਾਵੇ ਕੋ ਜਾਵੇ ਸਿਰ ਮਾਰੇ ।।
ਕਛੂ ਇਕ ਗਿਆਨ ਤਿਨ ਗੁਰ ਤੇ ਪਾਇਆ।
ਪੁਨਿ ਦੇਖਿ ਦਰਸੁ ਪ੍ਰੇਮ ਅਧਿਕਾਇਆ ।।

ਰਵਿਦਾਸ ਭਗਤ ਭਗਵਾਨ ਕੋ ਪੂਜੇ ਸਾਲਗਿਰਾਮ ।
ਪ੍ਰੇਮ ਮਗਨ ਅਹਿਨਿਸ ਰਹੈ ਸਭ ਬਿਧਿ ਪੂਰਨ ਕਾਮ ।।
ਬਾਹਰਿ ਜਮ ਮੈ ਫਿਰੇ ਉਦਾਸਾ, ਅੰਤਰਿ ਪ੍ਰੇਮ ਰਵਿਦਾਸ ਪਿਆਸਾ।।
ਬਾਹਰਿ ਬਉਰਾ ਸਭ ਕੋਈ ਕਹੈ, ਅੰਤਰਿ ਸਭ ਘਟ ਪ੍ਰੀਤਮ ਲਹੈ।।
ਬਾਹਰਿ ਬਹੁ ਬਿਧਿ ਬਾਦਸਖਾਨੇ, ਅੰਤਰਿ ਸੈਨ ਹੋਇ ਰਹੇ ਧਿਆਨੈ।।
ਬਾਹਰਿ ਦੁੰਦ ਮਚਾਵਨ ਹਾਰਾ, ਅੰਤਰਿ ਸੀਤਲ ਪਰਮ ਅਪਾਰਾ।।

ਇਸ ਰਚਨਾ ਵਿਚ ਭਗਤ ਰਵਿਦਾਸ ਦੀ ਸਖਸ਼ੀਅਤ ਨੂੰ ਅੰਦਰੂਨੀ ਤੇ ਬਾਹਰੀ ਦੋਹਾਂ ਹੀ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ।

ਭਾਈ ਦਰਬਾਰੀ ਦਾਸ

ਭਾਈ ਦਰਬਾਰੀ ਦਾਸ ਨੇ ਭਗਤ ਰਵਿਦਾਸ ਬਾਰੇ ਪੂਰੀ ਪਰਚੀ ਲਿਖੀ ਹੈ। ਜਿਸ ਵਿਚ ਉਨ੍ਹਾਂ ਨਾਲ ਸੰਬੰਧਿਤ 23 ਮਿਥਿਕ ਘਟਨਾਵਾਂ ਦਾ ਵਰਨਣ ਹੈ। ਭਾਈ ਦਰਬਾਰੀ ਦਾਸ ਰਚਿਤ ਗ੍ਰੰਥ 'ਪੋਥੀ ਹਰਿ ਜਸ' ਵਿਚ ਇਹ ਪਰਚੀ 379 ਬੰਦਾਂ ਵਿਚ ਪੱਤਰਾ ਨੰਬਰ 668 ਤੋਂ 692 ਤੱਕ ਦਰਜ ਹੈ:-

- ਰਵਿਦਾਸ ਭਗਤ ਗੁਰਗਣੀ ਚਹੁ ਚਕੀ ਜਾਤਾ ।।
  ਨੀਚ ਜਾਤ ਤੇ ਊਚ ਭਇਆ ਭੇਟਿ ਲਈ ਗੰਗਾਤਾ।।[121]
- ਰਵਿਦਾਸ ਭਗਤ ਕਾ ਅੰਗੁ ਕਰਾਇਆ।।ਸਾਲਿਗਰਾਮ ਨਦੀ ਤਰਿਆਇਆ।
  ਪੰਡਿਤ ਕਉ ਐਸਾ ਡਰੁ ਦੀਨਾ।।ਦੀਨੀ ਛੋਰਿ ਦਿਖਾਈ ਹੈ।।[122]
- ਰਵਿਦਾਸ ਪ੍ਰੀਤ ਲਗੀ ਪਰਮੇਸੁਰ।।ਬ੍ਰਹਮਨ ਪਤੀਆਦੇ ਜਗਤੇਸੁਰ।।
  ਸਾਲਿਗਰਾਮ ਨਦੀ ਤਰਿ ਆਏ।।ਬਰਾਹਮਨ ਸੀਹ ਦਿਖਰਾਤਾ।[123]
- ਰਮਦਾਸ ਭਗਤ ਕੀ ਰਾਮ ਸਿਉ ਪ੍ਰੀਤਿ ਲਗੀ ਸਚੁ ਸਾਰੁ।।
  ਜਾਂ ਕੀ ਦਮੜੀ ਗੰਗਾ ਲਈ ਦਰਬਾਰੀ ਭੁਜਾ ਪਸਾਰ।।[124]
- ਜੈ ਜੈ ਬੋਲੇ ਸਗਲ ਲੁਗਾਈ, ਉਸਤਤਿ ਹੋਈ ਸਭਨੀ ਥਾਈ ।
  ਧੰਨੁ ਰਵਿਦਾਸ ਧੰਨੁ ਰਵਿਦਾਸ, ਸਭ ਕੇ ਮਨ ਮੁਖਿ ਇਹ ਅਭਿਆਸ।
  ਜਾ ਕਾ ਚੌੜਕ ਗੰਗਾ ਲੀਆ ਤਾ ਕਾ ਜਸ ਮੁਖਿ ਜਾਇ ਨਾ ਕੀਆ।
  ਵਡਾ ਭਗਤ ਰਵਿਦਾਸ ਚਮਾਰੁ, ਤਾਕਾ ਅੰਤ ਨਾ ਪਾਰਾਵਰ।[125]

## ਕਵਿ ਜੱਸਾ ਸਿੰਘ ਕੀਰਤ ਸਿੰਘ

ਡਾ. ਜਸਬੀਰ ਸਿੰਘ ਸਾਬਰ ਆਪਣੀ ਪੁਸਤਕ 'ਭਗਤ ਰਵਿਦਾਸ ਸਰੋਤ ਪੁਸਤਕ ਵਿਚ ਇਹ ਦੋਵੇਂ ਨਾਂ ਇੱਕੋ ਕਵੀ ਦੇ ਮੰਨਦੇ ਹਨ ਤੇ ਉਨ੍ਹਾਂ ਨੇ ਆਪਣੀ ਪੁਸਤਕ ਵਿਚ ਦੋ ਭਗਤ ਪ੍ਰੇਮਾਕਰਿ ਦਿੱਤੇ ਹਨ ਜਿਨ੍ਹਾਂ ਵਿਚ ਰਚਨਾ ਤੇ ਸ਼ੈਲੀ ਪੱਖੋਂ ਕਾਫ਼ੀ ਸਮਾਨਤਾ ਹੈ। ਇਹ ਦੋਵੇਂ ਗ੍ਰੰਥ ਨਾਭਾ ਜੀ ਦੀ ਭਗਤਮਾਲ ਵਿੱਚ ਟੀਕੇ ਆਖੇ ਜਾ ਸਕਦੇ ਹਨ।[126] ਮੂਲ ਛਪੈ ਉਹੋ ਹਨ:-

ਛਪੈ ਚਮਿਆਰ ਜਾਤ ਰਵਿਦਾਸ ਕੀ ਜਾਨਤ ਜਗਤ ਨਰ ਨਾਰ ਜਿਹ।
ਕਰਤੇ ਨੀਰ ਨਿਜਕੁਲ ਕਰਮ ਸੁਭ ਕਰਮ ਨ ਅਧਿਕਾਰ ਤਿਹ ।
ਪ੍ਰਗਟੇ ਭਾਗ ਨਿਲਾਰਾ ਪੁਨੈ ਸਰਬ ਸੰਜੋਗਾ ।
ਪ੍ਰੇਮ ਤਾਹਿ ਹਿਤ ਬਸਯੋ ਛਾਡ ਦੀਨੇ ਸਿਖ ਭੋਗਾ ।
ਖੋਜਤ ਸੁਰ ਮੁਨਿ ਸਕਲ ਪ੍ਰੇਮ ਸਮ ਜਗਤ ਨਾਹਿ ਨਿਧਿ ।
ਬ੍ਰਹਮਾਦਿਕ ਗੁਰ ਮਿਲੇ ਪ੍ਰੇਮ ਬਿਨੁ ਕਛੁ ਨ ਹੋਇ ਸਿਧਿ ।
ਸੁਖ ਬਰਗਾ ਅਪਬਰਗਾਦਿ ਲੈ ਪ੍ਰੇਮ ਬਿਨਾ ਨਹੀ ਪਾਟੀਅਤਿ ।
ਵਹੀ ਪ੍ਰੇਮ ਲਗਯੋ ਰਵਿਦਾਸ ਕੋ ਚਾਰ ਬਰਨ ਮਧਿ ਗਾਈਅਤਿ।2।[127]

ਇਸ ਛਪੈ ਵਿਚ ਭਗਤ ਰਵਿਦਾਸ ਦੀ ਜਾਤ ਤੇ ਉਸ ਸਮੇਂ ਸ਼ੂਦਰ ਲੋਕਾਂ ਤੇ ਹੁੰਦੇ ਜ਼ੁਲਮ ਦਾ ਵਰਨਣ ਹੈ ਜਿਨ੍ਹਾਂ ਨੂੰ ਸ਼ੁਭ ਕਰਮ ਦਾ ਅਧਿਕਾਰ ਨਹੀਂ ਸੀ। ਭਗਤ ਰਵਿਦਾਸ ਦਾ ਮਾਰਗ ਪ੍ਰੇਮ ਦਾ ਮਾਰਗ ਸੀ ਇਸ ਨੂੰ ਇਸ ਛਪੈ ਵਿਚ ਪ੍ਰਗਟਾਇਆ ਗਿਆ ਹੈ:-

ਕੁੰਡਲੀਆਂ: ਪ੍ਰੇਮ ਭੂਤ ਬੌਰਾ ਕੀਯੋ ਪ੍ਰਿਥਮੈ ਜਨ ਰਵਿਦਾਸ ।
ਪੁਨਿ ਤਿਹ ਪੂਰਨ ਗੁਰ ਮਿਲੈ ਸਭ ਪੂਰੀ ਮਨ ਆਸ ।
ਸਭ ਪੂਰੀ ਮਨ ਆਸ ਗਯਾਨ ਰਵਿ ਉਦਿਤ ਭਯੋ ਹੀਅਯਾ ।
ਹਰਖ ਸੋਗ ਕਾਮਾਦਿ ਕੋਊ ਚੇਤ ਨ ਦੁਖੁ ਜੀਆ ।
ਕਰਤ ਬੰਸ ਕੀ ਕਿਰਤ ਗਨਤ ਪਨਹੀ ਯਹ ਨੇਮਹਿ ।
ਦੇਇ ਨ ਦੇਵੈ ਦਾਮ ਟਹਲ ਸਭ ਕੀ ਕਰ ਪ੍ਰੇਮਹਿੰ ।।[128]

ਕਵੀ ਕੀਰਤ ਸਿੰਘ ਕਹਿੰਦਾ ਹੈ ਕਿ ਭਗਤ ਰਵਿਦਾਸ ਦੀ ਕਥਾ ਅਦਭੁਤ ਹੈ। ਇਹ ਕਥਾ 'ਭਗਤ ਮਾਲ ਤੇ ਪਰਚਈ ਅਨੰਤ ਦਾਸ ਵਾਲੀ ਹੀ ਹੈ। ਗੁਰੂ ਰਾਮਾਨੰਦ ਵਲੋਂ ਹੀ

ਭਗਤ ਰਵਿਦਾਸ ਨੂੰ ਸਰਾਪ ਦੇਣ ਦਾ ਕਾਰਨ ਵੀ ਉਹੀ ਹੈ ।

ਅਦਭੁਤ ਜਨ ਰੈਦਾਸ ਕਥਾ ਸੁਨਹੋ ਸਜਨ ਹਿਤ ।
ਰਾਮਾਨੰਦ ਕੋ ਸਿੱਖਯ ਬ੍ਰਹਮਚਾਰੀ ਭਿੱਛਯਾ ਬ੍ਰਿਤ ।
ਬਨਿਕ ਤਾਹਿ ਨਿਤ ਕਹੇ ਮੋਰ ਸੀਧਾ ਪ੍ਰਭੂ ਲੀਜੈ ।
ਘਰ ਘਰ ਚੁਟਕੀ ਲੇਉ ਦੀਨ ਆਖੁਸ ਗੁਰ ਕੀਜੈ।।[129]

ਆਵਤ ਹੈ ਬਹੁ ਸੰਤ ਦਰਸ ਹਿਤ ਦੂਰ ਹੁ ਤੇ ਤਬ ।।
ਘਰ ਮੇ ਧਨੁ ਕਛੁ ਨਾਹਿ ਗਾਂਠ ਹੈ ਨਿਤ ਪਗਦਾਸੀ ।।
ਇਹ ਬਿਧੀ ਪਰਚੇ ਭਗਤ ਕੀਰਤ ਸਿੰਘ ਨਿਜ ਮਤ ਕਹੇ।
ਜੋ ਸੁਨੇ ਸੁਨਾਵੈ ਪ੍ਰੇਮ ਧਰ ਨਾਰਿ ਪੁਰਖ ਭਗਤੀ ਲੇਹ।।35।।87।[130]

ਸ੍ਰੀ ਕੁਸ਼ਲਦਾਸ

ਸੰਤ ਸ੍ਰੀ ਰਵਿਦਾਸ ਜੀ ਬਾਰੇ ਆਪਨੇ ਕਈ ਚਮਤਕਾਰ ਦੱਸ ਕੇ ਆਪ ਦਾ ਜਸ ਗਾਇਆ ਹੈ:-

– ਭਗਤ ਬਡੋ ਰਵਿਦਾਸ ਹੈ ਕਿਆ ਮਹਮਾ ਗਾਏ ।
ਸਿੰਘ ਰੂਪਹਰਿ ਧਾਰਿਆ,ਦਿਜ ਸਕਲ ਡਰਾਏ ।
ਠਾਕੁਰ ਹੋਇ ਰੋਦੀ ਪਛੇ ਰਵਿਦਾਸ ਬੁਲਾਏ ।।9।।[131]

ਸ਼ਲੋਕ- ਵਾਹੁ ਵਾਹੁ ਹਰਿ ਭਗਤ ਹੈ ਜੋ ਜਪਤੇ ਹਰਿ ਨਾਉ ।
ਤਿਨ ਕੀ ਮਹਿਮਾ ਅਤਿ ਬਡੀ ਸਚਖੰਡ ਜਿਨ ਗਾਉ ।
ਲੀਊ ਕਸੀਰਾ ਗੰਗ ਮਾਤ ਤਬ ਭੁਜਾ ਕਢਾਏ ।
ਬਾਦਸ਼ਾਹ ਗੰਗ ਪਿਥੀ ਜਬ ਚਾਮ ਉਠਾਏ ।
ਰਵਿਦਾਸੈ ਚਰਨੀ ਲਗੋ ਬਾਦਸ਼ਾਹ ਸੁ ਆਏ ।[132]

ਰਵਿਦਾਸੈ ਪਾਹਨ ਤਰੇ, ਹਰੀ ਕਰੀ ਸਹਾਈ,
ਬਾਹਿ ਪਸਾਰ ਭੈਟਾ ਲਈ, ਤਿਸ ਗੰਗਾਮਾਈ ,
ਗੰਗਾ ਦੇਖੀ ਪਾਤਸ਼ਾਹ, ਜਬ ਦਾਮ ਉਠਾਈ,

ਪਾਤਸ਼ਾਹ ਦ੍ਰਿੜਤਾ ਭਈ, ਜਬ ਅਜਮਤਿ ਪਾਈ,
ਆਦਿ ਜੁਗਾਦੀ ਰਾਖਦਾ, ਸੰਤਨ ਵਡਿਆਈ।।7।।[133]

ਭਗਤ ਭਾਵਨ ਦਾਸ ਜੀ

ਇਸ ਸੰਤ ਕਵੀ ਨੇ ਭਗਤ ਕਬੀਰ ਤੇ ਭਗਤ ਰਵਿਦਾਸ ਦੀ ਮਹਿਮਾ ਗਾਈ ਹੈ:-

ਕਬੀਰ ਕਾਜਿ ਹਰਿ ਬਲਦ ਲਦਾਏ, ਕੀਨੋ ਰੂਪ ਬੈਪਾਰੀ ਵੇ,
ਰਵਿਦਾਸ ਭਗਤ ਕੀ ਰਖਿਆ ਕੀਨੀ, ਜਾ ਕਾ ਠਾਕੁਰ ਤਰਿ ਗਇਆ ਤਾਰੀ ਵੇ।[134]

ਭਗਤ ਪ੍ਰਿਥੂ ਜੀ

ਆਪ ਨੇ ਭਗਤ ਰਵਿਦਾਸ ਦੇ ਨਾਲ ਹੋਰ ਭਗਤਾਂ ਨੂੰ ਵੀ ਭਾਵ ਭਰੀ ਸ਼ਰਧਾਂਜਲੀ ਅਰਪਨ ਕੀਤੀ ਹੈ:-

ਜਾਤ ਚਮਿਆਰ ਕਹੀਐ ਰਵਿਦਾਸਾ ਜਾਂ ਕੇ ਹਿਰਦੈ ਨਾਮੁ ਨਿਵਾਸਾ।
ਲੋਕ ਚਲੇ-ਚਲਿ ਗੰਗਾ ਜਾਵੈ, ਗੰਗਾ ਚਲਿ ਰਵਿਦਾਸ ਘਰਿ ਆਵੈ।[135]

ਜਿੱਥੇ ਆਪ ਨੇ ਭਗਤ ਰਵਿਦਾਸ ਦੀ ਜਾਤ ਦੱਸੀ ਹੈ ਉਥੇ ਉਸ ਨੂੰ ਮਿਲੀ ਉੱਚੀ ਪਦਵੀ ਦਾ ਵੀ ਜ਼ਿਕਰ ਕੀਤਾ ਹੈ।

ਭਗਤ ਦਾਸ ਗੋਬਿੰਦ ਜੀ

ਭਗਤ ਦਾਸ ਗੋਬਿੰਦ ਜੀ ਪਰਮਾਤਮਾ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਤੂੰ ਅਨੇਕਾਂ ਭਗਤਾਂ ਦਾ ਕਲਿਆਣ ਕੀਤਾ ਹੈ। ਉਹ ਕਿਸ ਕਿਸ ਦਾ ਨਾਂ ਲੈਣ :-

ਕਉਨ ਕਉਣ ਤੈ ਤਾਰੇ ਮੇਰੇ ਸਤਿਗੁਰ, ਛੀਂਵਰ ਚਮਿਆਰ ਜੁਲਾਹੇ ਵੇ,

ਜੈਦਿਉ ਨਾਮਾ ਬਿਪ ਸੁਦਾਮਾ, ਹਰਿਚੰਦ ਹਰਿ ਪਾਏ ਵੇ,
ਪੀਪੇ ਜੇਹੇ ਕੇਤੇ ਤਉ ਤਾਰੇ, ਅਪੁਨਾ ਬਿਰਦ ਰਖਾਏ ਵੇ।।2।।[136]

## ਸੰਤ ਦਰਸ਼ਨ ਦਾਸ ਜੀ

ਆਪ ਭਗਤ ਰਵਿਦਾਸ ਸਮੇਤ ਕਈ ਹੋਰ ਭਗਤਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਨੇ ਨਾਮ-ਰਸ ਪੀਤਾ ਅਤੇ ਪੂਰੀ ਤਰ੍ਹਾਂ ਰੱਜ ਗਏ:-ਪ

ਪੀਪਾ ਧਨਾ ਸੇਨ ਰਵਿਦਾਸਾ ਸੁਖਦੇਵ ਪੀਯੋ ਅਘਾਈ ।
ਅਮਰ ਗੁਰੂ ਪੀਯੋ ਹੂਏ ਨਿਰਭੈ ਅਗਮ ਸੁਰਤਿ ਠਹਰਾਹੀ।।[137]

## ਸੰਤ ਰੂਪ ਦਾਸ ਜੀ

ਪੀਪਾ ਜਨ ਰਵਿਦਾਸ ਪੁਨਿ ਸੁਮਰੇ ਸੁਖਦਾਈ ਰੇ ।
ਪੀਆ ਪਿਯਾਲਾ ਪ੍ਰੇਮ ਕਾ, ਉਰ ਤਪਨ ਬੁਝਾਈ ਰੇ।[138]

ਇਨ੍ਹਾਂ ਸਤਰਾਂ ਵਿਚ ਨਾਮ-ਸਿਮਰਨ ਦਾ ਮਹੱਤਵ ਦੱਸਦੇ ਹੋਏ ਭਗਤ ਰਵਿਦਾਸ ਦਾ ਜਸ ਗਾਉਂਦੇ ਹਨ ।

## ਸੰਤ ਗੁਰਬਚਨ ਸਿੰਘ

ਡਾ. ਸਿੰਗਲ ਅਨੁਸਾਰ ਇਸ ਸੰਤ ਕਵੀ ਦੇ ਜੀਵਨ ਤੇ ਰਚਨਾ ਬਾਰੇ ਕੁਝ ਪਤਾ ਨਹੀਂ ਚਲਦਾ:-

ਕੂੰਡੇ ਕਾ ਪਾਣੀ ਦੀਆ, ਪ੍ਰੇਮ ਛਕੇ ਰੈਦਾਸਾ ।
ਮੀਆਂ ਗਤਿ ਜਾਣੀ, ਬਾਂਦੀ ਕਉ ਪ੍ਰਕਾਸ।।465।।[139]

ਇਨ੍ਹਾਂ ਸਤਰਾਂ ਵਿੱਚ ਧੋਬੀ ਕੰਨਿਆ ਨੂੰ ਗਿਆਨ ਹੋਣ ਵਾਲੀ ਸਾਖੀ ਨੂੰ ਪੇਸ਼ ਕੀਤਾ ਗਿਆ ਹੈ ।

## ਸੰਤ ਕਲਯਾਣ ਦਾਸ ਜੀ

ਕਬੀਰ ਨਾਮਦੇਵ ਪੀਯਾ ਰਵਿਦਾਸਾ,
ਭਵ ਸਾਗਰ ਕੀ ਕਾਟੀ ਪਾਸਾ।।[140]

ਭਗਤ ਰਵਿਦਾਸ ਦੇ ਨਾਮ ਰੂਪੀ ਪ੍ਰੇਮ ਪਿਆਲਾ ਪੀਣ ਬਾਰੇ ਦੱਸਿਆ ਗਿਆ ਹੈ।

ਪੰ. ਰਾਮ ਕੁਮਾਰ ਦਾਸ ਰਮਾਇਣੀ

ਆਪ ਸੁਆਮੀ ਰਾਮਾਨੰਦ ਜੀ ਦੀ ਪਰੰਪਰਾ ਦੇ ਹੀ ਇਕ ਵੀਹਵੀਂ ਸਦੀ ਦੇ ਸੰਤ ਹੋਏ ਹਨ। ਇਸ ਛਪੈ ਵਿਚ ਆਪ ਨੇ ਭਗਤ ਰਵਿਦਾਸ ਨਾਲ ਸੰਬੰਧਿਤ ਕਈ ਪਰਾ-ਕਥਾਵਾਂ ਦਾ ਜ਼ਿਕਰ ਕੀਤਾ ਹੈ ।

ਵਰਨਾਸ੍ਰਮ ਅਭਿਮਾਨ ਆਨਿ, ਦਿਵਜ ਬਾਦ ਕਿਯੋ ਬਹੁ।
ਦੇ ਸ਼੍ਰੁਤਿ ਸ਼ਾਸਤ੍ਰ ਪ੍ਰਮਾਣ, ਕਹਯੋ ਹਰਿ ਭਕਤਿ ਸਬਹਿ ਗਹੁ।
ਪਾਰਸ ਦੇ ਹਰਿ ਲੀਨ, ਪਰੀਕਸ਼ਾ ਤਬਹੂੰ ਡਿਗੇ ਨਹਿ ।
ਕਾਮ ਕ੍ਰੋਧ ਕਲਿ ਜਿਤਯੋ, ਸੰਤ ਗੁਰ ਰਾਮ ਕ੍ਰਿਪਾ ਲਹਿ ।
ਭਕਤਹਿ ਜਾਤਿ ਨਾ, ਸ਼ਿਸ਼ਯ ਬਨਿ, ਮੀਰਾਂ ਝਾਲੀ ਮੰਤ੍ਰ ਲਿਯ ।
ਰਾਮਦਾਸ ਬਨਿ ਧਰਮ ਪਤਿ, ਭਕਤਿ ਮਹਾਤ੍ਰਮ੍ਯ ਦਿਖਾਇ ਦਿਯ।[141]

ਬਖਸ਼ੀ ਦਾਸ ਜੀ

ਸ੍ਰੀ ਬਖਸ਼ੀ ਦਾਸ ਵਲੋਂ ਹਿੰਦੀ ਵਿਚ ਛਾਪੀ ਗਈ 'ਰਵਿਦਾਸ ਰਮਾਇਣ' ਵਿਚ ਭਗਤ ਰਵਿਦਾਸ ਦਾ ਜੀਵਨ ਚਰਿੱਤ ਤੇ ਵਿਚਾਰਧਾਰਾ ਪੇਸ਼ ਕੀਤੀ ਗਈ ਹੈ:-

ਕਾਸ਼ੀ ਪੁਰ ਮੇਂ ਮਹਿਮਾ ਛਾਈ, ਸ੍ਰੀ ਰਵਿਦਾਸ ਪ੍ਰਗਟ ਗੁਣ ਗਾਈ।
ਮਹਿਮਾ ਸੁਨਤ ਸ਼ੂਦ੍ਰ ਹਰਸ਼ਾਵੇਂ, ਬ੍ਰਾਹਮਣ ਸੁਨੇ ਚਿੱਤ ਘਬਰਾਵੇਂ ।
ਚੰਵਰ ਵੰਸ਼ ਕੇ ਸਬ ਨਰ ਨਾਰੀ, ਸ੍ਰੀ ਰਵਿਦਾਸ ਭਕਤ ਅਵਤਾਰੀ,
ਮਹਿਮਾ ਕਹੈਂ ਪਰਸਪਰ ਹਰਸ਼ੇ, ਸੁਨਤ ਪ੍ਰਸ਼ੰਸਾ ਦੇਵਖੀ ਝਰਸੇਂ ।
ਪੰਡਿਤ ਛੋੜੇ ਮਨ ਅਵਿਚਾਰਾ, ਯਹ ਰਵਿਦਾਸ ਭਗਤ ਅਤਿ ਪਿਆਰਾ।
ਕੋਟਿ ਜਨਮ ਧਰਿ ਕੀਨੇਉ ਪੂਜਾ, ਸਪਨੇਉ ਕਰੇਉ ਧਯਾਨ ਨਹਿ ਦੂਜਾ।
ਸਬਸੇ ਬੜਾ ਭਕਤ ਰਵਿਦਾਸਾ, ਹਮ ਪਰ ਕਰੈ ਪੂਰਣ ਵਿਸ਼ਵਾਸਾ।
ਧੰਨ ਧੰਨ ਰਵਿਦਾਸ ਜੀ, ਤਯਾਗੇਉ ਸਬ ਅਭਿਮਾਨ ।[142]

ਸੰਤ ਘੀਸਾ

ਡਾ. ਸ਼ਿੰਗਾਲ ਸਾਹਿਬ ਨੇ ਸੰਖ੍ਯੂ ਘੀਸਾ ਰਚਿਤ 'ਬ੍ਰਹਮ ਬੋਧ' ਵਿਚ ਸ੍ਰੀ

ਰਵਿਦਾਸ ਜੀ ਦੀ ਮਹਿਮਾ ਦਾ ਜ਼ਿਕਰ ਕੀਤਾ ਹੈ:-

ਰੈਦਾਸ ਰਹੈ ਰੈਸਾਨ ਮੈਂ, ਸੀਤਨ ਕੀ ਸੁਖ ਛਾਨ ।
ਗਰੀਬਦਾਸ ਗਹਕੇ ਮਿਲੈ, ਧੰਨਾ ਧੀਰਜ ਮਾਨ ।।[143]

ਭਗਤ ਸੁੰਮਨ ਜੀ

ਧੰਨ ਕਬੀਰ ਧੰਨ ਨਾਮਦੇਉ, ਧੰਨ ਪੀਪਾ ਧੰਨ ਰਵਿਦਾਸ ।
ਕੰਵਲ ਧੰਨ ਧੰਨ ਸਰਲ ਜਨ, ਜਿਨ ਮਨ ਭਇਓ ਪਰਗਾਸ।[144]

ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਦੇ ਨਾਂ ਥੱਲੇ ਜ਼ਿਕਰ

ਜੈ ਦੇਉ ਨਾਮਾ ਤੈ ਰਾਖੈ ਤੇਰੇ ਭਗਤਿ ਪਿਆਰੇ ।
ਜਿਨਕਉ ਤੈ ਆਪਣਾ ਨਾਮੁ ਦੀਆ, ਸੇ ਤੈ ਪਾਰਿ ਉਤਾਰੇ ।
ਨਾਮ ਸੈਨ ਕਬੀਰ ਤਿਲੋਚਨ, ਤਉ ਰਾਖਿ ਲੀਏ ਤੇਰੇ ਨਾਮ ਸੰਗਿ ਬਨਿਆ।
ਰਵਿਦਾਸ ਚਮਿਆਰ ਧਾਨਾ ਤਉ ਰਾਖਿ ਲੀਆ, ਤੈਰਿਆਂ ਭਗਤਾਂ ਜੀ ਗ
ਮਾਨਿਆਂ।[145]

ਸੰਤ ਹਰੀਆ ਜੀ ਨਾਨਕ ਪੰਥੀ

ਸੰਤ ਹਰੀਆ ਗੁਰੂ ਅਰਜਨ ਦੇਵ ਦਾ ਸਮਕਾਲੀ ਸੀ। ਡਾ. ਸਿੰਗਲ ਨੇ ਡਾ. ਹਰਿਭਜਨ ਸਿੰਘ ਲਿਖਤ 'ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਯ' ਦਾ ਹਵਾਲਾ ਦੇ ਕੇ ਇਸ ਸੰਤ ਦੀਆਂ ਸਤਰਾਂ ਪੇਸ਼ ਕੀਤੀਆਂ ਹਨ :-

ਰਾਜ ਗਨਕਾ ਅਪਾਵਨ ਤਾਰੈ, ਛੀਪਾ, ਬਾਲਮੀਕ, ਮਾਣ ਸਿਆਰਾ।
ਤਉ ਦਰਸ ਮੁਕਤਿ ਸਿਧਾਏ, ਅਜਮਲ ਰਵਿਦਾਸ ਚਮਾਰਾ।179।[146]

ਅਸੀਂ ਗੁਰੂ ਰਵਿਦਾਸ ਬਾਰੇ ਸੰਤਾਂ ਭਗਤਾਂ ਵਲੋਂ ਪ੍ਰਗਟਾਏ ਵਿਚਾਰਾਂ ਦੀ ਰੋਸ਼ਨੀ ਵਿਚ ਦੇਖਦੇ ਹਾਂ ਕਿ ਬਹੁਤੇ ਸੰਤਾਂ ਨੇ ਉਨ੍ਹਾਂ ਲਈ ਆਦਰਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ । ਇਨ੍ਹਾਂ ਵਿਚਾਰਾਂ ਤੋਂ ਇਹ ਸਿੱਧ ਹੁੰਦਾ ਜਾਪਦਾ ਹੈ ਕਿ ਜਿੱਥੇ ਗੁਰੂ ਰਵਿਦਾਸ ਦੇ ਸਮਕਾਲੀਆਂ ਨੇ ਉਨ੍ਹਾਂ ਲਈ ਸਤਿਕਾਰ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਉੱਥੇ ਉਨ੍ਹਾਂ ਤੋਂ ਬਾਅਦ ਹੋਏ ਸੰਤਾਂ ਭਗਤਾਂ ਨੇ ਵੀ ਉਨ੍ਹਾਂ ਦੀ ਸ਼ਖਸੀਅਤ ਦਾ ਪ੍ਰਭਾਵ ਕਬੂਲਿਆ ਹੈ ।

## ਗੁਰੂ ਰਵਿਦਾਸ ਨਾਲ ਸੰਬੰਧਿਤ ਜਨਮ ਸਾਖੀਆਂ ਵਿਚੋਂ ਉਘੜਦੇ ਇਤਿਹਾਸ ਦੀ ਪ੍ਰਮਾਣਿਕਤਾ

ਗੁਰੂ ਰਵਿਦਾਸ ਬਾਰੇ ਮੁਢਲੀ ਜਨਮ-ਸਾਖੀ ਹਿੰਦੀ ਵਿਚ ਪਰਚਈ ਅਨੰਤਦਾਸ ਹੈ ਪਰੰਤੂ ਗੁਰੂ ਨਾਨਕ ਦੇਵ ਬਾਰੇ ਚਲੀ ਪਰੰਪਰਾ ਨੇ ਪੰਜਾਬੀ ਵਿਚ ਵੀ ਗੁਰੂ ਰਵਿਦਾਸ ਬਾਰੇ ਜਨਮ ਸਾਖੀ ਪਰੰਪਰਾ ਨੂੰ ਜਨਮ ਦਿੱਤਾ ਹੈ। ਪਰਚਈ ਅਨੰਤ ਦਾਸ ਹੋਵੇ ਜਾਂ ਨਾਭਾ ਦਾਸ ਕ੍ਰਿਤ ਭਗਤਮਾਲ ਜਾਂ ਫਿਰ ਪੰਜਾਬੀ ਵਿਚ ਰਚੀ ਗਈ ਰਚਨਾ ਹੋਵੇ, ਹਰ ਰਚਨਾ ਵਿਚ ਇਤਿਹਾਸਕ ਤੱਤਾਂ ਦੀ ਘਾਟ ਹੈ। ਇਸ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਸਾਡੇ ਸਾਖੀਕਾਰਾਂ ਦੀ ਰੁਚੀ ਇਤਿਹਾਸ ਵੱਲ ਨਹੀਂ ਸੀ। ਇਹ ਜਨਮ-ਸਾਖੀਆਂ ਧਾਰਮਿਕ ਸਾਹਿਤ ਹਨ ਜਾਂ ਇਤਿਹਾਸ, ਇਸ ਬਾਰੇ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਡਾ. ਪਿਆਰ ਸਿੰਘ ਲਿਖਦੇ ਹਨ ਕਿ ਸਾਖੀਕਾਰ ਇਤਿਹਾਸਕ ਸੂਝ ਨਹੀਂ ਸਨ ਰੱਖਦੇ।[147] ਇਸ ਦੀ ਇਕ ਮਿਸਾਲ ਦਿੰਦੇ ਹਨ ਕਿ ਇਕ ਸਾਖੀਕਾਰ ਨੇ ਬਾਬੇ ਨਾਨਕ ਨੂੰ ਜੋ ਪੰਦਰਵੀਂ ਸੋਲ੍ਹਵੀਂ ਸਦੀ ਵਿਚ ਹੋਏ, ਬਹਾਉਦੀਨ(ਮ੍ਰਿਤੂ 1267 ਈ.) ਦੇ ਪੋਤੇ ਰੁਕਨਦੀਨ(ਮ੍ਰਿਤੂ 1335 ਈ.) ਅਤੇ ਬਾਬਾ ਰਤਨ ਹਾਜੀ (ਮ੍ਰਿਤੂ 1234– 1235 ਈ.) ਅਤੇ ਗੋਰਖ ਨਾਥ (ਗਿਆਰਵੀਂ/ਬਾਰ੍ਹਵੀਂ ਸਦੀ) ਨਾਲ ਜਾ ਮਿਲਾਇਆ ਹੈ।[148] ਉਪਰੋਕਤ ਮਿਸਾਲ ਤੋਂ ਇਹੋ ਸਿੱਧ ਹੁੰਦਾ ਹੈ ਕਿ ਸਾਖੀਕਾਰਾਂ ਵਲੋਂ ਪੇਸ਼ ਕੀਤੇ ਵੇਰਵੇ ਕਿਸੇ ਤਰ੍ਹਾਂ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਠੀਕ ਨਹੀਂ ਜਾਪਦੇ ਹਨ।

ਡਾ. ਪਿਆਰ ਸਿੰਘ ਦਾ ਵਿਚਾਰ ਹੈ ਕਿ ਜਨਮ ਸਾਖੀ ਸਾਹਿਤ ਨੂੰ ਇਤਿਹਾਸ ਨਹੀਂ, ਸਾਹਿਤ ਮੰਨਣਾ ਵਧੇਰੇ ਯੋਗ ਹੈ।[149] ਉਨ੍ਹਾਂ ਅਨੁਸਾਰ ਇਹ ਉਹ ਸਾਹਿਤ ਹੈ ਜੋ ਇਕ ਨਾਇਕ ਤੇ ਧਾਰਮਿਕ ਆਗੂ ਦੇ ਆਦਰਸ਼ ਵਿਅਕਤੀਤਵ ਤੇ ਉਸ ਦੀ ਮੱਧਕਾਲੀਨ ਮਨੁੱਖ ਉਪਰ ਪਕੜ ਨੂੰ ਮੂਰਤੀਮਾਨ ਕਰਨ ਲਈ ਪੈਦਾ ਕੀਤਾ ਗਿਆ ਹੈ।[150] ਇਹ ਸਾਹਿਤ ਉਸ ਵੇਲੇ ਦੀ ਸਮਾਜਿਕ, ਰਾਜਨੀਤਕ, ਧਾਰਮਿਕ ਤੇ ਮਾਨਸਿਕ ਬਣਤਰ ਦਾ ਇਕ ਸੁਚੱਜਾ ਵਿਚਾਰ ਹੈ ਜਦੋਂ ਉਹ ਲਿਖਦੇ ਹਨ ਕਿ ਜਨਮ ਸਾਖੀਆਂ ਧਾਰਮਿਕ ਸਾਹਿਤ ਦੇ ਘੇਰੇ ਵਿਚ ਆਉਂਦੀਆਂ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੀ ਵਡਿਆਈ ਕਰਦਿਆਂ ਸਾਖੀਕਾਰ ਆਪਣੇ ਉਦੇਸ਼ ਦੀ ਪੂਰਤੀ ਲਈ ਸਾਖੀਕਾਰਾਂ ਨੇ ਇਤਿਹਾਸਕ ਤੱਥਾਂ ਨੂੰ ਵੀ ਉਹਲੇ ਕਰ ਦਿੱਤਾ। ਆਪਣੇ ਹੀ ਕਥਨ ਦੇ ਅਗਲੇ ਹਿੱਸੇ ਵਿਚ ਉਹ ਇਸ ਗੱਲ ਨੂੰ ਵੀ ਸਵੀਕਾਰ ਕਰਦੇ ਜਾਪਦੇ ਹਨ ਕਿ

ਜਨਮ ਸਾਖੀਆਂ ਵਿਚ ਕੁਝ ਕੁ ਇਤਿਹਾਸਕ ਤੱਥ ਜ਼ਰੂਰ ਹੀ ਮਿਲਦੇ ਹਨ ਕਿਉਂਕਿ ਆਖਰ ਸਾਖੀਕਾਰ ਲਿਖ ਤਾਂ ਇਕ ਇਤਿਹਾਸਕ ਵਿਅਕਤੀ ਬਾਰੇ ਹੀ ਸਨ ।

ਜਨਮ ਸਾਖੀਆਂ ਦੇ ਇਤਿਹਾਸਕ ਪੱਖ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਸੁਰਜੀਤ ਹਾਂਸ ਲਿਖਦੇ ਹਨ ਕਿ ਜਨਮ ਸਾਖੀ ਉਹ ਵਿਸ਼ੇਸ਼ ਸਾਹਿਤ ਰੂਪ ਹੈ ਜਿਸ ਦਾ ਆਪਣਾ ਲਿਖਣ ਢੰਗ ਅਤੇ ਚਿੰਨ੍ਹ ਦਾ ਮੁਹਾਵਰਾ ਹੈ।[152] ਉਨ੍ਹਾਂ ਅਨੁਸਾਰ ਸਾਖੀਕਾਰ ਦਾ ਉਦੇਸ਼ ਇਤਿਹਾਸ ਲਿਖਣਾ ਨਹੀਂ ਸਗੋਂ ਬਾਬੇ ਨਾਨਕ ਦੀ ਪ੍ਰਸਿੱਧੀ ਨੂੰ ਸਥਾਪਤ ਕਰਨਾ ਸੀ। ਉਪਰੋਕਤ ਵਿਚਾਰ ਕਿਸੇ ਹੱਦ ਤੱਕ ਸਹੀ ਹਨ ਕਿਉਂਕਿ ਇਤਿਹਾਸ ਦੀ ਕਸਵੱਟੀ ਤੇ ਪਰਖਿਆਂ ਇਹ ਰਚਨਾਵਾਂ ਪੂਰੀਆਂ ਨਹੀਂ ਉਤਰਦੀਆਂ। ਪ੍ਰਸਿੱਧ ਵਿਦਵਾਨ ਡਾ. ਫੌਜਾ ਸਿੰਘ ਦੀ ਰਾਇ ਸਾਨੂੰ ਵਡਮੁੱਲੀ ਜਾਪਦੀ ਹੈ, " - - - - ਇਸ ਲਈ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਜਿਹੜੇ ਲੋਕ ਇਨ੍ਹਾਂ ਨੂੰ ਨਿਰਾਪੁਰਾ ਇਤਿਹਾਸ ਸਮਝਦੇ ਹਨ, ਉਹ ਵੀ ਸਚਾਈ ਤੋਂ ਦੂਰ ਹਨ। ਜਨਮ ਸਾਖੀਆਂ ਸਹੀ ਅਰਥਾਂ ਵਿਚ ਸਾਹਿਤ ਤੇ ਇਤਿਹਾਸ ਦਾ ਇਕ ਮਿਸ਼ਰਤ ਰੂਪ ਹਨ।[153]

ਡਾ. ਫੌਜਾ ਸਿੰਘ ਆਪਣੇ ਨਿਬੰਧ ਵਿਚ ਲਿਖਦੇ ਹਨ ਕਿ ਉਹ ਜਨਮ ਸਾਖੀਆਂ ਦੇ ਇਤਿਹਾਸਕ ਪੱਖ ਤੋਂ ਇਨਕਾਰੀ ਨਹੀਂ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਇਨ੍ਹਾਂ ਜਨਮ ਸਾਖੀਆਂ ਨੂੰ ਹੋਰ ਸ੍ਰੋਤਾਂ ਨਾਲ ਮਿਲਾ ਕੇ ਪਰਖਿਆ ਜਾਵੇ ਤਾਂ ਕੁਝ ਕੁ ਇਤਿਹਾਸਕ ਸਮੱਗਰੀ ਮਿਲ ਸਕਦੀ ਹੈ।

ਡਾ. ਮੋਹਨ ਸਿੰਘ 'ਦੀਵਾਨਾ' ਨੇ ਆਪਣਾ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲੇ ਸਿੱਖਾਂ ਨੂੰ ਉਨ੍ਹਾਂ ਬਾਰੇ ਜਾਨਣ ਦੀ ਵੱਧ ਤੋਂ ਵੱਧ ਲਾਲਸਾ ਜਾਗੀ ਤੇ ਉਨ੍ਹਾਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਹਰ ਸਾਖੀਕਾਰ ਵੱਧ ਤੋਂ ਵੱਧ ਪ੍ਰਮਾਣਿਕ ਤੇ ਵਿਸ਼ਵਾਸ਼ਯੋਗ ਵਾਕਫ਼ੀ ਦੇਣ ਦਾ ਦਾਅਵਾ ਕਰਨ ਲੱਗਾ। ਇਨ੍ਹਾਂ ਵਿੱਚ ਇਤਿਹਾਸ ਘੱਟ ਤੇ ਲੋਕਗਾਥਾ ਵਧੇਰੇ ਲੱਭੀ ਜਾ ਸਕਦੀ ਹੈ। ਉਨ੍ਹਾਂ ਅਨੁਸਾਰ ਹੀ ਇਨ੍ਹਾਂ ਸਾਖੀਆਂ ਦਾ ਜਨਮ ਮੁੱਖ ਤੌਰ ਤੇ ਸੰਤਾਂ ਤੇ ਗੁਰੂਆਂ ਦੇ ਮੁੱਖ ਵਾਕਾਂ ਨੂੰ ਲਿਖਣ ਤੇ ਸਾਂਭਣ ਦੀ ਧਾਰਮਿਕ ਲੋੜ ਵਿਚੋਂ ਪੈਦਾ ਹੋਇਆ।[154]

ਡਾ. ਸਿੰਗਲ ਆਪਣੇ ਖੋਜ ਨਿਬੰਧ ਪੁਰਾਤਨ ਜਨਮ ਸਾਖੀ ਦੀ ਸਾਹਿਤਕ-ਇਤਿਹਾਸਕ ਮਹੱਤਤਾ ਵਿਚ ਲਿਖਦੇ ਹਨ, " ਸਾਖੀਆਂ ਮਨੋਕਲਪਿਤ ਗਿਆਨ ਕਥਾਵਾਂ ਹਨ।

ਇਨ੍ਹਾਂ 'ਚ ਆਇਆ ਇਤਿਹਾਸ ਜਾਂ ਇਤਿਹਾਸਕ ਵਿਅਕਤੀਆਂ ਸੰਬੰਧੀ ਹਵਾਲੇ ਇਤਿਹਾਸਕ ਕਸਵੱਟੀ ਤੇ ਪੂਰੇ ਨਹੀਂ ਉਤਰਦੇ ।"[155]

ਡਾ. ਸਿੰਗਲ ਦੇ ਵਿਚਾਰ ਅਨੁਸਾਰ ਪ੍ਰਮਾਣਿਕ ਵਿਅਕਤੀ ਇਕੋ ਇਕ ਗੁਰੂ ਨਾਨਕ ਦੇਵ ਹੈ। ਸਾਖੀਕਾਰਾਂ ਦੇ ਹੱਥਾਂ ਵਿਚ ਗੁਰੂ ਨਾਨਕ ਦਾ ਵਿਅਕਤੀਤਵ ਯਥਾਰਥਕ ਨਾ ਹੋ ਕੇ ਕਲਪਿਤ ਹੋ ਗਿਆ ਹੈ। ਆਪਣੀ ਕਲਪਨਾ ਦੇ ਸਹਾਰੇ ਸਾਖੀਕਾਰਾਂ ਨੇ ਕੁਝ ਅਜਿਹੇ ਤੱਥ ਪੇਸ਼ ਕੀਤੇ ਹਨ ਜੋ ਬਾਣੀ ਵਿਚਲੇ ਗੁਰੂ ਨਾਨਕ ਨਾਲ ਮੇਲ ਨਹੀਂ ਖਾਂਦੇ। ਡਾ. ਸਿੰਗਲ ਸਾਹਿਬ ਲਿਖਦੇ ਹਨ, " ਉਨ੍ਹਾਂ ਦੀ ਬਾਣੀ ਦੀਆਂ ਤੁਕਾਂ ਜਾਂ ਹੋਰ ਗੁਰੂ ਸਾਹਿਬਾਨ ਦੀ ਬਾਣੀ ਸਮੇਂ, ਸਥਾਨ ਅਤੇ ਸਥਿੱਤੀ ਦੀ ਲੋੜ ਅਨੁਸਾਰ ਢਾਲ ਕੇ ਸਿੱਖਿਆਦਾਇਕ ਜਾਂ ਉਪਦੇਸ਼ਾਤਮਕ ਸ਼ੈਲੀ ਵਿਚ ਪੇਸ਼ ਕਰ ਦਿੱਤੀ ਗਈ ਹੈ। ਜੋ ਲੋਕ ਇਨ੍ਹਾਂ ਵਿਚੋਂ ਹਵਾਲੇ ਲੈ ਕੇ ਕਿਸੇ ਇਤਿਹਾਸਕ ਸੱਚ ਦੱਸਣ ਦੀ ਗੱਲ ਕਰਦੇ ਹਨ ਉਹ ਭਾਰੀ ਗਲਤੀ ਦਾ ਸ਼ਿਕਾਰ ਹਨ।"[156]

ਡਾ. ਮੈਕਲੋਡ ਦੇ ਵਿਚਾਰ ਵੀ ਇਸੇ ਕਥਨ ਦੀ ਪੁਸ਼ਟੀ ਕਰਦੇ ਹਨ ਜਦੋਂ ਉਹ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਨਾਲ ਜੁੜੀਆਂ ਬਹੁਤੀਆਂ ਘਟਨਾਵਾਂ ਇਤਿਹਾਸ ਨਾਲੋਂ ਦੰਦ-ਕਥਾਵਾਂ ਜਾਂ ਰਵਾਇਤਾਂ ਵਧੇਰੇ ਹਨ।"[157]

ਜਨਮ ਸਾਖੀਆਂ ਭਾਵੇਂ ਉਹ ਕਿਸੇ ਵੀ ਧਾਰਮਿਕ ਆਗੂ ਨਾਲ ਸੰਬੰਧਿਤ ਹੋਣ, ਨਿਰਸੰਦੇਹ ਕਾਲਪਨਿਕ ਰਚਨਾਵਾਂ ਹਨ ਤੇ ਕਿਸੇ ਕਾਲਪਨਿਕ ਰਚਨਾ ਵਿਚੋਂ ਕੋਈ ਹਵਾਲਾ ਲੈ ਕੇ ਇਤਿਹਾਸਕ ਤੱਤਾਂ ਦੀ ਖੋਜ ਕਰਨੀ ਬਹੁਤੀ ਲਾਭਦਾਇਕ ਨਹੀਂ ਹੋ ਸਕਦੀ ਕਿਉਂਕਿ ਅਜਿਹਾ ਕਰਦਿਆਂ ਸ਼ੰਕੇ ਤੇ ਅਨਿਸ਼ਚਤਤਾ ਦੀ ਹੋਂਦ ਸਦਾ ਬਣੀ ਰਹੇਗੀ। ਪ੍ਰਮਾਣਿਕਤਾ ਦੀ ਅਣਹੋਂਦ ਜ਼ਰੂਰ ਖਟਕੇਗੀ । ਉਪਰੋਕਤ ਸਾਰੇ ਵਿਚਾਰ ਤੋਂ ਸਿੱਟਾ ਇਹੀ ਨਿਕਲਦਾ ਹੈ ਕਿ ਗੁਰੂ ਰਵਿਦਾਸ ਬਾਰੇ ਜਨਮ ਸਾਖੀਆਂ ਜਿਸ ਪ੍ਰਸਥਿਤੀ ਤੇ ਰੁਚੀ ਅਧੀਨ ਰਚੀਆਂ ਗਈਆਂ ਉਹ ਇਤਿਹਾਸਕ ਹੋਣ ਦਾ ਦਾਅਵਾ ਕਰਨ ਦੇ ਸਮਰੱਥ ਨਹੀਂ ਹਨ। ਇਨ੍ਹਾਂ ਨੂੰ ਪੂਰੀ ਤਰ੍ਹਾਂ ਇਤਿਹਾਸ ਮੰਨ ਲੈਣਾ ਠੀਕ ਨਹੀਂ ਹੋ ਸਕਦਾ ਹੈ। ਡਾ. ਕਿਰਪਾਲ ਸਿੰਘ ਆਪਣੀ ਪੁਸਤਕ 'ਜਨਮ ਸਾਖੀ ਪਰੰਪਰਾ ' ਵਿੱਚ ਲਿਖਦੇ ਹਨ ਕਿ ਇਹ ਸਾਖੀਆਂ ਇਤਿਹਾਸਕ ਤੱਤਾਂ ਨਾਲ ਭਰੀਆਂ ਪਈਆਂ ਹਨ ਜਿਹੜੀਆਂ ਕਿ ਗੁਰੂ ਨਾਨਕ ਸਾਹਿਬ ਦੀ ਜੀਵਨੀ ਬਣਾਉਣ ਵਾਸਤੇ ਜ਼ਰੂਰੀ ਹਨ। ਉਨ੍ਹਾਂ ਅਨੁਸਾਰ ਸਾਖੀਕਾਰ ਬਹੁਤ ਜ਼ਿਆਦਾ ਇਤਿਹਾਸਕ ਸੂਝ ਰੱਖਦੇ ਸਨ।[158]

ਪਰੰਤੂ ਸਾਡਾ ਵਿਚਾਰ ਹੈ ਕਿ ਜਨਮ ਸਾਖੀਆਂ ਦੀ ਰਚਨਾ ਵਿਧੀ ਨੂੰ ਧਿਆਨ ਗੋਚਰੇ ਰਖਦਿਆਂ ਇਨ੍ਹਾਂ ਦੇ ਆਧਾਰ 'ਤੇ ਕੋਈ ਇਤਿਹਾਸਕ ਜੀਵਨੀ ਨਹੀਂ ਲਿਖੀ ਜਾ ਸਕਦੀ। ਜਿਵੇਂ ਅਸੀਂ ਪਹਿਲਾਂ ਕਿਹਾ ਹੈ ਕਿ ਇਹ ਕਾਲਪਨਿਕ ਰਚਨਾਵਾਂ ਹਨ ਤੇ ਗਲਪ ਯਥਾਰਥ ਤੇ ਕਲਪਨਾ ਦਾ ਸੁਮੇਲ ਹੁੰਦੀ ਹੈ। ਡਾ. ਸਿੰਗਲ ਦਾ ਵਿਚਾਰ ਸਹੀ ਜਾਪਦਾ ਹੈ ਜਦੋਂ ਉਹ ਕਹਿੰਦੇ ਹਨ, ਕਿ ਜਨਮ ਸਾਖੀ ਸਾਹਿਤ ਨੂੰ ਇਤਿਹਾਸ ਨਹੀਂ, ਸਾਹਿਤ ਮੰਨਣਾ ਵਧੇਰੇ ਯੋਗ ਹੈ। ਇਨ੍ਹਾਂ ਵਿਚੋਂ ਜੋ ਲੱਭਦਾ ਹੈ ਉਹ ਇਤਿਹਾਸ ਨਹੀਂ ਸੱਭਿਆਚਾਰ ਹੈ। ਸ਼ਾਇਦ ਇਸ ਵਡਮੁੱਲੇ ਖਜ਼ਾਨੇ ਦੀ ਪਛਾਣ ਦੀ ਸਹੀ ਸੇਧ ਹੈ।"[159]

## ਸਿੱਟੇ ਤੇ ਨਚੋੜ

ਅੰਤ ਵਿੱਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਸਾਹਿਬ ਦੇ ਸਮਕਾਲੀਆਂ ਵਿਚੋਂ ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ਾਂ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਪਿਛਲੇ ਪੰਨਿਆਂ ਤੇ ਕਰ ਆਏ ਹਾਂ। ਕਬੀਰ ਸਾਹਿਬ ਨਾਲ ਉਨ੍ਹਾਂ ਦਾ ਭਾਵਾਤਮਕ ਰਿਸ਼ਤਾ ਸੀ ਤੇ ਦੋਵੇਂ ਹੀ ਇਕ ਦੂਜੇ ਦਾ ਆਦਰ ਕਰਦੇ ਸਨ। ਕਬੀਰ-ਰਵਿਦਾਸ ਸੰਬੰਧ ਨੂੰ ਵਿਦਵਾਨਾਂ ਦਾ ਵੱਡਾ ਵਰਗ ਕਬੂਲ ਕਰਦਾ ਹੈ। ਪੀਪਾ ਜੀ ਨੇ ਉਨ੍ਹਾਂ ਬਾਰੇ ਠੀਕ ਹੀ ਲਿਖਿਆ ਹੈ ਕਿ ਜੇ ਰਵਿਦਾਸ ਤੇ ਕਬੀਰ ਨਾ ਹੁੰਦੇ ਤਾਂ ਲੋਕ ਭਗਤੀ ਨੂੰ ਪਤਾਲ 'ਚ ਧੱਕ ਦਿੰਦੇ। ਇਸੇ ਤਰ੍ਹਾਂ ਧੰਨਾ ਜੀ ਜਿਹੇ ਭਗਤ ਨੇ ਉਨ੍ਹਾਂ ਬਾਰੇ ਬਹੁਤ ਹੀ ਸਤਿਕਾਰਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ। ਵਿਦਵਾਨਾਂ ਦੀ ਰਾਇ ਅਨੁਸਾਰ ਸਾਨੂੰ ਰਵਿਦਾਸ ਮੀਰਾ ਸੰਬੰਧ ਨੂੰ ਮੰਨਣਾ ਪੈਂਦਾ ਹੈ ਜਿਸਦੀ ਪੁਸ਼ਟੀ ਮੀਰਾ ਜੀ ਦੇ ਪਦਿਆਂ ਤੋਂ ਹੋ ਜਾਂਦੀ ਹੈ।

ਸੰਤਾਂ ਭਗਤਾਂ ਵਲੋਂ ਰਵਿਦਾਸ ਜੀ ਬਾਰੇ ਭਾਵਪੂਰਵਕ ਟਿੱਪਣੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਰਵਿਦਾਸ ਜੀ ਗਹਿਰ-ਗੰਭੀਰ ਤੇ ਪਰਮਾਤਮਾ ਨਾਲ ਇਕਮਿਕ ਹੋਈ ਸ਼ਖ਼ਸੀਅਤ ਸਨ। ਕਬੀਰ ਜੀ ਦੇ 'ਸਾਧਨ ਮੈ ਰਵਿਦਾਸ ਸੰਤ' ਕਹਿ ਕੇ ਆਪਣਾ ਆਦਰ ਪੇਸ਼ ਕੀਤਾ ਹੈ।

ਜਨਮਸਾਖੀ ਭਾਵੇਂ ਨਿਰੋਲ ਇਤਿਹਾਸ ਨਹੀਂ ਹਨ ਪਰੰਤੂ ਇਨ੍ਹਾਂ ਵਿੱਚ ਮਿਲਦੀ ਜਾਣਕਾਰੀ ਨੂੰ ਮੁੱਢੋਂ ਹੀ ਨਕਾਰਿਆ ਨਹੀਂ ਜਾ ਸਕਦਾ ਹੈ। ਜਨਮ ਸਾਖੀਆਂ

ਵਿੱਚ ਦਰਦ ਵੇਰਵਾ ਤੱਥ ਮੂਲਕ ਨਾ ਹੋ ਕੇ ਭਾਵਨਾ- ਮੂਲਕ ਹੈ। ਸਮੇਂ ਕਾਲ ਦੀ ਦ੍ਰਿਸ਼ਟੀ ਤੋਂ ਵੀ ਕਈ ਅਜਿਹੀਆਂ ਘਟਨਾਵਾਂ ਦਰਜ ਹੋ ਗਈਆਂ ਹਨ ਜਿਨ੍ਹਾਂ ਤੇ ਵਿਸ਼ਵਾਸ਼ ਕਰਨਾ ਮੁਸ਼ਕਲ ਹੈ। ਗੁਰੂ ਰਵਿਦਾਸ ਸੰਬੰਧੀ ਜਨਮਸਾਖੀ ਸਾਹਿਤ ਵਿਚੋਂ ਵੀ ਇਤਿਹਾਸ ਦੀ ਪ੍ਰਮਾਣਿਕਤਾ ਕਰਨੀ ਬਹੁਤ ਮੁਸ਼ਕਲ ਕੰਮ ਜਾਪਦਾ ਹੈ ।

## ਟਿੱਪਣੀਆਂ ਤੇ ਹਵਾਲੇ

1. ਡਾ. ਬੀ.ਪੀ. ਸ਼ਰਮਾ ,(ਸੰਪਾ.) ਭਗਤ ਰਤਨਾਵਲੀ, ਪੰਨਾ- 16.
2. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 36.
3. -ਉਹੀ-, ਪੰਨਾ- 36.
4. ਪੰਜਾਬੀ ਦੁਨੀਆ, ਜੁਲਾਈ- ਅਗਸਤ,1971, ਪੰਨਾ- 36.
5. Guru Nanak And Sikh Religion, P.154.
6. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 240.
7. ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਪੰਨਾ- 224.
8. ਡਾ. ਹਜ਼ਾਰੀ ਪ੍ਰਸਾਦ ਦਿਵੇਦੀ,ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ- 57
9. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 37.
10. ਡਾ. ਜੋਗਿੰਦਰ ਸਿੰਘ, ਸੰਤ ਰੈਦਾਸ, ਪੰਨਾ- 13.
11. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 37
12. -ਉਹੀ-, ਪਰਚਈ- ਅਨੰਤਦਾਸ, ਪੰਨਾ- 37.
13. ਡਾ. ਧਰਮਪਾਲ ਸਿੰਗਲ, ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 10.

14 ਅਤੇ 15. -ਉਹੀ-, ਪੰਨਾ- 10,12.

16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 487.

17 ਅਤੇ 18. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨਾ- 15, 15.

19. ਡਾ. ਧਰਮਪਾਲ ਸਿੰਗਲ, ਪ੍ਰਾਚੀਨ ਜੀਵਨ ਕਥਾ, ਪੰਨਾ- 59.
20. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,ਅਰਥਾਤ ਪੋਥੀ ਸਚਖੰਡ, ਸੈਂਚੀ ਪਹਿਲੀ,ਪੰਨਾ -190.
21. ਰਵਿਦਾਸ ਦਰਸ਼ਨ,ਪੰਨਾ- 145.

22.ਅਤੇ 23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 733, 1192.

24. ਪੰਜਾਬੀ ਦੁਨੀਆ, ਜੁਲਾਈ-ਅਗਸਤ, 1971, ਪੰਨਾ- 24.
25. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 39.
26. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ- 73.
27. ਮਹਾਨ ਕੋਸ਼, ਪੰਨਾ- 236.

28. ਸ੍ਰੀ ਕਰਮ ਸਿੰਘ ਰਾਜੂ, ਹਉ ਬਨਜਾਰੋ ਰਾਮ ਕੋ, ਪੰਨਾ- 31.

29. -ਉਹੀ-, ਪੰਨਾ- 31.

30. ਵੀਰੇਂਦ੍ਰ ਕੁਮਾਰ ਸੇਠੀ, ਮੀਰਾ ਪ੍ਰੇਮ ਦੀਵਾਨੀ, ਜੀਵਨੀ, ਉਪਦੇਸ਼ ਅਤੇ ਬਾਣੀ ।
ਹਵਾਲਾ , ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 39.

31. ਤੋਂ 33. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 37,39,39.

34. ਗੁਰੂ ਰਵਿਦਾਸ, ਪੰਨਾ- 6-7.

35. ਹਉ ਬਨਜਾਰੋ ਰਾਮ ਕੋ, ਪੰਨਾ- 57-59.

36. ਸੰਤ ਰੈਦਾਸ, ਪੰਨਾ- 10-11.

37. ਹਿੰਦੀ ਸਾਹਿੱਤਯ ਕਾ ਵਿਗਿਆਨਕ ਇਤਿਹਾਸ, ਪੰਨਾ- 208.

38. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 41.

39. -ਉਹੀ-, ਪੰਨਾ- 44.

40. ਪਰਸ਼ੁਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 242.

41. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨਾ- 16.

42 ਅਤੇ 43. ਸੰਤ ਰਵਿਦਾਸ ਮਹਾਤਮਯ, ਸੰਤ ਜਗਬੀਰ ਸਿੰਘ, ਪੰਨਾ- 68,69.

44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 1390.

45. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਗੁਰੂ ਰਵਿਦਾਸ, ਪੰਨਾ- 44.

46 ਅਤੇ 47. ਗੁਰੂ ਗ੍ਰੰਥ ਸਾਹਿਬ, ਪੰਨਾ- 835 , 733.

48 ਤੋਂ 50. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 25,25, 27.

51. ਵਾਰਾਂ ਭਾਈ ਗੁਰਦਾਸ, ਪੰਨਾ- 177.

52. -ਉਹੀ-, ਵਾਰ ਨੰ: 23, ਪਉੜੀ 15.

53 ਅਤੇ 54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 1207-08, 1192.

55. ਧਰਨੀਦਾਸ ਜੀ ਦੀ ਬਾਨੀ, ਬੈਲਵੇਡਿਯਰ ਪ੍ਰਿੰਟਿੰਗ ਵਰਕਸ, ਪੰਨਾ- 13.

56 ਤੋਂ 59. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨੇ- 33,33,33,33.

60. ਹਵਾਲਾ ਸ੍ਰੀ ਭਗਵਾਨ ਨਰਾਇਣ ਵਚਨ ਸੁਧਾ, ਪੰਨਾ- 55,176,222,263,314.

61 ਤੋਂ 69. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨੇ- 37, 38,38,38,38,38, 47,
47, ਅਤੇ 47.

70. ਲਖਮੀਰੀ ਰਾਮ ਟ੍ਰਸਟ, ਜੈਪੁਰ, ਸੰਤ ਸਾਹਿਤ ਸੁਮਨ ਮਾਲਾ, ਪੰਚਮ ਸੁਮਨ, ਪੰਨਾ-4.

71. -ਉਹੀ-, ਪੰਨਾ- 8.

72 ਤੋਂ 74. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨੇ- 51,51,52,54

75. ਸੰ: ਮੰਗਲਦਾਸ, ਸੰਤ ਸਾਹਿਤ ਸੁਮਨ ਮਾਲਾ, ਪੰਨਾ- 36.

76 ਤੋਂ 82. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨਾ- 55, 42,42,44,45,45ਅਤੇ 57.

83 ਤੋਂ 85. ਬਖਨਾ ਜੀ ਕੀ ਬਾਣੀ-ਸੰ: ਸਵਾਮੀ ਮੰਗਲਦਾਸ ,ਪੰਨਾ- 141-42,48,49.

86 ਅਤੇ 87. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 61,61

88. ਸੁੰਦਰ ਬਿਲਾਸ, ਬੇਲਵਿਡਿਅਰ ਪ੍ਰੈਸ, ਚੌਥੀ ਛਾਪ,1968,ਪੰਨਾ- 7.

89. ਸੰ ਸਵਾਮੀ ਮੰਗਲਦਾਸ, ਪੰਚਾਮ੍ਰਿਤ, ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨਾ- 63.

90. ਨਾਭਾ ਸਵਾਮੀ, ਭਕਤ ਮਾਲ, ਪੰਨਾ- 59.

91 ਤੋਂ 94. ਰਾਘਵਦਾਸ, ਭਕਤਮਾਲ,ਪੰਨਾ- 78, 51,57, 56.

95. ਤੋਂ 97. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨੇ- 71,72,72.

98. ਸੰਤ ਰਵਿਦਾਸ ਮਹਾਤਮਯ, ਪੰਨਾ- 72.

99 ਤੋਂ 101. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨੇ- 74, 75,75,

102. ਰਾਘੋਦਾਸ, ਭਕਤਮਾਲ, ਪੰਨਾ- 282.

103. -ਉਹੀ-, ਪੰਨਾ- 282.

104 ਤੋਂ 107. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨੇ- 79,80,82,82.

108. ਰਾਘਵ ਦਾਸ,ਭਕਤਮਾਲ, ਪਰਿਸ਼ਿਸ਼ਟ- 2, ਜਸਕੀਰਤ ,ਪੰਨਾ- 83.

109. ਲਾਲ ਜੀ ਦਾਸ ਬੈਰਾਗੀ, ਬਾਰਾਮਾਹ ਨਰਸੀ ਭਗਤ, ਪੰਨਾ- 326.

110. ਡਾ. ਗੋਬਿੰਦ ਸਿੰਘ ਲਾਂਬਾ, ਆਦਿ ਗ੍ਰੰਥ ਤੋਂ ਬਾਹਰਲੇ ਭਗਤ ਤੇ ਉਨ੍ਹਾਂ ਦਾ ਸਾਹਿਤ, ਪੰਨਾ- 97.

111 ਤੋਂ 113. ਸ੍ਰੀ ਗਰੀਬਾਚਾਰਯ ਜੀ ਮਹਾਰਾਜ ਕਾ ਸੰਖਿਪਤ ਜੀਵਨ ਚਰਿਤ੍ਰ,ਪੰਨੇ-42,42 ਅਤੇ 116.

114. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 348.

115. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨਾ- 92.

116. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ- 'ਢ'

117. ਚਰਨਦਾਸ ਜੀ ਕੀ ਬਾਣੀ ਭਾਗ- 1,ਪੰਨਾ- 54.

118. ਬ੍ਰਿਨਯਮਾਲਿਕਾ ਦਯਾ ਬਾਈ ਕੀ ਬਾਨੀ, ਪੰਨਾ- 21.

119. ਪਲਟੂ ਸਾਹਿਬ ਕੀ ਬਾਨੀ-ਦੂਜਾ ਭਾਗ ,ਪੰਨਾ- 93.

120. ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਤਨ, ਪੰਨਾ- 179.

121. ਪੋਥੀ ਹਰਿ ਜਸ, ਪੰਨਾ- 464.

122 ਤੋਂ 125. -ਉਹੀ-, 501, 511, 916 ਅਤੇ 148.

126 ਤੋਂ 132. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨੇ- 127,127,127, 135, 140, 12 3, 123.

133 ਤੋਂ 141. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨੇ- 106।, 107।,108, 109, 110, 111,113,114,115.

142. ਅਸਲੀ ਰਵਿਦਾਸ ਰਮਾਇਣ, ਬਖਸ਼ੀ ਦਾਸ,ਪੰਨਾ- 29-39.

143 ਤੇ 144. ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਪੰਨੇ- 118, 118.

145. ਪੁਰਾਤਨ ਜਨਮ ਸਾਖੀ, ਪੰਨਾ- 62-63.

146. ਜਸਕੀਰਤ ਸ੍ਰੀ ਗੁਰੂ ਰਵਿਦਾਸ, ਪੰਨਾ- 119.

147 ਤੇ 150. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨੇ- 21, 21,21, 21.

151. ਜਨਮ ਸਾਖੀਆਂ ਦਾ ਤਾਰਕਿਕ ਅਧਿਐਨ, ਪੰਨਾ- 107.

152. ਪੁਰਾਤਨ ਪੰਜਾਬੀ ਵਾਰਤਕ, ਖੋਜ ਪੱਤ੍ਰਿਕਾ ਵਿਸ਼ੇਸ਼ ਅੰਕ, ਪੰਨਾ- 44.

153. ਡਾ. ਮਨਜੀਤ ਸਿੰਘ ,ਸਾਖੀ ਸੁਰਤਿ ਜਨਮਸਾਖੀਆਂ ਸਾਹਿਤ ਜਾਂ ਇਤਿਹਾਸ,ਪੰਨਾ-84.

154. A History of Panjabi Literature, P. 83.

155. ਤੋਂ 157. ਖੋਜ ਪੱਤ੍ਰਿਕਾ ਵਿਸ਼ੇਸ਼ ਅੰਕ, ਪੁਰਾਤਨ ਵਾਰਤਕ, ਪੰਨੇ- 115,115,117.

158. ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ, ਪੰਨਾ- 43.

159. ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 118.

# ਅਧਿਆਇ ਚੌਥਾ

## ਕਥਾਨਕ ਰੂੜ੍ਹੀਆਂ ਅਤੇ ਜਨਮਸਾਖੀਆਂ ਦਾ ਮਿੱਥਿਕ ਅਧਿਐਨ

## ਕਥਾਨਕ ਰੂੜ੍ਹੀਆਂ ਅਤੇ ਜਨਮਸਾਖੀਆਂ ਦਾ ਮਿਥਿਕ ਅਧਿਐਨ

ਜਨਮ ਸਾਖੀ ਮੱਧਕਾਲੀਨ ਸਾਹਿਤ ਦਾ ਉਹ ਰੂਪ ਹੈ ਜਿਸ ਦੀ ਰਚਨਾ ਕਿਸੇ ਧਾਰਮਿਕ ਨਾਇਕ ਦੀ ਵਿਲੱਖਣਤਾ ਦਰਸਾਉਣ ਤੇ ਬਾਣੀ ਦੀ ਵਿਆਖਿਆ ਹਿੱਤ ਹੋਈ। ਜਨਮ ਸਾਖੀਆਂ ਉਨ੍ਹਾਂ ਸਾਖੀਆਂ ਦਾ ਸੰਗ੍ਰਹਿ ਹਨ, ਜਿਨ੍ਹਾਂ ਦੀ ਰਚਨਾ ਕਥਾਨਕ ਰੂੜ੍ਹੀਆਂ ਦੇ ਆਧਾਰ 'ਤੇ ਹੋਈ। ਸਮੁੱਚੇ ਮੱਧਕਾਲੀਨ ਸਾਹਿਤ ਵਿਚ ਇਨ੍ਹਾਂ ਕਥਾਨਕ ਰੂੜ੍ਹੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਕਥਾਨਕ ਰੂੜ੍ਹੀਆਂ ਕਥਾ ਪਰੰਪਰਾ ਦਾ ਇਕ ਅੰਗ ਬਣ ਗਈਆਂ ਹਨ। ਕਥਾਨਕ ਰੂੜ੍ਹੀ ਦਾ ਅੰਗਰੇਜ਼ੀ ਵਿਚ ਸਮਾਨਾਰਥਕ ਸ਼ਬਦ ਮੋਟਿਫ( Motifs ) ਹੈ। ਕਥਾਨਕ ਰੂੜ੍ਹੀਆਂ ਬਾਰੇ ਆਪਣੇ ਵਿਚਾਰ ਡਾ. ਵਣਜਾਰਾ ਬੇਦੀ ਨੇ ਇਸ ਤਰ੍ਹਾਂ ਪੇਸ਼ ਕੀਤੇ ਹਨ, " ਕਥਾਨਕ ਰੂੜ੍ਹੀ ਕਿਸੇ ਕਥਾ ਕਹਾਣੀ ਦਾ ਉਹ ਛੋਟੇ ਤੋਂ ਛੋਟਾ ਇਕਾਈ ਤੱਤ ਹੈ ਜੋ ਆਪਣੇ ਆਪ ਵਿਚ ਸੰਪੂਰਨ ਅਰਥ ਰੱਖਦਾ ਹੈ ਅਤੇ ਮੁੱਢ ਕਦੀਮ ਤੋਂ ਹੀ ਅਨੇਕਾਂ ਕਥਾ-ਕਹਾਣੀਆਂ ਵਿਚ ਬਾਰ-ਬਾਰ ਦੁਹਰਾਏ ਜਾਣ ਕਰਕੇ ਕਥਾ-ਪਰੰਪਰਾ ਦਾ ਅੰਗ ਬਣ ਗਿਆ ਹੁੰਦਾ ਹੈ।"[1]

ਇਹ ਕਥਾਨਕ ਰੂੜ੍ਹੀਆਂ ਕਥਾ-ਪਰੰਪਰਾ ਵਿਚ ਵਿਲੀਨ ਹੋ ਜਾਂਦੀਆਂ ਹਨ ਜਿਸ ਦਾ ਵੱਡਾ ਕਾਰਨ ਇਨ੍ਹਾਂ ਦੀ ਰੋਚਿਕਤਾ ਹੈ। ਇਹ ਰੋਚਕਤਾ ਹੀ ਇਸ ਕਥਾ-ਪਰੰਪਰਾ ਨੂੰ ਲੋਕ-ਪ੍ਰਿਅ ਬਣਾਉਂਦੀ ਹੈ ਸਿਰਫ ਪੰਜਾਬੀ ਵਿਚ ਹੀ ਨਹੀਂ ਸਗੋਂ ਬਾਕੀ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਵਿਚ ਹੀ ਇਨ੍ਹਾਂ ਕਥਾਨਕ ਰੂੜ੍ਹੀਆਂ ਦੀ ਸਹਾਇਤਾ ਨਾਲ ਸਾਹਿਤ ਰਚਿਆ ਗਿਆ ਹੈ। ਡਾ. ਬੇਦੀ ਅਨੁਸਾਰ, " ਕਥਾਨਕ ਰੂੜ੍ਹੀਆਂ ਇਕ ਸੱਚੇ ਵਿਚ ਢਲੇ ਹੋਏ ਵਸਤੂ ਤੇ ਵਿਚਾਰ ਹਨ ਜੋ ਕਿਸੇ ਜਾਤੀ ਦੀਆਂ ਕਥਾ-ਕਹਾਣੀਆਂ ਵਿਚ ਇਕ ਖਾਸ ਤਰ੍ਹਾਂ ਦਾ ਮਾਨਸਿਕ ਪ੍ਰਭਾਵ, ਵਸਤੂ ਰੋਚਿਕਤਾ ਤੇ ਪਰਸਥਿਤੀ ਪੈਦਾ ਕਰਨ ਲਈ ਮੁੜ ਮੁੜ ਦੁਹਰਾਏ ਜਾਂਦੇ ਹਨ।"[2]

ਡਾ. ਬੇਦੀ ਨੇ ਕਥਾਨਕ ਰੂੜ੍ਹੀ ਦੀ ਇਕ ਬਹੁਤ ਵਧੀਆ ਉਦਾਹਰਣ ਦਿੱਤੀ ਹੈ ਜਦੋਂ ਉਹ ਇਹ ਕਹਿੰਦੇ ਹਨ ਕਿ ਅੰਡਾ ਦਿੰਦੀ ਮੁਰਗੀ ਮੋਟਿਫ ਨਹੀਂ, ਸੋਨੇ ਦਾ ਅੰਡਾ ਦਿੰਦੀ ਮੁਰਗੀ ਮੋਟਿਫ ਹੈ। ਸਾਧਾਰਨ ਜਲ ਜੋ ਮੋਟਿਫ ਨਹੀਂ, ਪਰ ਮੁਰਦਿਆਂ ਨੂੰ ਸੁਰਜੀਤ ਕਰਨ ਵਾਲਾ ਵਿਸ਼ੇਸ਼ ਜਲ ਮੋਟਿਫ ਹੈ। ਨਦੀ ਉੱਪਰ ਤੈਰਨਾ ਮੋਟਿਫ ਨਹੀਂ, ਨਦੀ ਦੇ ਪਾਣੀ ਉੱਪਰ ਚੱਲਣਾ ਮੋਟਿਫ ਹੈ।[3]

ਕਥਾਨਕ ਰੂੜ੍ਹੀ ਜਾਂ ਮੋਟਿਫ ਦਾ ਮੁੱਢਲਾ ਗੁਣ ਉਸ ਦੀ ਅਸਾਧਾਰਣਤਾ ਹੈ। ਜਿਵੇਂ ਵਿਸ਼ੇਸ਼ ਅਰਥ ਗ੍ਰਹਿਣ ਕੀਤੇ ਬਿਨਾ ਕੋਈ ਵਾਕੰਸ਼ ਮੁਹਾਵਰਾ ਨਹੀਂ ਬਣਦਾ ਇਸੇ ਤਰ੍ਹਾਂ ਜੀਵਨ ਦੀ ਕੋਈ ਪ੍ਰਕ੍ਰਿਆ ਉਦੋਂ ਤਕ ਵਸਤੂ ਹੀ ਰਹਿੰਦੀ ਹੈ ਮੋਟਿਫ ਨਹੀਂ ਬਣਦੀ, ਜਦੋਂ ਤਕ ਉਹ ਅਸਾਧਾਰਣ ਨਹੀਂ ਹੁੰਦੀ ।

ਬਹੁਤ ਸਾਰੀਆਂ ਕਥਾਨਕ ਰੂੜ੍ਹੀਆਂ ਦਾ ਉਦੈ ਪਰਾ-ਇਤਿਹਾਸਕ ਕਾਲ ਵਿਚ ਹੋਇਆ।[4] ਡਾ. ਬੇਦੀ ਸਾਹਿਬ ਦੇ ਉਪਰੋਕਤ ਵਿਚਾਰ ਸਹੀ ਹਨ ਕਿਉਂਕਿ ਮੱਧਕਾਲੀਨ ਸਾਹਿਤ ਵਿਚ ਇਨ੍ਹਾਂ ਦੀ ਇੰਨੀ ਭਰਮਾਰ ਹੈ ਕਿ ਇਨ੍ਹਾਂ ਦੀ ਅਣਹੋਂਦ ਵਿਚ ਉਹ ਸਾਹਿਤ ਆਪਣੀ ਪਕੜ ਤੇ ਵਿਸ਼ੇਸ਼ਤਾ ਗੁਆ ਬੈਠਦਾ। ਇਹੀ ਕਥਾਨਕ ਰੂੜ੍ਹੀਆਂ ਜਨਮਸਾਖੀ ਸਾਹਿਤ ਵਿਚ ਸਹਿਜੇ ਹੀ ਆ ਗਈਆਂ। ਪ੍ਰਚੱਲਿਤ ਕਥਾਨਕ ਰੂੜ੍ਹੀਆਂ ਬਾਰੇ ਡਾ. ਪਿਆਰ ਸਿੰਘ[5] ਲਿਖਦੇ ਹਨ ਕਿ ਪ੍ਰਮੁੱਖ ਕਥਾਨਕ ਰੂੜ੍ਹੀਆਂ ਕੁਝ ਕੁ ਗਿਣਵੀਆਂ ਮਿਣਵੀਆਂ ਹੀ ਹਨ ਤੇ ਇਹੀ ਥੋੜ੍ਹੇ ਬਹੁਤ ਫਰਕ ਨਾਲ ਸਮੁੱਚੇ ਮਧਕਾਲੀਨ ਸਾਹਿਤ ਵਿਚ ਪੇਸ਼ ਹੁੰਦੀਆਂ ਰਹੀਆਂ ਹਨ ।

(1) ਹੈਗਿਓਗ੍ਰੈਫਿਕ (ਧਾਰਮਿਕ ਵਿਅਕਤੀਆਂ ਦੀਆਂ ਕਥਾਵਾਂ) ਸਾਹਿਤ ਦੀ ਇਕ ਪ੍ਰਬਲ ਰੂੜ੍ਹੀ ਵਿਅਕਤੀ ਵਿਸ਼ੇਸ਼ ਦਾ ਅਸਾਧਾਰਣ ਜਨਮ ਹੈ ।

(2) ਦੂਜੀ ਰੂੜ੍ਹੀ ਵਿਅਕਤੀ ਵਿਸ਼ੇਸ਼ ਨੂੰ ਰੱਬੀ ਮਿਸ਼ਨ ਸੌਂਪੇ ਜਾਣ ਦੀ ਹੈ ।

(3) ਤੀਜੀ ਰੂੜ੍ਹੀ ਵਿਅਕਤੀ ਵਿਸ਼ੇਸ਼ ਦੇ ਮਾਤਲੋਕ ਤੋਂ ਸਦੇਹੀ ਪਰਲੋਕ ਜਾਣ ਦੀ ਹੈ।

(4) ਵਿਅਕਤੀ ਵਿਸ਼ੇਸ਼ ਦੇ ਧੁਰ ਦਰਗਾਹੋਂ ਪੜ੍ਹੇ ਪੜ੍ਹਾਏ ਆਉਣ ਦੀ ਰੂੜ੍ਹੀ ।

(5) ਦਿੱਬਤਾ ਤੇ ਦੈਵਸੱਤਾ ਦੇ ਪ੍ਰਗਟਾਵੇ ਲਈ ਇਕ ਹੋਰ ਪ੍ਰਬਲ ਰੂੜ੍ਹੀ ਅੰਤਰਯਾਮੀ ਹੋਣ ਦੀ ਹੈ ।

(6) ਰੁਕੇ ਜੀਵਨ ਪ੍ਰਵਾਹ ਦੀ ਪੁਨਰ-ਸਥਾਪਨਾ (Restaration fo flow of life ਉਜੜੇ ਖੇਤ ਦਾ ਹਰਿਆ ਹੋਣਾ ।

(7) ਪ੍ਰਕਿਰਤੀ ਦੀ ਨਾਇਕ ਵਿਚ ਦਿਲਚਸਪੀ (Nature's concern for the Hero) ਬ੍ਰਿਛ ਦੀ ਛਾਂ ਦਾ ਨਾ ਫਿਰਨਾ ।

(8) ਪ੍ਰਕਿਰਤੀ ਦਾ ਆਪਣੇ ਨਿਯਮਾਂ ਵਿਰੁੱਧ ਕਾਰਜ ਕਰਨਾ ।

(9) ਇਕ ਅਤਿ ਵਿਆਪਕ ਰੂੜ੍ਹੀ ਮੋਟੇ ਜੀਵ ਜੰਤੂ ਨੂੰ ਜਿਵਾਉਣ ਦੀ ਹੈ। ਇਹ ਰੂੜ੍ਹੀ ਲਗਭਗ ਸਾਰੇ ਦਿੱਬ-ਪੁਰਸ਼ਾਂ ਨਾਲ ਕਿਸੇ ਨ ਕਿਸੇ ਸ਼ਕਲ ਵਿਚ ਜੁੜਦੀ ਹੈ ।

(10) ਦਰਿਦਰ ਹਰਨ ਦੀ ਰੂੜ੍ਹੀ

(11) ਤਪੱਸਿਆ ਤੇ ਕਸ਼ਟ ਸਹਿਣ ਦੀ ਰੂੜ੍ਹੀ

(12) ਪਰਤਾਵੇ ਜਾਂ ਤਪ ਤੋਂ ਥਿੜਕਾਉਣ ਦੀ ਰੂੜ੍ਹੀ

(13) ਲੋੜ ਪੈਣ ਤੇ ਕਹਿਰ ਨਾਜ਼ਲ ਕਰ ਸਕਣ ਦੀ ਰੂੜ੍ਹੀ ਬਹੁਤ ਪੁਰਾਣੀ ਹੈ।

(14) ਭੁੱਖ ਤੋਂ ਨਵਿਰਤੀ ਦੀ ਰੂੜ੍ਹੀ ।

ਡਾ. ਪਿਆਰ ਸਿੰਘ ਵਲੋਂ ਵਰਣਿਤ ਕੀਤੀਆਂ ਇਹ ਕਥਾਨਕ ਰੂੜ੍ਹੀਆਂ ਸਾਨੂੰ ਸਮੁੱਚੇ ਜਨਮ ਸਾਖੀ ਸਾਹਿਤ ਵਿਚ ਮਿਲ ਜਾਂਦੀਆਂ ਹਨ। ਪਹਿਲੀ ਰੂੜ੍ਹੀ ਅਸਾਧਾਰਣ ਜਨਮ ਦੀ ਗੁਰੂ ਨਾਨਕ ਤੋਂ ਬਿਨਾਂ ਭਗਤ ਕਬੀਰ, ਭਗਤ ਰਵਿਦਾਸ ਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਨਾਲ ਸੰਬੰਧਿਤ ਹੈ। ਇਹ ਕਥਾਨਕ ਰੂੜ੍ਹੀ ਸਾਨੂੰ ਉਸ ਵੇਲੇ ਪ੍ਰਤੱਖ ਦਿਖਾਈ ਦਿੰਦੀ ਹੈ ਜਦੋਂ ਇਕ ਸਾਖੀ ਦੱਸਦੀ ਹੈ ਕਿ ਰਵਿਦਾਸ ਜੀ ਦਾ ਜਨਮ ਸੁਆਮੀ ਰਾਮਾਨੰਦ ਦੇ ਸਰਾਪ ਕਾਰਨ ਨੀਵੀਂ ਜਾਤ ਵਿਚ ਹੋਇਆ । ਬੱਚੇ ਦਾ ਦੁੱਧ ਨਾ ਚੁੰਘਣਾ ਤੇ ਸੁਆਮੀ ਰਾਮਾਨੰਦ ਦਾ ਆਉਣਾ ਇਸ ਗੱਲ ਦਾ ਖਲਾਇਕ ਹਨ ਕਿ ਇਸ ਜਨਮ ਪਿੱਛੇ ਅਸਾਧਾਰਣ ਜਨਮ ਦੀ ਰੂੜ੍ਹੀ ਕੰਮ ਕਰ ਰਹੀ ਹੈ।

ਦੂਜੀ ਰੂੜ੍ਹੀ ਵਿਅਕਤੀ ਵਿਸ਼ੇਸ਼ ਨੂੰ ਰੱਬੀ ਮਿਸ਼ਨ ਸੌਂਪੇ ਜਾਣ ਦੀ ਹੈ। ਸਾਰੇ ਹੀ ਮਹਾਂਪੁਰਸ਼ਾਂ ਨਾਲ ਇਹ ਰੂੜ੍ਹੀ ਜੁੜਦੀ ਰਹੀ ਹੈ। ਗੁਰੂ ਰਵਿਦਾਸ ਵੀ ਨੀਵੀਂ ਜਾਤ ਵਿਚ ਇਸ ਦੇ ਕਲਿਆਣ ਲਈ ਹੀ ਪੈਦਾ ਹੋਏ। ਸਾਰੇ ਹੀ ਪੁਰਾਤਨ ਸ੍ਰੋਤਾਂ ਅਨੁਸਾਰ ਗੁਰੂ ਰਵਿਦਾਸ ਪੂਰਬਲੇ ਜਨਮ ਵਿਚ ਉੱਚੀ ਜਾਤ ਨਾਲ ਸੰਬੰਧ ਰੱਖਦੇ ਸਨ ਪਰ ਇਹ ਜਨਮ ਉਨ੍ਹਾਂ ਨੇ ਸ਼ੂਦਰਾਂ ਦੇ ਕਲਿਆਣ ਲਈ ਹੀ ਧਾਰਿਆ। ਜਿਵੇਂ ਗੁਰੂ ਨਾਨਕ ਸੂਰਜ ਗ੍ਰਹਿਣ ਸਮੇਂ ਸੂਰਜ ਨੂੰ ਪਾਣੀ ਦੇਣ ਦੀ ਥਾਂ ਕਰਤਾਰਪੁਰ ਆਪਣੇ ਖੇਤਾਂ ਨੂੰ ਪਾਣੀ ਦੇਣ ਦੇ ਦ੍ਰਿਸ਼ਟਾਂਤ ਰਾਹੀਂ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਦੇ ਹਨ ਠੀਕ ਉਸੇ ਤਰ੍ਹਾਂ ਭਗਤ ਰਵਿਦਾਸ ਵੀ ਠਾਕਰ ਨੂੰ ਆਪਣੇ ਕੋਲ ਬੁਲਾਉਣ ਦੇ ਦ੍ਰਿਸ਼ਟਾਂਤ ਰਾਹੀਂ ਇਹ ਰੂਹਾਨੀ ਸੰਦੇਸ਼ ਦਿੰਦੇ ਹਨ ਕਿ ਭਗਤੀ ਕਰਨ ਦਾ ਹੱਕ ਹਰੇਕ ਵਿਅਕਤੀ ਨੂੰ ਹੈ ।

ਤੀਜੀ ਰੂੜ੍ਹੀ ਵਿਅਕਤੀ ਵਿਸ਼ੇਸ਼ ਦੇ ਮਾਤਲੋਕ ਤੋਂ ਸਦੇਹ ਪਰਲੋਕ ਜਾਣ ਦੀ ਹੈ। ਗੁਰੂ ਰਵਿਦਾਸ ਸੰਬੰਧੀ ਅਜਿਹੀ ਹੀ ਕਥਾ ਪ੍ਰਚੱਲਤ ਹੈ।[6] ਉਨ੍ਹਾਂ ਨੂੰ ਦਿੱਬ-ਦ੍ਰਿਸ਼ਟੀ ਰਾਹੀਂ ਅਕਾਲ ਪੁਰਖ ਨਾਲ ਆਪਣੇ ਮੇਲ ਬਾਰੇ ਪਤਾ ਲੱਗ ਜਾਂਦਾ ਹੈ ਤੇ ਮੁਕੱਰਰ ਦਿਨ ਉਹ ਨਹਾ ਧੋ ਕੇ ਸਾਫ ਬਸਤਰ ਪਹਿਨ ਕੇ ਬੈਠ ਜਾਂਦੇ ਹਨ ਤੇ ਹੋਰ ਭਗਤਾਂ ਦੇ ਅੱਖਾਂ ਸਾਹਮਣੇ ਹੀ ਪਰਲੋਕ ਚਲੇ ਜਾਂਦੇ ਹਨ। ਇਸ ਰੂੜ੍ਹੀ ਪਿੱਛੇ ਇਹ ਭਾਵਨਾ ਕੰਮ ਕਰਦੀ ਜਾਪਦੀ ਹੈ ਕਿ ਭਗਤ ਤੇ ਭਗਵਾਨ ਦਾ ਰਿਸ਼ਤਾ ਐਨਾ ਗੂੜ੍ਹਾ ਹੈ ਕਿ ਭਗਵਾਨ ਖੁਦ ਆਪਣੇ ਭਗਤਾਂ ਨੂੰ ਲੈਣ ਆਉਂਦੇ ਹਨ ਤੇ ਸੰਸਾਰ ਦੀਆਂ ਆਖ਼ਰੀ ਰਸਮਾਂ ਦੇ ਮੁਹਤਾਜ ਨਹੀਂ ਹੁੰਦੇ ।

ਚੌਥੀ ਰੂੜ੍ਹੀ ਵਿਅਕਤੀ ਵਿਸ਼ੇਸ਼ ਦੇ ਧੁਰ ਦਰਗਾਹੋਂ ਪੜ੍ਹੇ ਪੜ੍ਹਾਏ ਆਉਣ ਦੀ ਹੈ। ਇਹ ਪੜ੍ਹਾਈ ਰੂਹਾਨੀ ਹੈ ਤੇ ਸਾਰੇ ਹੀ ਮਹਾਂਪੁਰਸ਼ ਇਸ ਵਿੱਦਿਆ ਵਿੱਚ ਪ੍ਰਬੀਨ ਸਨ । ਗੁਰੂ ਰਵਿਦਾਸ ਬਾਰੇ ਅਜਿਹੀ ਕੋਈ ਸਾਖੀ ਤਾਂ ਪ੍ਰਚੱਲਿਤ ਨਹੀਂ ਪਰ ਵੇਲੇ ਦੇ ਧਾਰਮਿਕ ਕੱਟੜਵਾਦ ਨੂੰ ਚੁਣੌਤੀ ਦੇ ਕੇ ਭਾਜ ਦੇਣੀ ਇਕ ਧੁਰ ਦਰਗਾਹੋਂ ਪੜ੍ਹੇ ਪੜ੍ਹਾਏ ਭਗਤ ਦੀ ਹੀ ਕਰਾਮਾਤ ਦਾ ਸਿੱਟਾ ਸੀ। ਸਾਦੇ ਸ਼ਬਦਾਂ ਵਿਚ ਤੇ ਅੱਜ ਦੀ ਵਿਗਿਆਨਕ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਗਤ ਰਵਿਦਾਸ ਰੂਹਾਨੀ ਸੰਦੇਸ਼ ਨਾਲ ਲੈਸ ਹੋ ਕੇ ਹੀ ਇਸ ਦੁਨੀਆਂ ਵਿਚ ਆਏ ਸਨ।

ਪੰਜਵੀਂ ਰੂੜ੍ਹੀ ਅੰਤਰਯਾਮੀ ਹੋਣ ਦੀ ਹੈ। ਜਿਵੇਂ ਅਸੀਂ ਪਹਿਲਾਂ ਹੀ ਜ਼ਿਕਰ ਕਰ ਆਏ ਹਾਂ ਕਿ ਅੰਤਰਯਾਮੀ ਹੋਣ ਕਾਰਨ ਹੀ ਗੁਰੂ ਰਵਿਦਾਸ ਨੂੰ ਆਪਣੇ ਅਕਾਲ-ਚਲਾਣੇ ਦਾ ਇੱਕੀ ਦਿਨ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ। ਅੰਤਰਯਾਮੀ ਹੋਣ ਕਰਕੇ ਹੀ ਉਹ ਪਾਰਸ ਕਬੂਲ ਨਹੀਂ ਕਰਦੇ। ਛੇਵੀਂ ਰੂੜ੍ਹੀ ਰੁਕੇ ਜੀਵਨ ਪ੍ਰਵਾਹ ਦੀ ਪੁਨਰ ਸਥਾਪਨਾ ਦੀ ਹੈ । ਇਸੇ ਰੂੜੀ ਅਧੀਨ ਗੁਰੂ ਨਾਨਕ ਨੂੰ ਉਜੜੇ ਖੇਤ ਨੂੰ ਹਰਾ ਭਰਾ ਕਰਦਿਆਂ ਦਿਖਾਇਆ ਗਿਆ ਹੈ । ਇਸੇ ਤਰ੍ਹਾਂ ਇਕ ਸਾਖੀ ਵਿੱਚ ਗੁਰੂ ਰਵਿਦਾਸ ਨੂੰ ਮਰੇ ਹੋਏ ਲੜਕੇ ਨੂੰ ਜੀਵਤ ਕਰਦਿਆਂ ਦਿਖਾਇਆ ਗਿਆ ਹੈ।[7]

ਸੱਤਵੀਂ ਰੂੜ੍ਹੀ ਪ੍ਰਕਿਰਤੀ ਦੀ ਨਾਇਕ ਵਿਚ ਦਿਲਚਸਪੀ ਲੈਣ ਦੀ ਹੈ। ਜਦੋਂ ਗੁਰੂ ਨਾਨਕ ਦੇਵ ਇਕ ਬ੍ਰਿਛ ਹੇਠਾਂ ਸੁੱਤੇ ਪਏ ਸਨ ਤਾਂ ਸੂਰਜ ਦੇ ਦਿਸ਼ਾ ਬਦਲਣ ਨਾਲ ਛਾਂ ਨਹੀਂ ਹਟਦੀ ਹੈ। ਇਹ ਪ੍ਰਕਿਰਤੀ ਦੀ ਨਾਇਕ ਵਿਚ ਦਿਲਚਸਪੀ ਹੈ। ਗੁਰੂ ਰਵਿਦਾਸ ਪ੍ਰਤੀ ਇਹ ਦਿਲਚਸਪੀ ਠਾਕਰ ਦੇ ਖੁਦ ਚੱਲ ਕੇ ਉਨ੍ਹਾਂ ਤੱਕ ਪਹੁੰਚਣ ਦੀ ਹੈ। ਜਿਵੇਂ ਅਸੀਂ ਪਹਿਲਾਂ

ਵੀ ਕਹਿ ਚੁੱਕੇ ਹਾਂ ਕਿ ਇਨ੍ਹਾਂ ਸਾਖੀਆਂ ਦੀ ਮਹਾਨਤਾ ਪ੍ਰਤੀਕਾਤਮਕ ਹੈ। ਇਹ ਸਾਖੀਆਂ ਦੱਸਦੀਆਂ ਹਨ ਕਿ ਭਗਤ ਤੇ ਭਗਵਾਨ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ । ਅੱਠਵੀਂ ਰੂੜ੍ਹੀ ਇਸ ਪਹਿਲੀ ਰੂੜ੍ਹੀ ਨਾਲ ਮਿਲਦੀ ਜੁਲਦੀ ਹੈ ਕਿਉਂਕਿ ਆਪਣੇ ਭਗਤ ਦੀ ਖਾਤਰ ਇਨ੍ਹਾਂ ਸਾਖੀਆਂ ਵਿਚ ਪ੍ਰਕਿਰਤੀ ਨੂੰ ਆਪਣੇ ਨਿਯਮਾਂ ਵਿਰੁੱਧ ਕਾਰਜ ਕਰਦਿਆਂ ਦਿਖਾਇਆ ਗਿਆ ਹੈ। ਪੱਥਰ ਚੱਲ ਨਹੀਂ ਸਕਦਾ ਪਰ ਸਾਖੀ ਵਿਚ ਪੱਥਰ ਚੱਲ ਕੇ ਭਗਤ ਰਵਿਦਾਸ ਕੋਲ ਪਹੁੰਚਦਾ ਹੈ ਕਿਉਂਕਿ ਇਸ ਪਿੱਛੇ ਰੂੜ੍ਹੀ ਹੀ ਪ੍ਰਕਿਰਤੀ ਦੇ ਆਪਣੇ ਨਿਯਮਾਂ ਵਿਰੁੱਧ ਕਾਰਜ ਕਰਨ ਦੀ ਕੰਮ ਕਰ ਰਹੀ ਹੈ ।

ਨੌਵੀਂ ਰੂੜ੍ਹੀ ਮੋਏ ਜੀਵ ਜੰਤੂ ਨੂੰ ਜਿਵਾਉਣ ਦੀ ਹੈ ਜੋ ਪਰਚੀਆਂ ਭਾਈ ਦਰਬਾਰੀ ਦਾਸ ਵਿਚ ਭਗਤ ਰਵਿਦਾਸ ਨਾਲ ਵੀ ਸੰਬੰਧਿਤ ਹਨ । ਦਸਵੀਂ ਰੂੜ੍ਹੀ ਦਰਿਦਰ ਹਰਨ ਦੀ ਰੂੜ੍ਹੀ ਹੈ। ਗੁਰੂ ਨਾਨਕ ਸੱਜਣ ਠੱਗ ਦਾ ਦਰਿੱਦਰ ਦੂਰ ਕਰਦੇ ਹਨ ਤਾਂ ਭਗਤ ਰਵਿਦਾਸ ਵੀ ਆਪਣੇ ਮਿੱਠੇ ਬਚਨਾਂ ਨਾਲ ਅਖੌਤੀ ਨੀਵੀਂ ਜਾਤ ਦਾ ਦਰਿੱਦਰ ਦੂਰ ਕਰਦੇ ਹਨ। ਭਗਤ ਰਵਿਦਾਸ ਨੇ ਆਪਣੀ ਭਗਤੀ ਨਾਲ ਅਛੂਤ ਸਮਝੀ ਜਾਣ ਵਾਲੀ ਜਾਤ ਨੂੰ ਬ੍ਰਾਹਮਣਾਂ ਦੇ ਬਰਾਬਰ ਭਗਤੀ ਕਰਨ ਦਾ ਅਧਿਕਾਰ ਦਿਵਾ ਦਿੱਤਾ ।

ਇਕ ਰੂੜ੍ਹੀ ਤਪੱਸਿਆ ਤੇ ਕਸ਼ਟ ਸਹਿਣ ਦੀ ਹੈ। ਭਗਤੀ ਕਬੀਰ ਤੇ ਵੀ ਜ਼ੁਲਮ ਢਾਹੇ ਗਏ, ਗੁਰੂ ਨਾਨਕ ਨੂੰ ਬਾਬਰ ਨੇ ਜੇਲ੍ਹ ਵਿਚ ਚੱਕੀ ਪੀਹਣ ਲਈ ਮਜ਼ਬੂਰ ਕੀਤਾ। ਇਸੇ ਤਰ੍ਹਾਂ ਭਗਤ ਰਵਿਦਾਸ ਨੂੰ ਸਮੇਂ ਦੇ ਧਾਰਮਿਕ ਕੱਟੜਵਾਦੀਆਂ ਨੇ ਬਹੁਤ ਕਸ਼ਟ ਦਿੱਤੇ ਤੇ ਇਥੋਂ ਤੀਕ ਕਿ ਉਨ੍ਹਾਂ ਨੂੰ ਇਕ ਸਾਖੀ ਅਨੁਸਾਰ ਚਮੜੀ ਚੀਰ ਕੇ ਅਸਲੀ ਜਨੇਊ ਦਿਖਾਉਣਾ ਪਿਆ।

ਇਕ ਹੋਰ ਰੂੜ੍ਹੀ ਤਪ ਤੋਂ ਥਿੜਕਾਉਣ ਦੀ ਹੈ। ਗੁਰੂ ਨਾਨਕ ਦੇਵ ਨੂੰ ਸੱਚੇ ਸੌਦੇ ਕਾਰਨ ਆਪਣੇ ਪਿਤਾ ਮਹਿਤਾ ਕਾਲੂ ਦੀ ਮਾਰ ਖਾਣੀ ਪਈ ਤੇ ਮੋਦੀਖਾਨਾ ਵੀ ਛੱਡਣਾ ਪਿਆ ਪਰ ਉਨ੍ਹਾਂ ਨੇ ਆਪਣਾ ਰਾਹ ਨਹੀਂ ਛੱਡਿਆ । ਗੁਰੂ ਰਵਿਦਾਸ ਨੂੰ ਭਗਵਾਨ ਨੇ ਖ਼ੁਦ ਪਾਰਸ ਦੇ ਕੇ ਤਪ ਤੋਂ ਥਿੜਕਾਉਣਾ ਚਾਹਿਆ ਪਰ ਉਹ ਅਡੋਲ ਰਹੇ। ਇਕ ਰੂੜ੍ਹੀ ਜ਼ਰੂਰਤ ਵੇਲੇ ਕਹਿਰ ਨਾਜ਼ਲ ਕਰ ਸਕਣ ਦੀ ਬਹੁਤ ਪੁਰਾਣੀ ਹੈ ਪਰ ਭਗਤ ਰਵਿਦਾਸ ਨਾਲ ਸੰਬੰਧਿਤ

ਅਜਿਹੀ ਕੋਈ ਸਾਖੀ ਨਹੀਂ ਮਿਲਦੀ ਹੈ ਜਿਸ ਦਾ ਇਕ ਕਾਰਨ ਉਨ੍ਹਾਂ ਦਾ ਗਹਿਰ ਗੰਭੀਰ ਹੋਣਾ ਹੈ ।

ਭੁੱਖ ਤੋਂ ਨਵਿਰਤੀ ਦੀ ਰੂੜ੍ਹੀ ਨੂੰ ਆਧਾਰ ਬਣਾ ਕੇ ਮਹਾਂਪੁਰਸ਼ਾਂ ਸੰਬੰਧੀ ਕਈ ਸਾਖੀਆਂ ਰਚੀਆਂ ਗਈਆਂ ਹਨ ਜਿਵੇਂ ਸ਼ੇਖ ਫਰੀਦ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਜਦੋਂ ਭੁੱਖ ਲੱਗਦੀ ਸੀ ਤਾਂ ਉਹ ਕਾਠ ਦੀ ਰੋਟੀ ਨੂੰ ਚੋਕ ਮਾਰ ਲੈਂਦੇ ਸਨ। ਇਸ ਰੂੜ੍ਹੀ ਦੇ ਪ੍ਰਚੱਲਿਤ ਹੋਣ ਦਾ ਕਾਰਨ ਇਨ੍ਹਾਂ ਮਹਾਂਪੁਰਸ਼ਾਂ ਦਾ ਸੰਜਮੀ ਤੇ ਸਬਰ ਸੰਤੋਖ ਵਾਲੇ ਹੋਣਾ ਹੈ ।

ਹਰ ਸਾਖੀਕਾਰ ਲਈ ਆਪਣੇ ਨਾਇਕ ਨੂੰ ਮਿੱਥਿਕ ਰੂਪ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਸੀ ਕਿਉਂਕਿ ਉਸ ਸਮੇਂ ਜਦੋਂ ਇਹ ਸਾਹਿਤ ਰਚਿਆ ਗਿਆ, ਲੋਕ ਵਹਿਮਾਂ ਭਰਮਾਂ ਵਿੱਚ ਗ੍ਰੱਸੇ ਹੋਏ ਸਨ। ਉਨ੍ਹਾਂ ਕੋਲ ਇੰਨੀ ਸਮਝ ਨਹੀਂ ਸੀ ਕਿ ਉਹ ਨੈਤਿਕ ਤੇ ਅਧਿਆਤਮਕ ਮਸਲਿਆਂ ਨੂੰ ਸਮਝ ਸਕਦੇ। ਉਸ ਸਮੇਂ ਸਾਰੀ ਸੋਚ ਹੀ ਅਧਿਆਤਮਵਾਦੀ ਸੀ ਤੇ ਧਰਮ ਉੱਪਰ ਲੋਕਾਂ ਦੀ ਅਥਾਹ ਸ਼ਰਧਾ ਸੀ। ਡਾ. ਪਿਆਰ ਸਿੰਘ ਦੇ ਵਿਚਾਰ ਅਨੁਸਾਰ ਲੋਕਾਂ ਦੇ ਮਨ੍ਹਾਂ ਤੇ ਧਰਮ ਦਾ ਉੱਕਰਿਆ ਚਿੱਤਰ ਦਿੱਬਤਾ ਤੇ ਦੇਵਸੱਤਾ ਵਾਲਾ ਸੀ ਜਿਸ ਦਾ ਵੱਡਾ ਚਿਹਨ ਕਰਾਮਾਤ ਸੀ। ਇਹੀ ਕਾਰਨ ਹੈ ਕਿ ਸਮੁੱਚੇ ਜਨਮਸਾਖੀ ਸਾਹਿਤ ਵਿਚ ਬਾਣੀ ਕਰਾਮਾਤ ਦੇ ਵਿਕਲਪ ਰੂਪ ਵਜੋਂ ਵਰਤੀ ਗਈ ਹੈ ਤੇ ਮਿੱਥ ਸਿਰਜਣ ਵਿਚ ਉਹੀ ਕਾਰਜ ਕਰਦੀ ਹੈ ਜੋ ਕਰਾਮਾਤ ਕਰਦੀ ਹੈ ।[8]

ਮਿੱਥ ਸਿਰਜਣ ਦੀ ਇੱਕ ਹੋਰ ਜੁਗਤ ਅਮਾਨਵੀ ਹੋਂਦਾਂ ਨੂੰ ਮਾਨਵਰੂਪ ਵਿਚ ਪੇਸ਼ ਕਰਨਾ ਹੈ । ਇਸ ਸਿਰਜਣ ਵਿਚ ਵਰਤਮਾਨ, ਭੂਤ ਤੇ ਭਵਿੱਖ ਇੰਜ ਅਭੇਦ ਹੋ ਕੇ ਅਉਣ ਦੀ ਰੁਚੀ ਰੱਖਦੇ ਹਨ ਕਿ ਉਹ ਆਪਣਾ ਅਸਤਿਤ੍ਵ ਖੋਹ ਬੈਠਦੇ ਹਨ।[9] ਗੁਰੂ ਨਾਨਕ ਦਾ ਸਿੱਧਾਂ ਤੇ ਗੁਰੂ ਗੋਰਖ ਨਾਲ ਕਾਲ ਦੀਆਂ ਹੱਦਾਂ ਟੱਪ ਕੇ ਰਚਾਇਆ ਸੰਵਾਦ ਮਿੱਥ ਦੀ ਇਹੀ ਪ੍ਰਕਿਰਤੀ ਹੈ ।

ਸਾਖੀਆਂ ਦਾ ਸਾਰਾ ਪ੍ਰਬੰਧ ਮਿਥਿਕ ਹੈ । ਇਸ ਦੀ ਸਿਰਜਣਾ ਯਥਾਰਥ ਅਤੇ ਅਧਿਆਤਮਕਤਾ ਨੂੰ ਇਕ ਦੂਸਰੇ ਵਿਚ ਅਭੇਦ ਕਰਕੇ ਕੀਤੀ ਗਈ ਹੈ। ਮਿੱਥ ਵਿਚ ਬ੍ਰਹਿਮੰਡ, ਪ੍ਰਕ੍ਰਿਤੀ ਤੇ ਪ੍ਰਾਣੀ ਜਗਤ ਦੇ ਭੇਦਾਂ ਨੂੰ ਕਲਪਨਾ ਦੀ ਪੱਧਰ ਉੱਪਰ ਸਮਝਣ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਮਿੱਥ ਮਨੁੱਖ ਦਾ ਆਪਣਾ ਹੀ ਸਿਰਜਿਆ ਹੋਇਆ ਭਰਮ ਜਾਲ ਹੈ ।

ਮਿੱਥ ਇਕ ਪੁਰਾਣਾ ਸ਼ਬਦ ਹੈ ਜਿਸ ਦੀ ਵਰਤੋਂ ਅਰਸਤੂ ਦੀ ਪੋਇਟਕਸ ਵਿਚ ਵੀ ਹੋਈ ਹੈ। ਮਿੱਥ ਨੂੰ ਨਿਰਾ ਸ਼ਾਬਦਿਕ ਪ੍ਰਪੰਚ ਜਾਂ ਗੱਪ ਤੇ ਝੂਠ ਕਹਿ ਕੇ ਛੁਟਿਆ ਦੇਣਾ ਠੀਕ ਨਹੀਂ ਹੈ ਕਿਉਂਕਿ ਮਿੱਥ ਲੋਕ-ਮਨ ਦੀ ਅਭਿਵਿਅਕਤੀ ਹੈ ਤੇ ਲੋਕਮਨ ਦੇ ਸੰਸਕਾਰਾਂ ਦੇ ਅੰਸ਼ ਮਿੱਥਾਂ ਵਿਚੋਂ ਮਿਲ ਜਾਂਦੇ ਹਨ। ਮਿੱਥ ਲੋਕ-ਸੱਚ ਦਾ ਵਾਹਨ ਹੈ ਤੇ ਇਹ ਕੋਈ ਸਾਧਾਰਣ ਕਹਾਣੀ ਮਾਤਰ ਨਹੀਂ ਸਗੋਂ ਮਿਹਨਤ ਨਾਲ ਸਿਰਜੀ ਇਕ ਅਜਿਹੀ ਕਿਰਿਆਤਮਕ ਸ਼ਕਤੀ ਹੈ ਜੋ ਮਨੁੱਖ ਦੇ ਸਮਾਜਿਕ ਤੇ ਸਾਂਸਕ੍ਰਿਤਕ ਵਿਹਾਰ ਨੂੰ ਨਿਯੰਤਰਿਤ ਕਰਦੀ ਹੈ ।[10] ਮਿੱਥ ਬਾਰੇ ਹੋਰ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਕੋਈ ਇਸ ਨੂੰ ਕਾਵਿ-ਭਾਸ਼ਾ ਕਹਿੰਦਾ ਹੈ ਤੇ ਕੋਈ ਇਸ ਨੂੰ ਭਾਸ਼ਾ ਦੀ ਵਿਰਾਸਤੀ ਕਮਜ਼ੋਰੀ ਕਹਿੰਦਾ ਹੈ। ਅਸਲ ਵਿਚ ਮਿੱਥ ਦਾ ਮੁੱਖ ਮੰਤਵ ਤਾਂ ਮਨੁੱਖ ਦੀ ਸਮਾਜਿਕ ਜ਼ਿੰਦਗੀ ਦਾ ਨਿਰਮਾਣ ਕਰਨਾ ਹੈ ।

ਮਿੱਥ ਬਾਰੇ ਆਪਦੇ ਵਿਚਾਰ ਪੇਸ਼ ਕਰਦਿਆਂ ਡਾ. ਵਣਜਾਰਾ ਬੇਦੀ ਲਿਖਦੇ ਹਨ, " ਮਿੱਥ ਕਥਾ ਕਹਾਣੀਆਂ ਦੀ ਦਾਦੀ ਅੰਮਾ ਹੈ ।"[11] ਉਹ ਲਿਖਦੇ ਹਨ ਕਿ ਮਿੱਥ ਦਾ ਸੰਬੰਧ ਕੇਵਲ ਦੇਵਤਿਆਂ ਨਾਲ ਨਹੀਂ ਸਗੋਂ ਰਾਖਸ਼ਾਂ ਅਤੇ ਸੱਪਾਂ ਨਾਲ ਵੀ ਹੋ ਸਕਦਾ ਹੈ। ਮਿੱਥ ਦੀ ਸਿਰਜਨਾ ਦਾ ਮੂਲ ਆਧਾਰ ਜਾਤੀ ਵਿਸ਼ੇਸ਼ ਦੀਆਂ ਮਨੋਬਿਰਤੀਆਂ, ਸਮੂਹਿਕ ਚੇਤਨਾ ਅਤੇ ਲੋਕ ਰੂੜ੍ਹੀਆਂ ਹਨ ਜੋ ਕਿਸੇ ਸੰਸਕ੍ਰਿਤੀ ਨੂੰ ਵੱਖਰੀ ਨੁਹਾਰ ਅਤੇ ਚਿਹਨ ਚੱਕਰ ਬਖਸ਼ਦੀਆਂ ਹਨ।[12]

ਇਮਾਈਲ ਦਾਖੇਮ ਮਿੱਥ ਨੂੰ ਧਾਰਮਿਕ ਵਿਸ਼ਵਾਸ ਅਤੇ ਅਨੁਸ਼ਠਾਨਾਂ ਦਾ ਜ਼ਰੂਰੀ ਤੱਤ ਮੰਨਦਾ ਹੋਇਆ ਭੌਤਿਕ ਜਗਤ ਨੂੰ ਮਿਥ ਦਾ ਸਰੋਤ ਸਿੱਧ ਕਰਦਾ ਹੈ । ਪ੍ਰਕਿਰਤੀ ਦੀ ਥਾਂ ਸਮਾਜ ਨੂੰ ਮਿੱਥ ਦਾ ਮਾਡਲ ਮੰਨਦਿਆਂ ਉਸਨੇ ਮਿੱਥ ਨੂੰ ਸਮਾਜ ਦਾ ਸਮੂਹਿਕ ਤੌਰ ਤੇ ਪ੍ਰਤੀਬਿੰਬਤ ਕਰਦਿਆਂ ਦੱਸਿਆ ਹੈ।[13] ਉਸ ਦੇ ਵਿਚਾਰ ਅਨੁਸਾਰ ਮਿੱਥ ਦਾ ਮੂਲ ਪ੍ਰਯੋਜਨ ਮਨੁੱਖ ਦੀ ਸਮਾਜਿਕ ਜ਼ਿੰਦਗੀ ਦਾ ਨਿਰਮਾਣ ਕਰਨਾ ਹੈ ।

ਮਰਸੀਆ ਏਲੀਆਦੇ[14] ਨੇ ਕਿਹਾ ਹੈ ਕਿ ਮਿੱਥ ਆਦਿ ਕਾਲ ਵਿਚ ਕਿਸੇ ਪਾਵਨ ਸੱਚ ਦੇ ਅਧਿਦੈਵਿਕ ਸ਼ਕਤੀਆਂ ਰਾਹੀਂ ਹੋਂਦ ਵਿਚ ਆਉਣ ਦੀ ਕਹਾਣੀ ਹੈ। ਉਸਦਾ ਮੱਤ ਹੈ ਕਿ ਮਿੱਥਾਂ ਸ੍ਰਿਸ਼ਟੀ- ਰਚਨਾ ਦੇ ਵੇਰਵੇ ਹਨ। ਮਿਥਿਕ ਘਟਨਾਵਾਂ ਇਹ ਦੱਸਦੀਆਂ ਹਨ ਕਿ ਦਿਖਾਈ ਦਿੰਦੀ ਵਾਸਤਵਿਕਤਾ ਕਿਵੇਂ ਹੋਂਦ ਵਿਚ ਆਈ। ਦੇਵਤਿਆਂ ਤੇ ਪਰਾ-ਪ੍ਰਕਿਰਤਕ

ਸ਼ਕਤੀਆਂ ਨਾਲ ਹੋਣ ਕਰਕੇ ਲੋਨੋਆਦੇ ਮਿੱਥਾਂ ਨੂੰ ਪਵਿੱਤਰ ਇਤਿਹਾਸ ਮੰਨਦਾ ਹੈ।

ਡਾ. ਮਨਜੀਤ ਸਿੰਘ[15] ਨੇ ਮਿੱਥ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ, " ਹਰ ਮਿੱਥ ਆਪਣੇ ਸਾਂਸਕ੍ਰਿਤਕ / ਸੱਭਿਆਚਾਰਕ/ ਸੰਪਦਾਇਕ ਦਾਇਰੇ ਵਿੱਚ ਹੀ ਮਿੱਥ ਹੋਣ ਦੀ ਵਿਸ਼ੇਸ਼ਤਾ ਰੱਖਦੀ ਹੈ। ਕਿਸੇ ਦੂਸਰੇ ਦਾਇਰੇ ਲਈ ਉਹ ਲੀਜੈਂਡ ਜਾਂ ਲੋਕ ਕਹਾਣੀ ਤੋਂ ਵੱਧ ਕੁਝ ਨਹੀਂ ਹੁੰਦੀ। ਸਮੂਹਿਕ ਵਿਸ਼ਵਾਸ ਤੇ 'ਦਾਇਰੇ ਵਿਸ਼ੇਸ਼ ਦੀ ਪਛਾਣ ' ਕਿਸੇ ਵੀ ਮਿੱਥ ਦੇ ਬੁਨਿਆਦੀ ਲੱਛਣ ਹਨ ।

ਰਿਚਰਡ ਚੇਜ਼[16] ਦੇ ਵਿਚਾਰ ਮੁਤਾਬਿਕ ਮਿੱਥ ਇਕ ਕਲਾ ਹੈ। ਇਸ ਲਈ ਇਸ ਦਾ ਅਧਿਐਨ ਵੀ ਕਲਾ ਵਾਂਗ ਹੀ ਹੋਣਾ ਚਾਹੀਦਾ ਹੈ । ਮਿੱਥ ਦਾ ਵਿਗਿਆਨ ਨਾਲ ਉੱਨਾ ਹੀ ਵਿਰੋਧ ਹੈ ਜਿਤਨਾ ਕਿ ਕਲਾ ਦਾ ਵਿਗਿਆਨ ਨਾਲ ਹੈ ।

ਰਿਚਰਡ ਚੇਜ਼ ਦੇ ਵਿਚਾਰ ਸਹੀ ਹਨ ਕਿਉਂਕਿ ਮਿੱਥ ਵਿਚ ਗਾਲਪਿਕ ਤੱਤ ਮੌਜੂਦ ਹੁੰਦੇ ਹਨ ਤੇ ਗਲਪ ਜਾਂ ਸਾਹਿਤ ਨੂੰ ਵਿਗਿਆਨਕ ਕਸੌਟੀਆਂ ਤੇ ਨਹੀਂ ਪਰਖਿਆ ਜਾ ਸਕਦਾ । ਮਿੱਥ ਤਾਂ ਸਿਰਜੀ ਹੀ ਕਲਪਨਾ ਸ਼ਕਤੀ ਨਾਲ ਹੈ । ਇਸ ਲਈ ਇਸ ਨੂੰ ਕਲਾ ਮੰਨਣਾ ਵਧੇਰੇ ਯੋਗ ਜਾਪਦਾ ਹੈ ।

ਇਥੇ ਅਸੀਂ ਨਾਰਥੋ ਫਰਾਈ[17] ਦੇ ਵਿਚਾਰ ਪੇਸ਼ ਕਰਨਾ ਚਾਹੁੰਦੇ ਹਾਂ ਜੋ ਕਿ ਮਿੱਥ ਨੂੰ ਗਲਪ-ਵਿਧੀ ਦਾ ਇਕ ਰੂਪ ਸਵੀਕਾਰ ਕਰਦਾ ਹੈ ਅਤੇ ਉਸ ਨੂੰ ਸੰਸਾਰ ਭਰ ਦੇ ਸਾਹਿਤ ਦੀ ਆਦਿ ਰਚਨਾ ਮੰਨਦਾ ਹੈ। ਅਸੀਂ ਬਿਨ੍ਹਾਂ ਕਿਸੇ ਸੰਕੋਚ ਦੇ ਕਹਿ ਸਕਦੇ ਹਾਂ ਕਿ ਸਾਡਾ ਸਾਰਾ ਹੀ ਕਥਾ ਸਾਹਿਤ ਭਾਵੇਂ ਉਹ ਪੌਰਾਣਿਕ ਹੈ ਜਾਂ ਮੱਧ ਕਾਲ ਦਾ ਇਨ੍ਹਾਂ ਮਿੱਥਾਂ ਦੀ ਸਹਾਇਤਾ ਨਾਲ ਹੀ ਸਿਰਜਿਆ ਗਿਆ ਹੈ । ਮਨੁੱਖ ਨੇ ਕਲਪਨਾ ਦੇ ਸਹਾਰੇ ਅਨੇਕਾਂ ਡੂੰਘੇ ਮਸਲਿਆਂ ਨੂੰ ਹੱਲ ਕੇ ਮਿੱਥਾਂ ਦੀ ਸਿਰਜਣਾ ਰਾਹੀਂ ਅਜਿਹੇ ਸਾਹਿਤ ਦੀ ਰਚਨਾ ਕੀਤੀ ਹੈ ।

ਵੀਕੋ[18] ਅਨੁਸਾਰ ਮਿੱਥ ਇਕ ਪ੍ਰਕਾਰ ਦੀ ਕਾਵਿ-ਭਾਸ਼ਾ ਹੈ ਜੋ ਆਦਿ-ਮਨੋਭਾਵਾਂ ਨੂੰ ਸਮੂਰਤ ਅਭਿਵਿਅਕਤੀ ਦੇਣ ਦਾ ਮਾਧਿਅਮ ਬਣੀ। ਵੀਕੋ ਮਿੱਥ ਨੂੰ ਗਿਆਨ ਪ੍ਰਾਪਤੀ

ਦਾ ਇਕ ਵਸੀਲਾ ਮੰਨਦਾ ਹੈ ।

ਮਿੱਥ ਦਾ ਸੁਪਨੇ ਨਾਲ ਗਹਿਰਾ ਸੰਬੰਧ ਜੋੜਦੇ ਹੋਏ ਫਰਾਇਡ[19] ਨੇ ਇਹ ਸਥਾਪਨਾ ਬਣਾਈ ਕਿ ਮਿੱਥ ਸੁਪਨੇ ਦਾ ਹੀ ਬਦਲਿਆ ਰੂਪ ਹੈ। ਉਸ ਨੇ ਮਿੱਥ ਦੀ ਪਰਿਭਾਸ਼ਾ ' Secular Dreams of Youthful Humanity ' ਕਹਿ ਕੇ ਕੀਤੀ ਹੈ ।

ਮਿੱਥ ਦੀ ਕਾਰਜ ਕੁਸ਼ਲਤਾ ਤੇ ਇਸ ਦੀਆਂ ਸੀਮਾਵਾਂ ਬਾਰੇ ਡਾ. ਮਨਜੀਤ ਸਿੰਘ[20] ਲਿਖਦੇ ਹਨ, " ਜਿੱਥੇ ਪਰੀ-ਕਹਾਣੀ ਵਿੱਚ ਬੰਜਰ ਤੇ ਵਾਸਤਵਿਕ ਪਰਸਥਿਤੀਆਂ ਦੇ ਸੰਘਰਸ਼ ਤੋਂ ਮੁਕਤੀ ਪਾ ਕੇ ਵਾਸਤਵਿਕ ਇੱਛਾਵਾਂ ਦੀ ਪੂਰਤੀ ਲਈ ਕਲਪਨਾ ਦਾ ਸਹਾਰਾ ਲਿਆ ਜਾਂਦਾ ਹੈ, ਉਥੇ ਮਿੱਥ ਮਾਨਵ-ਜੀਵਨ ਦੀ ਭਰਪੂਰਤਾ ਨੂੰ ਉਸੇ ਰੂਪ ਵਿੱਚ ਪ੍ਰਸਤੁਤ ਕਰਨ ਵੱਲ ਰੁਚਿਤ ਹੈ।" ਅੱਗੇ ਚੱਲ ਕੇ ਉਹ ਲਿਖਦੇ ਹਨ ਕਿ ਮਿੱਥ ਕੋਈ ਯੂਟੋਪੀਅਨ ਸੰਕਲਪ ਨਹੀਂ ਸਗੋਂ ਤ੍ਰਾਸਦਿਕ ਥੀਮਾਂ ਨੂੰ ਯਥਾਰਥ ਦੀ ਪੱਧਰ ਤੇ ਪੇਸ਼ ਕਰਨ ਵਾਲਾ ਇਕ ਪ੍ਰਤੀਕ ਰੂਪ ਹੈ ।

ਡਾ. ਬੇਦੀ ਅਨੁਸਾਰ ਮਿੱਥ ਲਈ ਪੰਜਾਬੀ ਵਿਚ ਕੋਈ ਹੋਰ ਨਿਖੜਵਾਂ ਪਰਿਭਾਸ਼ਕ ਸ਼ਬਦ ਨਹੀਂ ਵਰਤਿਆ ਜਾਂਦਾ । ਮਿੱਥ ਦੀ ਪ੍ਰਕਿਰਤੀ ਦੀਆਂ ਕਥਾਵਾਂ ਪੁਰਾਣ-ਕਥਾ, ਕਥਾ ਮੁੱਢੀ ਅਤੇ ਮਹਾਤਮ ਆਦਿ ਦੇ ਅੰਤਰਗਤ ਹੀ ਆ ਜਾਂਦੀਆਂ ਹਨ ।[21] ਮਿੱਥ ਨੂੰ ਕਈ ਵਾਰ ਪੁਰਾਣ ਕਥਾ ਜਾਂ ਮਿਥਿਹਾਸਕ ਕਥਾ ਵੀ ਕਹਿ ਲਿਆ ਜਾਂਦਾ ਹੈ । ਅਜਿਹਾ ਕਰਨ ਨਾਲ ਪੁਰਾਣ ਕਥਾਵਾਂ ਦੇ ਸਤਿ ਹੋਣ ਦਾ ਦਾਅਵਾ ਖੰਡਤ ਹੋ ਜਾਂਦਾ ਹੈ ਕਿਉਂਕਿ ਮਿਥਿਹਾਸਕ ਸ਼ਬਦ ਮਿਥਿਆ ਨਾਲ ਜੁੜਿਆ ਹੋਇਆ ਹੈ ।

ਪੀ. ਥਾਮਸ ਮਿਥਿਹਾਸਕ ਕਹਾਣੀਆਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਦਾ ਹੈ ਕਿ ਮਿਥਿਹਾਸਕ ਕਹਾਣੀਆਂ ਵੀ ਅਰਥ ਰੱਖਦੀਆਂ ਹਨ ਤੇ ਇਹ ਸਾਨੂੰ ਪਹਿਲਾਂ ਹੋ ਗੁਜਰੇ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਦੀ ਕਹਾਣੀ ਰਹੱਸਮਈ ਸ਼ਬਦਾਂ ਅਤੇ ਪ੍ਰਤੀਕਾਂ ਰਾਹੀਂ ਪੇਸ਼ ਕਰਦੀਆਂ ਹਨ ।[22]

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜ ਜਾਂਦੇ ਹਾਂ ਕਿ ਮਿੱਥ ਨਿਰਾ ਸ਼ਾਬਦਿਕ ਪਰਪੰਚ ਨਹੀਂ ਸਗੋਂ ਇਕ ਸਥੂਲ ਪ੍ਰੇਰਨਾਤਮਕ ਸ਼ਕਤੀ ਦਾ ਸੋਮਾ ਹੈ ਜੋ ਆਪਣੇ ਸਹਿਜ

ਪ੍ਰਵਾਹ ਨਾਲ ਸਮੁੱਚੀ ਜਾਤੀ ਦੀਆਂ ਭਾਵਨਾਵਾਂ ਨੂੰ ਸਿੰਜਦਾ ਅਤੇ ਸੰਦੇਸ਼ ਦਿੰਦਾ ਰਹਿੰਦਾ ਹੈ। ਮਿੱਥ ਸਮਾਜ ਦੀ ਸਮੂਹਿਕ ਪ੍ਰਤੀਨਿਧਤਾ ਨੂੰ ਪ੍ਰਤੀਬਿੰਬਤ ਕਰਦੀ ਹੈ ਤੇ ਉਸਦਾ ਪ੍ਰਯੋਜਨ ਮਨੁੱਖ ਦੀ ਸਮਾਜਿਕ ਜ਼ਿੰਦਗੀ ਦਾ ਨਿਰਮਾਣ ਕਰਨਾ ਹੈ। ਹਰ ਮਿੱਥ ਆਪਣੇ ਕਿਸੇ ਵਿਸ਼ੇਸ਼ ਸੰਪਰਦਾਇਕ ਤੇ ਸੱਭਿਆਚਾਰਕ ਦਾਇਰੇ ਵਿਚ ਵਿਸ਼ੇਸ਼ ਅਰਥ ਰੱਖਦੀ ਹੈ । ਮਿੱਥ ਇਕ ਕਲਾ ਹੈ ਤੇ ਅਮਾਨਵੀ ਹੋਂਦਾਂ ਨੂੰ ਮਾਨਵ ਰੂਪ ਵਿਚ ਪੇਸ਼ ਕਰਨਾ ਵੀ ਇਸ ਕਲਾ ਦਾ ਇਕ ਰੂਪ ਹੈ ।

ਜਨਮ ਸਾਖੀ ਮਿੱਥ ਭਾਸ਼ਾ ਰਾਹੀਂ ਪ੍ਰਗਟ ਹੋਈ ਹੈ ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਜਨਮ ਸਾਖੀ ਸੰਪਰਦਾਇ ਦੀ ਵਸਤੂ ਹੈ ਤੇ ਸੰਪਰਦਾਇ ਦਾ ਮਿੱਥ ਨਾਲ ਜੁੜੇ ਹੋਣਾ ਸੁਭਾਵਕ ਹੈ। ਕਿਸੇ ਵੀ ਧਾਰਮਿਕ ਆਗੂ ਨੂੰ ਮਿੱਥ ਦਾ ਰੂਪ ਦੇਣਾ ਜ਼ਰੂਰੀ ਸੀ ਕਿਉਂਕਿ ਉਸ ਸਮੇਂ ਦੇ ਲੋਕਾਂ ਦਾ ਦੈਵਿਕ ਸ਼ਕਤੀਆਂ ਤੇ ਕਰਾਮਾਤਾਂ ਵਿਚ ਪੂਰਾ ਪੂਰਾ ਭਰੋਸਾ ਸੀ। ਇਹ ਹੀ ਕਾਰਨ ਹੈ ਕਿ ਇਸ ਕਿਸਮ ਦਾ ਸਾਹਿਤ ਇਸੇ ਮਿਥਿਕ ਦ੍ਰਿਸ਼ਟੀ ਤੋਂ ਰਚਿਆ ਗਿਆ ਭਾਵੇਂ ਰਚਿਆ ਉਹ ਕਿਸੇ ਵੀ ਭਾਸ਼ਾ ਵਿਚ ਗਿਆ। ਇਸੇ ਰੁਚੀ ਅਧੀਨ ਗੁਰੂ ਰਵਿਦਾਸ ਦਾ ਵੀ ਮਿੱਥੀਕਰਣ ਹੋਇਆ ਤੇ ਪੰਜਾਬੀ ਵਿਚ ਗੁਰੂ ਨਾਨਕ ਨੂੰ ਵੀ ਮਿੱਥਿਕ ਰੂਪ ਵਿਚ ਹੀ ਪੇਸ਼ ਕੀਤਾ ਗਿਆ। ਮਿੱਥ ਰਚਨਾ ਸੰਜੁਗਤੀ ਦਾ ਸੰਸਾਰ ਹੈ ਜਿਸ ਵਿਚ ਬਹੁਤ ਸਾਰੇ ਆਪਸ ਵਿਰੋਧੀ ਤੱਤ ਸੰਜੁਗਤ ਰੂਪ ਵਿਚ ਇਕ ਦੂਸਰੇ ਦਾ ਪੱਖ ਪੂਰ ਰਹੇ ਹਨ। ਸਰਸਰੀ ਤੌਰ ਤੇ ਇਹ ਇਕ ਘਚੋਲਾ ਜਿਹਾ ਜਾਪਦਾ ਹੈ ਪਰੰਤੂ ਡੂੰਘੇ ਅਧਿਐਨ ਉਪਰੰਤ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਇਹ ਸੰਜਮ ਮੂਲਕ ਪ੍ਰਬੰਧ ਹੈ। ਮਿੱਥ ਦੇ ਇਸੇ ਸੁਭਾਅ ਕਾਰਨ ਜਨਮ ਸਾਖੀ ਸਾਹਿਤ ਦੇ ਕਿਸੇ ਧਾਰਮਿਕ ਪੁਰਸ਼ ਦਾ ਜੋ ਬਿੰਬ ਉਘੜਦਾ ਹੈ ਉਹ ਇਤਿਹਾਸਕ ਵੀ ਜਾਪਦਾ ਹੈ ਤੇ ਪਰਾਲੌਕਿਕ ਵੀ ।

ਜਨਮ ਸਾਖੀਆਂ ਵਿਚ ਮਿਥਿਕ ਵਾਤਾਵਰਣ ਦੀ ਉਸਾਰੀ ਬਾਰੇ ਡਾ. ਹਰਿਭਜਨ ਸਿੰਘ ਲਿਖਦੇ ਹਨ:– " ਸਾਖੀ ਬਿਰਤਾਂਤ ਵਿੱਚ ਮਿਥਿਕ ਵਾਤਾਵਰਣ ਉਸਾਰਨ ਦੀ ਇਹ ਬੁਨਿਆਦੀ ਜੁਗਤ ਬਾਣੀ-ਰਚਨਾ ਵਿਚੋਂ ਹੀ ਗ੍ਰਹਿਣ ਕੀਤੀ ਗਈ ਹੈ।"[23] ਸਾਖੀ ਦਾ ਉਦੇਸ਼ ਬਾਣੀ ਸੰਚਾਰ ਹੈ ਤੇ ਸਾਖੀ ਮਿਥਿਕ ਵਰਨਣ ਰਾਹੀਂ ਬਾਣੀ-ਸੰਚਾਰ ਲਈ ਅਨੁਕੂਲ ਵਾਤਾਵਰਣ ਪੈਦਾ ਕਰਦੀ ਹੈ ।[24]

ਡਾ. ਹਰਿਭਜਨ ਸਿੰਘ ਦੇ ਵਿਚਾਰਾਂ ਨਾਲ ਅਸੀਂ ਸਹਿਮਤ ਹੋਏ ਬਿਨਾ ਨਹੀਂ ਰਹਿ ਸਕਦੇ ਕਿ ਜਨਮਸਾਖੀਆਂ ਦਾ ਸਮੁੱਚਾ ਵਾਤਾਵਰਣ ਮਿੱਥਿਕੀ ਹੈ ।

ਮਨੁੱਖ ਆਪਣੇ ਹੋਸ਼ ਸੰਭਾਲਣ ਦੇ ਸਮੇਂ ਤੋਂ ਹੀ ਇਸ ਬ੍ਰਹਿਮੰਡ ਤੇ ਦੁਨੀਆਂ ਦੀ ਪ੍ਰਕਿਰਿਆ ਬਾਰੇ ਸੋਚਦਾ ਆਇਆ ਹੈ। ਇਹ ਸਵਾਲ ਉਸਦੀ ਚੇਤਨਾ ਨੂੰ ਝੰਜੋੜਦੇ ਰਹੇ ਹਨ ਪਰੰਤੂ ਆਪਣੇ ਗਿਆਨ ਤੇ ਬੁੱਧੀ ਦੇ ਸੀਮਤ ਹੋਣ ਕਾਰਨ ਉਹ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਕਿਸੇ ਹੱਦ ਤੱਕ ਅਸਮਰਥ ਸੀ। ਇਹ ਸਵਾਲ ਉਸਦੇ ਸਾਹਮਣੇ ਜਿਉਂਦੇ ਤਿਉਂ ਰਹੇ। ਰੋਜ਼ ਚੜ੍ਹਦਾ ਸੂਰਜ ਤੇ ਤਾਰਿਆਂ ਬਾਰੇ ਉਹ ਸੋਚਦਾ ਰਿਹਾ ? ਸੂਰਜ ਕਿੱਥੋਂ ਆਉਂਦਾ ਤੇ ਕਿੱਥੇ ਜਾਂਦਾ ਹੈ ? ਰੁੱਤਾਂ ਕਿਉਂ ਬਦਲਦੀਆਂ ਹਨ । ਬ੍ਰਹਿਮੰਡ ਨਾਲ ਸੰਬੰਧਿਤ ਇੱਥੇ ਅਸੀਂ ਇਕ ਉਦਾਹਰਣ ਦੇਣੀ ਚਾਹੁੰਦੇ ਹਾਂ । ਅੱਜ ਦੇ ਯੁੱਗ ਵਿਚ ਵਿਗਿਆਨ ਨੇ ਸੂਰਜ ਗ੍ਰਹਿਣ ਤੇ ਚੰਦ ਗ੍ਰਹਿਣ ਬਾਰੇ ਪੂਰੀ ਪੂਰੀ ਜਾਣਕਾਰੀ ਹਾਸਲ ਕਰ ਲਈ ਹੈ ਪਰੰਤੂ ਉਸ ਸਮੇਂ ਦੇ ਮਨੁੱਖ ਦੀ ਕਲਪਨਾ ਇਸ ਦਾ ਹੱਲ ਹੋਰ ਤਰ੍ਹਾਂ ਕਰਦੀ ਹੈ । ਇਕ ਕਥਾ ਘੜ ਲਈ ਗਈ ਕਿ ਸੂਰਜ ਨੂੰ ਦੈਂਤਾਂ ਨੇ ਫੜ ਲਿਆ ਹੈ ਤੇ ਉਸ ਨੂੰ ਦੈਂਤਾਂ ਤੋਂ ਛੁਟਕਾਰਾ ਦਿਵਾਉਣ ਲਈ ਸਾਰੇ ਮਨੁੱਖ ਦਾਨ ਕਰਨ । ਇਸ ਕਥਾ ਦਾ ਵਿਗਿਆਨ ਨਾਲ ਸਿੱਧਾ ਵਿਰੋਧ ਹੈ ਪਰੰਤੂ ਉਸ ਸਮੇਂ ਦੀ ਘੜੀ ਇਹ ਕਹਾਣੀ ਅੱਜ ਵੀ ਪ੍ਰਚੱਲਿਤ ਹੈ। ਇੱਥੋਂ ਹੀ ਮਿੱਥ ਪਰੰਪਰਾ ਦਾ ਜਨਮ ਹੁੰਦਾ ਹੈ ।

ਮਨੁੱਖੀ ਜੀਵਨ ਬਾਰੇ ਵੀ ਅਨੇਕਾਂ ਪ੍ਰਸ਼ਨ ਅਜਿਹੇ ਸਨ ਜਿਨ੍ਹਾਂ ਦਾ ਉਸ ਕੋਲ ਤੇ ਨਾ ਹੀ ਅੱਜ ਦੇ ਮਨੁੱਖ ਕੋਲ ਕੋਈ ਪੂਰਾ ਤਸੱਲੀਬਖਸ਼ ਉੱਤਰ ਹੈ। 'ਮੌਤ' ਇਕ ਅਜਿਹਾ ਪ੍ਰਸ਼ਨ ਹੈ ਜਿਸ ਬਾਰੇ ਅੱਜ ਤਕ ਅਨੇਕਾਂ ਹੀ ਵਿਦਵਾਨਾਂ ਨੇ ਅਟਕਲਾਂ ਲਗਾਈਆਂ ਹਨ ਪਰ ਕੋਈ ਵੀ ਮੌਤ ਜਾਂ ਇਸ ਤੋਂ ਬਾਅਦ ਬਾਰੇ ਕੁਝ ਵੀ ਨਹੀਂ ਕਹਿ ਸਕਿਆ ਹੈ । ਮਿੱਥ ਤੇ ਦੰਦ ਕਥਾ ਦਾ ਡਾ. ਬੇਦੀ ਸਾਹਿਬ ਨੇ ਹੀਰ ਰਾਂਝੇ ਦੀ ਮਿਸਾਲ ਦੇ ਕੇ ਬਹੁਤ ਹੀ ਸੁੰਦਰ ਢੰਗ ਨਾਲ ਫਰਕ ਦੱਸਿਆ ਹੈ। ਉਹ ਲਿਖਦੇ ਹਨ ਕਿ ਹੀਰ ਰਾਂਝੇ ਦੀ ਕਥਾ ਇਕ ਦੰਦ-ਕਥਾ ਹੈ ਪਰੰਤੂ ਇਹ ਮਿੱਥ ਉਦੋਂ ਬਣਦੀ ਹੈ ਜਦੋਂ ਦਸਮ ਗ੍ਰੰਥ ਵਿੱਚ ਰਾਂਝੇ ਨੂੰ ਇੰਦਰ ਦਾ ਅਵਤਾਰ ਅਤੇ ਹੀਰ ਨੂੰ ਮੇਨਕਾ ਸਥਾਪਿਤ ਕਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ।[25] ਇਸੇ ਲਈ ਮੌਤ ਨਾਲ ਸੰਬੰਧਿਤ ਵੀ ਕਈ ਮਿੱਥ ਕਥਾਵਾਂ ਪ੍ਰਚੱਲਿਤ ਹੋਈਆਂ । ਮੌਤ ਦਾ ਫਰਿਸ਼ਤਾ 'ਜਮਰਾਜ' ਹੋਂਦ 'ਵਿੱਚ ਆਇਆ ਤੇ ਉਹ ਮਨੁੱਖਾਂ ਦੇ ਜਨਮ ਮਰਨ ਦਾ ਹਿਸਾਬ ਕਿਤਾਬ ਰੱਖਣ ਲੱਗਾ ।

ਸਮਾਂ ਬੀਤਣ ਦੇ ਨਾਲ ਇਸ ਮਿੱਥ ਪਰੰਪਰਾ ਦਾ ਵਿਕਾਸ ਹੋਇਆ। ਇਕ ਮਿੱਥ ਹੈ ਇਸ ਧਰਤੀ ਦੇ ਡੋਲਣ ਬਾਰੇ। ਕਥਾ ਇਉਂ ਚੱਲਦੀ ਹੈ ਕਿ ਇਕ ਬਲਦ ਨੇ ਇਸ ਧਰਤੀ ਨੂੰ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ। ਉਸ ਦੇ ਸਿਰ ਹਿਲਾਉਣ ਨਾਲ ਹੀ ਇਹ ਧਰਤੀ ਡੋਲ ਜਾਂਦੀ ਹੈ। ਇਹ ਮਨੁੱਖ ਦੇ ਆਦਿ-ਕਾਲ ਦੀ ਕਥਾ ਹੈ ਪਰੰਤੂ 'ਜਪੁਜੀ' ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਮਿੱਥ ਨੂੰ ਗਿਆਨ ਦੀ ਕਾਟ ਦਿੱਤੀ :-

ਧੌਲ ਧਰਮ ਦਇਆ ਕਾ ਪੂਤ ,
ਸੰਤੋਖ ਥਾਪ ਰਖਿਆ ਜਿਨ ਸੂਤਿ ।
ਜੇ ਕੋ ਕਹੈ ਕਰੇ ਵੀਚਾਰੁ ,
ਧਵਲੈ ਊਪਰਿ ਕੇਤਾ ਭਾਰਿ ।

ਜਿਵੇਂ ਅਸੀਂ ਪਹਿਲਾਂ ਵੀ ਕਿਹਾ ਹੈ ਕਿ ਮਿੱਥ ਦੇ ਸ਼ਬਦਾਰਥ ਇਕ ਮੌਲਿਕ, ਪੌਰਾਣਿਕ, ਕਲਪਤਿ ਤੇ ਅਲੌਕਿਕ ਕਹਾਣੀ ਅਥਵਾ ਦੇਵ-ਕਥਾ ਦੇ ਰੂਪ ਵਿਚ ਕੀਤੇ ਜਾਂਦੇ ਰਹੇ ਹਨ, ਅਜਿਹੀ ਕਲਪਿਤ ਕਹਾਣੀ ਜਾਂ ਦੇਵ-ਕਥਾ ਜੋ ਲੋਕਾਂ ਦੇ ਰੀਤੀ-ਰਿਵਾਜਾਂ, ਧਾਰਮਿਕ ਸੰਕਲਪਾਂ, ਦੈਵੀ ਸ਼ਕਤੀਆਂ ਨਾਲ ਲੋਕਾਂ ਦੇ ਮਾਨਸਿਕ ਸੰਬੰਧਾਂ ਦਾ ਵਿਵੇਚਨ ਕਰਦੀ ਹੋਵੇ। ਮਿੱਥ ਦੇ ਸ਼ਬਦਾਰਥ ਝੂ, ਅਸਤਿ, ਵਿਅਰਥ ਤੇ ਬਨਾਵਟੀ ਵੀ ਕੀਤੇ ਜਾਂਦੇ ਰਹੇ ਹਨ। ਪੌਰਾਣਿਕ ਕਥਾਵਾਂ ਦਾ ਆਧਾਰ ਪੂਰਵ ਇਤਿਹਾਸ ਵਿਚ ਦੇਵੀ-ਦੇਵਤਿਆਂ, ਦੈਵੀ ਸ਼ਕਤੀਆਂ, ਸੂਰਬੀਰਾਂ, ਨਾਇਕਾਂ, ਕਬੀਲਿਆਂ ਦੇ ਰਾਜਿਆਂ, ਮਹਾਰਾਜਿਆਂ , ਧਾਰਮਿਕ ਆਗੂਆਂ ਨਾਲ ਸੰਬੰਧਿਤ ਕਿਸੇ ਘਟਨਾ ਦਾ ਕਾਲਪਨਿਕ ਪਸਾਰ ਬਣਦਾ ਰਿਹਾ ਹੈ। ਇਸੇ ਨੂੰ ਅਸੀਂ ਮਿਥਿਹਾਸਕ ਕਥਾ ਆਖ ਸਕਦੇ ਹਾਂ ।

ਮਿੱਥ ਗਿਆਨ ਪ੍ਰਾਪਤੀ ਦਾ ਇਕ ਸਾਧਨ ਹੈ। ਇਸ ਦੇ ਸ਼ਬਦਾਰਥ ਕਰਨ ਤੇ ਇਸ ਨੂੰ ਅਜੋਕੇ ਗਿਆਨ ਦੇ ਚੌਖਟੇ ਵਿਚ ਸਮਝ ਲੈਣ ਦੀ ਪ੍ਰਕ੍ਰਿਆ ਵਿਚ ਅੰਤਰ ਹੈ । ਮਿੱਥ ਅੱਜ ਤੀਕ ਇਕ ਮਾਇਆ ਕਿਆਸ ਕੀਤੀ ਜਾਂਦੀ ਰਹੀ ਪਰੰਤੂ ਸੱਭਿਆਚਾਰਕ ਦ੍ਰਿਸ਼ਟੀ ਤੋਂ ਮਿੱਥ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ ।[26] ਮਿੱਥ ਦੇ ਗਿਆਨ ਰਾਹੀਂ ਲੋਕ-ਮਾਨਸ ਦੀਆਂ ਪ੍ਰਵਿਰਤੀਆਂ ਨੂੰ ਸਮਝਿਆ ਜਾ ਸਕਦਾ ਹੈ। ਮਿੱਥਾਂ ਦਾ ਕਥਾ-ਜਗਤ ਦੇ ਦਰਪਣ ਵਿੱਚ

ਮਾਨਵ ਸੰਸਕ੍ਰਿਤੀ ਦੀ ਝਲਕ, ਆਦਿ ਮਨੁੱਖ ਦੇ ਚਰਿਤ੍ਰ ਦੇ ਮੁਹਾਂਦਰੇ, ਦੇਵਤਾ ਕਾਲ ਦੀਆਂ ਰੀਤੀਆਂ, ਨਾਇਕ ਨਾਲ ਜੁੜੀਆਂ ਸ਼ਰਧਾ ਮੂਲਕ ਰੂੜ੍ਹੀਆਂ, ਪੁਰਾਤਨ ਸਭਿਆਤਾਵਾਂ ਵਿਚ ਪਲਦੇ ਬਹੁਪਰਤੀ ਚਰਿਤ੍ਰ, ਮਾਨਵ-ਸੰਸਕ੍ਰਿਤੀ ਦੇ ਮੁਢਲੇ ਕਾਲ ਦੀਆਂ ਮਾਨਸਿਕ ਪ੍ਰਵਿਰਤੀਆਂ ਅਤੇ ਆਦਿ ਮਨੁੱਖ ਦੀ ਕਾਲਪਨਿਕ ਸ਼ਕਤੀ ਦੇ ਕ੍ਰਿਸ਼ਮੇ ਦੇਖੇ ਜਾ ਸਕਦੇ ਸਨ ।

ਮਿੱਥ ਨੂੰ ਹੁਣ ਗਿਆਨ ਦਾ ਇਕ ਸਾਧਨ ਮੰਨ ਲਿਆ ਗਿਆ ਹੈ। ਮਿੱਥ ਨੂੰ ਮਾਇਆ ਜਾਲ ਦੀ ਜਟਿਲ ਤੇ ਪਰੰਪਰਾਗਤ ਪ੍ਰਪੰਚੀ ਪ੍ਰਕਿਰਿਆ ਨਹੀਂ ਸਮਝਿਆ ਜਾਂਦਾ, ਸਗੋਂ ਮਨੁੱਖ ਦੇ ਸਮਾਜਿਕ, ਇਤਿਹਾਸਕ, ਧਾਰਮਿਕ ਅਤੇ ਮਨੋਵਿਗਿਆਨਕ ਵਿਕਾਸ ਦੇ ਵੱਖ-ਵੱਖ ਪੜ੍ਹਾਵਾਂ ਨੂੰ ਸਮਝਣ ਵਿਚ ਸਹਾਇਕ ਸਮੱਗਰੀ ਮੰਨਿਆ ਜਾਂਦਾ ਹੈ । ਜਿੱਥੇ ਮਿੱਥ ਵਿਚ ਮਨੁੱਖ ਦੇ ਅਧੂਰੇ ਸੁਪਨੇ ਵੇਖੇ ਜਾ ਸਕਦੇ ਹਨ ਉੱਥੇ ਮਾਨਵ ਦੀ ਮਾਨਸਿਕਤਾ ਦੇ ਜਟਿਲ ਕਾਰਜ ਵੀ ਨਜ਼ਰ ਆ ਜਾਂਦੇ ਹਨ ।

(2) <u>ਜਨਮ ਸਾਖੀਆਂ ਵਿੱਚ ਕਥਾਤਮਕ ਤੇ ਪਰੰਪਰਾਈ ਤੱਤ</u>

ਜਨਮਸਾਖੀਆਂ ਮੱਧਕਾਲੀਨ ਪੰਜਾਬੀ ਕਥਾ ਸਾਹਿਤ ਦਾ ਲਿੱਪੀਬੱਧ ਰੂਪ ਹਨ ਜਿਨ੍ਹਾਂ ਦੀ ਰਚਨਾ ਵਿਚ ਮਿੱਥਾਂ ਤੇ ਕਥਾਨਕ ਰੂੜ੍ਹੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਸਾਖੀ ਰਚਨਾ ਤੋਂ ਪਹਿਲਾਂ ਦੇਵੀ ਦੇਵਤਿਆਂ ਦੀ ਪ੍ਰਧਾਨਤਾ ਸੀ ਤੇ ਜਦੋਂ ਸਾਖੀ ਪੁਰਸ਼ਾਂ ਦੇ ਜੀਵਨ-ਬਿਰਤਾਂਤ ਪੇਸ਼ ਹੋਣ ਲੱਗੇ ਤਾਂ ਉਹੀ ਰੂੜ੍ਹੀਆਂ ਉਨ੍ਹਾਂ ਨਾਲ ਜੋੜ ਦਿੱਤੀਆਂ ਗਈਆਂ। ਇਸ ਤਬਦੀਲੀ ਦਾ ਇਕ ਵੱਡਾ ਕਾਰਨ ਮਹਾਤਮਾ ਬੁੱਧ ਦੀ ਸੋਚ ਪਿੱਛੋਂ ਭਾਰਤੀ ਲੋਕਾਂ ਦਾ ਮਾਨਸਿਕ ਤੇ ਬੌਧਿਕ ਤੌਰ ਤੇ ਚੇਤੰਨ ਹੋਣਾ ਸੀ। ਇਸ ਚੇਤੰਨਤਾ ਨੇ ਪੌਰਾਣਿਕ ਪਰੰਪਰਾ ਨੂੰ ਬਹੁਤ ਕਰੜੀ ਸੱਟ ਮਾਰੀ ਤੇ ਇਸ ਦਾ ਸਿੱਟਾ ਇਹ ਨਿਕਲਿਆ ਕਿ ਦੇਵ ਪੁਰਸ਼ਾਂ ਦੀ ਥਾਂ ਮਹਾਂ-ਪੁਰਸ਼ਾਂ ਤੇ ਲੋਕ-ਨਾਇਕਾਂ ਨੇ ਲੈ ਲਈ। ਦੇਵ-ਪੁਰਸ਼ਾਂ ਦੀ ਥਾਂ ਨਾਥਾਂ, ਪੀਰਾਂ, ਸੰਤਾਂ ਤੇ ਗੁਰੂ ਵਿਅਕਤੀਆਂ ਨੂੰ ਮਿਲਣ ਲੱਗੀ।[26] ਸਾਖੀ ਰਚਨਾ ਦਾ ਮੁੱਢ ਇੱਥੋਂ ਹੀ ਬੱਝਿਆ ਤੇ ਸਾਖੀ ਪੁਰਸ਼ਾਂ ਦੇ ਜੀਵਨ ਨਾਲ ਵੀ ਅਨੇਕਾਂ ਰੂੜ੍ਹੀਆਂ ਜੁੜ ਗਈਆਂ ਜਿਸ ਕਾਰਨ ਉਨ੍ਹਾਂ ਦਾ ਮਿੱਥੀ-ਕਰਣ ਹੋ ਗਿਆ। ਇਕ ਬ੍ਰਿਤਾਂਤ ਜਿਥੇ ਦੇਵਤਿਆਂ ਨਾਲ ਜੁੜ ਕੇ ਮਿੱਥ ਬਣਦਾ ਸੀ ਉੱਥੇ ਉਹ ਇਤਿਹਾਸਕ ਸਾਖੀ-ਪੁਰਸ਼ਾਂ ਨਾਲ ਜੁੜ ਕੇ ਰੌਚਕ ਕਥਾ ਬਣ ਗਿਆ ਜਿਸ ਨੂੰ ਸਾਖੀ ਕਿਹਾ ਗਿਆ ।

ਜਨਮਸਾਖੀਆਂ ਤੋਂ ਪਹਿਲਾਂ ਵੀ ਇਕ ਅਮੀਰ ਪੰਜਾਬੀ ਕਥਾ-ਪਰੰਪਰਾ ਪ੍ਰਚੱਲਿਤ ਸੀ ਜਿਸ ਨੇ ਬੋਧੀ ਜਾਤਕ ਤੇ ਅਵਦਾਨ ਪਰੰਪਰਾ ਅਤੇ ਜੈਨ ਕਥਾ ਪਰੰਪਰਾ ਦਾ ਕਾਫ਼ੀ ਪ੍ਰਭਾਵ ਕਬੂਲਿਆ ਹੈ। ਹੜੱਪਾ ਕਾਲ ਦੀ ਕਥਾ ਪਰੰਪਰਾ ਪੰਜਾਬੀ ਦੀ ਸਭ ਤੋਂ ਪ੍ਰਾਚੀਨ ਕਥਾ ਪਰੰਪਰਾ ਹੈ ਕਿਉਂਕਿ ਕਈ ਅਜਿਹੇ ਚਿੱਤਰ ਮਿਲੇ ਹਨ ਜਿਨ੍ਹਾਂ ਤੋਂ ਕਈ ਮਿੱਥਾਂ ਦੇ ਸਮੂਹਗਤ ਹੋਣ ਦਾ ਪਤਾ ਲੱਗਦਾ ਹੈ। ਹੜੱਪਾ ਦੇ ਕਬਰਸਤਾਨ ਵਿਚ ਅਨੇਕਾਂ ਅਸਥੀ-ਮਟਕੇ ਮਿਲੇ ਹਨ ਜਿਨ੍ਹਾਂ ਦੇ ਉਪਰ ਕੁਝ ਚਿਤਰ ਪਰਲੋਕ ਯਾਤਰਾ ਦੇ ਦ੍ਰਿਸ਼ ਹਨ।[27] ਰਿਗਵੇਦ ਨਾਲ ਸੰਬੰਧਿਤ ਕਥਾ-ਪਸਾਰ ਮੂਲ ਵਿਚ ਪੰਜਾਬ ਦੀ ਹੀ ਅਰਿਆਈ ਪਰੰਪਰਾ ਹੈ। ਇਸ ਵੇਦ ਦੁਆਰਾ ਪੰਜਾਬੀ ਕਥਾ ਦਾ ਲਿੱਪੀ ਬੱਧ ਰੂਪ ਸਾਡੇ ਤੱਕ ਪੁੱਜਿਆ ਹੈ । ਇਸ ਵਿਚ ਕਈ ਅਜਿਹੇ ਸੂਤਰ ਮਿਲਦੇ ਹਨ ਜਿਹਨਾਂ ਵਿਚ ਦੋ ਜਾਂ ਤਿੰਨ ਪਾਤਰਾਂ ਦੀ ਪਰਸਪਰ ਵਾਰਤਾਲਾਪ ਵਿਚ ਕਥਾ ਸੰਕੇਤ ਮਾਤਰ ਲੁਪਤ ਹੈ। ਰਿਸ਼ੀ ਸੋਭਰੀ ਦੀ ਕਥਾ ਨੂੰ ਡਾ. ਵਣਜਾਰਾ ਬੇਦੀ ਨੇ ਉਪਲਬਧ ਪ੍ਰਾਚੀਨਤਮ ਕਥਾ ਮੰਨਿਆ ਹੈ। ਵੇਦਾਂ ਤੋਂ ਬਾਅਦ ਪੁਰਾਣੈ ਰਚੇ ਗਏ ਜਿਨ੍ਹਾਂ ਦੀ ਸਾਰੀ ਸਮੱਗਰੀ ਮੂਲ ਰੂਪ ਵਿਚ ਲੋਕਧਾਰਾਈ ਹੈ। ਹਰ ਤੱਥ ਜਾਂ ਵਿਅਕਤੀ ਦੁਆਲੇ ਪੌਰਾਣਿਕ ਰੂੜੀਆਂ ਦੁਆਰਾ ਅਜਿਹਾ ਸੰਘਣਾ ਜਾਲਾ ਬੁਣ ਦਿੱਤਾ ਗਿਆ ਹੈ ਕਿ ਮੂਲ ਨੁਹਾਰ ਪਛਾਨਣੀ ਮੁਸ਼ਕਲ ਹੋ ਗਈ।[28]

ਅਸੀਂ ਇਹ ਆਖ ਸਕਦੇ ਹਾਂ ਕਿ ਗੁਰੂ, ਪੀਰ, ਸਾਧ, ਸੰਤ ਆਦਿ ਨੂੰ ਅਦਭੁਤ ਤੇ ਅਲੌਕਿਕ ਰੂਪ ਵਿਚ ਪੇਸ਼ ਕਰਨ ਦੀ ਪ੍ਰਵਿਰਤੀ ਪੁਰਾਣ ਚੇਤਨਾ ਦਾ ਫਲ ਹੈ। ਮਿੱਥ-ਕਥਾਵਾਂ ਨੇ ਸਾਖੀ ਰਚਨਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਅਜਿਹਾ ਹੋਣ ਦੇ ਸਿੱਟੇ ਵਜੋਂ ਇਤਿਹਾਸਕ ਸਾਖੀ-ਪੁਰਸ਼ਾਂ ਨਾਲ ਬਹੁਤ ਕੁਝ ਅਜਿਹਾ ਜੁੜ ਗਿਆ ਜੋ ਸੋਚ ਤੋਂ ਭਾਵੇਂ ਕੋਹਾਂ ਦੂਰ ਸੀ ਪਰ ਲੋਕਾਂ ਵਿਚ ਉਨ੍ਹਾਂ ਚੰਦ-ਕਥਾਵਾਂ ਇੰਨੀਆਂ ਪ੍ਰਚੱਲਿਤ ਹੋ ਗਈਆਂ ਕਿ ਉਹ ਸੱਚ ਬਣ ਗਈਆਂ। ਸਾਖੀ ਪੰਜਾਬੀ ਕਥਾ ਪਰੰਪਰਾ ਦਾ ਇਕ ਰੂਪ ਹੈ ਤੇ ਗਹੁ ਨਾਲ ਵਿਚਾਰ ਕੀਤਿਆਂ ਇਹ ਤੱਤ ਮਿਲ ਜਾਂਦੇ ਹਨ:-

(1) ਬ੍ਰਿਤਾਂਤਕ ਤੱਤ

(2) ਲੋਕ-ਮਨ ਦੀ ਅਭਿਵਿਅਕਤੀ

(3) ਪਰੰਪਰਾਗਤ ਰੂੜੀਆਂ

ਬਿਰਤਾਂਤ ਤੋਂ ਬਗੈਰ ਕਿਸੇ ਕਥਾ ਕਹਾਣੀ ਅਥਵਾ ਸਾਖੀ ਦਾ ਸਿਰਜੇ ਜਾਣਾ ਲਗਭਗ ਅਸੰਭਵ ਹੈ। ਇਸ ਬਿਰਤਾਂਤ ਵਿਚ ਲੋਕ-ਮਨ ਦਾ ਪਸਾਰ ਹੁੰਦਾ ਹੈ। ਮੌਖਿਕ ਪਰੰਪਰਾ ਨੂੰ ਵਿਕਸਤ

ਕਰਨ ਵਿੱਚ ਇਹ ਬਿਰਤਾਂਤ ਕਾਫ਼ੀ ਸਹਾਈ ਹੁੰਦਾ ਹੈ। ਬਿਰਤਾਂਤ ਦਾ ਦੂਜਾ ਪੜਾਅ ਸਾਖੀਕਾਰ ਦੇ ਹਿੱਸੇ ਆਇਆ ਜਦੋਂ ਉਹ ਪ੍ਰਚੱਲਿਤ ਸਾਖੀ ਨੂੰ ਲਿੱਪੀਬੱਧ ਕਰ ਰਿਹਾ ਸੀ। ਸਾਖੀਆਂ ਦਾ ਉਦੇਸ਼ ਮਨੋਰੰਜਨ ਨਾ ਹੋ ਕੇ ਉਪਦੇਸ਼ਾਤਮਕ ਸੀ ਇਸ ਲਈ ਸਾਖੀਕਾਰਾਂ ਨੇ ਲਿਪੀਬੱਧ ਕਰਦੇ ਸਮੇਂ ਜਿੱਥੇ ਲੋਕਧਾਰਾ ਦੇ ਖ਼ਜਾਨੇ ਵਿਚੋਂ ਬਹੁਤ ਕੁਝ ਲਿਆ ਉਥੇ ਧਾਰਮਿਕ ਗ੍ਰੰਥਾਂ ਤੋਂ ਵੀ ਕਾਫ਼ੀ ਮੱਦਦ ਲਈ ।

ਲੋਕ ਮਨ ਦੀ ਅਭਿਵਿਅਕਤੀ ਹੀ ਸਾਖੀ ਨੂੰ ਸਾਖੀ ਦਾ ਦਰਜਾ ਦਿੰਦੀ ਹੈ ਨਹੀਂ ਤਾਂ ਇਹ ਇਕ ਕਹਾਣੀ ਤੋਂ ਵੱਧ ਨਾ ਹੁੰਦੀ। ਸਾਖੀ-ਪੁਰਸ਼ਾਂ ਦੇ ਜੀਵਨ ਕਾਲ ਵਿਚ ਉਨ੍ਹਾਂ ਸੰਬੰਧੀ ਕਈ ਦੰਦ-ਕਥਾਵਾਂ ਪ੍ਰਚੱਲਿਤ ਹੋ ਗਈਆਂ ਹੋਣਗੀਆਂ ਜੋ ਸਮਾਂ ਪਾ ਕੇ ਸਾਖੀਆਂ ਦੇ ਰੂਪ ਵਿਚ ਪ੍ਰਗਟ ਹੋਈਆਂ। ਪਰੰਪਰਾਗਤ ਰੂੜ੍ਹੀਆਂ ਨੇ ਸਾਖੀ ਰਚਨਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ ਕਿਉਂਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਆਏ ਹਾਂ ਕਿ ਦੇਵਤਿਆਂ ਨਾਲ ਜੁੜੀਆਂ ਪੌਰਾਣਿਕ ਰੂੜ੍ਹੀਆਂ ਤਾਂ ਸਾਖੀ ਪੁਰਸ਼ਾਂ ਨਾਲ ਜੁੜ ਹੀ ਗਈਆਂ ਇਸ ਤੋਂ ਬਿਨ੍ਹਾਂ ਹੋਰ ਵੀ ਪ੍ਰਚੱਲਿਤ ਪਰੰਪਰਾਗਤ ਰੂੜ੍ਹੀਆਂ ਨੂੰ ਵੀ ਸਾਖੀ ਰਚਨਾ ਵਿਚ ਵਿਸ਼ੇਸ਼ ਦਖਲ ਹਾਸਲ ਹੈ। ਪਿਛਲੇ ਪੰਨਿਆਂ ਵਿਚ ਅਸੀਂ ਉਨ੍ਹਾਂ ਰੂੜ੍ਹੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਸਾਖੀ ਰਚਨਾ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਸੁਭਾਅ ਦੇ ਪੱਖੋਂ ਕਥਾਨਿਕ ਰੂੜ੍ਹੀਆਂ ਨੂੰ ਡਾ. ਵਣਜਾਰਾ ਬੇਦੀ ਨੇ ਤਿੰਨ ਕਿਸਮਾਂ ਵਿੱਚ ਵੰਡਿਆ ਹੈ:-

(ੳ) ਸੰਸਾਰਿਕ ਜਾਂ ਵਾਸਤਵਿਕ

(ਅ) ਵਿਸ਼ਵਾਸ ਪਰਕ

(ੲ) ਅਧਵੈਦਿਕ

ਪਹਿਲੀ ਕਿਸਮ ਦੀਆਂ ਰੂੜ੍ਹੀਆਂ ਸੁਭਾਵਿਕ ਲੱਗਦੀਆਂ ਹਨ ਪਰੰਤੂ ਦੂਜੀ ਕਿਸਮ ਦੀਆਂ ਰੂੜ੍ਹੀਆਂ ਜਾਤੀ ਦੇ ਲੌਕਿਕ ਤੇ ਧਾਰਮਿਕ ਸੰਕਲਪਾਂ, ਮਨੌਤਾਂ ਤੇ ਵਿਸ਼ਵਾਸਾਂ ਵਿਚੋਂ ਜਨਮ ਲੈਂਦੀਆਂ ਹਨ ਜਿਵੇਂ ਗੰਗਾ ਇਸ਼ਨਾਨ ਨਾਲ ਪਾਪਾਂ ਤੋਂ ਮੁਕਤੀ ਮਿਲਣੀ, ਸਾਧਾਂ ਸੰਤਾਂ ਵਲੋਂ ਦਿੱਤੇ ਚਾਵਲ ਨਾਲ ਪੁੱਤਰ ਦੀ ਬਖਸ਼ਿਸ਼ ਹੋਣੀ ਆਦਿ । ਸਾਖੀ ਰਚਨਾ ਵਿਚ ਤੀਜੀ ਕਿਸਮ ਦੀਆਂ ਰੂੜ੍ਹੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ ਕਿਉਂਕਿ ਅਦਭੁਤ ਤੇ ਅਲੌਕਿਕ ਹੋਣ ਕਾਰਨ ਲੋਕ-ਮਨ ਇਨ੍ਹਾਂ ਨੂੰ ਜਲਦੀ ਅਪਣਾਉਂਦਾ ਰਿਹਾ ਹੈ। ਸੰਪਰਦਾਇ ਦੀ ਵਸਤੂ

ਹੋਣ ਕਾਰਨ ਸਾਖੀ ਲੋਕਧਾਰਾ ਦੇ ਸਾਂਝੇ ਖੇਤਰ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਰਹੀ ਹੈ । ਡਾ. ਕਰਨੈਲ ਸਿੰਘ ਥਿੰਦ ਨੇ ਕਥਾਨਕ ਰੂੜ੍ਹੀਆਂ ਦਾ ਵਰਗੀਕਰਨ ਘਟਨਾ, ਪਾਤਰ, ਵਸਤੂ ਤੇ ਵਿਚਾਰ ਆਦਿ ਦੇ ਆਧਾਰ ਉਤੇ ਵੀ ਕੀਤਾ ਜਾ ਸਕਦਾ ਹੈ ।[29]

ਜਨਮਸਾਖੀ ਵਿਚ ਉਹੀ ਰਚਨਾਵਾਂ ਦਰਜ ਹਨ ਜਿਹੜੀਆਂ ਕਿਸੇ ਇਤਿਹਾਸਕ ਵਿਅਕਤੀ ਦਾ ਜੀਵਨ ਬਿਰਤਾਂਤ ਪੇਸ਼ ਕਰਦੀਆਂ ਹਨ। ਮੱਧਕਾਲ ਦੇ ਇਨ੍ਹਾਂ ਇਤਿਹਾਸਕ ਵਿਅਕਤੀਆਂ ਦੇ ਜੀਵਨ ਬਾਰੇ ਉਨ੍ਹਾਂ ਦੀ ਆਪਣੀ ਰਚਨਾ ਵਿਚੋਂ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਇਥੇ ਸਾਖੀਕਾਰ ਨੇ ਆਪਣੀ ਕਲਪਨਾ ਤੋਂ ਕੰਮ ਲਿਆ ਹੈ। ਇਥੇ ਅਸੀਂ ਗੁਰੂ ਰਵਿਦਾਸ ਦੇ ਜੀਵਨ-ਬਿਰਤਾਂਤ ਬਾਰੇ ਵਿਚਾਰ ਪੇਸ਼ ਕਰ ਰਹੇ ਹਾਂ। ਸਾਖੀਕਾਰਾਂ ਨੇ ਉਨ੍ਹਾਂ ਦੇ ਪੂਰਬਲੇ ਜਨਮ ਬਾਰੇ ਕਈ ਸਾਖੀਆਂ ਰਚੀਆਂ। ਪੂਰਬਲੇ ਜਨਮ ਦੀ ਸਾਖੀ ਵਿਚ ਜਿੱਥੇ ਗਾਲਪਿਕ ਤੱਤਾਂ ਦੀ ਪ੍ਰਧਾਨਤਾ ਹੈ ਉਥੇ ਬੋਧੀ ਪਰੰਪਰਾ ਦਾ ਵੀ ਪ੍ਰਭਾਵ ਹੈ। ਬੋਧ ਜਾਤਕ ਵਿੱਚ ਕਥਾਵਾਂ ਮਹਾਤਮਾ ਬੁੱਧ ਦੇ ਪੂਰਬਲੇ ਜਨਮਾਂ ਨਾਲ ਸੰਬੰਧਿਤ ਕਹਾਣੀਆਂ ਹਨ। ਸਾਡਾ ਭਾਵ ਇਹ ਹੈ ਕਿ ਪੂਰਬਲੇ ਜਨਮ ਬਾਰੇ ਕਲਪਨਾ ਕਰਨ ਦੀ ਪਰੰਪਰਾ ਬਹੁਤ ਪੁਰਾਣੀ ਹੈ ਜਿਸ ਨੂੰ ਸਾਡੇ ਸਾਖੀਕਾਰਾਂ ਨੇ ਅਪਣਾਇਆ ਹੈ। ਸਾਖੀਕਾਰ ਕੇ ਵਲ ਕਹਾਣੀ ਨਹੀਂ ਲਿਖ ਰਿਹਾ ਸੀ ਸਗੋਂ ਉਹ ਮਿੱਥ ਤੇ ਤੱਥ ਨੂੰ ਮਿਲਾਉਣ ਉਪਰੰਤ ਹੀ ਕਿਸੇ ਇਤਿਹਾਸਕ ਵਿਅਕਤੀ ਦਾ ਚਿੱਤਰ ਪੇਸ਼ ਕਰ ਰਿਹਾ ਸੀ ।

ਗੁਰੂ ਰਵਿਦਾਸ ਦੇ ਜਨਮ ਬਾਰੇ ਹੋਰ ਵੀ ਕਈ ਕਥਾਵਾਂ ਪ੍ਰਚੱਲਿਤ ਹਨ। ਇਥੇ ਅਸੀਂ ਭਵਿੱਸ਼ ਪੁਰਾਣ ਵਿੱਚ ਦਿੱਤੀ ਮਿਥਿਹਾਸਕ ਜਾਣਕਾਰੀ ਪੇਸ਼ ਕਰ ਰਹੇ ਹਾਂ ਜਿਸ ਅਨੁਸਾਰ ਕੇਤੂ ਤੇ ਰਾਹੂ ਦੀ ਅਤਿਆਚਾਰਾਂ ਨੂੰ ਦੂਰ ਕਰਨ ਲਈ ਸੂਰਜ ਨੇ ਆਪਣੇ ਦੋ ਪੁੱਤਰ ਧਰਤੀ ਤੇ ਭੇਜੇ । ਪਹਿਲਾ ਕਸਾਈ ਦੇ ਘਰ ਜਨਮ ਲੈ ਕੇ ਸਧਨਾ ਨਾਂ ਨਾਲ ਪ੍ਰਸਿੱਧ ਹੋਇਆ ਤੇ ਦੂਜਾ ਪੁੱਤਰ ਮਾਨਦਾਸ ਚਮਾਰ ਦੇ ਘਰ ਪੈਦਾ ਹੋਇਆ। ਇਸ ਗ੍ਰੰਥ ਵਿ ਚਲੀ ਜਾਣਕਾਰੀ ਨਿਰੋਲ ਮਿਥਿਹਾਸਕ ਹੈ ਪਰੰਤੂ ਸਾਖੀਕਾਰਾਂ ਨੇ ਇਸ ਤੱਤ ਨਾਲੋਂ ਪਹਿਲੇ ਤੱਤ ਨੂੰ ਜ਼ਿਆਦਾ ਅਪਣਾਇਆ ਹੈ। ਗੁਰੂ ਰਵਿਦਾਸ ਦੇ ਜਨਮ ਸੰਬੰਧੀ ਜਿੱਥੇ ਪਹਿਲੀ ਪਰੰਪਰਾ ਪੂਰਬਲੇ ਜਨਮਾਂ ਬਾਰੇ ਜਾਣਕਾਰੀ ਨਾਲ ਸੰਬੰਧਿਤ ਹੈ ਉਥੇ ਦੂਜੀ ਪਰੰਪਰਾ ਉਨ੍ਹਾਂ ਨੂੰ ਇਕ ਅਵਤਾਰ ਦੇ ਰੂਪ ਵਿਚ ਪੇਸ਼ ਕਰ ਰਹੀ ਹੈ। ਜਨਮਸਾਖੀ ਰਚਨਾ ਵਿਚ ਕਥਾ ਪਰੰਪਰਾ ਦੇ ਵੱਖ-ਵੱਖ ਤੱਤ ਸ਼ਾਮਲ ਹੁੰਦੇ ਰਹੇ ਹਨ। ਸਾਖੀਆਂ ਕਲਪਿਤ ਕਥਾਵਾਂ ਦਾ ਅਧਿਆਤਮ ਉੱਥਾਨ ਮੰਨੀਆਂ ਜਾ ਸਕਦੀਆਂ ਹਨ

ਕਿਉਂਕਿ ਧਾਰਮਿਕ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਦਾ ਉਦੇਸ਼ ਵੀ ਉਪਦੇਸ਼ ਦੇਣਾ ਹੀ ਰਿਹਾ ਹੈ ।

ਕਲਪਨਾ ਕਥਾ-ਪਰੰਪਰਾ ਦਾ ਮੁੱਖ ਤੱਤ ਹੈ ਤੇ ਮਨੁੱਖ ਦੀ ਕਲਪਨਾ ਬਲਵਾਨ ਹੋਣ ਤੋਂ ਬਾਅਦ ਹੀ ਕਥਾ ਕਹਾਣੀਆਂ ਦਾ ਜਨਮ ਹੋਇਆ । ਕਲਪਿਤ ਕਹਾਣੀ ਨੂੰ ਕਿਸੇ ਇਤਿਹਾਸਕ ਵਿਅਕਤੀ ਨਾਲ ਜੁੜ ਕੇ ਦੰਦ-ਕਥਾ ਅਤੇ ਕਿਸੇ ਦੇਵ ਪੁਰਸ਼ ਨਾਲ ਜੁੜਕੇ ਮਿੱਥ ਦਾ ਰੂਪ ਧਾਰਨ ਕਰ ਲੈਂਦੀ ਹੈ। ਹਰ ਸਾਖੀ ਪਹਿਲਾਂ ਕਲਪਿਤ ਕਹਾਣੀ ਦੇ ਰੂਪ ਵਿਚ ਮੌਜੂਦ ਸੀ ਤੇ ਪਰ ਜਦੋਂ ਉਹ ਧਾਰਮਿਕ ਵਿਅਕਤੀ ਨਾਲ ਜੁੜ ਗਈ ਤਾਂ ਸਾਖੀ ਬਣ ਗਈ। ਜੇ ਅਸੀਂ ਦੰਦ-ਕਥਾ ਦੇ ਧਾਰਮਿਕ ਰੂਪ ਨੂੰ ਸਾਖੀ ਆਖੀਏ ਤਾਂ ਜ਼ਿਆਦਾ ਢੁਕਵਾਂ ਲੱਗਦਾ ਹੈ। ਗੁਰੂ ਰਵਿਦਾਸ ਸੰਬੰਧੀ ਉਪਲਬਧ ਸਾਖੀਆਂ ਪਹਿਲਾਂ ਲੋਕ-ਕਹਾਣੀਆਂ ਦੇ ਰੂਪ ਵਿਚ ਪ੍ਰਚੱਲਿਤ ਸਨ। ਅਸੀਂ ਪੂਰਬਲੇ ਜਨਮ ਦੀ ਸਾਖੀ ਦਾ ਪਿਛਲੇ ਪੰਨਿਆਂ ਵਿਚ ਜ਼ਿਕਰ ਕੀਤਾ ਹੈ । ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਮਹਾਤਮਾ ਬੁੱਧ ਦੇ ਪੂਰਬਲੇ ਜਨਮ ਨੂੰ ਦਰਸਾਉਂਦੀਆਂ ਕਹਾਣੀਆਂ ਵਾਂਗ ਹੀ ਗੁਰੂ ਰਵਿਦਾਸ ਦੇ ਪੂਰਬਲੇ ਜਨਮ ਸੰਬੰਧੀ ਵੀ ਸਾਖੀ ਰਚੀ ਗਈ। ਆਪੋ ਆਪਣੇ ਨਾਇਕ ਦੇ ਜੀਵਨ-ਪ੍ਰਸੰਗ ਵਿਚ ਸੰਪਰਦਾਇਕਤਾ ਦੇ ਨਕਤੇ ਨੂੰ ਕਥਾਨਕ ਰੂੜ੍ਹੀਆਂ ਤੇ ਰੂੜ ਕਥਾਵਾਂ ਸਿੰਜਣ ਦਾ ਸਿੱਟਾ ਇਹ ਨਿਕਲਿਆ ਕਿ ਸਮਾਨ ਕਥਾਨਿਕ ਕਈ ਮਹਾਂਪੁਰਸ਼ਾਂ ਨਾਲ ਸੰਬੰਧਿਤ ਕਰ ਦਿੱਤੇ ਗਏ ।

ਗੁਰੂ ਰਵਿਦਾਸ ਦੇ ਅਕਾਲ ਚਲਾਣੇ ਦੀ ਪ੍ਰਚੱਲਿਤ ਸਾਖੀ ਉਨ੍ਹਾਂ ਤੋਂ ਛੁੱਟ ਕਈ ਹੋਰ ਸੰਤਾਂ ਦੇ ਨਾਂ ਨਾਲ ਜੁੜੀ ਮਿਲਦੀ ਹੈ। ਇਸ ਸਾਖੀ ਅਨੁਸਾਰ ਪਾਰਬ੍ਰਹਮ ਨੇ ਕਈ ਭੁਗਤਾਂ ਨੂੰ ਰਵਿਦਾਸ ਜੀ ਕੋਲ ਭੇਜਿਆ ਜੋ ਇਹ ਸੂਚਨਾ ਦਿੰਦੇ ਹਨ ਕਿ ਪਾਰਬ੍ਰਹਮ ਨੇ ਉਨ੍ਹਾਂ ਨੂੰ 21 ਦਿਨ ਬਾਦ ਆਪਣੇ ਕੋਲ ਬੁਲਾਇਆ ਹੈ।[30] ਸਾਖੀਕਾਰ ਸੋਢੀ ਮਿਹਰਬਾਨ ਲਿਖਦਾ ਹੈ ਕਿ ਰਵਿਦਾਸ ਜੀ ਸਵਦੇਹੀ ਪ੍ਰਲੋਕ ਸਿਧਾਰ ਗਏ। ਜਦੋਂ ਹਿੰਦੂ ਮੁਸਲਮਾਨ ਉਨ੍ਹਾਂ ਦੇ ਸਰੀਰ ਨੂੰ ਜਲਾਉਣ ਜਾਂ ਦਫਨਾਉਣ ਬਾਰੇ ਵਿਚਾਰਾਂ ਕਰਨ ਲੱਗੇ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਨ੍ਹਾਂ ਨੇ ਦੇਖਿਆ ਕਿ ਰਵਿਦਾਸ ਜੀ ਦੀ ਦੇਹ ਤਾਂ ਅਦ੍ਰਿਸ਼ਟ ਹੋ ਗਈ ਹੈ । ਅਜਿਹੀ ਸਾਖੀ ਗੁਰੂ ਨਾਨਕ ਦੇਵ ਨਾਲ ਵੀ ਸੰਬੰਧਿਤ ਹੈ ।

ਜਨਮ ਸਾਖੀਆਂ ਦੀ ਰਚਨਾ ਵਿਧੀ ਮਿੱਥਿਕ ਹੈ ਨਾ ਕਿ ਗਲਪੀ। ਡਾ. ਪਿਆਰ ਸਿੰਘ[31] ਦਾ ਕਥਨ ਬਹੁਤ ਵੱਡੇ ਅਰਥ ਆਪਣੇ ਆਪ ਵਿਚ ਸਮੋਈ ਬੈਠਾ ਹੈ । ਇਸ

ਕਥਨ ਤੋਂ ਭਾਵ ਹੈ ਕਿ ਗਾਲਪਿਕ ਤੱਤ ਮਿਥਿਕ ਪ੍ਰਵਿਰਤੀ ਦੇ ਅਧੀਨ ਹੈ। ਜਨਮਸਾਖੀਆਂ ਦੀਆਂ ਕਥਾਵਾਂ ਨਿਰੋਲ ਕਲਪਨਾ ਨਹੀਂ ਸਗੋਂ ਤੱਥਾਂ ਤੇ ਕਲਪਨਾ ਦਾ ਸੁਮੇਲ ਹਨ। ਪੌਰਾਣਿਕ ਰੂੜ੍ਹੀਆਂ ਦਾ ਦਖਲ ਸਮੇਂ ਸਾਖੀ ਪੁਰਸ਼ਾਂ ਦਾ ਮਿੱਥੀਕਰਣ ਹੋ ਗਿਆ। ਜੇ ਸੰਖੇਪ ਵਿਚ ਅਸੀਂ ਇਹ ਕਹਿ ਲਈਏ ਕਿ ਦੇਵੀ ਦੇਵਤਿਆਂ ਦੀ ਥਾਂ ਸਾਖੀ ਪੁਰਸ਼ ਲੋਕਾਂ ਦੇ ਧਿਆਨ ਦਾ ਕੇਂਦਰ ਬਣ ਗਏ ਤਾਂ ਇਸ ਵਿਚ ਅਤਿਕਥਨੀ ਨਹੀਂ ਹੋਵੇਗੀ। ਜਨਮ ਸਾਖੀਆਂ ਦੇ ਕਥਾਤਮਕ ਤੇ ਪਰੰਪਰਾਈ ਤੱਤਾਂ ਬਾਰੇ ਵਿਚਾਰ ਕਰਦਿਆਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਮਿੱਥ ਕਥਾਵਾਂ ਤੇ ਕਥਾਨਕ ਰੂੜ੍ਹੀਆਂ ਨੇ ਸਾਖੀ ਰਚਨਾ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਦੈਵੀ-ਕਰਣ ਦੀ ਰੁਚੀ ਸਾਖੀਕਾਰਾਂ ਨੂੰ ਪਰੰਪਰਾ ਵਿਚੋਂ ਮਿਲੀ ਹੈ ਤੇ ਸਾਰੀਆਂ ਹੀ ਸਾਖੀਆਂ ਵਿਚ ਇਹ ਤੱਤ ਪ੍ਰਧਾਨ ਰਿਹਾ ਹੈ। ਇਸ ਰੁਚੀ ਨੇ ਜਿੱਥੇ ਮੱਧਕਾਲ ਦੇ ਸੰਤਾਂ ਨੂੰ ਦੇਵਤਿਆਂ ਦੇ ਤੁਲ ਸਿੱਧ ਕੀਤਾ ਉਥੇ ਉਨ੍ਹਾਂ ਦੇ ਜੀਵਨ ਬਾਰੇ ਅਨੇਕਾਂ ਮਸਲੇ ਖੜ੍ਹੇ ਕਰ ਦਿੱਤੇ। ਇਤਿਹਾਸਕ ਵਿਅਕਤੀ ਹੋਣ ਕਾਰਨ ਦੇਵਤੇ ਉਹ ਬਣ ਨਾ ਸਕੇ ਤੇ ਸਾਖੀਕਾਰ ਨੂੰ ਉਨ੍ਹਾਂ ਦਾ ਵਿਅਕਤੀ ਹੋਣਾ ਦਰਕਾਰ ਨਹੀਂ ਸੀ। ਕਰਾਮਾਤਾਂ ਵੀ ਉਨ੍ਹਾਂ ਦੇ ਜੀਵਨ ਨਾਲ ਜੋੜੀਆਂ ਗਈਆਂ ਕਿਉਂਕਿ ਹਰ ਸੰਪਰਦਾਇ ਆਪਣੇ ਨਾਇਕ ਨੂੰ ਸਿਰਮੌਰ ਸਾਬਤ ਕਰਨਾ ਚਾਹੁੰਦਾ ਸੀ। ਸਾਖੀਕਾਰਾਂ ਦੇ ਇਸ ਰੁਝਾਨ ਨੇ ਵੀ ਇਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਕਈ ਅਮੰਨਣਯੋਗ ਸਾਖੀਆਂ ਪ੍ਰਚੱਲਿਤ ਕਰ ਦਿੱਤੀਆਂ। ਜਨਮ ਸਾਖੀਆਂ ਵਿਚ ਪਰੰਪਰਾਵਾਦੀ ਕਹਾਣੀ ਤੱਤ ਵੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਰਿਹਾ ਹੈ ਜਿਸ ਨੇ ਇਸ ਸਾਹਿਤ ਨੂੰ ਕਾਫੀ ਹਰਮਨ ਪਿਆਰਾ ਬਣਾ ਦਿੱਤਾ ਹੈ। ਅਸੀਂ ਪਿਛਲੇ ਪੰਨਿਆਂ ਵਿਚ ਜ਼ਿਕਰ ਕਰ ਆਏ ਹਾਂ ਕਿ ਕਥਾਨਕ ਰੂੜ੍ਹੀਆਂ ਨੇ ਸਾਖੀ ਰਚਨਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਜਨਮਸਾਖੀਆਂ ਦੀ ਰਚਨਾ ਵਿਚ ਮਿਥਕ ਥਾਵਾਂ ਤੇ ਕਥਾਨਕ ਰੂੜ੍ਹੀਆਂ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਕਥਾਤਮਕ ਤੇ ਪਰੰਪਰਾਈ ਤੱਤ ਜਨਮਸਾਖੀਆਂ ਵਿਚ ਮੌਜੂਦ ਹਨ। ਇਨ੍ਹਾਂ ਤੱਤਾਂ ਦੇ ਮਹੱਤਵ ਦਾ ਪਤਾ ਭਲੀ ਭਾਂਤ ਚੱਲ ਜਾਂਦਾ ਹੈ ਜਦੋਂ ਅਸੀਂ ਇਸ ਸਦੀ ਵਿਚ ਰਚੇ ਗਏ ਸਾਖੀ ਸਾਹਿਤ ਨੂੰ ਗਹੁ ਨਾਲ ਵਾਚਦੇ ਹਾਂ ।

## ਟਿੱਪਣੀਆਂ ਤੇ ਹਵਾਲੇ


1. ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ- 23.
2. -ਉਹੀ-, ਪੰਨਾ- 23.
3. -ਉਹੀ-, ਪੰਨਾ- 24.
4. -ਉਹੀ-, ਪੰਨਾ- 24.
5. ਆਦਿ ਸਾਖੀਆਂ, ਪੰਨਾ- 113.
6. , ਕਥਾ ਗੁਸਾਈਂ ਰਵਿਦਾਸ ਜੀ ਕੇ ਸਮਾਵਣੇ ਕੀ, ਪੰਨਾ-106 ਭਗਤ ਰਵਿਦਾਸ ਜੋਤ ਪ੍ਰਕਾਸ਼
7. ਪਰਚੀਆਂ ਭਾਈ ਦਰਬਾਰੀ ਦਾਸ, ਭਗਤ ਰਵਿਦਾਸ ਜੋਤ ਪ੍ਰਕਾਸ਼ – 55
8. ਆਦਿ ਸਾਖੀਆਂ, ਡਾ. ਪਿਆਰ ਸਿੰਘ, ਪੰਨਾ- 10.
9. -ਉਹੀ- ਪੰਨਾ- 10.
10. Maninovesky, The Social Psychology of Myth in the Modern Times, P. 632-33.
11. ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ- 125.
12. -ਉਹੀ-, ਪੰਨਾ- 126.
13. Emile Duikkeim, Elementary Form of Religions Life, P. 83.
14. Mircea Eliode- Myths, Dreams and Mysteries, P. 24.
15. ਡਾ. ਹਰਿਭਜਨ ਸਿੰਘ, ਮਨਜੀਤ ਸਿੰਘ (ਸੰਪਾ.) ਸਾਖੀ ਸੁਰਤਿ, ਪੰਨਾ- 114.
16. Richard Chese, Notes on the Study of Myth in the Modern Tradition, P. 246.
17. Naitheon Frye, Anatomy of Criticism, P. 33.
18. Vico, The New Science, P. 104-108.
19. Creative writers and Deny Deeaming, in The Standard Edition of the Complete Psychological Works of sigmund Frreud -- Vol-IX ,P- 152 (Ed.) James Steachey .
20. ਜਨਮ ਸਾਖੀ ਮਿੱਥ ਵਿਗਿਆਨ, ਪੰਨਾ- 25.
21. ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ- 125.
22. Epic, Myth and Legends of India, P. 3.
23. ਸਾਖੀ ਸੁਰਤਿ, ਪੰਨਾ- 106.
24. -ਉਹੀ-, ਪੰਨਾ- 106.

- ਮੱਧਕਾਲੀ ਕਥਾ: ਰੂਪ ਤੇ ਪਰੰਪਰਾ, ਪੰਨਾ -127

26. ਡਾ. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ- 16.
27. -ਉਹੀ-, ਪੰਨਾ- 39.
28. -ਉਹੀ-, ਪੰਨਾ- 42.
29. ਡਾ. ਕਰਨੈਲ ਸਿੰਘ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ- 125.
30. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 55.
31. ਡਾ. ਪਿਆਰ ਸਿੰਘ, ਆਦਿ ਸਾਖੀਆਂ, ਪੰਨੇ- 30--31.

# ਅਧਿਆਇ ਪੰਜਵਾਂ

## ਜਨਮਸਾਖੀ ਸਾਹਿਤ ਵਿਚ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਦਾ ਵਰਨਣ

## ਜਨਮਸਾਖੀ ਸਾਹਿਤ ਵਿਚ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਦਾ ਵਰਨਣ

ਇੱਕ ਕਹਾਵਤ ਹੈ ਕਿ ਸੰਤ ਤੇ ਨਦੀ ਆਮ ਤੌਰ ਤੇ ਚੱਲਦੇ ਹੀ ਰਹਿੰਦੇ ਹਨ ਕਿਉਂਕਿ ਦੋਹਾਂ ਦਾ ਉਦੇਸ਼ ਸਮੁੱਚੀ ਮਨੁੱਖਤਾ ਦਾ ਕਲਿਆਣ ਕਰਨਾ ਹੁੰਦਾ ਹੈ। ਨਦੀ ਜਿੱਥੇ ਆਪਣੇ ਪਾਣੀ ਨਾਲ ਧਰਤੀ ਨੂੰ ਸਿੰਜ ਕੇ ਮਨੁੱਖ ਦੇ ਜੀਊਣ ਦਾ ਆਹਾਰ ਪੈਦਾ ਕਰਦੀ ਹੈ ਉਥੇ ਸੰਤ ਮਨੁੱਖ ਨੂੰ ਸਹੀ ਅਰਥਾਂ ਵਿੱਚ ਮਨੁੱਖ ਬਣਾਉਣ ਵਿੱਚ ਸਹਾਈ ਹੁੰਦੇ ਹਨ। ਸੰਤਾਂ ਦਾ ਉਦੇਸ਼ ਮਨੁੱਖ ਨੂੰ ਅਧਿਆਤਮਕ ਉਚਿਆਈਆਂ ਤੱਕ ਪਹੁੰਚਾ ਕੇ ਉਸ ਨੂੰ ਉਸ ਦੇ ਅਸਲ ਦਾ ਗਿਆਨ ਕਰਵਾਉਣਾ ਹੁੰਦਾ ਹੈ। ਸੰਤ ਤੇ ਨਦੀ ਦੋਹਾਂ ਦਾ ਪੈਂਡਾ ਬੜਾ ਮੁਸ਼ਕਲ ਹੁੰਦਾ ਹੈ; ਜਿਥੇ ਨਦੀ ਦੇ ਰਾਹ ਵਿੱਚ ਕਦੀ ਚਟਾਨ ਤੇ ਕਦੀ ਉੱਚੇ ਪਹਾੜ ਆ ਖਲੋਂਦੇ ਹਨ ਉੱਥੇ ਸੰਤ ਦੇ ਰਾਹ ਵਿੱਚ ਵੀ ਅਨੇਕਾਂ ਮਨੁੱਖ ਰੁਕਾਵਟ ਬਣ ਖਲੋਂਦੇ ਹਨ ਪਰ ਕੁਦਰਤ ਦੀ ਸਿਫਤ ਕਰਨੀ ਬਣਦੀ ਹੈ ਕਿ ਉਸ ਦੇ ਵਰੋਸਾਏ ਹੋਏ ਇਹ ਦੋਵੇਂ ਹੀ ਆਪਣੀ ਮੰਜ਼ਿਲ ਤੀਕ ਆਖ਼ਰ ਪਹੁੰਚ ਹੀ ਜਾਂਦੇ ਹਨ।

ਨਿਰਸੰਦੇਹ ਮੱਧਕਾਲ ਦੇ ਸੰਤ ਵੀ ਜਨ-ਕਲਿਆਣ ਲਈ ਇਕ ਥਾਂ ਤੋਂ ਦੂਜੀ ਥਾਂ ਜਾਂਦੇ ਰਹੇ ਹੋਣਗੇ। ਉਸ ਸਮੇਂ ਜਿੱਥੇ ਘਣੇ ਜੰਗਲ ਸਨ ਉੱਥੇ ਸਫਰ ਕਰਨ ਦੇ ਅਜੋਕੇ ਸਾਧਨ ਵੀ ਨਹੀਂ ਸਨ। ਬਹੁਤਾ ਸਫਰ ਪੈਦਲ ਹੀ ਕੀਤਾ ਜਾਂਦਾ ਸੀ ਤੇ ਇਸ ਦਾ ਇਕ ਵੱਡਾ ਲਾਭ ਹੁੰਦਾ ਸੀ ਕਿ ਵੱਧ ਤੋਂ ਵੱਧ ਲੋਕ ਉਨ੍ਹਾਂ ਦੇ ਬਚਨਾਂ ਦਾ ਲਾਭ ਉਠਾ ਸਕਦੇ ਸਨ। ਭਾਵੇਂ ਇਤਿਹਾਸ ਦੇ ਝਰੋਖੇ 'ਚੋਂ ਬਹੁਤੇ ਸੰਤਾਂ ਦੀਆਂ ਯਾਤਰਾਵਾਂ ਬਾਰੇ ਸਾਨੂੰ ਪ੍ਰਮਾਣਿਕ ਸਬੂਤ ਤਾਂ ਨਹੀਂ ਮਿਲਦੇ ਪਰੰਤੂ ਫਿਰ ਵੀ ਕੁਝ ਕੁ ਪਰੰਪਰਾਵਾਂ ਕਾਫੀ ਠੋਸ ਹਨ ਜੋ ਉਨ੍ਹਾਂ ਦੀਆਂ ਯਾਤਰਾਵਾਂ ਦੇ ਸਬੂਤ ਮੰਨੇ ਜਾ ਸਕਦੇ ਹਨ। ਇਹ ਯਾਤਰਾਵਾਂ ਜ਼ਰੂਰੀ ਸਨ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਅੱਜ ਵਾਂਗ ਸਾਧਨ ਵੀ ਨਹੀਂ ਸਨ ਤੇ ਦੂਜਾ ਵਿਅਕਤੀਗਤ ਰੂਪ ਵਿੱਚ ਲੋਕਾਂ ਤੇ ਪ੍ਰਭਾਵ ਵੀ ਵਧੇਰੇ ਪੈਂਦਾ ਸੀ। ਹੁਣ ਅਸੀਂ ਮੱਧਕਾਲ ਦੇ ਮਹਾਨ ਸੰਤ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਬਾਰੇ ਵਿਚਾਰ ਕਰਾਂਗੇ ।

### ਗੁਰੂ ਰਵਿਦਾਸ ਦੀਆਂ ਯਾਤਰਾਵਾਂ

ਗੁਰੂ ਰਵਿਦਾਸ ਵੀ ਹੋਰ ਸੰਤਾਂ ਵਾਂਗ ਅਵੱਸ਼ ਹੀ ਕਈ ਇਲਾਕਿਆਂ ਵਿੱਚ ਕਦੇ

ਪ੍ਰਚਾਰ ਹਿੱਤ ਤੇ ਕਦੇ ਆਪਣੇ ਸ਼ਰਧਾਲੂਆਂ ਦੇ ਸੱਦੇ ਤੇ ਗਏ ਹੋਣਗੇ। ਗੁਰੂ ਰਵਿਦਾਸ ਦੇ ਵੇਲੇ ਆਮ ਲੋਕਾਂ ਦੀ ਦਸ਼ਾ ਬਹੁਤ ਤਰਸਯੋਗ ਸੀ ਤੇ ਦੱਬੇ ਕੁਚਲੇ ਲੋਕਾਂ ਨੂੰ ਸਮਾਜ ਵਿੱਚ ਸਤਿਕਾਰ ਦੁਆਉਣ ਹਿੱਤ ਵੀ ਇਹ ਯਾਤਰਾਵਾਂ ਕੀਤੀਆਂ ਗਈਆਂ। ਇਹ ਮਹਾਨ ਸੰਤ ਸਮੁੱਚੀ ਦਲਿਤ ਜਾਤੀ ਅੱਗੇ ਇਕ ਆਦਰਸ਼ ਸੀ ਕਿ ਉਹ ਪ੍ਰਭੂ ਦੀ ਭਗਤੀ ਨਾਲ ਬਹੁਤ ਉੱਚਾ ਸਥਾਨ ਪ੍ਰਾਪਤ ਕਰ ਗਏ ਸਨ। ਇਨ੍ਹਾਂ ਯਾਤਰਾਵਾਂ ਬਾਰੇ ਜਾਣਕਾਰੀ ਸਾਨੂੰ ਉਨ੍ਹਾਂ ਬਾਰੇ ਰਚੇ ਗਏ ਜਨਮਸਾਖੀ ਸਾਹਿਤ ਤੋਂ ਹੀ ਮਿਲਦੀ ਹੈ। ਪੁਰਾਤਨ ਤੇ ਨਵੀਨ ਦੋਵੇਂ ਹੀ ਸ੍ਰੋਤ ਇਨ੍ਹਾਂ ਯਾਤਰਾਵਾਂ ਬਾਰੇ ਜਾਣਕਾਰੀ ਦਿੰਦੇ ਹਨ। ਜਿੱਥੇ ਪ੍ਰਾਚੀਨ ਸ੍ਰੋਤ ਸੰਖੇਪ ਜਾਣਕਾਰੀ ਦਿੰਦੇ ਹਨ ਉੱਥੇ ਕਈ ਨਵੀਨ ਸ੍ਰੋਤਾਂ ਨੇ ਕੁਝ ਅਜਿਹੀਆਂ ਯਾਤਰਾਵਾਂ ਦਾ ਵੀ ਵਰਨਣ ਕਰ ਦਿੱਤਾ ਹੈ ਜਿਹੜੀਆਂ ਬਹੁਤੀਆਂ ਮੰਨਣ ਯੋਗ ਨਹੀਂ ਲੱਗਦੀਆਂ। ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਪ੍ਰਾਚੀਨ ਸ੍ਰੋਤਾਂ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਵਿੱਚ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਦਾ ਵਰਨਣ ਕੀਤਾ ਗਿਆ ਹੈ। ਭਾਵੇਂ ਗੁਰੂ ਨਾਨਕ ਦੀਆਂ ਉਦਾਸੀਆਂ ਵਾਂਗ ਇਹ ਵਰਨਣ ਵਿਸਥਾਰ-ਪੂਰਵਕ ਨਹੀਂ ਹੈ ਪਰੰਤੂ ਫਿਰ ਵੀ ਇਹ ਜਾਣਕਾਰੀ ਵਿਸ਼ਵਾਸ ਕਰਨ ਯੋਗ ਹੈ। ਅਸੀਂ ਇਸ ਸਾਹਿਤ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੈ।

(ੳ) ਦੇਵਨਾਗਰੀ ਸ੍ਰੋਤ

(1) ਪਰਚਈ ਰੈਦਾਸ (ਅਨੰਤਦਾਸ)

ਇਸ ਪਰਚਈ ਅਨੁਸਾਰ ਆਪ ਨੇ ਚਿਤੌੜ, ਰੰਗੋਰੇਣਗੜ੍ਹ, ਦੁਆਰਕਾ, ਮਥਰਾ ਤੇ ਬ੍ਰਿੰਦਾਬਨ ਦੀ ਯਾਤਰਾ ਕੀਤੀ। ਸ੍ਰੀ ਅਨੰਤਦਾਸ ਜੀ ਨੇ ਰਾਣੀ ਝਾਲੀ ਦੇ ਸੱਦੇ ਤੇ ਆਪ ਦੇ ਚਿਤੌੜ ਜਾਣ ਦਾ ਵਰਨਣ ਕੀਤਾ ਹੈ। ਉਹ ਆਖਦੇ ਹਨ:—

ਜਿਨਿ ਕੈ ਦ੍ਵਾਰੇ ਗੁਰੂ ਨ ਪਧਾਰੇ। ਤੇ ਤੈਂ ਜਨਮ ਆਪਨੋਂ ਹਾਰੈ।
ਤਬ ਝਾਲੀ ਭਕਤਨ ਕੌ ਬੂਝੈ। ਮੇਰੈ ਏਸੀ ਤੁਮ੍ਹਿ ਕਾ ਸੂਝੈ।।[1]

ਰਾਣੀ ਝਾਲੀ ਦੇ ਸ਼ੁਭ ਵਿਚਾਰਾਂ ਦੀ ਬਾਕੀ ਭਗਤ ਵੀ ਪ੍ਰੋੜਤਾ ਕਰਦੇ ਹਨ ਤਾਂ ਗੁਰੂ ਰਵਿਦਾਸ ਜੀ ਨੂੰ ਸੱਦਾ ਪੱਤਰ ਭੇਜਿਆ ਜਾਂਦਾ ਹੈ। ਕਈ ਦਿਨ੍ਹਾਂ ਦੀ ਯਾਤਰਾ ਬਾਦ ਉਹ ਚਿਤੌੜ ਪਹੁੰਚਦੇ ਹਨ ਤਾਂ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਗੁਰਭਾਈ ਕਬੀਰ ਸਾਹਿਬ ਨਾਲ ਸਲਾਹ ਕੀਤੀ।

ਹੁਣ ਵਿਚਾਰਨ ਵਾਲੀ ਗੱਲ ਹੈ ਕਿ ਪੈਦਲ ਸਫਰ ਦੌਰਾਨ ਉਹ ਹੋਰ ਵੀ ਥਾਵਾਂ ਤੇ ਰੁਕੇ ਹੋਣਗੇ। ਭਾਵੇਂ ਇਤਿਹਾਸ ਵਿਚ ਉਨ੍ਹਾਂ ਸਥਾਨਾਂ ਦਾ ਜ਼ਿਕਰ ਨਹੀਂ ਹੈ ਪਰੰਤੂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਜਿਸ ਰਾਹ ਉਹ ਗਏ ਉਥੇ ਉਨ੍ਹਾਂ ਨਾਲ ਸੰਬੰਧਿਤ ਯਾਦਗਾਰਾਂ ਹੋ ਸਕਦੀਆਂ ਹਨ । ਬਨਾਰਸ ਤੋਂ ਚਿਤੌੜਗੜ੍ਹ ਜਾਣ ਲਈ ਕਈ ਰਾਹ ਹੋ ਸਕਦੇ ਹਨ ਤੇ ਰਵਿਦਾਸ ਜੀ ਵਲੋਂ ਚੁਣੇ ਰਸਤੇ ਨਿਸ਼ਾਨਦੇਹੀ ਕਰਨ ਲਈ ਸਾਨੂੰ ਜਨਮਸਾਖੀ ਸਾਹਿਤ ਵਿੱਚ ਉਨ੍ਹਾਂ ਸਥਾਨਾਂ ਦੀ ਹੋਰ ਭਾਲ ਕਰਨੀ ਪਵੇਗੀ ਤਾਂ ਹੀ ਅਸੀਂ ਕਿਸੇ ਸਿੱਟੇ ਤੇ ਪਹੁੰਚ ਸਕਾਂਗੇ। ਜੋ ਕਿ ਇਕ ਵੱਖਰਾ ਵਿਸ਼ਾ ਹੈ।

(2) ਪੀਪਾ ਜੀ ਪਰਚਈ (ਅਨੰਤਦਾਸ)

ਪੀਪਾ ਜੀ ਆਪਣੇ ਗੁਰੂ ਸ੍ਰੀ ਰਾਮਾਨੰਦ ਨੂੰ ਆਪਣੇ ਘਰ ਆਉਣ ਦੀ ਬੇਨਤੀ ਕਰਦੇ ਹਨ ਤਾਂ ਸ੍ਰੀ ਰਾਮਾਨੰਦ ਜੀ ਆਪਣੇ ਸ਼ਿਸ਼ਾਂ ਨੂੰ ਨਾਲ ਲੈ ਕੇ ਗੰਗਰੌਣਗੜ ਜਾਂਦੇ ਹਨ। ਕਥਨ ਹੈ:—

ਤਬ ਰਾਮਾਨੰਦ ਬਾਂਚੀ ਪਾਤੀ, ਲੀਏ ਰੈਦਾਸ ਕਬੀਰ ਸੰਘਾਤੀ।
ਅਵਰ ਭਗਤ ਚਾਰੀਸ ਬੁਲਾਏ, ਗਿਰਹੀ ਅਰੁ ਵੈਰਾਗੀ ਆਏ।।[2]

ਇਸ ਪਰਚਈ ਤੋਂ ਗੁਰੂ ਰਵਿਦਾਸ ਜੀ ਦੇ ਗੰਗਰੌਣਗੜ ਜਾਣ ਦਾ ਪਤਾ ਲੱਗਦਾ ਹੈ ਤੇ ਸ੍ਰੀ ਰਾਮਾਨੰਦ ਦੀ ਮੌਤ ਤੋਂ ਬਾਦ ਉਨ੍ਹਾਂ ਨੂੰ ਸਾਰੇ ਭਾਰਤ ਵਿੱਚ ਘੁੰਮ ਕੇ ਪ੍ਰਚਾਰ ਕਰਨ ਦੀ ਜਿੰਮੇਵਾਰੀ ਸੌਂਪੀ ਗਈ। ਪੀਪਾ ਜੀ ਨੇ ਸ੍ਰੀ ਰਵਿਦਾਸ ਜੀ ਤੇ ਕਬੀਰ ਸਾਹਿਬ ਨੂੰ ਸ੍ਰੀ ਰਾਮਾਨੰਦ ਜਿੰਨਾਂ ਹੀ ਆਦਰ ਦਿੱਤਾ ।

ਮਿਲੈ ਕਬੀਰ ਅਵਰ ਵੈਰਾਗੀ। ਜਿਨ ਕੀ ਪ੍ਰੀਤਿ ਰਾਮ ਸਊ ਲਾਗੀ।
ਕਠਿ ਲਾਗਿ ਭੇਟੈ ਰੈਦਾਸੂ। ਢਰੈ ਪ੍ਰੇਮ ਕੇ ਨਿਰਮਲ ਆਂਸੂ।।[3]

ਇਸੇ ਪਰਚਈ ਅਨੁਸਾਰ ਸ੍ਰੀ ਰਵਿਦਾਸ ਜੀ ਦੁਆਰਕਾ ਪੁਰੀ ਵੀ ਗਏ । ਸ੍ਰੀ ਰਾਮਾਨੰਦ ਜੀ ਨਾਲ ਉਨ੍ਹਾਂ ਤੋਂ ਇਲਾਵਾ ਰਾਜਾ ਪੀਪਾ ਜੀ, ਤੇ ਕਬੀਰ ਸਾਹਿਬ ਤੇ ਹੋਰ ਸ਼ਿਸ਼ ਸਨ। ਜ਼ਿਕਰ ਹੈ ਕਿ ਇਕ ਬ੍ਰਾਹਮਣ ਸ੍ਰੀ ਰਾਮਾਨੰਦ ਜੀ ਨਾਲ ਬਦਸਲੂਕੀ ਕਰਦਾ ਹੈ ਤੇ ਰਾਜਾ ਪੀਪਾ ਨੂੰ ਆਪਣੇ ਨਾਲ ਲੈ ਕੇ ਜਾਣਾ ਚਾਹੁੰਦਾ ਹੈ। ਜਦੋਂ ਉਸ ਨੂੰ ਸਫਲਤਾ ਨਹੀਂ ਮਿਲਦੀ ਤਾਂ

ਜਹਿਰ ਖਾ ਕੇ ਪ੍ਰਾਣ ਤਿਆਗ ਦਿੰਦਾ ਹੈ। ਇਸ ਵੇਲੇ ਦਾ ਨਜ਼ਾਰਾ ਇਸ ਪ੍ਰਕਾਰ ਪੇਸ਼ ਕੀਤਾ ਗਿਆ ਹੈ:--

ਸ੍ਵਾਮੀ ਹੰਸੇ ਕਬੀਰ ਹਸੇਤਾ। ਹਰਿ ਬਿਨ ਮਰਿ ਮਰਿ ਜਾਹਿ ਅਚੇਤਾ।
ਤੋਹਿ ਪਾਪ ਕਾਹੇ ਕੋ ਹੋਈ। ਆਪਨੀ ਕੁਮਤਿ ਮਰੈ ਹੈ ਕੋਈ ।
ਤਬ ਸ੍ਵਾਮੀ ਬਾਂਭਨ ਹਿ ਜਿਵਾਵੈ। ਅਪਣੇ ਚਰਨ ਪ੍ਰਛਾਰਿ ਪਿਵਾਵੈ ।
ਉਠਿ ਬੈਠੇ ਜਬ ਸ੍ਵਾਮੀ ਛੀਏ, ਪੀਪਾ ਦੇਖਿ ਅਚੰਭਾ ਕੀਏ ।
ਤਬ ਰੈਦਾਸ ਵਧਾਈ ਦੀਨੀ। ਰਾਮਾਨੰਦ ਕੀ ਆਰਤੀ ਕੀਨੀ ।।[4]

ਡਾ. ਧਰਮਪਾਲ ਸਿੰਗਲ ਦਾ ਕਥਨ ਹੈ ਕਿ ਇਸ ਸਾਖੀ ਤੋਂ ਇਕ ਹੋਰ ਬਹੁਤ ਹੀ ਮਹੱਤਵਪੂਰਨ ਪੱਖ ਤੇ ਪ੍ਰਕਾਸ਼ ਪੈਂਦਾ ਹੈ ਕਿ ਗੁਰੂ ਰਵਿਦਾਸ ਜੀ ਅਕਸਰ ਆਪਣੇ ਦੀਖਿਆ ਗੁਰੂ ਸੁਆਮੀ ਰਾਮਾਨੰਦ ਜੀ ਨਾਲ ਬਾਹਰ ਦੇਸ਼ਾਟਨ ਲਈ ਜਾਂ ਤੀਰਥ ਯਾਤਰਾ ਤੇ ਜਾਂਦੇ ਰਹਿੰਦੇ ਸਨ। ਉਨ੍ਹਾਂ ਵਿਚੋਂ ਗੰਗਾਰੋਣ ਤੋਂ ਛੁੱਟ ਦੁਆਰਕਾ ਪੁਰੀ, ਮਥਰਾ, ਬ੍ਰਿੰਦਾਬਨ ਅਤੇ ਚਿਤੌੜ ਦੇ ਸਫ਼ਰ ਬਾਰੇ ਤਾਂ ਹੁਣ ਤੱਕ ਪ੍ਰਕਾਸ਼ ਪੈ ਹੀ ਚੁੱਕਾ ਹੈ।"[5]

ਡਾ. ਸਿੰਗਲ ਦਾ ਉਪਰੋਕਤ ਕਥਨ ਬਿਲਕੁਲ ਠੀਕ ਜਾਪਦਾ ਹੈ ਕਿਉਂਕਿ ਪਰੰਪਰਾ ਅਨੁਸਾਰ ਸਾਧੂ ਸੰਤ ਆਮ ਤੌਰ ਤੇ ਚੱਲਦੇ ਫਿਰਦੇ ਰਹਿੰਦੇ ਹਨ। ਸਭ ਤੋਂ ਪੁਰਾਤਨ ਸ੍ਰੋਤ ਹੋਣ ਕਰਕੇ ਇਹ ਵਧੇਰੇ ਮੰਨਣਯੋਗ ਵੀ ਜਾਪਦਾ ਹੈ ।

(4) <u>ਸ੍ਰੀ ਭਗਤਮਾਲ ਰਾਘੋਦਾਸ</u>

ਇਸ ਗ੍ਰੰਥ ਅਨੁਸਾਰ ਆਪ ਰਾਣੀ ਝਾਲੀ ਦੇ ਸੱਦੇ ਤੇ ਚਿਤੌੜ ਗਏ ਤੇ ਉੱਥੇ ਉਨ੍ਹਾਂ ਨੇ ਘੁਮੰਡੀ ਬ੍ਰਾਹਮਣਾਂ ਨੂੰ ਚਮੜੀ ਹੇਠਲਾ ਜਨੇਊ ਦਿਖਾਇਆ:--

ਦੇਖਿ(ਦੇਸ) ਗਈ ਫਿਰਿ ਕਾਗਦ ਭੇਜਤ ਆਇ ਦਸਾ ਕਰਿ ਪਾਵਨ ਕੀਜੈ।
ਆਪ ਚਿਤੌਰ ਗਯੇ ਧਨਵਾਰਤ ਬ੍ਰਾਹਮਨ ਆਵਤ ਸਾਹੁ ਜਿਮੀਜੈ ।
ਜੀਮਨ ਕੌਂ ਜਲਗੈ ਜਬਹੀ ਦਿਜ ਦੋਇ ਨ ਮੈਂ ਰਯਦਾਸ ਲਖੀਜੈ ।
ਆਂਛਨ ਸਾਂਛਨ ਪੇਖ ਭਯੇ ਸਿਖ ਕਾਟਰ ਕੰਧ ਜਨੇਊ ਦਿਖੀਜੈ।।[6]

(5) ਭਗਤਿ ਰਸ ਬੋਧਨੀ ਟੀਕਾ ਭਗਤਮਾਲ: ਟੀਕਾਕਾਰ ਪ੍ਰਿਯਦਾਸ

ਇਸ ਗ੍ਰੰਥ ਵਿਚ ਚਿਤੌੜ ਯਾਤਰਾ ਦਾ ਵਰਨਣ ਹੈ ਜੋ ਰਾਣੀ ਝਾਲੀ ਦੇ ਸੱਦੇ ਤੇ ਕੀਤੀ ਗਈ:-

ਗਈ ਘਰ ਝਾਲੀ ਪੁਨਿ ਬੋਲਿ ਕੇ ਪਠਾਯੇ ਅਹੋ ।
ਜੈਸੇ ਪ੍ਰਤਿਪਾਲੀ ਤੈਸੇ ਆਯ ਪ੍ਰਤਿ ਪਾਲਿਯੇ ।
ਆਪ ਸੇ ਪਧਾਰੇ ਉਨ ਬਹੁ ਧਨ ਪਟ ਵਾਰੇ ।
ਵਿਪ੍ਰ ਸੁਨਿ ਪਾਂਵ ਧਾਰੇ ਸੀਧਾ ਹੈਨਿ ਡਾਰਿਯੇ ।।
ਕਰਿ ਕੈ ਰਸੋਈ ਦ੍ਵਿਜ ਭੋਜਨ ਕਰਨ ਬੈਠੇ
ਦ੍ਵੈ ਦ੍ਵੈ ਮਧਿ ਏਕ ਯੋ ਰੈਦਾਸ ਕੋ ਨਿਹਾਰਿਯੇ ।।
ਦੇਖਿ ਭਈ ਆਖੈ ਦੀਨ ਭਾਖੈ ਸਿਖ ਲਾਯੇ ਭਯੇ
ਸੂਬਣ ਕੋ ਜਨੇਊ ਕਾਢਿਯੋ ਤਚਾ ਕੀਨੀ ਨਯਧਾਰਿਯੇ।[7]

(6) ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ(ਰਘੁਰਾਜ ਸਿੰਹੁ)

ਇਸ ਸ੍ਰੋਤ ਅਨੁਸਾਰ ਵੀ ਗੁਰੂ ਰਵਿਦਾਸ ਜੀ ਰਾਣੀ ਝਾਲੀ ਦੇ ਸੱਦੇ ਤੇ ਚਿਤੌੜ ਪਹੁੰਚੇ:-

ਚੋਪਈ: ਰਾਨੀ ਪੁਨ ਅਸਵਿਨੈ ਸੁਨਾਈ।।ਵਹੋ ਹੈ ਕਵ ਮਮ ਭਵਨ ਅਵਈ।।
ਬੋਲੀ ਵਚਨ ਤਵੈ ਰੈਦਾਸਾ।।ਯੇਕਵਾਰ ਐਹੋ ਤੁਵ ਵਾਸਾ।।
ਰਾਨੀ ਗਈ ਦੇਸ ਕਹੈ ਜਬਹੀ। ਮੈ ਰੈਦਾਸ ਭਵਨ ਤੇਹੈ ਤਵ ਹੀ।।
ਸੰਤ ਪੰਚ ਸਤ ਸਹਿਤ ਸਮਾਜਾ। ਛਾਵਤ ਹਰਿ ਰਵ ਸਕਲ ਦਰਾਜਾ।।
ਪਹੁੰਚਹਿ ਰਾਨੀ ਦੇਸਹ ਜਾਈ। ਰਾਨੀ ਚਲ ਕੀਨੀ ਅਗਵਾਹੀ।।[8]

(7) ਸ੍ਰੀ ਰਵਿਦਾਸ ਚਰਿੱਤਰ-- ਸੰਤ ਬਖਸ਼ੀ ਦਾਸ

ਇਸ ਸ੍ਰੋਤ ਅਨੁਸਾਰ ਸ੍ਰੀ ਰਵਿਦਾਸ ਜੀ ਨੇ ਕਾਫੀ ਲੰਬੀ ਤੀਰਥ ਯਾਤਰਾ ਕੀਤੀ। ਸ੍ਰੀ ਬਖਸ਼ੀ ਦਾਸ ਅਨੁਸਾਰ ਰਵਿਦਾਸ ਨੇ ਪੁਸ਼ਕਰ, ਪ੍ਰਯਾਸ, ਤ੍ਰਿਵੈਣੀ, ਗੋਦਾਵਰੀ, ਹਰਦੁਆਰ,

ਮੁਲਤਾਨਪੁਰੀ ਤੇ ਪਨਘਾਟ ਗਏ। ਪਨਘਾਟ ਤੇ ਮੀਰਾ ਬਾਈ ਨੂੰ ਮਿਲਣ ਸਮੇਂ ਰਵਿਦਾਸ ਜੀ ਦੱਸਦੇ ਹਨ ਕਿ ਉਹ ਕਾਸ਼ੀ ਤੋਂ ਆਏ ਹਨ ਅਤੇ ਸਾਰੇ ਦੇਸ਼ ਦਾ ਰਟਨ ਕਰਨਾ ਚਾਹੁੰਦੇ ਹਨ:-

ਕਾਸ਼ੀਪੁਰ ਸੇ ਮੈਂ ਚਲ ਆਇਆ। ਭ੍ਰਮਣ ਕਰਿ ਜਮ ਤੀਰਥ ਨਹਾਇਆ।
ਸ਼ੁਭ ਨਾਮ ਰਵਿਦਾਸ ਹਮਾਰਾ, ਭਗਤਿ ਹੇਤ ਜਮ ਪਰਉਪਕਾਰਾ।[9]

ਇਨ੍ਹਾਂ ਤੀਰਥਾਂ ਬਾਰੇ ਸ੍ਰੀ ਬਖਸ਼ੀ ਦਾਸ ਜੀ ਇਸ ਤਰ੍ਹਾਂ ਲਿਖਦੇ ਹਨ:-

ਪੁਸ਼ਕਰ, ਪ੍ਰਯਾਗ ਤ੍ਰਿਵੇਣੀ ਨਹਾਇਆ, ਗੋਦਾਵਰੀ ਗੰਗਾ ਤਟ ਆਇਆ।
ਹਰਿਦੁਆਰ ਕੁਰਕੁਸ਼ੇਤਰ ਪਧਾਰੇ, ਭ੍ਰਮਣ ਕੀਏ ਜਗ ਤੀਰਥ ਸਾਰੇ।
ਬਿਚਰਤ ਭਕਤ ਪੰਥ ਮੈਂ ਆਇਆ, ਮੁਲਤਾਨ ਪੁਰੀ ਸੇ ਚਲਕੇ ਆਇਆ।[10]

(8) ਰਵਿਦਾਸ ਦਰਸ਼ਨ (ਪ੍ਰਿਥਵੀ ਸਿੰਘ ਆਜ਼ਾਦ)

ਸ੍ਰੀ ਪ੍ਰਿਥਵੀ ਸਿੰਘ ਆਜ਼ਾਦ ਇਸ ਪੁਸਤਕ ਵਿੱਚ ਸ੍ਰੀ ਰਵਿਦਾਸ ਜੀ ਦੀ ਚਿਤੌੜ ਯਾਤਰਾ ਦਾ ਜ਼ਿਕਰ ਕਰਦਿਆਂ ਲਿਖਦੇ ਹਨ:-- " ਕਿਹਾ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਮੀਰ ਬਾਈ ਦੇ ਸੱਦੇ ਤੇ ਚਿਤੌੜ ਗਏ ਸਨ ਤੇ ਉੱਥੇ ਹੀ ਉਨ੍ਹਾਂ ਦਾ ਨਿਰਵਾਣ ਹੋਇਆ ਸੀ। ਉਨ੍ਹਾਂ ਦੀ ਯਾਦ ਵਿਚ ਮੀਰਾ ਦੁਆਰਾ ਬਣਵਾਈ ਗਈ 'ਰਵਿਦਾਸ ਦੀ ਛਤਰੀ' ਅਤੇ 'ਰਵਿਦਾਸ ਦੇ ਪਦ ਚਿੰਨ੍ਹ' ਚਿਤੌੜ ਵਿਚ ਅੱਜ ਵੀ ਵਿਦਮਾਨ ਹਨ।"[11]

(9) ਗੁਰੂ ਰਵਿਦਾਸ (ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ)

ਇਸ ਪੁਸਤਕ ਅਨੁਸਾਰ ਗੁਰੂ ਰਵਿਦਾਸ ਜੀ ਰਾਣੀ ਝਾਲੀ ਦੇ ਸੱਦੇ ਤੇ ਚਿਤੌੜ ਜਾਂਦੇ ਹਨ। ਗਵਾਹੀ ਵਜੋਂ ਲੇਖਕ ਨੇ ਪ੍ਰਿਆਦਾਸ ਦੇ ਟੀਕੇ ਦਾ ਹਵਾਲਾ ਦਿੱਤਾ ਹੈ।[12] ਇਸੇ ਪੁਸਤਕ ਵਿੱਚ ਪ੍ਰਸੰਗ ਪਰਿਜਾਤ ਦਾ ਹਵਾਲਾ ਦੇ ਕੇ ਸ੍ਰੀ ਰਵਿਦਾਸ ਜੀ ਦੇ ਗੰਗਾਰੋਣਗੜ੍ਹ ਤੋਂ ਜਗਨ ਨਾਥ ਪੁਰੀ ਜਾਣ ਦਾ ਜ਼ਿਕਰ ਕੀਤਾ ਹੈ ਜਿੱਥੇ ਜਗਨਨਾਥ ਜੀ ਨੇ ਬਟੂ ਰੂਪ (ਵਿਰਾਟ ਰੂਪ) ਧਾਰ ਕੇ ਆਪ ਦਾ ਸੁਆਗਤ ਕੀਤਾ।[13]

(10) ਸੰਤ ਰਵਿਦਾਸ (ਡਾ. ਬੀ.ਪੀ. ਸ਼ਰਮਾ)

ਡਾ. ਸ਼ਰਮਾ ਜੀ ਦਾ ਵਿਚਾਰ ਹੈ ਕਿ ਸ੍ਰੀ ਰਵਿਦਾਸ ਜੀ ਰਾਣੀ ਝਾਲੀ ਦੇ

ਸੱਦੇ ਤੇ ਚਿਤੌੜ ਗਏ। ਉਨ੍ਹਾਂ ਨੇ ਹਵਾਲਾ ਸ੍ਰੀ ਅਨੰਤਦਾਸ ਰਚਿਤ ਰੈਦਾਸ ਪਰਚਈ ਵਿਚੋਂ ਦਿੱਤਾ ਹੈ:–

ਜਿਨ ਕੇ ਦੁਆਰੇ ਗੁਰੂ ਨ ਪਧਾਰੇ, ਤੇ ਤੋ ਜਨਮ ਅਬ੍ਰਥਾ ਹਾਰੇ।
ਝਾਲੀ ਕਹਿਉ ਬਿਨਤੀ ਕੀਜੈ, ਅਪਨਾ ਜਾਨਿ ਮੋਹਿ ਦਰਸਨ ਦੀਜੈ।[14]

ਪਰ ਡਾ. ਸ਼ਰਮਾ ਲਿਖਦੇ ਹਨ ਕਿ ਚਿਤੌੜ ਦਰਬਾਰ ਵਲੋਂ ਭੇਜੇ ਹਾਥੀਆਂ ਤੇ ਇਹ ਸੰਤ ਮੰਡਲੀ ਬਨਾਰਸ ਤੋਂ ਚਿਤੌੜਗੜ੍ਹ ਪਹੁੰਚੀ। ਹੋਰ ਲੇਖਕ ਸਫਰ ਦੇ ਸਾਧਨ ਬਾਰੇ ਚੁੱਪ ਹਨ । ਡਾ. ਸਾਹਿਬ ਦਾ ਵਿਚਾਰ ਹੈ ਕਿ ਇਸ ਪ੍ਰਥਮ ਯਾਤਰਾ ਤੋਂ ਬਾਦ ਰਵਿਦਾਸ ਜੀ ਦਾ ਚਿਤੌੜਗੜ੍ਹ ਵਿੱਚ ਲਗਭਗ ਸਥਾਈ ਆਸ਼ਰਮ ਬਣ ਗਿਆ। ਲੇਖਕ ਦੀ ਇਸ ਵਿਚਾਰ ਨਾਲ ਸਹਿਮਤੀ ਹੈ ਕਿ ਸ੍ਰੀ ਰਾਮਾਨੰਦ ਜੀ ਨੇ ਰਵਿਦਾਸ ਜੀ ਸਮੇਤ ਆਪਣੇ ਸ਼ਿਸ਼ਾਂ ਨੂੰ ਨਾਲ ਲੈ ਕੇ ਭਾਰਤ ਭ੍ਰਮਣ ਕੀਤਾ ਤੇ ਉਨ੍ਹਾਂ ਦੀ ਮੌਤ ਤੋਂ ਬਾਦ ਰਾਮ ਭਗਤੀ ਦੇ ਪ੍ਰਚਾਰ ਦੀ ਜਿੰਮੇਵਾਰੀ ਸ੍ਰੀ ਰਵਿਦਾਸ ਜੀ ਦੇ ਮੋਢਿਆਂ ਤੇ ਆ ਪਈ।[15]

(11) ਸੰਤ ਰਵਿਦਾਸ ਮਹਾਤਮਾ –ਸੰਤ ਜਗਬੀਰ ਸਿੰਘ

ਇਸ ਪੁਸਤਕ ਦੇ ਲੇਖਕ ਅਨੁਸਾਰ ਗੁਰੂ ਰਵਿਦਾਸ ਜੀ ਰਾਣੀ ਝਾਲੀ ਵਲੋਂ ਕੀਤੇ ਜਾ ਰਹੇ ਦੂਜੇ ਭੰਡਾਰੇ ਵਿੱਚ ਸ਼ਾਮਿਲ ਹੋਣ ਲਈ ਚਿਤੌੜ ਪਧਾਰੇ। ਇਸ ਮੰਤਵ ਲਈ ਉਨ੍ਹਾਂ ਨੂੰ ਰਾਣੀ ਝਾਲੀ ਵਲੋਂ ਨਿਮਰਤਾ ਸਹਿਤ ਸੱਦਾ-ਪੱਤਰ ਭੇਜਿਆ ਗਿਆ ਸੀ।[16]

(12) ਸੰਤ ਰਵਿਦਾਸ ਵਿਚਾਰਕ ਔਰ ਕਵੀ– ਪਦਮ ਗੁਰਚਰਨ ਸਿੰਘ

ਡਾ. ਪਦਮ ਜੀ ਨੇ ਇਸ ਪੁਸਤਕ ਵਿਚ ਰਵਿਦਾਸ ਜੀ ਦੀਆਂ ਯਾਤਰਾਵਾਂ ਬਾਰੇ ਆਪਣੇ ਵਿਚਾਰ ਇੰਞ ਪ੍ਰਗਟਾਏ ਹਨ:- " ਰਵਿਦਾਸ ਜੀ ਨੇ ਸੰਨ 1450 ਦੇ ਆਸਪਾਸ ਆਪਣੇ ਸੰਦੇਸ਼, ਨੂੰ ਪ੍ਰਸਾਰਿਤ ਅਤੇ ਪ੍ਰਚਾਰਿਤ ਕਰਨ ਲਈ ਅਨੇਕ ਸਥਾਨਾਂ ਦਾ ਭ੍ਰਮਣ ਕੀਤਾ। ਬਾਹਰਲੀਆਂ ਗਵਾਹੀਆਂ ਤੋਂ ਤਾਂ ਪਤਾ ਲੱਗਦਾ ਹੈ ਕਿ ਸੰਤ ਰਵਿਦਾਸ ਜੀ ਮਥਰਾ, ਬ੍ਰਿੰਦਾਬਨ, ਪ੍ਰਯਾਗ, ਹਰਦੁਆਰ ਅਤੇ ਕੁਰੂਕਸ਼ੇਤਰ ਆਦਿ ਤੀਰਥ ਅਸਥਾਨਾਂ ਤੇ ਧਰਮ ਪ੍ਰਚਾਰ ਹਿੱਤ ਗਏ ਸਨ । ਇਤਨਾ ਹੀ ਨਹੀਂ ਕੁਝ ਵਿਦਵਾਨਾਂ ਨੇ ਲਿਖਿਆ ਹੈ ਕਿ ਰਵਿਦਾਸ ਜੀ ਨੇ ਪੰਜਾਬ, ਗੁਜਰਾਤ, ਦੱਖਣੀ ਪ੍ਰਦੇਸ਼ਾਂ ਦਾ ਭ੍ਰਮਣ ਕੀਤਾ ਹੈ। ਪਰੰਤੂ ਇਨ੍ਹਾਂ ਪ੍ਰਦੇਸ਼ਾਂ ਵਿੱਚ ਰਵਿਦਾਸ ਜੀ ਦੇ ਜਾਣ ਦੀ ਗੱਲ ਕਿਸੇ ਇਤਿਹਾਸਕ ਪ੍ਰਮਾਣ ਦੀ ਗਵਾਹੀ ਨਾ ਹੋਣ ਕਰਕੇ ਅਮੰਨਣਯੋਗ ਜਾਪਦੀ ਹੈ।[17]

(13) ਸੰਤ ਰਵਿਦਾਸ-ਰਤਨ ਚੰਦਰ ਐਮ.ਏ.

ਲੇਖਕ ਦਾ ਵਿਚਾਰ ਹੈ ਕਿ ਰਾਣੀ ਝਾਲੀ ਦੇ ਸੱਦੇ ਤੇ ਰਵਿਦਾਸ ਜੀ ਚਿਤੌੜ ਪਧਾਰੇ ਅਤੇ ਇਹ ਵੀ ਹੋ ਸਕਦਾ ਹੈ ਕਿ ਕੁਝ ਸਮੇਂ ਤਕ ਉਥੇ ਹੀ ਰਹਿ ਕੇ ਉਹ ਉਪਦੇਸ਼ ਦਿੰਦੇ ਰਹੇ।[18]

(ਅ) ਗੁਰਮੁਖੀ ਸ੍ਰੋਤ

ਹੁਣ ਅਸੀਂ ਗੁਰਮੁਖੀ ਲਿੱਪੀ ਵਿੱਚ ਮਿਲਦੀ ਸ੍ਰੋਤਾਂ ਤੇ ਵਿਚਾਰ ਕਰਾਂਗੇ। ਗੁਰੂ ਰਵਿਦਾਸ ਦੇ ਸਮਕਾਲੀ ਹੋਣ ਕਾਰਨ ਭਾਵੇਂ ਸ੍ਰੀ ਅਨੰਤ ਦਾਸ ਜੀ ਦੀਆਂ ਲਿਖਤਾਂ ਦਾ ਮੁੱਲ ਵਧ ਜਾਂਦਾ ਹੈ ਪਰੰਤੂ ਇਨ੍ਹਾਂ ਸ੍ਰੋਤਾਂ ਨੂੰ ਘੋਖੇ ਬਿਨ੍ਹਾਂ ਅਸੀਂ ਕਿਸੇ ਸਿੱਟੇ ਤੇ ਪਹੁੰਚਣ ਦੀ ਲਾਹਲ ਨਹੀਂ ਕਰ ਸਕਦੇ ।

(1) ਵਾਰਾਂ ਭਾਈ ਗੁਰਦਾਸ

ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਗੁਰੂ ਰਵਿਦਾਸ ਜੀ ਬਾਰੇ ਆਪਣੀਆਂ ਵਾਰਾਂ ਵਿਚ ਕਾਫੀ ਸੰਕੇਤ ਦਿੱਤੇ ਹਨ ਜਿਨ੍ਹਾਂ ਵਿੱਚੋਂ ਇਕ ਉਨ੍ਹਾਂ ਦੇ ਗੰਗਾ ਦਰਸ਼ਨ ਲਈ ਜਾਣ ਦਾ ਹੈ। ਕਥਨ ਹੈ:-

ਨਾਵਣ ਆਇਆ ਸੰਗੁ ਮਿਲਿ ਬਨਾਰਸ ਕਰਿ ਗੰਗਾ ਬੇਟਾ ।
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਕੀ ਭੇਟਾ।।[19]

ਉਪਰੋਕਤ ਕਥਨ ਸਿੱਧ ਕਰਨ ਲਈ ਕਾਫੀ ਹੈ ਕਿ ਰਵਿਦਾਸ ਜੀ ਅਕਸਰ ਤੀਰਥਾਂ ਤੇ ਜਾਂਦੇ ਰਹਿੰਦੇ ਸਨ ।

(2) ਗੋਸ਼ਟਾਂ ਪੋਥੀ ਮਿਹਰਬਾਨ

ਆਪ ਦੀ ਰਚਨਾ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਭਗਤ ਰਵਿਦਾਸ ਜੀ ਹੋਰ ਭਗਤਾਂ ਸਮੇਤ ਗੁਰੂ ਨਾਨਕ ਦੇਵ ਨੂੰ ਪਰਮੇਸ਼ਰ ਦੀ ਆਗਿਆ ਅਨੁਸਾਰ ਮਿਲਣ ਆਉਂਦੇ ਹਨ:- " ਤਬ ਬਾਬਾ ਨਾਨਕ ਜੁਹਦੀ ਅਜੋਧਿਆ ਮਹਿ ਬੈਠਾ ਪਰਲੀ ਦਖਣ ਕੀ ਤਰਫ, ਏਕ ਪੰਜ ਤੀਰਥੀ ਥੀ ਉਸ ਕੇ ਊਪਰ ਏਕ ਮਟੁ ਥਾ ਉਸੀ ਮਹਿ ਬੈਠਾ ਪਰਲੀ ਦਖਣ ਕੀ ਤਰਫ ਨਾਮ ਸਿਮਰਨ ਕਰਤਾ ਥਾ। - ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥ ਸਭਿ

ਮਿਲੇ, ਮਿਲਿ ਕਰ ਮਿਲਣੈ ਆਏ। ਨਾਮਾ, ਜੈ ਦੇਉ, ਕਬੀਰ, ਤ੍ਰਿਲੋਚਨ, ਰਵਿਦਾਸ, ਸੈਨੁ, ਸਧਨਾ ਧੰਨਾ ਬੇਣੀ ।"[20]

(3) <u>ਭਗਤਿ ਪ੍ਰੇਮਾਕਰਿ (ਕੀਰਤ ਸਿੰਘ)</u>

-ਇਸ ਲੇਖਕ ਅਨੁਸਾਰ ਰਵਿਦਾਸ ਜੀ ਰਾਣੀ ਝਾਲੀ ਦे ਸੱਦੇ ਤੇ ਚਿਤੌੜ ਜਾਂਦੇ ਹਨ। ਕਥਨ ਹੈ:-

ਰਾਨੀ ਕੋ ਲਿਖ ਪਠਹੁ ਚਰਤ ਦਰਸਨ ਹਮ ਵਾਂਕੀ ।
ਆਠਹੁ ਭਗਤੈ ਸੰਗ ਆਇ ਗੁਨ ਦੇਖ ਲੇਹੁ ਜਿਹ।
ਕੀਨੀ ਸੋਊ ਬਾਤ ਚਲ ਰੈਦਾਸ ਨਗਾਰ ਤਿਹ ।।

ਅੱਗੇ ਲੇਖਕ ਲਿਖਦਾ ਹੈ ਕਿ ਚਿਤੌੜਗੜ੍ਹ ਵਿਚ ਭਗਤ ਰਵਿਦਾਸ ਦਾ ਬਹੁਤ ਆਦਰ ਕੀਤਾ ਗਿਆ ।

(4) <u>ਭਗਤਿ ਸੁਧਾਸਰ (ਸਾਧੂ ਬਿਧੀ ਦਾਸ)</u>

ਸਾਧੂ ਬਿਧੀ ਦਾਸ ਅਨੁਸਾਰ ਭਗਤ ਰਵਿਦਾਸ ਜੀ ਰਾਣੀ ਝਾਲੀ ਦੀ ਖਾਹਿਸ਼ ਪੂਰੀ ਕਰਨ ਹਿੱਤ ਹੀ ਚਿਤੌੜ ਪਧਾਰਦੇ ਹਨ:-

ਦੋਹਰਾ।। ਤਬ ਰਾਨੀ ਨਿਜ ਘਰ ਗਈ ਕੀਨੇ ਤਿਨ ਜਗ ਰਾਜ।।
ਬੋਲ ਪਠਾਣਾ ਭਗਤ ਰਖੇ ਬਿਰਦ ਕੀ ਲਾਜ ।।
ਚੌਪਈ।। ਜਨ ਰਵਿਦਾਸ ਤਾਹਿੰ ਪਗ ਵਾਰੇ।।ਬਾਟੀ ਲਖ ਮਨ ਘਟ ਬਹੁ ਵਾਰੈ।।
ਬਿਪ੍ਰ ਸੁਨਤ ਸਕਲੇ ਮਨ ਦਾਖੇ।।ਜਨ ਤਿਨ ਲਾਗੀ ਮਹਾ ਬਿਆਧੇ ।।[21]

(5) <u>ਭਗਤ ਰਸ ਮੰਜਰੀ (ਕਵੀ ਧਿਆਨ ਸਿੰਘ)</u>

ਇਸ ਸ੍ਰੋਤ ਅਨੁਸਾਰ ਵੀ ਰਵਿਦਾਸ ਜੀ ਦੀ ਚਿਤੌੜ ਯਾਤਰਾ ਦਾ ਮਨੋਰਥ ਰਾਣੀ ਝਾਲੀ ਦੀ ਇੱਛਾ ਦੀ ਪੂਰਤੀ ਕਰਨਾ ਹੀ ਹੈ:-

ਤੋਟਕਾ ।। ਗੁਰ ਧਾਰ ਗਈ ਆਪਨੇ ਨਗਰੀ।।ਪੁਨ ਚਾਹਤ ਭੀ ਹਮ ਕੀ ਨਗਰੀ।।
ਇਸ ਤੇ ਅਬ ਸੁੰਦਰ ਮੋਧ ਕਰੈ।।ਗੁਰ ਬੋਲ ਪਠੇ ਰਿਦ ਪ੍ਰੇਮ ਧਰੈ ।।
ਕਰੀਏ ਰਿਕਪਾ ਪ੍ਰਬ ਜੈਸ ਕਰੀ।।ਸੁਨ ਕੈ ਤਬ ਆਵਤ ਮੋਦ ਧਰੀ।।

ਤਸ ਅਗ੍ਰ ਹੋਯ ਕੇ ਆਨ ਲੀਏ।।ਧਨ ਸੋ ਪਟਵਾਰ ਮੇ ਦਾਨ ਦੀਏ।[22]

ਇਨ੍ਹਾਂ ਪ੍ਰਾਚੀਨ ਸ੍ਰੋਤਾਂ ਤੋਂ ਬਿਨਾਂ ਕੁਝ ਹੋਰ ਸ੍ਰੋਤਾਂ ਵਿਚੋਂ ਵੀ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਦਾ ਸੰਖੇਪ ਜ਼ਿਕਰ ਹੈ। ਭਾਵੇਂ ਦੋਹਾਂ ਸ਼੍ਰੇਣੀਆਂ ਦੇ ਗ੍ਰੰਥਾਂ ਦੇ ਰਚਨਾ-ਕਾਲ ਵਿੱਚ ਢੇਰ ਅੰਤਰ ਹੈ ਪਰੰਤੂ ਫਿਰ ਵੀ ਅਸੀਂ ਉਨ੍ਹਾਂ ਸ੍ਰੋਤਾਂ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਨੇ ਭਗਤ ਰਵਿਦਾਸ ਦੀਆਂ ਯਾਤਰਾਵਾਂ ਦਾ ਵਰਨਣ ਕੀਤਾ ਹੈ।

(6) <u>ਰਵਿਦਾਸ ਦੀਪ</u>

ਸੰਤ ਹੀਰਾ ਦਾਸ ਜੀ ਨੇ ਇਸ ਗ੍ਰੰਥ ਵਿਚ ਰਵਿਦਾਸ ਜੀ ਦੇ ਦੱਖਣ ਵੱਲ ਜਾਣ ਦਾ ਸੰਕੇਤ ਇਸ ਤਰ੍ਹਾਂ ਕੀਤਾ ਹੈ:–

ਪੂਰਬ ਮੇਂ ਉਪਦੇਸ਼ ਕਰ ਕੀਨੇ ਲੋਕ ਪੁਨੀਤ ।
ਦੱਖਣ ਮੇਂ ਉਪਦੇਸ਼ ਕਾ ਉਦਮ ਧਾਰਿਓ ਚੀਤ।।੧।। ਪੰਨਾ [illegible]

ਅਗਲੇ ਦੋਹਰੇ ਵਾਲੀ ਗੱਲ ਅਮੰਨਣਯੋਗ ਜਾਪਦੀ ਹੈ ਕਿ ਤਿੰਨ ਹਜ਼ਾਰ ਕੋਹ ਦਾ ਪੈਂਡਾ ਰਵਿਦਾਸ ਜੀ ਨੇ ਇਕ ਘੜੀ ਵਿਚ ਹੀ ਮੁਕਾ ਲਿਆ । ਸੰਤ ਹੀਰਾ ਦਾਸ ਜੀ ਲਿਖਦੇ ਹਨ ਕਿ ਮਾਲੇਵਾੜ ਸ਼ਹਿਰ ਤੋਂ ਦੁਆਰਕਾ ਹੁੰਦੇ ਹੋਏ ਉਨ੍ਹਾਂ ਨੇ ਇਥੋਂ ਦੋ ਸੋ ਕੋਹ ਦੂਰ ਪੱਕਾ ਕੁੰਡ ਬਣਵਾ ਇਆ ।

(7) <u>ਸ੍ਰੀ ਗੁਰ ਭਗਤ ਮਾਲ</u>

ਗਿਆਨੀ ਨਰੈਣ ਸਿੰਘ ਨੇ ਇਸ ਗ੍ਰੰਥ ਦਾ ਟੀਕਾ ਤੇ ਵਿਆਖਿਆ ਕਰਦਿਆਂ ਰਵਿਦਾਸ ਜੀ ਦੇ ਚਿਤੌੜਗੜ੍ਹ ਜਾਣ ਦਾ ਜ਼ਿਕਰ ਕੀਤਾ ਹੈ।

(8) <u>ਸ੍ਰੀ ਨਾਰਾਯਣ ਹਰੀ ਉਪਦੇਸ਼ ਅਰਥਾਤ ਜੀਵਨ ਚਰਿਤ੍ਰ ਬ੍ਰਹਮ ਮਿਸ਼ ਸ੍ਰੀ 108</u>

ਪੰਡਿਤ ਹਰਦੇਵ ਸਿੰਘ ਜੀ ਨੇ ਰਵਿਦਾਸ ਜੀ ਦੀ ਚਿਤੌੜ ਯਾਤਰਾ ਦਾ ਹਵਾਲਾ ਦਿੱਤਾ ਹੈ।[23]

(8) <u>ਅਸਲੀ ਸਭ ਤੋਂ ਵੱਡੀ ਜਨਮਸਾਖੀ– ਪੂਰਨ ਚੰਦ ਜਖੂ</u>

ਇਸ ਸਾਖੀ ਦੇ ਲੇਖਕ ਨੇ ਗੁਰੂ ਰਵਿਦਾਸ ਦੀ ਅਯੁੱਧਿਆ ਫੇਰੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਇਸ ਯਾਤਰਾ ਦੌਰਾਨ ਸੋਨੇ ਦੀਆਂ ਸਿਹਰਾਂ ਠੀਕਰੀਆਂ ਵਿਚ ਬਦਲ ਗਈਆਂ । ਇਸ ਸਾਖੀਕਾਰ ਨੇ ਰਵਿਦਾਸ ਜੀ ਦੇ ਮਾਰਵਾੜ, ਹਾਜੀਪੁਰ, ਗੁਜਰਾਤ, ਉਦੈਪੁਰ, ਜੈਪੁਰ, ਜੋਧਪੁਰ, ਅਮਰਨਾਥ, ਜਗਨ ਨਾਥ, ਆਸਾਮ, ਬੰਗਾਲਾ, ਸੰਗਲਾਦੀਪ, ਗੁਦਾਵਰੀ, ਮਥਰਾ, ਪਰਾਗਰਾਜ, ਅਜੁਧਿਆ, ਮਧ ਪ੍ਰਦੇਸ਼, ਗੁੜਗਾਉਂ ਜਾਣ ਦਾ ਜ਼ਿਕਰ ਕੀਤਾ ਹੈ। ਸਾਖੀਕਾਰ ਅਨੁਸਾਰ ਭਗਤ ਕਬੀਰ ਜੀ ਉਨ੍ਹਾਂ ਦੇ ਨਾਲ ਸਨ । ਪੰਨਾ १०५-११९

(9) <u>ਅਸਲੀ ਜਨਮ ਸਾਖੀ ਬ੍ਰਹਮ ਗਿਆਨੀ ਭਗਤ ਰਵਿਦਾਸ ਜੀ -ਗਿਆਨੀ ਪ੍ਰਤਾਬ ਸਿੰਘ ਜੋਤਸ਼ੀ</u>

ਇਸ ਲੇਖਕ ਨੇ ਵੀ ਗੁਰੂ ਰਵਿਦਾਸ ਦੇ ਚਿਤੌੜ ਜਾਣ ਦਾ ਜ਼ਿਕਰ ਕੀਤਾ ਹੈ।

(10) <u>ਸਭ ਤੋਂ ਵੱਡੀ ਤੇ ਅਸਲੀ ਜਨਮ ਸਾਖੀ ਸ੍ਰੀ ਰਵਿਦਾਸ ਭਗਤ ਜੀ- ਗਿ. ਬਰਕਤ ਸਿੰਘ ਅਨੰਦ</u>

ਇਸ ਸਾਖੀਕਾਰ ਨੇ ਰਵਿਦਾਸ ਜੀ ਦੇ ਉਦੈਪੁਰ ਜਾਣ ਦਾ ਜ਼ਿਕਰ ਕੀਤਾ ਹੈ ਪਰੰਤੂ ਇਹ ਨਹੀਂ ਦੱਸਿਆ ਕਿ ਉਸ ਨੇ ਕਿਸ ਪਰੰਪਰਾ ਨੂੰ ਆਧਾਰ ਬਣਾਇਆ ਹੈ। ਪੰਨਾ १६९

(11) <u>ਰਵਿਦਾਸ ਪ੍ਰਕਾਸ਼- ਮਹੰਤ ਜਸਵੰਤ ਸਿੰਘ ਸਤਿ ਦਰਬਾਰੀ ਉਰਫ ਜਮਨਾ ਦਾਸ</u>

ਇਹ ਇਕੋ ਇਕ ਅਜਿਹੀ ਪੁਸਤਕ ਹੈ ਜਿਸ ਵਿਚ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਦਾ ਵਰਨਣ ਵਿਸਥਾਰ ਪੂਰਵਕ ਕੀਤਾ ਗਿਆ ਹੈ।[24] ਪਰ ਸਾਨੂੰ ਇਹ ਕਹਿੰਦਿਆਂ ਬਹੁਤਾ ਸੰਕੋਚ ਕਰਨ ਦੀ ਲੋੜ ਨਹੀਂ ਜਾਪਦੀ ਕਿ ਇਹ ਵਿਸਥਾਰ ਤੱਥਾਂ ਨਾਲੋਂ ਮਨਘੜਤ ਵਧੇਰੇ ਹੈ। ਲੇਖਕ ਅਨੁਸਾਰ ਰਵਿਦਾਸ ਜੀ ਆਪਣੇ ਅਨੇਕ ਸੇਵਕਾਂ ਸਮੇਤ ਭਾਰਤ ਦੇ ਤੀਰਥ ਅਸਥਾਨਾਂ ਤੇ ਗਏ। ਤੀਰਥ ਯਾਤਰਾ ਦੀ ਗੱਲ ਤਾਂ ਸਮਝ ਆ ਸਕਦੀ ਹੈ ਪਰੰਤੂ ਉਨ੍ਹਾਂ ਦੇ ਡਲਹੌਜ਼ੀ ਜਾਣ ਦਾ ਜ਼ਿਕਰ ਹਾਸੋਹੀਣਾ ਲਗਦਾ ਹੈ ਕਿਉਂਕਿ ਰਵਿਦਾਸ ਜੀ ਦੇ ਸਮੇਂ ਡਲਹੌਜ਼ੀ ਅੱਜ ਵਾਲਾ ਸ਼ਹਿਰ ਨਹੀਂ ਸੀ। ਜੇ ਇਹ ਮੰਨ ਵੀ ਲਿਆ ਜਾਵੇ ਤਾਂ ਸ਼ਹਿਰ ਤਾਂ ਹੋ ਸਕਦਾ ਹੈ ਪਰੰਤੂ ਨਾਂ ਡਲਹੌਜ਼ੀ ਨਹੀਂ ਹੋ ਸਕਦਾ । ਲੇਖਕ ਨੇ ਗੁਰੂ ਰਵਿਦਾਸ ਜੀ ਦੀਆਂ ਦੋ ਉਦਾਸੀਆਂ ਦਾ ਵਰਨਣ ਕੀਤਾ ਹੈ:-

<u>ਪਹਿਲੀ ਉਦਾਸੀ</u>

1. ਰਾਣੀਪੁਰ, ਮਾਲਪੀ, ਮਾਧੋਪੁਰ, ਭਾਗਲਪੁਰ, ਨਾਰਾਇਣ ਗੜ੍ਹ ,ਕਾਲਪੀ ਅਤੇ ਨਾਗਪੁਰ।
2. ਬੁਰਹਾਨਪੁਰ, ਬੀਜਾਪੁਰ ਅਤੇ ਭੂਪਾਲ

(3) ਚੰਦੇਰੀ ਝਾਂਸੀ, ਕੋਟਾ, ਬੂੰਦੀ ਅਤੇ ਫਿਰ ਉਦੈਪੁਰ ।
(4) ਜੋਧਪੁਰ, ਅਜਮੇਰ ਤੇ ਫਿਰ ਬੰਬਈ
(5) ਅਮਰਕੋਟ, ਹੈਦਰਾਬਾਦ, ਕਾਠੀਆਵਾੜ ਤੇ ਬੰਬਈ
(6) ਬੰਬਈ ਤੋਂ ਕਰਾਚੀ, ਜੈਸਲਮੇਰ, ਜੋਧਪੁਰ ਤੇ ਜਲਾਲਾਬਾਦ
(7) ਕਾਲਾਬਾਗ, ਕੋਹਾਟ, ਦੱਰਾ ਖੈਬਰ ਤੇ ਜਲਾਲਾਬਾਦ
(8) ਜਲਾਲਾਬਾਦ ਤੋਂ ਕਾਫਰ ਸਤਾਨ ਤੇ ਫਿਰ ਏਥੋਂ ਸ੍ਰੀ ਨਗਰ
(9) ਸ੍ਰੀ ਨਗਰ ਤੋਂ ਡਲਹੌਜੀ
(10) ਡਲਹੌਜੀ ਤੋਂ ਗੋਰਖਪੁਰ (ਨਾਥਾਂ ਨਾਲ ਵਾਰਤਾਲਾਪ) ਤੇ ਗੋਰਖਪੁਰ ਤੋਂ ਕਾਸ਼ੀਪੁਰ ।

ਇਸ ਪੁਸਤਕ ਦੇ ਲੇਖਕ ਨੇ ਕਲਪਨਾ ਤੋਂ ਕੰਮ ਲੈਂਦਿਆਂ ਵੀ ਭਾਰਤ ਦੇ ਨਕਸ਼ੇ ਨੂੰ ਸਾਹਮਣੇ ਨਹੀਂ ਰੱਖਿਆ। ਯਾਤਰਾ ਕਰਨ ਸਮੇਂ ਮਹਾਂਪੁਰਸ਼ ਲੰਬੇ ਨਾਲੋਂ ਛੋਟੇ ਰਾਹ ਨੂੰ ਤਰਜੀਹ ਦਿੰਦੇ ਸਨ ਜਿਸ ਦੇ ਕਈ ਕਾਰਨ ਸਨ। ਪਰੰਤੂ ਇਸ ਉਦਾਸੀ ਦੀ ਯਾਤਰਾ ਪੈਦਲ ਨਾਲੋਂ ਹਵਾਈ ਵਧੇਰੇ ਜਾਪਦੀ ਹੈ ।

ਇਸੇ ਪੁਸਤਕ ਵਿਚ ਦੂਜੀ ਉਦਾਸੀ ਕਾਸ਼ੀਪੁਰ ਤੋਂ ਗੋਰਖਪੁਰ ਤੱਕ ਤੇ ਫਿਰ ਇਥੋਂ ਪਰਤਾਪਗੜ੍ਹ, ਸ਼ਾਹਜਹਾਨਪੁਰ ਜਾ ਪਹੁੰਚਦੀ ਹੈ। ਫਿਰ ਇਸ ਤੋਂ ਬਾਦ ਲੇਖਕ ਰਵਿਦਾਸ ਜੀ ਨੂੰ ਹਿਮਾਲਾ ਪਰਬਤ ਵੱਲ ਭੇਜ ਦਿੰਦਾ ਹੈ ਜਿੱਥੇ ਉਨ੍ਹਾਂ ਦੇ ਵਾਪਸ ਮੁੜਨ ਦਾ ਪਤਾ ਨਹੀਂ ਲੱਗਦਾ ਹੈ । ਸੰਤ ਮਹਾਤਮਾ ਬੇਸ਼ੱਕ ਪ੍ਰਚਾਰ ਹਿੱਤ ਲੋਕਾਂ ਦੇ ਕਲਿਆਣ ਲਈ ਯਾਤਰਾ ਕਰਦੇ ਰਹਿੰਦੇ ਸਨ ਪਰੰਤੂ ਉਨ੍ਹਾਂ ਨੂੰ ਮੱਲੋਮੱਲੀ ਅਜਿਹੀਆਂ ਯਾਤਰਾਵਾਂ ਤੇ ਭੇਜ ਦੇਣਾ ਬਹੁਤਾ ਠੀਕ ਨਹੀਂ ਜਾਪਦਾ।[25] ਸੋ ਅਸੀਂ ਇਸ ਲੇਖਕ ਨਾਲ ਸਹਿਮਤ ਨਹੀਂ ਕਿ ਰਵਿਦਾਸ ਜੀ ਨੇ ਇਨ੍ਹਾਂ ਸਥਾਨਾਂ ਦੀ ਯਾਤਰਾ ਕੀਤੀ ਹੋਵੇਗੀ। ਪ੍ਰਮਾਣਿਕ ਸਬੂਤਾਂ ਦੀ ਅਣਹੋਂਦ ਕਾਰਨ ਲੇਖਕ ਕੋਈ ਠੋਸ ਜਾਣਕਾਰੀ ਨਹੀਂ ਦੇ ਸਕਿਆ ਹੈ।

(12) <u>ਗੁਰੂ ਰਵਿਦਾਸ—ਸ੍ਰੀ ਕਾਸ਼ੀ ਨਾਥ ਉਪਾਧਿਆਇ</u>

ਸ੍ਰੀ ਉਪਾਧਿਆਇ ਜੀ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਬਾਰੇ ਲਿਖਦੇ ਹਨ, " ਰਵਿਦਾਸ ਜੀ ਦੁਆਰਾ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਕੀਤੀਆਂ ਯਾਤਰਾਵਾਂ ਦੇ ਹਾਲਾਤ ਪ੍ਰਾਪਤ ਨਹੀਂ ਪਰ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਦੇਸ਼ ਦੀਆਂ ਕਈ ਭਾਸ਼ਾਵਾਂ ਦੇ ਸ਼ਬਦ ਵੀ ਮਿਲਦੇ

ਹਨ ਅਤੇ ਉੱਤਰ ਪ੍ਰਦੇਸ਼, ਪੰਜਾਬ, ਰਾਜਸਥਾਨ, ਗੁਜ਼ਰਾਤ, ਮਹਾਰਾਸ਼ਟਰ ਆਦਿ ਅਨੇਕਾਂ ਸੂਬਿਆਂ ਵਿੱਚ ਉਨ੍ਹਾਂ ਦੇ ਸ਼ਰਧਾਲੂ ਅਤੇ ਪੈਰੋਕਾਰ ਹਨ।"[26]

ਡਾ. ਉਪਾਧਿਆਇ ਨੇ ਰਵਿਦਾਸ ਜੀ ਨਾਲ ਸੰਬੰਧਿਤ ਅਨੇਕਾਂ ਸਥਾਨਾਂ ਜਿਵੇਂ ਅਲੋਰਾ ਵਿੱਚ ਰਵਿਦਾਸ ਕੁੰਡ ,ਚਿਤੌੜ ਵਿੱਚ ਰਵਿਦਾਸ ਜੀ ਦੇ ਪੈਰ ਚਿੰਨ੍ਹ ਅਤੇ ਛਤਰੀ ਤੇ ਦੱਖਣ ਵਿੱਚ ਬਾਲਾ ਜੀ ਪਹਾੜੀ ਦੀ ਉਤਰਾਈ ਵਿੱਚ ਤਿਰੁਪਤੀ ਮੰਦਰ ਦੇ ਨੇੜੇ ਇਕ ਸਮਾਰਕ ਦਾ ਵੀ ਜ਼ਿਕਰ ਕੀਤਾ ਹੈ । ਡਾ. ਉਪਾਧਿਆਇ ਦਾ ਇਹ ਕਥਨ ਕਾਫ਼ੀ ਮਹੱਤਤਾ ਰੱਖਦਾ ਹੈ ਕਿਉਂਕਿ ਚਿਤੌੜ ਦੀ ਯਾਤਰਾ ਦਾ ਤਾਂ ਬਹੁਤ ਸਾਰੇ ਲੇਖਕਾਂ ਨੇ ਜ਼ਿਕਰ ਕੀਤਾ ਹੈ।

(13) <u>ਗੁਰੂ ਰਵਿਦਾਸ ਵਾਰਤਾ— ਸ.ਸ. ਅਸ਼ੋਕ</u>

ਲੇਖਕ ਅਨੁਸਾਰ ਰਾਜਾ ਚੰਦਰ ਹਾਂਸ ਚਿਤੌੜ ਤੇ ਰਾਜ ਕਰਦਾ ਸੀ। ਝਾਲੀ ਬਾਈ ਉਸ ਦੀ ਰਾਣੀ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ ਜਿਸਨੇ ਸੁਆਮੀ ਰਾਮਾਨੰਦ ਦੇ ਦੱਸਣ ਤੇ ਰਵਿਦਾਸ ਜੀ ਨੂੰ ਚਿਤੌੜ ਪਧਾਰਨ ਦੀ ਬੇਨਤੀ ਕੀਤੀ ।

(14) <u>ਸੰਤ ਸ਼ਿਰੋਮਣੀ ਰਵਿਦਾਸ- ਡਾ. ਧਰਮਪਾਲ ਸਿੰਗਲ</u>

ਖੋਜ ਭਰਪੂਰ ਇਸ ਪੁਸਤਕ ਵਿਚ ਆਪਨੇ ਰਵਿਦਾਸ ਦੀ ਚਿਤੌੜ ਜਾਣ ਦੀ ਗੱਲ ਦਾਅਵੇ ਨਾਲ ਆਖੀ ਹੈ। ਚਿਤੌੜਗੜ੍ਹ ਵਿਚ ਕੁੰਭ ਸ਼ਿਆਮ ਮੰਦਰ ਦੇ ਵਿਹੜੇ ਵਿੱਚ ਰਵਿਦਾਸ ਜੀ ਦੀ ਯਾਦਗਾਰ 'ਰੈਦਾਸ ਛਤਰੀ' ਇਸ ਦਾ ਪ੍ਰਤੱਖ ਸਬੂਤ ਹੈ ।[27]

(15) <u>ਪ੍ਰਾਚੀਨ ਜੀਵਨ ਕਥਾ — ਡਾ. ਧਰਮਪਾਲ ਸਿੰਗਲ</u>

ਇਸ ਪੁਸਤਕ ਬਾਰੇ ਅਸੀਂ ਪਹਿਲਾਂ ਵੀ ਵਿਚਾਰ ਕਰ ਆਏ ਹਾਂ ਅਨੰਤ ਦਾਸ ਲਿਖਦਾ ਹੈ ਕਿ ਰਾਣੀ ਝਾਲੀ ਨੇ ਰਵਿਦਾਸ ਜੀ ਤੋਂ ਦੀਖਿਆ ਲਈ ਅਤੇ ਉਸਦੇ ਸੱਦੇ ਤੇ ਆਪ ਚਿਤੌੜ ਪਧਾਰੇ। ਰਵਿਦਾਸ ਜੀ ਨੇ ਇਹ ਯਾਤਰਾ ਸਵੇਰ ਦੇ ਸਮੇਂ ਸ਼ੁਰੂ ਕੀਤੀ ਅਤੇ ਉਨ੍ਹਾਂ ਦੇ ਨਾਲ ਬਹੁਤ ਸਾਰੇ ਸੰਗੀ ਸਨ ।[28]

(16) <u>ਸਾਧਨ ਮੇਂ ਰਵਿਦਾਸ ਸੰਤ- ਡਾ. ਦਲੀਪ ਸਿੰਘ ਦੀਪ</u>

ਡਾ. ਦੀਪ ਜੀ ਦਾ ਵਿਚਾਰ ਹੈ ਕਿ ਆਪ ਇਕ ਥਾਂ ਟਿਕ ਕੇ ਨਹੀਂ ਬੈਠੇ ਰਹੇ ਸਗੋਂ ਉਹ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼, ਦਿੱਲੀ,

ਹਰਿਆਣਾ ਅਤੇ ਪੰਜਾਬ ਆਦਿ ਪ੍ਰਾਂਤਾਂ ਦੇ ਵੱਖ-ਵੱਖ ਸਥਾਨਾਂ ਤੇ ਗਏ।[29] ਇਸ ਪੁਸਤਕ ਵਿਚ ਕੋਈ ਨਵੀਂ ਖੋਜ ਨਹੀਂ ਹੈ ।

(17) ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ- ਡਾ. ਲੇਖਰਾਜ ਪਰਵਾਨਾ

ਇਸ ਪੁਸਤਕ ਦੇ ਕਰਤਾ ਨੇ ਸਿਰਫ ਪੁਰਾਣੀਆਂ ਗੱਲਾਂ ਹੀ ਦੁਹਰਾਈਆਂ ਹਨ। ਇਸ ਵਿਚ ਕੋਈ ਨਵੀਂ ਗੱਲ ,ਥਾਵਾਂ ਦੀ ਤਰਤੀਬ ਨਹੀਂ ਮਿਲਦੀ ।[30]

(18) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ

ਡਾ. ਕੁਲਵੰਤ ਕੌਰ ਨੇ ਆਪਣੇ ਇਸ ਸ਼ੋਧ-ਪ੍ਰਬੰਧ ਵਿੱਚ ਮੱਧਕਾਲੀਨ ਭਾਰਤ ਦੇ ਅਨੇਕਾਂ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀਆਂ ਧਰਮ-ਪ੍ਰਚਾਰ ਲਈ ਕੀਤੀਆਂ ਯਾਤਰਾਵਾਂ ਦੇ ਪ੍ਰਮਾਣ ਉਪਲਬਧ ਹਨ ।[31] ਭਾਵੇਂ ਡਾ. ਕੁਲਵੰਤ ਕੌਰ ਭਗਵਤਵਰਤ ਮਿਸ਼ਰ (ਰੈਦਾਸ ਔਰ ਉਨਕਾ ਪੰਥ- 125) ਦਾ ਹਵਾਲਾ ਦਿੰਦੇ ਹਨ ਪਰੰਤੂ ਉਨ੍ਹਾਂ ਦਾ ਮਤ ਹੈ ਕਿ ਕਿਸੇ ਮਹਾਨ ਵਿਅਕਤੀ ਦੀ ਵਿਚਾਰਧਾਰਾ ਦੇ ਪ੍ਰਫੁਲਿਤ ਹੋਣ ਲਈ ਉਸ ਵਿਅਕਤੀ ਦੀ ਮੌਜੂਦਗੀ ਕੋਈ ਵਿਸ਼ੇਸ਼ ਮਹੱਤਵ ਨਹੀਂ ਰੱਖਦੀ।[32] ਅੱਗੇ ਚੱਲਕੇ ਉਹ ਲਿਖਦੇ ਹਨ ਕਿ ਹੋ ਸਕਦਾ ਹੈ ਕਿ ਰਵਿਦਾਸ ਜੀ ਦੀ ਸ਼ਰਧਾਲੂ ਹੀ ਦੂਰ ਦੁਰਾਡੀਆਂ ਥਾਵਾਂ ਦੇ ਇਲਾਕਿਆਂ ਵਿੱਚ ਗਏ ਹੋਣ।[33] ਇਨ੍ਹਾਂ ਨੇ ਕੋਈ ਨਵੀਂ ਗੱਲ ਨਹੀਂ ਕੀਤੀ ।

(19) ਹਉ ਬਨਜਾਰੋ ਰਾਮ ਕੋ- ਸ੍ਰੀ ਕਰਮ ਸਿੰਘ ਰਾਜੂ

ਸ੍ਰੀ ਰਾਜੂ ਨੇ ਇਸ ਪੁਸਤਕ ਵਿਚ ਪਹਿਲਾਂ ਛਪੀਆਂ ਪੁਸਤਕਾਂ ਵਿੱਚੋਂ ਹਵਾਲੇ ਦੇਣ ਤੋਂ ਇਲਾਵਾ ਕੋਈ ਨਵੀਂ ਗੱਲ ਨਹੀਂ ਕੀਤੀ ।[34]

(20) ਰਵਿਦਾਸ ਸਮਾਰਕਾ 1993 ਦਾ ਇਕ ਲੇਖ

ਪ੍ਰਿੰ. ਮੱਘਰ ਸਿੰਘ ਦੁਆਰਾ ਲਿਖੇ ਸ੍ਰੀ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਬਾਰੇ ਛਪੇ ਇਕ ਲੇਖ ਤੇ ਸਾਡੀ ਨਜ਼ਰ ਪਈ ਹੈ। ਲੇਖਕ ਅਨੁਸਾਰ ਗੁਰੂ ਜੀ ਨੇ ਕਾਸ਼ੀ ਤੋਂ ਚਿਤੌੜ ਅਤੇ ਚਿਤੌੜ ਤੋਂ ਵਾਪਸੀ ਕਾਸ਼ੀ ਤਕ ਦੀ ਲੰਮੀ ਯਾਤਰਾ ਦੌਰਾਨ ਰਾਹ ਵਿਚ ਆਏ ਪਿੰਡਾਂ,

ਨਗਰਾਂ ਅਤੇ ਸ਼ਹਿਰਾਂ ਵਿਚ ਡੇਰੇ ਕੀਤੇ ਅਤੇ ਨਾਮ ਸਿਮਰਨ, ਪ੍ਰਭੂ ਭਗਤੀ ਦਾ ਰਾਹ ਚਲਾਇਆ।[35] ਲੇਖਕ ਅਨੁਸਾਰ 1488 ਵਿੱਚ ਰਵਿਦਾਸ ਜੀ ਹਰਦੁਆਰ ਅਰਧ ਕੁੰਭੀ ਮੇਲੇ ਤੇ ਪਧਾਰੇ ਸਨ। ਹਰਦੁਆਰ ਵਿਚ ਹਰ ਕੀ ਪੌੜੀ ਦੇ ਨੇੜੇ ਰਵਿਦਾਸ ਜੀ ਦੀ ਮੂਰਤੀ ਇਸ ਯਾਤਰਾ ਦਾ ਪ੍ਰਮਾਣ ਪੇਸ਼ ਕਰ ਰਹੀ ਹੈ।[36]

ਇਸੇ ਪੱਤ੍ਰਿਕਾ ਵਿੱਚ ਰਵਿਦਾਸ ਜੀ ਦੀਆਂ ਯਾਤਰਾਵਾਂ ਬਾਰੇ ਲਿਖਿਆ ਹੈ ਕਿ ਆਪ ਪੰਜਾਬ ਵਿਚ ਲੁਧਿਆਣਾ, ਫਗਵਾੜਾ, ਸੁਲਤਾਨਪੁਰ ਲੋਧੀ ਅਤੇ ਅੰਮ੍ਰਿਤਸਰ ਵਿਚ ਕੋਠਾ ਸਾਹਿਬ ਵਿਖੇ ਸਾਧੂ ਸੰਮੇਲਨ ਦੀ ਪ੍ਰਧਾਨਗੀ ਕੀਤੀ । ਇਸ ਤੋਂ ਬਿਨਾਂ ਖੁਰਾਲਗੜ੍ਹ (ਹੁਸ਼ਿਆਰਪੁਰ) ਵਿੱਚ ਵੀ 1515 ਵਿੱਚ ਜਾਣ ਦਾ ਜ਼ਿਕਰ ਹੈ।[37] ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਹਵਾਲੇ ਨਾਲ ਕੀਤੀ ਇਹ ਯਾਤਰਾ ਹੋਰ ਖੋਜ ਦੀ ਮੰਗ ਕਰਦੀ ਹੈ ਕਿਉਂਕਿ ਫਗਵਾੜਾ ਤੋਂ ਦੋ ਕਿਲੋਮੀਟਰ ਤੇ ਸਥਿਤ ਚੱਕ ਹਕੀਮ ਵਿਚਲਾ ਰਵਿਦਾਸ ਡੇਰਾ ਵੀ ਇਕ ਪ੍ਰਮਾਣ ਵਜੋਂ ਵਿਚਾਰਿਆ ਜਾ ਸਕਦਾ ਹੈ।

ਲਿਖਿਤ ਪਰੰਪਰਾ

ਛਪੀ ਹੋਈ ਸਮੱਗਰੀ ਤੋਂ ਬਿਨਾ ਗੁਰੂ ਰਵਿਦਾਸ ਦੇ ਪੰਜਾਬ ਵਿਚ ਖੁਰਾਲ ਗੜ੍ਹ ਪਧਾਰਨ ਦੀ ਪਰੰਪਰਾ ਵੀ ਮੌਜੂਦ ਹੈ ਪਰੰਤੂ ਸਾਖੀਕਾਰਾਂ ਦਾ ਧਿਆਨ ਇਸ ਯਾਤਰਾ ਵੱਲ ਨਹੀਂ ਗਿਆ ਹੈ । ਇਕ ਪਰੰਪਰਾ ਅਨੁਸਾਰ ਆਪ ਰਾਜਾ ਬੇਨ ਦੀ ਬੇਨਤੀ ਤੇ ਆਪਣੀ ਸ਼ਿਸ਼ ਮੀਰਾ ਨਾਲ ਇਥੇ ਆਏ। ਅਸੀਂ ਨਿੱਜੀ ਤੌਰ ਤੇ ਖੁਰਾਲਗੜ੍ਹ ਪੁੱਜ ਕੇ ਜੋ ਪੁੱਛ ਪੜਤਾਲ ਕੀਤੀ ਹੈ ਉਸਦੇ ਆਧਾਰ ਤੇ ਆਪ ਲੁਧਿਆਣਾ ਤੇ ਰਾਹੋਂ ਹੁੰਦੇ ਹੋਏ ਇੱਥੇ ਪਹੁੰਚੇ। ਆਪ ਦੀ ਯਾਦ ਵਿਚ ਬਣੇ ਗੁਰਦੁਆਰੇ ਦੇ ਸੇਵਾਦਾਰ ਸ੍ਰੀ ਬਖਸ਼ੀ ਰਾਮ ਜੀ ਅਨੁਸਾਰ ਆਪ 4 ਸਾਲ 2 ਮਹੀਨੇ ਇਥੇ ਟਿਕੇ ਤੇ ਕਈ ਕਰਾਮਾਤਾਂ ਦਿਖਾਈਆਂ ਜਿਨ੍ਹਾਂ ਵਿੱਚੋਂ ਖਰਾਸ ਦਾ ਆਪਣੇ ਆਪ ਚੱਲਣਾ ਬਹੁਤ ਪ੍ਰਸਿੱਧ ਹੈ। ਗੁਰੂ ਰਵਿਦਾਸ ਨਾਲ ਸੰਬੰਧਿਤ ਇਕ ਛੋਟੀ ਜਿਹੀ ਨਦੀ ਚਰਨਗੰਗਾ ਵੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਨੇ ਪੈਰ ਦੇ ਅੰਗੂਠੇ ਨਾਲ ਪੱਥਰ ਹਟਾ ਕੇ ਪਾਣੀ ਦੇ ਇਸ ਸ੍ਰੋਤ ਨੂੰ ਪ੍ਰਗਟ ਕੀਤਾ ।

(ੲ) ਅੰਗਰੇਜ਼ੀ ਪੁਸਤਕਾਂ

ਗੁਰੂ ਰਵਿਦਾਸ ਦੀਆਂ ਯਾਤਰਾਵਾਂ ਸੰਬੰਧੀ ਖੋਜ ਕਰਦਿਆਂ ਕੁਝ ਅੰਗਰੇਜ਼ੀ ਭਾਸ਼ਾ ਵਿੱਚ ਛਪੀਆਂ ਪੁਸਤਕਾਂ ਵੀ ਸਾਡੀ ਨਜ਼ਰ ਪਈਆਂ ਜਿਨ੍ਹਾਂ ਦਾ ਅਸੀਂ ਅਧਿਐਨ ਕੀਤਾ ਹੈ। ਹੁਣ ਅਸੀਂ ਉਹ ਪੁਸਤਕਾਂ ਬਾਰੇ ਵਿਚਾਰ ਕਰ ਰਹੇ ਹਾਂ ।

(1) ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼— ਡਾ. ਦਰਸ਼ਨ ਸਿੰਘ

ਗੁਰੂ ਰਵਿਦਾਸ ਬਾਰੇ ਡਾ. ਸਾਹਿਬ ਲਿਖਦੇ ਹਨ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਉਹ ਬਹੁਤਾ ਸਮਾਂ ਬਨਾਰਸ ਵਿਖੇ ਹੀ ਰਹੇ।[39] ਡਾ. ਦਰਸ਼ਨ ਸਿੰਘ ਦੇ ਵਿਸ਼ਵਾਸ ਅਨੁਸਾਰ ਰਵਿਦਾਸ ਜੀ ਧਾਰਮਿਕ ਯਾਤਰਾਵਾਂ ਵਿੱਚ ਬਹੁਤਾ ਯਕੀਨ ਨਹੀਂ ਸਨ ਰੱਖਦੇ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਤੀਰਥ ਯਾਤਰਾ ਦਾ ਕੋਈ ਲਾਭ ਨਹੀਂ ਜਦੋਂ ਤਕ ਮਨ ਸਾਫ ਨਾ ਹੋਵੇ। ਇਸੇ ਪੁਸਤਕ ਵਿੱਚ ਉਹ ਇਹ ਜ਼ਰੂਰ ਮੰਨਦੇ ਹਨ ਕਿ ਰਵਿਦਾਸ ਜੀ ਇਕ ਜਾਂ ਦੋ ਵਾਰ ਰਾਜਸਥਾਨ ਜ਼ਰੂਰ ਗਏ ਹੋਣਗੇ।[40]

(2) ਏ ਸਟੱਡੀ ਆਫ ਭਗਤ ਰਵਿਦਾਸ— ਸ੍ਰੀ ਦਰਸ਼ਨ ਸਿੰਘ

ਇਸ ਪੁਸਤਕ ਦੇ ਕਰਤਾ ਦਾ ਵਿਚਾਰ ਹੈ ਕਿ ਰਵਿਦਾਸ ਜ਼ਰੂਰ ਹੀ ਚਿਤੌੜਗੜ੍ਹ ਅਤੇ ਮਾਂਧੋਗੜ੍ਹ ਗਏ ਹੋਣਗੇ ਕਿਉਂਕਿ ਪ੍ਰਿਆਦਾਸ ਦੇ ਟੀਕੇ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਰਾਮਾਨੰਦ ਭਗਤ ਪੀਪਾ ਦੇ ਸ਼ਹਿਰ ਗੰਗਾਰੋਣਗੜ੍ਹ ਕਬੀਰ ਤੇ ਰਵਿਦਾਸ ਨੂੰ ਨਾਲ ਲੈ ਕੇ ਜਾਂਦੇ ਹਨ।[41] ਸ੍ਰੀ ਬਖਸ਼ੀ ਦਾਸ ਰਚਿਤ ਰਵਿਦਾਸ ਰਮਾਇਣ ਦਾ ਹਵਾਲਾ ਦਿੰਦਿਆਂ ਆਪ ਲਿਖਦੇ ਹਨ ਕਿ ਜੇ ਇਨ੍ਹਾਂ ਸਰੋਤਾਂ ਵਿੱਚ ਸਚਾਈ ਦਾ ਅੰਸ਼ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਨੇ ਬਹੁਤ ਯਾਤਰਾਵਾਂ ਕੀਤੀਆਂ। ਸ੍ਰ. ਦਰਸ਼ਨ ਸਿੰਘ ਜੀ ਕਹਿੰਦੇ ਹਨ ਕਿ ਹੋ ਸਕਦਾ ਰਵਿਦਾਸ ਜੀ ਇਨ੍ਹਾਂ ਥਾਂਵਾਂ ਤੇ ਗਏ ਹੋਣ।[42]

(3) ਗੁਰੂ ਰਵਿਦਾਸ ਲਾਈਫ ਐਂਡ ਫਿਲਾਸਫੀ— ਪ੍ਰ. ਕਰਮ ਸਿੰਘ ਰਾਜੂ

ਸ੍ਰੀ ਰਾਜੂ ਜੀ ਦਾ ਵਿਚਾਰ ਹੈ ਕਿ ਸੰਤ ਕਿਸੇ ਜਾਤੀ ਜਾਂ ਦੇਸ਼ ਦੇ ਹੀ ਨਹੀਂ ਹੁੰਦੇ ਸਗੋਂ ਉਹ ਤਾਂ ਸਮੁੱਚੀ ਮਨੁੱਖਤਾ ਦਾ ਕਲਿਆਣ ਕਰਨ ਆਏ ਹੁੰਦੇ ਹਨ। ਇਸੇ ਭਾਵਨਾ ਅਧੀਨ ਉਹਨਾਂ ਨੇ ਸਾਰੇ ਦੇਸ਼ ਦਾ ਰਟਨ ਕੀਤਾ।[43] ਰਾਜੂ ਜੀ ਅਨੁਸਾਰ ਉਹ ਬਿਹਾਰ, ਰਾਜਸਥਾਨ, ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਦੱਖਣ ਵਿੱਚ ਵੀ ਗਏ। ਰਵਿਦਾਸ ਜੀ ਨੇ ਆਪਣੀ ਆਖਰੀ ਯਾਤਰਾ ਚਿਤੌੜ ਵਿਖੇ ਮੁਕੰਮਲ ਕੀਤੀ।[44] ਪਰੰਤੂ ਰਾਜੂ ਜੀ ਨੇ ਕੋਈ ਠੋਸ ਸਬੂਤ ਨਹੀਂ ਪੇਸ਼ ਕੀਤਾ ।

ਯਾਤਰਾਵਾਂ ਬਾਰੇ ਮਿਲਦੇ ਇਤਿਹਾਸਕ ਹਵਾਲੇ

ਗੁਰੂ ਰਵਿਦਾਸ ਵਲੋਂ ਕੀਤੀਆਂ ਯਾਤਰਾਵਾਂ ਬਾਰੇ ਸਾਨੂੰ ਜਨਮਸਾਖੀ ਸਾਹਿਤ ਤੋਂ ਕਾਫੀ ਜਾਣਕਾਰੀ ਮਿਲਦੀ ਹੈ। ਪਹਿਲੇ ਪੰਨਿਆਂ ਵਿੱਚ ਅਸੀਂ ਦੇਖ ਆਏ ਹਾਂ ਕਿ ਪ੍ਰਾਚੀਨ ਸ੍ਰੋਤਾਂ ਤੋਂ ਛੁੱਟ ਨਵੀਨਤਮ ਸ੍ਰੋਤ ਵੀ ਉਨ੍ਹਾਂ ਦੀਆਂ ਯਾਤਰਾਵਾਂ ਬਾਰੇ ਜਾਣਕਾਰੀ ਦਿੰਦੇ ਹਨ। ਪਰੰਤੂ ਇਹ ਤੱਥ ਅਜੇ ਹੋਰ ਛਾਣਬੀਣ ਦੀ ਮੰਗ ਕਰਦੇ ਹਨ ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਾਰੇ ਕੰਮ ਹੋਇਆ ਹੈ। ਹੁਣ ਅਸੀਂ ਉਨ੍ਹਾਂ ਇਤਿਹਾਸਕ ਹਵਾਲਿਆਂ ਦੀ ਭਾਲ ਕਰਨੀ ਹੈ ਜੋ ਇਨ੍ਹਾਂ ਯਾਤਰਾਵਾਂ ਬਾਰੇ ਮਿਲਦੇ ਹਨ।

ਜਨਮਸਾਖੀਆਂ ਨਿਰੋਲ ਇਤਿਹਾਸ ਨਹੀਂ ਪਰੰਤੂ ਫਿਰ ਵੀ ਇਸ ਸਾਹਿਤ ਵਿੱਚ ਇਤਿਹਾਸ ਦੇ ਕੁਝ ਕੁ ਅੰਸ਼ ਮਿਲ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜਿਨ੍ਹਾਂ ਰਾਹਾਂ ਤੇ ਗਏ ਉਨ੍ਹਾਂ ਰਾਹਾਂ 'ਤੇ ਉਨ੍ਹਾਂ ਨਾਲ ਸੰਬੰਧਿਤ ਕੁਝ ਸਥਾਨ ਮਿਲਦੇ ਹਨ ਜਿੱਥੇ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਕੁਝ ਕੁ ਥਾਵਾਂ ਤੇ ਗੁਰਦੁਆਰੇ ਵੀ ਬਣਾਏ ਗਏ। ਇਨ੍ਹਾਂ ਸਥਾਨਾਂ ਦੀ ਖੋਜ ਪੜਤਾਲ ਕਰਨ ਤੋਂ ਬਾਦ ਅਸੀਂ ਉਨ੍ਹਾਂ ਵਲੋਂ ਕੀਤੀਆਂ ਯਾਤਰਾਵਾਂ ਬਾਰੇ ਕਿਸੇ ਅੰਤਿਮ ਸਿੱਟੇ ਤੇ ਪੁੱਜ ਸਕਦੇ ਹਾਂ। ਗੁਰੂ ਰਵਿਦਾਸ ਨਾਲ ਸੰਬੰਧਿਤ ਵੀ ਅਨੇਕਾਂ ਸਥਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਮਿਲਦੇ ਹਨ ਜਿਨ੍ਹਾਂ ਨੂੰ ਅਸੀਂ ਅਰਧ-ਇਤਿਹਾਸਕ ਪ੍ਰਮਾਣਾਂ ਦੇ ਤੌਰ ਤੇ ਵਰਤ ਸਕਦੇ ਹਾਂ। ਚਿਤੌੜ ਵਿਚ ਬਣੀ 'ਰੈਦਾਸ ਛੱਤਰੀ' ਤੇ ਦੂਜੇ ਪਾਸੇ ਐਲੋਰਾ 'ਵਿੱਚ ਰਵਿਦਾਸ ਕੁੰਡ ਅਜਿਹੇ ਸਥਾਨਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

ਇਤਿਹਾਸ ਗੁਰੂ ਰਵਿਦਾਸ ਦੀਆਂ ਯਾਤਰਾਵਾਂ ਬਾਰੇ ਚੁੱਪ ਹੈ ਤੇ ਅਜਿਹੀ ਹਾਲਤ ਵਿੱਚ ਸਾਨੂੰ ਅਰਧ- ਇਤਿਹਾਸਕ ਪ੍ਰਮਾਣਾਂ ਤੇ ਹੀ ਆਧਾਰਿਤ ਹੋਣਾ ਪਵੇਗਾ। ਮੱਧਕਾਲੀਨ ਸੰਤਾਂ ਦੇ ਜੀਵਨ ਵੇਰਵੇ ਨਾ ਮਿਲਣ ਦਾ ਇਕ ਵੱਡਾ ਕਾਰਨ ਉਨ੍ਹਾਂ ਦੇ ਸਮਕਾਲੀ ਇਤਿਹਾਸਕਾਰਾਂ ਵੱਲੋਂ ਉਨ੍ਹਾਂ ਪ੍ਰਤੀ ਅਪਣਾਈ ਬੇਰੁਖੀ ਹੈ। ਉਸ ਸਮੇਂ ਸੰਤਾਂ ਭਗਤਾਂ ਨਾਲੋਂ ਰਾਜੇ ਮਹਾਰਾਜਿਆਂ ਦੇ ਜੀਵਨ ਬਾਰੇ ਲਿਖਣ ਨੂੰ ਇਤਿਹਾਸਕਾਰ ਤਰਜੀਹ ਦਿੰਦੇ ਸਨ। ਇਨ੍ਹਾਂ ਸੰਤਾਂ ਨੇ ਵੀ ਆਪਣੇ ਜੀਵਨ ਬਾਰੇ ਆਪਣੀ ਬਾਣੀ ਵਿੱਚ ਬਹੁਤ ਘੱਟ ਜਾਣਕਾਰੀ ਦਿੱਤੀ ਹੈ।

ਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ ਬਾਰੇ ਸਾਨੂੰ ਉਨ੍ਹਾਂ ਦੁਆਰਾ ਰਚੀ ਬਾਣੀ ਵਿਚੋਂ ਕੋਈ ਜਾਣਕਾਰੀ ਨਹੀਂ ਮਿਲਦੀ ਜਿਸ ਤੋਂ ਕਈ ਵਿਦਵਾਨਾਂ ਨੇ ਇਹ ਅੰਦਾਜ਼ਾ ਲਗਾ ਲਿਆ ਕਿ ਉਹ ਬਨਾਰਸ ਤੋਂ ਬਹੁਤ ਘੱਟ ਬਾਹਰ ਗਏ ਹੋਣਗੇ।[45] ਪਰੰਤੂ ਇਹ ਬਹੁਤਾ ਠੀਕ ਨਹੀਂ

ਜਾਪਦਾ ਕਿਉਂਕਿ ਆਮ ਤੌਰ ਤੇ ਹੁਣ ਵੀ ਤੇ ਉਸ ਸਮੇਂ ਤਾਂ ਵਿਸ਼ੇਸ਼ ਕਰਕੇ ਸੰਤ ਸਾਧੂ ਪ੍ਰਚਾਰ ਫੇਰੀਆਂ ਹਿੱਤ ਘੁੰਮਦੇ ਰਹਿੰਦੇ ਸਨ। ਰਵਿਦਾਸ ਜੀ ਦੇ ਗੰਗਰੋਣਗੜ, ਦੁਆਰਕਾ ਤੇ ਚਿਤੌੜ ਜਾਣ ਬਾਰੇ ਤਾਂ ਸ਼ੱਕ ਦੀ ਬਹੁਤੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿਉਂਕਿ ਇਹ ਜਾਣਕਾਰੀ ਸ੍ਰੀ ਅਨੰਤ ਦਾਸ ਵਲੋਂ ਆਪਣੀ ਰਚਨਾ 'ਰੈਦਾਸ ਪਰਚਈ' ਵਿਚ ਦਿੱਤੀ ਗਈ ਹੈ।

ਸਮੁੱਚੀ ਰਵਿਦਾਸ ਬਾਣੀ ਵਿੱਚ ਭਾਵੇਂ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜਾਂ ਉਸ ਤੋਂ ਬਾਹਰ ਛਪੀ ਹੈ ਅਜਿਹਾ ਕੋਈ ਹਵਾਲਾ ਨਹੀਂ ਮਿਲਦਾ ਜਿਸ ਤੋਂ ਉਨ੍ਹਾਂ ਦੇ ਬਨਾਰਸ ਤੋਂ ਕਿਤੇ ਬਾਹਰ ਜਾਣ ਬਾਰੇ ਜਾਣਕਾਰੀ ਮਿਲਦੀ ਹੋਵੇ। ਉਨ੍ਹਾਂ ਨੇ ਤਾਂ ਚਿਤੌੜ ਜਾਣ ਦਾ ਵੀ ਕਿਤੇ ਜ਼ਿਕਰ ਨਹੀਂ ਕੀਤਾ ਪਰੰਤੂ ਬਹੁਤੇ ਖੋਜਕਾਰਾਂ ਨੇ ਉਨ੍ਹਾਂ ਦਾ ਚਿਤੌੜ ਜਾਣਾ ਮੰਨਿਆ ਹੈ। ਇਸ ਤੋਂ ਅਸੀਂ ਇਹ ਵੀ ਮੰਨ ਸਕਦੇ ਹਾਂ ਕਿ ਉਨ੍ਹਾਂ ਨੇ ਜਾਣਬੁੱਝ ਕੇ ਹੀ ਆਪਣੀ ਬਾਣੀ ਵਿੱਚ ਆਪਣੇ ਸਫਰਾਂ ਦਾ ਵੇਰਵਾ ਨਾ ਦਿੱਤਾ ਹੋਵੇ। ਭਗਤ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲਾ ਸਭ ਤੋਂ ਪ੍ਰਾਚੀਨ ਸ੍ਰੋਤ ਪਰਚਈ ਰੈਦਾਸ ਰਚਿਤ ਅਨੰਤਦਾਸ ਉਨ੍ਹਾਂ ਦੇ ਚਿਤੌੜ ਤੇ ਗੰਗਰੋਣ ਗੜ੍ਹ ਜਾਣ ਬਾਰੇ ਜਾਣਕਾਰੀ ਦਿੰਦਾ ਹੈ ਤਾਂ ਇਸ ਨੂੰ ਮੰਨ ਲੈਣ ਵਿੱਚ ਬਹੁਤਾ ਉਜਰ ਵੀ ਨਹੀਂ ਹੋਣਾ ਚਾਹੀਦਾ।

ਰਵਿਦਾਸ ਬਾਣੀ ਵਿਚ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਨੂੰ ਲੈ ਕੇ ਵੀ ਕੁਝ ਵਿਦਵਾਨਾਂ ਵਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਇਹ ਭਾਸ਼ਾਵਾਂ ਬੋਲਦੇ ਇਲਾਕਿਆਂ ਵਿੱਚ ਗਏ। ਸਾਡੀ ਜਾਚੇ ਇਸ ਦਲੀਲ ਵਿਚ ਬਹੁਤ ਵਜ਼ਨ ਨਹੀਂ ਕਿਉਂਕਿ ਰਵਿਦਾਸ ਬਾਣੀ ਗੁਰੂ ਰਵਿਦਾਸ ਨੇ ਆਪ ਨਹੀਂ ਲਿਖੀ ਤੇ ਨਾ ਹੀ ਕੋਈ ਅਜਿਹਾ ਗ੍ਰੰਥ ਹੁਣ ਤਕ ਮਿਲਿਆ ਹੈ ਜੋ ਉਨ੍ਹਾਂ ਦੇ ਹੱਥਾਂ ਦਾ ਲਿਖਿਆ ਹੋਵੇ।[46] ਉਨ੍ਹਾਂ ਦੇ ਸ਼ਰਧਾਲੂ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਸਨ ਤੇ ਉਨ੍ਹਾਂ ਨੇ ਹੀ ਇਹ ਬਾਣੀ ਲਿੱਪੀ-ਬੱਧ ਕੀਤੀ ਜਿਸ ਕਾਰਨ ਵੱਖ ਵੱਖ ਭਾਸ਼ਾਵਾਂ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਸ਼ਾਮਲ ਹੋ ਗਏ।

ਸ੍ਰੀ ਅਨੰਤਦਾਸ ਵੈਸ਼ਨਵ ਭਗਤ ਰਵਿਦਾਸ ਦੇ ਸਮਕਾਲੀ ਕਹੇ ਜਾ ਸਕਦੇ ਹਨ ਇਸ ਤਰ੍ਹਾਂ ਉਨ੍ਹਾਂ ਵਲੋਂ ਰਚਿਤ ਰੈਦਾਸ ਪਰਚਈ ਦਾ ਮਹੱਤਵ ਕਾਫ਼ੀ ਵਧ ਜਾਂਦਾ ਹੈ। ਇਸ ਪ੍ਰਾਚੀਨ ਸ੍ਰੋਤ ਵਿਚੋਂ ਸਾਨੂੰ ਇੰਨੀ ਜਾਣਕਾਰੀ ਜ਼ਰੂਰ ਮਿਲਦੀ ਹੈ ਕਿ ਰਾਣੀ ਝਾਲੀ ਦੇ ਸੱਦੇ ਤੇ ਭਗਤ ਰਵਿਦਾਸ ਜੀ ਚਿਤੌੜ ਪਧਾਰੇ।[47] ਸੱਦਾ ਮਿਲਣ ਉਪਰੰਤ ਗੁਰੂ ਰਵਿਦਾਸ ਆਪਣੇ ਵੱਡੇ ਭਰਾ ਸਮਾਨ ਕਬੀਰ ਸਾਹਿਬ ਨਾਲ ਸਲਾਹ ਮਸ਼ਵਰਾ ਕਰਕੇ ਚਿਤੌੜ ਲਈ ਰਵਾਨਾ ਹੁੰਦੇ ਹਨ:—

ਪ੍ਰਾਤ ਸਮੈ ਰਮਨ ਮਨ ਕੀਨਾ। ਅਪਨਾ ਸਖਾ ਸੰਗਿ ਸਬ ਲੀਨਾ ।।
ਗਯਾਨ ਧਯਾਨ ਸੁਮਿਰਨ ਮਨ ਧਾਰੇ। ਸਬ ਹੀ ਅਨਭੈ ਸਬਦ ਵਿਚਾਰੇ।।[48]

ਚਿਤੌੜ ਦੀ ਯਾਤਰਾ ਤੋਂ ਬਿਨਾਂ ਇਸ ਸ੍ਰੋਤ ਵਿਚੋਂ ਗੰਗਰੌਣਗੜ੍ਹ ਤੇ ਦੁਆਰਕਾ ਦੀਆਂ ਯਾਤਰਾਵਾਂ ਦਾ ਵਰਨਣ ਵੀ ਮਿਲਦਾ ਹੈ ।

ਸ੍ਰੀ ਅਨੰਤ ਦਾਸ ਜੀ ਰਚਿਤ ਹੀ ਇਕ ਹੋਰ ਰਚਨਾ ਪੀਪਾ ਜੀ ਪਰਚਈ ਵਿਚ ਭਗਤ ਰਵਿਦਾਸ ਦੇ ਸੁਆਮੀ ਰਾਮਾਨੰਦ ਨਾਲ ਪੀਪਾ ਜੀ ਦੇ ਸ਼ਹਿਰ ਗੰਗਰੋਣਗੜ੍ਹ ਜਾਣ ਦਾ ਜ਼ਿਕਰ ਹੈ:-

ਤਬ ਰਾਮਾਨੰਦ ਬਾਚ ਪਾਤਿ। ਲਿਯੈ ਰੈਦਾਸ ਕਬੀਰ ਸੰਘਾਤੀ।
ਅਵਰੂ ਭਗਤ ਚਾਰੀਸ ਬੁਲਾਯੇ। ਗਿਰਹੀ ਅਰੁ ਬੈਰਾਗੀ ਆਯੇ।।[49]

ਇਸ ਤੋਂ ਅੱਗੇ ਰਵਿਦਾਸ ਜੀ ਦੁਆਰਕਾ ਤੱਕ ਜਾਂਦੇ ਹਨ ਜਿਸਦਾ ਜ਼ਿਕਰ ਅਸੀਂ ਪਿਛਲੇ ਪੰਨਿਆਂ ਤੇ ਕਰ ਆਏ ਹਾਂ ।

ਭਗਤਮਾਲ ਕ੍ਰਿਤ ਰਾਘੋਦਾਸ ਪ੍ਰਾਚੀਨ ਸ੍ਰੋਤ ਵਿੱਚ ਵੀ ਭਗਤ ਰਵਿਦਾਸ ਦੇ ਚਿਤੌੜ ਜਾਣ ਸੰਬੰਧੀ ਜਾਣਕਾਰੀ ਦਰਜ ਮਿਲਦੀ ਹੈ।[50] ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ ਕ੍ਰਿਤ ਰਘੁਰਾਜ ਸਿੰਹੁ ਵਿੱਚ ਵੀ ਸਿਰਫ ਚਿਤੌੜ ਜਾਣ ਦਾ ਹੀ ਜ਼ਿਕਰ ਹੈ। ਕਿਸੇ ਹੋਰ ਯਾਤਰਾ ਦਾ ਨਹੀਂ।[51] ਇਸ ਦਾ ਜ਼ਿਕਰ ਅਸੀਂ ਪਿਛਲੇ ਪੰਨਿਆਂ ਤੇ ਕਰ ਆਏ ਹਾਂ ।

ਗੁਰੂ ਰਵਿਦਾਸ ਦੇ ਪ੍ਰਲੋਕ ਸਿਧਾਰ ਜਾਣ ਤੋਂ ਬਾਦ ਉਨ੍ਹਾਂ ਦੇ ਜੀਵਨ ਸੰਬੰਧੀ ਬਹੁਤ ਸਾਰਾ ਜਨਮ-ਸਾਖੀ ਸਾਹਿਤ ਰਚਿਆ ਗਿਆ। ਇਸ ਸਾਰੇ ਸਾਹਿਤ ਨੂੰ ਅਸੀਂ ਪਰਵਰਤੀ ਲਿਖਤਾਂ ਦੀ ਸ਼੍ਰੇਣੀ ਵਿੱਚ ਰੱਖਾਂਗੇ । ਇਨ੍ਹਾਂ ਲਿਖਤਾਂ ਵਿੱਚ ਜਿੱਥੇ ਕਈ ਲੇਖਕਾਂ ਨੇ ਕੁਝ ਅੰਦਾਜ਼ਿਆਂ ਤੋਂ ਕੰਮ ਲਿਆ ਹੈ ਉਥੇ ਕਈ ਲੇਖਕਾਂ ਨੇ ਉਨ੍ਹਾਂ ਨੂੰ ਲੰਮੇ ਸਫਰਾਂ 'ਤੇ ਭੇਜ ਦਿੱਤਾ ਹੈ। ਹੁਣ ਅਸੀਂ ਇਨ੍ਹਾਂ ਲਿਖਤਾਂ ਤੇ ਵਿਚਾਰ ਕਰਾਂਗੇ :-

(ੳ) ਭਗਤ ਪ੍ਰੇਮਾਕਰਿ: ਕਵੀ ਜੱਸਾ ਸਿੰਘ

ਇਸ ਲੇਖਕ ਨੇ ਸਿਰਫ ਚਿਤੌੜ ਦੀ ਯਾਤਰਾ ਦਾ ਹੀ ਜ਼ਿਕਰ ਕੀਤਾ ਹੈ।[52] ਇਸ ਪੁਸਤਕ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ । ਇਨ੍ਹਾਂ ਸ੍ਰੋਤਾਂ ਵਿਚ ਗੁਰੂ ਰਵਿਦਾਸ

ਦੀਆਂ ਯਾਤਰਾਵਾਂ ਸੰਬੰਧੀ ਸਿਰਫ ਸੰਕੇਤ ਮਿਲਦੇ ਹਨ। ਵਿਸਥਾਰ ਸਹਿਤ ਵਰਨਣ ਨਹੀਂ। ਇਸੇ ਤਰ੍ਹਾਂ ਇਕ ਹੋਰ ਸ੍ਰੋਤ ਭਗਤਿ-ਸੁਧਾਕਰ ਕ੍ਰਿਤ ਸ੍ਰੀ ਬਿਧੀ ਦਾਸ ਵੀ ਚਿਤੌੜ ਦੀ ਯਾਤਰਾ ਬਾਰੇ ਸੰਕੇਤ ਕਰਦਾ ਹੈ।[52] ਇਸ ਬਾਰੇ ਵਿਸਥਾਰ ਨਾਲ ਚਰਚਾ ਅਸੀਂ ਪਿਛਲੇ ਪੰਨਿਆਂ ਤੇ ਕਰ ਆਏ ਹਾਂ।

ਸਾਡੀ ਜਾਚੇ ਹੋਰ ਬਾਕੀ ਪੁਰਾਤਨ ਸ੍ਰੋਤ ਭਗਤ ਰਵਿਦਾਸ ਦੀਆਂ ਯਾਤਰਾਵਾਂ ਬਾਰੇ ਕੋਈ ਸੰਕੇਤ ਨਹੀਂ ਦਿੰਦੇ ਹਨ। ਪਰੰਤੂ ਵੀਹਵੀਂ ਸਦੀ ਵਿਚ ਗੁਰੂ ਰਵਿਦਾਸ ਬਾਰੇ ਰਚਿਆ ਗਿਆ ਜੀਵਨੀ ਸਾਹਿਤ ਕਈ ਯਾਤਰਾਵਾਂ ਦਾ ਵਰਨਣ ਕਰਦਾ ਹੈ ਜਿਸ ਦਾ ਕੁਝ ਵਰਨਣ ਅਸੀਂ ਪਿਛਲੇ ਪੰਨਿਆਂ ਤੇ ਕੀਤਾ ਹੈ। ਪਰੰਤੂ ਉਸ ਦਾ ਕੋਈ ਇਤਿਹਾਸਕ ਆਧਾਰ ਨਹੀਂ ਹੈ। ਅਸੀਂ ਸੰਖੇਪ ਵਿੱਚ ਉਨ੍ਹਾਂ ਰਚਨਾਵਾਂ ਦਾ ਜ਼ਿਕਰ ਕਰਾਂਗੇ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਉਨ੍ਹਾਂ ਵਿਦਵਾਨਾਂ ਚੋਂ ਹਨ ਜਿਨ੍ਹਾਂ ਨੇ ਵੀਹਵੀਂ ਸਦੀ ਵਿੱਚ ਭਗਤ ਰਵਿਦਾਸ ਜੀ ਦੇ ਜੀਵਨ ਸੰਬੰਧੀ ਖੋਜ ਭਰਿਆ ਕੰਮ ਕੀਤਾ ਹੈ। ਸੰਤ ਚਰਨ-ਦਾਸ ਜੀ ਦੇ ਪ੍ਰਮੁੱਖ ਸ਼ਿਸ਼ ਸੰਤ ਨਿਤਿਆ ਨੰਦ ਦੀ ਭਗਤਮਾਲ 'ਵਿੱਚ ਦਰਜ ਰਵਿਦਾਸ ਕਥਾ ਦਾ ਹਵਾਲਾ ਦਿੰਦਿਆਂ ਆਪ ਲਿਖਦੇ ਹਨ:-

> ਦਰਾਵੜ ਦੇਸ ਭੂਪ ਕੀ ਰਾਨੀ, ਸੁਨਿ ਰਵਿਦਾਸ ਭਕਤ ਗੁਨ ਖਾਨੀ।
> ਚੇਲੀ ਭਈ ਤਾਸੁ ਢਿਗ ਆਈ, ਦੈ ਰਵਿਦਾਸ ਭਕਤਿ ਸਮਝਾਈ।।[54]

ਆਜ਼ਾਦ ਜੀ ਦੀ ਮਾਨਤਾ ਹੈ ਕਿ ਇਸੇ ਰਾਣੀ ਦੇ ਸੱਦੇ ਤੇ ਰਵਿਦਾਸ ਜੀ ਦੱਖਣ ਗਏ ਤੇ ਸ਼ਾਇਦ ਇਹੀ ਕਾਰਨ ਹੈ ਕਿ ਦੱਖਣ ਵਿੱਚ ਅਲੋਰਾ ਦੇ ਸਥਾਨ ਤੇ 'ਰਵਿਦਾਸ ਕੁੰਡ' ਅਤੇ ਤਿਰੁਪਤੀ (ਆਂਧਰਾ ਪ੍ਰਦੇਸ਼) ਵਿੱਚ ਬਾਲਾ ਜੀ ਦਾ ਪਹਾੜੀ ਦੇ ਪੈਰਾਂ ਵਿੱਚ ਬੈਕੁੰਠ ਕੋਮ ਤੀਰਥ ਸਥਾਨ ਤੇ ਰਵਿਦਾਸ ਦੀ ਗੱਦੀ ਅਰਥਾਤ ਸਮਾਧ ਦੇ ਚਿੰਨ੍ਹ ਪ੍ਰਾਪਤ ਹੁੰਦੇ ਹਨ।"[55] ਪਰੰਤੂ ਆਜ਼ਾਦ ਜੀ ਖ਼ੁਦ ਹੀ ਆਪਣੇ ਕਥਨ ਦਾ ਖੰਡਨ ਕਰ ਗਏ ਹਨ ਜਦੋਂ ਉਹ ਇਹ ਕਹਿੰਦੇ ਹਨ ਕਿ ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਰਾਣੀ ਝਾਲੀ ਚਿਤੌੜ ਦੀ ਰਾਣੀ ਝਾਲੀ ਸੀ ਜਾਂ ਕੋਈ ਹੋਰ। ਇਸੇ ਪੁਸਤਕ ਵਿੱਚ ਆਜ਼ਾਦ ਜੀ ਲਿਖਦੇ ਹਨ ਕਿ ਸੁਆਮੀ ਰਾਮਾ ਨੰਦ ਨਾਲ ਗੰਗਾਰੋਣਗੜ੍ਹ ਤੋਂ ਜਗਨਨਾਥ ਪੁਰੀ ਗਏ ਜਿੱਥੇ ਜਗਨ ਨਾਥ ਜੀ ਨੇ ਵਿਰਾਟ ਰੂਪ ਧਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਗੁਰੂ ਰਵਿਦਾਸ ਪ੍ਰਸੰਗ ਪ੍ਰਯਾਤ ਅਨੁਸਾਰ ਵੀ ਸੁਆਮੀ ਰਾਮਾਨੰਦ ਜੀ ਦੇ ਨਾਲ ਸਨ।[56]

ਇਕ ਪੁਸਤਕ 'ਰਵਿਦਾਸ ਪ੍ਰਗਾਸ' ਕ੍ਰਿਤ ਮਹੰਤ ਜਮਨਾਦਾਸ ਉਰਫ ਪਤਿ ਦਰਬਾਰੀ ਵਿੱਚ ਤਾਂ ਭਗਤ ਰਵਿਦਾਸ ਵਲੋਂ ਕੀਤੀਆਂ ਬਹੁਤ ਹੀ ਦੁਰੇਡੇ ਸਥਾਨਾਂ ਦੀ ਯਾਤਰਾ ਕਰਨ ਦਾ ਵਰਨਣ ਕੀਤਾ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਪਹਿਲਾਂ ਕਰ ਆਏ ਹਾਂ ।

ਡਾ. ਬੀ.ਪੀ. ਸ਼ਰਮਾ ਜੀ ਇਸ ਸਦੀ ਦੇ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ ਭਗਤ ਰਵਿਦਾਸ ਦੇ ਜੀਵਨ ਤੱਥਾਂ ਤੇ ਬਾਣੀ ਨੂੰ ਅਤੀਤ ਦੇ ਹਨੇਰੇ 'ਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਅਨੇਕਾਂ ਹੱਥ ਲਿਖਿਤ ਗ੍ਰੰਥਾਂ ਦਾ ਅਧਿਐਨ ਕੀਤਾ ਤੇ ਇਸ ਮੰਤਵ ਲਈ ਰਾਜਸਥਾਨ ਦੇ ਅਨੇਕ ਸਥਾਨਾਂ ਤੇ ਗਏ। ਗੁਰੂ ਰਵਿਦਾਸ ਦੀ ਚਿਤੌੜ ਯਾਤਰਾ ਦਾ ਜ਼ਿਕਰ ਉਹ ਸ੍ਰੀ ਅਨੰਤ ਦਾਸ ਰਚਿਤ 'ਰੈਦਾਸ ਪਰਚਈ' ਦਾ ਹਵਾਲਾ ਦਿੰਦਿਆਂ ਕਰਦੇ ਹਨ:--

ਜਿਨ ਕੇ ਦੁਆਰੇ ਗੁਰੂ ਨ ਪਧਾਰੇ, ਤੇ ਤੇ ਜਨਮ ਅਬ੍ਰਥਾ ਹਾਰੈ।
ਝਾਲੀ ਕਹਿਉ ਬਿਨਤੀ ਕੀਜੈ, ਅਪਨਾ ਜਾਨਿ ਸੋਹਿ ਦਰਸਨ ਦੀਜੈ।

ਡਾ. ਸ਼ਰਮਾ ਜੀ ਅਨੁਸਾਰ ਸੁਆਮੀ ਰਾਮਾਨੰਦ ਨੇ ਆਪਣੇ ਸ਼ਿਸ਼ਾਂ ਨੂੰ ਨਾਲ ਲੈ ਕੇ ਸਾਰੇ ਭਾਰਤ ਦਾ ਭ੍ਰਮਣ ਕੀਤਾ ਅਤੇ ਨਿਰਾਸ਼ ਭਾਰਤੀਆਂ ਨੂੰ ਉਪਰ ਉਠਾਇਆ।[57] ਸ਼ਰਮਾ ਜੀ ਲਿਖਦੇ ਹਨ ਕਿ ਸੁਆਮੀ ਰਾਮਾਨੰਦ ਦੀ ਮੌਤ ਤੋਂ ਬਾਦ ਸੰਸਕ੍ਰਿਤੀ, ਸਿਸ਼ਟਾਚਾਰ ਤੇ ਹਿੰਦੂਤਵ ਦੀ ਰੱਖਿਆ ਦਾ ਕੰਮ ਭਗਤ ਰਵਿਦਾਸ ਦੇ ਜ਼ਿੰਮੇ ਆ ਲੱਗਾ।[58]

ਗੁਰੂ ਰਵਿਦਾਸ ਸੰਬੰਧੀ ਕੰਮ ਕਰਨ ਵਾਲੇ ਸ਼੍ਰੋਮਣੀ ਖੋਜੀ ਵਿਦਵਾਨ ਡਾ. ਸਿੰਗਲ ਵੀ ਗੁਰੂ ਰਵਿਦਾਸ ਵਲੋਂ ਕੀਤੀ ਚਿਤੌੜ ,ਗੰਗਾਰੋਨਗੜ ਤੇ ਦੁਆਰਕਾ ਦੀਆਂ ਯਾਤਰਾਵਾਂ ਦਾ ਸਮਰਥਨ ਕਰਦੇ ਹਨ। ਉਨ੍ਹਾਂ ਦੀ ਯਾਦ ਵਿਚ ਰਾਣਾ ਪਰਿਵਾਰ ਵਲੋਂ ਕੁੰਭ ਸ਼ਿਆਮ ਮੰਦਰ ਦੇ ਵਿਹੜੇ 'ਚ ਉਸਾਰੀ ਰੈਦਾਸ ਛਤਰੀ ਜਿੱਥੇ ਇਸ ਯਾਤਰਾ ਦੀ ਗਵਾਹੀ ਭਰਦੀ ਜਾਪਦੀ ਹੈ ਉਥੇ ਇਕ ਸ਼ੂਦਰ ਲਈ ਮਾਣ ਵਾਲੀ ਗੱਲ ਵੀ ਹੈ।[59]

ਇਕ ਹੋਰ ਵਿਦਵਾਨ ਸ੍ਰ. ਦਰਸ਼ਨ ਸਿੰਘ ਜੀ ਲਿਖਦੇ ਹਨ ਕਿ ਰਵਿਦਾਸ ਜ਼ਰੂਰ ਹੀ ਚਿਤੌੜਗੜ੍ਹ ਅਤੇ ਮਾਧੋਗੜ੍ਹ ਗਏ ਹੋਣਗੇ। ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਹ ਸ੍ਰੀ ਪ੍ਰਿਆਦਾਸ ਜੀ ਦੁਆਰਾ ਕੀਤੇ ਭਗਤਮਾਲ ਦੇ ਟੀਕੇ ਦਾ ਹਵਾਲਾ ਦਿੰਦੇ ਹਨ।[60] ਇਕ ਹੋਰ ਰਚਨਾ ਰਵਿਦਾਸ ਰਮਾਇਣ ਰਚਿਤ ਸ੍ਰੀ ਬਖਸ਼ੀ ਦਾਸ ਦਾ ਹਵਾਲਾ ਦਿੰਦਿਆਂ ਆਪ ਭਗਤ ਰਵਿਦਾਸ ਵਲੋਂ ਪੁਸ਼ਕਰ, ਪ੍ਰਯਾਗ, ਤ੍ਰਿਵੇਣੀ, ਗੋਦਾਵਰੀ, ਹਰਦੁਆਰ ਜਾਣ ਦੀ ਸੰਭਾਵਨਾ ਪ੍ਰਗਟ ਕਰਦੇ ਹਨ। ਇਕ ਮਤ ਅਨੁਸਾਰ ਮੀਰਾ ਨੂੰ ਮਿਲਣ ਉਹ ਕਾਸ਼ੀ ਤੋਂ ਆਏ ਸਨ:-

ਕਾਸ਼ੀਪੁਰ ਸੇ ਚਲਕਰ ਆਇਓ ।।
ਭਾਰਤ ਭ੍ਰਮਣ ਹੇਤੁ ਮਨ ਲਾਇਓ ।।[61]

ਸ੍ਰ. ਦਰਸ਼ਨ ਸਿੰਘ ਪ੍ਰਸੰਗ ਪ੍ਰਕਾਸ਼ ਦਾ ਹਵਾਲਾ ਵੀ ਦਿੰਦੇ ਹਨ। ਇਨ੍ਹਾਂ ਸ੍ਰੋਤਾਂ ਦੀ ਰੋਸ਼ਨੀ ਵੀ ਸਾਨੂੰ ਕੋਈ ਰਾਹ ਨਹੀਂ ਦਿਖਾਉਂਦੀ ਕਿਉਂਕਿ ਇਨ੍ਹਾਂ ਵਿੱਚ ਕਿਸੇ ਅਜਿਹੇ ਸ੍ਰੋਤ ਦਾ ਜ਼ਿਕਰ ਨਹੀਂ ਜਿਸ ਤੋਂ ਇਹ ਜਾਣਕਾਰੀ ਪ੍ਰਾਪਤ ਕੀਤੀ ਗਈ। ਸ੍ਰੀ ਦਰਸ਼ਨ ਸਿੰਘ ਵੀ ਇਸੇ ਵਿਚਾਰ ਦੇ ਧਾਰਨੀ ਹਨ ਕਿ ਗੁਰੂ ਰਵਿਦਾਸ ਦੇ ਜੀਵਨ ਦਾ ਇਹ ਪੱਖ ਅਜੇ ਹੋਰ ਖੋਜ ਦਾ ਮੁਥਾਜ ਹੈ ।

ਡਾ. ਜਸਬੀਰ ਸਿੰਘ ਸਾਬਰ ਨੇ ਆਪਣੀ ਪੁਸਤਕ 'ਭਗਤ ਰਵਿਦਾਸ ਸ੍ਰੋਤ ਪੁਸਤਕ' ਵਿੱਚ ਕਈ ਅਜਿਹੇ ਸ੍ਰੋਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚ ਭਗਤ ਰਵਿਦਾਸ ਦੀਆਂ ਯਾਤਰਾਵਾਂ ਦਾ ਸੰਖੇਪ ਜਿਹਾ ਵਰਨਣ ਹੈ। ਵਾਰਤਕ ਟੀਕਾ ਭਗਤ ਮਾਲ- ਲਾਲ ਸਿੰਘ ਨਰੋਤਮ ਅਨੁਸਾਰ ਰਵਿਦਾਸ ਚਿਤੋੜ ਪਧਾਰਦੇ ਹਨ।[62]

ਇਸੇ ਪੁਸਤਕ ਵਿੱਚ ਦਰਜ ਇਕ ਹੋਰ ਸ੍ਰੋਤ ਭਗਤ ਰਸ ਮੰਜਰੀ ਕ੍ਰਿਤ ਕਵੀ ਧਿਆਨ ਸਿੰਘ ਅਨੁਸਾਰ ਵੀ ਰਾਣੀ ਝਾਲੀ ਦੇ ਸੱਦੇ ਤੇ ਭਗਤ ਰਵਿਦਾਸ ਚਿਤੌੜ ਗਏ।[63]

ਡਾ. ਪਦਮ ਗੁਰਚਰਨ ਸਿੰਘ ਆਪਣੀ ਪੁਸਤਕ 'ਗੁਰੂ ਰਵਿਦਾਸ ਵਿਚਾਰਕ ਔਰ ਕਵੀ' ਵਿੱਚ ਲਿਖਦੇ ਹਨ ਕਿ 1450 ਦੇ ਨੇੜੇ ਤੇੜੇ ਰਵਿਦਾਸ ਜੀ ਮਥਰਾ, ਬ੍ਰਿੰਦਾਬਨ, ਪ੍ਰਯਾਗ, ਹਰਦੁਆਰ ਅਤੇ ਕੁਰਕਸ਼ੇਤਰ ਆਦਿ ਤੀਰਥ ਅਸਥਾਨਾਂ ਤੇ ਗਏ । ਉਹ ਉਸ ਪਰੰਪਰਾ ਦਾ ਵੀ ਜ਼ਿਕਰ ਕਰਦੇ ਹਨ ਜਿਸ ਅਨੁਸਾਰ ਉਹ ਪੰਜਾਬ, ਗੁਜਰਾਤ ਤੇ ਦੱਖਣੀ ਪ੍ਰਦੇਸ਼ਾਂ ਵਿੱਚ ਗਏ। ਪਰੰਤੂ ਕਿਸੇ ਇਤਿਹਾਸਕ ਪ੍ਰਮਾਣ ਦੀ ਅਣਹੋਂਦ 'ਵਿੱਚ ਡਾ. ਪਦਮ ਇਸ ਨੂੰ ਮੰਨਣ ਤੋਂ ਇਨਕਾਰੀ ਹਨ।[64]

ਭਗਤ ਰਵਿਦਾਸ ਬਾਰੇ ਸ਼ੋਧ-ਪ੍ਰਬੰਧ ਲਿਖਣ ਵਾਲੇ ਡਾ. ਕੁਲਵੰਤ ਕੌਰ ਦਾ ਵਿਚਾਰ ਹੈ ਕਿ ਰਵਿਦਾਸ ਜੀ ਬਨਾਰਸ ਤੋਂ ਬਹੁਤ ਘੱਟ ਬਾਹਰ ਗਏ ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਕਿਸੇ ਮਹਾਨ ਵਿਅਕਤੀ ਦੀ ਵਿਚਾਰਧਾਰਾ ਦੇ ਪ੍ਰਫੁਲਤ ਹੋਣ ਲਈ ਉਸ ਵਿਅਕਤੀ ਦੀ ਮੌਜੂਦਗੀ ਕੋਈ ਵਿਸ਼ੇਸ਼ ਮਹੱਤਵ ਨਹੀਂ ਰੱਖਦੀ।[65] ਰਵਿਦਾਸ ਅਤੇ ਉਨ੍ਹਾਂ ਦੀ ਸ਼ਿਸ਼ ਮੰਡਲੀ ਵਲੋਂ ਦੂਰ ਦੁਰਾਡੀਆਂ ਥਾਵਾਂ ਦੀ ਯਾਤਰਾ ਤੋਂ ਇਲਾਵਾ ਨਿਪਾਲ, ਕਾਬਲ, ਬਲਖ, ਮੱਕਾ ਅਤੇ

ਅਤੇ ਮਦੀਨਾ ਆਦਿ ਦੀ ਯਾਤਰਾ ਦਾ ਦਾਅਵਾ ਕੀਤਾ ਗਿਆ ਹੈ।[66] ਪਰੰਤੂ ਅਜਿਹੇ ਦਾਅਵੇ ਕਿਸੇ ਇਤਿਹਾਸਕ ਪ੍ਰਮਾਣ ਦੀ ਗਵਾਹੀ ਨਾ ਹੋਣ ਕਾਰਨ ਬਹੁਤਾ ਵਜ਼ਨ ਨਹੀਂ ਰੱਖਦੇ ।

ਸ੍ਰ. ਕਰਮ ਸਿੰਘ ਰਾਜੂ 'ਹਉ ਬਨਜਾਰੋ ਰਾਮ ਕੋ ' ਵਿੱਚ ਵੀ ਕੋਈ ਨਵੀਂ ਖੋਜ ਦੀ ਥਾਂ ਪਰੰਪਰਾ ਦਾ ਹੀ ਸਹਾਰਾ ਲੈ ਕੇ ਭਗਤ ਰਵਿਦਾਸ ਦੀਆਂ ਯਾਤਰਾਵਾਂ ਦਾ ਵਰਨਣ ਕਰਦੇ ਹਨ। ਜਿਨ੍ਹਾਂ ਵਿਦਵਾਨਾਂ ਦੀਆਂ ਪੁਸਤਕਾਂ ਦਾ ਉਨ੍ਹਾਂ ਨੇ ਹਵਾਲਾ ਦਿੱਤਾ ਹੈ, ਉਨ੍ਹਾਂ ਵਿੱਚ ਡਾ. ਦਲੀਪ ਸਿੰਘ ਦੀਪ[67] ਕੇ.ਐਨ. ਉਪਾਧਿਆਇ[68] ਅਤੇ ਸ੍ਰ. ਦਰਸ਼ਨ ਸਿੰਘ ਸ਼ਾਮਲ ਹਨ।[69] ਸੋ ਰਾਜੂ ਸਾਹਿਬ ਮੰਨਦੇ ਹਨ ਕਿ ਗੁਰੂ ਰਵਿਦਾਸ ਜੀ ਬਿਹਾਰ, ਰਾਜਸਥਾਨ,ਮਹਾਰਾਸ਼ਟਰ, ਗੁਜਰਾਤ, ਮੱਧਪ੍ਰਦੇਸ਼, ਪ੍ਰਾਂਤਾਂ ਵਿੱਚ ਗਏ। ਪਰੰਤੂ ਇਹ ਕੋਈ ਨਵਾਂ ਤੱਥ ਨਹੀਂ ਸਗੋਂ ਸਿਰਫ ਤੱਥਾਂ ਦੀ ਪੇਸ਼ਕਾਰੀ ਹੈ ।

ਉਪਰੋਕਤ ਸਾਰੀ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਗੁਰੂ ਰਵਿਦਾਸ ਸੰਬੰਧੀ ਜਨਮ-ਸਾਖੀ ਸਾਹਿਤ ਉਨ੍ਹਾਂ ਦੇ ਯਾਤਰਾਵਾਂ ਤੇ ਜਾਣ ਦੇ ਸੰਕੇਤ ਤਾਂ ਜ਼ਰੂਰ ਦਿੰਦਾ ਹੈ ਪਰੰਤੂ ਸੁਵਿਸਥਾਰ ਵਰਨਣ ਨਹੀਂ ਕਰਦਾ। ਸ੍ਰੀ ਗੁਰੂ ਨਾਨਕ ਦੇਵ ਸੰਬੰਧੀ ਜਨਮਸਾਖੀਆਂ ਨੂੰ ਅਸੀਂ ਸਫਰਨਾਮੇ ਵੀ ਕਹਿ ਸਕਦੇ ਹਾਂ ਅਜਿਹਾ ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਸਾਹਿਤ ਬਾਰੇ ਕਹਿਣਾ ਮੁਸ਼ਕਲ ਹੈ। ਇਤਿਹਾਸ ਦੇ ਝਰੋਖੇ 'ਚੋਂ ਵੀ ਸਾਨੂੰ ਇਨ੍ਹਾਂ ਯਾਤਰਾਵਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ।

---

## ਟਿੱਪਣੀਆਂ ਤੇ ਹਵਾਲੇ

1. ਡਾ. ਧਰਮਪਾਲ ਸਿੰਗਲ, ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 63.

2 ਤੋਂ 5. -ਉਹੀ-, ਪੰਨੇ- 74, 74, 75, 75 .

6 ਤੋਂ 8. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨੇ- 52, 60, 71.

9. ਸ੍ਰੀ ਬਖਸ਼ੀ ਦਾਸ, ਸ੍ਰੀ ਰਵਿਦਾਸ ਜੀ ਜੀਵਨ ਚਰਿੱਤਰ, ਪੰਨਾ- 124.

10. -ਉਹੀ-, ਪੰਨਾ- 123.

11 ਤੋਂ 13. ਪ੍ਰਿਥਵੀ ਸਿੰਘ ਆਜ਼ਾਦ, ਸ੍ਰੀ ਰਵਿਦਾਸ ਦਰਸ਼ਨ, ਪੰਨੇ- 71, 37, 26,

14. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ, ਪੰਨਾ- 23.

15. -ਉਹੀ-, ਪੰਨਾ- 28-29.

16. ਸੰਤ ਜਗਬੀਰ ਸਿੰਘ, ਸੰਤ ਰਵਿਦਾਸ ਮਹਾਤਮਯ, ਪੰਨਾ- 157.

17. ਡਾ. ਪਦਮ ਗੁਰਚਰਨ ਸਿੰਘ, ਸੰਤ ਰਵਿਦਾਸ ਵਿਚਾਰਕ ਔਰ ਕਵੀ,
ਹਵਾਲਾ- ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਲੇਖ ਰਾਜ ਪਰਵਾਨਾ, ਪੰਨਾ- 106.

18. ਰਤਨ ਚੰਦਰ ਐਮ.ਏ., ਸੰਤ ਰਵਿਦਾਸ, ਪੰਨਾ- 23.

19. ਵਾਰ 10, ਪਉੜੀ 17, ਸ੍ਰੋਤ ਪੁਸਤਕ- ਪੰਨਾ- 54.

20. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 62.

21. -ਉਹੀ-, ਪੰਨਾ- 154.

22. -ਉਹੀ-, ਪੰਨਾ- 181-182.

23. ਪੰਡਤ ਹਰਦੇਵ ਸਿੰਘ, ਸ੍ਰੀ ਨਾਰਾਯਣ ਹਰੀ ਉਪਦੇਸ਼, ਪੰਨਾ- 417.

24. ਰਵਿਦਾਸ ਪ੍ਰਕਾਸ਼, ਪੰਨਾ- 233.

25. -ਉਹੀ-, ਪੰਨਾ- 346.

26. ਗੁਰੂ ਰਵਿਦਾਸ, ਪੰਨਾ- 20.

27. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ, ਗੁਰੂ ਰਵਿਦਾਸ, ਪੰਨਾ- 38-39.

28. " ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ, ਪੰਨਾ- 43.

29. ਡਾ. ਦਲੀਪ ਸਿੰਘ ਦੀਪ, ਸਾਧਨ ਮੈਂ ਰਵਿਦਾਸ ਸੰਤ, ਪੰਨਾ- 15-16.

30. ਡਾ. ਲੇਖ ਰਾਜ ਪਰਵਾਨਾ, ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਪੰਨਾ- 106-09.

31. ਡਾ. ਕੁਲਵੰਤ ਕੌਰ, ਗੁਰੂ ਗਰੰਥ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ, ਪੰਨਾ- 88.

32. ਡਾ. ਕੁਲਵੰਤ ਕੋਰ, ਗੁਰੂ ਗਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ, ਪੰਨਾ- 88.

33. -ਉਹੀ-, ਪੰਨਾ- 88.

34. ਕਰਮ ਸਿੰਘ ਰਾਜੂ, ਹਉ ਬਨਜਾਰੋ ਰਾਮ ਕੋ, ਪੰਨਾ- 60.

35. ਤੋਂ 37. ਰਵਿਦਾਸ ਸਮਾਰਿਕਾ, ਪੰਨਾ- 39,40,40 .

38. ਡਾ. ਦਰਸ਼ਨ ਸਿੰਘ, ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼, ਪੰਨਾ- 6.

40. -ਉਹੀ-, ਪੰਨਾ- 43.

41ਅਤੇ 42. ਦਰਸ਼ਨ ਸਿੰਘ, ਏ ਸਟੱਡੀ ਆਫ ਭਗਤ ਰਵਿਦਾਸ, ਪੰਨਾ- 39, 39.

43 ਅਤੇ 44. ਸ੍ਰੀ ਕਰਮ ਸਿੰਘ ਰਾਜੂ, ਗੁਰੂ ਰਵਿਦਾਸ: ਲਾਈਫ ਐਂਡ ਫਿਲਾਸਫੀ, ਪੰਨੇ- 55,55.

45. ਡਾ. ਦਰਸ਼ਨ ਸਿੰਘ, ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼, ਪੰਨਾ- 6.

46. ਡਾ. ਜਸਬੀਰ ਸਿੰਘ ਸਾਬਰ, ਰਵਿਦਾਸ ਬਾਣੀ ਦੀ ਪ੍ਰਮਾਣਿਕਤਾ( ਖੋਜ ਪੱਤਰ ) ।

47. ਸੰਪਾ. ਬੀ.ਪੀ. ਸ਼ਰਮਾ, ਭਕਤਰਤਨਾਵਲੀ(ਰੈਦਾਸ ਪਰਚਈ),ਪੰਨਾ- 25.

48. -ਉਹੀ-, ਪਦ- 168-69, ਪੰਨਾ- 26.

49. ਪੀਪਾ ਜੀ ਪਰਚਈ, ਪਦ-99, ਪੰਨਾ- 64.

50 ਤੋਂ 53. ਡਾ. ਜਸਬੀਰ ਸਿੰਘ ਸਾਬਰ, ਰਵਿਦਾਸ ਸ੍ਰੋਤ ਪੁਸਤਕ,ਪੰਨੇ- 252,271,144,154.

54 ਤੋਂ 56. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਗੁਰੂ ਰਵਿਦਾਸ, ਪੰਨੇ- 38,39,26.

57 ਤੇ 58. ਡਾ. ਬੀ.ਪੀ. ਸ਼ਰਮਾ, ਸ਼ੰਤ ਰਵਿਦਾਸ, ਪੰਨੇ -28, 28-29.

59. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 38-39.

60 ਅਤੇ 61. ਦਰਸ਼ਨ ਸਿੰਘ, ਏ ਸਟੱਡੀ ਆਫ ਰਵਿਦਾਸ, ਪੰਨੇ- 39,39.

62 ਅਤੇ 63. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨੇ- 196, 18.

64. ਡਾ. ਲੇਖ ਰਾਜ ਪਰਵਾਨਾ, ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਪੰਨਾ- 106.

65 ਅਤੇ 66. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ,ਪੰ.88. ਅਤੇ 87.

67. ਡਾ. ਦਲੀਪ ਸਿੰਘ ਦੀਪ, ਸਾਧਨ ਮੈਂ ਰਵਿਦਾਸ ਸੰਤ, ਪੰਨਾ- 15-16.

68. ਕੇ. ਐਨ. ਉਪਾਧਿਆਇ, ਗੁਰੂ ਰਵਿਦਾਸ, ਪੰਨਾ- 26.

69. ਦਰਸ਼ਨ ਸਿੰਘ, ਏ ਸਟੱਡੀ ਆਫ ਭਗਤ ਰਵਿਦਾਸ, ਪੰਨਾ- 39.

# ਅਧਿਆਇ ਛੇਵਾਂ

# ਜਨਮਸਾਖੀਆਂ ਵਿਚ ਮਿਲਦੀਆਂ ਸਾਖੀਆਂ ਦਾ ਆਲੋਚਨਾਤਮਿਕ ਅਧਿਐਨ

## ਜਨਮ ਸਾਖੀਆਂ ਵਿੱਚ ਮਿਲਦੀਆਂ ਸਾਖੀਆਂ ਦਾ ਆਲੋਚਨਾਤਮਿਕ ਅਧਿਐਨ

ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਸਾਹਿਤ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਮਿਲਦਾ ਹੈ। ਬੇਸ਼ੱਕ ਅੰਗਰੇਜ਼ੀ ਵਿੱਚ ਵੀ ਕੁਝ ਪੁਸਤਕਾਂ ਉਨ੍ਹਾਂ ਦੇ ਜੀਵਨ ਤੇ ਪ੍ਰਕਾਸ਼ ਪਾਉਂਦੀਆਂ ਹਨ ਪਰ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਆਮ ਮਨੁੱਖ ਦਾ ਅੱਜ ਤੱਕ ਸਾਖੀ-ਸਾਹਿਤ ਵਿਚ ਵਿਸ਼ਵਾਸ ਬਣਿਆ ਰਿਹਾ ਹੈ ਅਤੇ ਅਜੇ ਇਸ ਵਿਸ਼ਵਾਸ ਦੇ ਟੁੱਟਣ ਦੀ ਬਹੁਤੀ ਸੰਭਾਵਨਾ ਵੀ ਨਹੀਂ ਹੈ। ਵਿਦਵਾਨਾਂ ਦੀ ਸਾਖੀ ਸਾਹਿਤ ਬਾਰੇ ਇਕ ਰਾਇ ਨਹੀਂ। ਜਿੱਥੇ ਕੁਝ ਵਿਦਵਾਨ ਸਾਖੀਆਂ ਦੀ ਮਹੱਤਤਾ ਇਸ ਕਰਕੇ ਕਬੂਲ ਕਰਦੇ ਹਨ ਕਿ ਇਹ ਗੁਰੂ ਰਵਿਦਾਸ ਦੀ ਸਖਸ਼ੀਅਤ, ਅਨੁਭਵ, ਤੇ ਆਮ ਲੋਕਾਂ ਤੇ ਪਾਇਆ ਪ੍ਰਭਾਵ ਦਰਸਾਉਂਦੀਆਂ ਹਨ ਉੱਥੇ ਵਿਦਵਾਨਾਂ ਦੀ ਦੂਜੀ ਸ਼੍ਰੇਣੀ ਇਨ੍ਹਾਂ ਸਾਖੀਆਂ ਨੂੰ ਸਿੱਧ ਕਰਨ ਤੇ ਤੁਲੀ ਹੋਈ ਹੈ। ਵੱਖ -ਵੱਖ ਜਨਮ ਸਾਖੀਆਂ ਵਿੱਚ ਦਰਜ ਸਾਖੀਆਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਇਨ੍ਹਾਂ ਵਿਦਵਾਨਾਂ ਦੇ ਸਾਖੀ-ਸਾਹਿਤ ਬਾਰੇ ਵਿਚਾਰ ਪੇਸ਼ ਕਰ ਰਹੇ ਹਾਂ ।

ਸਭ ਤੋਂ ਪਹਿਲਾਂ ਅਸੀਂ ਖੋਜੀ ਵਿਦਵਾਨ ਡਾ. ਧਰਮਪਾਲ ਸਿੰਗਲ ਦੇ ਵਿਚਾਰ ਪੇਸ਼ ਕਰ ਰਹੇ ਹਾਂ। ਉਹ ਲਿਖਦੇ ਹਨ ਕਿ ਜਨਮ ਸਾਖੀ ਸਾਹਿਤ ਨੂੰ ਇਤਿਹਾਸ ਨਹੀਂ, ਸਾਹਿਤ ਮੰਨਣਾ ਵਧੇਰੇ ਯੋਗ ਹੈ ।"[1]

ਸਾਖੀ ਸਾਹਿਤ ਦਾ ਇਕ ਰੂਪ ਹੈ ਜੋ ਤੱਥਾਂ ਨਾਲੋਂ ਕਲਪਨਾ ਦੇ ਵਧੇਰੇ ਨੇੜੇ ਹੈ ਅਤੇ ਇਹ ਸਾਹਿਤ ਰੂਪ ਆਧੁਨਿਕ ਪੰਜਾਬੀ ਜੀਵਨੀ ਦਾ ਮੁੱਢਲਾ ਰੂਪ ਮੰਨਿਆ ਜਾ ਸਕਦਾ ਹੈ। ਸਾਖੀ ਪਰੰਪਰਾ ਦੀ ਧੀ-ਧਿਆਣੀ ਹੋਣ ਕਰਕੇ ਲੋਕਧਾਰਾ ਦੇ ਘੇਰੇ ਵਿੱਚ ਆਉਂਦੀ ਹੈ ਜੋ ਤੱਥ ਅਤੇ ਮਿੱਥ, ਮਨੌਤਾਂ ਅਤੇ ਵਿਸ਼ਵਾਸ਼ਾਂ ਦੀ ਮਿਸ ਤੋਂ ਉਪਜੀ ਹੋਣ ਕਰਕੇ ਲੋਕ-ਸੱਚ ਤਾਂ ਹੁੰਦੀ ਹੈ ਪਰ ਇਹ ਜ਼ਰੂਰੀ ਨਹੀਂ ਹੈ ਕਿ ਉਹ ਯਥਾਰਥਕ ਜਾਂ ਇਤਿਹਾਸਕ ਸੱਚ ਵੀ ਹੋਵੇ ।[2]

ਡਾ. ਵਣਜਾਰਾ ਬੇਦੀ ਦੇ ਵਿਚਾਰ ਸਾਨੂੰ ਭਲੀ ਭਾਂਤ ਇਸ ਗੱਲ ਤੋਂ ਜਾਣੂ ਕਰਵਾ ਦਿੰਦੇ ਹਨ ਕਿ ਇਨ੍ਹਾਂ ਸਾਖੀਆਂ ਵਿੱਚ ਮਿੱਥਾਂ ਅਤੇ ਕਰਾਮਾਤਾਂ ਕਿਵੇਂ ਦਾਖਲ ਹੋ ਗਈਆਂ ।

ਸਾਖੀਕਾਰ ਨੇ ਜੋ ਕਲਮ-ਬੱਧ ਕੀਤਾ ਉਹ ਇਤਿਹਾਸਕ ਥਾਂ ਹੋ ਕੇ ਉਸ ਸਮੇਂ ਦੇ ਲੋਕਾਂ ਵਿੱਚ ਪ੍ਰਚੱਲਿਤ ਸੋਚ ਸੀ। ਇਸ ਵਿਚਾਰ ਦੀ ਪੁਸ਼ਟੀ ਕਰਨ ਲਈ ਅਸੀਂ ਡਾ. ਕਿਰਪਾਲ ਸਿੰਘ ਨਾਰੰਗ ਦੇ ਵਿਚਾਰ ਪੇਸ਼ ਕਰ ਰਹੇ ਹਾਂ ਭਾਵੇਂ ਉਨ੍ਹਾਂ ਨੇ ਵਿਚਾਰ ਸ੍ਰੀ ਗੁਰੂ ਨਾਨਕ ਸੰਬੰਧੀ ਮਿਲਦੇ ਜਨਮਸਾਖੀ ਸਾਹਿਤ ਬਾਰੇ ਪ੍ਰਗਟਾਏ ਹਨ ਪਰੰਤੂ ਸਾਡੇ ਜਾਚੇ ਇਹ ਵਿਚਾਰ ਸਾਰੇ ਹੀ ਸੰਤਾਂ ਬਾਰੇ ਮਿਲਦੇ ਜਨਮ ਸਾਖੀ ਸਾਹਿਤ ਤੇ ਠੀਕ ਢੁਕਦੇ ਹਨ:-

" ਪੁਰਾਣਿਕ ਗਾਥਾਵਾਂ, ਸੂਫ਼ੀ ਸੰਤਾਂ ਅਤੇ ਗੋਰਖ-ਪੰਥੀਆਂ ਦੀਆਂ ਵਾਰਤਾਵਾਂ ਅਤੇ ਜਨਮਸਾਖੀ ਰਚਣ ਵਾਲਿਆਂ ਨੇ ਕੁਝ ਹੋਰ ਕਹਾਣੀਆਂ ਤੇ ਕਰਾਮਾਤਾਂ ਇਹਨਾਂ ਵਿਚ ਸਮਿੱਲਤ ਕਰ ਦਿੱਤੀਆਂ। ਇਨ੍ਹਾਂ ਤੱਥਾਂ ਕਾਰਨ ਹੀ ਕਈ ਇਤਿਹਾਸਕਾਰਾਂ ਨੇ ਇਨ੍ਹਾਂ ਨੂੰ ਨਾ ਭਰੋਸੇਯੋਗ ਲਿਖਣਾ ਆਰੰਭ ਕਰ ਦਿੱਤਾ ਹੈ।[3]

'ਜਨਮ ਸਾਖੀ ਪਰੰਪਰਾ' ਦੀ ਪਰਵੇਸ਼ਕਾ ਵਿੱਚ ਦਰਜ ਐਲਫਰੈਡ ਲਾਇਨ ਦਾ ਕਥਨ ਵੀ ਵਿਚਾਰਨ ਯੋਗ ਹੈ ,ਉਹ ਲਿਖਦੇ ਹਨ, " ਜਦੋਂ ਕੋਈ ਮਹਾਂਪੁਰਖ ਅਦਭੁਤ ਕੰਮ ਕਰਦਾ ਹੈ ਤਾਂ ਉਸ ਸੰਬੰਧੀ ਰਵਾਇਤਾਂ ਲੋਕਾਂ ਵਿਚ ਪ੍ਰਚੱਲਿਤ ਹੋ ਜਾਂਦੀਆਂ ਹਨ। ਉਸਦੇ ਸਮਕਾਲੀ ਹੈਰਾਨੀ ਤੇ ਵਾਹ ਵਾਹ ਦੇ ਵਾਯੂਮੰਡਲ ਵਿਚ ਇਨ੍ਹਾਂ ਰਵਾਇਤਾਂ ਨੂੰ ਅਚਰਜਤਾ ਅਤੇ ਕਰਾਮਾਤਾਂ ਦੇ ਰੂਪ ਵਿਚ ਵੇਖਦੇ ਹਨ।"[4]

ਇਸ ਕਰਾਮਾਤੀ ਅੰਸ਼ ਬਾਰੇ ਡਾ. ਸਿੰਗਲ ਲਿਖਦੇ ਹਨ , " ਜੀਵਨੀ ਨਾਲ ਜੁੜਦੇ ਕਈ ਪ੍ਰਸੰਗ ਜਿੱਥੇ ਅਧੂਰੇ ਰਹਿ ਜਾਂਦੇ ਹਨ, ਉਥੇ ਕਰਾਮਾਤਾਂ ਵੀ ਨਾਲ ਆ ਜੁੜੀਆਂ ਹਨ। ਪਰੰਤੂ ਇਹ ਕਰਾਮਾਤਾਂ ਗੁਰੂ ਰਵਿਦਾਸ ਦਾ ਲੋਕ-ਮਾਨਸ ਉਤੇ ਪ੍ਰਭਾਵ ਤਾਂ ਜ਼ਰੂਰ ਉਲੀਕਦੀਆਂ ਹੀ ਹਨ ਅਤੇ ਲੋਕ-ਮਾਨਸ ਦਾ ਨਿਕਟਤਮ ਲੇਖਾ ਜੋਖਾ ਉਨ੍ਹਾਂ ਦੇ ਸਮਕਾਲੀ ਅਤੇ ਖ਼ੁਦ ਇਕ ਭਗਤ ਕਵੀ ਅਨੰਤਦਾਸ ਨਾਲੋਂ ਵਧ ਕੇ ਹੋਰ ਕੀ ਮਿਲ ਸਕਦਾ ਸੀ।"[5]

ਇਹ ਕਥਨ ਸਿੱਧ ਕਰਦਾ ਹੈ ਕਿ ਰਵਿਦਾਸ ਉਸ ਸਮੇਂ ਬਹੁਤ ਹਰਮਨ ਪਿਆਰੇ ਹੋ ਚੁੱਕੇ ਸਨ ਤੇ ਇਹੀ ਕਾਰਨ ਹੈ ਕਿ ਉਨ੍ਹਾਂ ਸੰਬੰਧੀ ਮਿਲਦਾ ਜਨਮ ਸਾਖੀ-ਸਾਹਿਤ ਅਜਿਹੇ ਕਰਾਮਾਤੀ ਅੰਸ਼ਾਂ ਨਾਲ ਭਰਿਆ ਪਿਆ ਹੈ। ਇਥੇ ਅਸੀਂ ਇਕ ਹੋਰ ਵਿਦਵਾਨ ਡਾ.

ਦਰਸ਼ਨ ਸਿੰਘ ਦੇ ਵਿਚਾਰ ਪੇਸ਼ ਕਰ ਰਹੇ ਹਾਂ। ਉਹ ਲਿਖਦੇ ਹਨ ਕਿ ਰਵਿਦਾਸ ਜੀ ਦੇ ਜੀਵਨ ਸੰਬੰਧੀ ਕਈ ਸਾਖੀਆਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਇਹ ਵਰਨਣ ਕੀਤਾ ਗਿਆ ਹੈ ਕਿ ਉਨ੍ਹਾਂ ਕੋਲ ਕੋਈ ਗੈਬੀ- ਸ਼ਕਤੀ ਸੀ ਤੇ ਉਹ ਕਈ ਕਰਾਮਾਤਾਂ ਉਨ੍ਹਾਂ ਨੇ ਕਰ ਕੇ ਦਿਖਾਈਆਂ । ਇਨ੍ਹਾਂ ਨੂੰ ਮੰਨਣਾ ਮੁਸ਼ਕਲ ਹੈ ਪਰੰਤੂ ਕਿਸੇ ਕਰਾਮਾਤ ਦੇ ਦਖ਼ਲ ਦਾ ਭਾਵ ਇਹ ਨਹੀਂ ਹੈ ਕਿ ਸਾਰੀ ਸਾਖੀ ਹੀ ਰੱਦ ਕਰ ਦਿੱਤੀ ਜਾਵੇ।[6]

ਸਾਖੀਆਂ ਵਿੱਚ ਕਰਾਮਾਤੀ ਅੰਸ਼ ਦੇ ਦਖ਼ਲ ਬਾਰੇ ਡਾ. ਦਲੀਪ ਸਿੰਘ ਦੀਪ ਲਿਖਦੇ ਹਨ, " ਕਰਾਮਾਤ ਹੈ ਪ੍ਰਾਪਤ ਸ਼ਕਤੀਆਂ ਦੀ ਪ੍ਰਦਰਸ਼ਨੀ ਜਿਸ ਨਾਲ ਕਰਾਮਾਤੀ ਦੀ ਵਡਿਆਈ ਜਾਂ ਵਾਹ ਵਾਹ ਹੋ ਸਕੇ। ਉਸ ਨੂੰ ਆਮ ਮਨੁੱਖ ਤੋਂ ਉੱਚਾ ਸਮਝਿਆ ਜਾਵੇ, ਉਸੇ ਤਰ੍ਹਾਂ ਜਿਵੇਂ ਸੁਮੇਰ ਪਰਬਤ ਜਿਵੇਂ ਸੁਮੇਰ ਪਰਬਤ ਦੇ ਜੋਗੀਆਂ ਨੇ ਗੁਰੂ ਨਾਨਕ ਨੂੰ ਭਰਮਾਣ ਲਈ ਗੀਟਿਆਂ ਨੂੰ ਹੀਰੇ ਜਵਾਹਰਾਤ ਬਣਾ ਦਿੱਤਾ ਜਾਂ ਅਚਲ ਵਟਾਲੇ ਦੇ ਮੇਲੇ ਨੇ ਜੋਗੀ ਆਪਣੇ ਕਈ ਰੂਪ ਬਣਾ ਕੇ ਗੁਰੂ ਨਾਨਕ ਨੂੰ ਤੰਗ ਕਰਨ ਲੱਗੇ। "[7]

ਸਾਖੀਆਂ ਵਿਚ ਕਰਾਮਾਤੀ ਅੰਸ਼ ਬਾਰੇ ਸਾਡਾ ਵਿਚਾਰ ਹੈ ਕਿ ਇਸਲਾਮੀ ਪ੍ਰਭਾਵ ਕਾਰਨ ਹੀ ਦਾਖ਼ਲ ਹੋਇਆ ਕਿਉਂਕਿ ਹਿੰਦੂ ਸਾਖੀਕਾਰ ਵੀ ਕਿਸੇ ਤਰ੍ਹਾਂ ਉਨ੍ਹਾਂ ਨਾਲੋਂ ਪਿਛਾਂਹ ਨਹੀਂ ਰਹਿਣਾ ਚਾਹੁੰਦੇ ਸਨ ।

ਡਾ. ਜਸਬੀਰ ਸਿੰਘ ਸਾਬਰ ਦਾ ਵਿਚਾਰ ਹੈ ਕਿ ਰਵਿਦਾਸ ਜੀ ਨਾਲ ਸੰਬੰਧਿਤ ਸਾਖੀਆਂ ਤੱਥ-ਮੂਲਕ ਨਾ ਹੋ ਕੇ ਭਾਵਨਾ ਮੂਲਕ ਹਨ। ਹੈਮਿਓਗ੍ਰੈਫਿਕ ਰੁਚੀ ਦੀਆਂ ਕਥਾਵਾਂ ਜੋ ਸਮਾਂ ਬੀਤਣ ਦੇ ਨਾਲ ਉਨ੍ਹਾਂ ਸੰਬੰਧੀ ਪ੍ਰਚੱਲਿਤ ਸਾਖੀਆਂ ਵਿਚ ਰਲ ਗਈਆਂ ਸਨ ਇਨ੍ਹਾਂ ਦਾ ਮੰਤਵ ਰਵਿਦਾਸ ਜੀ ਦੇ ਵਿਅਕਤਿਤ੍ਵ ਦੀ ਮਹਾਨਤਾ, ਆਤਮਿਕ ਉੱਚਤਾ ਅਤੇ ਉਨ੍ਹਾਂ ਦੇ ਰੂਹਾਨੀ ਸੰਦੇਸ਼ ਨੂੰ ਅੰਕਿਤ ਕਰਨਾ ਸੀ। ਇਨ੍ਹਾਂ ਸਾਖੀਆਂ ਦੀ ਇਤਿਹਾਸਕਤਾ ਨਾਲੋਂ ਸਿੱਧਾਂਤਕ ਮਹੱਤਾ ਵਧੇਰੇ ਮੰਨਣੀ ਪੈਂਦੀ ਹੈ।"[8]

ਹੁਣ ਅਸੀਂ ਵਿਦਵਾਨ ਲੇਖਕ ਤੇ ਆਲੋਚਕ ਡਾ. ਹਰਿਭਜਨ ਸਿੰਘ ਜੀ ਦੇ ਵਿਚਾਰ ਪੇਸ਼ ਕਰਾਂਗੇ ਉਨ੍ਹਾਂ ਨੇ ਆਪਣੇ ਖੋਜ ਭਰਪੂਰ ਲੇਖ 'ਰਿਗਵੇਦ ਤੋਂ ਜਨਮਸਾਖੀ ਤੱਕ' ਵਿੱਚ

ਪ੍ਰਗਟਾਏ ਹਨ। – ਸਾਖੀਕਾਰ ਆਪਣੀ ਰਚਨਾ ਦੇ ਆਰੰਭ ਵਿਚ ਹੀ ਦੇਵਤਿਆਂ ਤੋਂ ਛੁੱਟ ਅਵੈਦਿਕ ਸਿੱਧਾਂ, ਨਾਥਾਂ ਨੂੰ ਵੀ ਆਪਣੇ ਰਚਨਾ-ਕਾਰਜ ਵਿਚ ਸ਼ਾਮਲ ਕਰ ਲੈਂਦਾ ਹੈ। ਸਾਖੀਆਂ ਵਿਚਲੇ ਕਰਾਮਾਤੀ ਅੰਸ਼ ਬਾਰੇ ਆਪ ਲਿਖਦੇ ਹਨ:-- " ਕਰਾਮਾਤ ਦੀ ਇਕ ਵਸਤੂ-ਮੂਲਕ ਹੋਂਦ ਹੈ ਜੋ ਕਿਸੇ ਦੂਸਰੇ ਦੀ ਇੱਛਾ ਨਾਲ ਸੰਬੋਧਿਤ ਹੋ ਕੇ ਹਾਨੀਕਾਰਕ ਜਾਂ ਲਾਭਦਾਇਕ ਪ੍ਰਭਾਵਾਂ ਦਾ ਸਿਰਜਣ ਕਰਦੀ ਹੈ। ਕਰਾਮਾਤ ਦਿੱਬ ਸ਼ਕਤੀ ਦੀ ਵਿਚਿਤ੍ਰਤਾ ਅਤੇ ਅਗੰਮਤਾ ਨੂੰ ਵਰਣਿਤ ਕਰਨ ਦਾ ਇਕ ਸਥੂਲ ਢੰਗ ਹੈ। ਜਨਮ ਸਾਖੀ ਦਾ ਦਿੱਬ ਸੰਸਾਰ ਜਿਤਨਾ ਸਰਲ ਅਤੇ ਸਪੱਸ਼ਟ ਹੈ ਉਤਨਾ ਹੀ ਸਥੂਲ ਵੀ ।[9]

ਜਨਮ ਸਾਖੀਆਂ ਦੇ ਕਰਾਮਾਤੀ ਅੰਸ਼ ਕਾਰਨ ਅਜੋਕੇ ਯੁੱਗ ਵਿਚ ਮਨੁੱਖ ਦਾ ਇਨ੍ਹਾਂ ਸਾਖੀਆਂ ਤੇ ਪੂਰਾ ਪੂਰਾ ਵਿਸ਼ਵਾਸ਼ ਕਰਨਾ ਮੁਸ਼ਕਲ ਜਾਪਦਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਦਲੀਲ ਪ੍ਰਧਾਨ ਹੈ ਜੋ ਹਰ ਗੱਲ ਨੂੰ ਕਸੌਟੀ ਤੇ ਪਰਖਦੀ ਹੈ। ਉਪਰੋਕਤ ਸਰਵੇਖਣ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਾਖੀ ਦਾ ਆਧਾਰ ਲੋਕ-ਸੱਚ ਹੋਣ ਕਰਕੇ ਬਹੁਤ ਕੁਝ ਅਜਿਹਾ ਰਲ ਗਿਆ ਜਿਹੜਾ ਅਸਲ ਸੱਚ ਤੋਂ ਦੂਰ ਜਾਪਦਾ ਹੈ। ਹੁਣ ਅਸੀਂ ਉਨ੍ਹਾਂ ਵਿਦਵਾਨਾਂ ਦੇ ਵਿਚਾਰ ਪੇਸ਼ ਕਰ ਰਹੇ ਹਾਂ ਜਿਨ੍ਹਾਂ ਅਨੁਸਾਰ ਇਹ ਸਾਖੀਆਂ ਅਸਲ ਵਿੱਚ ਵਾਪਰੀਆਂ ਘਟਨਾਵਾਂ ਤੇ ਆਧਾਰਿਤ ਹਨ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦਾ ਮਹਾਨ ਖੋਜੀ ਵਿਦਵਾਨ ਹੋਣ ਕਾਰਨ ਗੁਰੂ ਰਵਿਦਾਸ ਸੰਬੰਧੀ ਖੋਜ ਕਾਰਜ ਸ਼ੁਰੂ ਕਰਵਾਉਣ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ । ਆਪ ਇਸ ਮੱਤ ਦੇ ਧਾਰਨੀ ਹਨ ਕਿ ਇਹ ਘਟਨਾਵਾਂ ਰਵਿਦਾਸ ਜੀ ਦੇ ਜੀਵਨ ਵਿੱਚ ਵਾਪਰਦੀਆਂ ਰਹੀਆਂ ਹਨ। ਇਨ੍ਹਾਂ ਨਾਲ ਉਨ੍ਹਾਂ ਦੀ ਪ੍ਰਸਿੱਧੀ ਹੁੰਦੀ ਗਈ ਤੇ ਜਸ ਵਧਦਾ ਗਿਆ।"[10] ਦਮੜੀ ਤੇ ਕੰਗਣ ਵਾਲੀ ਸਾਖੀ ਤੇ ਚਿਤੌੜ ਵਿੱਚ ਬ੍ਰਹਮ ਭੋਜ ਸਮੇਂ ਹਰ ਪਾਸੇ ਰਵਿਦਾਸ ਵਾਲੀਆਂ ਸਾਖੀਆਂ ਦਾ ਆਪਨੇ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ।

ਡਾ. ਬੀ.ਪੀ. ਸ਼ਰਮਾ ਜੀ ਦਾ ਮੱਤ ਹੈ ਕਿ ਗੰਗਾ ਜੀ ਦਾ ਭੇਟਾ ਸਵੀਕਾਰ ਕਰਨ ਵਾਲੇ ਤੇ ਚਮੜਾ ਗਿੱਲਾ ਕਰਨ ਵਾਲੀ ਕਠੌਤੀ ਵਿੱਚ ਚਰਨਾਮਤ ਦੇਣ ਵਾਲੀ ਸਾਖੀ ਨੂੰ ਛੱਡ ਕੇ ਬਾਕੀਆਂ ਦੇ ਪ੍ਰਮਾਣ ਰਵਿਦਾਸ ਬਾਣੀ ਵਿਚੋਂ ਮਿਲ ਜਾਂਦੇ ਹਨ। ਉਨ੍ਹਾਂ ਦਾ ਮੱਤ

ਹੈ ਕਿ ਅੰਦਰਲੀਆਂ ਤੇ ਬਾਹਰਲੀਆਂ ਦੋਵੇਂ ਹੀ ਗਵਾਹੀਆਂ ਸਾਨੂੰ ਮਿਲ ਜਾਂਦੀਆਂ ਹਨ।[11] ਪਰੰਤੂ ਉਨ੍ਹਾਂ ਨੇ ਬਹੁਤੇ ਪ੍ਰਮਾਣ ਪਰਚਈ ਅਨੰਤ ਦਾਸ 'ਚੋਂ ਦਿੱਤੇ ਹਨ। ਪਰੰਤੂ ਡਾ. ਸਾਬਰ ਦਾ ਵਿਚਾਰ ਹੈ ਕਿ ਉਨ੍ਹਾਂ ਦੀ ਬਾਣੀ ਵਿਚਲੇ ਸਵੈ-ਸਿੱਧ ਤੱਥਾਂ ਤੋਂ ਬਿਨਾਂ ਬਾਕੀ ਜੋ ਵੀ ਸੂਚਨਾ ਮਿਲਦੀ ਹੈ, ਵਿਵਾਦ-ਗ੍ਰਸਤ ਹੈ।[12] ਅਸੀਂ ਪਿਛਲੇ ਪੰਨਿਆਂ ਵਿਚ ਜ਼ਿਕਰ ਕਰ ਆਏ ਹਾਂ ਕਿ ਬਾਣੀ ਨੂੰ ਸੰਕੁਚਿਤ ਅਰਥ ਦੇਣ ਨਾਲ ਭਾਵੇਂ ਅਸੀਂ ਆਪਣਾ ਮਤ ਸਿੱਧ ਕਰ ਲਈਏ ਪਰੰਤੂ ਜੇ ਸਮੁੱਚੀ ਬਾਣੀ ਵੇਖੀਏ ਤਾਂ ਇਹ ਸਿੱਧ ਕਰਨਾ ਔਖਾ ਹੋ ਜਾਂਦਾ ਹੈ ਕਿ ਰਵਿਦਾਸ ਜੀ ਨੇ ਕੋਈ ਕਰਾਮਾਤ ਦਿਖਾਈ ਹੋਵੇਗੀ।

ਚੰਦ੍ਰਿਕਾ ਪ੍ਰਸਾਦ ਜਗਿਆਸੂ ਨੇ ਆਪਣੀ ਪੁਸਤਕ ਸੰਤ ਪ੍ਰਵਰ ਰੈਦਾਸ ਸਾਹਿਬ ਵਿਚ ਸਾਖੀਆਂ ਨੂੰ ਮਨਘੜ੍ਹਤ ਤੇ ਅਸੁਭਾਵਿਕ ਦੱਸਿਆ ਹੈ। ਰਵਿਦਾਸ ਜੀ ਦੇ ਪੂਰਬਲੇ ਜਨਮ, ਮੁਹਰਾਂ ਵਾਲੀ ਸਾਖੀ ਤੇ ਪਾਰਸ ਵਾਲੀ ਸਾਖੀ ਨੂੰ ਆਪ ਮਨਘੜਤ ਹੀ ਮੰਨਦੇ ਹਨ।[13]

ਡਾ. ਲੇਖ ਰਾਜ ਪਰਵਾਨਾ ਆਪਣੀ ਪੁਸਤਕ ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ ਵਿਚ ਲਿਖਦੇ ਹਨ ਕਿ ਗੁਰੂ ਰਵਿਦਾਸ ਜੀ ਇਕ ਪਰਮਪੁਰਖ ਸਨ ਤੇ ਉਨ੍ਹਾਂ ਅੰਦਰ ਰੱਬੀ ਸ਼ਕਤੀ ਸੀ। ਉਨ੍ਹਾਂ ਅਨੁਸਾਰ ਠਾਕਰ ਜੀ ਦਾ ਨਦੀ ਵਿਚੋਂ ਨਿਕਲ ਕੇ ਆਉਣਾ ਉਨ੍ਹਾਂ ਦੀ ਇੱਜ਼ਤ ਤੇ ਵਕਾਰ ਦਾ ਸਵਾਲ ਸੀ। ਪਰਵਾਨਾ ਦਾ ਮੱਤ ਹੈ ਕਿ ਜੇ ਅਜਿਹਾ ਨਾ ਹੁੰਦਾ ਤਾਂ ਜਿੱਥੇ ਮੀਰਾ ਦੀ ਬੇਪਤੀ ਹੋਣੀ ਸੀ ਉਥੇ ਰਵਿਦਾਸ ਜੀ ਲਈ ਵੀ ਜੀਊਣਾ ਮੁਸ਼ਕਲ ਹੋ ਜਾਣਾ ਸੀ।[14] ਸੰਤਾਂ ਪਾਸ ਅਜਿਹੇ ਨੁਸਖੇ ਹੁੰਦੇ ਹਨ ਜੋ ਪੁਰਾਣੀ ਤੋਂ ਪੁਰਾਣੀ ਬੀਮਾਰੀ ਦਾ ਇਲਾਜ ਵੀ ਕਰ ਦਿੰਦੇ ਹਨ । ਹੋ ਸਕਦਾ ਹੈ ਮਰਿਆ ਬੰਦਾ ਵੀ ਜੀਊਂਦਾ ਕਰ ਦਿੱਤਾ ਹੋਵੇ।"[15]

ਜਿਥੇ ਡਾ. ਪਰਵਾਨਾ ਮੋਹਰਾਂ ਮਿਲਣ ਵਾਲੀ ਸਾਖੀ ਨੂੰ ਇਹ ਕਹਿਕੇ ਛੱਡ ਦਿੰਦੇ ਹਨ " ਕੀ ਭਗਵਾਨ ਨੇ ਰਵਿਦਾਸ ਜੀ ਨਾਲ ਇਹ ਠੇਕਾ ਕਰ ਲਿਆ ਸੀ ਕਿ ਜੇਕਰ ਉਨ੍ਹਾਂ ਨੇ ਪਾਰਸ ਪੱਥਰ ਲੈਣੋਂ ਨਾਂਹ ਕਰ ਦਿੱਤੀ ਸੀ ਤਾਂ ਉਨ੍ਹਾਂ ਨੇ ਨਕਦ ਮੋਹਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਭਾਵ ਇਹ ਕਿ ਪਰਮਾਤਮਾ ਕਿਸੇ ਦੀ ਮਿਹਨਤ ਨਹੀਂ ਰੱਖਦਾ ਤੇ ਲੋਕ ਵੀ ਲਾਲਚ ਵੱਸ ਹੋ ਕੇ ਹੀ ਪ੍ਰਭੂ ਪੂਜਾ ਕਰਦੇ ਹਨ।"[16] ਇਉਂ ਜਾਪਦਾ ਹੈ ਕਿ ਡਾ. ਪਰਵਾਨਾ ਦੋਹਰਾ ਮਾਪ-ਦੰਡ ਵਰਤ ਰਹੇ ਹਨ। ਕਦੀ ਗੁਰੂ ਰਵਿਦਾਸ

ਨੂੰ ਕਰਾਮਾਤੀ ਤੇ ਕਦੀ ਇਕ ਪਰਮ-ਭਗਤ ਸਿੱਧ ਕਰ ਰਹੇ ਹਨ ।

ਡਾ. ਪਰਵਾਨਾ ਤੋਂ ਬਾਦ ਅਸੀਂ ਸ੍ਰ. ਕਰਮ ਸਿੰਘ ਰਾਜੂ ਦੇ ਵਿਚਾਰ ਪੇਸ਼ ਕਰਦੇ ਹਾਂ। ਗੁਰੂ ਰਵਿਦਾਸ ਸੰਬੰਧੀ ਪ੍ਰਚੱਲਿਤ ਸਾਖੀਆਂ ਬਾਰੇ ਲਿਖਦੇ ਹਨ ਕਿ ਮਹਾਂਪੁਰਖਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਕਰਾਮਾਤਾਂ ਕਹਿਣਾ ਇਕ ਬਹੁਤ ਵੱਡੀ ਭੁੱਲ ਹੈ। ਠਾਕਰ ਦੇ ਰਵਿਦਾਸ ਜੀ ਦੀ ਗੋਦ ਵਿਚ ਆਉਣ ਬਾਰੇ ਆਪ ਲਿਖਦੇ ਹਨ ਕਿ ਜਦੋਂ ਰਵਿਦਾਸ ਜੀ ਨੇ ਪੱਥਰ ਦੇ ਸਾਲਗਰਾਮ ਨੂੰ ਯਾਦ ਕੀਤਾ ਤਾਂ ਪੱਥਰ ਸਮਝ ਕੇ ਨਹੀਂ ਸਗੋਂ ਉਸ ਵਿਚ ਵਸਦੇ ਮਾਲਕ ਪਿਆਰੇ ਨੂੰ ਯਾਦ ਕੀਤਾ ਤੇ ਉਹ ਉਨ੍ਹਾਂ ਕੋਲ ਆ ਗਿਆ। ਆਪਣੇ ਮੱਤ ਦੀ ਪੁਸ਼ਟੀ ਲਈ ਉਹ ਦਲੀਲ ਦਿੰਦੇ ਹਨ ਕਿ ਸਾਇੰਸ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਪੱਥਰ ਵਿੱਚ ਵੀ ਜੀਵ ਹੁੰਦੇ ਹਨ, " ਸਿਰ ਸਿਰ ਰਿਜਕ ਸੰਬਾਹੇ ਠਾਕਰ— ਕਾਹੇ ਮਨ ਭਉ ਕਰਿਆ।" ਹੋਰ ਵੀ ਕਈ ਉਦਾਹਰਣਾਂ ਜਿਵੇਂ ਕੰਮਪੀਊਟਰ ਤੇ ਰੀਮੋਟ ਕੰਟਰੋਲ ਦੀ ਸ੍ਰੀ ਰਾਜੂ ਨੇ ਦਿੱਤੀਆਂ ਹਨ ਪਰੰਤੂ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਨ੍ਹਾਂ ਦਲੀਲਾਂ ਨਾਲ ਉਨ੍ਹਾਂ ਦੇ ਮੱਤ ਦੀ ਪੁਸ਼ਟੀ ਨਹੀਂ ਹੁੰਦੀ। ਪੱਥਰ ਵਿਚ ਜੀਵ ਹੋਣਾ ਵੱਖਰੀ ਗੱਲ ਹੈ ਤੇ ਉਸ ਦਾ ਚਲ ਕੇ ਜਾਣਾ ਦੂਜੀ ਗੱਲ। ਇਸ ਤੋਂ ਬਿਨ੍ਹਾਂ ਹੋਰ ਵੀ ਪ੍ਰਚੱਲਿਤ ਸਾਖੀਆਂ ਦਾ ਉਨ੍ਹਾਂ ਨੇ ਆਪਣੀ ਪੁਸਤਕ ਵਿੱਚ ਵਰਨਣ ਕੀਤਾ ਹੈ।[17] ਇਕ ਹੋਰ ਪੁਸਤਕ ਵਿੱਚ ਵੀ ਰਾਜੂ ਨੇ ਇਹੀ ਮੱਤ ਪੇਸ਼ ਕੀਤਾ ਕਿ ਸਾਲਗਰਾਮ ਰਵਿਦਾਸ ਜੀ ਦੀ ਪੁਕਾਰ ਸੁਣ ਕੇ ਉਨ੍ਹਾਂ ਦੀ ਗੋਦ ਵਿੱਚ ਆ ਗਿਆ ।[18]

ਅਗਲੇ ਪੰਨਿਆਂ ਵਿਚ ਅਸੀਂ ਹਰ ਜਨਮ ਸਾਖੀ ਵਿਚ ਦਰਜ ਸਾਖੀਆਂ ਪੇਸ਼ ਕਰ ਰਹੇ ਹਾਂ। ਜਨਮਸਾਖੀਆਂ ਦੀ ਗਿਣਤੀ ਤੇ ਤਰਤੀਬ ਪੱਖੋਂ ਹਰ ਜਨਮਸਾਖੀ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਸਭ ਤੋਂ ਪਹਿਲਾਂ ਅਸੀਂ ਦੇਵਨਾਗਰੀ ਲਿੱਪੀ 'ਵਿੱਚ ਮਿਲਦੇ ਸ੍ਰੋਤ ਲਏ ਹਨ ਤੇ ਉਸ ਤੋਂ ਬਾਅਦ ਗੁਰਮੁਖੀ ਲਿੱਪੀ ਵਿੱਚ ਮਿਲਦੇ ਸ੍ਰੋਤਾਂ ਬਾਰੇ ਜਾਣਕਾਰੀ ਪੇਸ਼ ਕੀਤੀ ਹੈ ।

ਗੁਰੂ ਰਵਿਦਾਸ ਸੰਬੰਧੀ ਹਿੰਦੀ ਭਾਸ਼ਾ ਵਿਚ ਰਚੇ ਜਨਮ ਸਾਖੀ ਸਾਹਿਤ ਦਾ ਆਰੰਭ ਸ੍ਰੀ ਅਨੰਤ ਦਾਸ ਰਚਿਤ 'ਰੈਦਾਸ ਪਰਚਈ' ਨਾਲ ਹੋ ਜਾਂਦਾ ਹੈ ਜਿਸ ਦਾ ਰਚਨਾ-

ਕਾਲ 1588 ਤੋਂ 1600 ਈਸਵੀ ਤੱਕ ਮੰਨਿਆ ਗਿਆ ਹੈ।[19] ਨਿਰਸੰਦੇਹ ਗੁਰੂ ਰਵਿਦਾਸ ਦੇ ਜੀਵਨ ਬਾਰੇ ਜਾਣਕਾਰੀ ਦੇਣ ਵਾਲਾ ਇਹ ਸਭ ਤੋਂ ਪੁਰਾਤਨ ਗ੍ਰੰਥ ਹੈ। ਇਸ ਵਿਚ ਕਈ ਘਟਨਾਵਾਂ ਦਾ ਸਾਖੀਆਂ ਦੇ ਰੂਪ ਵਿਚ ਕੀਤਾ ਗਿਆ ਵਰਨਣ ਹੈ ਜਿਨ੍ਹਾਂ ਵਿਚ ਪ੍ਰਮੁੱਖ ਮਾਸ ਨਾ ਛੱਡਣ ਕਰਕੇ ਨੀਚ ਘਰ ਵਿੱਚ ਜਨਮ ਲੈਣਾ, ਪਿਛਲੇ ਜਨਮ ਦੀ ਸੋਝੀ ਕਾਰਨ ਚਮਾਰਨ ਮਾਂ ਦਾ ਦੁੱਧ ਨਾ ਪੀਣਾ, ਸ੍ਰੀ ਰਾਮਾਨੰਦ ਦੇ ਆਉਣ ਤੇ ਦੁੱਧ ਪੀਣਾ, ਹਰਿ ਜੀ ਕੇ ਪਾਰਸ ਦੇਣਾ ਆਦਿ ਘਟਨਾਵਾਂ ਹਨ। ਇਸ ਪਰਚਈ ਤੋਂ ਪਿੱਛੋਂ ਹਿੰਦੀ ਵਿਚ ਭਗਤਮਾਲ ਸ੍ਰੀ ਨਾਭਾ ਦਾਸ, ਰਾਘੋਦਾਸ ਕ੍ਰਿਤ ਭਗਤਮਾਲ, ਭਗਤ ਰਸ ਬੋਧਨੀ ਟੀਕਾ ਭਗਤ ਮਾਲ (ਟੀਕਾ ਪ੍ਰਿਯਦਾਸ) ਗੋਸ਼ਟੀ ਕਬੀਰ-ਰਵਿਦਾਸ (ਦੇਵਨਾਗਰੀ) ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ (ਕ੍ਰਿਤ ਰਘੁਰਾਜ ਸਿੰਹ) ਤੇ ਭਵਿੱਸ਼ ਪੁਰਾਣ ਰਚੇ ਗਏ। ਇਨ੍ਹਾਂ ਗ੍ਰੰਥਾਂ ਦੀ ਸਮੱਗਰੀ ਤੱਥਾਂ ਨਾਲੋਂ ਪਰੰਪਰਾਵਾਦੀ ਜ਼ਿਆਦਾ ਹੈ। ਇਨ੍ਹਾਂ ਸ੍ਰੋਤਾਂ ਵਿਚਲੀਆਂ ਘਟਨਾਵਾਂ ਮੂਲ ਲੇਖਕਾਂ ਨੇ ਕਿਸ ਸ੍ਰੋਤ ਤੋਂ ਲਈਆਂ ਹਨ ਇਸ ਦਾ ਉਲੇਖ ਨਹੀਂ ਹੈ। ਕਈ ਸਾਖੀਆਂ ਤਾਂ ਸਾਂਝੀਆਂ ਜਾਪਦੀਆਂ ਹਨ ਕਿਉਂਕਿ ਉਨ੍ਹਾਂ ਦਾ ਵਰਨਣ ਇਕ ਤੋਂ ਵੱਧ ਸ੍ਰੋਤਾਂ ਵਿਚ ਹੈ ਪਰੰਤੂ ਸਭ ਤੋਂ ਵੱਧ ਪ੍ਰਭਾਵ ਅਨੰਤ ਦਾਸ ਜੀ ਦੀ ਰਚਨਾ ਦਾ ਹੈ ।

ਹਿੰਦੀ ਤੋਂ ਬਾਦ ਪੰਜਾਬੀ ਭਾਸ਼ਾ ਵਿਚ ਵੀ ਗੁਰੂ ਰਵਿਦਾਸ ਬਾਰੇ ਜਨਮ ਸਾਖੀ ਸਾਹਿਤ ਰਚਿਆ ਗਿਆ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਗੁਰੂ ਰਵਿਦਾਸ ਦੇ ਜੀਵਨ ਬਾਰੇ ਪ੍ਰਕਾਸ਼ ਪਾਇਆ ਹੈ। ਉਨ੍ਹਾਂ ਨੇ ਵਾਰ ਦਸਵੀਂ, ਪਉੜੀ 17, ਵਾਰ ਬਾਰ੍ਹਵੀਂ ਤੇ ਵਾਰ ਪੰਝੀਵੀਂ ਵਿਚ ਗੁਰੂ ਰਵਿਦਾਸ ਬਾਰੇ ਭਾਵ-ਪੂਰਵਕ ਟਿੱਪਣੀਆਂ ਕੀਤੀਆਂ ਹਨ। ਇਕ ਹੱਥ ਲਿਖਿਤ ਗ੍ਰੰਥ ਪੁਰਾਤਨ ਗੋਸ਼ਟਿ ਸੰਗ੍ਰਹਿ ਜੋ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਹੱਥ-ਲਿਖਿਤ ਨੰ: 359 ਉੱਪਰ ਉਪਲਬਧ ਹੈ, ਗੋਸ਼ਟੀਆਂ ਦਾ ਇਕ ਪੁਰਾਣਾ ਸੰਗ੍ਰਹਿ ਹੈ। ਇਹ ਸੋਢੀ ਮਿਹਰਬਾਨ ਦੀ ਰਚਨਾ ਮੰਨੀ ਜਾਂਦੀ ਹੈ।[20] ਰਵਿਦਾਸ ਦੇ ਜੋਤੀ ਜੋਤ ਸਮਾਉਣ ਸੰਬੰਧੀ ਗੋਸ਼ਟ 'ਕਥਾ ਰਵਿਦਾਸ ਗੁਸਾਈਂ ਜੀ ਕੇ ਸਮਾਵਣੇ ਕੀ' ਪੱਤਰ ਨੰ: 355--58 ਤੱਕ ਮਿਲਦੀ ਹੈ ਜੋ ਮਿਥਿਹਾਸਕ ਰੰਗ ਵਿਚ ਰੰਗੀ ਹੋਈ ਦਿਲਚਸਪ ਗੋਸ਼ਟਿ ਹੈ। ਸੋਢੀ ਮਿਹਰਬਾਨ ਦੀ ਰਚਨਾ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਅੰਦਰ ਕੁਝ ਥਾਵਾਂ ਤੇ ਬਾਕੀ ਭਗਤਾਂ ਦੇ ਨਾਲ ਗੁਰੂ ਰਵਿਦਾਸ ਦਾ ਵੀ ਜ਼ਿਕਰ ਆਉਂਦਾ ਹੈ। ਸੋਢੀ ਮਿਹਰਬਾਨ ਦੇ ਜ਼ਿਕਰ ਤੋਂ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਉਸ ਸਮੇਂ ਪੰਜਾਬ ਵਿਚ ਹਰਮਨ ਪਿਆਰੇ ਹੋ ਚੁੱਕੇ ਸਨ।[21]

ਡਾ. ਜਸਬੀਰ ਸਿੰਘ ਸਾਬਰ ਨੇ ਭਗਤ ਰਵਿਦਾਸ ਸ੍ਰੋਤ ਪੁਸਤਕ ਦੇ ਪੰਨਾ 63 ਤੇ ਇਕ ਹੋਰ ਗ੍ਰੰਥ ਪਰਮਾਰਥ ਸੁਖਮਨੀ ਸਹੰਸ੍ਰਨਾਮਾ ਦਾ ਜ਼ਿਕਰ ਕੀਤਾ ਹੈ ਜੋ ਕਿ ਸੋਢੀ ਮਿਹਰਬਾਨ ਦੀ ਹੀ ਰਚਨਾ ਹੈ। ਇਸ ਗ੍ਰੰਥ ਦੀ 29ਵੀਂ ਅਸ਼ਟਪਦੀ ਵਿਚ 'ਰਵਿਦਾਸ ਭਗਤ ਦੀ ਅਲਾਵਦੀ ਪਾਤਸ਼ਾਹ ਨਾਲ ਗੋਸ਼ਟਿ ਦਿੱਤੀ ਗਈ ਹੈ। ਗੁਰੂ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲਾ ਇਕ ਹੋਰ ਗ੍ਰੰਥ ਪ੍ਰੇਮ-ਅੰਬੋਧ ਪੋਥੀ ਜਾਂ ਪਰਚੀਆਂ ਪ੍ਰੇਮ ਭਗਤਾਂ ਕੀਆਂ ' ਹੈ। ਭਗਤ ਰਵਿਦਾਸ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਦਾ ਵਰਨਣ ਛੇਵੀਂ ਪਰਚੀ ਵਿਚ ਕੀਤਾ ਗਿਆ ਹੈ। ਕਈ ਘਟਨਾਵਾਂ ਦਾ ਸ੍ਰੋਤ ਪਰਚਈ ਅਨੰਤ ਦਾਸ ਹੈ। ਭਾਈ ਦਰਬਾਰੀ ਦਾਸ ਰਚਿਤ ਗ੍ਰੰਥ 'ਪੋਥੀ ਹਰਿ ਜਸ' ਦੇ ਪੱਤਰਾ ਨੰ: 531 ਤੋਂ 761 ਤੱਕ 30 ਭਗਤਾਂ ਦੀਆਂ ਪਰਚੀਆਂ ਹਨ। ਭਗਤ ਰਵਿਦਾਸ ਜੀ ਦੀ ਪਰਚੀ 22ਵੇਂ ਨੰਬਰ ਤੇ ਆਉਂਦੀ ਹੈ। ਪੰਨਾ 668 ਤੋਂ 692 ਤੱਕ 379 ਬੈਤਾਂ ਵਿਚ ਭਗਤ ਜੀ ਦੇ ਜੀਵਨ ਨਾਲ ਸੰਬੰਧਿਤ 28 ਘਟਨਾਵਾਂ ਵਿਸਥਾਰ ਪੂਰਬਕ ਮਿਲਦੀਆਂ ਹਨ। ਬਹੁਤੀਆਂ ਘਟਨਾਵਾਂ 'ਪੋਥੀ ਪ੍ਰੇਮ ਅੰਬੋਧ ਨਾਲ ਮਿਲਦੀਆਂ ਹਨ। ਸ੍ਰੀ ਕ੍ਰਿਸ਼ਨਦਾਸ ਨੇ ਭਗਤ ਰਵਿਦਾਸ ਮਹਿਮਾ ਕਰਦਿਆਂ ਉਨ੍ਹਾਂ ਦੇ ਜੀਵਨ ਸੰਬੰਧੀ ਕਈ ਘਟਨਾਵਾਂ ਦਾ ਹਵਾਲਾ ਦਿੱਤਾ ਹੈ।[22]

ਕਵੀ ਜੈਤਾ ਸਿੰਘ ਦੇ ਨਾਮ ਤੇ ਮਿਲਣ ਵਾਲਾ ਇਕ ਗ੍ਰੰਥ 'ਭਗਤਿ ਪ੍ਰੇਮਾਕਰਿ' ਹੈ ਜਿਸ ਵਿਚ ਗੁਰੂ ਰਵਿਦਾਸ ਨਾਲ ਸੰਬੰਧਿਤ 10 ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ।[23] 'ਭਗਤਿ ਸੁਧਾਸਰ' ਗ੍ਰੰਥ ਇਕ ਉਦਾਸੀ ਸਾਧੂ ਬਿਧੀ ਦਾਸ ਦੀ ਰਚਨਾ ਹੈ ਜਿਸ ਦਾ ਇਕੋ ਇਕ ਖਰੜਾ ਨੰ: 4211 ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਪਿਆ ਹੈ। 'ਭਗਤ ਰਵਿਦਾਸ ਦਾ ਜੀਵਨ-ਚਰਿਤ੍ਰ ਇਸ ਗ੍ਰੰਥ ਦੇ ਪੱਤਰਾ ਨੰ: 131 ਤੋਂ 137 ਤੱਕ ਮਿਲਦਾ ਹੈ ਤੇ ਇਸ ਵਿਚਲੀਆਂ ਘਟਨਾਵਾਂ ਪੋਥੀ ਪ੍ਰੇਮ ਅੰਬੋਧ ਤੋਂ ਪ੍ਰੇਰਿਤ ਹੋ ਕੇ ਲਿਖੀਆਂ ਜਾਪਦੀਆਂ ਹਨ। 'ਗੋਸ਼ਟਿ ਕਬੀਰ ਅਤੇ ਰਵਿਦਾਸ ਕਈ ਵਿਦਵਾਨਾਂ ਦੇ ਮੱਤ ਅਨੁਸਾਰ ਬਾਂਧਵ ਗੜ੍ਹ ਦੇ ਰਾਜਾ, ਸ੍ਰੀ ਰਾਮ ਦੇ ਨਾਈ ਭਗਤ ਸੈਨ ਦੀ ਰਚਨਾ ਹੈ।[24]

ਇਸ ਰਚਨਾ ਤੋਂ ਇਹ ਪਤਾ ਚਲਦਾ ਹੈ ਕਿ ਭਗਤ ਰਵਿਦਾਸ ਜੀ ਸ਼ੁਰੂ ਵਿਚ ਸਰਗੁਣਵਾਦੀ ਸਨ ਤੇ ਕਬੀਰ ਜੀ ਦੇ ਸੰਪਰਕ ਵਿਚ ਆਉਣ ਨਾਲ ਨਿਰਗੁਣਵਾਦੀ ਬਣੇ ।

ਭਗਤ ਰਸ ਮੰਜਰੀ ਰਚਿਤ ਕਵੀ ਧਿਆਨ ਸਿੰਘ ਇਕ ਤਰ੍ਹਾਂ ਨਾਲ ਸ੍ਰੀ ਨਾਭਾਦਾਸ ਦੀ ਭਗਤ-ਮਾਲਾ ਦਾ ਸਰਲ ਭਾਸ਼ਾ ਵਿਚ ਕੀਤਾ ਟੀਕਾ ਹੈ। ਭਗਤ ਰਵਿਦਾਸ ਨਾਲ ਸੰਬੰਧਿਤ 17 ਘਟਨਾਵਾਂ ਇਸ ਸ੍ਰੋਤ ਵਿਚ ਸ਼ਾਮਲ ਹਨ ਜਿਨ੍ਹਾਂ ਦਾ ਪ੍ਰੇਰਨਾ ਸ੍ਰੋਤ ਪੋਥੀ ਪ੍ਰੇਮ-ਅੰਬੋਧ ਹੈ। ਵਾਰਤਕ ਟੀਕਾ ਭਗਤਮਾਲ ਲਾਲ ਸਿੰਘ ਨਰੋਤਮ ਦੀ ਵਾਰਤਕ ਵਿਚ ਲਿਖੀ ਭਗਤਮਾਲ ਹੈ। ਇਸ ਗ੍ਰੰਥ ਦੇ ਪੰਨਾ 474 ਤੋਂ 494 ਤੱਕ ਛੇ ਸਾਖੀਆਂ ਭਗਤ ਰਵਿਦਾਸ ਨਾਲ ਸੰਬੰਧਿਤ ਹਨ। ਇਸ ਗ੍ਰੰਥ ਵਿਚਲੀਆਂ ਸਾਰੀਆਂ ਘਟਨਾਵਾਂ ਪੋਥੀ ਪ੍ਰੇਮ-ਅੰਬੋਧ ਤੋਂ ਪ੍ਰੇਰਤ ਹੋ ਕੇ ਲਿਖੀਆਂ ਜਾਪਦੀਆਂ ਹਨ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸ੍ਰੀ ਅਨੰਤਦਾਸ ਦਾ ਸ਼ੁਰੂ ਕੀਤਾ ਇਹ ਕਾਰਜ ਨਿਰੰਤਰ ਜਾਰੀ ਹੈ। ਜਿੱਥੇ ਇਨ੍ਹਾਂ ਸ੍ਰੋਤਾਂ ਵਿਚ ਭਗਤ ਰਵਿਦਾਸ ਦੇ ਜੀਵਨ ਨਾਲ ਸੰਬੰਧਿਤ ਮਿਥਿਹਾਸਕ ਰੰਗ ਵਿਚ ਰੰਗੀਆਂ ਹੋਈਆਂ ਘਟਨਾਵਾਂ ਦਾ ਵਿਸਥਾਰ-ਪੂਰਵਕ ਵਰਨਣ ਕੀਤਾ ਗਿਆ ਹੈ ਉਥੇ ਅਜੋਕੇ ਸਾਹਿਤ ਵਿਚ ਭਗਤ ਰਵਿਦਾਸ ਦੇ ਜਨਮ-ਸੰਮਤ, ਮਾਤਾ ਪਿਤਾ, ਵਿਆਹ ਤੇ ਸੰਤਾਨ ਤੇ ਸਿੱਖੀ ਸੇਵਕੀ ਵਰਗੇ ਵਿਸ਼ਿਆਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਹੁਣ ਅਸੀਂ ਜਨਮ ਸਾਖੀਆਂ ਵਿਚ ਮਿਲਦੀਆਂ ਸਾਖੀਆਂ ਦੀ ਗਿਣਤੀ ਤੇ ਕੁਝ ਸਾਂਝੀਆਂ ਸਾਖੀਆਂ ਬਾਰੇ ਵਿਚਾਰ ਕਰਾਂਗੇ ।

(1) ਹਰ ਜਨਮ ਸਾਖੀ ਵਿੱਚ ਮਿਲਦੀਆਂ ਸਾਖੀਆਂ ਦੀ ਕੁੱਲ ਗਿਣਤੀ

ਭਗਤ ਰਵਿਦਾਸ ਸੰਬੰਧੀ ਮਿਲਦੇ ਜਨਮ ਸਾਖੀ ਸਾਹਿਤ ਦੇ ਹਰ ਸ੍ਰੋਤ ਵਿੱਚ ਘਟਨਾਵਾਂ ਦੀ ਗਿਣਤੀ ਭਿੰਨ ਭਿੰਨ ਹੈ। ਸ੍ਰੀ ਅਨੰਤ ਦਾਸ ਨੇ ਜਿਨ੍ਹਾਂ ਘਟਨਾਵਾਂ ਦਾ ਵਰਨਣ ਕੀਤਾ ਹੈ; ਕਈ ਸ੍ਰੋਤਾਂ ਵਿੱਚ ਉਨ੍ਹਾਂ ਦੇ ਵਰਨਣ ਨਾਲ ਹੋਰ ਘਟਨਾਵਾਂ ਵੀ ਆ ਗਈਆਂ ਹਨ। ਸਮਾਂ ਬੀਤਣ ਦੇ ਨਾਲ ਇਨ੍ਹਾਂ ਦੀ ਗਿਣਤੀ ਵਧਦੀ ਗਈ ਹੈ ਤੇ ਸਭ ਤੋਂ ਪੁਰਾਤਨ ਸ੍ਰੋਤ ਵਿਚਲੀਆਂ ਘਟਨਾਵਾਂ ਦੀ ਗਿਣਤੀ ਤੋਂ ਇਹ ਭਲੀ ਭਾਂਤ ਸਿੱਧ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਅਸੀਂ 'ਪਰਿਚਈ (ਅਨੰਤ ਦਾਸ) ਦੀਆਂ ਘਟਨਾਵਾਂ ਬਾਰੇ ਵਿਚਾਰ ਕਰਾਂਗੇ ।

ਦੇਵਨਾਗਰੀ ਸ੍ਰੋਤ

ਰੈਦਾਸ ਪਰਚਈ (ਅਨੰਤ ਦਾਸ)

ਇਸ ਸ੍ਰੋਤ ਵਿਚ ਭਗਤ ਰਵਿਦਾਸ ਨਾਲ ਸੰਬੰਧਿਤ ਇਨ੍ਹਾਂ ਘਟਨਾਵਾਂ ਦਾ

ਮੂਲ ਆਧਾਰ ਕੀ ਸੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਨ੍ਹਾਂ ਘਟਨਾਵਾਂ ਵਿਚ ਭਗਤ ਜੀ ਦਾ (1) ਮਾਸ ਨ ਛੱਡਣ ਕਰਕੇ ਨੀਚ ਘਰ ਜਨਮ ਲੈਣਾ, (2) ਪਿਛਲੇ ਜਨਮ ਦੀ ਸੋਝੀ ਕਾਰਨ ਚਮਾਰਨ ਮਾਂ ਦਾ ਦੁੱਧ ਨਾ ਪੀਣਾ, (3) ਸ੍ਰੀ ਰਾਮਾਨੰਦ ਦੇ ਆਉਣ ਤੇ ਦੁੱਧ ਪੀਣਾ, (4) ਬਚਪਨ ਵਿਚ ਨਵਧਾ ਭਗਤੀ ਵਲ ਰੁਝਾਨ, (5) ਵਪਾਰ ਵਿਚ ਅਸਫਲਤਾ, (6) ਜੁੱਤੀਆਂ ਗੰਢਣਾ, (7) ਹਰਿਜੀ ਨੇ ਪਾਰਸ ਦੇਣਾ, (8) ਸੰਪਟ ਹੇਠੋਂ ਸੋਨੇ ਦੀਆਂ ਮੋਹਰਾਂ ਮਿਲਣੀਆਂ, ਮੰਦਰ ਬਣਾਉਣਾ, (9) ਸਾਲਗਰਾਮ ਦਾ ਗੋਦੀ ਵਿਚ ਆਉਣਾ, (10) ਰਾਣੀ ਝਾਲੀ ਨੇ ਚੇਲੀ ਬਣਨਾ, (11) ਚਿਤੌੜ ਜਾਣ ਸਮੇਂ ਭਗਤ ਕਬੀਰ ਨਾਲ ਮਸ਼ਵਰਾ ਕਰਨਾ, (12) ਚਿਤੌੜ ਯਾਤਰਾ, (13) ਬ੍ਰਹਮ ਭੋਜ ਸਮੇਂ ਬ੍ਰਾਹਮਣਾਂ ਦੇ ਸੱਜੇ ਖੱਬੇ ਬਿਰਾਜਣਾ, (14) ਚਮੜੀ ਚੀਰ ਕੇ ਜਨੇਊ ਵਿਖਾਉਣਾ ਆਦਿ ਘਟਨਾਵਾਂ ਸ਼ਾਮਲ ਹਨ।[25]

ਪਰੰਤੂ ਇਸ ਗ੍ਰੰਥ ਵਿਚ ਗੰਗਾ ਦਾ ਬਾਂਹ ਕੱਢ ਕੇ ਰਵਿਦਾਸ ਭਗਤ ਦੀ ਭੇਟਾ ਲੈਣ ਤੇ ਸਾਲਗਰਾਮ ਦੇ ਮੁਰਗਾਈ ਵਾਂਗ ਤਰਨ ਦਾ ਉਲੇਖ ਨਹੀਂ ਹੈ।

(2) <u>ਭਗਤਿ ਰਸ ਬੋਧਨੀ ਟੀਕਾ ਭਗਤ ਮਾਲ (ਟੀਕਾਕਾਰ ਪ੍ਰਿਯਦਾਸ)</u>

(1) ਸ੍ਰੀ ਰਾਮਾਨੰਦ ਦਾ ਸਰਾਪ

(2) ਸਰਾਪ ਕਾਰਨ ਅਛੋਤੀ ਨੀਵੀਂ ਜਾਤ (ਚਮਾਰ 'ਚ ਜਨਮ)

(3) ਹਰਿ ਜੀ ਦਾ ਪਾਰਸ ਲੈ ਕੇ ਆਉਣਾ

(4) ਸੋਨੇ ਦੀਆਂ ਮੁਹਰਾਂ ਦਾ ਮਿਲਣਾ

(5) ਬ੍ਰਹਮ ਭੋਜ ਸਮੇਂ ਰਵਿਦਾਸ ਜੀ ਦਾ ਬ੍ਰਾਹਮਣਾਂ ਦੇ ਸੱਜੇ ਖੱਬੇ ਬੈਠੇ ਹੋਣਾ।[26]

(3) <u>ਭਗਤਮਾਲ ਕ੍ਰਿਤ ਰਾਘੋਦਾਸ</u>

(1) ਰਾਮਾਨੰਦ ਦਾ ਆਪਣੇ ਬ੍ਰਾਹਮਣ ਚੇਲੇ ਨੂੰ ਸਰਾਪ ਦੇਣਾ

(2) ਨੀਚ ਘਰ ਵਿੱਚ ਜਨਮ ਲੈਣਾ ਤੇ ਦੁੱਧ ਨਾ ਪੀਣਾ

(3) ਰਾਮਾਨੰਦ ਦੇ ਆਉਣ ਤੇ ਬਾਲਕ ਦਾ ਦੁੱਧ ਪੀਣਾ

(4) ਜੁੱਤੀਆਂ ਗੰਢਣ ਦਾ ਕਿੱਤਾ

(5) ਹਰਿ ਜੀ ਦਾ ਪਾਰਸ ਦੇਣਾ
(6) ਹਰ ਰੋਜ਼ ਪੰਜ ਮੁਹਰਾਂ ਦਾ ਮਿਲਣਾ
(7) ਰਵਿਦਾਸ ਜੀ ਦਾ ਮੰਦਰ ਬਣਵਾਉਣਾ
(8) ਬ੍ਰਾਹਮਣਾਂ ਦਾ ਵਿਰੋਧ
(9) ਸਾਲਗਰਾਮ ਦਾ ਰਵਿਦਾਸ ਦੀ ਗੋਦ ਵਿੱਚ ਆਉਣਾ
(10) ਰਾਣੀ ਝਾਲੀ ਦਾ ਚੇਲੀ ਬਣਨਾ
(11) ਭਗਤ ਜੀ ਦਾ ਚਿਤੌੜ ਜਾਣਾ
(12) ਚਮੜੀ ਚੀਰ ਕੇ ਜਨੇਊ ਦਿਖਾਉਣਾ [27]

(4) <u>ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ</u>(ਕ੍ਰਿਤ ਰਾਘੁਰਾਜ ਸਿੰਹੁ)

(1) ਆਪਦੇ ਸ਼ਿਸ਼ ਨੂੰ ਗੁਰੂ ਰਾਮਾਨੰਦ ਨੇ ਸਰਾਪ ਦੇਣਾ
(2) ਰਾਮਾਨੰਦ ਦੇ ਸਰਾਪ ਕਾਰਨ ਚਮਾਰ ਜਾਤ ਵਿਚ ਜਨਮ
(3) ਤਿੰਨ ਸਾਲ ਦਾ ਹੋਣ ਤੇ ਬਾਲਕ ਦਾ ਦੁੱਧ ਨ ਪੀਣਾ
(4) ਰਾਮਾਨੰਦ ਦਾ ਆ ਕੇ ਬਾਲਕ ਦੇ ਕੰਨ 'ਚ ਕਹਿਣਾ ਕਿ ਪ੍ਰਭੂ ਨੇ ਉਸ ਦਾ ਦੋਸ਼ ਮਾਫ ਕਰ ਦਿੱਤਾ ਹੈ।
(5) ਸਾਧੂ ਸੰਤਾਂ ਦੀ ਸੇਵਾ
(6) ਇਕ ਸਾਧੂ ਨੇ ਪਾਰਸ ਦੇਣਾ
(7) ਰਵਿਦਾਸ ਦਾ ਸਾਲਗਰਾਮ ਦੀ ਪੂਜਾ ਕਰਨਾ
(8) ਮੁਹਰਾਂ ਦਾ ਮਿਲਣਾ
(9) ਸਾਲਗਰਾਮ ਦਾ ਗੰਗਾ ਵਿਚੋਂ ਨਿਕਲ ਕੇ ਭਗਤ ਰਵਿਦਾਸ ਦੀ ਗੋਦ ਵਿੱਚ ਆਉਣਾ।
(10) ਰਵਿਦਾਸ ਵਲੋਂ ਭੇਜੀ ਸੁਪਾਰੀ ਦੇ ਬਦਲੇ ਗੰਗਾ ਨੇ ਬ੍ਰਾਹਮਣ ਨੂੰ ਕੰਗਣ ਦੇਣਾ ਪਰ ਬ੍ਰਾਹਮਣ ਵਲੋਂ ਰਵਿਦਾਸ ਜੀ ਕੋਲ ਕੰਗਣ ਦਾ ਜ਼ਿਕਰ ਨਾ ਕਰਨਾ ।
(11) ਰਾਣੀ ਝਾਲੀ ਦਾ ਭਗਤ ਰਵਿਦਾਸ ਦੀ ਚੇਲੀ ਬਣਨਾ
(12) ਭਗਤ ਰਵਿਦਾਸ ਦਾ ਚਿਤੌੜ ਜਾਣਾ
(13) ਬ੍ਰਹਮ ਭੋਜ ਸਮੇਂ ਹਰ ਥਾਂ ਦੋ ਬ੍ਰਾਹਮਣਾਂ ਵਿਚਕਾਰ ਰਵਿਦਾਸ ਦਾ ਦਿਖਾਈ ਦੇਣਾ ।
(14) ਚਮੜੀ ਚੀਰ ਕੇ ਜਨੇਊ ਦਿਖਾਉਣਾ [28]

(5) ਭਵਿਸ਼ ਪੁਰਾਣ

(1) ਰਵਿਦਾਸ ਭਗਤ ਸੂਰਜ ਦੇ ਪੁੱਤਰ ਪਿੰਗਲਾਪਤਿ
(2) ਪਿਤਾ ਦਾ ਨਾਂ ਮਾਨਦਾਸ ਚਮਾਰ
(3) ਭਗਤ ਕਬੀਰ ਨੂੰ ਕਾਸ਼ੀ ਵਿਚ ਸ਼ਾਸਤਾਰਥ ਵਿਚ ਹਰਾਉਣਾ
(4) ਸ਼ੰਕਰਾਚਾਰੀਆ ਨਾਲ ਸ਼ਾਸ਼ਤਾਰਥ ਵਿਚ ਹਾਰਨ ਤੋਂ ਸਵਾਮੀ ਰਾਮਾਨੰਦ ਦਾ ਸ਼ਿਸ਼ ਬਣਨਾ।[29]

(6) ਰਵਿਦਾਸ ਜੀ- ਜੀਵਨ ਚਰਿੱਤਰ(ਸੰਤ ਬਖਸੀ ਦਾਸ)

(1) ਪੰਡਤਾਂ ਨੂੰ ਗੰਗਾ ਜੀ ਨੇ ਦਰਸ਼ਨ ਦੇ ਕੇ ਰਵਿਦਾਸ ਜੀ ਦੀ ਭੇਟਾ ਕਬੂਲ ਕਰਨੀ
(2) ਰਵਿਦਾਸ ਜੀ ਦਾ ਗੰਗਾ ਜੀ 'ਚ ਸਾਲਗਰਾਮ ਤੈਰਾਉਣਾ
(3) ਸ੍ਰੀ ਰਵਿਦਾਸ ਤੇ ਗੋਰਖ ਨਾਥ ਦਾ ਮਿਲਣਾ
(4) ਰਵਿਦਾਸ ਕੋਲ ਸਦਨੇ ਪੀਰ ਦਾ ਆਉਣਾ
(5) ਬਾਦਸ਼ਾਹ ਸਿਕੰਦਰ ਨੇ ਰਵਿਦਾਸ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਹਿਣਾ।
(6) ਜੰਵ 'ਚ ਰਵਿਦਾਸ ਨੂੰ ਭਗਵਾਨ ਨੇ ਦਰਸ਼ਨ ਦੇਣਾ
(7) ਬ੍ਰਹਮ ਭੋਜ ਸਮੇਂ ਰਵਿਦਾਸ ਦਾ ਹਰ ਦੋ ਬ੍ਰਾਹਮਣਾਂ ਵਿਚਕਾਰ ਬੈਠੇ ਦਿਖਾਈ ਦੇਣਾ।
(8) ਗੰਗਾ ਤਟ ਤੇ ਤਪ ਕਰਕੇ ਮੁਕਤੀ ਪ੍ਰਾਪਤ ਕਰਨਾ।[30]

ਹੁਣ ਅਸੀਂ ਕੁਝ ਉਨ੍ਹਾਂ ਸ੍ਰੋਤਾਂ ਬਾਰੇ ਸੰਖੇਪ ਜਾਣਕਾਰੀ ਪੇਸ਼ ਕਰ ਰਹੇ ਹਾਂ ਜਿਨ੍ਹਾਂ ਦੀ ਰਚਨਾ ਇਨ੍ਹਾਂ ਸ੍ਰੋਤਾਂ ਤੋਂ ਬਹੁਤ ਸਮਾਂ ਬਾਦ ਹੋਈ ਤੇ ਇਨ੍ਹਾਂ ਸ੍ਰੋਤਾਂ ਦਾ ਮੁੱਖ-ਆਧਾਰ ਇਹ ਪੁਰਾਤਨ ਸ੍ਰੋਤ ਹੀ ਹੈ। ਸਭ ਤੋਂ ਪਹਿਲਾਂ ਅਸੀਂ ਖੋਜੀ ਵਿਦਵਾਨ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੀ ਰਚਨਾ 'ਗੁਰੂ ਰਵਿਦਾਸ ਦਾ ਜ਼ਿਕਰ ਕਰਾਂਗੇ ।

(1) ਗੁਰੂ ਰਵਿਦਾਸ- ਪ੍ਰਿਥਵੀ ਸਿੰਘ ਆਜ਼ਾਦ

(1) ਸੋਹਰਾਂ ਦਾ ਮਿਲਣਾ
(2) ਮੂਰਤੀ ਦਾ ਗੋਦ 'ਚ ਆਉਣਾ

(3) ਰੰਗਾ ਵਲੋਂ ਰਵਿਦਾਸ ਦੀ ਚਮੜੀ ਕਬੂਲ ਕਰਨੀ
(4) ਕੰਗਣ ਵਾਲੀ ਸਾਖੀ [31]

(2) ਸੰਤ ਰੈਦਾਸ- ਸੰਗਮ ਲਾਲ ਪਾਂਡੇ

ਵਿਦਵਾਨ ਲੇਖਕ ਨੇ ਠਾਕਰ ਗੋਦੀ 'ਚ ਆਉਣ ਵਾਲੀ ਸਾਖੀ ਨੂੰ ਕਬੂਲ ਨਹੀਂ ਕੀਤਾ ਹੈ। ਉਨ੍ਹਾਂ ਅਨੁਸਾਰ ਸਚਾਈ ਕੇਵਲ ਇੰਨੀ ਹੈ ਕਿ ਲੋਕਾਂ ਨੇ ਉਨ੍ਹਾਂ ਨੂੰ ਪਛਾਣਿਆ ਅਤੇ ਆਦਰ ਕੀਤਾ। ਲੋਕਾਂ ਨੇ ਆਪਣੀ ਇੱਛਾ ਨਾਲ ਉਨ੍ਹਾਂ ਨੂੰ ਸਨਮਾਨਤ ਕੀਤਾ।[32]

(3) ਸੰਤ ਰਵਿਦਾਸ ਕੀ ਭਕਤੀ ਸਾਧਨਾ- ਡਾ. ਬੀ.ਪੀ. ਸ਼ਰਮਾ

ਡਾ. ਸਾਹਿਬ ਨੇ ਜਿਨ੍ਹਾਂ ਸਾਖੀਆਂ ਦਾ ਵਰਨਣ ਕੀਤਾ ਹੈ ਉਨ੍ਹਾਂ ਬਾਰੇ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਇਨ੍ਹਾਂ ਬਾਰੇ ਪ੍ਰਮਾਣ ਰਵਿਦਾਸ ਬਾਣੀ 'ਚੋਂ ਮਿਲ ਜਾਂਦਾ ਹੈ। ਡਾ. ਸ਼ਰਮਾ ਨੇ ਇਨ੍ਹਾਂ ਸਾਖੀਆਂ ਦਾ ਜ਼ਿਕਰ ਕੀਤਾ ਹੈ:-

(1) ਰਵਿਦਾਸ ਦਾ ਪੂਰਬਲੇ ਜਨਮ 'ਚ ਸੁਆਮੀ ਰਾਮਾਨੰਦ ਦਾ ਬ੍ਰਹਮਚਾਰੀ ਸ਼ਿਸ਼ ਹੋਣਾ।
(2) ਸੁਆਮੀ ਰਾਮਾਨੰਦ ਦੇ ਸ਼ਿਸ਼ ਦਾ ਇਸ ਚਰਮਕਾਰ ਦੇ ਘਰ ਰੈਦਾਸ ਦੇ ਰੂਪ ਵਿੱਚ ਪੈਦਾ ਹੋਣਾ ।
(3) ਪਿਤਾ ਦੁਆਰਾ ਜੁਦਾ ਕਰ ਦੇਣਾ ।
(4) ਸਾਧੂ ਭੇਸ 'ਚ ਕ੍ਰਿਸ਼ਨ ਦਾ ਪਾਰਸ ਭੇਂਟ ਕਰਨ ਆਉਣਾ ਤੇ ਸੋਨੇ ਦੀਆਂ ਮੋਹਰਾਂ ਦਾ ਮਿਲਣਾ ।
(5) ਠਾਕਰ ਦਾ ਰਵਿਦਾਸ ਦੀ ਗੋਦ 'ਚ ਆਉਣਾ ।
(6) ਪ੍ਰਯਾਗ ਵਿੱਚ ਕੁੰਭ ਦੇ ਮੌਕੇ ਤੇ ਠਾਕਰ ਸਿੰਘਾਸਨ ਦਾ ਗੰਗਾ 'ਚ ਤੈਰਨਾ ।
(7) ਚਿਤੌੜ 'ਚ ਬ੍ਰਹਮ ਭੋਜ ਸਮੇਂ ਚਮੜੀ ਚੀਰ ਕੇ ਜਨੇਊ ਦਿਖਾਉਣਾ ।[33]

(4) ਸੰਤ ਗੁਰੂ ਰਵਿਦਾਸ- ਬੀ.ਪੀ. ਸ਼ਰਮਾ

ਆਪ ਦਾ ਕਥਨ ਹੈ ਕਿ ਅਜੋਕੇ ਬੌਧਿਕ ਯੁੱਗ ਵਿਚ ਆਪ ਦੇ ਜੀਵਨ ਨਾਲ ਸੰਬੰਧਿਤ ਸਾਰੀਆਂ ਦੀਆਂ ਸਾਰੀਆਂ ਘਟਨਾਵਾਂ ਵਿਸ਼ਵਾਸ਼ ਕਰਨਾ ਟੇਢੀ ਖੀਰ ਜਾਪਦਾ ਹੈ।[34]

ਆਪਣੇ ਕੁਝ ਕੁ ਸਾਖੀਆਂ ਪੇਸ਼ ਕੀਤੀਆਂ ਹਨ:-

(1) ਪਾਰਸ ਵਾਲੀ ਸਾਖੀ

(2) ਮੋਹਰਾਂ ਦਾ ਮਿਲਣਾ

(3) ਠਾਕਰ ਦਾ ਗੋਦ 'ਚ ਆਉਣਾ

(4) ਸਾਲਗਰਾਮ ਦਾ ਗੰਗਾ 'ਚ ਤੈਰਨਾ

(5) ਪ੍ਰਯਾਗ 'ਚ ਠਾਕਰ ਦਾ ਸੰਗਮ 'ਚ ਤਰਨਾ ।

(5) ਸੰਤ ਪਰਵਰ ਰਵਿਦਾਸ ਸਾਹਿਬ- ਚੰਦ੍ਰਿਕਾ ਪ੍ਰਸਾਦ ਜਗਿਆਸੂ

(1) ਪਾਰਸ ਪੱਥਰ ਦੀ ਸਾਖੀ

(2) ਮੋਹਰਾਂ ਵਾਲੀ ਸਾਖੀ

(3) ਮਰੇ ਹੋਏ ਬੱਚੇ ਨੂੰ ਜੀਵਨਦਾਨ

(4) ਗੰਗਾ 'ਚ ਪੱਥਰ ਦੀ ਮੂਰਤੀ ਦਾ ਤੈਰਾਉਣਾ

(5) ਠਾਕਰ ਦਾ ਨਦੀ ਚੋਂ ਨਿਕਲ ਕੇ ਭੋਗ ਗ੍ਰਹਿਣ ਕਰਨਾ ।

(6) ਕੰਗਣ ਦੀ ਕਥਾ

(7) ਕੰਨਿਆ ਦੇ ਰੂਪ 'ਚ ਗੰਗਾ ਜੀ ਦਾ ਆਉਣਾ ਤੇ ਸਾਰੀ ਬਰਾਤ ਡੋਬ ਦੇਣਾ ।

(8) ਬ੍ਰਹਮ ਭੋਜ ਸਮੇਂ ਵਿਰੋਧੀ ਬ੍ਰਾਹਮਣਾਂ ਦੀ ਕਤਾਰ ਵਿੱਚ ਰੈਦਾਸ ਜੀ ਦਾ ਪ੍ਰਗਟ ਹੋਣਾ।[35]

(6) ਸੰਤ ਰੈਦਾਸ- ਸ੍ਰੀ ਯੋਗੇਸ਼ ਗੁਪਤ

ਲੇਖਕ ਲਿਖਦਾ ਹੈ ਕਿ ਬਾਕੀ ਸੰਤਾਂ ਵਾਂਗ ਰਵਿਦਾਸ ਦੇ ਨਾਂ ਨਾਲ ਵੀ ਅਨੇਕਾਂ ਸਾਖੀਆਂ ਪ੍ਰਚੱਲਿਤ ਹਨ ਜੋ ਉਨ੍ਹਾਂ ਦੇ ਲੋਕਪ੍ਰਿਅ ਹੋਣ ਦਾ ਸਬੂਤ ਹਨ। ਇਨ੍ਹਾਂ ਸਭ ਸਾਖੀਆਂ ਵਿੱਚ ਰੈਦਾਸ ਦੀ ਭਗਤੀ, ਖਿਮਾਸ਼ੀਲਤਾ, ਬਿਨੈ, ਵਿਦਵਤਾ ਅਤੇ ਲੋਕਪ੍ਰਿਅਤਾ ਹੀ ਪ੍ਰਗਟ ਹੁੰਦੀ ਹੈ।[36]

(7) ਸੰਤ ਰਵਿਦਾਸ ਮਹਾਤਮਯ- ਸੰਤ ਜਗਬੀਰ ਸਿੰਘ

ਸੰਤ ਜਗਬੀਰ ਸਿੰਘ ਜੀ ਨੇ ਆਪਣੀ ਇਸ ਖੋਜ ਪੁਸਤਕ ਵਿੱਚ ਇਨ੍ਹਾਂ ਸਾਖੀਆਂ ਦਾ ਵਰਨਣ ਕੀਤਾ ਹੈ:-

(1) ਪੂਰਬ ਜਨਮ ਦੀ ਕਥਾ

(2) ਪਰਮਾਨੰਦ ਦੇ ਸਕੂਲ 'ਚ ਪੜ੍ਹਨ ਜਾਣਾ

(3) ਸ਼ਾਧਵ ਭੱਟ ਨੇ ਜ਼ਹਿਰ ਦੇ ਲੱਡੂ ਦੇ ਕੇ ਮਾਰਨ ਦੀ ਕੋਸ਼ਿਸ਼ ਕਰਨਾ

(4) ਉਲਟੀ ਗੰਗਾ ਵਹਾਉਣੀ

(5) ਪਾਰਸ ਦੀ ਕਥਾ

(6) ਸੋਨੇ ਦੀਆਂ ਮੋਹਰਾਂ ਦਾ ਮਿਲਣਾ

(7) ਮੂਰਤੀ ਦਾ ਰਵਿਦਾਸ ਦੀ ਗੋਦ 'ਚ ਆਉਣਾ

(8) ਚਮੜੇ ਦੀ ਜੁੱਤੀ 'ਚ ਚਰਨਾਮਤ ਦੇਣਾ

(9) ਅਮੀਰ ਮਹਾਜਨ ਦਾ ਚਰਨਾਮਤ ਸੁੱਟ ਦੇਣਾ

(10) ਗੰਗਾ ਦਾ ਹੱਥ ਕੱਢ ਕੇ ਭੇਟਾ ਲੈਣਾ ਅਤੇ ਬਦਲੇ 'ਚ ਕੰਗਣ ਦੇਣਾ

(11) ਰਵਿਦਾਸ ਦੇ ਭੰਡਾਰੇ 'ਚ ਗੰਗਾ ਤੇ ਨਰਮਦਾ ਦਾ ਲੜਕੀਆਂ ਦੇ ਰੂਪ 'ਚ ਆਉਣਾ।

(12) ਗੰਗਾ 'ਚ ਸਾਲਗਰਾਮ ਦਾ ਤੈਰਨਾ

(13) ਕਬੀਰ ਜੀ ਦਾ ਭੰਡਾਰਾ ਤੇ ਕੇਸ਼ਵ ਵਣਜਾਰੇ ਦੀ ਕਥਾ[37]

(8) <u>ਸੰਤ ਰਵਿਦਾਸ- ਰਤਨ ਚੰਦ ਰ ਐਮ.ਏ.</u>

(1) ਸੰਤ ਰਵਿਦਾਸ ਤੇ ਕਾਸ਼ੀ ਨਰੇਸ਼

(2) ਚਰਨਾਮਤ ਦੇਣ ਵਾਲੀ ਸਾਖੀ

(3) ਚਿਤੌੜ 'ਚ ਬ੍ਰਹਮ ਭੋਜ

ਲੇਖਕ ਅਨੁਸਾਰ ਇਸੇ ਪ੍ਰਕਾਰ ਦੀਆਂ ਕਈ ਹੋਰ ਘਟਨਾਵਾਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਤੇ ਸਗੁਣਵਾਦੀ ਭਗਤਾਂ ਨੇ ਹੈਰਾਨੀਜਨਕ ਚਮਤਕਾਰਾਂ ਦਾ ਰੂਪ ਦੇ ਦਿੱਤਾ ਹੈ।[38]

<u>ਗੁਰਮੁਖੀ ਸ੍ਰੋਤ</u>

(1) <u>ਵਾਰਾਂ ਭਾਈ ਗੁਰਦਾਸ</u>

(1) ਜੁੱਤੀਆਂ ਗੰਢਣ ਦਾ ਕਿੱਤਾ

(2) ਰਵਿਦਾਸ ਜੀ ਦਾ ਸੰਗਤ ਨਾਲ ਬਨਾਰਸ ਗੰਗਾ ਇਸ਼ਨਾਨ ਲਈ ਜਾਣਾ ਤੇ ਗੰਗਾ ਨੇ ਹੱਥ ਕੱਢ ਕੇ ਕਸੀਰਾ ਸੌਂਪਣਾ ।[39]

(2) <u>ਪੁਰਾਤਨ ਗੋਸ਼ਟਿ- ਸੰਗ੍ਰਹਿ</u> (ਕਥਾ ਗੁਸਾਈਂ ਰਵਿਦਾਸ ਜੀ ਦੇ ਸਮਾਵਣੇ ਕੀ )

(1) ਪਾਰਬ੍ਰਹਮ ਵਲੋਂ ਭਗਤ ਨਾਮਾ, ਕਬੀਰ, ਤ੍ਰਿਲੋਚਨ ਤੇ ਧੰਨੇ ਨੂੰ ਰਵਿਦਾਸ ਕੋਲ ਭੇਜਣਾ ।

(2) ਸਾਰੇ ਭਗਤਾਂ ਵਲੋਂ ਠਾਕਰ ਦਾ ਸੁਨੇਹਾ ਰਵਿਦਾਸ ਜੀ ਨੂੰ ਦੇਣਾ ਕਿ 21 ਦਿਨ ਬਾਦ ਉਨ੍ਹਾਂ ਨੂੰ ਠਾਕਰ ਜੀ ਨੇ ਬੁਲਾਇਆ ਹੈ ।[40]

(3) <u>ਪਰਮਾਰਥ ਸੁਖਮਨੀ ਸਹੰਸ੍ਰਨਾਮਾ</u>

(1) ਸੁਲਤਾਨ ਅਲਾਵਦੀ ਦਾ ਰਵਿਦਾਸ ਜੀ ਨੂੰ ਆਪਣੇ ਕੋਲ ਬੁਲਾਉਣਾ

(2) ਕਾਜ਼ੀਆਂ ਨੇ ਸੁਲਤਾਨ ਕੋਲ ਚੁਗਲੀ ਕਰਨੀ ਕਿ ਸਾਰੀ ਮਾਇਆ ਰਵਿਦਾਸ ਨੇ ਲੁਟਾ ਦਿੱਤੀ ਹੈ ਤੇ ਉਸ ਨੂੰ ਚੰਗਾ ਮੰਦਾ ਵੀ ਬੋਲਿਆ ਹੈ।

(3) ਗੰਗਾ ਵਿਚੋਂ ਸੁਲਤਾਨ ਅਲਾਵਦੀ ਦੀ ਦਿੱਤੀ ਹੋਈ ਸਿਹਜਾ ਕੱਢ ਕੇ ਉਸ ਨੂੰ ਮੋੜ ਦੇਣੀ।[41]

(4) <u>ਪ੍ਰੇਮ ਅੰਬੋਧ ਪੋਥੀ</u> (ਪਰਚੀਆਂ ਪ੍ਰੇਮ ਭਗਤਾਂ ਕੀਆਂ)

ਇਹ ਇਕ ਅਜਿਹਾ ਗ੍ਰੰਥ ਹੈ ਜਿਸ ਵਿਚਲੀਆਂ ਸਾਖੀਆਂ ਤੋਂ ਪੰਜਾਬੀ ਵਿਚ ਰਚੇ ਗਏ ਹੋਰ ਗ੍ਰੰਥ ਬਹੁਤ ਪ੍ਰਭਾਵਿਤ ਹੋਏ । ਇਸ ਪਰਚੀ ਦੇ ਆਰੰਭ 'ਚ ਹੀ ਲੇਖਕ ਲਿਖਦਾ ਹੈ ਕਿ ਇਸ ਪਰਚੀ ਦੀਆਂ ਘਟਨਾਵਾਂ ਜਿਵੇਂ ਉਸਨੇ ਸੁਣੀਆਂ । ਤਿਵੇਂ ਹੀ ਬਿਆਨ ਕੀਤੀਆਂ ਹਨ:--

ਅਬ ਰਵਿਦਾਸ ਕੀ ਕਥਾ ਸੁਹਾਈ ।।
ਜਿਉ ਸੁਨਿ ਤਿਉਂ ਬਰਨੈ ਭਾਈ ।।

ਇਸ ਵਿਚਲੀਆਂ ਘਟਨਾਵਾਂ ਹਨ:--

(1) ਬ੍ਰਾਹਮਣ ਕੋਲ ਦਮੜੀ ਗੰਗਾ-ਭੇਟਾ ਲਈ ਭੇਜਣੀ

(2) ਗੰਗਾ ਦਾ ਹੱਥ ਕੱਢ ਕੇ ਦਮੜੀ ਲੈਣਾ ਤੇ ਬਦਲੇ ਵਿਚ ਕੰਗਣ ਦੇਣਾ(ਹਰਿਦੁਆਰ 'ਚ ਵਾਪਰੀ ਘਟਨਾ)

(3) ਬ੍ਰਾਹਮਣ ਦਾ ਕੰਗਣ ਵੇਚਣਾ ਤੇ ਫੜਿਆ ਜਾਣਾ ।

(4) ਰਵਿਦਾਸ ਜੀ ਵਲੋਂ ਕੁਠਾਲੀ ਚੋਂ ਹੋਰ ਪਏ ਗੰਗਾ ਜਲ ਵਿਚੋਂ ਹੋਰ ਕੰਗਣ ਕੱਢ ਕੇ ਵਿਖਾਉਣਾ।

(5) ਰਾਜ ਕੁਮਾਰੀ ਮੀਰਾ ਦਾ ਰਵਿਦਾਸ ਕੋਲ ਆ ਕੇ ਦੀਖਿਆ ਲੈਣੀ ।

(6) ਭਗਤ ਰਵਿਦਾਸ ਦੀ ਪ੍ਰੀਖਿਆ ਤੇ ਸਾਲਗਰਾਮ ਦਾ ਮੁਰਗਾਈ ਵਾਂਗ ਤੈਰਨਾ ।

(7) ਹਰਿ ਜੀ ਨੇ ਦਰਸ਼ਨ ਦੇਣੇ।[42]

(5) <u>ਪੋਥੀ ਹਰਿ ਜਸ</u> --ਭਾਈ ਦਰਬਾਰੀ ਦਾਸ

ਪੰਜਾਬੀ ਸਾਹਿਤ ਵਿਚ ਭਗਤਾਂ ਦੇ ਜੀਵਨ ਬਾਰੇ ਜਾਣਕਾਰੀ ਦੇਣ ਵਾਲਾ ਇਹ ਸਭ ਤੋਂ ਵੱਡਾ ਗ੍ਰੰਥ ਆਖਿਆ ਜਾ ਸਕਦਾ ਹੈ। ਇਸ ਪਰਚੀ ਵਿਚ ਭਗਤ ਰਵਿਦਾਸ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਵਰਨਣ ਹੈ:--

(1) ਪੂਰਬਲੇ ਜਨਮ ਵਿਚ ਖੱਤਰੀ ਤੇ ਮਾਸ ਖਾਣ ਦਾ ਅਪਰਾਧ ਕਰਨਾ

(2) ਉਪਰੋਕਤ ਅਪਰਾਧ ਕਾਰਨ ਚਮਾਰ ਜਾਤੀ 'ਚ ਜਨਮ

(3) ਜੁੱਤੀਆਂ ਗੰਢਣਾ

(4) ਬ੍ਰਾਹਮਣ ਵਲੋਂ ਭਗਤ ਰਵਿਦਾਸ ਦੇ ਕੰਮ ਕਰਨ ਵਾਲੀ ਸਿਲ ਦਾ ਇਕ ਲੱਖ ਟਕਾ ਦੇ ਕੇ ਲੈ ਜਾਣਾ ਤੇ ਆਖਰ ਦੁਖੀ ਹੋਕੇ ਮੋੜ ਜਾਣਾ ।

(5) ਪਾਰਬ੍ਰਹਮ ਦੀ ਆਗਿਆ ਨਾਲ ਭਗਤ ਰਵਿਦਾਸ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਗੁਰੂ ਬਣਾਉਣਾ ।

(6) ਸਾਲਗਰਾਮ ਪੂਜਾ ਕਰਨਾ

(7) ਸੁਲਤਾਨ ਅਲਾ ਦੀਨ ਕੋਲ ਕਾਜੀਆਂ ਨੇ ਸ਼ਿਕਾਇਤ ਕਰਨੀ

(8) ਸੁਲਤਾਨ ਨੂੰ ਭਗਤ ਰਵਿਦਾਸ ਨੇ ਗੰਗਾ ਦੇ ਦਰਸ਼ਨ ਕਰਵਾ ਦੇਣਾ ।

(9) ਭਗਤ ਰਵਿਦਾਸ ਦਾ ਭੇਟ ਕੀਤਾ ਕਸੀਰਾ ਗੰਗਾ ਵਲੋਂ ਹੱਥ ਕੱਢ ਕੇ ਲੈਣਾ ।

(10) ਸੁਲਤਾਨ ਵਲੋਂ ਭਗਤ ਰਵਿਦਾਸ ਨੂੰ ਹਾਥੀ ਘੋੜੇ ਭੇਟ ਕਰਨੇ ,ਪਰ ਉਨ੍ਹਾਂ ਨੇ ਨਿਮਰਤਾ ਸਹਿਤ ਮੋੜ ਦੇਣੇ ।

(11) ਸੁਲਤਾਨ ਨੂੰ ਚਮੜੇ ਹੇਠ ਵਗਦੀ ਗੰਗਾ ਦਿਖਾਉਣੀ ।

(12) ਸਾਲਗਰਾਮ ਦਾ ਸ਼ੇਰ ਬਣ ਕੇ ਬ੍ਰਾਹਮਣਾਂ ਨੂੰ ਡਰਾਉਣਾ

(13) ਮਰੇ ਹੋਏ ਬਾਲਕ ਨੂੰ ਜੀਉਂਦਾ ਕਰਨਾ

(14) ਬ੍ਰਾਹਮਣਾਂ ਦਾ ਭਗਤ ਰਵਿਦਾਸ ਦੇ ਸੇਵਕ ਬਣਨਾ ।

(15) ਭਗਤ ਰਵਿਦਾਸ ਦੇ ਅਕਾਲ ਚਲਾਣੇ ਦੀ ਸਾਖੀ

(16) ਭਗਤ ਰਵਿਦਾਸ ਦੇ ਸਵਦੇਹੀ ਪ੍ਰਲੋਕ ਸਿਧਾਰ ਦੀ ਸਾਖੀ।[43]

(6) ਕ੍ਰਸ਼ਨਦਾਸ– ਪੋਥੀ ਸਾਹਿਬ

ਉਨ੍ਹਾਂ ਭਗਤ ਰਵਿਦਾਸ ਦੀ ਮਹਿਮਾ ਕਰਦਿਆਂ ਕਈਂ ਸਾਖੀਆਂ ਦਾ ਅਤਿ ਸੰਜਮੀ ਰੂਪ ਵਿਚ ਵਰਨਣ ਕੀਤਾ ਹੈ:-

(1) ਪਰਮਾਤਮਾ ਦਾ ਸਿੰਘ-ਰੂਪ ਧਾਰਕੇ ਬ੍ਰਾਹਮਣਾਂ ਨੂੰ ਡਰਾਉਣਾ ।

(2) ਠਾਕਰ ਦਾ ਰਵਿਦਾਸ ਦੀ ਗੋਦ ਵਿਚ ਆ ਜਾਣਾ

(3) ਗੰਗਾ ਨੇ ਬਾਂਹ ਕੱਢ ਕੇ ਰਵਿਦਾਸ ਦਾ ਭੇਜਿਆ ਕਸੀਰਾ ਲੈਣਾ ।

(4) ਬਾਦਸ਼ਾਹ ਨੂੰ ਚਮੜੇ ਹੇਠ ਵਗਦੀ ਗੰਗਾ ਦਿਖਾਈ ਤਾਂ ਉਹ ਪੈਰੀਂ ਪੈ ਗਿਆ ।[44]

(7) ਭਗਤ ਪ੍ਰੇਮਾਕਰ– ਜੱਸਾ ਸਿੰਘ

ਇਸ ਗ੍ਰੰਥ ਵਿਚ ਭਗਤ ਰਵਿਦਾਸ ਦੀਆਂ 10 ਸਾਖੀਆਂ ਦਾ ਵਰਨਣ ਹੈ। ਬਹੁਤੀਆਂ ਘਟਨਾਵਾਂ ਪ੍ਰੇਮ ਅੰਬਿਧ ਪੋਥੀ ਵਾਲੀਆਂ ਹੀ ਹਨ:-

(1) ਜੁੱਤੀਆਂ ਗੰਢਣਾ

(2) ਭਗਤ ਰਵਿਦਾਸ ਦੀ ਭੇਜੀ ਦਮੜੀ ਗੰਗਾ ਵਲੋਂ ਸਵੀਕਾਰ ਕਰਨੀ ਤੇ ਬਦਲੇ ਵਿਚ ਕੰਗਣ ਦੇਣਾ ।

(3) ਬ੍ਰਾਹਮਣ ਨੇ ਕੰਗਣ ਵੇਚਦੇ ਸਮੇਂ ਫੜੇ ਜਾਣਾ ।

(4) ਭਗਤ ਰਵਿਦਾਸ ਨੇ ਦੂਜਾ ਕੰਗਣ ਵੀ ਕੁਠਾਲੀ 'ਚੋਂ ਕੱਢ ਕੇ ਦਿਖਾਉਣਾ ।

(5) ਮੀਰਾਂ ਬਾਈ ਦਾ ਭਗਤ ਰਵਿਦਾਸ ਕੋਲ ਦੀਖਿਆ ਲੈਣ ਆਉਣਾ ।

(6) ਸਾਲਗ੍ਰਾਮ ਦਾ ਮੁਰਗਾਈ ਵਾਂਗ ਪਾਣੀ ਵਿਚ ਤੈਰਨਾ।[45]

(8) ਭਗਤ ਪ੍ਰੇਮਾਕਰ – ਗੈਰਤ ਸਿੰਘ

(1) ਰਾਮਾਨੰਦ ਦੇ ਸਰਾਪ ਕਾਰਨ ਨੀਚ ਕੁਲ ਵਿਚ ਜਨਮ

(2) ਬਾਲਕ ਰਵਿਦਾਸ ਦਾ ਦੁੱਧ ਨਾ ਪੀਣਾ ਤੇ ਰਾਮਾਨੰਦ ਨੂੰ ਸੁਪਨੇ ਵਿੱਚ ਪਰਮਾਤਮਾ ਨੇ ਮਿਲਣਾ ।

(3) ਸੁਆਮੀ ਰਾਮਾਨੰਦ ਦੇ ਆਉਣ ਤੇ ਬਾਲਕ ਨੇ ਦੁੱਧ ਪੀ ਲੈਣਾ ।

(4) ਰਾਮਾਨੰਦ ਨੇ ਹੀ ਬਾਲਕ ਦਾ ਨਾਂ ਰਵਿਦਾਸ ਰੱਖਣਾ ।

(5) ਜੁੱਤੀਆਂ ਗੰਢਣਾ ਤੇ ਘਰ ਦੇ ਪਿਛਵਾੜੇ ਪਤਨੀ ਸੰਗ ਮਾਤਾ ਪਿਤਾ ਤੋਂ ਅਲੱਗ ਰਹਿਣਾ।

(6) ਗੰਗਾ ਮਾਤਾ ਦਾ ਭਗਤ ਰਵਿਦਾਸ ਦੀ ਦਮੜੀ ਹੱਥ ਕੱਢ ਕੇ ਲੈਣਾ ਤੇ ਬਦਲੇ ਵਿੱਚ ਕੰਗਣ ਲੈਣਾ ।

(7) ਕੰਗਣ ਵੇਚਣ ਸਮੇਂ ਬ੍ਰਾਹਮਣ ਦਾ ਫੜੇ ਜਾਣਾ ।

(8) ਭਗਤ ਰਵਿਦਾਸ ਨੇ ਕਲਸ ਵਿਚੋਂ ਦੂਜਾ ਕੰਗਣ ਕੱਢ ਕੇ ਦਿਖਾਉਣਾ ।

(9) ਹਰਿ ਜੀ ਦਾ ਪਾਰਸ ਦੇਣ ਆਉਣਾ ਪਰੰਤੂ ਭਗਤ ਰਵਿਦਾਸ ਨੇ ਕਹਿਣਾ ਕਿ ਮੇਰੇ ਘਰ ਤਾਂ ਹਰਿਨਾਮ ਧਨ ਹੈ।

(10) ਹਰ ਰੋਜ ਪੰਜ ਮੁਹਰਾਂ ਦਾ ਮਿਲਣਾ ।

(11) ਮੁਹਰਾਂ ਮਿਲਣ ਉਪਰੰਤ ਮੰਦਰ ਬਣਾਉਣਾ

(12) ਠਾਕਰ ਦਾ ਮੁਰਗਾਈ ਵਾਂਗ ਪਾਣੀ 'ਤੇ ਤੈਰਨਾ

(13) ਰਾਣੀ ਝਾਲੀ ਦਾ ਸ਼ਿਸ਼ ਬਣਨਾ

(14) ਚਿਤੌੜ ਜਾਣ ਦੀ ਸਾਖੀ

(15) ਬ੍ਰਹਮ ਭੋਜ ਸਮੇਂ ਹਰ ਥਾਂ ਬ੍ਰਾਹਮਣਾਂ ਦੇ ਵਿਚਕਾਰ ਅਨੇਕਾਂ ਰਵਿਦਾਸ

(16) ਚਮੜੀ ਚੀਰ ਕੇ ਜਨੇਊ ਦਿਖਾਉਣਾ ।[46]

(9) <u>ਭਗਤਿ ਸੁਧਾਸਰ</u>

ਇਹ ਗ੍ਰੰਥ ਉਦਾਸੀ ਸਾਧੂ, ਬਿਧੀ ਦਾਸ ਦੀ ਰਚਨਾ ਹੈ ਜਿਸ ਦਾ ਇਕੋ ਇਕ ਖਰੜਾ ਨੰ: 4211 ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਪਿਆ ਹੈ।

(1) ਸੁਆਮੀ ਰਾਮਾਨੰਦ ਦਾ ਆਪਣੇ ਬ੍ਰਹਮਚਾਰੀ ਚੇਲੇ ਨੂੰ ਸਰਾਪ

(2) ਆਪਣੇ ਗੁਰੂ ਦੇ ਸਰਾਪ ਕਾਰਨ ਰਵਿਦਾਸ ਜੀ ਦਾ ਨੀਚ ਕੁਲ ਵਿਚ ਜਨਮ ।

(3) ਨਵਜੰਮੇ ਬਾਲਕ ਦਾ ਦੁੱਧ ਨਾ ਪੀਣਾ

(4) ਸੁਆਮੀ ਰਾਮਾਨੰਦ ਨੂੰ ਆਕਾਸ਼ਬਾਣੀ ਹੋਣੀ, ਉਨ੍ਹਾਂ ਦਾ ਬਾਲਕ ਦੇ ਘਰ ਆਉਣਾ ਤੇ ਉਸ ਨੇ ਦੁੱਧ ਪੀ ਲੈਣਾ ।

(5) ਰਵਿਦਾਸ ਦੀ ਸਾਧ-ਸੰਗਤ ਤੋਂ ਦੁਖੀ ਹੋ ਕੇ ਪਿਤਾ ਨੂੰ ਘਰੋਂ ਅੱਡ ਕਰ ਦੇਣਾ ।

(6) ਜੁੱਤੀਆਂ ਗੰਢਣ ਦਾ ਕਿੱਤਾ ।

(7) ਹਰਿ ਜੀ ਦਾ ਸਾਧੂ ਦੇ ਰੂਪ ਵਿੱਚ ਪਾਰਸ ਦੇਣ ਆਉਣਾ ।

(8) ਪੰਜ ਮੁਹਰਾਂ ਦਾ ਮਿਲਣਾ ।

(9) ਮੁਹਰਾਂ ਸਵੀਕਾਰ ਕਰਕੇ ਮੰਦਰ ਬਨਵਾਉਣਾ ।

(10) ਰਾਜੇ ਨੇ ਭਗਤ ਰਵਿਦਾਸ ਨੂੰ ਬੁਲਾ ਭੇਜਣਾ ਤੇ ਪ੍ਰੀਖਿਆ ਲੈਣੀ ।

(11) ਠਾਕਰ ਦਾ ਗੰਗਾ ਵਿਚ ਤੈਰਨਾ ।

(12) ਗੰਗਾ ਭੇਟਾ ਲਈ ਛਿਦਾਮ ਭੇਜਣਾ ਕਿਸੇ ਯਾਤਰੀ ਕੋਲ ਤੇ ਗੰਗਾ ਮਾਤਾ ਵਲੋਂ ਬਾਂਹ ਕੱਢ ਕੇ ਭੇਟਾ ਸਵੀਕਾਰ ਕਰਨੀ ।

(13) ਯਾਤਰੀ ਨੂੰ ਗੰਗਾ ਮਾਤਾ ਵਲੋਂ ਰਵਿਦਾਸ ਲਈ ਕੰਗਣ ਦੇਣਾ ।

(14) ਭੁੱਖ ਦੇ ਮਾਰੇ ਯਾਤਰੀ ਨੇ ਘਰ ਆ ਕੇ ਪਤਨੀ ਦੀ ਸਲਾਹ ਨਾਲ ਕੰਗਣ ਵੇਚ ਦੇਣਾ ।

(15) ਬ੍ਰਾਹਮਣ ਦਾ ਕੰਗਣ ਵੇਚਦੇ ਸਮੇਂ ਫੜੇ ਜਾਣਾ

(16) ਗੰਗਾ ਜਲ 'ਚੋਂ ਦੂਜਾ ਕੰਗਣ ਨਿਕਲਣ ਤੇ ਬ੍ਰਾਹਮਣ ਦੀ ਖਲਾਸੀ ।

(17) ਰਾਣੀ ਝਾਲੀ ਦਾ ਭਗਤ ਰਵਿਦਾਸ ਦੀ ਸ਼ਿਸ਼ ਬਣਨਾ ।

(18) ਰਵਿਦਾਸ ਜੀ ਦੀ ਚਿਤੌੜ ਯਾਤਰਾ ।

(19) ਬ੍ਰਾਹਮਣਾਂ ਵਿਚਕਾਰ ਹਰ ਥਾਂ ਰਵਿਦਾਸ ਜੀ ਦਾ ਬ੍ਰਹਮ ਭੋਜ ਸਮੇਂ ਬੈਠੇ ਹੋਣਾ ।

(20) ਚਮੜੀ ਚੀਰ ਕੇ ਜਨੇਊ ਦਿਖਾਉਣਾ

(21) ਰਾਜੇ ਵਲੋਂ ਚਰਨਾਮਤ (ਭਿੱਜੇ ਹੋਏ ਚਮੜੇ ਦਾ ਪਾਣੀ) ਜਾਣ ਬੁੱਝ ਕੇ ਆਪਣੇ ਕਪੜਿਆਂ ਤੇ ਡੋਲ੍ਹ ਲੈਣਾ ।

(22) ਧੋਬਣ ਨੇ ਦਾਗ ਉਤਾਰਨ ਲਈ ਕੱਪੜਾ ਮੂੰਹ 'ਚ ਪਾ ਕੇ ਚੂਸਣਾ ਤੇ ਉਸ ਨੂੰ ਗਿਆਨ ਹੋ ਜਾਣਾ ।

(23) ਰਾਜੇ ਨੇ ਪਛਤਾਉਣਾ ਤੇ ਮੁੜ ਰਵਿਦਾਸ ਜੀ ਕੋਲ ਆ ਕੇ ਮੁੜ ਚਰਨਾਮਤ ਦੀ ਮੰਗ ਕਰਨੀ ਪਰੰਤੂ ਰਵਿਦਾਸ ਜੀ ਕਹਿੰਦੇ ਹਨ ਕਿ ਸਮਾਂ ਬੀਤ ਗਿਆ ਹੈ।[47]

ਉਪਰੋਕਤ ਸ੍ਰੋਤਾਂ ਤੋਂ ਇਲਾਵਾ ਵੀ ਜਨਮ-ਸਾਖੀ ਸਾਹਿਤ ਰਚਿਆ ਗਿਆ ਹੈ ਜਿਨ੍ਹਾਂ ਵਿੱਚ ਜਮਨਾ ਦਾਸ ਮਹੰਤ ਉਰਫ ਜਸਵੰਤ ਸਿੰਘ, ਸਤਿ ਦਰਬਾਰੀ, ਗਿਆਨੀ ਕਾਲਾ ਸਿੰਘ ਨਾਮਧਾਰੀ, ਗਿਆਨੀ ਬਰਕਤ ਸਿੰਘ ਅਨੰਦ, ਸ੍ਰੀ ਪਰਤਾਪ ਸਿੰਘ ਜੋਤਸ਼ੀ, ਗਿਆਨੀ ਨਰੈਣ ਸਿੰਘ, ਪੂਰਨ ਚੰਦ ਯਖੂ ਤੇ ਹਰੀਸ਼ ਚੰਦਰ ਦੇ ਨਾਂ ਲਏ ਜਾ ਸਕਦੇ ਹਨ। ਸ੍ਰੀ ਗੁਰੂ ਨਾਨਕ ਦੇਵ ਬਾਰੇ ਜਨਮ ਸਾਖੀ ਸਾਹਿਤ ਦੀਆਂ ਚਾਰ ਪਰੰਪਰਾਵਾਂ ਹੀ ਹਨ ਤੇ ਬਾਦ ਦੇ ਲੇਖਕਾਂ ਨੇ ਗੁਰੂ ਸਾਹਿਬ ਬਾਰੇ ਹੋਰ ਭੁਲੇਖੇ ਨਹੀਂ ਖੜ੍ਹੇ ਕੀਤੇ ਹਨ ਪਰੰਤੂ ਇਸਦੇ ਉਲਟ ਭਗਤ ਰਵਿਦਾਸ ਬਾਰੇ ਲਿਖੇ ਜਨਮਸਾਖੀ ਸਾਹਿਤ ਦੀ ਤ੍ਰਾਸਦੀ ਇਹ ਹੈ ਕਿ ਰਵਿਦਾਸ ਪ੍ਰਗਾਸ ਦੇ ਕਰਤਾ ਸ੍ਰੀ ਜਮਨਾ ਦਾਸ ਜੀ ਲਿਖਦੇ ਹਨ ਕਿ ਰਵਿਦਾਸ ਤੇ ਰੈਦਾਸ ਦੋ ਵਿਅਕਤੀ ਸਨ ਤੇ ਰਵਿਦਾਸ, ਰੈਦਾਸ ਜੀ ਦੀ ਭੂਆ ਦਾ ਪੁੱਤਰ ਸੀ। ਇਸ ਸਾਹਿਤ ਵਿਚ ਬਹੁਤੀਆਂ ਸਾਖੀਆਂ ਉਹੀ ਹਨ ਜਿਨ੍ਹਾਂ ਦਾ ਅਸੀਂ ਪਿਛਲੇ ਪੰਨਿਆਂ ਵਿਚ ਜ਼ਿਕਰ ਕਰ ਆਏ ਹਾਂ। ਜੇ ਕੋਈ ਨਵੀਂ ਸਾਖੀ ਰਚੀ ਵੀ ਗਈ ਹੈ ਤੇ ਪਰੰਪਰਾ ਤੋਂ ਇਕ ਦਮ ਅਲੱਗ ਹੈ ਤਾਂ ਉਸ ਦਾ ਬਹੁਤਾ ਵਜ਼ਨ ਨਹੀਂ ਰਹਿ ਜਾਂਦਾ। ਅਸੀਂ ਉਨ੍ਹਾਂ ਜਨਮ ਸਾਖੀਆਂ ਦਾ ਜ਼ਿਕਰ ਕਰਾਂਗੇ ਜਿਹੜੀ ਵੀਹਵੀਂ ਜਾਂ ਉਨੀਵੀਂ ਸਦੀ ਦੇ ਆਖ਼ੀਰ ਵਿਚ ਰਚੀਆਂ ਗਈਆਂ ਹਨ ।

(1) <u>ਸ੍ਰੀ ਰਵਿਦਾਸ ਦੀਪ ਗ੍ਰੰਥ- ਸੰਤ ਹੀਰਾ ਦਾਸ</u>

ਲੇਖਕ ਅਨੁਸਾਰ ਨਾਰਦ ਦੀ ਪੁਕਾਰ ਸੁਣ ਕੇ ਬ੍ਰਹਮਾ ਨੇ ਸ਼ਿਵ ਜੀ ਨੂੰ ਰਵਿਦਾਸ ਦੇ ਰੂਪ ਵਿੱਚ ਅਵਤਾਰ ਲੈਣ ਲਈ ਭੇਜਿਆ। ਰਵਿਦਾਸ ਜੀ ਦੇ ਜਨਮ ਸਮੇਂ ਜਿੱਥੇ ਅਨੇਕਾਂ ਬਿਜਲੀਆਂ ਦੇ ਚਾਨਣ ਦਾ ਜ਼ਿਕਰ ਹੈ ਉੱਥੇ ਰਵਿਦਾਸ ਜੀ ਦੀਆਂ ਤਿੰਨ ਅੱਖਾਂ (ਤ੍ਰਿਨੇਤ੍ਰ ਸੋਭੇ) ਗਲ 'ਚ ਮੁੰਡੋਂ ਕੀ ਮਾਲਾ, ਕਮਰ 'ਚ ਮ੍ਰਿਗਛਾਲਾ, ਡੋਰੂ ਤੇ ਹੱਥ 'ਚ ਤ੍ਰਿਸ਼ੂਲ ਵੀ ਦਿਖਾਈ ਦਿੰਦਾ ਦੱਸਿਆ ਗਿਆ ਹੈ। ਇਸ ਗ੍ਰੰਥ ਵਿਚਲੀਆਂ ਸਾਖੀਆਂ ਇਸ ਪ੍ਰਕਾਰ ਹਨ:-

(1) ਬਾਲਕ ਦਾ ਦੁੱਧ ਨਾ ਚੁੰਘਣਾ

(2) ਗੁਰੂ ਰਾਮਾਨੰਦ ਨੇ ਰਵਿਦਾਸ ਜੀ ਨੂੰ ਆਪਣਾ ਸ਼ਿਸ਼ ਬਣਾਉਣਾ । (ਸਾਖੀਕਾਰ ਇਕ ਥਾਂ ਲਿਖਦਾ ਹੈ ਕਿ ਪਹਿਲਾਂ ਰਾਮਾਨੰਦ ਚਮਾਰਾਂ ਨੂੰ ਆਪਣਾ ਸ਼ਿਸ਼ ਬਣਾਉਣਾ ਧਰਮ ਦੇ ਉਲਟ ਦੱਸਦਾ ਸੀ।)

(3) ਗੰਗਾ ਜੀ ਨੇ ਰਵਿਦਾਸ ਨੂੰ ਸੰਖ ਦੇਣਾ ।

(4) ਚਾਰ ਜੁੱਗਾਂ ਦੇ ਜਨੇਊ ਦਿਖਾਉਣੇ

(5) ਦਮੜੀ ਵਾਲੀ ਸਾਖੀ

(6) ਠਾਕਰ ਤਰਾਉਣਾ

(7) ਗੋਰਖ ਨਾਥ ਨਾਲ ਮੇਲ

(8) ਬ੍ਰਹਮ ਸਮੇਂ ਰਵਿਦਾਸ ਜੀ ਦਾ ਵਿਰਾਟ ਰੂਪ

(9) ਮੀਰਾ ਬਾਈ ਨਾਲ ਮੇਲ

(10) ਗੰਗਾ ਜੀ ਦਾ ਰਵਿਦਾਸ ਨੂੰ ਮਿਲਣ ਜਾਣਾ [48]

(2) <u>ਸ੍ਰੀ ਗੁਰ ਭਗਤ ਮਾਲ</u> (ਟੀਕਾ ਤੇ ਵਿਆਖਿਆ ਨਰੈਣ ਸਿੰਘ ਗਿਆਨੀ)

(1) ਪੁਰਬਲੇ ਜਨਮ ਦੀ ਕਥਾ

(2) ਬੱਚੇ ਦਾ ਦੁੱਧ ਨ ਪੀਣਾ

(3) ਠਾਕਰਾਂ ਦਾ ਗੋਦ 'ਚ ਆਉਣਾ

(4) ਰਾਣੀ ਝਾਲੀ ਦਾ ਰਵਿਦਾਸ ਜੀ ਦੀ ਸ਼ਿਸ਼ ਬਣਨਾ

(5) ਬ੍ਰਹਮ ਭੋਜ ਸਮੇਂ ਰਵਿਦਾਸ ਜੀ ਦਾ ਹਰ ਪੰਡਤ ਵਿਚਕਾਰ ਬੈਠੇ ਹੋਣਾ ।

(6) ਮੂਰਤੀਆਂ ਗੰਗਾਂ ਪ੍ਰਵਾਹ ਕਰ ਦੇਣੀਆਂ

(7) ਮੀਰਾ ਬਾਈ ਨਾਲ ਮੇਲ

(8) ਗੰਗਾ ਨੇ ਹੱਥ ਕੱਢ ਕੇ ਭੇਟਾ ਕਬੂਲ ਕਰਨੀ

(9) ਪਾਰਸ ਵਾਲੀ ਘਟਨਾ

(10) ਮੂਰਤੀ ਹੇਠੋਂ ਮੁਹਰਾਂ ਦਾ ਮਿਲਣਾ ।

ਇਸ ਜਨਮ ਸਾਖੀ ਦਾ ਇਕ ਹਿੱਸਾ ਕਿਸੇ ਹਰੀਸ਼ਚੰਦਰ ਰਵਿਦਾਸ ਭਗਤ ਅੰਮ੍ਰਿਤਸਰੀ ਨੇ ਆਪਣੇ ਨਾਂ ਹੇਠ ਛਾਪਿਆ ਹੈ।[49]

(3) <u>ਸਭ ਤੋਂ ਵੱਡੀ ਤੇ ਅਸਲੀ ਜਨਮ ਸਾਖੀ, ਬਰਕਤ ਸਿੰਘ ਅਨੰਦ</u>

ਇਸ ਸਾਖੀ ਵਿਚਲੀਆਂ ਬਹੁਤੀਆਂ ਸਾਖੀਆਂ ਰਵਿਦਾਸ ਬਾਣੀ ਦੀਆਂ ਕੁਝ ਤੁਕਾਂ ਨੂੰ ਆਧਾਰ ਬਣਾ ਕੇ ਰਚੀਆਂ ਗਈਆਂ ਹਨ ਜਿਵੇਂ ਸਾਖੀਕਾਰ ਕਹਿੰਦਾ ਹੈ ਕਿ ਸ਼ਿਕਾਰੀ ਨੂੰ ਸਿੱਖਿਆ ਦੇਣ ਲਈ ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ,ਏਕ ਦੋਖ ਬਿਨਾਸ ' ਦੀ ਰਚਨਾ ਕੀਤੀ ਤੇ ਹੋਰੂ ਨਾਂ ਦਾ ਇਹ ਸ਼ਿਕਾਰੀ ਗੁਰੂ ਰਵਿਦਾਸ ਦਾ ਪਹਿਲਾ ਸਿੱਖ ਹੋਇਆ। ਇਸ ਸਾਖੀ ਵਿਚਲੀਆਂ ਸਾਖੀਆਂ ਇਸ ਪ੍ਰਕਾਰ ਹਨ:-

(1) ਗੰਗਾ ਜੀ ਨੂੰ ਦਮੜੀ ਦੇਣੀ

(2) ਪਾਰਸ ਵਾਲੀ ਘਟਨਾ

(3) ਸਿੱਧਾਂ ਨਾਲ ਸੰਵਾਦ

(4) ਠਾਕਰਾਂ ਦਾ ਪਾਣੀ ਵਿੱਚ ਤਰਨਾ

(5) ਰਾਣੀ ਝਾਲੀ ਦਾ ਚੇਲੀ ਬਣਨਾ

(6) ਰਾਜੇ ਚੰਦਰ ਹਾਸ(ਰਾਣੀ ਝਾਲੀ ਦੇ ਪਤੀ) ਵਲੋਂ ਰਵਿਦਾਸ ਜੀ ਦੀ ਪ੍ਰੀਖਿਆ ।

(7) ਚਾਰੇ ਯੁੱਗਾਂ ਦੇ ਜਨੇਊ ਦਿਖਾਉਣਾ- ਸੋਨੇ ਦਾ - ਸਤਿਯੁੱਗ, ਚਾਂਦੀ - ਤਰੇਤੇ ਦਾ, ਤਾਂਬਾ- ਦੁਆਪਰ, ਸੂਤ- ਕਲਯੁੱਗ

(8) ਗੁਰੂ ਨਾਨਕ ਨਾਲ ਮੇਲ

ਇਸ ਸਾਖੀਕਾਰ ਨੇ ਵੀ ਕੋਈ ਨਵੀਂ ਗੱਲ ਨਹੀਂ ਕੀਤੀ ਤੇ ਜ਼ਿਆਦਾ ਜ਼ੋਰ ਭਗਤ ਰਵਿਦਾਸ ਦੇ ਜੀਵਨ ਤੇ ਹੈ। ਇਹ ਸਾਖੀ ਇਕ ਸ਼ਰਧਾਲੂ ਦੇ ਸ਼ਰਧਾ ਭਰੇ ਬਚਨਾਂ ਤੋਂ ਵੱਧ ਕੁਝ ਨਹੀਂ ਜਾਪਦੀ ।[50]

(4) <u>ਜਨਮਸਾਖੀ ਰਵਿਦਾਸ ਭਗਤ ਜੀ</u> (ਟੀਕਾਕਾਰ ਗਿਆਨੀ ਨਰੈਣ ਸਿੰਘ ਕਰਤਾ ਸ੍ਰੀ ਹਰੀਸ਼ ਚੰਦ੍ਰ ਰਵਿਦਾਸ ਭਗਤ ਅੰਮ੍ਰਿਤਸਰੀ ।

(1) ਪੂਰਬਲੇ ਜਨਮ ਦੀ ਕਥਾ

(2) ਰਾਮਾਨੰਦ ਦੇ ਦਰਸ਼ਨ

ਇਹ ਸਾਖੀ ਨਾਲੋਂ ਟੀਕਾ ਵਧੇਰੇ ਹੈ ਇਸ ਕਰਕੇ ਇਸ ਵਿਚ ਬਹੁਤ ਹੀ ਥੋੜ੍ਹੀਆਂ ਸਾਖੀਆਂ ਦਰਜ ਹਨ ।[51]

(4ਅ) <u>ਜਨਮਸਾਖੀ ਸ੍ਰੀ ਰਵਿਦਾਸ ਜੀ ਕ੍ਰਿਤ ਕਾਲਾ ਸਿੰਘ ਨਾਮਧਾਰੀ</u>

(1) ਗੰਗਾ ਨੇ ਦਮੜੀ ਬਦਲੇ ਕੰਗਣ ਦੇਣਾ

(2) ਪੱਥਰੀ ਹੇਠੋਂ ਗੰਗਾ ਨਿਕਲਣੀ

(3) ਗੰਗਾ ਵਿਚ ਪੱਥਰ ਤਾਰਨੇ

(4) ਰਾਣੀ ਝਾਲੀ ਦਾ ਸੇਵਕ ਹੋਣਾ

(5) ਚਿਤੌੜ ਯਾਤਰਾ

(6) ਬ੍ਰਹਮ ਭੋਜ ਸਮੇਂ ਰਵਿਦਾਸ ਜੀ ਦਾ ਬੈਠੇ ਹੋਣਾ

(7) ਪੰਡਤਾਂ ਦਾ ਰਵਿਦਾਸ ਜੀ ਦੇ ਸ਼ਿਸ਼ ਬਣਨਾ

(8) ਮੀਰਾ ਬਾਈ ਦਾ ਸ਼ਿਸ਼ ਬਣਨਾ

(9) 1545 ਵਿਚ ਸਿਕੰਦਰ ਲੋਧੀ ਬਾਦਸ਼ਾਹ ਨੇ ਕਬੀਰ ਤੇ ਰਵਿਦਾਸ ਨੂੰ ਪਕੜਣਾ ਤੇ ਰਵਿਦਾਸ ਜੀ ਨੇ ਕੈਦੀ ਰਾਜਿਆਂ ਨੂੰ ਛੁਡਾਉਣਾ ।

(10) ਰਵਿਦਾਸ ਜੀ ਨੂੰ ਸਚਖੰਡ ਤੋਂ ਦੇਵਤਿਆਂ ਨੇ ਆ ਕੇ ਗੁਪਤ ਸੁਨੇਹਾ ਦੇਣਾ ।

ਪੰਨਾ 14 ਤੋਂ 171.

(5) ਸ੍ਰੀ ਨਾਰਾਣਯ ਹਰੀ ਉਪਦੇਸ਼ ਅਰਥਾਤ ਜੀਵਨ ਚਰਿਤ੍ਰ ਬ੍ਰਹਮ ਸ਼ਿਸ਼ ਸ੍ਰੀ 108

ਇਸ ਦੇ ਕਰਤਾ: ਪੰਡਿਤ ਹਰਦੇਵ ਸਿੰਘ, ਪੰਡਿਤ ਨਾਰਾਯਣ ਸਿੰਘ ਜੀ ਮਹਾਰਾਜ ਨਿਰਮਲ ਵਿਰਕਤ ਬੁਟੀਆ, ਨਿਵਾਸੀ ਰਿਸ਼ੀਕੇਸ਼ ਝਾੜੀ ਹਨ ਅਤੇ ਇਸਦੇ ਪ੍ਰਕਾਸ਼ਕ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਮਾਰਚ 1938 ਹਨ। ਇਸ ਗ੍ਰੰਥ ਵਿੱਚ ਭਗਤ ਰਵਿਦਾਸ ਦੇ ਜੀਵਨ ਨਾਲ ਸੰਬੰਧਿਤ ਇਨ੍ਹਾਂ ਘਟਨਾਵਾਂ ਦਾ ਵਰਨਣ ਹੈ:–

(1) ਸੁਆਮੀ ਰਾਮਾਨੰਦ ਵਲੋਂ ਸਰਾਪ–ਪੂਰਬਲੇ ਜਨਮ ਦੀ ਕਥਾ

(2) ਪਾਰਸ ਤੇ ਮੋਹਰਾਂ ਵਾਲੀ ਸਾਖੀਆਂ

(3) ਚਰਨਾਮਤ ਦੇਣ ਵਾਲੀ ਸਾਖੀ

(4) ਗੰਗਾ ਦਾ ਹੱਥ ਕੱਢ ਕੇ ਦਮੜੀ ਕਬੂਲ ਕਰਨਾ

(5) ਕੰਗਣ ਵਾਲੀ ਸਾਖੀ

(6) ਰਾਣੀ ਝਾਲੀ ਦਾ ਸ਼ਿਸ਼ ਬਣਨਾ

(7) ਚਿਤੌੜ ਜਾਣ ਵਾਲੀ ਸਾਖੀ [52]

(6) ਅਸਲੀ ਸਭ ਤੋਂ ਵੱਡੀ ਜਨਮਸਾਖੀ– ਪੂਰਨ ਚੰਦ ਜਖੂ[53]

ਇਸ ਜਨਮਸਾਖੀ ਦਾ ਆਧਾਰ ਇਕ ਆਮ ਸ਼ਰਧਾਲੂ ਮਨ ਦੀ ਸ਼ਰਧਾ ਹੀ ਹੈ। ਇਹ ਸਾਖੀਕਾਰ ਲਿਖਦਾ ਹੈ ਕਿ ਰਵਿਦਾਸ ਜੀ ਦੇ ਪੈਰ ਵਿੱਚ ਪਦਮ ਸੀ ਅਤੇ ਸਿਰ ਤੇ ਸੁਨਹਿਰੀ ਵਾਲ ਸਨ । ਇਹ ਜਨਮ ਸਾਖੀ ਉਸ ਸਾਹਿਤ ਦੀ ਵੰਨਗੀ ਹੈ ਜੋ ਭਗਤ ਰਵਿਦਾਸ ਨੂੰ ਇਕ ਅਵਤਾਰ ਸਿੱਧ ਕਰਨ ਤੇ ਤੁਲੀ ਹੋਈ ਹੈ। ਸਾਖੀਕਾਰ ਕਹਿੰਦਾ ਹੈ ਕਿ ਰਵਿਦਾਸ ਜੀ ਭਗਵਾਨ ਤੋਂ ਇਹ ਵਾਅਦਾ ਲੈ ਕੇ ਆਏ ਸਨ ਕਿ ਜੇ ਉਹ ਸ਼ੂਦਰਾਂ ਦੇ ਘਰ ਅੰਨ ਜਲ ਛਕਣਗੇ ਤਾਂ ਹੀ ਮੈਂ ਦੁੱਧ ਪੀਵਾਂਗਾ।[54] ਸਾਖੀਕਾਰ ਲਿਖਦਾ ਹੈ ਕਿ ਹਰੀ ਭਗਵਾਨ ਨੇ ਪਹਿਲਾਂ ਆਪ ਮਾਤਾ ਦਾ ਦੁੱਧ ਪੀਤਾ ਪਿਛੋਂ ਭਗਤ ਰਵਿਦਾਸ ਨੇ।[55] ਇਹ ਸਾਖੀਕਾਰ ਨਾ ਤਾਂ ਪਰੰਪਰਾ ਤੇ ਪੁਰਾਤਨ ਸ੍ਰੋਤਾਂ ਨੂੰ ਹੀ ਆਧਾਰ ਬਣਾ ਰਿਹਾ ਹੈ ਤੇ ਨਾ ਹੀ ਕਿਸੇ ਖੋਜ ਨੂੰ ਸਗੋਂ ਅਜਿਹੀਆਂ ਬੇਤੁਕੀਆਂ ਗੱਲਾਂ ਕਰਕੇ ਆਪਣੀ ਰਚਨਾ ਦਾ ਮੁੱਲ ਘਟਾ ਰਿਹਾ ਹੈ। ਹੁਣ ਅਸੀਂ ਉਨ੍ਹਾਂ ਸਾਖੀਆਂ ਦਾ ਵਰਨਣ ਕਰਾਂਗੇ ਜਿਨ੍ਹਾਂ ਦਾ ਜ਼ਿਕਰ ਇਸ ਸਾਖੀਕਾਰ ਨੇ ਕੀਤਾ ਹੈ:–

(1) ਗੁਰੂ ਨਾਨਕ ਦਾ ਰਵਿਦਾਸ ਜੀ ਨਾਲ ਮੇਲ

(2) ਰਵਿਦਾਸ ਜੀ ਨੂੰ ਪੰਡਤ ਸ਼ਰਧਾ ਨੰਦ ਪਾਸ ਪੜ੍ਹਨ ਲਈ ਭੇਜਣਾ

(3) ਰਵਿਦਾਸ ਜੀ ਨਾਲ ਪੀਰਾਂ ਦਿੱਤੇ ਮਿਰਾਸੀ ਦੀ ਦੁਸ਼ਮਣੀ

(4) ਰੰਗਾ ਮਾਈ ਨੂੰ ਦਮੜੀ ਦਾ ਦਾਨ ਕਰਨਾ

(5) ਪਾਰਸ ਵਾਲੀ ਸਾਖੀ

(6) ਪਥਰੀ ਤਰਾਉਣੀ

(7) ਠਾਕਰ ਦਾ ਗੋਦ ਵਿੱਚ ਆਉਣਾ

(8) ਰਵਿਦਾਸ ਜੀ ਦੀ ਅਯੁੱਧਿਆ ਫੇਰੀ ਸਮੇਂ ਠੀਕਰੀਆਂ ਦਾ ਸੋਨੇ ਵਿੱਚ ਬਦਲ ਜਾਣਾ।

(9) ਰਾਣੀ ਝਾਲੀ ਦਾ ਸ਼ਿਸ਼ ਬਣਨਾ

(10) ਮੀਰਾ ਬਾਈ ਨਾਲ ਮੇਲ

(11) ਚਾਰ ਯੁੱਗਾਂ ਦੇ ਜਨੇਊ ਕੱਢ ਕੇ ਦਿਖਾਉਣੇ ।

ਪ੍ਰਚੱਲਿਤ ਸਾਖੀਆਂ ਤੋਂ ਬਿਨ੍ਹਾਂ ਜਿਨ੍ਹਾਂ ਸਾਖੀਆਂ ਦਾ ਉਲੇਖ ਇਸ ਸਾਖੀਕਾਰ ਨੇ ਕੀਤਾ ਹੈ ਉਹ ਨਾ ਤਾਂ ਮੰਨਣਯੋਗ ਹਨ ਤੇ ਨਾ ਹੀ ਉਨ੍ਹਾਂ ਪਿਛੇ ਕੋਈ ਤਕੜੀ ਪਰੰਪਰਾ ਕੰਮ ਕਰਦੀ ਜਾਪਦੀ ਹੈ ।

(7) <u>ਅਸਲੀ ਜਨਮ ਸਾਖੀ ਬ੍ਰਹਮ ਗਿਆਨੀ ਭਗਤ ਰਵਿਦਾਸ ਜੀ</u>– ਗਿਆਨੀ ਪ੍ਰਤਾਪ ਸਿੰਘ ਜੀ ਜੋਤਸ਼ੀ [56]

ਇਸ ਜਨਮ ਸਾਖੀ ਵਿਚਲੀਆਂ ਸਾਖੀਆਂ ਜਿੱਥੇ ਪਰੰਪਰਾ ਤੇ ਆਧਾਰਿਤ ਹਨ ਉੱਥੇ ਬਾਣੀ ਨੂੰ ਆਧਾਰ ਬਣਾ ਕੇ ਕਈ ਸਾਖੀਆਂ ਦੀ ਰਚਨਾ ਕੀਤੀ ਗਈ ਹੈ। ਅਸੀਂ ਸਿਰਫ ਪਰੰਪਰਾ ਤੇ ਆਧਾਰਿਤ ਸਾਖੀਆਂ ਹੀ ਲਈਆਂ ਹਨ ਕਿਉਂਕਿ ਬਾਣੀ ਤੇ ਆਧਾਰਿਤ ਪਰੰਪਰਾ-ਵਾਦੀ ਨਾ ਹੋ ਕੇ ਨਿੱਜੀ ਕਲਪਨਾ ਦੀ ਚੋਜ਼ ਹਨ। ਪ੍ਰਮੁੱਖ ਸਾਖੀਆਂ ਦੇਖੋ:--

(1) ਪੂਰਬਲੇ ਜਨਮ ਦੀ ਕਥਾ ਤੇ ਬਾਲਕ ਦਾ ਦੁੱਧ ਨਾ ਪੀਣਾ

(2) ਪਾਰਸ ਦਾ ਤਿਆਗ

(3) ਮੁਹਰਾਂ ਦੀ ਬਖਸ਼ਿਸ਼

(4) ਠਾਕਰਾਂ ਦਾ ਰਵਿਦਾਸ ਦੀ ਗੋਦ ਵਿੱਚ ਆਉਣਾ ।

(5) ਰਾਣੀ ਝਾਲੀ ਦਾ ਰਵਿਦਾਸ ਜੀ ਦੀ ਸ਼ਿਸ਼ ਬਣਨਾ ।

(6) ਗੰਗਾ ਦਾ ਰਵਿਦਾਸ ਜੀ ਦਾ ਧੇਲਾ ਬਾਂਹ ਕੱਢ ਕੇ ਕਬੂਲ ਕਰਨਾ ।

(7) ਕੰਗਣ ਵਾਲੀ ਸਾਖੀ

(8) ਬ੍ਰਹਮ ਭੋਜ ਸਮੇਂ ਰਵਿਦਾਸ ਜੀ ਨੇ ਅਨੇਕ ਰੂਪ ਧਾਰ ਕੇ ਬ੍ਰਾਹਮਣਾਂ ਵਿਚਕਾਰ ਸ਼ੋਭਿਤ ਹੋਣਾ ।

(8) ਰਵਿਦਾਸ ਪ੍ਰਕਾਸ਼— ਮਹੰਤ ਜਮਨਾਦਾਸ[57]

ਮਹੰਤ ਜਮਨਾਦਾਸ ਜੀ ਇਸ ਪੁਸਤਕ ਵਿੱਚ ਪਰੰਪਰਾ ਨਾਲੋਂ ਕਈ ਵੱਖਰੇ ਤੱਥ ਪੇਸ਼ ਕਰਕੇ ਕਈ ਹੋਰ ਭੁਲੇਖੇ ਖੜੇ ਕਰ ਦਿੱਤੇ ਗਏ ਹਨ। ਰਵਿਦਾਸ ਤੇ ਰੈਦਾਸ ਦੋ ਵਿਅਕਤੀ ਸਨ ਅਜਿਹਾ ਦਾਅਵਾ ਕਰਦੇ ਹਨ ਮਹੰਤ ਜਮਨਾਦਾਸ ਜੀ। ਇਸ ਪੁਸਤਕ ਵਿੱਚ ਉਨ੍ਹਾਂ ਨੇ ਕੁਝ ਸਾਖੀਆਂ ਦਾ ਵਰਨਣ ਕੀਤਾ ਹੈ:—

(1) ਚਮੜੇ ਦੇ ਖਿਡਾਉਣੇ ਦੀ ਕਥਾ

(2) ਇਕ ਸਾਖੀ ਅਨੁਸਾਰ ਰਵਿਦਾਸ ਦੀ ਆਪ ਖੁਦ ਗੰਗਾ 'ਚੋਂ ਨਿਕਲ ਕੇ ਜੀਵਨ ਵਲੋਂ ਭੇਜੀ ਦਮੜੀ ਲੈਂਦੇ ਹਨ ।

(3) ਸੱਪ ਦੇ ਡੰਗੇ ਬੰਦਿਆਂ ਨੂੰ ਜੀਵਨ ਦਾਨ ਦੇਣਾ ।

(4) ਅੰਨ੍ਹੇ ਰਾਮ ਰਤਨ ਨੂੰ ਦੋਨੋਂ ਨੇਤਰ ਦਾਨ ਦੇਣਾ ।

(9) ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ— ਡਾ. ਧਰਮਪਾਲ ਸਿੰਗਲ[58]

(1) ਪਾਰਸਮਣੀ ਵਾਲੀ ਘਟਨਾ

(2) ਮੁਹਰਾਂ ਦੀ ਪ੍ਰਾਪਤੀ

(3) ਠਾਕਰ ਸਿੰਘਾਸਨ ਪ੍ਰਸੰਗ

(4) ਬ੍ਰਾਹਮਣਾਂ ਵਿਚਕਾਰ ਰਵਿਦਾਸ ਦਾ ਹੋਣਾ

ਇਸ ਪੁਸਤਕ ਦਾ ਵਰਨਣ ਅਸੀਂ ਪਿਛਲੇ ਪੰਨਿਆਂ ਵਿਚ ਵਿਸਥਾਰਪੂਰਵਕ ਕਰ ਆਏ ਹਾਂ ।

(10) ਗੁਰੂ ਰਵਿਦਾਸ– ਕੇ ਐਨ. ਉਪਾਧਿਆਇ [59]

ਲੇਖਕ ਦਾ ਮੱਤ ਹੈ ਇਨ੍ਹਾਂ ਸਾਖੀਆਂ ਦਾ ਕੋਈ ਇਤਿਹਾਸਕ ਆਧਾਰ ਨਹੀਂ ਦਿਖਦਾ ਹੈ ਜਿਵੇਂ ਪੂਰਬਲੇ ਜਨਮ ਵਾਲੀ ਸਾਖੀ ।

(1) ਪਾਰਸ ਵਾਲੀ ਸਾਖੀ

(2) ਲੋਹੇ ਦੀ ਆਰ ਦਾ ਪਾਣੀ ਵਿਚ ਤੈਰਾਉਣਾ

(3) ਮੀਰਾਬਾਈ ਨੇ ਹੀਰਾ ਛੱਪਰ ਵਿਚ ਰੱਖਣਾ

(4) ਰਾਜੇ ਨੂੰ ਚਰਨਾਮਤ ਦੇਣ ਵਾਲੀ ਸਾਖੀ

(5) ਹਰ ਦੋ ਬ੍ਰਾਹਮਣਾਂ ਦੇ ਵਿਚਕਾਰ ਰਵਿਦਾਸ

(6) ਚਮੜੀ ਚੀਰ ਕੇ ਜਨੇਊ ਦਿਖਾਉਣਾ

(11) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ–

ਡਾ. ਕੁਲਵੰਤ ਕੌਰ [60]

ਡਾ. ਕੁਲਵੰਤ ਕੌਰ ਅਨੁਸਾਰ " ਭਗਤ ਰਵਿਦਾਸ ਦੇ ਵਿਅਕਤਿਤਵ ਨਾਲ ਬਹੁਤ ਸਾਰੀਆਂ ਚਮਤਕਾਰਪੂਰਨ ਘਟਨਾਵਾਂ ਜੋੜੀਆਂ ਗਈਆਂ ਹਨ। ਇਹਨਾਂ ਦਾ ਕੋਈ ਪ੍ਰਮਾਣਿਕ ਆਧਾਰ ਨਾ ਹੋਣ ਦੇ ਬਾਵਜੂਦ ਰਵਿਦਾਸ ਦੀ ਮਹਾਨ ਸ਼ਖਸੀਅਤ ਨੂੰ ਦਰਸਾਉਣ ਵਿਚ ਇਹਨਾਂ ਅਲੌਕਿਕ ਘਟਨਾਵਾਂ ਦਾ ਵਿਸ਼ੇਸ਼ ਯੋਗਦਾਨ ਹੈ।"

(1) ਪਾਰਸ ਵਾਲੀ ਸਾਖੀ

(2) ਮੁਹਰਾਂ ਵਾਲੀ ਸਾਖੀ

(3) ਮੂਰਤੀਆਂ ਤਰਾਉਣਾ

(4) ਮੂਰਤੀ ਦਾ ਗੋਦੀ ਵਿਚ ਆ ਕੇ ਬਿਰਾਜਣਾ ।

(5) ਗੰਗਾਂ ਵਲੋਂ ਰਵਿਦਾਸ ਦੀ ਭੇਟਾ ਸਵੀਕਾਰ ਕਰਨਾ ।

(12) ਸਾਧਨ ਮੈਂ ਰਵਿਦਾਸ ਸੰਤ— ਡਾ. ਦਲੀਪ ਸਿੰਘ ਦੀਪ[61]

(1) ਮੂਰਤੀਆਂ ਦਾ ਹਿੱਲਣਾ ਅਤੇ ਰੰਬਣਾ
(2) ਰੰਗਾਂ ਦਾ ਹੱਥ ਕੱਢ ਕੇ ਕਮੀਰਾ ਲੈਣਾ
(3) ਅਮੀਰ ਨੂੰ ਕੋਹੜ
(4) ਧਾਗਾ ਸੋਨੇ ਦਾ ਕਰਨਾ
(5) ਫਸਾਦੀਆਂ ਦਾ ਅੰਨ੍ਹੇ ਹੋਣਾ
(6) ਭੰਡਾਰੇ ਸਮੇਂ ਕੌਤਕ

ਪਰ ਡਾ. ਦਲੀਪ ਸਿੰਘ ਦੀਪ ਅਸਲੀ ਕਰਾਮਾਤ ਲੋਕਾਂ ਹਿਰਦਿਆਂ 'ਚ ਉਨ੍ਹਾਂ ਪ੍ਰਤੀ ਪੈਦਾ ਹੋਈ ਪਰਿਵਰਤਨ ਦੀ ਭਾਵਨਾ ਨੂੰ ਮੰਨਦਾ ਹੈ:—

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ।
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ। (ਗੁ. ਗ੍ਰੰਥ ਸਾਹਿਬ, ਪੰ 1293)

(13) ਰਵਿਦਾਸ ਵਾਰਤਾ— ਸ. ਸ. ਅਮੋਲ[62]

ਪਾਰਸ ਵਾਲੀ ਸਾਖੀ

ਮਾਧਵੇ ਪਾਰਸ ਮਨੀ ਲੈ ਜਾਓ। ਮੋਹਿ ਸੋਨੇ ਕਾ ਨਾਹੀ ਚਾਓ ।
ਜਉ ਮੋ ਪੈ ਰਾਮ ਦਿਆਲਾ। ਦਿਉ ਚੂਨ, ਲੂਣ, ਘੀ ਦਾਰ ।
ਮੈਂ ਰੁਖੀ ਸੁਖੀ ਖਾਊਂ , ਔਰਨ ਕੀ ਭੁਖ ਮਿਟਾਊਂ ।
ਕੋਈ ਪਰੇ ਨਾ ਦੂਖ ਕੀ ਪਾਸ। ਸਭ ਸੁਖੀ ਵਸੈ ਰਵਿਦਾਸ।

(14) ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ— ਡਾ. ਲੇਖ ਰਾਜ ਪਰਵਾਨਾ[63]

ਡਾ. ਪਰਵਾਨਾ ਜੀ ਨੇ ਨਿਮਨ ਲਿਖਿਤ ਸਾਖੀਆਂ ਨੂੰ ਆਪਣੀ ਪੁਸਤਕ 'ਚ ਦਰਜ ਕੀਤਾ ਹੈ:—

(1) ਪਾਰਸ ਪੱਥਰ ਦੀ ਕਥਾ

(2) ਮੋਹਰਾਂ ਦੀ ਕਥਾ

(3) ਇਕ ਰਈਸ ਨੂੰ ਸਿੱਖਿਆ (ਕਈ ਸਾਖੀਆਂ 'ਚ ਰਾਜਾ ਵੀ ਹੈ)

(4) ਕਾਸ਼ੀ ਦੇ ਰਾਜੇ ਪਾਸ ਸ਼ਿਕਾਇਤ

(5) ਮਰੇ ਬੱਚੇ ਨੂੰ ਜੀਵਨ ਦਾਨ ਦੇਣਾ

(6) ਗੰਗਾ ਜੀ ਵਿਚ ਪੱਥਰ ਦੀ ਮੂਰਤੀ ਤੈਰਾਉਣਾ

(7) ਗੰਗਾ ਜੀ ਦਾ ਸੰਤ ਰਵਿਦਾਸ ਦੀ ਸੁਪਾਰੀ ਹੱਥ ਬਾਹਰ ਕੱਢ ਕੇ ਲੈਣਾ ।

(8) ਚਿਤੌੜ ਵਿਚ ਮਹਾਰਾਣੀ ਝਾਲੀ ਦੁਆਰਾ ਬ੍ਰਹਮ ਭੋਜ ਵਿਚ ਰਵਿਦਾਸ ਜੀ ਨੂੰ ਸੱਦਾ।

(9) ਠਾਕਰ ਜੀ ਦਾ ਨਦੀ ਵਿਚੋਂ ਬਾਹਰ ਨਿਕਲ ਕੇ ਰਵਿਦਾਸ ਜੀ ਦਾ ਭੋਜ ਗ੍ਰਹਿਣ ਕਰਨਾ।

(10) ਕੰਗਣ ਦੀ ਕਥਾ

(11) ਗੰਗਾ ਜੀ ਨਾਲ ਇਕ ਰਾਜੇ ਦੇ ਵਿਆਹ ਦੀ ਕਥਾ

(12) ਭਗਵਾਨ ਦਾ ਆਸਣ ਮੰਗਾਉਣਾ

(13) ਬ੍ਰਾਹਮਣ ਦਾ ਅੰਨ੍ਹਾ ਹੋਣਾ

(14) ਖੱਲ ਚੀਰ ਕੇ ਜਨੇਊ ਦਿਖਾਉਣਾ

(15) ਸੰਤ ਰਵਿਦਾਸ ਦੁਆਰਾ ਜਮਾਨਤ ਦੇਣਾ

(16) ਪਿੰਡ ਭਾਗੀਪੁਰ ਦੇ ਇਕ ਪੰਡਤ ਗੰਗਾ ਰਾਮ ਨੂੰ ਗੰਗਾ ਲਈ ਦਮੜੀ ਦੇਣਾ ।

(17) ਰਵਿਦਾਸ ਜੀ ਨਾਲ ਪੀਰਾਂ ਦਿੱਤੇ ਮਰਾਸੀ ਦੀ ਈਰਖਾ ।

ਡਾ. ਪਰਵਾਨਾ ਦਾ ਇਨ੍ਹਾਂ ਸਾਖੀਆਂ ਵਿਚ ਪੂਰਾ ਵਿਸ਼ਵਾਸ਼ ਜਾਪਦਾ ਹੈ ਜਦੋਂ 'ਮਰੇ ਬੱਚੇ ਨੂੰ ਜੀਵਨ ਦਾਨ ਦੇਣ ਵਾਲੀ ਸਾਖੀ ਬਾਰੇ ਉਹ ਲਿਖਦੇ ਹਨ। "ਸੰਤਾਂ ਪਾਸ ਅਜਿਹੇ ਨੁਸਖੇ ਵੀ ਹੁੰਦੇ ਹਨ ਜੋ ਪੁਰਾਣੀ ਤੋਂ ਪੁਰਾਣੀ ਬੀਮਾਰੀ ਦਾ ਇਲਾਜ ਵੀ ਕਰ ਦਿੰਦੇ ਹਨ। ਹੋ ਸਕਦਾ ਹੈ ਉਸ ਬੱਚੇ ਦੀ ਬੀਮਾਰੀ ਦਾ ਇਲਾਜ ਸੰਤ ਰਵਿਦਾਸ ਜੀ ਪਾਸ ਹੋਵੇ।"[63] ਡਾ. ਪਰਵਾਨਾ ਦਾ ਵਿਸ਼ਵਾਸ਼ ਹੈ ਕਿ ਸੰਤ ਰਵਿਦਾਸ ਨੇ ਸਾਬਤ ਕਰ ਦਿੱਤਾ ਕਿ ਪੱਥਰ ਵੀ ਪਾਣੀ ਤੇ ਤਰ ਸਕਦੇ ਹਨ, ਜੇਕਰ ਪ੍ਰੇਮ ਸ਼ਰਧਾ ਭਗਤੀ ਵਿਚ ਸਾਤਵਿਕਤਾ ਅਤੇ ਅਮਲ ਹੋਵੇ।

(15) ਹਉ ਬਨਜਾਰੋ ਰਾਮ ਕੋ— ਸ੍ਰੀ ਕਰਮ ਸਿੰਘ ਰਾਜੂ

ਡਾ. ਪਰਵਾਨਾ ਵਾਂਗ ਰਾਜੂ ਜੀ ਵੀ ਇਨ੍ਹਾਂ ਸਾਖੀਆਂ ਪ੍ਰਤੀ ਆਪਣਾ ਵਿਸ਼ਵਾਸ਼ ਬੜੇ ਹੀ ਜ਼ੋਰਦਾਰ ਸ਼ਬਦਾਂ ਵਿੱਚ ਕਰਦੇ ਹਨ। ਇਨ੍ਹਾਂ ਸਾਖੀਆਂ ਨੂੰ ਉਹ ਕਰਾਮਾਤਾਂ ਨਹੀਂ ਸਗੋਂ ਪ੍ਰਭੂ ਪ੍ਰੇਮੀਆਂ ਦੀਆਂ ਸਾਧਾਰਨ ਘਟਨਾਵਾਂ ਮੰਨਦੇ ਹਨ।[64] ਸਾਲਗਰਾਮ ਵਾਲੀ ਸਾਖੀ ਬਾਰੇ ਆਪਨੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ , " ਸੋ ਰਵਿਦਾਸ ਜੀ ਜੋ ਆਪਣੇ ਪਿਆਰੇ ਲਈ ਪਿਆਰ ਦੀ ਹੀ ਮੂਰਤੀ ਬਣੇ ਹੋਏ ਸੀ, ਉਨ੍ਹਾਂ ਨੇ ਜਦੋਂ ਆਪਣੇ ਮਾਲਕ ਪਿਆਰੇ ਨੂੰ ਯਾਦ ਕੀਤਾ 'ਸਾਲਗਰਾਮ' ਉਨ੍ਹਾਂ ਕੋਲ ਚਲ ਕੇ ਆ ਗਿਆ।"[65]

(1) ਮੂਰਤੀ ਦਾ ਗੰਗਾ ਵਿਚ ਤੈਰਨਾ
(2) ਗੰਗਾ ਦਾ ਹੱਥ ਕੱਢ ਕੇ ਦਮੜੀ ਲੈਣਾ
(3) ਚਿਤੌੜ ਵਿਚ ਹਰ ਦੋ ਬ੍ਰਾਹਮਣਾਂ ਵਿਚਕਾਰ ਰਵਿਦਾਸ ਦਾ ਬੈਠੇ ਹੋਣਾ ।
(4) ਪਾਰਸ ਵਾਲੀ ਸਾਖੀ
(5) ਹੰਕਾਰੀ ਬ੍ਰਾਹਮਣਾਂ ਦਾ ਮੁਰਦਿਆਂ ਦੀ ਤਰ੍ਹਾਂ ਬੇਹੋਸ਼ ਹੋ ਕੇ ਜ਼ਮੀਨ ਤੇ ਡਿੱਗਣਾ ।
(6) ਰਾਜੇ ਨੂੰ ਚਰਨਾਮਤ ਦੇਣ ਵਾਲੀ ਘਟਨਾ( ਇਥੇ ਰਾਜੇ ਦਾ ਨਾਂ ਪੀਪਾ ਹੈ)

ਸ੍ਰੀ ਰਾਜੂ ਜੀ ਇਨ੍ਹਾਂ ਸਾਖੀਆਂ ਨੂੰ ਇਤਿਹਾਸਕ ਤੌਰ ਤੇ ਸੋਚੀਆਂ ਸਾਖੀਆਂ ਦੀ ਸ੍ਰੇਣੀ ਵਿੱਚ ਰੱਖਦੇ ਹਨ।"[66]

(16) ਮਨੁੱਖਤਾ ਦਾ ਚਾਨਣ ਮੁਨਾਰਾ— ਸ੍ਰੀ ਪਾਖਰ ਸਿੰਘ[67]

ਇਸ ਵਿਚ ਲੇਖਕ ਸਾਖੀਆਂ ਬਾਰੇ ਲਿਖਦਾ ਹੈ ਕਿ ਰਵਿਦਾਸ ਬਾਣੀ ਦਾ ਅਧਿਐਨ ਕਰਨ ਤੇ ਇਨ੍ਹਾਂ ਦੀ ਪੁਸ਼ਟੀ ਨਹੀਂ ਹੁੰਦੀ।

(17) ਗੁਰੂ ਰਵਿਦਾਸ— ਹਰਭਜਨ ਸਿੰਘ 'ਰਤਨ'

ਇਸ ਕਾਵਿ-ਰਚਨਾ ਵਿੱਚ ਲੇਖਕ ਨੇ ਸੁੰਦਰ ਸ਼ਬਦਾਂ ਵਿੱਚ ਕਈ ਸਾਖੀਆਂ ਪੇਸ਼ ਕੀਤੀਆਂ ਹਨ:—

(1) ਪਾਰਸ

ਮਨ ਜਿਨ੍ਹਾਂ ਦੇ ਨਿਰਮਲੇ, ਅੰਦਰ ਬ੍ਰਹਮ ਗਿਆਨ ।
ਪੱਥਰ ਪਾਰਸ ਸਮਝਦੇ, ਉਹ ਤਾਂ ਇਕ ਸਮਾਨ ।

- - - - - - - - - - - - - - - - - -

ਪਾਰਸ ਬਾਰੇ ਪੁੱਛਿਆ ਕਹਿਣ ਲੱਗੇ ਰਵਿਦਾਸ
ਕੇਵਲ ਰੱਬ ਦੇ ਨਾਂ ਦਾ ਪਾਰਸ ਸਾਡੇ ਪਾਸ।[68]

2. ਗੰਗਾ ਦਾ ਹੱਥ ਕੱਢ ਕੇ ਭੇਟਾ ਲੈਣਾ

ਸੁੰਦਰ ਹੱਥ ਇਕ ਨਿਕਲਿਆ, ਗੰਗਾ 'ਚੋਂ ਬਾਹਰ।
ਦੇ ਭੇਟਾ ਜੋ ਭਗਤ ਜੀ, ਭੇਜੀ ਨਾਲ ਪਿਆਰ।[69]

3. ਕੰਗਣ ਵਾਲੀ ਸਾਖੀ

ਰਾਣੀ ਕੰਗਣ ਵੇਖਿਆ, ਨੇਤਰ ਗਏ ਚੁੰਧਿਆ ।
ਆਖੇ ਇਸ ਦੇ ਨਾਲ ਦਾ, ਦੂਜਾ ਕਿਤੋਂ ਮੰਗਾ ।
ਜਿਸ ਤੇ ਕਰਦੇ ਕਿਰਤ ਸੀ, ਪੱਥਰੀ ਚੁੱਕੀ ਫੇਰ ।
ਹੇਠ ਸੀ ਗੰਗਾ ਵਗ ਰਹੀ, ਵਿਚ ਕੰਗਣਾਂ ਦੇ ਢੇਰ।[70]

ਸਾਂਝੀਆਂ ਪ੍ਰਮੁੱਖ ਸਾਖੀਆਂ

(1) ਅਖੌਤੀ ਨੀਵੇਂ ਜਾਤੀ ਵਿਚ ਜਨਮ ਲੈਣ ਵਾਲੀ ਸਾਖੀ
(2) ਪਿਛਲੇ ਜਨਮ ਦੀ ਸੋਝੀ ਕਾਰਨ ਨਵ-ਜੰਮੇ ਬਾਲਕ ਦੇ ਦੁੱਧ ਨ ਪੀਣ ਵਾਲੀ ਸਾਖੀ
(3) ਹਰਿ ਜੀ ਨੇ ਪਾਰਸ ਦੇਣ ਆਉਣਾ
(4) ਜੁੱਤੀ ਗੰਢਣਾ ਤੇ ਜੁੱਤੀ ਗੰਢਾਉਣ ਆਏ ਬ੍ਰਾਹਮਣ ਕੋਲ ਦਮੜੀ ਜਾਂ ਕਸੀਰਾ ਭੇਜਣਾ ਤੇ ਗੰਗਾ ਮਾਤਾ ਵਲੋਂ ਭੇਟਾ ਹੱਥ ਕੱਢ ਕੇ ਲੈਣਾ ।
(5) ਗੰਗਾ ਵਲੋਂ ਦਮੜੀ ਬਦਲੇ ਕੰਗਣ ਦੇਣ ਵਾਲੀ ਸਾਖੀ
(6) ਸੰਪਟ ਹੇਠੋਂ ਸੋਨੇ ਦੀਆਂ ਮੁਹਰਾਂ ਮਿਲਣੀਆਂ

(7) ਸਾਲਗਰਾਮ ਦਾ ਰਵਿਦਾਸ ਜੀ ਦੀ ਗੋਦੀ ਵਿਚ ਆਉਣਾ ।

(8) ਰਾਣੀ ਝਾਲੀ ਦਾ ਰਵਿਦਾਸ ਜੀ ਦੀ ਚੇਲੀ ਬਣਨਾ ।

(9) ਮੀਰਾ ਬਾਣੀ ਦਾ ਰਵਿਦਾਸ ਜੀ ਦੀ ਸ਼ਿਸ਼ ਬਣਨਾ

(10) ਚਿਤੌੜ ਜਾਣ ਦੀ ਸਾਖੀ

(11) ਚਿਤੌੜ ਵਿਚ ਬ੍ਰਹਮ ਭੋਜ ਸਮੇਂ ਬ੍ਰਾਹਮਣਾਂ ਦੇ ਸੱਜੇ ਖੱਬੇ ਰਵਿਦਾਸ ਜੀ ਦਾ ਬਿਰਾਜਣਾ।

(12) ਬ੍ਰਾਹਮਣਾਂ ਨੂੰ ਚਮੜੀ ਚੀਰ ਕੇ ਜਨੇਊ ਦਿਖਾਉਣਾ ।

(13) ਅਕਾਲ ਚਲਾਣੇ ਦੀ ਸਾਖੀ

ਗੁਰੂ ਰਵਿਦਾਸ ਸੰਬੰਧੀ ਜਨਮਸਾਖੀ ਸਾਹਿਤ ਵਿਚ ਪ੍ਰਮੁੱਖ ਸਾਖੀਆਂ ਦਾ ਲਗਭਗ ਬਹੁਤੇ ਸ੍ਰੋਤਾਂ ਵਿਚ ਜਾਂਦੀਆਂ ਹਨ। ਇਕ ਤੋਂ ਵੱਧ ਸ੍ਰੋਤ ਦਾ ਇਨ੍ਹਾਂ ਸਾਖੀਆਂ ਦਾ ਜ਼ਿਕਰ ਕਰਨਾ ਵੀ ਇਨ੍ਹਾਂ ਪਿੱਛੇ ਕੰਮ ਕਰਦੀ ਅਮੀਰ ਪਰੰਪਰਾ ਦੀ ਗਵਾਹੀ ਭਰਦਾ ਹੈ। ਭਾਵੇਂ ਇਨ੍ਹਾਂ ਸਾਖਆਂ ਦਾ ਮੁੱਲ ਪ੍ਰਤੀਕਾਤਮਕ ਤੌਰ ਤੇ ਜ਼ਿਆਦਾ ਹੈ ਪਰ ਜਨਸਮੂਹ ਇਸ ਨੂੰ ਸੱਚ ਮੰਨਦਾ ਆਇਆ ਹੈ। ਇਨ੍ਹਾਂ ਸਾਖੀਆਂ ਵਿਚ ਜਿੱਥੇ ਕਰਾਮਾਤਾਂ ਦਾ ਅੰਸ਼ ਹੈ ਉੱਥੇ ਕੁਝ ਸਦਾਚਾਰਕ ਕਦਰਾਂ ਕੀਮਤਾਂ ਦੀ ਵੀ ਤਰਜਮਾਨੀ ਕੀਤੀ ਗਈ ਹੈ। ਗੁਰੂ ਰਵਿਦਾਸ ਦੀ ਸ਼ਖਸੀਅਤ ਦਾ ਇਕ ਦੁਰੇਂਜਾ ਪੱਖ ਵੀ ਇਹ ਸਾਖੀਆਂ ਪੇਸ਼ ਕਰਦੀਆਂ ਹਨ ਭਾਵੇਂ ਕੁਝ ਅਮੰਨਣਯੋਗ ਘਟਨਾਵਾਂ ਦਾ ਵੀ ਵਰਨਣ ਹੈ।

ਅਗਲੇ ਪੰਨਿਆਂ ਵਿਚ ਅਸੀਂ ਵੱਖ-ਵੱਖ ਸ੍ਰੋਤਾਂ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਨੇ ਇਨ੍ਹਾਂ ਉਪਰੋਕਤ ਸਾਂਝੀਆਂ ਸਾਖੀਆਂ ਦਾ ਉਲੇਖ ਕੀਤਾ ਹੈ। ਇਨ੍ਹਾਂ ਵਿਚ ਅਸੀਂ ਪ੍ਰਾਚੀਨਤਮ ਸ੍ਰੋਤ ਤੇ ਕੁਝ ਪ੍ਰਮੁੱਖ ਸ੍ਰੋਤ ਹੀ ਲਏ ਹਨ। ਵੀਹਵੀਂ ਸਦੀ ਵਿਚ ਭਾਵੇਂ ਕਾਫ਼ੀ ਸਾਹਿਤ ਰਚਿਆ ਗਿਆ ਹੈ ਪਰ ਉਸ ਦਾ ਆਧਾਰ ਜਾਂ ਤਾਂ ਇਹੀ ਸ੍ਰੋਤ ਹਨ ਜਾਂ ਫਿਰ ਇਕਦਮ ਨਵੇਂ ਸਿਰਿਉਂ ਹੀ ਕੁਝ ਅਜਿਹਾ ਪੇਸ਼ ਕੀਤਾ ਗਿਆ ਹੈ ਜੋ ਖੋਜ ਨਾਲੋਂ ਕਲਪਨਾ ਦੀ ਉਪਜ ਵਧੇਰੇ ਹੈ ।

ਅਖੌਤੀ ਨੀਵੀਂ ਜਾਤੀ ਵਿਚ ਜਨਮ ਲੈਣ ਵਾਲੀ ਸਾਖੀ: ਸੁਆਮੀ ਰਾਮਾਨੰਦ ਦੇ ਸਰਾਪ ਦੇਣ ਦਾ ਕਾਰਨ ਉਨ੍ਹਾਂ ਦੇ ਬ੍ਰਹਮਚਾਰੀ ਚੇਲੇ ਨੂੰ ਸਰੀਰ ਤਿਆਗ ਕੇ ਅਖੌਤੀ ਨੀਵੀਂ ਜਾਤੀ (ਚਮਾਰ) ਵਿਚ ਜਨਮ ਲੈਣਾ ਪਿਆ ।

ਸੁਆਮੀ ਜੀ ਦੇ ਸਰਾਪ ਦੇਣ ਦਾ ਕਾਰਨ ਉਨ੍ਹਾਂ ਦੇ ਸ਼ਿਸ਼ ਦਾ ਇਕ ਅਜਿਹੇ ਵਿਅਕਤੀ ਕੋਲੋਂ ਭਿੱਖਿਆ ਲੈ ਕੇ ਆਉਣਾ ਸੀ ਜਿਸ ਦਾ ਵਪਾਰ ਸਿੱਧੇ ਜਾਂ ਅਸਿੱਧੇ ਢੰਗ ਨਾਲ ਸ਼ੂਦਰਾਂ ਨਾਲ ਸੰਬੰਧ ਰੱਖਦਾ ਸੀ। ਇਸ ਸਾਖੀ ਪਿੱਛੇ ਭਾਵਨਾ ਭਾਵੇਂ ਕੋਈ ਵੀ ਕੰਮ ਕਰ ਰਹੀ ਹੈ ਪਰੰਤੂ ਕਈ ਸ੍ਰੋਤਾਂ ਵਿਚ ਇਸ ਦਾ ਜ਼ਿਕਰ ਆਇਆ ਹੈ। ਇਸ ਨੀਵੀਂ ਜਾਤੀ ਵਿਚ ਜਨਮ ਲੈਣ ਦਾ ਕਾਰਨ ਕਈ ਸ੍ਰੋਤਾਂ ਵਿਚ ਭਗਤ ਰਵਿਦਾਸ ਜੀ ਦਾ ਮਾਸ ਖਾਣਾ ਦੱਸਿਆ ਹੈ:--

(ੳ) ਰੈਦਾਸ ਪਰਚਈ-- ਅਨੰਤ ਦਾਸ

(ਅ) ਭਗਤਮਾਲ-- ਕ੍ਰਿਤ ਰਾਘੋਦਾਸ

(ੲ) ਭਗਤਿ ਰਸਬੋਧ ਨੀ ਟੀਕਾ ਭਗਤ ਮਾਲ -- ਸ੍ਰੀ ਪ੍ਰਿਯਦਾਸ

(ਸ) ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ-- ਕ੍ਰਿਤ ਰਘੁਰਾਜ ਸਿੰਹੁ

(ਹ) ਪੋਥੀ ਹਰਿ ਜਸ-- ਭਾਈ ਦਰਬਾਰੀ ਦਾਸ

(ਕ) ਭਗਤ ਪ੍ਰੇਮਾਕਰਿ-- ਕੀਰਤ ਸਿੰਘ

(ਖ) ਭਗਤ ਸੁਧਾਸਰ-- ਉਦਾਸੀ ਸਾਧੂ ਬਿਧੀ ਚੰਦ

(2) <u>ਪਿਛਲੇ ਜਨਮ ਦੀ ਸੋਝੀ ਕਾਰਨ ਨਵ-ਜੰਮੇ ਬਾਲਕ ਨੇ ਚਮਾਰਨ ਮਾਂ ਦਾ ਦੁੱਧ ਨਾ ਪੀਣਾ</u>

ਸਾਖੀਕਾਰਾਂ ਨੇ ਇਸ ਸਾਖੀ ਵਿਚ ਦੱਸਿਆ ਹੈ ਕਿ ਰਵਿਦਾਸ ਜੀ ਨੇ ਆਪਣੇ ਗੁਰੂ ਦੇ ਸਰਾਪ ਕਾਰਨ ਸਰੀਰ ਤਿਆਗ ਕੇ ਚਮਾਰ ਜਾਤੀ ਵਿਚ ਜਨਮ ਤਾਂ ਲੈ ਲਿਆ ਪਰੰਤੂ ਉਨ੍ਹਾਂ ਪਿਛਲੇ ਜਨਮ ਦੀ ਸੋਝੀ ਕਾਰਨ ਆਪਣੀ ਮਾਂ ਦਾ ਦੁੱਧ ਨਾ ਪੀਤਾ। ਇਨ੍ਹਾਂ ਸਾਖੀਆਂ ਦਾ ਕੋਈ ਪ੍ਰਮਾਣਿਕ ਸ੍ਰੋਤ ਨਹੀਂ ਤੇ ਇਹ ਸਾਖੀਆਂ ਨਿਰਸੰਦੇਹ ਲੋਕ-ਕਲਪਨਾ ਦੀ ਉਪਜ ਹਨ। ਇਸ ਸਾਖੀ ਦਾ ਜ਼ਿਕਰ ਹੇਠ ਲਿਖੇ ਸ੍ਰੋਤਾਂ ਵਿਚ ਆਇਆ ਹੈ:--

(ੳ) ਰੈਦਾਸ ਪਰਚਈ-- ਸ੍ਰੀ ਅਨੰਤ ਦਾਸ

(ਅ) ਭਗਤ ਮਾਲ-- ਸ੍ਰੀ ਰਾਘੋਦਾਸ

(ੲ) ਸ੍ਰੀ ਭਗਤਮਾਲ ਅਰਥਾਤ ਰਾਮਰਿਸਕਾਵਲੀ-- ਸ੍ਰੀ ਰਘੁਰਾਜ ਸਿੰਹੁ

(ਸ) ਭਗਤ ਪ੍ਰੇਮਾਕਰਿ— ਸ੍ਰੀ ਕੀਰਤ ਸਿੰਘ

(ਹ) ਭਗਤ ਸੁਧਾਸਰ— ਸ੍ਰੀ ਬਿਧੀ ਚੰਦ ਉਦਾਸੀ

(3) ਹਰਿ ਜੀ ਨੇ ਪਾਰਸ ਦੇਣ ਆਉਣਾ

ਸਾਖੀਕਾਰਾਂ ਨੇ ਇਸ ਸਾਖੀ ਵਿਚ ਜਿੱਥੇ ਭਗਤ ਰਵਿਦਾਸ ਦੀ ਗਰੀਬੀ ਦਾ ਵਰਨਣ ਕੀਤਾ ਹੈ ਉਥੇ ਉਨ੍ਹਾਂ ਦੇ ਹੱਦ ਦਰਜੇ ਦੇ ਸੰਜਮੀ ਤੇ ਸੰਤੋਖੀ ਹੋਣ ਦਾ ਜ਼ਿਕਰ ਕੀਤਾ ਹੈ। ਅਨੇਕਾਂ ਸ੍ਰੋਤਾਂ ਵਿੱਚ ਇਸ ਸਾਖੀ ਦਾ ਵਰਨਣ ਹੈ ।

(ੳ) ਰੈਦਾਸ ਪਰਚਈ— ਸ੍ਰੀ ਅਨੰਤ ਦਾਸ

(ਅ) ਭਗਤ ਮਾਲ— ਸ੍ਰੀ ਰਾਘੋਦਾਸ

(ੲ) ਭਗਤ ਰਸ ਬੋਧਨੀ ਟੀਕਾ ਭਣਤਮਾਲ— ਸ੍ਰੀ ਪ੍ਰਿਯਦਾਸ

(ਸ) ਸ੍ਰੀ ਭਗਤਮਾਲ ਅਰਥਾਤ ਰਾਮਰਿਸਕਾਵਲੀ— ਰਘੁਰਾਜ ਸਿੰਹੁ

(ਹ) ਭਗਤ ਪ੍ਰੇਮਾਕਰਿ— ਕੀਰਤ ਸਿੰਘ

(ਕ) ਭਗਤ ਸੁਧਾਸਰਿ— ਬਿਧੀ ਦਾਸ ਉਦਾਸ

(4) ਜੁੱਤੀਆਂ ਗੰਢਣਾ ਤੇ ਜੁੱਤੀ ਗੰਢਾਉਣ ਆਏ ਬ੍ਰਾਹਮਣ ਕੋਲ ਦਮੜੀ ਜਾਂ ਕਸੀਰਾ ਗੰਗਾ ਮਾਤਾ ਨੇ ਹੱਥ ਕੱਢ ਕੇ ਲੈਣਾ

ਸਾਰੇ ਹੀ ਸ੍ਰੋਤ ਇਸ ਗੱਲ ਨਾਲ ਸਹਿਮਤ ਹਨ ਕਿ ਰਵਿਦਾਸ ਜੀ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਬ੍ਰਾਹਮਣ ਕੋਲ ਗੰਗਾ-ਭੇਟਾ ਭੇਜਣ ਵਾਲੀ ਸਾਖੀ ਦਾ ਇਨ੍ਹਾਂ ਸ੍ਰੋਤਾਂ ਨੇ ਵਰਨਣ ਕੀਤਾ ਹੈ:—

(ੳ) ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ— ਰਘੁਰਾਜ ਸਿੰਹੁ

(ਅ) ਵਾਰਾਂ — ਭਾਈ ਗੁਰਦਾਸ

(ੲ) ਪ੍ਰੇਮ ਅੰਬੋਧ ਪੋਥੀ— ਕਰਤਾ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹਨ ।

(ਸ) ਪੋਥੀ ਹਰਿ ਜਸ— ਭਾਈ ਦਰਬਾਰੀ ਦਾਸ

(ਹ) ਭਗਤਿ ਪ੍ਰੇਮਾਕਰਿ— ਜੱਸਾ ਸਿੰਘ

(ਕ) ਭਗਤ ਪ੍ਰੇਮਾਕਰਿ— ਕੀਰਤ ਸਿੰਘ

(ਖ) ਭਗਤ ਸੁਧਾਸਰ— ਸ੍ਰੀ ਬਿਧੀ ਦਾਸ ਉਦਾਸੀ

(5) ਗੰਗਾ ਵਲੋਂ ਦਮੜੀ ਬਦਲੇ ਕੰਗਣ ਦੇਣ ਵਾਲੀ ਸਾਖੀ

ਅਸੀਂ ਪਿਛਲੇ ਪੰਨਿਆਂ ਵਿਚ ਇਸ ਸਾਖੀ ਦਾ ਇਤਿਹਾਸਕ ਪੱਖ ਪੇਸ਼ ਕਰ ਆਏ ਹਾਂ। ਫਿਰ ਵੀ ਲੋਕ-ਮਨ ਦੀ ਇਸ ਸਾਖੀ ਨੂੰ ਬੜਾ ਪ੍ਰਚੱਲਿਤ ਮੰਨਿਆ ਜਾਂਦਾ ਹੈ ਤੇ ਕਈ ਸ੍ਰੋਤਾਂ ਵਿਚ ਇਸ ਦਾ ਵਰਨਣ ਹੈ:—

(ੳ) ਸ੍ਰੀ ਭਗਤਮਾਲ ਅਰਥਾਤ ਰਾਮਰਸਿਕਾਵਲੀ— ਰਘੁਰਾਜ ਸਿੰਹੁ
(ਅ) ਪ੍ਰੇਮ ਅੰਬੋਧ ਪੋਥੀ —- ਕਰਤਾ ਬਾਰੇ ਵਿਦਵਾਨਾਂ ਵਿੱਚ ਵੱਖ ਵੱਖ ਮੱਤਭੇਦ ਹਨ ।
(ੲ) ਭਗਤ ਪ੍ਰੇਮਾਕਰਿ— ਜੱਸਾ ਸਿੰਘ
(ਸ) ਭਗਤ ਪ੍ਰੇਮਾਕਰਿ— ਕੀਰਤ ਸਿੰਘ
(ਹ) ਭਗਤ ਸੁਧਾਸਰ—— ਸ੍ਰੀ ਬਿਧੀਦਾਸ ਉਦਾਸੀ

(6) ਸੰਪਟ ਹੇਠੋਂ ਸੋਨੇ ਦੀਆਂ ਮੁਹਰਾਂ ਮਿਲਣੀਆਂ

ਰਵਿਦਾਸ ਜੀ ਨੇ ਹਰਿ ਜੋ ਕੋਲੋਂ ਪਾਰਸ ਨਾ ਲਿਆ ਤਾਂ ਉਨ੍ਹਾਂ ਨੂੰ ਸੰਪਟ ਹੇਠੋਂ ਸੋਨੇ ਦੀਆਂ ਪੰਜ ਮੁਹਰਾਂ ਮਿਲੀਆਂ । ਪਹਿਲਾਂ ਤਾਂ ਉਹ ਨਾਰਾਜ਼ ਹੋਏ ਪਰੰਤੂ ਫਿਰ ਸਾਖੀ ਅਨੁਸਾਰ ਪ੍ਰਭੂ ਦੀ ਆਗਿਆ ਅਨੁਸਾਰ ਉਨ੍ਹਾਂ ਨੇ ਮੁਹਰਾਂ ਰੋਜ਼ਾਨਾ ਲੈਣੀਆਂ ਸ਼ੁਰੂ ਕਰ ਦਿੱਤੀਆਂ ਤੇ ਸ਼ਾਨਦਾਰ ਮੰਦਰ ਬਣਵਾ ਦਿੱਤਾ । ਹੇਠ ਲਿਖੇ ਸ੍ਰੋਤਾਂ ਵਿੱਚ ਇਸ ਸਾਖੀ ਦਾ ਜ਼ਿਕਰ ਆਇਆ ਹੈ:—

(ੳ) ਰੈਦਾਸ ਪਰਚਈ— ਸ੍ਰੀ ਅਨੰਤ ਦਾਸ
(ਅ) ਭਗਤ ਮਾਲ— ਰਾਘੋਦਾਸ
(ੲ) ਭਗਤ ਰਸਬੋਧਨੀ ਟੀਕਾ ਭਗਤ ਮਾਲ— ਸ੍ਰੀ ਪ੍ਰਿਯਦਾਸ
(ਸ) ਸ੍ਰੀ ਭਗਤਮਾਲ ਅਰਥਾਤ ਰਾਮਰਿਸਕਾਵਲੀ-- ਰਘੁਰਾਜ ਸਿੰਹੁ
(ਹ) ਭਗਤ ਪ੍ਰੇਮਾਕਰਿ— ਕੀਰਤ ਸਿੰਘ
(ਕ) ਭਗਤ ਸੁਧਾਸਰ-— ਸ੍ਰੀ ਬਿਧੀ ਦਾਸ ਉਦਾਸੀ

(7) ਸਾਲਗਰਾਮ ਦਾ ਰਵਿਦਾਸ ਜੀ ਦੀ ਗੋਦੀ ਵਿਚ ਆਉਣਾ

ਰਵਿਦਾਸ ਜੀ ਦੀ ਪ੍ਰੀਖਿਆ ਕਈ ਰਾਜਿਆਂ ਤੇ ਸੁਲਤਾਨਾਂ ਵਲੋਂ ਲਈ । ਕਈ ਸਾਖੀਕਾਰਾਂ ਅਨੁਸਾਰ ਇਹ ਕਰਾਮਾਤ ਰਾਜਾ ਨਾਗਰਮਲ ਦੀਆਂ ਅੱਖਾਂ ਅੱਗੇ ਵਾਪਰੀ ਤੇ ਕਈ ਉਸ ਦਾ ਨਾਂ ਸੁਲਤਾਨ ਅਲਾਵਦੀ ਵੀ ਦੱਸਦੇ ਹਨ। ਨਿਰਸੰਦੇਹ ਇਹ ਘਟਨਾ ਬਹੁਤ ਹੀ ਪ੍ਰਸਿੱਧ ਹੋਣ ਕਰਕੇ ਕਈ ਸ੍ਰੋਤਾਂ ਵਿਚ ਇਸਦਾ ਜ਼ਿਕਰ ਹੈ:-

(ੳ) ਰੈਦਾਸ ਪਰਚਈ- ਸ੍ਰੀ ਅਨੰਤ ਦਾਸ
(ਅ) ਭਗਤਮਾਲ- ਰਾਘੋਦਾਸ
(ੲ) ਸ੍ਰੀ ਭਗਤਮਾਲ ਅਰਥਾਤ ਰਾਮਰਿਸਕਾਵਲੀ- ਰਘੁਰਾਜ ਸਿੰਹੁ
(ਧ) ਸ੍ਰੀ ਕੁਸ਼ਲਦਾਸ
(ਹ) ਰਵਿਦਾਸ ਪ੍ਰਗਾਸ- ਮਹੰਤ ਜਮਨਾ ਦਾਸ

ਇਹੋ ਸਾਖੀ ਥੋੜ੍ਹੇ ਜਿਹੇ ਬਦਲਵੇਂ ਰੂਪ ਵਿਚ ਮਿਲਦੀ ਹੈ ਜਦੋਂ ਸਾਲਗਰਾਮ ਰਵਿਦਾਸ ਦੀ ਗੋਦੀ ਵਿਚ ਤਾਂ ਨਹੀਂ ਆਉਂਦੇ ਸਗੋਂ ਪਾਣੀ ਵਿੱਚ ਮੁਰਗਾਈ ਵਾਂਗ ਤੈਰਨ ਲੱਗ ਪੈਂਦੇ ਹਨ। ਇਸ ਵਖਰੇਵੇਂ ਦਾ ਕਾਰਨ ਉਹ ਸ਼ਰਤ ਹੈ ਜੋ ਬ੍ਰਾਹਮਣਾਂ ਨੇ ਰਵਿਦਾਸ ਜੀ ਨਾਲ ਲਗਾਈ ਸੀ। ਜੇ ਕਿਸੇ ਸਾਖੀ ਵਿਚ ਸ਼ਰਤ ਠਾਕਰ ਨੂੰ ਆਪਣੇ ਕੋਲ ਬੁਲਾ ਲੈਣ ਦੀ ਸੀ ਤਾਂ ਉਹ ਰਵਿਦਾਸ ਜੀ ਦੀ ਗੋਦ ਵਿਚ ਆ ਗਏ ਤੇ ਜੇ ਪਾਣੀ ਵਿਚ ਤੈਰਨ ਦੀ ਸੀ ਤਾਂ ਠਾਕਰ ਜੀ ਪਾਣੀ ਵਿਚ ਤੈਰਨ ਲੱਗ ਪਏ। ਇਹ ਪਾਣੀ ਗੰਗਾ ਸੀ ਜਾਂ ਸਾਧਾਰਨ ਇਸ ਵਿਚ ਵੀ ਥੋੜ੍ਹਾ ਜਿਹਾ ਵਖਰੇਵਾਂ ਮਿਲਦਾ ਹੈ। ਜਿਨ੍ਹਾਂ ਸ੍ਰੋਤਾਂ ਵਿੱਚ ਠਾਕਰ ਦੇ ਮੁਰਗਾਈ ਵਾਂਗ ਤੈਰਨ ਦਾ ਵਰਨਣ ਹੈ ਅਸੀਂ ਹੁਣ ਉਨ੍ਹਾਂ ਦਾ ਵਰਨਣ ਕਰ ਰਹੇ ਹਾਂ:-

(ੳ) ਪ੍ਰੇਮ ਅੰਬੋਧ ਪੋਥੀ
(ਅ) ਭਗਤ ਪ੍ਰੇਮਾਕਰਿ- ਜੱਸਾ ਸਿੰਘ
(ੲ) ਭਗਤ ਪ੍ਰੇਮਾਕਰਿ- ਕੀਰਤ ਸਿੰਘ
(ਸ) ਭਗਤ ਸੁਧਾਸਰ- ਸ੍ਰੀ ਬਿਧੀ ਦਾਸ ਉਦਾਸੀ

(8) ਰਾਣੀ ਝਾਲੀ ਦਾ ਰਵਿਦਾਸ ਜੀ ਦੀ ਚੇਲੀ ਬਣਨਾ

ਅਨੇਕਾਂ ਸ੍ਰੋਤਾਂ ਵਿਚ ਇਸ ਸਾਖੀ ਦਾ ਜ਼ਿਕਰ ਆਇਆ ਹੈ। ਰਾਣੀ ਝਾਲੀ

ਚਿਤੌੜ ਦੀ ਰਾਣੀ ਸੀ ਤੇ ਭਗਤ ਰਵਿਦਾਸ ਦੀ ਮਹਿਮਾ ਸੁਣ ਕੇ ਹੀ ਉਨ੍ਹਾਂ ਤੋਂ ਦੀਖਿਆ ਲੈਣ ਗਈ ਸੀ:-

(ੳ) ਰੈਦਾਸ ਪਰਚਈ- ਸ੍ਰੀ ਅਨੰਤ ਦਾਸ

(ਅ) ਭਗਤ ਮਾਲ- ਰਾਘੋਦਾਸ

(ੲ) ਭਗਤਿ ਰਸ ਬੋਧਨੀ ਟੀਕਾ ਭਗਤਮਾਲ- ਪ੍ਰਿਯਾਦਾਸ

(ਸ) ਸ੍ਰੀ ਭਗਤ ਮਾਲ ਅਰਥਾਤ ਰਾਮਰਿਸਕਾਵਲੀ- ਰਘੁਰਾਜ ਸਿੰਹੁ

(ਹ) ਭਗਤ ਪ੍ਰੇਮਾਕਰਿ- ਕੀਰਤ ਸਿੰਘ

(ਕ) ਭਗਤ ਸੁਧਾਸਰ- ਸ੍ਰੀ ਬਿਧੀ ਦਾਸ ਉਦਾਸ

(9) <u>ਮੀਰਾ ਬਾਈ ਦਾ ਰਵਿਦਾਸ ਜੀ ਦੀ ਸ਼ਿਸ਼ ਬਣਨਾ</u>

(ੳ) ਪ੍ਰੇਮ ਅੰਬੋਧ ਪੋਥੀ

(ਅ) ਭਗਤ ਪ੍ਰੇਮਾਕਰਿ- ਜੱਸਾ ਸਿੰਘ

(10) <u>ਚਿਤੌੜ ਜਾਣ ਦੀ ਸਾਖੀ</u>

ਭਗਤ ਰਵਿਦਾਸ ਜੀ ਦੇ ਬਨਾਰਸ ਤੋਂ ਬਾਹਰ ਜਾਣ ਦਾ ਸੰਕੇਤ ਸਾਨੂੰ ਬਹੁਤ ਘੱਟ ਮਿਲਦਾ ਹੈ ਪਰੰਤੂ ਇਹ ਇਕ ਅਜਿਹੀ ਸਾਖੀ ਹੈ ਜਿਸ ਤੋਂ ਉਨ੍ਹਾਂ ਦੇ ਚਿਤੌੜ ਜਾਣ ਦੀ ਤਸਦੀਕ ਹੋ ਜਾਂਦੀ ਹੈ। ਅਨੇਕਾਂ ਸ੍ਰੋਤਾਂ 'ਚ ਇਹ ਸਾਖੀ ਉਪਲਬਧ ਹੈ ।

(ੳ) ਰੈਦਾਸ ਪਰਚਈ- ਸ੍ਰੀ ਅਨੰਤ ਦਾਸ

(ਅ) ਭਗਤਮਾਲ- ਰਾਘੋਦਾਸ

(ੲ) ਸ੍ਰੀ ਭਗਤਮਾਲ ਅਰਥਾਤ ਰਾਮਰਿਸਕਾਵਲੀ- ਰਘੁਰਾਜ ਸਿੰਹੁ

(ਸ) ਭਗਤ ਪ੍ਰੇਮਾਕਰਿ- ਕੀਰਤ ਸਿੰਘ

(ਹ) ਭਗਤ ਸੁਧਾਸਰ- ਸ੍ਰੀ ਬਿਧੀ ਦਾਸ ਉਦਾਸੀ

(ਕ) ਰਵਿਦਾਸ ਪ੍ਰਗਾਸ- ਮਹੰਤ ਜਮਨਾ ਦਾਸ

(11) <u>ਚਿਤੌੜ ਵਿਚ ਬ੍ਰਹਮ ਭੋਜ ਸਮੇਂ ਬ੍ਰਾਹਮਣਾਂ ਦੇ ਸੱਜੇ ਖੱਬੇ ਰਵਿਦਾਸ ਜੀ ਦਾ ਬਿਰਾਜਣਾ</u>

ਇਸ ਸਾਖੀ ਦਾ ਵੀ ਕਈ ਸ੍ਰੋਤਾਂ ਵਿਚ ਜ਼ਿਕਰ ਹੈ:-

(ੳ) ਰੈਦਾਸ ਪਰਚਈ- ਸ੍ਰੀ ਅਨੰਤ ਦਾਸ

(ਅ) ਭਗਤ ਰਸਬੋਧਨੀ (ਟੀਕਾ ਭਗਤ ਮਾਲ) — ਸ੍ਰੀ ਪ੍ਰਿਯਾਦਾਸ

(ੲ) ਸ੍ਰੀ ਭਗਤਮਾਲ ਅਰਥਾਤ ਰਾਮਰਿਸਕਾਵਲੀ— ਰਘੁਰਾਜ ਸਿੰਹੁ

(ਸ) ਭਗਤ ਪ੍ਰੇਮਾਕਰਿ— ਕੀਰਤ ਸਿੰਘ

(ਹ) ਭਗਤਿ ਸੁਧਾਸਰ— ਸ੍ਰੀ ਬਿਧੀ ਦਾਸ ਉਦਾਸੀ

(12) ਬ੍ਰਾਹਮਣਾਂ ਨੂੰ ਚਮੜੀ ਚੀਰ ਕੇ ਜਨੇਊ ਦਿਖਾਉਣਾ

ਇਸ ਸਾਖੀ ਰਾਹੀਂ ਸਾਖੀਕਾਰ ਨੇ ਭਗਤ ਰਵਿਦਾਸ ਦੇ ਪੂਰਬਲੇ ਜਨਮ ਵਿਚ ਉੱਚ ਸ੍ਰੇਣੀ ਨਾਲ ਸੰਬੰਧਿਤ ਹੋਣ ਨੂੰ ਦਰਸਾਇਆ ਹੈ। ਇਸ ਸਾਖੀ ਦਾ ਦੂਜਾ ਪੱਖ ਗੁਰੂ ਰਵਿਦਾਸ ਦੀ ਬ੍ਰਾਹਮਣਾਂ ਤੇ ਹੋਈ ਜਿੱਤ ਨੂੰ ਹੋਰ ਵੀ ਪੱਕਾ ਕਰਨਾ ਸੀ । ਇਸ ਸਾਖੀ ਨੂੰ ਵੀ ਅਸੀਂ ਸਾਂਝੀਆਂ ਸਾਖੀਆਂ ਦੀ ਸ਼੍ਰੇਣੀ ਵਿਚ ਰੱਖਿਆ ਹੈ ਕਿਉਂਕਿ ਇਕ ਤੋਂ ਵੱਧ ਸ਼੍ਰੋਤਾਂ ਨੇ ਇਸ ਦਾ ਜ਼ਿਕਰ ਕੀਤਾ ਹੈ:—

(ੳ) ਰੈਦਾਸ ਪਰਚਈ— ਸ੍ਰੀ ਅਨੰਤ ਦਾਸ

(ਅ) ਭਗਤਮਾਲ— ਰਾਘੋਦਾਸ

(ੲ) ਭਗਤਮਾਲ ਅਰਥਾਤ ਰਾਮਰਿਸਕਾਵਲੀ— ਰਘੁਰਾਜ ਸਿੰਹੁ

(ਸ) ਭਗਤ ਪ੍ਰੇਮਾਕਰਿ— ਕੀਰਤ ਸਿੰਘ

(ਹ) ਭਗਤ ਸੁਧਾਸਰ— ਸ੍ਰੀ ਬਿਧੀ ਦਾਸ ਉਦਾਸੀ

(13) ਅਕਾਲ ਚਲਾਣੇ ਦੀ ਸਾਖੀ

ਇਹ ਸਾਖੀ ਸਿਰਫ ਰੈਦਾਸ ਪਰਚਈ ਵਿਚ ਹੈ ਹੋਰ ਕਿਸੇ ਵੀ ਸ੍ਰੋਤ ਵਿਚ ਇਸ ਸਾਖੀ ਦਾ ਵਰਨਣ ਨਹੀਂ ਮਿਲਦਾ । 'ਪੁਰਾਤਨ ਗੋਸ਼ਟ-ਸਗ੍ਰੈਹ' ਜੋ ਕਿ ਸੋਢੀ ਮਿਹਰਬਾਨ ਦੀ ਰਚਨਾ ਮੰਨੀ ਗਈ ਹੈ ਇਸ ਸਾਖੀ ਦਾ ਜ਼ਿਕਰ ਕਰਦੀ ਹੈ ਜਿਸ ਅਨੁਸਾਰ ਪਾਰਬ੍ਰਹਮ ਵਲੋਂ ਭਗਤਨਾਮਾ, ਕਬੀਰ, ਤ੍ਰਿਲੋਚਨ ਤੇ ਧੰਨੇ ਨੂੰ ਰਵਿਦਾਸ ਕੋਲ ਭੇਜਿਆ ਜਾਂਦਾ ਹੈ। ਉਹ ਭਗਤ ਜੀ ਨੂੰ ਦੱਸਦੇ ਹਨ ਕਿ ਇੱਕੋ ਦਿਨ ਬਾਦ ਪਾਰਬ੍ਰਹਮ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾਇਆ ਹੈ ਤੇ ਭਗਤ ਰਵਿਦਾਸ ਬੜੀ ਹੀ ਸ਼ਾਂਤੀ ਨਾਲ ਆਪਣੇ ਅਕਾਲ ਚਲਾਣੇ ਦੀ ਖਬਰ ਸੁਣਦੇ ਹਨ। ਇਸ ਸੰਗ੍ਰਹਿ ਤੋਂ ਛੁੱਟ ਹੋਰ ਭਾਈ ਦਰਬਾਰੀ ਦਾਸ ਨੇ ਵੀ ਇਸ

ਸਾਖੀ ਦਾ ਜ਼ਿਕਰ ਕੀਤਾ ਹੈ ।

ਉਪਰੋਕਤ ਸਰਵੇਖਣ ਤੋਂ ਬਾਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਾਰੇ ਸ੍ਰੋਤਾਂ ਵਿਚ ਸਾਖੀਆਂ ਦੀ ਗਿਣਤੀ ਇਕੋ ਜਿੰਨੀ ਨਹੀਂ ਹੈ। ਪੁਰਾਤਨ ਸ੍ਰੋਤਾਂ ਵਿਚੋਂ 'ਰੈਦਾਸ ਪਰਚਈ' ਕ੍ਰਿਤ ਸ੍ਰੀ ਅਨੰਤ ਦਾਸ 28 ਘਟਨਾਵਾਂ ਦਾ ਵਰਨਣ ਕਰਦਾ ਹੈ ਜਿਨ੍ਹਾਂ ਵਿਚੋਂ ਪ੍ਰਸਿੱਧ ਘਟਨਾਵਾਂ –ਪੂਰਬਲੇ ਜਨਮ ਦੀ ਕਥਾ, ਹੋਰ ਜੀ ਨੇ ਪਾਰਸ ਦੇਣ ਆਉਣਾ, ਸਾਲਗਰਾਮ ਦਾ ਗੋਦੀ ਵਿਚ ਆਉਣਾ ਆਦਿ ਹਨ। ਬੇਸ਼ੱਕ ਸ੍ਰੀ ਅਨੰਤ ਦਾਸ ਨੇ ਵੀ ਤੱਥਾਂ ਨਾਲੋਂ ਪ੍ਰਚੱਲਿਤ ਪਰੰਪਰਾ ਤੋਂ ਹੀ ਵਧੇਰੇ ਮੱਦਦ ਲਈ ਹੋਵੇਗੀ ਕਿਉਂਕਿ ਸਾਖੀਕਾਰ ਇਤਿਹਾਸ ਨਹੀਂ ਲਿਖ ਰਿਹਾ ਸੀ ਸਗੋਂ ਇਕ ਸੰਤ ਮਹਾਤਮਾ ਦਾ ਅਲੌਕਿਕ ਚਿੱਤਰ ਪੇਸ਼ ਕਰ ਰਿਹਾ ਸੀ। ਇਹ ਸਾਹਿਤ ਲੋਕਾਂ ਦੇ ਵਿਸ਼ਵਾਸ਼ਾਂ ਅਤੇ ਭਾਵਨਾਵਾਂ ਨੂੰ ਮੁੱਖ ਰੱਖ ਕੇ ਹੀ ਰਚਿਆ ਗਿਆ ਜਿਸ ਕਾਰਨ ਇਸ ਵਿੱਚ ਬਹੁਤ ਕੁਝ ਅਜਿਹਾ ਹੈ ਜੋ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਮੰਨਣਯੋਗ ਜਾਪਦਾ ਹੈ।

ਜਨਮ-ਸਾਖੀ ਸਾਹਿਤ ਦਾ ਆਲੋਚਨਾਤਮਕ ਅਧਿਐਨ ਕਰਨ ਸਮੇਂ ਸਾਡਾ ਮਨੋਰਥ ਇਨ੍ਹਾਂ ਜਨਮ-ਸਾਖੀਆਂ ਨੂੰ ਵਿਗਿਆਨ ਦੀ ਕਸੌਟੀ ਤੇ ਨਹੀਂ ਪਰਖਣਾ ਸੀ ਸਗੋਂ ਵਿਗਿਆਨ ਦੀ ਰੋਸ਼ਨੀ ਵਿੱਚ ਕੁਝ ਅਜਿਹੇ ਨੁਕਤੇ ਪੇਸ਼ ਕਰਨਾ ਸੀ ਜੋ ਆਮ ਮਨੁੱਖ ਲਈ ਇਸ ਸਾਹਿਤ ਨੂੰ ਘੋਖਣ ਵਿਚ ਸਹਾਈ ਹੋ ਸਕਣ । ਸਾਖੀ ਕਿਉਂਕਿ ਸਾਹਿਤ ਦਾ ਇਕ ਰੂਪ ਹੈ ਤੇ ਇਹ ਗਾਲਪਿਕ ਵਿਧਾ ਹੈ ਇਸ ਕਰਕੇ ਇਸ ਵਿਚ ਕਲਪਨਾ ਦੇ ਅੰਸ਼ ਮੌਜੂਦ ਹਨ। ਤੱਥਾਂ ਤੇ ਆਧਾਰਿਤ ਵਿਗਿਆਨ ਦੇ ਆਧਾਰ ਤੇ ਇਸ ਸਾਹਿਤ ਨੂੰ ਪਰਖਣਾ ਅਸੰਭਵ ਹੈ।

ਅਸੀਂ ਵੱਖ-ਵੱਖ ਸ੍ਰੋਤਾਂ 'ਵਿੱਚ ਮਿਲਦੀਆਂ ਸਾਖੀਆਂ ਇਕੱਤਰ ਕਰਨ ਤੋਂ ਬਾਦ ਸਾਂਝੀਆਂ ਸਾਖੀਆਂ ਦੀ ਇਕ ਸੂਚੀ ਤਿਆਰ ਕੀਤੀ ਹੈ। ਅਜਿਹਾ ਕਰਨ ਸਮੇਂ ਸਾਡਾ ਮਨੋਰਥ ਉਨ੍ਹਾਂ ਸਾਖੀਆਂ ਵੱਲ ਧਿਆਨ ਦੇਣਾ ਸੀ ਜਿਨ੍ਹਾਂ ਦਾ ਵਰਨਣ ਉਪਲਬਧ ਸ੍ਰੋਤਾਂ ਵਿਚੋਂ ਬਹੁਤਿਆਂ ਨੇ ਕੀਤਾ ਹੈ। ਅਖੌਤੀ ਨੀਵੀਂ ਜਾਤੀ ਵਿਚ ਜਨਮ ਲੈਣ ਵਾਲੀ ਘਟਨਾ ਦਾ ਜ਼ਿਕਰ ਵੀ ਕਈ ਸ੍ਰੋਤਾਂ ਨੇ ਕੀਤਾ ਹੈ। ਇਸ ਸਾਖੀ ਪਿੱਛੇ ਕਈ ਭਾਵਨਾਵਾਂ ਕੰਮ ਕਰਦੀਆਂ ਜਾਪਦੀਆਂ ਹਨ ।

ਇਕ ਮਤ ਅਨੁਸਾਰ ਅਛੋਤੀ ਨੀਵੀਂ ਜਾਤ ਵਿੱਚ ਜਨਮ ਲੈਣ ਵਾਲੀ ਸਾਖੀ ਬ੍ਰਾਹਮਣ ਵਾਦ ਦੀ ਉਪਜ ਹੈ। ਇਕ ਪਰੰਪਰਾ ਅਨੁਸਾਰ ਭਗਤ ਰਵਿਦਾਸ ਨੂੰ ਜੋ ਕਿ ਪੂਰਬਲੇ ਜਨਮ 'ਵਿੱਚ ਬ੍ਰਹਮਚਾਰੀ ਸਨ, ਮਾਸ ਖਾਣ ਕਾਰਨ ਨੀਵੀਂ ਜਾਤੀ ਵਿੱਚ ਜਨਮ ਲੈਣਾ ਪਿਆ ਜਦ ਕਿ ਦੂਜੀ ਪਰੰਪਰਾ ਇਸ ਦਾ ਕਾਰਨ ਸੁਆਮੀ ਰਾਮਾਨੰਦ ਦਾ ਸਰਾਪ ਮੰਨਦੀ ਹੈ। ਕਥਾ ਇਉਂ ਚੱਲਦੀ ਹੈ ਕਿ ਰਵਿਦਾਸ ਜੀ ਇਕ ਦਿਨ ਇਕ ਬਾਣੀਏ ਘਰੋਂ ਭਿੱਖਿਆ ਲੈ ਆਏ ਜੋ ਚਮਾਰਾਂ ਨਾਲ ਲੈਣ ਦੇਣ ਕਰਦਾ ਸੀ। ਸੁਆਮੀ ਰਾਮਾਨੰਦ ਦਾ ਧਿਆਨ ਨਾ ਲੱਗਣ ਕਾਰਨ ਜਦੋਂ ਇਸ ਅਪਰਾਧ ਦਾ ਪਤਾ ਲੱਗਿਆ ਤਾਂ ਸਜਾ ਵਜੋਂ ਸੁਆਮੀ ਰਾਮਾਨੰਦ ਨੇ ਆਪਣੇ ਸ਼ਿਸ਼ ਰਵਿਦਾਸ ਨੂੰ ਨੀਚ ਕੁਲ ਵਿੱਚ ਜਨਮ ਲੈਣ ਦਾ ਸਰਾਪ ਦਿੱਤਾ । ਸਾਰੇ ਸ੍ਰੋਤਾਂ ਵਿਚ ਇਸ ਸਾਖੀ ਦੀ ਇਕਸਾਰਤਾ ਨਹੀਂ ਹੈ ਜਿਸ ਦਾ ਕਾਰਨ ਸਾਡੀ ਜਾਚੇ ਲਿਖਤ ਤੋਂ ਪਹਿਲਾਂ ਸਾਖੀ-ਸਾਹਿਤ ਦਾ ਲਗਾਤਾਰ ਵਿਕਾਸ ( Evolution ) ਹੈ । ਇਸ ਵਖਰੇਵੇਂ ਦੇ ਬਾਵਜੂਦ ਵੀ ਇਸ ਸਾਖੀ ਪਿੱਛੇ ਇਹ ਭਾਵਨਾ ਕੰਮ ਕਰਦੀ ਨਜ਼ਰ ਆਉਂਦੀ ਹੈ ਕਿ ਸਮਕਾਲੀਨ ਧਾਰਮਿਕ ਸਮਾਜ ਤੇ ਆਲਮਬਰਦਾਰ ਬ੍ਰਾਹਮਣ ਇਹ ਕਦਾਚਿਤ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਇਕ ਸ਼ੂਦਰ ਭਗਤੀ ਕਰਕੇ ਇੰਨਾ ਉੱਚਾ ਸਥਾਨ ਪ੍ਰਾਪਤ ਕਰ ਜਾਵੇ ।

ਇਸ ਦਾ ਦੂਜਾ ਪੱਖ ਇਹ ਵੀ ਹੋ ਸਕਦਾ ਹੈ ਕਿ ਸ਼ਰਧਾਲੂਆਂ ਦੁਆਰਾ ਹੀ ਇਹ ਸਾਖੀ ਰਚੀ ਗਈ ਹੋਵੇ ਤੇ ਅਜਿਹਾ ਕਰਦੇ ਸਮੇਂ ਉਨ੍ਹਾਂ ਦਾ ਮਨੋਰਥ ਨੂੰ ਭਗਤ ਰਵਿਦਾਸ ਨੂੰ ਬ੍ਰਾਹਮਣਾਂ ਦੇ ਸਮਾਨ ਹੀ ਦੱਸਣਾ ਹੋਵੇ। ਇਕ ਮਨੋਰਥ ਇਹ ਵੀ ਹੋ ਸਕਦਾ ਹੈ ਕਿ ਭਗਤੀ ਜਾਤ ਨਾਲੋਂ ਉੱਚੀ ਹੈ ਤੇ ਨੀਵੀਂ ਜਾਤ ਵਿਚ ਜਨਮ ਲੈ ਕੇ ਭਗਤੀ ਦੇ ਸਹਾਰੇ ਉੱਚੀ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ ।

ਦੂਜੀ ਸਾਖੀ ਹਰਿ ਜੀ ਦੇ ਪਾਰਸ ਦੇਣ ਵਾਲੀ ਹੈ। ਇਹ ਸਾਖੀ ਗੁਰੂ ਰਵਿਦਾਸ ਦੇ ਅਤਿ ਸੰਜਮੀ ਤੇ ਸੰਤੋਖੀ ਸੁਭਾਅ ਨੂੰ ਪ੍ਰਗਟ ਕਰਦੀ ਹੈ। ਕਿਰਤ ਕਰਨਾ ਤੇ ਵੰਡ ਕੇ ਛਕਣਾ ਉਨ੍ਹਾਂ ਦੇ ਜੀਵਨ ਦਾ ਮਨੋਰਥ ਸੀ ਤੇ ਉਨ੍ਹਾਂ ਦੇ ਉੱਚੇ ਤੇ ਸੁੱਚੇ ਆਦਰਸ਼ਾਂ ਦੀ ਪ੍ਰੀਖਿਆ ਭਾਵੇਂ ਭਗਵਾਨ ਵਲੋਂ ਵੀ ਕੀਤੀ ਗਈ , ਉਹ ਸਫਲ ਰਹੇ। ਬਹੁਤੇ ਸ੍ਰੋਤਾਂ ਨੇ ਇਸ ਸਾਖੀ ਦਾ ਜ਼ਿਕਰ

ਕੀਤਾ ਹੈ ਤੇ ਵੱਖ ਵੱਖ ਸ੍ਰੋਤਾਂ ਵਿਚ ਮਿਲਦੀ ਇਸ ਸਾਖੀ ਵਿੱਚ ਕਾਫ਼ੀ ਇਕਸਾਰਤਾ ਹੈ। ਭਗਵਾਨ ਸਾਧੂ ਦੇ ਭੇਸ ਵਿਚ ਆਉਂਦੇ ਹਨ ਤੇ ਪਾਰਸ ਦੇਣ ਤੋਂ 13 ਮਹੀਨੇ ਬਾਦ ਹੀ ਪਰਤਦੇ ਹਨ। ਇਸ ਸਾਖੀ ਦੀ ਰਚਨਾ ਨੇ ਭਗਤ ਰਵਿਦਾਸ ਦੀ ਸ਼ਖਸੀਅਤ ਨੂੰ ਬਹੁਤ ਉਘਾੜਕੇ ਪੇਸ਼ ਕੀਤਾ ਹੈ ।

ਸਾਰੇ ਹੀ ਸਾਖੀਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਉਹ ਜੁੱਤੀਆਂ ਗੰਢਣ ਦਾ ਕਿੱਤਾ ਕਰਦੇ ਸਨ ਜਿਸ ਦਾ ਵਰਨਣ ਉਨ੍ਹਾਂ ਦੀ ਆਪਣੀ ਬਾਣੀ ਵਿਚ ਵੀ ਮਿਲ ਜਾਂਦਾ ਹੈ। ਇਹ ਕਿੱਤਾ ਕਰਨ ਸਮੇਂ ਹੀ ਉਹ ਇਕ ਬ੍ਰਾਹਮਣ ਹੱਥ ਗੰਗਾ ਮਾਤਾ ਲਈ ਭੇਟਾ ਭੇਜਦੇ ਹਨ ਤੇ ਸਾਖੀਆਂ ਅਨੁਸਾਰ ਗੰਗਾ ਜੀ ਉਹ ਭੇਟਾ ਹੱਥ ਕੱਢ ਕੇ ਕਬੂਲ ਕਰਦੇ ਹਨ । ਅਸੀਂ ਪਿਛਲੇ ਪੰਨਿਆਂ ਵਿੱਚ ਜ਼ਿਕਰ ਕਰ ਆਏ ਹਾਂ ਕਿ ਇਸ ਸਾਖੀ ਦੀ ਰਚਨਾ ਪਿੱਛੇ

ਪੌਰਾਣਿਕ-ਭਾਵਨਾ ਕੰਮ ਕਰ ਰਹੀ ਹੈ ਜਿਸ ਅਨੁਸਾਰ ਗੰਗਾ ਨੂੰ ਦੇਵੀ ਵਜੋਂ ਮੰਨਿਆ ਜਾਂਦਾ ਹੈ। ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਪੁਰਾਣਾਂ ਵਿੱਚ ਲਿਖਿਆ ਹੈ ਕਿ ਵਿਸ਼ਦ ਗੰਗਾ(ਸਵਰਗੀ ਨਦੀ) ਜਿਹੜੀ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਵਿਚੋਂ ਨਿਕਲੀ ਸੀ, ਰਾਜੇ ਭਗੀਰਥ ਦੇ ਤਪ ਨਾਲ ਸਵਰਗ ਤੋਂ ਪ੍ਰਿਥਵੀ ਤੇ ਲਿਆਂਦੀ ਗਈ, ਤਾਂ ਜੋ ਰਾਜਾ ਸਾਗਰ ਦੇ ਕਪਲ ਰਿਸ਼ੀ ਦੀ ਕਰੋਧ ਅੱਗ ਨਾਲ ਭਸਮ ਹੋਏ ਸੱਠ ਹਜ਼ਾਰ ਪੁੱਤਰਾਂ ਦੀ ਸੁਆਹ ਨੂੰ ਇਸ ਦੇ ਜਲ ਨਾਲ ਪਵਿੱਤਰ ਕੀਤਾ ਜਾ ਸਕੇ। ਇਕ ਹੋਰ ਪਰੰਪਰਾ ਅਨੁਸਾਰ ਸ਼ਿਵ ਜੀ ਨੇ ਆਪਣੇ ਮੱਥੇ ਨਾਲ ਇਸ ਪਵਿੱਤਰ ਨਦੀ ਗੰਗਾ ਦੇ ਕਹਿਰ ਨੂੰ ਰੋਕ ਲਿਆ। ਦੇਵੀ ਦੇ ਰੂਪ ਵਿੱਚ ਗੰਗਾ ਨੂੰ ਹਿਮਵਤ ਤੇ ਮੇਨਾ ਦੀ ਪੁੱਤਰੀ ਤੇ ਉਮਾ ਦੀ ਭੈਣ ਕਿਹਾ ਜਾਂਦਾ ਹੈ।[71]

ਇਸ ਹਵਾਲਾ ਦੇਣ ਤੋਂ ਭਾਵ ਸਾਡਾ ਆਪਣੇ ਕਥਨ ਦੀ ਪੁਸ਼ਟੀ ਲਈ ਜ਼ਰੂਰੀ ਸੀ ਕਿਉਂਕਿ ਇਸ ਮਿਥਿਹਾਸਕ ਕਥਾ ਨੇ ਇਸ ਸਾਖੀ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਇਸ ਪਰੰਪਰਾ ਕਾਰਨ ਹੀ ਸਾਖੀਕਾਰਾਂ ਨੇ ਗੰਗਾ ਜੀ ਨੂੰ ਬਾਂਹ ਕੱਢ ਕੇ ਭਗਤ ਰਵਿਦਾਸ ਦੀ ਭੇਟਾ ਕਬੂਲ ਕਰਦਿਆਂ ਦਿਖਾ ਦਿੱਤਾ ਹੈ। ਇਸੇ ਸਾਖੀ ਦੇ ਦੂਜੇ ਭਾਗ ਵਿਚ ਗੰਗਾ ਜੀ ਵਲੋਂ ਉਸ ਭੇਟਾ ਬਦਲੇ ਇਕ ਕੰਗਣ ਦਾ ਵੀ ਜ਼ਿਕਰ ਹੈ। ਗੰਗਾ ਕਿਉਂਕਿ ਦੇਵੀ ਸੀ ਤੇ ਇਕ ਮਿਥਿਹਾਸਕ ਕਥਾ ਅਨੁਸਾਰ ਸੋਨੇ ਦਾ ਜਨਮ ਅਗਨੀ ਦੀ ਭੇਟਾ ਹਿੱਤ ਹੋਇਆ।[72] ਅਜਿਹੀਆਂ ਪਰੰਪਰਾਵਾਂ ਨੇ ਹੀ ਅਜੇਹੀਆਂ ਸਾਖੀਆਂ ਨੂੰ ਜਨਮ ਦਿੱਤਾ। ਗੰਗਾ ਨੂੰ ਦੇਵੀ ਵਜੋਂ ਮੰਨੇ ਜਾਣ ਦਾ ਕਾਰਨ ਹੀ ਉਪਰੋਕਤ ਸਾਖੀਆਂ ਦੀ ਰਚਨਾ ਹੋ ਸਕਦਾ ਹੈ। ਸਾਖੀ-ਸਾਹਿਤ ਦਾ ਆਧਾਰ

ਪੌਰਾਣਿਕ ਸਾਹਿਤ ਹੈ ਤਾਂ ਇਨ੍ਹਾਂ ਦੇ ਪ੍ਰੇਰਨਾ ਸ੍ਰੋਤ ਵੀ ਉਸ ਸਾਹਿਤ ਵਿਚੋਂ ਲੱਭੇ ਜਾ ਸਕਦੇ ਹਨ। ਸੰਪਟ ਹੇਠੋਂ ਮੁਹਰਾਂ ਮਿਲਣ ਵਾਲੀ ਸਾਖੀ ਦਾ ਵੀ ਕਈ ਸ੍ਰੋਤਾਂ ਨੇ ਜ਼ਿਕਰ ਕੀਤਾ ਹੈ। ਵਿਗਿਆਨਕ ਨੁਕਤੇ ਤੋਂ ਇਹ ਅਸੰਭਵ ਜਾਪਦਾ ਹੈ ਪਰੰਤੂ ਇਸ ਸਾਖੀ ਦੇ ਪਿੱਛੇ ਕੁਦਰਤ ਦੀ ਆਪਣੇ ਨਿਯਮ ਵਿਰੁੱਧ ਕੰਮ ਕਰਨ ਦੀ ਰੁਚੀ ਕੰਮ ਕਰਦੀ ਜਾਪਦੀ ਹੈ । ਅਨੰਤਦਾਸ ਨੇ ਜਿੱਥੇ ਇਸ ਸਾਖੀ ਦਾ ਵਰਨਣ ਕੀਤਾ ਹੈ ਉੱਥੇ ਸ੍ਰੀ ਬਿਧੀ ਦਾਸ ਉਦਾਸੀ ਨੇ ਆਪਣੀ ਰਚਨਾ 'ਭਗਤ ਸੁਧਾਸਰ' ਵਿਚ ਪੇਸ਼ ਕੀਤਾ ਹੈ। ਇਸ ਤੋਂ ਸਾਖੀਕਾਰ ਦੇ ਵਿਸ਼ਵਾਸ਼ ਦੀ ਇਕ ਝਲਕ ਮਿਲ ਜਾਂਦੀ ਹੈ।

ਇਸੇ ਪ੍ਰਕਾਰ ਦੀ ਇਕ ਹੋਰ ਸਾਖੀ ਸਾਲਗਰਾਮ ਦੇ ਗੁਰੂ ਰਵਿਦਾਸ ਜੀ ਦੀ ਗੋਦੀ ਵਿਚ ਆਉਣ ਦੀ ਹੈ। ਇਸ ਸਾਖੀ ਦੀ ਪ੍ਰਤੀਕਾਤਮਕ ਮਹੱਤਤਾ ਤਾਂ ਇੰਨੀ ਹੈ ਕਿ ਭਗਤ ਤੇ ਪਰਮਾਤਮਾ ਇਕ ਦੂਜੇ ਨਾਲ ਇਕਮਿਕ ਹੋ ਚੁੱਕੇ ਸਨ ਤੇ ਇਹ ਵਿਸ਼ਵਾਸ਼ ਵੀ ਇਥੇ ਪ੍ਰਤੱਖ ਦਿਖਾਈ ਦਿੰਦਾ ਹੈ ਕਿ ਪ੍ਰਭੂ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ। ਇਸੇ ਵਿਸ਼ਵਾਸ਼ 'ਚੋਂ ਇਸ ਸਾਖੀ ਨੇ ਜਨਮ ਲਿਆ ਜਾਪਦਾ ਹੈ ਪਰੰਤੂ ਕੁਝ ਵਿਦਵਾਨਾਂ ਵਲੋਂ ਇਸ ਨੂੰ ਸੱਚ ਸਾਬਤ ਕਰਨਾ ਗੈਰ-ਵਿਗਿਆਨਕ ਜਾਪਦਾ ਹੈ ਤੇ ਸ਼ਰਧਾ ਦੇ ਦਰਪਣ ਵਿਚ ਉਹ ਸਚਾਈ ਦਾ ਮੁੱਖ ਦੇਖਣ ਤੋਂ ਗੁਰੇਜ ਕਰਦੇ ਜਾਪਦੇ ਹਨ। ਇਹ ਸਾਖੀ ਥੋੜ੍ਹੇ ਜਿਹੇ ਬਦਲਵੇਂ ਰੂਪ ਵਿਚ ਮਿਲਦੀ ਹੈ ਜਦੋਂ ਸਾਲਗਰਾਮ ਭਗਤ ਰਵਿਦਾਸ ਦੀ ਗੋਦ ਵਿੱਚ ਆਉਣ ਦੀ ਥਾਂ ਪਾਣੀ ਵਿੱਚ ਮੁਰਗਾਬੀ ਵਾਂਗ ਤੈਰਨ ਲੱਗ ਪੈਂਦੇ ਹਨ ।

ਬਹੁਤੇ ਸ੍ਰੋਤਾਂ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਰਾਣੀ ਝਾਲੀ ਗੁਰੂ ਰਵਿਦਾਸ ਦੀ ਸ਼ਿਸ਼ ਬਣੀ ਤੇ ਉਸ ਦੇ ਸੱਦੇ ਤੇ ਆਪ ਚਿਤੌੜ ਗਏ। ਚਿਤੌੜ ਵਿੱਚ ਆਪ ਨੇ ਕਈ ਚਮਤਕਾਰ ਦਿਖਾਏ ਜਿਨ੍ਹਾਂ ਦਾ ਮੁੱਖ ਉਦੇਸ਼ ਹੰਕਾਰੀ ਬ੍ਰਾਹਮਣਾਂ ਨੂੰ ਨਿਮਰਤਾ ਦਾ ਅਸਲੀ ਤੇ ਸੱਚਾ ਰਾਹ ਦਿਖਾਉਣਾ ਸੀ। ਬ੍ਰਹਮ ਭੋਜ ਸਮੇਂ ਭਗਤ ਰਵਿਦਾਸ ਦਾ ਵਿਰਾਟ-ਰੂਪ ਜਿੱਥੇ ਉਨ੍ਹਾਂ ਦੀ ਸ਼ਕਤੀ ਦਾ ਰੂਪ ਮੰਨਿਆ ਜਾ ਸਕਦਾ ਹੈ ਉਥੇ ਸਭ ਇਨਸਾਨਾਂ ਦੇ ਇਕ ਬਰਾਬਰ ਹੋਣ ਦੀ ਮਿਸਾਲ ਵੀ ਕਿਹਾ ਜਾ ਸਕਦਾ ਹੈ। ਚਮੜੀ ਚੀਰ ਕੇ ਜਨੇਊ ਦਿਖਾਉਣ ਵਾਲੀ ਸਾਖੀ ਸ਼ਰਧਾਲੂ ਮਨ ਦੀ ਉਪਜ ਹੈ ਕਿਉਂਕਿ ਉਹ ਕਿਸੇ ਤਰ੍ਹਾਂ ਵੀ ਬਰਦਾਸਤ ਨਹੀਂ ਸਨ ਕਰ ਸਕਦੇ ਕਿ ਸਿਰਫ ਜਨੇਊ ਦੀ ਅਣਹੋਂਦ ਕਾਰਨ ਭਗਤ ਰਵਿਦਾਸ ਜੀ ਬਾਕੀਆਂ ਨਾਲੋਂ ਨੀਵੇਂ ਗਿਣੇ ਜਾਣ ।

## ਸਿੱਟੇ ਤੇ ਨਿਚੋੜ

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਬਾਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸ੍ਰੀ ਅਨੰਤ ਦਾਸ ਕ੍ਰਿਤ 'ਰੈਦਾਸ ਪਰਚਈ' ਸਭ ਤੋਂ ਪੁਰਾਤਨ ਰਚਨਾ ਹੈ। ਸ੍ਰੀ ਅਨੰਤਦਾਸ ਜੀ ਨੇ ਰਵਿਦਾਸ ਜੀ ਦੇ ਨਿਕਟਵਰਤੀ ਹੋਣ ਕਾਰਨ ਉਨ੍ਹਾਂ ਬਾਰੇ ਜੋ ਜਾਣਕਾਰੀ ਦਿੱਤੀ ਹੈ ਉਹ ਵਧੇਰੇ ਵਿਸ਼ਵਾਸ਼ਯੋਗ ਜਾਪਦੀ ਹੈ। ਅਨੰਤਦਾਸ ਜੀ ਤੋਂ ਪਹਿਲਾਂ ਵੀ ਇਕ ਪਰੰਪਰਾ ਰਵਿਦਾਸ ਜੀ ਬਾਰੇ ਚੱਲ ਰਹੀ ਹੋਵੇਗੀ ਜਿਸ ਦਾ ਪੂਰਾ ਪੂਰਾ ਲਾਭ ਅਨੰਤਦਾਸ ਜੀ ਨੇ ਉਠਾਇਆ। ਇਸ ਪਰਚਈ ਨੇ ਬਾਦ ਵਿੱਚ ਲਿਖੇ ਜਾਣ ਵਾਲੇ ਜਨਮਸਾਖੀ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ। ਹੋਰ ਜਨਮਸਾਖੀਆਂ ਵਿੱਚ ਇਸ ਪਰਚਈ ਨਾਲੋਂ ਕਈ ਵੱਧ ਸਾਖੀਆਂ ਮਿਲਦੀਆਂ ਹਨ ।

ਸਾਰੇ ਸ੍ਰੋਤਾਂ ਵਿੱਚ ਦਰਜ ਸਾਖੀਆਂ ਦੀ ਗਿਣਤੀ ਇੱਕੋ ਜਿੰਨੀ ਨਹੀਂ ਹੈ। ਸਾਂਝੀਆਂ ਸਾਖੀਆਂ ਦੀ ਗਿਣਤੀ ਸਾਡੀ ਜਾਚੇ 13 ਹੈ ਜਿਨ੍ਹਾਂ ਦਾ ਜ਼ਿਕਰ ਕਈ ਸ੍ਰੋਤਾਂ ਵਿੱਚ ਆਇਆ ਹੈ। ਇਨ੍ਹਾਂ ਸ੍ਰੋਤਾਂ ਵਿੱਚ ਦਰਜ ਸਾਖੀਆਂ ਤੱਥਾਂ ਤੇ ਮਿੱਥਾਂ ਦਾ ਸੁਮੇਲ ਹੈ। ਇਨ੍ਹਾਂ ਸਾਖੀਆਂ ਦੇ ਅਸਲੀ ਮੁਹਾਵਰੇ ਨੂੰ ਸਮਝਣ ਲਈ ਇਨ੍ਹਾਂ ਨੂੰ ਲੋਕਧਾਰਾ ਦੇ ਖੇਤਰ ਵਿਚ ਰੱਖ ਕੇ ਪਰਖਣਾ ਜ਼ਰੂਰੀ ਹੈ। ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਹ ਸਾਖੀਆਂ ਸਾਹਿਤ ਦਾ ਇਕ ਰੂਪ ਹਨ ਤੇ ਇਨ੍ਹਾਂ ਵਿਚ ਪੇਸ਼ ਕੀਤਾ ਸੱਚ ਸਾਹਿਤ ਦਾ ਸੱਚ ਹੈ ਜਿਸ ਦੀ ਪ੍ਰਤੀਕਾਤਮਕ ਮਹੱਤਤਾ ਹੈ ।

## ਟਿੱਪਣੀਆਂ ਤੇ ਹਵਾਲੇ

1. ਡਾ. ਧਰਮਪਾਲ ਸਿੰਗਲ, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 115.
2. ਡਾ. ਵਣਜਾਰਾ ਬੇਦੀ, ਮਧਕਾਲੀਨ ਪੰਜਾਬੀ ਕਥਾ— ਰੂਪ ਤੇ ਪਰੰਪਰਾ, ਪੰਨਾ- 77.
3. ਜਨਮਸਾਖੀ ਪਰੰਪਰਾ, ਮੁਖਬੰਧ, ਪੰਨਾ- 1.
4. -ਉਹੀ-, ਪਰਵੇਸ਼ਕਾ- 5
5. ਡਾ. ਧਰਮਪਾਲ ਸਿੰਗਲ, ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 15.
6. ਡਾ. ਦਰਸ਼ਨ ਸਿੰਘ, ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼, ਪੰਨਾ- 62.
7. ਡਾ. ਦਲੀਪ ਸਿੰਘ ਦੀਪ, ਸਾਧਨ ਮੈਂ ਰਵਿਦਾਸ ਸੰਤ, ਪੰਨਾ- 8.
8. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 45.
9. ਡਾ. ਹਰਿਭਜਨ ਸਿੰਘ, ਸਾਖੀ-ਸੁਰਤਿ, ਪੰਨਾ- 50—52.
10. ਪ੍ਰਿਥਵੀ ਸਿੰਘ ਆਜ਼ਾਦ, ਗੁਰੂ ਰਵਿਦਾਸ, ਪੰਨਾ- 36—37.
11. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ ਕੀ ਭਕਤੀ ਸਾਧਨਾ, ਪੰਨਾ- 17.
12. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 23.
13. ਡਾ. ਚੰਦ੍ਰਿਕਾ ਪ੍ਰਸਾਦ ਜਗਿਆਸੂ, ਸੰਤ ਪਰਵਰ ਰੈਦਾਸ, ਪੰਨਾ- 7.
14. ਡਾ. ਲੇਖ ਰਾਜ ਪਰਵਾਨਾ, ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਪੰਨਾ- 87.
15. -ਉਹੀ-, ਪੰਨਾ- 81.
16. -ਉਹੀ-, ਪੰਨਾ- 73.
17. ਕਰਮ ਸਿੰਘ ਰਾਜੂ, ਹਉ ਬਨਜਾਰੋ ਰਾਮ ਕੋ, ਪੰਨਾ- 38—39.
18. ਕਰਮ ਸਿੰਘ ਰਾਜੂ, ਗੁਰੂ ਰਵਿਦਾਸ ਲਾਈਫ ਐਂਡ ਫਿਲਾਸਫੀ, ਪੰਨਾ- 39.
19. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 203.
20. ਸ਼ਮਸ਼ੇਰ ਸਿੰਘ ਅਸ਼ੋਕ, ਹੱਥ ਲਿਖਿਤ ਪੁਸਤਕਾਂ ਦੀ ਸੂਚੀ, ਪੰਨਾ- 232.
21. ਸੋਢੀ ਮਿਹਰਬਾਨ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ- 73.
    ਹਵਾਲਾ— ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 61.
22. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 123.
23. -ਉਹੀ-, ਪੰਨਾ- 124.
24. -ਉਹੀ-, ਪੰਨਾ- 157.

25. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 203.

26. -ਉਹੀ-, ਪੰਨਾ- 236.

27. -ਉਹੀ-, ਪੰਨਾ- 250.

28. -ਉਹੀ-, ਪੰਨਾ- 267.

29. -ਉਹੀ-, ਪੰਨਾ- 274.

30. ਬਖਸ਼ੀ ਦਾਸ, ਅਸਲੀ ਪੁਰਾਣੇ ਛਾਪੇ ਦੀ ਸ੍ਰੀ ਰਵਿਦਾਸ- ਜੀਵਨ ਚਰਿੱਤਰ, ਪੰਨਾ-46-166.

31. ਪ੍ਰਿਥਵੀ ਸਿੰਘ ਆਜ਼ਾਦ, ਗੁਰੂ ਰਵਿਦਾਸ, ਪੰਨਾ- 26-34.

32. ਸੰਗਮ ਲਾਲ ਪਾਂਡੇ, ਸੰਤ ਰੈਦਾਸ, ਪੰਨਾ- 22.

33. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ ਕੀ ਭਕਤੀ ਸਾਧਨਾ, ਪੰਨਾ-

34. " ਸੰਤ ਗੁਰੂ ਰਵਿਦਾਸ, ਆਪਣੇ ਵਲੋਂ- 8.

35. ਸੰਤ ਪ੍ਰਵਰ ਰੈਦਾਸ ਸਾਹਿਬ, ਪੰਨਾ- 7.

36. ਯੋਗੇਸ਼ ਗੁਪਤ, ਸੰਤ ਰੈ ਦਾਸ, ਪੰਨਾ- 26-28.

37. ਸੰਤ ਜਗਬੀਰ ਸਿੰਘ, ਸੰਤ ਰਵਿਦਾਸ ਮਹਾਤਮਯ, ਪੰਨਾ- 226-42.

38. ਰਤਨ ਚੰਦਰ ਐਮ.ਏ., ਸੰਤ ਰਵਿਦਾਸ, ਪੰਨਾ- 36.

39. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 53.

40. -ਉਹੀ-, ਪੰਨਾ- 55.

41. -ਉਹੀ-, ਪੰਨਾ- 63.

42. -ਉਹੀ-, ਪੰਨਾ- 69.

43. ਡਾ. ਗੁਰਚਰਨ ਸਿੰਘ/ ਸੇਕ ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ, ਪੰਨਾ -353.

44. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 122.

45. -ਉਹੀ-, ਪੰਨਾ- 124.

46. -ਉਹੀ-, ਪੰਨਾ- 135.

47. -ਉਹੀ-, ਪੰਨਾ- 147.

48. ਸੰਤ ਹੀਰਾ ਦਾਸ, ਰਵਿਦਾਸ ਦੀਪ, ਪੰਨਾ- 47.

49. ਸ੍ਰੀ ਗੁਰੂ ਭਗਤ ਮਾਲ ਪੰਨਾ - ੮੦।

50. ਗਿਆਨੀ ਬਰਕਤ ਸਿੰਘ ਅਨੰਦ , ਪੰਨਾ- 41- 53.
51. ਗਿਆਨੀ ਨਰੈਣ ਸਿੰਘ, ਜਨਮਸਾਖੀ ਰਵਿਦਾਸ ਭਗਤ ਜੀ , ਪੰਨਾ- 10-15.
52. ਪੰਡਿਤ ਹਰਦੇਵ ਸਿੰਘ, ਸ੍ਰੀ ਨਾਰਾਯਣ ਹਰੀ ਉਪਦੇਸ਼ ਅਰਥਾਤ ਜੀਵਨ ਚਰਿਤ੍ਰ ਬ੍ਰਹਮ ਰਿਸ਼ ਸ੍ਰੀ 108 ਪੰਡਤ ਨਾਰਾਯਣ ਸਿੰਘ ਜੀ, ਪੰਨਾ- 415-421.
53. ਅਸਲੀ ਸਭ ਤੋਂ ਵੱਡੀ ਜਨਮਸਾਖੀ, ਪੂਰਨ ਚੰਦ ਜਾਖੂ, ਪੰਨਾ- 17.
54. -ਉਹੀ-, ਪੰਨਾ- 18.
55. -ਉਹੀ-, ਪੰਨਾ- 19.
56. ਗਿ. ਪ੍ਰਤਾਪ ਸਿੰਘ ਜੋਤਸ਼ੀ, ਅਸਲੀ ਜਨਮ ਸਾਖੀ ਬ੍ਰਹਮ ਗਿਆਨੀ ਭਗਤ ਰਵਿਦਾਸ ਜੀ -145
57. ਮਹੰਤ ਜਮਨਾਦਾਸ, ਰਵਿਦਾਸ ਪ੍ਰਕਾਸ, ਪੰਨਾ- 215.
58. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 28-38.
59. ਕੇ.ਐਨ. ਉਪਾਧਿਆਇ, ਗੁਰੂ ਰਵਿਦਾਸ, ਪੰਨਾ- 13.
60. ਡਾ. ਕੁਲਵੰਤ ਕੌਰ, ਗੁਰੂ ਗਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ, ਪੰਨਾ- 77.
61. ਡਾ. ਦਲੀਪ ਸਿੰਘ ਦੀਪ, ਸਾਧਨ ਮੇਂ ਰਵਿਦਾਸ ਸੰਤ, ਪੰਨਾ- 12.
62. ਸ.ਸ. ਅਸ਼ੋਕ, ਰਵਿਦਾਸ ਵਾਰਤਾ, ਪੰਨਾ- 30.
63. ਡਾ. ਲੇਖ ਰਾਜ ਪਰਵਾਨਾ, ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਪੰਨਾ- 81.
64. ਸ. ਕਰਮ ਸਿੰਘ ਰਾਜੂ, ਹਉ ਬਨਜਾਰੋ ਰਾਮ ਕੋ, ਪੰਨਾ- 39.
65. -ਉਹੀ-, ਪੰਨਾ- 39.
66. -ਉਹੀ-, ਪੰਨਾ- 41.
67. ਪਾਖਰ ਸਿੰਘ, ਮਨੁੱਖਤਾ ਦਾ ਚਾਨਣ ਮੁਨਾਰਾ, ਪੰਨਾ- 23.
68. ਹਰਭਜਨ ਸਿੰਘ ਰਤਨ, ਗੁਰੂ ਰਵਿਦਾਸ, ਪੰਨਾ- 27-29.
69. -ਉਹੀ-, ਪੰਨਾ- 36.
70. -ਉਹੀ-, ਪੰਨਾ- 36.
71. ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਪੰਨਾ- 211- 12.
72. -ਉਹੀ-, ਪੰਨਾ- 212.

# ਅਧਿਆਇ ਸੱਤਵਾਂ

## ਗੁਰੂ ਰਵਿਦਾਸ ਸੰਬੰਧੀ ਜਨਮਸਾਖੀਆਂ ਦੀ ਸਾਹਿਤਕ ਮਹੱਤਤਾ

## ਗੁਰੂ ਰਵਿਦਾਸ ਸੰਬੰਧੀ ਜਨਮਸਾਖੀਆਂ ਦੀ ਸਾਹਿੱਤਕ ਮਹੱਤਤਾ

ਵੀਹਵੀਂ ਸਦੀ ਦੇ ਮੁੱਢ ਤੱਕ ਜਨਮ-ਸਾਖੀ ਸਾਹਿਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ । ਇਸ ਸਾਹਿਤ ਨੂੰ ਸਮਕਾਲੀ ਮਿਥਿਹਾਸ ਤੇ ਵਹਿਮਾਂ-ਭਰਮਾਂ ਦੀ ਪਟਾਰੀ ਸਮਝ ਕੇ ਹੀ ਛੱਡ ਦਿੱਤਾ ਗਿਆ। ਇਸ ਸਾਹਿਤ ਬਾਰੇ ਇੰਨਾ ਹੀ ਕਹਿ ਦੇਣਾ ਕਾਫੀ ਸਮਝਿਆ ਜਾਂਦਾ ਸੀ ਕਿ ਇਹ ਜਨਮ-ਸਾਖੀਆਂ ਪੰਜਾਬੀ ਵਾਰਤਕ ਦੇ ਮੁੱਢਲੇ ਵਿਕਾਸ-ਕ੍ਰਮ ਨੂੰ ਦਰਸਾਉਣ ਵਾਲੇ ਸੋਮੇ ਹਨ। ਸਾਹਿਤ ਦੇ ਇਨ੍ਹਾਂ ਸਾਹਿਤਕਾਰਾਂ ਅਨੁਸਾਰ ਜਨਮਸਾਖੀਆਂ ਦੀ ਭਾਸ਼ਾ ਠੇਠ ਪੰਜਾਬੀ ਨਾ ਹੋ ਕੇ ਸਧੂਕੜੀ ਰੰਗ ਦੀ ਸਾਧ ਭਾਸ਼ਾ ਹੈ। ਵੀਹਵੀਂ ਸਦੀ ਦੇ ਮੁੱਢ ਵਿਚ ਭਾਈ ਗੁਰਮੁਖ ਸਿੰਘ, ਭਾਈ ਵੀਰ ਸਿੰਘ, ਸ੍ਰ. ਕਰਮ ਸਿੰਘ ਹਿਸਟੋਰੀਅਨ ਅਤੇ ਸ੍ਰ. ਜੀ.ਬੀ. ਸਿੰਘ ਆਦਿ ਵਿਦਵਾਨਾਂ ਵਲੋਂ ਇਨ੍ਹਾਂ ਬਾਰੇ ਇਕ ਕ੍ਰਮ-ਬੱਧ ਖੋਜ ਦਾ ਸਿਲਸਿਲਾ ਸ਼ੁਰੂ ਹੋਇਆ।[1]

ਜਨਮਸਾਖੀਆਂ ਦੀ ਅਸੀਮ ਸਾਹਿਤਕ ਮਹੱਤਤਾ ਵੱਲ ਪਹਿਲੀ ਵਾਰ ਧਿਆਨ ਡਾ. ਮੋਹਨ ਸਿੰਘ ਦੀਵਾਨਾ ਨੇ ਦੁਆਇਆ। ਆਪਣੇ ਡੀ. ਲਿਟ ਦੇ ਥੀਸਸ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਵਿੱਚ ਉਹ ਲਿਖਦੇ ਹਨ, " ਜਦ ਅਸੀਂ ਸਾਖੀਆਂ ਦੀ ਵਰਣਾਨਤਮਕ, ਨਾਟਕੀ ਵਾਰਤਾਲਾਪੀ ਸ਼ੈਲੀ, ਗੋਸ਼ਟਾਂ ਦੀ ਦੁਅੰਦਾਤਮਕ ਅਤੇ ਮਨੋਵਿਗਿਆਨਕ ਸ਼ੈਲੀ ਅਤੇ ਹਾਜਿਰਨਾਮਾ ਦੀ ਸਮਾਸ ਪ੍ਰਧਾਨ ਵਿਆਖਿਆਤਮਕ ਸ਼ੈਲੀ ਨੂੰ ਦੇਖਦੇ ਹਾਂ ਤਾਂ ਅਸੀਂ ਇਨ੍ਹਾਂ ਦੀ ਪੂਰਣਤਾ, ਚਮਤਕਾਰ, ਮੁਹਾਵਰੇ, ਪ੍ਰਵਾਹ ਅਤੇ ਗਤੀਸ਼ੀਲਤਾ ਨੂੰ ਦੇਖ ਕੇ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦੇ। ਅਤੇ ਜਦੋਂ ਅਸੀਂ ਇਨ੍ਹਾਂ ਵਿਚ ਵਰਤੀ ਗਈ ਵਿਵਿਧ ਪ੍ਰਕਾਰ ਦੀ ਸ਼ਬਦਾਵਲੀ ਦਾ ਅਧਿਐਨ ਕਰਦੇ ਹਾਂ ਤਾਂ ਇਨ੍ਹਾਂ ਦੀ ਪਰਪੱਕਤਾ, ਆਪ ਮੁਹਾਰਤਾ ਅਤੇ ਸੰਯੋਗਾਤਮਕ ਦੇਖ ਕੇ ਚਕ੍ਰਿਤ ਹੋ ਜਾਂਦੇ ਹਾਂ ।[2]

ਜਨਮ-ਸਾਖੀ ਸਾਹਿਤ ਤੇ ਭਰਪੂਰ ਖੋਜ ਕਰਨ ਵਾਲੇ ਇਕ ਹੋਰ ਵਿਦਵਾਨ ਡਾ. ਪਿਆਰ ਸਿੰਘ ਲਿਖਦੇ ਹਨ, " ਤਕਨੀਕੀ ਪੱਖ ਤੋਂ ਵਾਚਿਆਂ ਇਸ ਗੱਦ ਦੀ ਸ਼ਬਦ-ਚੋਣ ਸੁਥਰੀ, ਵਾਕ ਗਠੇ ਹੋਏ, ਲਿਖਣ ਢੰਗ ਨਾਟਕੀ ਅਤੇ ਸ਼ੈਲੀ ਵਾਰਤਾਲਾਪੀ ਹੈ। ਪ੍ਰਭਾਵ ਵਿੱਚ

ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ, ਇਹ ਇੰਜ ਦਿਸਦੀ ਹੈ ਜਿਵੇਂ ਕੋਈ ਵੱਡਾ ਬਜ਼ੁਰਗ ਪਿੱਪਲ ਹੇਠ ਬੈਠਾ ਨੂਰੀ ਲੰਬੀ ਦਾਹੜੀ, ਕੇਸ ਮੋਢਿਆਂ ਤੇ ਸੁੱਟੀ, ਮਿੱਠੀਆਂ ਗੱਲਾਂ ਕਰ ਰਹਿਆ ਹੋਵੇ, ਉਸਦੀ ਰੂਹ ਦਾ ਰੰਗ ਵਖਰੇ ਵਖਰੇ ਫਿਕਰੇ ਬਣ ਕੇ ਆਪ ਮੁਹਾਰੇ ਗੁੰਦੇ ਜਾ ਰਹੇ ਹੋਣ, ਅਰਸ਼ਾਂ ਤੋਂ ਕੋਈ ਮਾਖਿਉਂ ਦਾ ਮੀਂਹ ਪੈ ਰਹਿਆ ਹੋਵੇ।( ਖੁਲ੍ਹੇ ਲੇਖ ਪੰਨਾ- 182) ਇਹ ਉਹ ਵਾਰਤਕ ਹੈ ਜੋ ਲੇਖਕ ਦੀਆਂ ਕਲਾਤਮਕ ਛੁਹਾਂ ਹੇਠ ਸਹਜ ਸੁਭਾ ਅਫਲਾਤੂਨ ਦੀ ਪੁਸਤਕ ਦੇ ਟੁਕੜੇ ਹੋ ਨਿਬੜੀ ਹੈ। ਇਸ ਦਾ ਨਾਟਕੀ ਲਿਖਣ ਢੰਗ, ਕਾਵਿਮਈ ਰੰਗਣ, ਅਨੁਪ੍ਰਾਸਯੁਕਤ ਨਿਕੇ ਨਿਕੇ ਵਾਕ, ਉਨ੍ਹਾਂ ਦੀ ਸੰਗੀਤਾਤਮਕ ਗੌਂਦ, ਰਵਾਨੀ, ਸੰਜਮ, ਸੁਝਾਉ ਤੇ ਸਰਲਤਾ, ਇਸ ਨੂੰ ਕਿਸੇ ਵੀ ਉੱਤਮ ਗੱਦ ਦੇ ਤੁਲ ਬਣਾਉਣ ਦੀ ਸਮਰੱਥਾ ਰੱਖਦੇ ਹਨ।[3]

ਉਪਰੋਕਤ ਦੋਹਾਂ ਵਿਦਵਾਨਾਂ ਦੇ ਵਿਚਾਰਾਂ ਤੋਂ ਭਲੀ-ਭਾਂਤ ਸਿੱਧ ਹੋ ਜਾਂਦਾ ਹੈ ਕਿ ਜਨਮ ਸਾਖੀ ਸਾਹਿਤ ਇਕ ਉੱਚ ਪਾਏ ਦੇ ਸਾਹਿਤ ਦੇ ਗੁਣ ਆਪਣੇ ਵਿਚ ਸਮੋਈ ਬੈਠਾ ਹੈ। ਓਪਰੀ ਨਜ਼ਰੇ ਆਪਣੀ ਪੁਰਾਤਨਤਾ ਕਾਰਨ ਹੋ ਸਕਦਾ ਹੈ ਕਿਸੇ ਨੂੰ ਇਹ ਨੀਰਸ ਜਾਪੇ ਪਰ ਛੇਤੀ ਹੀ ਇਸ ਰਸ ਵਿੱਚ ਗੜੂੰਦ ਹੋ ਜਾਂਦੇ ਹਾਂ। ਡਾ. ਧਰਮਪਾਲ ਸਿੰਗਲ ਨੇ ਬਹੁਤ ਹੀ ਸੁੰਦਰ ਢੰਗ ਨਾਲ ਇਸ ਰਸ ਦੀ ਵਿਆਖਿਆ ਕੀਤੀ ਹੈ, " ਪਹਿਲੇ ਪਾਠ ਵਿਚ ਭਾਵੇਂ ਇਹ ਗੱਦ ਓਪਰੀ, ਨੀਰਸ ਤੇ ਖੁਸ਼ਕ ਜਾਪਦੀ ਹੈ ਪਰ ਇਸ ਦੇ ਕਰਤਾ (ਜਾਂ ਕਰਤਿਆਂ) ਦੀ ਵਰਣਨ ਸ਼ਕਤੀ, ਸਰਸਤਾ ਤੇ ਸ਼ਰਧਾ ਭਾਵ ਸਦਕਾ ਅਸੀਂ ਛੇਤੀ ਹੀ ਇਸ ਦੇ ਰਸ ਵਿਚ ਭਿੱਜ ਜਾਂਦੇ ਹਾਂ ।"[4]

ਜਨਮ ਸਾਖੀ ਸਾਹਿਤ ਸ਼ਰਧਾ ਅਤੇ ਪਿਆਰ ਦੀ ਉਪਜ ਹੈ। ਇਸ ਸਾਹਿਤ ਵਿਚ ਸਾਖੀਕਾਰਾਂ ਨੇ ਸ਼ਰਧਾ-ਵੱਸ ਆਪਣੇ ਨਾਇਕ ਨੂੰ ਸਰਬਪੱਖੀ ਨਾਇਕ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਡਾ. ਫੌਜਾ ਸਿੰਘ ਆਪਣੇ ਲੇਖ 'ਜਨਮ ਸਾਖੀਆਂ ਸਾਹਿਤ ਕਿ ਇਤਿਹਾਸ' ਵਿਚ ਲਿਖਦੇ ਹਨ, " ਮੈਂ ਜਨਮ ਸਾਖੀਆਂ ਦੇ ਸਾਹਿਤ- ਪੱਖ ਤੋਂ ਇਨਕਾਰੀ ਨਹੀਂ ਹਾਂ। ਮੈਂ ਜਨਮ-ਸਾਖੀਆਂ ਦੇ ਪ੍ਰਭਾਵਸ਼ਾਲੀ ਢੰਗ, ਬੋਲੀ ਤੇ ਸ਼ੈਲੀ ਆਦਿ ਦੀ ਖੂਬਸੂਰਤੀ ਨੂੰ ਮੰਨਦਾ ਹਾਂ ਲੇਕਿਨ ਇਸ ਸ਼ਰਧਾ ਦੇ ਪਿਆਰ ਵਾਲੀ ਗੱਲ ਨੂੰ ਮੈਂ ਮੁੜ ਇਤਿਹਾਸਕ ਮਹੱਤਤਾ ਹੀ ਦੇਣੀ ਚਾਹੁੰਦਾ ਹਾਂ। - - - ਜਨਮ ਸਾਖੀਆਂ ਵਿਚ ਪ੍ਰਗਟ ਭਾਵਨਾ ਉਸ ਵੇਲੇ ਦੀ ਲੋਕ-ਭਾਵਨਾ ਹੈ।[5]

ਡਾ. ਫੌਜਾ ਸਿੰਘ ਇਸ ਸ਼ਰਧਾ ਵਾਲੀ ਗੱਲ ਨੂੰ ਹੋਰ ਵੀ ਸਪੱਸ਼ਟ ਕਰਦਿਆਂ ਲਿਖਦੇ ਹਨ ਕਿ ਜਨਮ-ਸਾਖੀ ਸਾਹਿਤ ਵਿਚ ਪ੍ਰਗਟ ਹੋਏ ਵਿਸ਼ਵਾਸ਼ਾਂ ਤੋਂ ਇਹ ਪਤਾ ਲੱਗਦਾ ਹੈ ਕਿ ਲੋਕਾਂ ਦੇ ਵਿਸ਼ਵਾਸ਼ ਉਸ ਸਮੇਂ ਇਸ ਕਿਸਮ ਦੇ ਸਨ। ਸਾਡਾ ਇਹ ਸਾਹਿਤ ਕਈ ਰਵਾਇਤਾਂ ਦੀ ਪ੍ਰੋੜ੍ਹਤਾ ਕਰਦਾ ਹੈ।

ਪ੍ਰਸਿੱਧ ਵਿਦਵਾਨ ਡਾ. ਹਰਿਭਜਨ ਸਿੰਘ ਇਸ ਸਾਹਿਤ ਨੂੰ ਬ੍ਰਿਤਾਂਤ- ਸੰਗ੍ਰਹਿ ਦਾ ਦਰਜਾ ਦਿੰਦੇ ਹਨ ਜਿਸ ਵਿਚ ਕੋਈ ਵਿਵਸਥਾ ਜਾਂ ਨੇਮ-ਬੱਧਤਾ ਨਹੀਂ ਹੈ। ਡਾ. ਸਿੰਗਲ ਇਸ ਸਾਹਿਤ ਸੰਬੰਧੀ ਲਿਖਦੇ ਹਨ, " ਇਹ ਇਕ ਅਜਿਹਾ ਸਾਹਿਤ ਹੈ ਜਿਸ ਵਿਚੋਂ ਉਸ ਸਮੇਂ ਦੀ ਸੰਤ ਸਮਾਜ ਵਿਚ ਪ੍ਰਚੱਲਿਤ ਸਾਧ ਭਾਖਾ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਹਿੰਦਵੀ ਜਾਂ ਸਿੰਧੀ ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਭਾਸ਼ਾ ਵਿਚ ਖੜੀ ਬੋਲੀ, ਬ੍ਰਜੀ, ਅਵਧੀ, ਕੇਂਦਰੀ ਪੰਜਾਬੀ, ਲਹਿੰਦੀ, ਮਰਾਠੀ ਤੇ ਗੁਜਰਾਤੀ ਦੇ ਸ਼ਬਦਾਂ ਦਾ ਮਿਸ਼ਰਣ ਹੈ। ਇਸ ਦੀ ਸਾਹਿਤਕ ਮਹੱਤਾ ਹੋਰ ਵੀ ਵਧ ਜਾਂਦੀ ਹੈ ਜਦ ਅਸੀਂ ਇਸ ਦੀ ਅੰਦਰਲੀ ਗਵਾਹੀ ਤੋਂ ਇਹ ਜਾਣ ਲੈਂਦੇ ਹਾਂ ਕਿ ਇਸ ਸਾਖੀਕਾਰ ਨੂੰ ਆਪਣੇ ਵਕਤ ਵਿਚ ਰਚੇ ਜਾ ਰਹੇ ਸਾਹਿਤ ਬਾਰੇ ਵੀ ਕਾਫੀ ਗਿਆਨ ਸੀ।"[6]

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਦੀ ਰੋਸ਼ਨੀ ਵਿਚ ਅਸੀਂ ਜਾਣ ਜਾਂਦੇ ਹਾਂ ਕਿ ਇਹ ਜਨਮਸਾਖੀਆਂ ਵੀ ਸਾਹਿਤ ਦਾ ਇਕ ਰੂਪ ਹਨ। ਨਾ ਤਾਂ ਇਹ ਜੀਵਨੀਆਂ ਹਨ ਤੇ ਨਾ ਹੀ ਮੁਕੰਮਲ ਸਫ਼ਰਨਾਮੇ। ਇਹ ਇਕ ਅਜਿਹਾ ਸਾਹਿਤ ਰੂਪ ਹੈ ਜੋ ਜੀਵਨੀ ਤੇ ਸਫਰਨਾਮੇ ਦਾ ਸੰਯੁਕਤ ਰੂਪ ਹੈ। ਸਾਹਿਤ ਦੇ ਬਾਕੀ ਰੂਪਾਂ ਵਾਂਗ ਜਨਮਸਾਖੀਆਂ ਵਿਚ ਵੀ ਪਾਤਰ ਉਸਾਰੀ ਕੀਤੀ ਗਈ ਹੈ। ਸਾਖੀਕਾਰਾਂ ਨੇ ਆਪਣੀ ਸੂਝ ਬੂਝ ਤੇ ਆਪਣੇ ਅਕੀਦਿਆਂ ਅਨੁਸਾਰ ਹੀ ਇਹ ਪਾਤਰ ਉਸਾਰੀ ਕੀਤੀ ਹੈ।

ਪਾਤਰ ਉਸਾਰੀ- ਨਾਇਕ ਦਾ ਸੰਕਲਪ

ਗੁਰੂ ਰਵਿਦਾਸ ਸੰਬੰਧੀ ਜਨਮ-ਸਾਖੀ ਸਾਹਿਤ ਦੇ ਨਾਇਕ ਨਿਰਸੰਦੇਹ ਰਵਿਦਾਸ ਹਨ। ਇਹ ਸਾਰਾ ਸਾਹਿਤ ਉਨ੍ਹਾਂ ਦੇ ਇਰਦ ਗਿਰਦ ਹੀ ਘੁੰਮਦਾ ਹੈ। ਜਨਮ ਤੋਂ ਲੈ ਕੇ

ਉਨ੍ਹਾਂ ਦੇ ਅਕਾਲ ਚਲਾਣੇ ਤੱਕ ਇਹ ਸਾਹਿਤ ਜਾਣਕਾਰੀ ਦਿੰਦਾ ਹੈ। ਇਸ ਸਾਹਿਤ ਦੀਆਂ ਵੱਖ-ਵੱਖ ਪਰੰਪਰਾਵਾਂ ਵਲੋਂ ਦਿੱਤੀ ਜਾਣਕਾਰੀ ਵਿਚ ਕਾਫੀ ਭਿੰਨਤਾ ਹੈ। ਕਈ ਘਟਨਾਵਾਂ ਤਾਂ ਅਜਿਹੀਆਂ ਹਨ ਜਿਨ੍ਹਾਂ ਦਾ ਜ਼ਿਕਰ ਕਿਧੇ ਇਕ ਹੀ ਪਰੰਪਰਾ ਨੇ ਕੀਤਾ ਹੈ। ਗੁਰੂ ਰਵਿਦਾਸ ਨੂੰ ਨਾਇਕ ਦੇ ਤੌਰ ਤੇ ਸਾਰੀਆਂ ਹੀ ਪਰੰਪਰਾਵਾਂ ਪੇਸ਼ ਕਰਦੀਆਂ ਹਨ। ਇਹ ਪਾਤਰ ਉਸਾਰੀ ਸਾਖੀਕਾਰਾਂ ਨੇ ਕਈ ਢੰਗਾਂ ਰਾਹੀਂ ਕੀਤੀ ਹੈ।

ਸਾਖੀ ਪਾਤਰ ਪ੍ਰਧਾਨ ਹੁੰਦੀ ਹੈ ਕਿਉਂਕਿ ਉਸ ਵਿਚ ਕਿਸੇ ਇਕ ਪਾਤਰ ਨੂੰ ਦੂਜਿਆਂ ਦੇ ਟਾਕਰੇ 'ਤੇ ਮਹਾਨ ਦਰਸਾਉਣ ਦਾ ਯਤਨ ਕੀਤਾ ਜਾਂਦਾ ਹੈ। ਰਵਿਦਾਸ ਜੀ ਸੰਬੰਧੀ ਜਨਮ ਸਾਖੀ ਸਾਹਿਤ ਵਿਚ ਅਸੀਂ ਅਜਿਹੀਆਂ ਟੱਕਰਾਂ ਦਾ ਵਰਨਣ ਦੇਖਦੇ ਹਾਂ। ਭਗਤ ਰਵਿਦਾਸ ਦੀ ਬ੍ਰਾਹਮਣਾਂ ਨਾਲ ਟੱਕਰ ਹੋਣ ਤੋਂ ਬਾਦ ਜਿੱਤ ਉਪਰੰਤ ਗੁਰੂ ਰਵਿਦਾਸ ਦਾ ਸਰੂਪ ਹੋਰ ਵੀ ਉਘੜਕੇ ਸਾਹਮਣੇ ਆ ਜਾਂਦਾ ਹੈ। ਸਾਖੀਕਾਰਾਂ ਨੇ ਭਗਤ ਰਵਿਦਾਸ ਦੀ ਪਾਤਰ-ਉਸਾਰੀ ਲਈ ਕਈ ਢੰਗ ਵਰਤੇ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਅਗਲੇ ਪੰਨਿਆਂ ਵਿੱਚ ਕਰਾਂਗੇ। ਡਾ. ਜਗਜੀਤ ਸਿੰਘ ਦਾ ਮੱਤ ਹੈ:-

(ੳ) ਸਾਖੀਕਾਰਾਂ ਵਲੋਂ ਅਤੇ ਹੋਰ ਪਾਤਰਾਂ ਰਾਹੀਂ ਭਗਤ ਰਵਿਦਾਸ ਸੰਬੰਧੀ ਕਹੇ ਗਏ ਸ਼ਬਦਾਂ ਤੋਂ।

(ਅ) ਭਗਤ ਰਵਿਦਾਸ ਦੁਆਰਾ ਨੇਪਰੇ ਚੜ੍ਹੇ ਕਾਰਜਾਂ ਤੋਂ।

(ੲ) ਭਗਤ ਰਵਿਦਾਸ ਦੇ ਕਾਰਜਾਂ ਤੇ ਵਿਚਾਰਾਂ ਰਾਹੀਂ ਪੈਦਾ ਹੋਈ ਸਮਾਜਿਕ ਪ੍ਰਤੀਕਿਰਿਆ ਤੋਂ

(ਸ) ਸਾਖੀਕਾਰਾਂ ਵਲੋਂ ਭਗਤ ਰਵਿਦਾਸ ਦੁਆਰਾ ਦਿਖਾਈਆਂ ਕਰਾਮਾਤਾਂ ਰਾਹੀਂ

(ਹ) ਭਗਤ ਰਵਿਦਾਸ ਦੀ ਹੋਰ ਭਗਤਾਂ ਨਾਲ ਹੋਈਆਂ ਗੋਸ਼ਟਾਂ ਰਾਹੀਂ

(ਕ) ਭਗਤ ਰਵਿਦਾਸ ਦੀ ਇਕ ਬਾਣੀਕਾਰ ਤੇ ਮਹਾਨ ਸੰਤ ਦੇ ਤੌਰ ਤੇ ਪ੍ਰਾਪਤ ਕੀਤੀ ਪਦਵੀ ਰਾਹੀਂ ਵੀ ਸਾਖੀਕਾਰ ਨੇ ਪਾਤਰ ਉਸਾਰੀ ਕੀਤੀ ਹੈ।[7]

(ੳ) <u>ਭਗਤ ਰਵਿਦਾਸ ਸੰਬੰਧੀ ਕਹੇ ਗਏ ਸ਼ਬਦਾਂ ਤੋਂ</u>

ਭਗਤ ਰਵਿਦਾਸ ਬਾਰੇ ਜਾਣਕਾਰੀ ਦੇਣ ਵਾਲਾ ਪ੍ਰਚੀਨਤਮ ਗ੍ਰੰਥ ਸ੍ਰੀ ਅਨੰਤ

ਦਾਸ ਕ੍ਰਿਤ 'ਰੈਦਾਸ ਪਰਚਈ' ਹੈ। ਇਸ ਸ੍ਰੋਤ ਅਨੁਸਾਰ ਭਗਤ ਰਵਿਦਾਸ ਦਾ ਜਨਮ ਬਨਾਰਸ ਵਿਚ ਇਕ ਨੀਚ ਕੁਲ (ਚਮਾਰ) ਵਿਚ ਹੋਇਆ। ਇਸ ਦਾ ਕਾਰਨ ਉਨ੍ਹਾਂ ਦਾ ਪਿਛਲੇ ਜਨਮ ਵਿਚ ਮਾਸ ਖਾਣਾ ਸੀ ਤੇ ਪੂਰਬਲੇ ਜਨਮ ਵਿਚ ਬ੍ਰਾਹਮਣ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਨੀਵੇਂ ਕੁਲ ਵਿਚ ਜਨਮ ਆਪਣੇ ਗੁਰੂ ਰਾਮਾਨੰਦ ਦੇ ਸਰਾਪ ਕਾਰਨ ਲੈਣਾ ਪਿਆ। ਸ੍ਰੀ ਅਨੰਤਦਾਸ ਅਨੁਸਾਰ ਆਪ ਨੇ ਪਾਰਸ ਠੁਕਰਾ ਕੇ ਦੁਨਿਆਵੀ ਪਦਾਰਥਾਂ ਦੀ ਖਿੱਚ ਤੋਂ ਪਰੇ ਹੋਣ ਦਾ ਸਬੂਤ ਦਿੱਤਾ। ਆਪ ਬਚਪਨ ਤੋਂ ਹੀ ਪ੍ਰਭੂ-ਭਗਤੀ ਵਿੱਚ ਲੀਨ ਰਹਿੰਦੇ ਸਨ। ਭਗਤ ਕਬੀਰ ਨਾਲ ਆਪਦਾ ਕਾਫੀ ਮੇਲ ਜੋਲ ਸੀ। ਆਪ ਕਬੀਰ ਜੀ ਦੀ ਪ੍ਰੇਰਨਾ ਨਾਲ ਨਿਰਗੁਣਵਾਦੀ ਸੰਤ ਹੋ ਗਏ ਤਾਂ ਵੀ ਆਪ ਨਿਰਗੁਣ ਸਗੁਣ ਵਿਚ ਕੋਈ ਅੰਤਰ ਨਹੀਂ ਸਮਝਦੇ ਸਨ। ਸ੍ਰੀ ਅਨੰਤਦਾਸ ਜੀ ਲਿਖਦੇ ਹਨ :-

ਨਿਰਗੁਣ ਸ੍ਰਗੁਨ ਏਕ ਬਮੇਕਾ। ਜਿਨ ਕਰੈ ਕੋ ਅਪਨੋ ਟੇਕਾ।[8]

ਇਸ ਸਾਹਿਤ ਵਿਚ ਕਈ ਰਾਜੇ ਮਹਾਰਾਜਿਆਂ ਨੂੰ ਗੁਰੂ ਰਵਿਦਾਸ ਦੇ ਸੇਵਕ ਦੱਸਿਆ ਗਿਆ ਹੈ ਜਿਨ੍ਹਾਂ ਵਿੱਚ ਰੀਵਾਂ-ਨਰੇਸ਼, ਵੀਰ ਸਿੰਘ ਬਘੇਲਾ, ਚਿਤੌੜ ਦਾ ਮਹਾਰਾਣਾ ਕੁੰਭਾ ਅਤੇ ਰਾਣੀ ਝਾਲੀ ਬਾਈ ਤੇ ਕਾਸ਼ੀ ਨਰੇਸ਼ ਦੇ ਨਾਂ ਸ਼ਾਮਿਲ ਹਨ। ਇਕ ਪਰੰਪਰਾ ਅਨੁਸਾਰ ਮੀਰਾ ਬਾਈ ਨੇ ਆਪ ਤੋਂ ਗੁਰੂ ਦੀਖਿਆ ਪ੍ਰਾਪਤ ਕੀਤੀ ਸੀ। ਭਗਤ ਰਵਿਦਾਸ ਦੀ ਸ਼ਖ਼ਸੀਅਤ ਉਨ੍ਹਾਂ ਬਾਰੇ ਸੰਤਾਂ ਭਗਤਾਂ ਵਲੋਂ ਕੀਤੀਆਂ ਟਿੱਪਣੀਆਂ ਤੋਂ ਉਘੜਦੀ ਹੈ। ਸ੍ਰੀ ਗੁਰੂ ਨਾਨਕ ਦੇਵ ਦੇ ਚੌਥੇ ਅਵਤਾਰ ਸ੍ਰੀ ਗੁਰੂ ਰਾਮਦਾਸ ਲਿਖਦੇ ਹਨ:-

ਰਵਿਦਾਸ ਚਮਾਰ ਉਸਤੁਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤਿ ਉਤਮ ਭਇਆ।
ਚਾਰਿ ਵਰਨ ਪਏ ਪਗਿ ਆਇ।[9]

ਇਸ ਤਰ੍ਹਾਂ ਦਾਦੂ ਜੀ ਦੀਆਂ ਨਜ਼ਰਾਂ ਵਿਚ ਰਾਮਾਨੰਦੀ ਖੜਮੰਤਰ ਦਾ ਜਾਪ ਕਰਨ ਵਾਲੇ ਰਵਿਦਾਸ ਜੀ ਤਾਂ ਰਾਮ ਸਮਾਨ ਹੋ ਕੇ ਬ੍ਰਹਮ ਨਾਲ ਹੀ ਇਕਮਿਕ ਹੋ ਗਏ ਸਨ:-

ਰੰਗ ਰਾਮ ਕਹਿ ਰਾਮ ਸਮਾਨਾ ।
ਜਨ ਰਵਿਦਾਸ ਮਿਲੇ ਭਗਵਾਨਾ ।[10]

ਇਥੇ ਅਸੀਂ ਭਾਈ ਗੁਰਦਾਸ ਜੀ ਵਲੋਂ ਭਗਤ ਰਵਿਦਾਸ ਨੂੰ ਦਿੱਤੀ ਸ਼ਰਧਾਂਜਲੀ ਪੇਸ਼ ਕਰਦੇ ਹਾਂ:-

ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਰੇਟਾ ।
ਪਾਣਾ, ਗੰਢੇ ਰਾਹ ਵਿਚਿ ਕੁਲਾ ਧਰਮ ਦੋਇ ਢੋਰ ਸਮੇਟਾ ।
ਜਿਉਂ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ ।
ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨ ਕਰਿ ਭਗਤਿ ਸਹੇਟਾ।[11]

ਉਪਰੋਕਤ ਟਿੱਪਣੀਆਂ ਤੋਂ ਗੁਰੂ ਰਵਿਦਾਸ ਦੀ ਪਾਤਰ-ਉਸਾਰੀ ਬਹੁਤ ਹੀ ਸਾਰਥਕ ਤੇ ਉਭਾਰੂ ਢੰਗ ਨਾਲ ਹੁੰਦੀ ਹੈ। ਜਿੱਥੇ ਉਨ੍ਹਾਂ ਦੇ ਪਰਮਾਤਮਾ ਨਾਲ ਇਕਮਿਕ ਹੋਏ ਹੋਣ ਦਾ ਪਤਾ ਲਗਦਾ ਹੈ ਉਥੇ ਉਨ੍ਹਾਂ ਦੇ ਸਮਾਜਿਕ ਉਥਾਨ ਦਾ ਵੀ ਪਤਾ ਲੱਗਦਾ ਹੈ। ਪਿਛਲੇ ਪੰਨਿਆਂ ਵਿਚ ਅਸੀਂ ਅਨੇਕਾਂ ਸੰਤਾਂ ਭਗਤਾਂ ਵਲੋਂ ਭਗਤ ਰਵਿਦਾਸ ਬਾਰੇ ਕੀਤੀਆਂ ਟਿੱਪਣੀਆਂ ਪੇਸ਼ ਕਰ ਆਏ ਹਾਂ। ਭਗਤ ਰਵਿਦਾਸ ਦੇ ਸਮਕਾਲੀ ਤੇ ਗੁਰੂ-ਭਾਈ ਵਲੋਂ ਕਬੀਰ ਜੀ ਕੀਤੀ ਟਿੱਪਣੀ ਹੀ ਅਸੀਂ ਅੰਤ ਵਿਚ ਪੇਸ਼ ਕਰਦੇ ਹਾਂ:-

ਸੰਤਨਿ ਮੈਂ ਰਵਿਦਾਸ ਸੰਤ ਹੈ

ਸਾਖੀਕਾਰਾਂ ਅਤੇ ਹੋਰ ਪਾਤਰਾਂ ਰਾਹੀਂ ਨਾਇਕ ਭਗਤ ਰਵਿਦਾਸ ਸੰਬੰਧੀ ਕਹੇ ਗਏ ਸ਼ਬਦਾਂ ਤੋਂ ਭਗਤ ਰਵਿਦਾਸ ਦਾ ਪਾਤਰ ਉੱਘੜ ਕੇ ਸਾਹਮਣੇ ਆਉਂਦਾ ਹੈ ।

(ਅ) ਗੁਰੂ ਰਵਿਦਾਸ ਦੁਆਰਾ ਨੇਪਰੇ ਚਾੜ੍ਹੇ ਗਏ ਕਾਰਜਾਂ ਤੋਂ ਵੀ ਉਨ੍ਹਾਂ ਦੀ ਸ਼ਖਸ਼ੀਅਤ ਉਘੜਦੀ ਹੈ। ਆਪ ਜੁੱਤੀਆਂ ਗੰਢ ਕੇ ਆਪਣਾ ਗੁਜ਼ਾਰਾ ਕਰਦੇ ਸਨ, ਇਸ ਦਾ ਬਹੁਤ ਸਾਰੇ ਪੁਰਾਤਨ ਤੇ ਨਵੀਨ ਸ੍ਰੋਤਾਂ ਨੇ ਜ਼ਿਕਰ ਕੀਤਾ ਹੈ। ਪ੍ਰਾਚੀਨ ਸ੍ਰੋਤ ਸ੍ਰੀ ਅਨੰਤ ਦਾਸ ਰਚਿਤ 'ਰੈਦਾਸ ਪਰਚਈ' ਵਿੱਚ ਵੀ ਇਸ ਤਰ੍ਹਾਂ ਜ਼ਿਕਰ ਕੀਤਾ ਗਿਆ ਹੈ:-

ਜੋਧੇ ਚਾਮ ਸੇਤਿ ਲੈ ਆਵੈ, ਤਾ ਕੋ ਪਨਹੀ ਅਧਿਕ ਬਨਾਵੈ।
ਟੂਟੇ ਫਾਟੇ ਜਰਵਾ ਜੋਰੈ, ਮਸਕਤਿ ਕਰੈ ਕਾਹੂ ਨ ਨਿਹੋਰੈ।।[12]

ਹੱਥੀਂ ਕੰਮ ਕਰਨ ਤੋਂ ਛੁੱਟ ਬਚਪਨ ਤੋਂ ਹੀ ਆਪ ਪ੍ਰਭੂ-ਭਗਤੀ ਵਿੱਚ ਲੀਨ ਸਨ। ਗੁਰੂ ਰਵਿਦਾਸ ਦਾ ਸਮਾਂ ਧਾਰਮਿਕ ਕੱਟੜਤਾ ਦਾ ਸਮਾਂ ਸੀ ਤੇ ਉਨ੍ਹਾਂ ਨੇ ਭਗਤੀ ਭਾਵ ਨਾਲ ਹੀ ਇੰਨਾ ਉੱਚਾ ਦਰਜਾ ਪ੍ਰਾਪਤ ਕਰ ਲਿਆ ਕਿ ਹੰਕਾਰੀ ਬ੍ਰਾਹਮਣ ਵੀ ਉਨ੍ਹਾਂ ਦੇ ਪੈਰੀਂ ਪੈ ਗਏ । ਹੱਥ ਕਾਰ ਵਲ, ਦਿਲ ਯਾਰ ਵੱਲ, ਵਾਲੀ ਗੱਲ ਆਪ ਤੇ ਪੂਰੀ ਢੁਕਦੀ ਹੈ। ਹੱਥੀਂ ਕੰਮ ਕਰਨ ਕਰਕੇ ਹੀ ਆਪ ਦਾ ਇਰਾਦਾ ਦ੍ਰਿੜ੍ਹ ਸੀ ਤੇ ਇਸੇ ਇਰਾਦੇ ਦੀ ਦ੍ਰਿੜਤਾ ਕਾਰਨ ਉਹ ਪਰਮਾਤਮਾ ਸਰੂਪ ਜੋਤ ਨਾਲ ਰਲ ਗਏ ਜਾਪਦੇ ਸਨ ।

(ੲ) ਸਮਾਜ ਵਿਚ ਭਗਤ ਰਵਿਦਾਸ ਦੇ ਵਿਚਾਰਾਂ ਤੋਂ ਉਤਪੰਨ ਹੋਈ ਪ੍ਰਤੀਕਿਰਿਆ ਬਹੁਤ ਪ੍ਰਬਲ ਸੀ। ਬ੍ਰਾਹਮਣ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਇਕ ਸ਼ੂਦਰ ਭਗਤੀ ਕਰੇ ਤੇ ਹੋਰਨਾਂ ਨੂੰ ਪ੍ਰਭੂ-ਭਗਤੀ ਲਈ ਪ੍ਰੇਰਿਤ ਕਰੇ। ਭਗਤ ਰਵਿਦਾਸ ਦੇ ਵਿਚਾਰਾਂ ਨੇ ਇਕ ਉਥਲ ਪੁਥਲ ਮਚਾ ਦਿੱਤੀ। ਕੱਟੜ ਬ੍ਰਾਹਮਣਵਾਦ ਦਾ ਤਖਤ ਡਾਵਾਂਡੋਲ ਹੋ ਗਿਆ ਜਦੋਂ ਰਵਿਦਾਸ ਜੀ ਨੇ ਪਰਮਾਤਮਾ ਨੂੰ ਸੰਬੋਧਨ ਕਰਕੇ ਸਿਰੀ ਰਾਗੁ ਵਿਚ ਆਖਿਆ:—

1. ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।।
   ਕਨਕ ਕਟਕ ਜਲ ਤਰੰਗ ਜੈਸਾ।[13]

2. ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ।
   ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ।
   ਰਾਮ ਗੁਸਈਆ ਜੀਅ ਕੇ ਜੀਵਨਾ ।
   ਮੋਹਿ ਨ ਬਿਸਾਰਹੁ ਮੈ ਜਨੁ ਤੇਰਾ।।[14]

3. ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰੁ ।।
   ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ।।

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲੁ ਪਤਾਲੁ ।।
ਮੋਹਿ ਜਮਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ।।
ਜੈਸਾ ਰੰਗੁ ਕੁਸੰਭ ਕਾ ਤੈਸਾ ਇਹੁ ਸੰਸਾਰੁ ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰੁ।। [15]

ਗੁਰੂ ਰਵਿਦਾਸ ਰਾਮ ਨਾਮ ਦੀ ਵਡਿਆਈ ਦੱਸਦਿਆਂ ਆਖਦੇ ਹਨ :—

ਤੁਮ ਚੰਦਨ ਹਮ ਇਰੰਡ ਬਾਪੁਰ ਸੰਗਿ ਤੁਮਾਰੇ ਬਾਸਾ ।।
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ।। [16]
ਦਾਰਿਦ ਦੇਖਿ ਹਰ ਕੋ ਹਸੈ ਐਸੀ ਦਸ਼ਾ ਹਮਾਰੀ । [17]
ਐਸੀ ਲਾਲ ਤੁਝ ਬਿਨ ਕਉਨ ਕਰੈ ।
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ।।ਰਹਾਉ ।।
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ।।
ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।।੧।।
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨ ਤਰੈ ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।2।। [18]

ਉਪਰੋਕਤ ਵਿਚਾਰ ਤੋਂ ਉਹ ਵੀ ਇਕ ਅਜਿਹੇ ਵਿਅਕਤੀ ਦੇ ਮੂੰਹੋਂ ਨਿਕਲਣੇ, ਜਿਸ ਲਈ ਪਰਮਾਤਮਾ ਦਾ ਨਾਂ ਲੈਣਾ ਵੀ ਗੁਨਾਹ ਤੁਲ ਸੀ, ਉਸ ਸਮੇਂ ਦੇ ਸਮਾਜ ਲਈ ਔਖੇਰ ਗੱਲ ਸੀ। ਇਨ੍ਹਾਂ ਵਿਚਾਰਾਂ ਨੇ ਭਗਤ ਰਵਿਦਾਸ ਦੇ ਅਨੇਕਾਂ ਦੁਸ਼ਮਣ ਪੈਦਾ ਕਰ ਦਿੱਤੇ ਜਿਨ੍ਹਾਂ ਦੀ ਵਿਰੋਧਤਾ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪਿਆ। ਉਨ੍ਹਾਂ ਸੰਬੰਧੀ ਮਿਲਦੇ ਜਨਮਸਾਖੀ ਸਾਹਿਤ ਤੋਂ ਪ੍ਰਗਟ ਹੁੰਦਾ ਹੈ ਕਿਵੇਂ ਉਨ੍ਹਾਂ ਨੂੰ ਕਦੇ ਰਾਜੇ ਸਾਹਮਣੇ ਪੇਸ਼ ਕੀਤਾ ਜਾਂਦਾ, ਕਦੀ ਪਰੀਖਿਆ ਲਈ ਜਾਂਦੀ ਤੇ ਸ੍ਰੋਤਾਂ ਅੰਦਰਲੀਆਂ ਗਵਾਹੀਆਂ ਅਨੁਸਾਰ ਉਹ ਹਰ ਵਾਰ ਸਫਲ ਹੁੰਦੇ ਰਹੇ। ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਕਾਰਨ ਹੀ ਕਈ ਰਾਜੇ ਉਨ੍ਹਾਂ ਦੇ ਸ਼ਿਸ਼ ਬਣ ਗਏ ।

(ਸ) ਗੁਰੂ ਰਵਿਦਾਸ ਦੁਆਰਾ ਦਿਖਾਈਆਂ ਕਈ ਕਰਾਮਾਤਾਂ ਦਾ ਵੀ ਜ਼ਿਕਰ ਹੈ। ਕਰਾਮਾਤਾਂ ਵਿਚ ਉਸ ਸਮੇਂ ਦੇ ਮਨੁੱਖ ਦਾ ਵਿਸ਼ਵਾਸ਼ ਸੀ ਤੇ ਅੱਜ ਦੇ ਵਿਗਿਆਨਕ ਯੁੱਗ ਵਿਚ

ਵੀ ਲੋਕ ਕਰਾਮਾਤਾਂ ਵਿਚ ਯਕੀਨ ਰੱਖਦੇ ਹਨ। ਆਪਣੇ ਨਾਇਕ ਦੀ ਸਿਰਮੌਰਤਾ ਸਿੱਧ ਕਰਨ ਤੇ ਉਸ ਨੂੰ ਸਰਬਸ਼ਕਤੀਮਾਨ ਦਿਖਾਉਣ ਲਈ ਕਰਾਮਾਤਾਂ ਦਾ ਸਹਾਰਾ ਲਿਆ ਜਾਂਦਾ ਸੀ। ਕਰਾਮਾਤਾਂ ਮੱਧਕਾਲੀਨ ਸਾਹਿਤ ਦੀ ਉਪਜ ਨਹੀਂ ਸਗੋਂ ਇਹ ਅੰਸ਼ ਪੌਰਾਣਿਕ ਸਾਹਿਤ 'ਚੋਂ ਆਇਆ ਹੈ। ਭਗਤ ਰਵਿਦਾਸ ਨਾਲ ਸੰਬੰਧਿਤ ਕਰਾਮਾਤਾਂ ਵਿੱਚ ਸਾਲਗ੍ਰਾਮ ਦਾ ਪਾਣੀ ਤੇ ਤੈਰਨਾ, ਯੋਗ ਬਲ ਨਾਲ ਵਿਦੇਹ ਹੋ ਕੇ ਚਿਤੌੜ ਦੇ ਬ੍ਰਾਹਮਣਾਂ ਨੂੰ ਵਿਦੇਹ ਰੂਪ ਵਿਚ ਦਰਸ਼ਨ ਦੇਣਾ, ਜਿਉਂਦਾ ਖਾ ਰਹੇ ਚਿਤੌੜ ਦੇ ਬ੍ਰਾਹਮਣਾਂ ਨੂੰ ਦੋ ਦੋ ਰਵਿਦਾਸ ਦਿਸਣੇ ਅਤੇ ਤਨ ਵਿਚੋਂ ਜਨੇਊ ਕੱਢ ਕੇ ਦਿਖਾਉਣਾ ਆਦਿ ਦਾ ਜ਼ਿਕਰ ਹੈ। ਭਗਤ ਰਵਿਦਾਸ ਵਲੋਂ ਭੇਜੀ ਦਮੜੀ ਦਾ ਗੰਗਾ ਵਲੋਂ ਹੱਥ ਕੱਢ ਕੇ ਲੈਣਾ ਵੀ ਇਕ ਅਜਿਹੀ ਕਰਾਮਾਤ ਸੀ ਜਿਸਨੇ ਭਗਤ ਰਵਿਦਾਸ ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲਾ ਦਿੱਤੀ। ਪਰੰਤੂ ਸਾਡੇ ਜਾਚੇ ਭਗਤ ਰਵਿਦਾਸ ਦੇ ਜੀਵਨਕਾਲ ਤੋਂ ਬਾਦ ਹੀ ਇਹ ਕਰਾਮਾਤਾਂ ਦਾ ਅੰਸ਼ ਉਨ੍ਹਾਂ ਸੰਬੰਧੀ ਰਚੇ ਗਏ ਸਾਹਿਤ ਵਿਚ ਲੋਕ-ਸੱਚ ਦੇ ਰੂਪ ਵਜੋਂ ਸ਼ਾਮਲ ਹੋ ਗਿਆ ।

ਇਨ੍ਹਾਂ ਕਰਾਮਾਤਾਂ ਤੋਂ ਭਗਤ ਰਵਿਦਾਸ ਦੀ ਅਦੁੱਤੀ ਸ਼ਖਸ਼ੀਅਤ ਦਾ ਇਕ ਵੱਖਰਾ ਹੀ ਰੂਪ ਦਿਖਾਈ ਦਿੰਦਾ ਹੈ। ਕਰਾਮਾਤਾਂ ਨਾਇਕ ਨੂੰ ਪਰਮਾਤਮਾ ਨਾਲ ਇਕ ਹੋਇਆ ਦਿਖਾ ਕੇ ਹੀ ਉਸ ਦੀ ਸ਼ਕਤੀ ਦਾ ਵਿਕੇਂਦਰੀਕਰਨ ਕਰਦੀਆਂ ਜਾਪਦੀਆਂ ਹਨ।
ਪਰਮਾਤਮਾ ਦੇ ਭਗਤ ਅਸੰਭਵ ਨੂੰ ਸੰਭਵ ਬਣਾ ਸਕਦੇ ਹਨ। ਸੋ ਹੋਰ ਅਨੇਕਾਂ ਸੰਤਾਂ ਵਾਂਗ ਗੁਰੂ ਰਵਿਦਾਸ ਸੰਬੰਧੀ ਜਨਮਸਾਖੀ ਸਾਹਿਤ ਵਿਚਲੇ ਕਰਾਮਾਤਾਂ ਦੇ ਅੰਸ਼ ਨੇ ਉਨ੍ਹਾਂ ਨੂੰ ਇਕ ਕਰਾਮਾਤੀ ਸਿੱਧ ਕਰਨ ਤੋਂ ਵੱਧ ਕੋਈ ਹੋਰ ਯੋਗਦਾਨ ਨਹੀਂ ਪਾਇਆ । ਇਹ ਅੰਸ਼ ਉਨ੍ਹਾਂ ਦੇ ਇਕ ਗਹਿਰ-ਗੰਭੀਰ ਬਾਣੀਕਾਰ ਦੀ ਦਿੱਖ ਨੂੰ ਕਿਸੇ ਹੱਦ ਤੀਕ ਵਿਗਾੜ ਦਿੰਦਾ ਹੈ ।

(ਹ) ਨਾਇਕ ਗੁਰੂ ਰਵਿਦਾਸ ਦੀ ਹੋਰ ਪਾਤਰਾਂ ਨਾਲ ਗੋਸ਼ਟਾਂ ਰਾਹੀਂ ਵੀ ਉਨ੍ਹਾਂ ਦੇ ਪਾਤਰ ਦੀ ਉਸਾਰੀ ਕੀਤੀ ਜਾਂਦੀ ਹੈ। ਇਸ ਦੀ ਇਕ ਮਿਸਾਲ ਅਸੀਂ 'ਗੋਸ਼ਟਿ ਕਬੀਰ ਅਤੇ ਰਵਿਦਾਸ' ਦੇ ਸਕਦੇ ਹਾਂ। ਬਹੁਤੇ ਵਿਦਵਾਨ ਇਸ ਨੂੰ ਭਗਤ ਸੈਨ ਦੀ ਰਚਨਾ ਮੰਨਦੇ ਹਨ ਪਰੰਤੂ ਕਈ ਵਿਦਵਾਨ ਪ੍ਰਮਾਣਿਕ ਤੱਥਾਂ ਦੀ ਅਣਹੋਂਦ ਕਾਰਨ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ।

ਇਸ ਗੋਸ਼ਟੀ 'ਚ ਭਗਤ ਕਬੀਰ ਤੇ ਭਗਤ ਰਵਿਦਾਸ ਦੇ ਧਾਰਮਿਕ ਵਿਸ਼ਵਾਸ਼ਾਂ ਦਾ ਭਰਪੂਰ ਵਰਨਣ ਹੈ। ਤਰਕਾਂ ਦੀ ਇਕ ਲੰਬੀ ਲੜਾਈ 'ਚ ਭਗਤ ਰਵਿਦਾਸ ਕਬੀਰ ਦੀ

ਵਿਦਵਤਾ ਸਾਹਮਣੇ ਝੁਕਦੇ ਜਾਪਦੇ ਹਨ। ਜਦੋਂ ਉਹ ਕਬੀਰ ਸਾਹਿਬ ਕੋਲੋਂ ਮੰਤਰ ਦੀ ਮੰਗ ਕਰਦੇ ਹਨ:-

ਅਸਥਿਰੁ ਸਬਦ ਬਤਾਵਹੁ ਨਿਰਗੁਨ ਜਾਹਿਨ ਰੇਸ ਵਿਸੰਤ੍ਰਾ।।
ਕਹੈ ਰਵਿਦਾਸ ਤੁਮ ਸੁਨਹੁ ਕਬੀਰਾ ਦੇ ਭਗਤਨ ਕੇ ਮੰਤ੍ਰਾ।।64।।[19]

ਉਪਰੋਕਤ ਹਵਾਲਾ ਅਸੀਂ ਗੁਰਮੁਖੀ ਲਿੱਪੀ ਵਿਚ ਮਿਲਦੇ ਇਸ ਗੋਸ਼ਟਿ ਦੇ ਰੂਪ ਤੋਂ ਲਿਆ ਹੈ। ਦੇਵਨਾਗਰੀ ਲਿੱਪੀ ਵਿਚਲੇ ਰੂਪ ਵਿਚ ਇਸ ਨਾਲੋਂ ਕਾਫ਼ੀ ਭਿੰਨਤਾ ਹੈ। ਭਗਤ ਰਵਿਦਾਸ ਸ੍ਰੋਤ ਪੁਸਤਕ ਵਿਚ ਇਹ ਗੋਸ਼ਟੀ ਪੰਨਾ 159 ਤੋਂ 177 ਤੱਕ ਦਰਜ ਹੈ। ਭਗਤ ਰਵਿਦਾਸ ਦੇ ਪ੍ਰਸ਼ਨਾਂ ਦਾ ਉੱਤਰ ਭਗਤ ਕਬੀਰ ਦਿੰਦੇ ਹਨ ।

ਅਰੇ ਕਬੀਰ ਜਬ ਲੀਲਾ ਅਉਤਾਰ ਨ ਹੋਤੇ ਤਬ ਜੀਅ ਕਹਾਂ ਨਿਸਤਰਤੇ।।
ਅੰਧ ਧੁੰਧ ਕਿਛੁ ਸੂਝ ਨ ਪਰਤੀ ਜੀਅ ਨਰਕ ਸਭ ਪਰਤੇ ।।

ਕਬੀਰ ਸਾਹਿਬ ਦਾ ਉੱਤਰ ਹੈ:-

ਸੁਨ ਰੇ ਰਵਿਦਾਸ ਕਹਾ ਨਰਕ ਅਰ ਕਹਾਂ ਸੁਰਗ ਹੈ ਕਹਹੁ ਕਵਨ ਕਬ ਦੇਖਿਆ ।।
ਜਾ,ਦਿਨ ਹੰਸ ਪੈਆਨਾ ਕੀਨਾ ਜਾਤਾ ਕਿਨਹੂ ਨ ਪੇਖਿਆ ।।[20]

ਭਗਤ ਰਵਿਦਾਸ ਸਰਗੁਣ ਸਰੂਪ ਦੀ ਗੱਲ ਕਰਦੇ ਹਨ:-

ਜਉ ਓਹ ਨਿਰਗੁਨੁ ਤ ਠਾਕੁਰੁ ਮੇਰਾ ਵਾਕਾ ਰੂਪ ਨ ਰੇਖਿਆ।।
ਸੋ ਮੈ ਦੇਖਿਆ ਨੰਦ ਗੋਕੁਲ ਮੈ ਬ੍ਰਹਮ ਰੂਪ ਕੈ ਭੇਖਿਆ।।10।।

ਕਬੀਰ ਸਾਹਿਬ ਉੱਤਰ ਦਿੰਦੇ ਹਨ:-

ਰੇ ਰਵਿਦਾਸ ਬ੍ਰਹਮ ਨ ਗੋਪੀ ਬ੍ਰਹਮੁ ਨ ਬ੍ਰਹਮਨ ਕੋਊ ਆਇਓ।।
ਬਿਆਪਕ ਬ੍ਰਹਮ ਸਗਲ ਤੇ ਨਿਆਰਾ ਬਿਰਲੈ ਕਿਨਹੂ ਪਾਇਓ।।12।।[21]

ਇਸ ਗੋਸ਼ਟੀ ਤੋਂ ਜਿਥੇ ਦੋਹਾਂ ਭਗਤਾਂ ਦੇ ਧਾਰਮਿਕ ਵਿਸ਼ਵਾਸ਼ਾਂ ਦਾ ਪਤਾ ਲੱਗਦਾ ਹੈ ਉੱਥੇ ਉਨ੍ਹਾਂ ਦੇ ਗਿਆਨ ਭੰਡਾਰ ਦੇ ਵੀ ਦਰਸ਼ਨ ਹੋ ਜਾਂਦੇ ਹਨ। ਇਸ ਗੋਸ਼ਟੀ ਦਾ ਮੁੱਖ ਮਸਲਾ ਪਰਮਾਤਮਾ ਦਾ ਸਰਗੁਣ ਜਾਂ ਨਿਰਗੁਣ ਰੂਪ ਦਾ ਫੈਸਲਾ ਕਰਨਾ ਹੀ ਹੈ। ਇਸ ਗੋਸ਼ਟੀ ਅਨੁਸਾਰ ਭਗਤ ਰਵਿਦਾਸ ਭਗਤ ਕਬੀਰ ਨੂੰ ਆਪਣਾ ਗੁਰੂ ਮੰਨ ਲੈਂਦੇ ਹਨ ।

ਸੁਨਹੁ ਗੁਸਾਈਂ ਹਮ ਤਉ ਭੂਲੈ, ਅਬ ਲੀਨੀ ਸਰਨ ਤੁਮਾਰੀ।
ਅਬ ਤੋ ਹਾਰਿ ਪ੍ਰਗਟ ਪੁਕਾਰਿਆ ਕਛ ਗਤਿ ਕਰਹੁ ਹਮਾਰੀ।
ਤੁਮ ਤੋ ਪੂਰਨ ਬ੍ਰਹਮ ਸਮਾਨਾ ਮੁਝੈ ਪਾਰਿ ਹੋਇ ਹੋਇ ਦਇਆਲਾ।
ਕਹੈ ਰਵਿਦਾਸ ਕੋਟ ਜਨ ਤੁਮਰਾ ਦੇਹ ਭਗਤਨ ਕੀ ਮਾਲਾ।।[22]

ਇਸ ਗੋਸ਼ਟੀ ਤੋਂ ਇਲਾਵਾ ਗੁਰੂ ਨਾਨਕ ਤੇ ਭਗਤ ਰਵਿਦਾਸ ਦਰਮਿਆਨ ਹੋਈ ਗੋਸ਼ਟੀ ਦਾ ਜ਼ਿਕਰ ਵੀ ਕਰਦੇ ਹਨ ਪਰੰਤੂ ਇਤਿਹਾਸਕ ਤੱਥਾਂ ਦੀ ਅਣਹੋਂਦ ਵਿਚ ਇਸ ਮੁਲਾਕਾਤ ਦੌਰਾਨ ਹੋਈ ਕਿਸੇ ਗੋਸ਼ਟੀ ਨੂੰ ਮੰਨਣਾ ਅਸੰਭਵ ਲੱਗਦਾ ਹੈ। ਜਨਮਸਾਖੀ ਸਾਹਿਤ ਵੀ ਇਸ ਮੁਲਾਕਾਤ ਬਾਰੇ ਚੁੱਪ ਹੈ ਭਾਵੇਂ ਸੋਢੀ ਮਿਹਰਬਾਨ ਰਚਿਤ ਜਨਮ ਸਾਖੀ ਵਿਚ ਭਗਤ ਰਵਿਦਾਸ ਦੀ ਬਾਣੀ ਪ੍ਰਚੱਲਿਤ ਹੋਣ ਦਾ ਜ਼ਿਕਰ ਹੈ।

ਭਵਿਸ਼ ਪੁਰਾਣ ਅਨੁਸਾਰ ਵੀ ਸੁਆਮੀ ਸ਼ੰਕਰਾਚਾਰੀਆ ਦੇ ਕਿਸੇ ਉੱਤਰਾਧਿਕਾਰੀ ਸ਼ੰਕਰਾਚਾਰੀਆ ਨਾਲ ਭਗਤ ਰਵਿਦਾਸ ਦੀ ਹੋਈ ਗੋਸ਼ਟੀ ਦਾ ਜ਼ਿਕਰ ਹੈ। ਇਸ ਰਚਨਾ ਵਿਚ ਸ਼ੰਕਰਾਚਾਰੀਆ ਦੀ ਜਿੱਤ ਦਰਸਾਈ ਗਈ ਹੈ ਜਿਸ ਤੋਂ ਬਾਦ ਉਹ ਰਾਮਾਨੰਦ ਤੋਂ ਦੀਖਿਆ ਲੈਣ ਗਏ। ਇੱਥੇ ਸਾਡਾ ਮਨੋਰਥ ਇਨ੍ਹਾਂ ਗੋਸ਼ਟੀਆਂ ਪਿੱਛੇ ਛੁਪੀ ਕਿਸੇ ਗਹਿਰੀ ਸਾਜਿਸ਼ ਦੀ ਛਾਣਬੀਣ ਕਰਨਾ ਨਹੀਂ ਸਗੋਂ ਅਸੀਂ ਤਾਂ ਇਹ ਦੇਖਣਾ ਸੀ ਕਿ ਇਨ੍ਹਾਂ ਗੋਸ਼ਟਾਂ ਚੋਂ ਭਗਤ ਰਵਿਦਾਸ ਦਾ ਕਿਹੋ ਜਿਹਾ ਸਰੂਪ ਉਘੜਦਾ ਹੈ। ਸਿਰਫ ਕਬੀਰ-ਰਵਿਦਾਸ ਗੋਸ਼ਟਿ ਹੀ ਦੋਹਾਂ ਭਗਤਾਂ ਦੇ ਵਿਚਾਰਾਂ ਬਾਰੇ ਜਾਣਕਾਰੀ ਦਿੰਦੀ ਹੈ ਜਿਸ ਤੋਂ ਸਾਨੂੰ ਭਗਤ ਰਵਿਦਾਸ ਦੇ ਨਿਮਰ, ਵਿਦਵਾਨ ਤੇ ਜਗਿਆਸੂ ਹੋਣ ਦਾ ਪਤਾ ਲੱਗਦਾ ਹੈ।

(ਕ) ਸਾਖੀਕਾਰਾਂ ਨੇ ਆਪਣੇ ਨਾਇਕ ਨੂੰ ਇਕ ਬਾਣੀਕਾਰ ਦੇ ਤੌਰ 'ਤੇ ਪੇਸ਼ ਕਰਕੇ ਵੀ ਉਸ ਦਾ ਅਕਸ ਉਭਾਰਿਆ ਹੈ। ਗੁਰੂ ਰਵਿਦਾਸ ਨਾਲ ਸੰਬੰਧਿਤ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸ ਗ੍ਰੰਥ ਵਿਚ ਦਰਜ ਬਾਣੀ ਨਿਰਸੰਦੇਹ

ਉਚਪਾਏ ਦੀ ਬਾਣੀ ਹੈ। ਸਾਖੀਕਾਰਾਂ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕਈ ਵਿਸ਼ੇਸ਼ ਸ਼ਬਦਾਂ ਦੀ ਰਚਨਾ ਕਈ ਵਿਸ਼ੇਸ਼ ਸਿਕਿਆਂ ਤੇ ਹੀ ਕੀਤੀ ਗਈ। ਭਾਵੇਂ ਇਹ ਦਾਅਵਾ ਨਿਰਾ ਖੋਖਲਾ ਹੈ ਕਿਉਂਕਿ ਸਾਖੀਆਂ ਦੀ ਰਚਨਾ ਤੋਂ ਬਹੁਤ ਸਮਾਂ ਪਹਿਲਾਂ ਬਾਣੀ ਉਚਾਰੀ ਜਾ ਚੁੱਕੀ ਸੀ। ਸਾਖੀਕਾਰਾਂ ਨੇ ਕਈ ਵਾਰ ਤਾਂ ਗੁਰੂ ਰਵਿਦਾਸ ਨੂੰ ਸਰਬਸ਼ਕਤੀਮਾਨ ਸਿੱਧ ਕਰਨ ਲਈ ਉਨ੍ਹਾਂ ਦੇ ਬਾਣੀ ਦੇ ਅਰਥਾਂ ਦੇ ਅਨਰਥ ਕਰ ਦਿੱਤੇ। ਇਸ ਦੀ ਇਕ ਮਿਸਾਲ ਅਸੀਂ ਹਮ ਅਪਰਾਧੀ ਨੀਚ ਘਰ ਜਨਮੇ ਕੁਟੰਬ ਲੋਕ ਕਰੇ ਹਾਸੀਂ ਦੇ ਸਕਦੇ ਹਾਂ। ਇਸ ਤੁਕ ਨੂੰ ਕਰਾਮਾਤ ਦੇ ਤੌਰ 'ਤੇ ਵਰਤ ਲਿਆ ਗਿਆ ਹੈ ਤੇ ਇਕ ਅਜਿਹੀ ਸਾਖੀ ਸਾਹਮਣੇ ਆਈ ਜਿਸ ਦਾ ਕਈ ਸ੍ਰੋਤਾਂ ਨੇ ਜ਼ਿਕਰ ਕੀਤਾ ਹੈ। ਇਹ ਅਨਰਥ ਕਰਨ ਵਾਲੀ ਗੱਲ ਹੈ ਜਿਸ ਤੋਂ ਸਾਖੀਕਾਰਾਂ ਦੇ ਸੋੜੇ ਦ੍ਰਿਸ਼ਟੀਕੋਣ ਦੀ ਝਲਕ ਦਿਖਾਈ ਦੇ ਜਾਂਦੀ ਹੈ।

ਹੁਣ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਾਖੀਕਾਰ ਸੰਪਰਦਾਇ ਤੇ ਪਰੰਪਰਾ ਦੋਹਾਂ ਨਾਲ ਹੀ ਬੱਝੇ ਹੋਏ ਹੋਣ ਕਾਰਨ ਇਕ ਸੌਚੇ ਸਮਝੇ ਮਾਡਲ ਵਿਚ ਹੀ ਭਗਤ ਰਵਿਦਾਸ ਨੂੰ ਫਿਟ ਕਰ ਰਹੇ ਸਨ। ਉਨ੍ਹਾਂ ਨੇ ਰਵਿਦਾਸ ਜੀ ਨੂੰ ਜਿੱਥੇ ਇਕ ਸੰਜਮੀ, ਸਬਰ-ਸੰਤੋਖ ਵਾਲੇ, ਮਿਹਨਤੀ ਤੇ ਇਕ ਬਾਣੀਕਾਰ ਦੇ ਤੌਰ ਤੇ ਪੇਸ਼ ਕੀਤਾ ਹੈ ਉਥੇ ਕੁਝ ਕੁ ਸਾਖੀਆਂ ਨੇ ਇਕ ਗਹਿਰ ਗੰਭੀਰ ਮਹਾਨ ਸ਼ਖਸ਼ੀਅਤ ਦਾ ਅਕਸ਼ ਵਿਗਾੜਿਆ ਵੀ ਹੈ। ਇਨ੍ਹਾਂ ਸਾਖੀਆਂ 'ਚੋਂ ਉਭਰਦਾ ਨਾਇਕ ਇਕ ਕਰਾਮਾਤੀ ਵੀ ਹੈ ਤੇ ਗਹਿਰ ਗੰਭੀਰ ਮੁਦਰਾ ਵਿੱਚ ਲੀਨ ਵੀ ਜਿਸ ਵਿਚ ਕਾਫੀ ਵਿਰੋਧਾਭਾਸ ਜਾਪਦਾ ਹੈ ।

## ਜੀਵਨ ਘਟਨਾਵਾਂ ਅਤੇ ਉਨ੍ਹਾਂ ਦੀ ਪੁਣਛਾਣ

ਗੁਰੂ ਰਵਿਦਾਸ ਦੇ ਜਨਮ ਤੋਂ ਅਕਾਲ ਚਲਾਣੇ ਤੱਕ ਬਹੁਤ ਸਾਰੀਆਂ ਘਟਨਾਵਾਂ ਵਿਵਾਦ ਦਾ ਵਿਸ਼ਾ ਬਣੀਆਂ ਰਹੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਦਾ ਪੂਰਬਲਾ ਜਨਮ, ਨਾਂ, ਮਾਤਾ ਪਿਤਾ, ਵਿਆਹ ਤੇ ਸੰਤਾਨ, ਜਨਮ ਸਥਾਨ, ਕਿੱਤਾ, ਗੁਰੂ ਬਾਰੇ ਵਿਚਾਰ ਤੇ ਸਿੱਖੀ ਸੇਵਕੀ ਤੋਂ ਛੁੱਟ ਉਨ੍ਹਾਂ ਦੀ ਬਾਣੀ ਵੀ ਸ਼ਾਮਿਲ ਹੈ। ਜਨਮ ਸਾਖੀ ਸਾਹਿਤ ਦੀਆਂ

ਸਾਰੀਆਂ ਹੀ ਪਰੰਪਰਾਵਾਂ ਉਪਰੋਕਤ ਘਟਨਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕਰਦੀਆਂ ਹਨ। ਆਪਣੇ ਇਸ ਅਧਿਐਨ ਵਿਚ ਅਸੀਂ ਪੁਰਾਤਨ ਸ੍ਰੋਤਾਂ 'ਤੇ ਹੀ ਜ਼ਿਆਦਾ ਨਿਰਭਰ ਕਰਾਂਗੇ ਕਿਉਂਕਿ ਵੀਹਵੀਂ ਸਦੀ ਵਿਚ ਭਗਤ ਰਵਿਦਾਸ ਵਰਗੇ ਰਚਿਆ ਗਿਆ ਜਨਮ ਸਾਖੀ ਸਾਹਿਤ ਨਿਰਸੰਦੇਹ ਇਨ੍ਹਾਂ ਸ੍ਰੋਤਾਂ ਦਾ ਪ੍ਰਭਾਵ ਕਬੂਲ ਕਰਦਾ ਹੈ।

<u>ਪੂਰਬਲਾ ਜਨਮ</u>

ਗੁਰੂ ਰਵਿਦਾਸ ਨਾਲ ਸੰਬੰਧਿਤ ਇਹ ਕਥਾ, ਗੁਰੂ ਰਵਿਦਾਸ ਬਾਰੇ ਸਭ ਤੋਂ ਪ੍ਰਾਚੀਨ ਸ੍ਰੋਤ ਅਨੰਤ ਦਾਸ ਵੈਸ਼ਣਵ ਰਚਿਤ ਰੈਦਾਸ ਪਰਚਈ, ਵਿਚ ਦਰਜ ਹੈ। ਇਸ ਸ੍ਰੋਤ ਅਨੁਸਾਰ ਗੁਰੂ ਰਵਿਦਾਸ ਪੂਰਬਲੇ ਜਨਮ ਵਿਚ ਬ੍ਰਹਮਚਾਰੀ ਸਨ ਪਰੰਤੂ ਮਾਸ ਖਾਂਦੇ ਸਨ । ਇਸੇ ਅਪਰਾਧ ਕਾਰਨ ਉਨ੍ਹਾਂ ਨੂੰ ਇਕ ਨੀਚ ਕੁਲ ਵਿਚ ਜਨਮ ਲੈਣਾ ਪਿਆ।[23] ਭਾਈ ਦਰਬਾਰੀ ਦਾਸ ਵੀ ਇਸੇ ਵਿਚਾਰ ਦੇ ਧਾਰਨੀ ਹਨ।

ਸ਼ਰੁਤਿ ਸਿਮ੍ਰਿਤ ਕਾ ਅਧਿਕਾਰਾ। ਤਹਾਂ ਰੈਦਾਸ ਲਿਯੋ ਔਤਾਰਾ।
ਪੂਰਬ ਜਨਮ ਵਿਪ੍ਰਹਿ ਹੋਤਾ। ਮਾਸ ਨ ਛਾਡਯੋ ਨਿਸ ਸ੍ਰੋਤਾ।।2।।

ਤਿਹਿ ਅਪਰਾਧਿ ਨੀਚ ਕੁਲਿ ਦੀਨਾ। ਪਾਛਲਾ ਜਨਮ ਚੀਣ੍ਹੀ ਤਿਨ ਲੀਨਾ।
ਜਾਤਿ ਚਮਾਰ ਪਿਤਾ ਅਰੁ ਮਾਈ। ਸਾਖਿਤ ਕੈ ਘਰਿ ਜਨਮਯੋ ਆਈ।।31।[24]

ਕੁਝ ਸ੍ਰੋਤਾਂ[25] ਅਨੁਸਾਰ ਗੁਰੂ ਰਾਮਾਨੰਦ ਨੂੰ ਮਲੇਛ ਦੇ ਘਰੋਂ ਭਿੱਖਿਆ ਲੈ ਕੇ ਖੁਆਉਣ ਕਾਰਨ ਭਗਤ ਰਵਿਦਾਸ ਨੂੰ ਚਮਾਰ ਜਾਤੀ ਵਿਚ ਜਨਮ ਲੈਣਾ ਪਿਆ। ਬ੍ਰਾਹਮਣਵਾਦ ਵਲੋਂ ਰਚੀਆਂ ਇਨ੍ਹਾਂ ਦੋਵੇਂ ਕਥਾਵਾਂ ਦਾ ਮਨੋਰਥ ਭਗਤ ਰਵਿਦਾਸ ਨੂੰ ਪਿਛਲੇ ਜਨਮ ਵਿਚ ਬ੍ਰਾਹਮਣ ਸਿੱਧ ਕਰਨਾ ਸੀ ਕਿਉਂਕਿ ਹੰਕਾਰੀ ਬ੍ਰਾਹਮਣ ਇਹ ਕਦੀ ਵੀ ਨਹੀਂ ਸਹਾਰ ਸਕਦੇ ਸਨ ਕਿ ਅਛੂਤੀ ਨੀਵੀਂ ਜਾਤੀ ਦਾ ਵਿਅਕਤੀ ਇੰਨਾ ਮਾਣ ਪ੍ਰਾਪਤ ਕਰ ਜਾਵੇ ।

ਪਰੰਤੂ ਭਗਤ ਰਵਿਦਾਸ ਦੀ ਜਾਤ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿਉਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਬਾਰੇ ਜਾਣਕਾਰੀ ਦੇ ਦਿੱਤੀ ਹੈ:-

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ।
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।[26]

ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮ ਹਮਾਰਾ।
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ।[27]

ਆਪਣੇ ਜਨਮ ਸਥਾਨ ਬਾਰੇ ਵੀ ਉਨ੍ਹਾਂ ਨੇ ਜਾਣਕਾਰੀ ਦਿੱਤੀ ਹੈ:-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ
ਨਿਤਹਿ ਬਨਾਰਸੀ ਆਸ ਪਾਸਾ।।[28]

ਉਨ੍ਹਾਂ ਦੇ ਸਮਕਾਲੀ ਭਗਤ ਧੰਨਾ ਤੇ ਕੁਝ ਚਿਰ ਪਿੱਛੋਂ ਹੋਏ ਭਾਈ ਗੁਰਦਾਸ ਵੀ ਉਨ੍ਹਾਂ ਬਾਰੇ ਲਿਖਦੇ ਹਨ:-

ਰਵਿਦਾਸ ਢੁਵੰਤਾ ਢੋਰ ਨੀਤਿ ਤਿਨ ਤਿਆਗੀ ਮਾਇਆ ।
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ।।[29]

ਜਨੁ ਰਵਿਦਾਸ ਚਮਾਰੁ ਹੋਇ ਚਹੁ ਵਰਨਾਂ ਵਿਚਿ ਕਰਿ ਵਡਿਆਈ।।[30]

(ਅ) ਭਗਤ ਰਵਿਦਾਸ ਨੇ ਪ੍ਰਭੂ ਭਗਤੀ ਕਰਕੇ ਸਮਾਜ ਵਿਚ ਵਡਿਆਈ ਪ੍ਰਾਪਤ ਕਰ ਲਈ ਤੇ ਵਿਰੋਧੀ ਬ੍ਰਾਹਮਣਾਂ ਦੀ ਨਫਰਤ ਦਾ ਮੁਕਾਬਲਾ ਕੀਤਾ। ਅੰਤ ਬ੍ਰਾਹਮਣ ਉਨ੍ਹਾਂ ਦੇ ਪੈਰੀਂ ਪੈ ਗਏ ਜਿਸ ਦਾ ਜ਼ਿਕਰ ਰਵਿਦਾਸ ਬਾਣੀ ਵਿਚ ਆਉਂਦਾ ਹੈ:-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ
ਨਿਤਹਿ ਬਨਾਰਸੀ ਆਸ ਪਾਸਾ ।।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।।3।।2।।[31]

(ੲ) ਭਗਤ ਸ੍ਰਿੰਖਲਾ ਵਿੱਚ ਉਹ ਭਗਤ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਤੇ ਭਗਤ ਸੈਨ ਤੋਂ ਪਿੱਛੋਂ ਹੋਏ।[32] ਭਗਤ ਸ੍ਰਿੰਖਲਾ ਵਿਚ ਉਨ੍ਹਾਂ ਦਾ ਸਥਾਨ ਉਨ੍ਹਾਂ ਦੀ ਆਪਣੀ ਬਾਣੀ ਭਗਤ ਧੰਨਾ ਜੱਟ ਤੇ ਭਾਈ ਗੁਰਦਾਸ ਤੇ ਹੋਰ ਭਗਤਾਂ ਦੀ ਬਾਣੀ ਤੋਂ ਇਸ ਤਰ੍ਹਾਂ ਹੁੰਦਾ ਹੈ:–

ਹਰਿ ਕੇ ਨਾਮ ਕਬੀਰ ਉਜਾਗਰ।।ਜਨਮ ਜਨਮ ਕੇ ਕਾਟੇ ਕਾਗਰ।।
ਨਿਮਤ ਨਾਮਦੇਉ ਦੂਧੁ ਪੀਆਇਆ।।ਤਉ ਜਗ ਜਨਮ ਸੰਕਟ ਨਹੀਂ ਆਇਆ।
ਜਨ ਰਵਿਦਾਸ ਰਾਮ ਰੰਗਿ ਰਾਤਾ।।ਇਉ ਗੁਰ ਪਰਸਾਦਿ ਨਰਕ ਨਹੀਂ ਜਾਤਾ।[33]

ਜਿਵੇਂ ਅਸੀਂ ਪਹਿਲਾਂ ਵੀ ਕਹਿ ਆਏ ਹਾਂ ਕਿ ਬਾਣੀ ਵਿਚੋਂ ਉਨ੍ਹਾਂ ਦੇ ਜਨਮ ਸੰਮਤ, ਮਾਤਾ ਪਿਤਾ, ਪਤਨੀ-ਪੁੱਤਰ, ਗੁਰੂ ਰਾਮਾਨੰਦ ਤੇ ਸਿੱਖੀ ਸੇਵਕੀ ਬਾਰੇ ਵਿਦਵਾਨਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਕਾਫ਼ੀ ਮੱਤ ਭੇਦ ਹਨ । ਫਿਰ ਵੀ ਕਿਸੇ ਨਿਰਣੇ ਤੇ ਪਹੁੰਚਣ ਤੋਂ ਪਹਿਲਾਂ ਅਸੀਂ ਇਨ੍ਹਾਂ ਵਿਚਾਰਾਂ ਨੂੰ ਘੋਖਾਂਗੇ ।

<u>ਜਨਮ ਸੰਮਤ</u>

ਭਗਤ ਰਵਿਦਾਸ ਦੀ ਜਨਮ ਤਾਰੀਖ ਦਾ ਮਸਲਾ ਪੇਚੀਦਾ ਬਣਿਆ ਰਿਹਾ ਹੈ। ਭਗਤ ਕਬੀਰ ਤੇ ਰਵਿਦਾਸ ਸਮਕਾਲੀ ਸਨ ਇਸ ਬਾਰੇ ਸਾਡੇ ਵਿਦਵਾਨ ਸਹਿਮਤ ਹਨ। ਕਬੀਰ ਜੀ ਦਾ ਸਮਾਂ 1455–56 ਜਾਂ 1398 ਮੰਨਿਆ ਗਿਆ ਹੈ।[34] ਭਗਤ ਰਵਿਦਾਸ ਦੀ ਜਨਮ ਮਿਤੀ ਬਾਰੇ ਵਿਦਵਾਨਾਂ ਦੇ ਵੱਖ-ਵੱਖ ਮੱਤ ਇਸ ਪ੍ਰਕਾਰ ਹਨ:–

ਭਗਤ ਰਵਿਦਾਸ ਬਾਰੇ ਠੋਸ ਤੇ ਪ੍ਰਮਾਣਿਕ ਜਾਣਕਾਰੀ ਦੇਣ ਵਾਲੇ ਗ੍ਰੰਥ ਭਗਤ ਰਵਿਦਾਸ ਸ੍ਰੋਤ ਪੁਸਤਕ ਦੇ ਸੰਪਾਦਕ ਉੱਘੇ ਵਿਦਵਾਨ ਡਾ. ਜਸਬੀਰ ਸਿੰਘ ਸਾਬਰ ਨੇ ਭਗਤ ਰਵਿਦਾਸ ਦੇ ਜਨਮ ਸੰਮਤ ਬਾਰੇ ਵੱਖ ਵੱਖ ਵਿਦਵਾਨਾਂ ਦੇ ਵਿਚਾਰ ਪੰਨਾ 23 ਤੇ 24 ਤੇ ਪੇਸ਼ ਕੀਤੇ ਹਨ।

(1) ਇਕ ਮੱਤ ਆਰਾਰੋਆ ਪ੍ਰਿਥਵੀ ਸਿੰਘ ਆਜ਼ਾਦ ਜੀ ਦਾ ਹੈ ਜੋ ਭਗਤ ਰਵਿਦਾਸ ਦਾ ਜਨਮ ਮਾਘ ਸੁਦੀ ਸੰਮਤ 1433 ਬਿ. 1376 ਈ. ਨੂੰ ਹੋਇਆ ਮੰਨਦੇ ਹਨ। ਉਨ੍ਹਾਂ ਦੇ

ਮੱਤ ਦਾ ਆਧਾਰ ਸੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੰਤ ਕਰਮਦਾਸ ਦਾ ਇਹ ਦੋਹਾ ਹੈ:-

ਚੌਦਾਂ ਸੈ ਤੈਤੀਸ ਕੀ ਮਾਘ ਸੁਦੀ ਪੰਦ੍ਰਾਸ ।।
ਦੁਖੀਓਂ ਕੇ ਕਲਿਆਨ ਹਿਤ ਪ੍ਰਗਟੇ ਸ੍ਰੀ ਰਵਿਦਾਸ ।।

ਡਾ. ਜਸਬੀਰ ਸਿੰਘ ਸਾਬਰ ਇਸ ਸਾਖੀ ਨੂੰ ਪਰੰਪਰਾਗਤ ਹੋਣ ਕਰਕੇ ਮੰਨਣ ਤੋਂ ਇਨਕਾਰੀ ਹਨ ।

(2) ਅਖਿਲ ਭਾਰਤੀ ਰਵਿਦਾਸ ਸਾਹਿਤਯ ਪ੍ਰੀਸ਼ਦ( ਰਜਿ.) ਦਿੱਲੀ ਵਾਲੇ ਵੀ ਭਗਤ ਜੀ ਦਾ ਜਨਮ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਹੀ ਮੰਨਦੇ ਹਨ ।

(3) ਡਾ. ਰਾਮਾਨੰਦ ਸ਼ਾਸਤਰੀ, ਡਾ. ਭਗਵਤ ਮਿਸਰ, ਤੇ ਡਾ. ਰਾਮ ਕੁਮਾਰ ਵਰਮਾ ਭਗਤ ਰਵਿਦਾਸ ਦਾ ਜਨਮ 1454-55 ਬਿ. 1397 ਈ. ਮੰਨਦੇ ਹਨ ।

(4) ਡਾ. ਗੋਬਿੰਦ ਤ੍ਰਿਗੁਣਾਯਤ ਅਤੇ ਸੰਤ ਰਾਮ ਕੁਰੀਲ ਅਨੁਸਾਰ ਭਗਤ ਜੀ ਦਾ ਜਨਮ ਸੰਮਤ 1471 ਬਿ. 1414 ਈ. ਹੈ ।

(5) ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਬਨਾਰਸ ਦੇ ਰਵਿਦਾਸ ਮੰਦਰ ਅੰਦਰ ਸਥਾਪਤ ਗ੍ਰੰਥ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ ਹਾੜ ਦੀ ਪੂਰਨਿਮਾ 1471 ਬਿ ਨੂੰ ਹੋਇਆ ।

(6) ਡਾ. ਯੋਗੇਂਦਰ ਸਿੰਘ ਅਨੁਸਾਰ ਆਪ ਦਾ ਜਨਮ 1500 ਬਿ./ 1443 ਈ. ਦੇ ਨੇੜੇ ਹੋਇਆ ।

ਡਾ. ਸਾਹਿਬ ਇਨ੍ਹਾਂ ਮੱਤਾਂ ਨੂੰ ਪ੍ਰਮਾਣਿਕ ਦੀ ਥਾਂ ਪਰੰਪਰਾਵਾਦੀ ਮੰਨਦੇ ਹਨ ਤੇ ਇਸ ਪਰੰਪਰਾ ਦੀ ਸਾਂਝੀ ਕੜੀ ਭਗਤ ਜੀ ਦਾ ਜਨਮ ਪੂਰਨਮਾਸ਼ੀ ਨੂੰ ਅਤੇ ਐਤਵਾਰ ਵਾਲੇ ਦਿਨ ਹੋਣ ਬਾਰੇ ਹੈ।[35]

ਭਗਤ ਰਵਿਦਾਸ ਬਾਰੇ ਡੂੰਘਾ ਅਧਿਐਨ ਕਰਨ ਵਾਲੇ ਇਕ ਹੋਰ ਵਿਦਵਾਨ ਸ੍ਰੀ ਕੇ.ਐਨ. ਉਪਾਧਿਆਇ[36] ਜਨਮ ਮਿਤੀ ਮਿੱਥੇ ਜਾਣ ਲਈ ਇਨ੍ਹਾਂ ਗੱਲਾਂ ਨੂੰ ਆਧਾਰ ਬਣਾਉਂਦੇ ਹਨ:-

(1) ਰਵਿਦਾਸ ਤੇ ਕਬੀਰਦਾਸ ਸਮਕਾਲੀ ਸਨ ।

(2) ਕਬੀਰ ਨੂੰ ਸਿਕੰਦਰ ਲੋਧੀ ਨੇ ਤਸੀਹੇ ਦਿੱਤੇ, ਸਿਕੰਦਰ ਲੋਧੀ ਦਾ ਰਾਜ-ਕਾਲ 1488- 1518 ਸੀ ।

(3) ਮੇਰਟਾ ਤੇ ਮੇਵਾੜ ਦੀਆਂ ਪ੍ਰਸਿਧ ਰਿਆਸਤਾਂ ਨਾਲ ਸੰਬੰਧ ਰੱਖਣ ਵਾਲੀ ਸ਼ਿਸ਼ ਮੀਰਾ ਬਾਈ ਨਾਲ ਸੰਪਰਕ ਵਿਚ ਆਉਣਾ। ਮੀਰਾ ਦਾ ਜਨਮ 1498 ਈ. ਵਿਚ ਹੋਣਾ ਨਿਸ਼ਚਿਤ ਹੋ ਚੁੱਕਾ ਹੈ।

(4) ਕਬੀਰ ਦੀ ਜਨਮ ਤਾਰੀਖ ਲਗਭਗ ਤੈਅ ਹੋ ਚੁੱਕੀ ਹੈ ਜੋ 1389 ਈਸਵੀ ਹੈ।

(5) ਮੀਰਾ ਬਾਈ 1535 ਈਸਵੀ ਤੱਕ ਚਿਤੌੜ ਛੱਡ ਕੇ ਉਦਾਸੀਆਂ ਤੇ ਜਾ ਚੁੱਕੀ ਸੀ ਤੇ ਉਹ ਮੀਰਾਬਾਈ ਨੂੰ ਗੁਰੂ ਰਵਿਦਾਸ ਦੀ ਸ਼ਿਸ਼ ਮੰਨ ਕੇ ਉਨ੍ਹਾਂ ਦਾ ਸਮਾਂ 1535 ਤੱਕ ਨਿਸ਼ਚਤ ਕਰਦੇ ਹਨ ।

(6) ਸ੍ਰੀ ਉਪਾਧਿਆਇ ਗੁਰੂ ਰਵਿਦਾਸ -ਗੁਰੂ ਨਾਨਕ ਮੁਲਾਕਾਤ ਦਾ ਸਮਾਂ 1498 ਬਨਾਰਸ ਵਿਚ ਮੰਨਦੇ ਹਨ ।

(7) ਉਹ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦਾ ਮੱਤ ਵੀ ਪੇਸ਼ ਕਰਦੇ ਹਨ। (1433- 1584 ਬਿ.) ਜਿਸ ਅਨੁਸਾਰ ਭਗਤ ਰਵਿਦਾਸ ਦੀ ਉਮਰ 151 ਵਰ੍ਹੇ ਸਿੱਧ ਹੁੰਦੀ ਹੈ ।

(8) ਉਹ ਬੇਣੀ ਪ੍ਰਸਾਦ ਸ਼ਰਮਾ ਤੇ ਡਾ. ਧਰਮਪਾਲ ਮੈਨੀ ਦਾ ਮੱਤ ਪੇਸ਼ ਕਰਦੇ ਹਨ ਜੋ 151 ਸਾਲ ਦੀ ਲੰਮੀ ਉਮਰ ਮੰਨਣ ਲਈ ਤਿਆਰ ਨਹੀਂ ।

(9) ਮਹਾਤਮਾ ਰਾਮ ਚੰਦਰ ਕੁਰੀਲ ਦੇ ਪੇਸ਼ ਕੀਤੇ ਮੱਧ ਅਨੁਸਾਰ ਭਗਤ ਰਵਿਦਾਸ ਦਾ ਜਨਮ 1471 ਬਿ. ਵਿਚ ਹੋਇਆ । ਗਿਆਨੀ ਬਰਕਤ ਸਿੰਘ ਆਨੰਦ ਜਨਮ ਸਾਖੀ ਰਵਿਦਾਸ' ਅਤੇ ਪ੍ਰੋ. ਦਰਸ਼ਨ ਸਿੰਘ 'ਰਵਿਦਾਸ ਐਂਡ ਹਿੱਜ ਟਾਈਮਜ਼ ਵਿਚ ਇਹੋ ਤਾਰੀਖਾਂ ਮੰਨਦੇ ਹਨ।

(10) ਇਹ ਤੱਥ ਕਿ ਭਗਤ ਕਬੀਰ ਦੀ ਮੌਤ, 1527-28 ਮੀਰਾ ਬਾਈ ਦੇ ਪਿਤਾ ਦੀ ਮੌਤ ਦਾ ਜ਼ਿਕਰ ਕਰਕੇ ਸ੍ਰੀ ਉਪਾਧਿਆਇ ਇਹ ਸਿੱਟਾ ਕੱਢਦੇ ਹਨ ਕਿ ਰਵਿਦਾਸ 1527 ਜਾਂ ਇਸ ਤੋਂ ਪਿੱਛੇ ਜ਼ਰੂਰ ਹੀ ਜੀਉਂਦੇ ਰਹੇ।

ਭਗਤ ਰਵਿਦਾਸ ਬਾਰੇ ਵਿਦਵਤਾ ਭਰਪੂਰ ਕੰਮ ਕਰਨ ਵਾਲੇ ਖੋਜੀ ਵਿਦਵਾਨ ਡਾ. ਧਰਮਪਾਲ ਸਿੰਗਲ ਸ੍ਰੀ ਉਪਾਧਿਆਇ ਜੀ ਦੇ ਉਪਰੋਕਤ ਵਿਸ਼ਲੇਸ਼ਣ ਨੂੰ ਕਾਫੀ ਠੋਸ ਆਧਾਰਾਂ ਤੇ ਹੋਇਆ ਮੰਨਦੇ ਹਨ ਪਰੰਤੂ ਸ੍ਰੀ ਉਪਾਧਿਆਇ ਵਲੋਂ ਸੰਤ ਕਰਮ ਦਾਸ ਦੀ ਉਕਤੀ ਨੂੰ ਨਕਾਰਨਾ ਡਾ. ਸਿੰਗਲ ਦੀ ਜਾਚੇ ਬਹੁਤਾ ਠੀਕ ਨਹੀਂ।[37]

ਸ੍ਰ. ਦਰਸ਼ਨ ਸਿੰਘ ਵੀ ਗੁਰੂ ਰਵਿਦਾਸ ਦੇ ਜਨਮ ਸੰਮਤ ਤੇ ਉਨ੍ਹਾਂ ਦੇ ਸਮੁੱਚੇ ਜੀਵਨ ਕਾਲ ਬਾਰੇ ਹੋਈ ਹੁਣ ਤੱਕ ਦੀ ਬਹਿਸ 'ਚੋਂ ਕੋਈ ਠੋਸ ਤੱਥ ਨਹੀਂ ਕੱਢ ਸਕਦੇ । ਉਹ ਸਿਰਫ ਇੰਨਾ ਹੀ ਆਖਦੇ ਹਨ, " ਪੂਰਵ-ਉਕਤ ਅਧਿਐਨ ਪਿੱਛੋਂ ਅਸੀਂ ਦੇਖਦੇ ਹਾਂ ਕਿ ਵਿਦਵਾਨ ਰਵਿਦਾਸ ਦੇ ਕਾਰਜ-ਕਾਲ ਬਾਰੇ ਸਹਿਮਤ ਨਹੀਂ। ਤਕੜੀ ਗਵਾਹੀ ਦੀ ਅਣਹੋਂਦ ਵਿਚ, ਇਸ ਗੁੰਥੀ ਨੂੰ ਸੁਲਝਾਉਣ ਲਈ ਅਸੀਂ ਕੋਈ ਅੰਤਿਮ ਰਾਇ ਨਹੀਂ ਬਣਾ ਸਕਦੇ।"[38]

ਸ੍ਰ. ਦਰਸ਼ਨ ਸਿੰਘ ਜੀ ਗੁਰੂ ਰਵਿਦਾਸ ਦਾ ਸਮਾਂ ਸੰਮਤ 1450– 1583 ਨਿਸ਼ਚਤ ਕਰਦੇ ਹਨ ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ ਬੈਠਦਾ ।

ਅਜਿਹੀ ਸਥਿੱਤੀ ਵਿਚ ਜੋ ਵੱਖ-ਵੱਖ ਵਿਦਵਾਨਾਂ ਵਲੋਂ ਲਗਾਏ ਅੰਦਾਜ਼ਿਆਂ ਕਾਰਨ ਪੈਦਾ ਹੋਈ ਹੈ, ਸਾਡੇ ਕੋਲ ਪਰੰਪਰਾ ਨੂੰ ਆਧਾਰ ਬਣਾਉਣ ਤੋਂ ਛੁੱਟ ਕੋਈ ਚਾਰਾ ਨਹੀਂ । ਡਾ. ਸਿੰਗਲ ਦੀ ਦਲੀਲ ਸਹੀ ਹੈ ਜਦੋਂ ਇਸ ਪਰੰਪਰਾ ਪਿੱਛੇ ਸੰਤ ਕਰਮਦਾਸ ਜੀ ਦੀ ਲਿਖਤ ਦੇ ਰੂਪ 'ਚ ਜ਼ਬਰਦਸਤੀ ਗਵਾਹੀ ਦਾ ਉਹ ਜ਼ਿਕਰ ਕਰਦੇ ਹਨ:-

ਚੌਦਹ ਸੈ ਤੈਤੀਸ ਕੀ ਮਾਘ ਸੁਦੀ ਪੰਦ੍ਰਾਸ ।<br>
ਦੁਖੀਉ ਕੇ ਕਲਯਾਣ ਹਿਤ, ਪ੍ਰਗਟੇ ਸ੍ਰੀ ਰਵਿਦਾਸ ।

ਸੰਤ ਕਰਮਦਾਸ ਜੀ ਗੁਰੂ ਰਵਿਦਾਸ ਦੇ ਖਾਨਦਾਨ ਨਾਲ ਸਿੱਧੇ ਤੌਰ ਤੇ ਸੰਬੰਧ ਰੱਖਦੇ ਸਨ ਇਸ ਕਰਕੇ ਉਨ੍ਹਾਂ ਦੀ ਲਿਖਤ ਦਾ ਵਜਨ ਵਧ ਜਾਂਦਾ ਹੈ ।

ਨਾਮ ਸੰਬੰਧੀ

ਸ਼ਾਇਦ ਹੀ ਕਿਸੇ ਸੰਤ ਪੀਰ ਦੇ ਨਾਂ ਬਾਰੇ ਇੰਨਾ ਵਿਵਾਦ ਹੋਵੇ ਜਿੰਨਾ ਗੁਰੂ ਰਵਿਦਾਸ ਦੇ ਨਾਂ ਬਾਰੇ ਹੈ। ਇਨ੍ਹਾਂ ਦੇ ਜੋ ਵੱਖ-ਵੱਖ ਨਾਮ ਪ੍ਰਚੱਲਿਤ ਹਨ ਉਹ ਇਸ ਤਰ੍ਹਾਂ

ਹਨ— ਰੈਦਾਸ, ਰਵਿਦਾਸ, ਰਈਦਾਸ, ਰੂਈਦਾਸ, ਰੂਹ ਦਾਸ, ਰੋਹੀਦਾਸ, ਰਾਮਦਾਸ, ਰਮਾਦਾਸ, ਰਯਦਾਸ, ਰਦਾਸ, ਰਯਿਦਾਸ ਆਦਿ।[39]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਨੇ ਉਨ੍ਹਾਂ ਨੂੰ ਰਵਿਦਾਸ ਹੀ ਕਿਹਾ ਹੈ ਤੇ ਇਸੇ ਨਾਂ ਦੀ ਵਰਤੋਂ ਭਾਈ ਗੁਰਦਾਸ ਨੇ ਵੀ ਕੀਤੀ ਹੈ। ਪਰੰਤੂ ਸੰਤ ਨਾਭਾਦਾਸ ਨੇ ਉਨ੍ਹਾਂ ਦਾ ਨਾਂ ਰੈਦਾਸ ਲਿਖਿਆ ਹੈ। ਡਾ. ਧਰਮਪਾਲ ਮੈਨੀ ਨੇ ਵੀ ਇਸੇ ਨਾਂ ਦੀ ਵਰਤੋਂ ਕੀਤੀ ਹੈ ਜਦੋਂ ਕਿ ਡਾ. ਸਿੰਗਲ ਦਾ ਵਿਚਾਰ ਹੈ ਕਿ ਇਹ ਨਾਂ 'ਰਵਿਦਾਸ' ਉਨ੍ਹਾਂ ਨੂੰ ਮਾਤਾ ਪਿਤਾ ਤੇ ਸੁਆਮੀ ਰਾਮਾਨੰਦ ਜੀ ਵਲੋਂ ਦਿੱਤਾ ਗਿਆ।[40] ਰੈਦਾਸ ਨਾਂ ਉਨ੍ਹਾਂ ਲਈ ਵਰਤਿਆ ਜਾਂਦਾ ਸੰਖੇਪ ਭਾਵੇਂ ਹੋ ਸਕਦਾ ਹੈ। ਕਈ ਵਿਦਵਾਨਾਂ ਨੇ ਬਿਨਾਂ ਸੋਚੇ ਸਮਝੇ ਹੀ ਰਵਿਦਾਸ ਤੇ ਰੈਦਾਸ ਨਾਵਾਂ ਦੇ ਆਧਾਰ ਤੇ ਦੋ ਵਿਅਕਤੀਆਂ ਦੀ ਹੋਂਦ ਖੜ੍ਹੀ ਕਰ ਦਿੱਤੀ ਹੈ ਜੋ ਇਕ ਸਾਜਿਸ਼ ਤੋਂ ਵੱਧ ਕੁਝ ਨਹੀਂ।[41]

ਮਾਤਾ ਪਿਤਾ

ਗੁਰੂ ਰਵਿਦਾਸ ਦੇ ਮਾਤਾ ਪਿਤਾ ਦੇ ਨਾਮ ਬਾਰੇ ਵੀ ਕਈ ਵਿਵਾਦ ਚਲ ਰਹੇ ਹਨ। ਪ੍ਰਚੱਲਿਤ ਪਰੰਪਰਾ ਉਨ੍ਹਾਂ ਦੇ ਪਿਤਾ ਦਾ ਨਾਂ ਰਘੂ ਹੀ ਸਵੀਕਾਰ ਕਰਦੀ ਹੈ ਪਰੰਤੂ ਭਵਿੱਸ਼ ਪੁਰਾਣ ਅਨੁਸਾਰ ਇਨ੍ਹਾਂ ਦੇ ਪਿਤਾ ਦਾ ਨਾਮ 'ਮਾਨਦਾਸ' ਸੀ।

ਮਾਨਦਾਸ੍ਸਯ ਪੁਤਰੋ ਰਵਿਦਾਸ ਇਤਿ ਵਰਸੁਤਹ ।

ਸੰਤ ਕਰਮ ਦਾਸ ਜੀ ਨੇ ਵੀ 'ਰਵਿਦਾਸ ਮਹਿਮਾ' ਵਿਚ ਇਹੀ ਨਾਮ 'ਮਾਨਦਾਸ' ਹੀ ਦਿੱਤਾ ਹੈ। ਪਰ ਨਾਲ ਹੀ ਪ੍ਰਚੱਲਿਤ ਨਾਮ ਰਘੂ ਦੀ ਵੀ ਪ੍ਰੋੜਤਾ ਕੀਤੀ ਹੈ। ਗੁਰੂ ਰਵਿਦਾਸ ਦੇ ਮਾਤਾ ਪਿਤਾ ਦੇ ਨਾਮ ਬਾਰੇ ਡਾ. ਧਰਮਪਾਲ ਮੈਨੀ ਆਪਣੀ ਪੁਸਤਕ 'ਰੈਦਾਸ' ਵਿਚ ਕਾਫੀ ਵਿਸਥਾਰ ਸਹਿਤ ਚਰਚਾ ਕੀਤੀ ਹੈ ਜੋ ਇਸ ਤਰ੍ਹਾਂ ਹੈ:—

" ਭਵਿਸ਼ਯਪੁਰਾਣ ਵਿਚ ਰੈਦਾਸ ਦੇ ਪਿਤਾ ਦਾ ਨਾਮ ਮਾਨਦਾਸ ਦੱਸਿਆ ਗਿਆ ਹੈ। ਗੁਜਰਾਤੀ ਸਾਹਿਤ ਵਿਚ ਇਹੋ ਜਿਹੇ ਸੰਦਰਭ ਬਹੁਤ ਨੇ ਜਿਨ੍ਹਾਂ ਵਿਚ ਰੈਦਾਸ ਦੇ ਗੁਰੂ ਦਾ ਨਾਂ ਮਾਨਦਾਸ ਦੱਸਿਆ ਗਿਆ। ਰੈਦਾਸ ਪੁਰਾਣ ਵਿਚ ਇਕ ਕਥਾ ਦਿੱਤੀ ਗਈ ਹੈ ਜਿਸ ਵਿਚ ਇਹ ਵਿਸ਼ਵਾਸ਼ ਪ੍ਰਗਟ ਕੀਤਾ ਗਿਆ ਹੈ ਕਿ ਰੈਦਾਸ ਦਾ ਜਨਮ ਮਾਤਾ ਦੇ ਹੱਥ ਦੇ ਫਫੋਲੇ

ਤੋਂ ਹੋਇਆ ਸੀ। ਇਸ ਗਰੰਥ ਵਿਚ ਰੈਦਾਸ ਦੀ ਮਾਤਾ ਦਾ ਨਾਮ 'ਭਗਵਤੀ' ਦਿੱਤਾ ਗਿਆ ਹੈ। ਰੈਦਾਸ ਰਮਾਇਣ ਨਾਮ ਦੇ ਸੰਪਰਦਾਈ ਗ੍ਰੰਥ ਵਿਚ ਰੈਦਾਸ ਦੇ ਪੁਰਖਿਆਂ ਦਾ ਸੰਖੇਪ ਗਲ ਦਰਜ ਹੈ ਕਿ ਰੈਦਾਸ ਦੇ ਪਿਤਾ ਦਾ ਨਾਂ ਰਾਹੂ ਅਤੇ ਉਸ ਦੀ ਮਾਤਾ ਕਰਮਾ ਸੀ।[42] ਸਾਰੀ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਪ੍ਰਚੱਲਿਤ ਅਮੀਰ ਪਰੰਪਰਾ ਤੇ ਸੰਤ ਕਰਮ ਦਾਸ ਦੀ ਗਵਾਹੀ ਅਨੁਸਾਰ ਗੁਰੂ ਰਵਿਦਾਸ ਦੇ ਪਿਤਾ ਦਾ ਨਾਂ ਰਘੂ ਅਤੇ ਮਾਤਾ ਦਾ ਨਾਂ ਕਰਮਾ ਦੇਵੀ ਮੰਨ ਲੈਣਾ ਹੀ ਵਧੇਰੇ ਯੋਗ ਜਾਪਦਾ ਹੈ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਡਾ. ਬੀ.ਪੀ. ਸ਼ਰਮਾ ਵੀ ਇਸੇ ਮੱਤ ਦੇ ਧਾਰਨੀ ਹਨ।[43] ਸ੍ਰ. ਦਰਸ਼ਨ ਸਿੰਘ ਇਕ ਗ੍ਰੰਥ ਰਵਿਦਾਸ ਲੀਲਾ ਕ੍ਰਿਤ ਸ੍ਰੀ ਵਰਿਆਮ ਸਿੰਘ ਦੇ ਆਧਾਰ ਤੇ ਗੁਰੂ ਰਵਿਦਾਸ ਦੇ ਪਿਤਾ ਦਾ ਨਾਮ ਸੰਤੋਖਾ ਤੇ ਮਾਤਾ ਦਾ ਨਾਮ ਕਲਸੀ ਦੱਸਦੇ ਹਨ। ਬਰਕਤ ਸਿੰਘ ਅਨੰਦ ਰਚਿਤ ਰਵਿਦਾਸ ਜਨਮ ਸਾਖੀ ਵਿਚ ਇਹ ਨਾਂ ਕ੍ਰਮ ਅਨੁਸਾਰ ਸੰਤੋਖਾ ਅਤੇ ਕੌਲਾ ਦੇਵੀ ਦੱਸਦੇ ਹਨ। ਪਰੰਤੂ ਰਵਿਦਾਸ ਰਮਾਇਣ ਦੀ ਪ੍ਰਾਚੀਨਤਾ ਨੂੰ ਸਵੀਕਾਰਦੇ ਹੋਏ ਉਹ ਵੀ ਪਿਤਾ ਦਾ ਨਾਂ ਰਘੂ ਅਤੇ ਮਾਤਾ ਦਾ ਨਾਂ ਕਰਮਾਦੇਵੀ ਹੀ ਮੰਨਦੇ ਹਨ।[44]

ਅੰਤ ਵਿਚ ਅਸੀਂ ਡਾ. ਸਿੰਗਲ ਦੇ ਵਿਚਾਰ ਪੇਸ਼ ਕਰਦੇ ਹਾਂ। ਉਨ੍ਹਾਂ ਦੇ ਵਿਚਾਰ ਅਨੁਸਾਰ ਰਾਹੂ ਤੇ ਰੁਹੂ ਰਘੂ ਦੇ ਹੀ ਅਪਭ੍ਰੰਸ਼ ਰੂਪ ਹਨ ਅਤੇ ਸਮੇਂ ਤੇ ਸਥਾਨ ਦੀ ਦੂਰੀ ਨੇ ਇਹ ਕਈ ਨਾਂ ਪ੍ਰਚੱਲਿਤ ਕਰ ਦਿੱਤੇ ਹਨ ਜਿਵੇਂ ਕਿ ਗੁਰੂ ਰਵਿਦਾਸ ਦੇ ਮਾਮਲੇ ਵਿਚ ਵੀ ਵਾਪਰਿਆ ਹੈ।[45]

## ਪਤਨੀ ਪੁੱਤਰ

ਰਵਿਦਾਸ ਜੀ ਸਫਲ ਗ੍ਰਿਹਸਥੀ ਹਨ ਜਿਸ ਦੇ ਸੰਕੇਤ ਜਨਮਸਾਖੀ ਸਾਹਿਤ ਤੋਂ ਵੀ ਮਿਲਦੇ ਹਨ ਤੇ ਪਰੰਪਰਾ ਵੀ ਇਸ ਦੀ ਹਾਮੀ ਭਰਦੀ ਹੈ। ਸਾਖੀਆਂ 'ਚੋਂ ਇਹੀ ਸੰਕੇਤ ਮਿਲਦੇ ਹਨ ਕਿ ਉਹ ਆਪਣੀ ਪਤਨੀ ਸਮੇਤ ਆਪਣੇ ਮਾਤਾ ਪਿਤਾ ਦੇ ਹੁਕਮ ਅਨੁਸਾਰ ਅੱਡ ਰਹਿ ਕੇ ਜੁੱਤੀਆਂ ਗੰਢ ਕੇ ਗੁਜ਼ਾਰਾ ਕਰਦੇ ਹਨ। ਡਾ. ਧਰਮਪਾਲ ਮੈਨੀ ਇਸ ਬਾਰੇ ਲਿਖਦੇ ਹਨ, " ਲੋਕਾਂ ਵਿਚ ਵਿਸ਼ਵਾਸ਼ ਪ੍ਰਚੱਲਿਤ ਹੈ ਕਿ ਲੋਣਾ ਜਾਂ 'ਲੋਨਾ' ਰੈਦਾਸ ਦੀ

ਪਤਨੀ ਦਾ ਨਾਮ ਸੀ। ਇਸ ਨਾਂ ਦੀ ਪੁਸ਼ਟੀ 'ਰੈਦਾਸ ਰਮਾਇਣ' ਤੋਂ ਵੀ ਹੁੰਦੀ ਹੈ।[46]

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ[47] ਤੇ ਸ੍ਰੀ ਕੇ.ਐਨ. ਉਪਾਧਿਆਇ[48] ਅਨੁਸਾਰ ਰਵਿਦਾਸ ਜੀ ਦੇ ਘਰ ਵਿਜਯਦਾਸ ਨਾਂ ਦੇ ਇਕ ਪੁੱਤਰ ਨੇ ਵੀ ਜਨਮ ਲਿਆ। ਗੁਰੂ ਰਵਿਦਾਸ ਦੇ ਪਰਿਵਾਰ ਸੰਬੰਧੀ ਇਸ ਤੋਂ ਵਧੇਰੇ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਗੁਰੂ ਰਵਿਦਾਸ ਦੇ ਜੀਵਨ ਦੀਆਂ ਇਨ੍ਹਾਂ ਘਟਨਾਵਾਂ ਸੰਬੰਧੀ ਅਨੇਕਾਂ ਵਿਵਾਦ ਖੜੇ ਹੁੰਦੇ ਰਹੇ ਹਨ ਤੇ ਹੁੰਦੇ ਰਹਿਣਗੇ ਜਦੋਂ ਤੱਕ ਕੋਈ ਨਵੀਂ ਖੋਜ ਸਾਹਮਣੇ ਨਹੀਂ ਆਉਂਦੀ ਜਾਂ ਫਿਰ ਪਰੰਪਰਾ ਨੂੰ ਮੰਨ ਕੇ ਸਰਬ-ਪ੍ਰਵਾਣਿਤ ਫੈਸਲਾ ਨਹੀਂ ਕਰ ਲਿਆ ਜਾਂਦਾ। ਹੁਣ ਅਸੀਂ ਕੁਝ ਅਜਿਹੀਆਂ ਘਟਨਾਵਾਂ ਦਾ ਵਰਨਣ ਕਰਾਂਗੇ ਜਿਨ੍ਹਾਂ ਦੀ ਸਿੱਧਾ ਸੰਬੰਧ ਗੁਰੂ ਰਵਿਦਾਸ ਦੀ ਸ਼ਖਸੀਅਤ ਨਾਲ ਹੈ।

ਪ੍ਰਮੁੱਖ ਘਟਨਾਵਾਂ

(1) ਹਰਿ ਜੀ ਨੇ ਪਾਰਸ ਦੇਣ ਆਉਣਾ।
(2) ਗੰਗਾ ਦਾ ਰਵਿਦਾਸ ਜੀ ਦੀ ਭੇਟਾ ਸਵੀਕਾਰ ਕਰਨਾ
(3) ਸਾਲਗਰਾਮ ਦਾ ਰਵਿਦਾਸ ਜੀ ਦੀ ਗੋਦੀ 'ਚ ਆਉਣਾ।
(4) ਚਿਤੌੜ ਵਿਚ ਬ੍ਰਹਮ ਭੋਜ ਸਮੇਂ ਬ੍ਰਾਹਮਣਾਂ ਦੇ ਸੱਜੇ ਖੱਬੇ ਰਵਿਦਾਸ ਜੀ ਦਾ ਬਿਰਾਜਣਾ
(5) ਅਕਾਲ ਚਲਾਣੇ ਦੀ ਸਾਖੀ

ਅਸੀਂ ਕੁਝ ਪ੍ਰਮੁੱਖ ਘਟਨਾਵਾਂ ਹੀ ਲਈਆਂ ਹਨ ਉਂਝ ਭਗਤ ਰਵਿਦਾਸ ਬਾਰੇ ਅਨੇਕ ਸਾਖੀਆਂ ਪ੍ਰਚੱਲਿਤ ਹਨ ਜਿਨ੍ਹਾਂ ਵਿੱਚੋਂ ਹੋਰ ਕਈ ਘਟਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ।

(1) ਹਰਿ ਜੀ ਨੇ ਪਾਰਸ ਦੇਣ ਆਉਣਾ

ਰਵਿਦਾਸ ਜੀ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ ਜਿਸ ਦਾ ਇਕ ਕਾਰਨ ਉਨ੍ਹਾਂ ਦਾ ਸਾਧੂ-ਸੁਭਾਅ ਹੋਣਾ ਤੇ ਦੂਜਾ ਸਾਧੂ ਸੰਤਾਂ ਦੀ ਸੇਵਾ ਕਰਨਾ ਸੀ। ਜੁੱਤੀਆਂ ਗੰਢ ਕੇ ਉਨ੍ਹਾਂ ਦਿਨਾਂ ਵਿੱਚ ਕਿੰਨੀ ਕੁ ਆਮਦਨ ਹੋ ਸਕਦੀ ਸੀ। ਕਹਿੰਦੇ ਹਨ ਭਗਵਾਨ ਆਪਣੇ

ਭਗਤਾਂ ਦੀ ਪ੍ਰੀਖਿਆ ਲੈਂਦਾ ਹੈ ਤੇ ਇਹ ਵੀ ਭਗਤ ਰਵਿਦਾਸ ਦੀ ਪ੍ਰੀਖਿਆ ਸੀ। ਉਨ੍ਹਾਂ ਦੇ ਜੀਵਨ ਵਿੱਚ ਵਾਪਰੀ ਇਹ ਪ੍ਰਮੁੱਖ ਘਟਨਾ ਸੀ ਤੇ ਪਾਰਸ ਨੂੰ ਠੁਕਰਾ ਕੇ ਉਨ੍ਹਾਂ ਨੇ ਜਿੱਥੇ ਆਪਣੇ ਸੰਜਮੀ ਸੁਭਾਅ ਦਾ ਸਬੂਤ ਦਿੱਤਾ ਉੱਥੇ ਪਰਮਾਤਮਾ ਦੀ ਰਜ਼ਾ ਵਿੱਚ ਰਹਿਣ ਨੂੰ ਹੀ ਤਰਜੀਹ ਦਿੱਤੀ । ਸੰਭਵ ਹੈ ਕਿ ਇਹ ਉਨ੍ਹਾਂ ਦੇ ਜੀਵਨ ਦੀ ਘਟਨਾ ਨਾ ਹੋ ਕੇ ਕਹਾਣੀ ਮਾਤਰ ਹੋਵੇ ਪਰ ਫਿਰ ਵੀ ਉਹ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਉਘਾੜਦੀ ਹੈ ।

(2) <u>ਗੰਗਾ ਦਾ ਰਵਿਦਾਸ ਜੀ ਦੀ ਭੇਟਾ ਕਬੂਲ ਕਰਨਾ</u>

ਸਾਖੀ ਸਾਹਿਤ ਨੇ ਭਗਤ ਰਵਿਦਾਸ ਨੂੰ ਕਰਾਮਾਤੀ ਸਿੱਧ ਕਰਨ ਦੀ ਕੋਈ ਕੋਸ਼ਿਸ਼ ਬਾਕੀ ਨਹੀਂ ਛੱਡੀ। ਰਵਿਦਾਸ ਜੀ ਦੇ ਜੁੱਤੀਆਂ ਗੰਢਣ ਦੇ ਕਿੱਤੇ ਦੀ ਪੁਸ਼ਟੀ ਤਾਂ ਇਸ ਘਟਨਾ ਤੋਂ ਹੋ ਜਾਂਦੀ ਹੈ। ਪਰੰਤੂ ਉਨ੍ਹਾਂ ਵਲੋਂ ਗੰਗਾ ਨੂੰ ਭੇਟਾ ਭੇਜਣਾ ਤੇ ਉਸ ਦਾ ਹੱਥ ਕੱਢ ਕੇ ਸਵੀਕਾਰ ਕਰਨਾ ਕੁਝ ਅਜਿਹੀਆਂ ਘਟਨਾਵਾਂ ਹਨ ਬਹੁਤਾਂ ਸੁਭਾਵਿਕ ਨਹੀਂ ਜਾਪਦਾ। ਇਹ ਲੋਕ-ਮਨ ਦੀ ਉਪਜ ਹਨ। ਇਸ ਸਾਖੀ ਵਿਚ ਗੰਗਾ ਜੀ ਨੂੰ ਇਕ ਵਿਅਕਤੀ ਦੇ ਰੂਪ 'ਚ ਪੇਸ਼ ਕਰਨ ਦੀ ਪਿਰਤ ਕੋਈ ਨਵੀਂ ਨਹੀਂ ਸਗੋਂ ਇਸ ਦੇ ਅੰਸ਼ ਭਾਰਤੀ ਮਿਥਿਹਾਸਕ ਕਥਾਵਾਂ ਵਿੱਚ ਮਿਲ ਜਾਂਦੇ ਹਨ। ਇਹ ਸਾਖੀ ਉਨ੍ਹਾਂ ਦੇ ਸ਼ਰਧਾਲੂਆਂ ਦੇ ਮਨ ਦੀ ਉਪਜ ਜਾਪਦੀ ਹੈ। ਬਾਕੀ ਪ੍ਰਮੁੱਖ ਘਟਨਾਵਾਂ ਦਾ ਜ਼ਿਕਰ ਅਸੀਂ ਪਿਛਲੇ ਪੰਨਿਆਂ ਤੇ ਕਰ ਚੁੱਕੇ ਹਾਂ ।

<u>ਭਾਸ਼ਾ ਤੇ ਸ਼ੈਲੀਗਤ ਅਧਿਐਨ</u>

ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਸਾਹਿਤ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਮਿਲਦਾ ਹੈ। ਹਿੰਦੀ ਵਿੱਚ ਇਸ ਸਾਹਿਤ ਦਾ ਆਰੰਭ ਪਰਚਈ ਅਨੰਤਦਾਸ ਨਾਲ ਹੋ ਜਾਂਦਾ ਹੈ ਜਦੋਂ ਕਿ ਪੰਜਾਬੀ ਵਿੱਚ ਸਤਾਰ੍ਹਵੀਂ ਸਦੀ ਦੇ ਸ਼ੁਰੂ ਵਿੱਚ ਹੀ ਇਸ ਸਾਹਿਤ ਦਾ ਆਰੰਭ ਹੁੰਦਾ ਹੈ। ਭਾਸ਼ਾ ਆਪਣੇ ਵਿਕਾਸ ਦੇ ਮੁੱਢਲੇ ਪੜਾਵਾਂ ਵਿਚੋਂ ਲੰਘ ਰਹੀ ਸੀ ਜਦੋਂ ਇਹ ਸਾਖੀਆਂ ਲਿਪੀਬੱਧ ਹੋਈਆਂ । ਇਹੀ ਕਾਰਨ ਹੈ ਕਿ ਇਨ੍ਹਾਂ ਦੀ ਭਾਸ਼ਾ ਅੱਜ ਵਰਤੀ ਜਾਂਦੀ ਭਾਸ਼ਾ ਨਾਲੋਂ ਕਾਫ਼ੀ ਭਿੰਨ ਹੈ। ਜਨਮਸਾਖੀਆਂ ਦੀ ਭਾਸ਼ਾ ਤੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਇਨ੍ਹਾਂ ਦੇ ਮਹੱਤਵ ਨੂੰ ਵਿਚਾਰ ਲਈਏ ਤਾਂ ਇਨ੍ਹਾਂ ਵਿੱਚ ਵਰਤੀ ਗਈ ਭਾਸ਼ਾ ਨੂੰ ਸਮਝਣਾ ਸੌਖਾ ਹੋ ਜਾਂਦਾ ਹੈ ।

ਸਾਖੀਕਾਰ ਕਿਸੇ ਵਿਸ਼ੇਸ਼ ਖਿੱਤੇ ਜਾਂ ਕੌਮ ਲਈ ਹੀ ਸਾਖੀ ਰਚਨਾ ਨਹੀਂ ਕਰ ਸਕਦੇ ਸਨ ਸਗੋਂ ਉਨ੍ਹਾਂ ਦਾ ਉਦੇਸ਼ ਤਾਂ ਦੂਰ ਦੁਰੇਡੇ ਇਲਾਕਿਆਂ ਵਿੱਚ ਵੀ ਆਪਣੇ ਨਾਇਕ ਦੀ ਪ੍ਰਸਿੱਧੀ ਫੈਲਾਉਣਾ ਸੀ। ਹਰ ਸੰਪਰਦਾਇ ਇਸੇ ਵਿਚਾਰ ਦੀ ਧਾਰਨੀ ਸੀ ਤੇ ਇਹ ਗੱਲ ਭਲੀ ਭਾਂਤ ਸਿੱਧ ਹੋ ਜਾਂਦੀ ਹੈ ਜਦੋਂ ਅਸੀਂ ਹਰ ਸੰਪਰਦਾਇ ਦੇ ਸਾਖੀ-ਸਾਹਿਤ ਵਿੱਚ ਬਿਰਾਜ-ਮਾਨ ਇਸ ਵਿਸ਼ੇਸ਼ ਰੁਚੀ ਨੂੰ ਦੇਖਦੇ ਹਾਂ। ਇਸ ਉਦੇਸ਼ ਦੀ ਪੂਰਤੀ ਹਿੱਤ ਉਨ੍ਹਾਂ ਨੇ ਇਕ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਜੋ ਇਕ ਵੱਡੇ ਵਰਗ ਨੂੰ ਸਮਝ ਆ ਸਕੇ। ਇਸ ਭਾਸ਼ਾ ਨੂੰ ਆਮ ਤੌਰ ਤੇ ਸਾਧੂ ਭਾਖਾ ਜਾਂ ਸਧੂਕੜੀ ਕਿਹਾ ਜਾਂਦਾ ਹੈ ਜਿਹੜੀ ਕਿ ਕਈ ਭਾਸ਼ਾਵਾਂ ਦਾ ਮਿਸ਼ਰਣ ਕਹੀ ਜਾ ਸਕਦੀ ਹੈ। ਭਾਸ਼ਾ ਵਿਗਿਆਨੀ ਉਪਰੋਕਤ ਨਾਵਾਂ ਤੋਂ ਬਿਨਾ ਇਸ ਨੂੰ ਹਿੰਦਵੀ ਵੀ ਕਹਿੰਦੇ ਹਨ। ਇਸ ਸਾਹਿਤ ਵਿਚ ਉਤਰੀ ਭਾਰਤ ਦੀਆਂ ਲਗਭਗ ਸਾਰੀਆਂ ਹੀ ਭਾਸ਼ਾਵਾਂ ਦੇ ਸ਼ਬਦ ਮਿਲ ਜਾਂਦੇ ਹਨ ।

ਡਾ. ਪਿਆਰ ਸਿੰਘ ਜੀ ਨੇ ਡਾ. ਮੋਹਨ ਸਿੰਘ ਜੀ ਦੇ ਹਵਾਲੇ ਨਾਲ ਇਸ ਭਾਸ਼ਾ ਨੂੰ ਉਹ ਭਾਸ਼ਾ ਦੱਸਿਆ ਹੈ ਜਿਹੜੀ ਗੁਪਤ ਕਾਲ ਤੋਂ ਪਿੱਛੋਂ ਉੱਤਰੀ ਭਾਰਤ ਵਿਚ ਵਿਗਸੀ ਅਤੇ ਸੱਤ ਅੱਠ ਸਦੀਆਂ ਤੱਕ ਰਾਸ਼ਟਰੀ ਭਾਸ਼ਾ ਦੇ ਰੂਪ ਵਿਚ ਪ੍ਰਚੱਲਿਤ ਰਹੀ। ਉਨ੍ਹਾਂ ਦੇ ਵਿਚਾਰ ਅਨੁਸਾਰ ਇਹ ਉਹ ਭਾਸ਼ਾ ਹੈ ਜਿਹੜੀ ਮੱਧਕਾਲ ਦੇ ਅਤੇ ਸਾਧੂਆਂ ਨੇ ਵਿਚਾਰ ਵਟਾਂਦਰੇ ਅਤੇ ਧਰਮ ਪ੍ਰਚਾਰ ਲਈ ਵਿਕਸਿਤ ਕੀਤੀ ਹੋਈ ਸੀ। ਇਹ ਇਕ ਤਰ੍ਹਾਂ ਦੀ ਉਸ ਵੇਲੇ ਦੇ ਭਾਰਤ ਦੀ ਸਰਬ ਸਾਂਝੀ ਭਾਸ਼ਾ ( Lingua Franca ) ਸੀ। ਇਸ ਮਿਸ਼ਰਤ ਭਾਸ਼ਾ ਵਿਚ ਭਾਰਤ ਦੀਆਂ ਉਸ ਸਮੇਂ ਪ੍ਰਚੱਲਿਤ ਸਾਰੀਆਂ ਆਰੀਆਈ ਭਾਸ਼ਾਵਾਂ ਲਹਿੰਦੀ, ਕੇਂਦਰੀ ਪੰਜਾਬੀ, ਖੜੀ ਬੋਲੀ, ਬ੍ਰਜੀ, ਗੁਜਰਾਤੀ, ਅਵਧੀ ਅਤੇ ਮਰਾਠੀ ਦੇ ਅੰਸ਼ ਰਲੇ ਹੋਏ ਸਨ।[49]

ਡਾ. ਪਿਆਰ ਸਿੰਘ ਦਾ ਵਿਚਾਰ ਹੈ ਕਿ ਸਾਖੀਕਾਰ ਆਪਣੀ ਰੁਚੀ ਅਤੇ ਲੋੜ ਅਨੁਸਾਰ ਆਪਣੀ ਮਾਤ-ਭਾਸ਼ਾ ਦਾ ਅੰਸ਼ ਵਧੇਰੇ ਦਾਖਲ ਕਰ ਲੈਂਦੇ ਸਨ ਜਿਸ ਨਾਲ ਉਹ ਲਗਭਗ ਉਸ ਇਲਾਕੇ ਦੀ ਭਾਸ਼ਾ ਹੀ ਜਾਪਣ ਲੱਗ ਪੈਂਦੀ ਸੀ। ਡਾ. ਸਾਹਿਬ ਦਾ ਵਰਤਿਆ ਸ਼ਬਦ ਰੁਚੀ ਇੱਥੇ ਵਿਸ਼ੇਸ਼ ਧਿਆਨ ਮੰਗਦਾ ਹੈ ਜੋ ਸੰਪਰਦਾਇ ਵਿਸ਼ੇਸ਼ ਵੱਲ ਇਸ਼ਾਰਾ ਕਰਦਾ ਹੈ। ਰੁਚੀ ਤੇ ਲੋੜ ਦੋਵੇਂ ਸ਼ਬਦ ਇਕ ਦੂਜੇ ਦੇ ਪੂਰਕ ਭਾਸਦੇ ਹਨ ਕਿਉਂ ਕਿ ਇਨ੍ਹਾਂ ਨੂੰ ਨਿਖੇੜਣਾ ਮੁਸ਼ਕਲ ਜਾਪਦਾ ਹੈ। ਗੁਰਮੁਖੀ ਲਿੱਪੀ ਵਿੱਚ ਲਿਖਣ ਵਾਲਾ ਲੇਖਕ ਸ਼ਬਦਾਂ ਨੂੰ ਤਤਸਮ ਦੀ

ਥਾਂ ਤਦਭਵ ਰੂਪ ਦੇ ਜਾਂਦਾ ਸੀ ਜਦ ਕਿ ਦੇਵਨਾਗਰੀ ਵਿੱਧੀ ਵਿੱਚ ਲਿਖਣ ਵਾਲਾ ਸਾਖੀਕਾਰ ਤਤਸਮ ਰੂਪ ਦੀ ਵਧੇਰੇ ਵਰਤੋਂ ਕਰਦਾ ਸੀ। ਇਹੋ ਕਾਰਨ ਹੈ ਕਿ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰਚਿਆ ਗਿਆ ਜਨਮਸਾਖੀ ਸਾਹਿਤ ਵਿਸ਼ੇਸ਼ ਇਲਾਕਾਈ ਭਾਸ਼ਾਈ ਰੰਗਣ ਨਾਲ ਭਰਪੂਰ ਹੈ। ਇਸੇ ਪ੍ਰਕਿਰਤੀ ਅਧੀਨ ਸਮੁੱਚੇ ਜਨਮ ਸਾਖੀ ਸਾਹਿਤ ਦੀ ਰਚਨਾ ਹੋਈ ਜਾਪਦੀ ਹੈ।

ਇਸ ਵਾਰਤਕ ਦੀ ਵਿਆਕਰਣਿਕ ਸੰਰਚਨਾ ਉਸ ਵਾਰਤਕ ਦੇ ਮੁੱਢਲੇ ਰੂਪ ਦੀ ਆਪਣੇ ਹੀ ਢੰਗ ਦੀ ਹੁੰਦੀ ਹੈ। ਅਜੋਕੇ ਵਿਅਕਰਣਿਕ ਨਿਯਮਾਂ ਦੀ ਕਸੌਟੀ ਤੇ ਇਸ ਵਾਰਤਕ ਨੂੰ ਪਰਖਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ। ਡਾ. ਦਰਸ਼ਨ ਸਿੰਘ ਨਿਰਵੈਰ ਆਪਣੇ ਇਕ ਨਿਬੰਧ 'ਪੁਰਾਤਨ ਜਨਮ ਸਾਖੀ ਦਾ ਭਾਸ਼ਿਕ ਸਰੂਪ' ਵਿਚ ਲਿਖਦੇ ਹਨ ਕਿ ਵਿਚਾਰ ਭਾਵਨਾ ਨੂੰ ਦਰਸਾਉਣ ਲਈ ਜਿਵੇਂ ਅਤੇ ਜਿਸ ਤਰ੍ਹਾਂ ਦਾ ਸ਼ਬਦ ਆਇਆ ਰੱਖ ਦਿੱਤਾ ।[50] ਡਾ. ਦਰਸ਼ਨ ਸਿੰਘ ਦਾ ਵਿਚਾਰ ਸਹੀ ਹੈ ਜਦੋਂ ਉਹ ਲਿਖਦੇ ਹਨ ਕਿ ਕਿਸੇ ਭਾਸ਼ਾ-ਅਵਸਥਾ ਦੀ ਪਰਖ-ਪੜਤਾਲ ਉਸ ਭਾਸ਼ਾ ਕਾਲ ਦੀ ਵਿਆਕਰਣ- ਨਿਯਮਾਵਲੀ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ।[51]

ਭਾਸ਼ਾ ਤੋਂ ਬਾਦ ਜਦੋਂ ਅਸੀਂ ਸ਼ੈਲੀ ਬਾਰੇ ਵਿਚਾਰ ਕਰਦੇ ਹਾਂ ਤਾਂ ਇਕ ਗੱਲ ਸਾਡੇ ਸਾਹਮਣੇ ਆਉਂਦੀ ਹੈ ਕਿ 'Style is the man' ਜਿਵੇਂ ਅਸੀਂ ਪਹਿਲਾਂ ਵੀ ਮੰਨਿਆ ਹੈ ਕਿ ਸਾਖੀ ਸੰਪਰਦਾਇ ਵਿਸ਼ੇਸ਼ ਦੀ ਵਸਤੂ ਹੈ ਪਰੰਤੂ ਉਦੋਂ ਹੋਰ ਵੀ ਹੈਰਾਨੀ ਹੁੰਦੀ ਹੈ ਜਦੋਂ ਅਸੀਂ ਇਕ ਸੰਪਰਦਾਇ ਵਿਸ਼ੇਸ਼ ਵਿੱਚ ਹੀ ਕਈ ਪਰੰਪਰਾਵਾਂ ਦੇਖਦੇ ਹਾਂ। ਉਦਾਹਰਣ ਵਜੋਂ ਗੁਰੂ ਨਾਨਕ ਸਾਹਿਬ ਬਾਰੇ ਇਕ ਨਹੀਂ ਚਾਰ ਪਰੰਪਰਾਵਾਂ ਹਨ। ਇਥੋਂ ਇਹ ਭਲੀਭਾਂਤ ਸਿੱਟਾ ਨਿਕਲਦਾ ਹੈ ਕਿ ਪੁਰਾਤਨ ਜਨਮ ਸਾਖੀ ਦੇ ਕਰਤਾ ਤੇ ਸੋਢੀ ਮਿਹਰਬਾਨ ਦੀ ਸ਼ੈਲੀ ਵੱਖੋ ਵੱਖਰੀ ਸੀ ਤੇ ਨਾਇਕ ਗੁਰੂ ਨਾਨਕ ਦੇਵ ਹੋਣ ਦੇ ਬਾਵਜੂਦ ਵੀ ਦੋਹਾਂ ਦੀਆਂ ਰਚਨਾਵਾਂ ਵਿਚ ਕਾਫੀ ਵਖਰੇਵਾਂ ਆ ਗਿਆ। ਇਹ ਵਖਰੇਵਾਂ ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਸਾਹਿਤ ਵਿਚ ਵੀ ਦਿਖਾਈ ਦਿੰਦਾ ਹੈ। ਸ੍ਰੀ ਅਨੰਤਦਾਸ ਦਾ ਲਿਖਣ ਦਾ ਢੰਗ ਤੇ ਸ੍ਰੀ ਰਾਘੋਦਾਸ ਕ੍ਰਿਤ ਭਗਤਮਾਲ 'ਚ ਜਿੱਥੇ ਘਟਨਾਵਾਂ / ਸਾਖੀਆਂ ਦਾ ਅੰਤਰ ਹੈ ਉਥੇ ਦੋਹਾਂ ਸਾਖੀਕਾਰਾਂ ਦਾ ਸ਼ਬਦ ਭੰਡਾਰ ਵੀ ਵੱਖਰਾ ਹੈ। ਗੁਰੂ ਰਵਿਦਾਸ ਬਾਰੇ ਗੁਰਮੁਖੀ ਲਿੱਪੀ ਵਿਚ ਮਿਲਦਾ ਜਨਮ-ਸਾਖੀ ਸਾਹਿਤ ਹਿੰਦੀ 'ਚ ਮਿਲਦੇ ਸਾਹਿਤ ਨਾਲੋਂ ਬਿਲਕੁਲ ਵਿਲੱਖਣ ਹੈ ਕਿਉਂਕਿ ਭਾਵੇਂ

ਇਨ੍ਹਾਂ ਸਾਖੀਕਾਰਾਂ ਨੇ ਵੀ ਮੂਲ ਪ੍ਰੇਰਨਾ ਤਾਂ ਸ੍ਰੀ ਅਨੰਤਦਾਸ ਜਾਂ ਨਾਭਾਦਾਸ ਜੀ ਤੋਂ ਲਈ ਪਰੰਤੂ ਇਨ੍ਹਾਂ ਨੇ ਰਚਨਾ ਪੰਜਾਬੀ ਮੁਹਾਵਰੇ ਵਿੱਚ ਕੀਤੀ ਹੈ। ਸੋ ਅਸੀਂ ਸ਼ੈਲੀ ਬਾਰੇ ਇੰਨਾ ਹੀ ਕਹਿਣਾ ਕਾਫੀ ਸਮਝਦੇ ਹਾਂ ਕਿ ਦੋ ਸਾਖੀਕਾਰਾਂ ਦੀ ਸ਼ੈਲੀ ਇਕੋ ਜਿਹੀ ਨਹੀਂ ਹੈ ਭਾਵੇਂ ਉਹ ਰਚਨਾ ਇਕ ਹੀ ਪ੍ਰਕਾਰ ਦੀ ਕਰ ਰਹੇ ਸਨ ।

ਅਖੀਰ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਰਵਿਦਾਸ ਸੰਬੰਧੀ ਰਚੇ ਗਏ ਜਨਮ ਸਾਖੀ ਸਾਹਿਤ ਦੀ ਭਾਸ਼ਾ ਨੂੰ ਨਾਂ ਭਾਵੇਂ ਸਧੂਕੜੀ ਦਿੱਤਾ ਜਾਂ ਹਿੰਦਵੀਂ ਪਰੰਤੂ ਇਸ ਵਿਚ ਉੱਤਰੀ ਭਾਰਤ ਦੀਆਂ ਕਈ ਭਾਸ਼ਾਵਾਂ ਦੇ ਸ਼ਬਦ ਰਲੇ ਹੋਏ ਹਨ। ਆਧੁਨਿਕ ਵਿਆਕਰਣ ਇਸ ਭਾਸ਼ਾ ਦਾ ਅਧਿਐਨ ਕਰਨ ਦੇ ਸਮਰਥ ਨਹੀਂ ਕਿਉਂਕਿ ਇਹ ਵਾਰਤਕ ਮੁੱਢਲੇ ਪੜਾਅ ਦੀ ਹੈ ਤੇ ਇਸ ਦੀ ਵਾਕ-ਬਣਤਰ ਵੀ ਵਿਚਾਰਾਂ ਦੇ ਅਧੀਨ ਹੈ ਜਦੋਂ ਕਿ ਆਧੁਨਿਕ ਵਾਰਤਕ 'ਵਿੱਚ ਵਿਚਾਰ ਵਾਕ-ਬਣਤਰ ਦੇ ਅਧੀਨ ਹੈ। ਹੁਣ ਅਸੀਂ ਗੁਰੂ ਰਵਿਦਾਸ ਬਾਰੇ ਉਪਲਬਧ ਜਨਮ ਸਾਖੀ ਸਾਹਿਤ ਵਿੱਚੋਂ ਕੁਝ ਵੰਨਗੀਆਂ ਪੇਸ਼ ਕਰਦੇ ਹਾਂ:-

## ਰੈਦਾਸ ਦੀ ਪਰਚਈ- ਸ੍ਰੀ ਅਨੰਤ ਦਾਸ

ਇਸ ਪਰਚਈ ਦੇ ਉਪਲਬਧ ਖਰੜਿਆਂ ਵਿੱਚ ਪਾਠਾਂਤਰਾਂ ਦੀ ਭਰਮਾਰ ਹੈ ਜਿਨ੍ਹਾਂ ਵਿਚੋਂ ਕੁਝ ਸਥਾਨਕ ਉਪਭਾਸ਼ਾ ਕਾਰਨ ਹੋਂਦ ਵਿੱਚ ਆਏ ਜਾਪਦੇ ਹਨ।[52] ਇਸ ਪਰਚਈ ਦੀ ਭਾਸ਼ਾ ਨੂੰ ਸ਼ੁੱਧ ਹਿੰਦੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਦੀ ਇੱਕ ਨਹੀਂ ਸਗੋਂ ਕਈ ਪ੍ਰਤਿਲਿੱਪੀਆਂ ਮਿਲਦੀਆਂ ਹਨ ਤੇ ਉਨ੍ਹਾਂ ਤੋਂ ਵੀ ਵੱਧ ਇਹ ਕਿ ਸਾਖੀਕਾਰ ਆਪਣੇ ਨਾਇਕ ਨੂੰ ਇਕ ਸੀਮਤ ਵਰਗ ਤੀਕ ਨਹੀਂ ਸਗੋਂ ਇਕ ਵਿਸ਼ਾਲ ਵਰਗ ਅੱਗੇ ਪੇਸ਼ ਕਰਨਾ ਚਾਹੁੰਦਾ ਸੀ। ਇਸ ਪਰਚਈ ਦੀ ਭਾਸ਼ਾ ਇਕ ਅਜਿਹੀ ਭਾਸ਼ਾ ਹੈ ਜੋ ਕਿ ਆਮ ਵਿਅਕਤੀ ਦੀ ਸਮਝ ਵਿਚ ਆ ਸਕਦੀ ਹੈ ।

ਲੋਹਾ ਜਬ ਪਾਰਸ ਕੋ ਭੇਟੈ।।ਕੰਚਨ ਹੋਤ ਨ ਕੋਊ ਮੇਟੈ।।
ਐਸੇ ਕੰਚਨ ਕਰਿ ਕਰਿ ਲੇਹੂ।।ਮਨ ਮਾਨੈ ਤਾਕੋ ਲੈ ਦੇਹੂ ।।
ਯਾਕੋ ਦੇਖ ਨ ਲਾਗੈ ਕੋਈ।।ਦੁਗਨੀ ਭਗਤਿ ਤੁਮਾਰੀ ਹੋਈ।।

ਦੋਹਰਾ।। ਬਚਨ ਸੁਨਤ ਭਗਤਿ ਕੇ ਮੂਨ ਰਹੇ ਰੈਦਾਸ ।।

ਕੈ ਸਤਿ ਦੇਖਨ ਆਇਯੋ ਕੈ ਕਰਿਨ ਭਗਤਿ ਕੋ ਨਾਸ।। 53

ਉਪਰੋਕਤ ਸਤਰਾਂ ਵਿੱਚ ਵਰਤੀ ਗਈ ਸ਼ਬਦਾਵਲੀ ਸਰਲ ਤੇ ਸਪੱਸ਼ਟ ਹੈ ਤੇ ਭਗਵਾਨ ਪਾਰਸ ਭੇਟ ਕਰਦੇ ਹੋਏ ਜੋ ਰਵਿਦਾਸ ਜੀ ਨੂੰ ਕਹਿੰਦੇ ਹਨ ਤਾਂ ਰਵਿਦਾਸ ਸ਼ਾਂਤ ਚਿੱਤ ਸੁਣੀ ਜਾ ਰਹੇ ਹਨ। ਨਾਂ ਤਾਂ ਔਖੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਤੇ ਨਾ ਹੀ ਸ਼ੈਲੀ ਲੱਛੇਦਾਰ। ਇਸ ਸ਼ੈਲੀ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਅੰਤਿਮ ਟੀਚਾ ਇਕ ਵਿਸ਼ਾਲ ਜਨ-ਸਮੂਹ ਦੇ ਹਿਰਦੇ ਨੂੰ ਟੁੰਬਣਾ ਹੈ ਜਿਸ ਵਿਚ ਇਹ ਸ਼ੈਲੀ ਕਾਫ਼ੀ ਸਫਲ ਕਹੀ ਜਾ ਸਕਦੀ ਹੈ। ਸਾਖੀਕਾਰ ਬਿਨ੍ਹਾਂ ਕਿਸੇ ਹੇਰ-ਫੇਰ ਦੇ ਢੰਗ ਤੇ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ।

ਇਕ ਹੋਰ ਗ੍ਰੰਥ ਭਗਤਿ ਰਸ ਬੋਧਨੀ ਟੀਕਾ ਭਗਤਮਾਲ (ਟੀਕਾਕਾਰ ਪ੍ਰਿਯਦਾਸ) ਦਾ ਜ਼ਿਕਰ ਵੀ ਇਥੇ ਜ਼ਰੂਰੀ ਜਾਪਦਾ ਹੈ ਕਿਉਂਕਿ ਸ੍ਰੀ ਪ੍ਰਿਯਦਾਸ ਜੀ ਨੇ ਨਾਭਾਦਾਸ ਜੀ ਕ੍ਰਿਤ ਭਗਤਮਾਲ ਦਾ ਬਹੁਤ ਹੀ ਸਰਲ ਤੇ ਸਪੱਸ਼ਟ ਸ਼ੈਲੀ ਵਿਚ ਟੀਕਾ ਕੀਤਾ ਹੈ ਤਾਂ ਜੋ ਇਹ ਆਮ ਲੋਕਾਂ ਤੀਕ ਪਹੁੰਚ ਸਕੇ। ਅਸੀਂ ਇਸ ਟੀਕੇ ਵਿਚੋਂ ਇਕ ਉਦਾਹਰਣ ਪੇਸ਼ ਕਰ ਰਹੇ ਹਾਂ:--

ਆਯੇ ਫਿਰਿ ਸਿਯਾਮ ਮਾਸ ਤੇਰਹ ਵਿਤੀਤ ਭਯੇ।
ਪ੍ਰੀਤਿ ਕਰਿ ਬੋਲੇ ਕਹੋ ਪਾਰਸਿ ਕੀ ਰੀਤਿ ਕੋ ।।
ਵਾਹੀ ਠੌਰ ਲੀਜੈ ਮੇਰੋ ਮਨ ਨ ਪਤੀਜੈ ।
ਅਵ ਚਾਹੋ ਸੋਈ ਕੀਜੈ ਮੈ ਤੋ ਪਾਵਤ ਹੈ ਭੀਤ ਕੋ ।।

ਭਗਵਾਨ ਦੇ ਦਿੱਤੇ ਪਾਰਸ ਨੂੰ ਬੜੀ ਨਿਮਰਤਾ ਨਾਲ ਵਾਪਰ ਕਰਦਿਆਂ ਗੁਰੂ ਰਵਿਦਾਸ ਕਹਿੰਦੇ ਹਨ ਕਿ ਇਹ ਪਾਰਸ ਮੇਰੀ ਕੰਮ ਦੀ ਚੀਜ਼ ਨਹੀਂ ਤੇ ਨਾ ਹੀ ਮੇਰੇ ਮਨ ਨੂੰ ਚੰਗੀ ਲੱਗੀ ਹੈ। ਦੋਹਾਂ ਲੇਖਕਾਂ ਦੇ ਲਿਖਣ ਦੇ ਢੰਗ ਵਿਚ ਕਾਫ਼ੀ ਅੰਤਰ ਹੈ ਪਰੰਤੂ ਦੋਹਾਂ ਨੇ ਸ਼ੈਲੀ ਸਰਲ ਹੀ ਅਪਣਾਈ ਹੈ। ਸ਼ਬਦ ਭੰਡਾਰ ਦੀ ਇਨ੍ਹਾਂ ਲੇਖਕਾਂ ਕੋਲ ਕੋਈ ਕਮੀ ਨਹੀਂ ਜਾਪਦੀ ਕਿਉਂਕਿ ਲੋਕ-ਸਾਹਿਤ ਕੋਲ ਸ਼ਬਦਾਂ ਦੀ ਕੋਈ ਕਮੀ ਨਹੀਂ ਹੁੰਦੀ। ਅੱਜ ਦੀ ਵਾਰਤਕ

ਵਾਰ ਨਾ ਤਾਂ ਇਸ ਨੂੰ ਬਹੁਤ ਮਾਂਜਿਆ ਸੰਵਾਰਿਆ ਗਿਆ ਹੈ ਤੇ ਨਾ ਹੀ ਲੋੜੋਂ ਵੱਧ ਔਖੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ।

ਪੰਜਾਬੀ ਭਾਸ਼ਾ ਵਿਚ ਭਾਈ ਗੁਰਦਾਸ ਨੇ ਹੀ ਸਭ ਤੋਂ ਪਹਿਲਾਂ ਗੁਰੂ ਰਵਿਦਾਸ ਸੰਬੰਧੀ ਜਨਮ ਸਾਖੀ ਰੂਪੀ ਸਾਹਿਤ ਵਾਰਾਂ ਦੇ ਰੂਪ ਵਿੱਚ ਲਿਖਿਆ ਹੈ। ਭਾਈ ਗੁਰਦਾਸ ਭਾਵੇਂ ਪੰਜਾਬੀ ਵਿੱਚ ਲਿਖ ਰਹੇ ਹਨ ਪਰੰਤੂ ਇਸ ਨੂੰ ਵੀ ਸ਼ੁਧ ਪੰਜਾਬੀ ਨਹੀਂ ਕਿਹਾ ਜਾ ਸਕਦਾ। ਦਸਵੀਂ ਵਾਰ ਦੀ 17ਵੀਂ ਪਉੜੀ ਵਿਚ ਆਪ ਲਿਖਦੇ ਹਨ:-

ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚ ਚਮਰੇਟਾ।
ਪਾਣ੍ਹਾ ਗੰਢੇ ਰਾਹ ਵਿਚਿ ਭਲਾ ਧਰਮ ਢੋਇ ਢੋਰ ਸਮੇਟਾ ।
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲੁ ਪਲੇਟਾ ।
ਚਹੁੰ ਵਰਨਾ ਉਪਦੇਸ ਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।[54]

ਇਸੇ ਪਉੜੀ ਵਿਚ ਭਗਤ ਰਵਿਦਾਸ ਨਾਲ ਸੰਬੰਧਿਤ ਇਸ ਘਟਨਾ ਦਾ ਵਰਨਣ ਵੀ ਧਿਆਨ ਯੋਗ ਹੈ:-

ਨਾਵਣਿ ਆਇਆ ਸੰਗੁ ਮਿਲਿ ਬਨਾਰਸ ਕਰਿ ਗੰਗਾ ਥੇਟਾ।।
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਕੀ ਭੇਟਾ ।।
ਲਗਾ ਪੁਰਬੁ ਅਭੀ ਦਾ ਡਿਠਾ ਚਲਿਤੁ ਅਚਰਜ ਅਮੇਟਾ ।।
ਲਿਟਾ ਕਸੀਰਾ ਹਥਿ ਕਢਿ ਸੂਤੁ ਇਕ ਜਿਉ ਤਾਣਾ ਪੇਟਾ ।।
ਭਗਤ ਜਨਾ ਹਰਿ ਮਾਂ ਪਿਉ ਬੇਟਾ।।[55]

ਅਸੀਂ ਦੇਖਦੇ ਹਾਂ ਕਿ ਇਹ ਭਾਸ਼ਾ ਕਈ ਭਾਸ਼ਾਵਾਂ ਦਾ ਮਿਸ਼ਰਣ ਹੈ ਪਰੰਤੂ ਭਾਈ ਗੁਰਦਾਸ ਦੀ ਸ਼ੈਲੀ ਅਜਿਹੀ ਹੈ ਕਿ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਵੀ ਉਨ੍ਹਾਂ ਕੋਲ ਆ ਕੇ ਓਪਰੇ ਨਹੀਂ ਜਾਪਦੇ ।

ਪੁਰਾਤਨ ਗੋਸ਼ਟਿ-ਸੰਗ੍ਰਹਿ ਵਿਚਲੀ ਕਥਾ, ਕਥਾ ਗੁਸਾਈਂ ਰਵਿਦਾਸ ਜੀ ਕੀ ਚਮਰਣੇ ਕੀ ਮੱਧਕਾਲੀਨ ਵਾਰਤਕ ਦਾ ਇਕ ਉੱਤਮ ਨਮੂਨਾ ਹੈ। ਇਸ ਸ਼ੈਲੀ ਵਿੱਚ ਇਕ ਰਵਾਨਗੀ ਹੈ ਜਿਸ ਦੀ ਇਕ ਮਿਸਾਲ ਅਸੀਂ ਪੇਸ਼ ਕਰ ਰਹੇ ਹਾਂ:-

" ਤਬ ਪਾਰਬ੍ਰਹਮ ਕੀ ਆਗਿਆ ਹੂਈ ਜਿ ਰਵਿਦਾਸ ਭਗਤਿ ਬਹੁਤ ਸੰਪੂਰਨ ਭਗਤਿ ਕਰੀ ਹੈ। ਰਵਿਦਾਸ ਭਗਤਿ ਕਉ ਮੇਰੇ ਪਾਸ ਲੈ ਆਵਹੁ ।। ਤਬ ਆਗਿਆ ਹੋਈ ਨਾਮੇ ਕਬੀਰ ਤ੍ਰਿਲੋਚਨ ਧੰਨੇ ਕਉ ਜਿ ਅਬ ਤੁਮ ਜਾਹੁ ਜਾਇ ਕਰਿ ਰਵਿਦਾਸ ਕਾ ਦਰਸਨ ਭੀ ਕਰ ਆਵਹੁ ਅਰੁ ਰਵਿਦਾਸ ਕਉ ਕਹਿ ਆਵਹੁ ਜਿ ਅਜੁ ਥੀ ਇਕੀਸ ਦਿਨ ਕਉ ਤੁਮ ਕਉ ਆਗਿਆ ਸ੍ਰੀ ਠਾਕਰ ਜੀ ਕੀ ਹੈ।"[56]

ਅੱਜ ਦੀ ਵਾਰਤਕ ਨਾਲੋਂ ਭਿੰਨ ਹੁੰਦੀ ਹੋਈ ਵੀ ਇਹ ਵਾਰਤਕ ਇਕ ਉੱਤਮ ਵਾਰਤਕ ਦੇ ਗੁਣ ਛੁਪਾਈ ਬੈਠੀ ਹੈ। ਇਸ ਸ਼ੈਲੀ ਵਿਚ ਸਰਲਤਾ, ਸਾਦਗੀ ਤੇ ਰਵਾਨਗੀ ਹੈ ਜੋ ਕਿ ਇਕ ਚੰਗੀ ਵਾਰਤਕ ਦੇ ਗੁਣ ਮੰਨੇ ਜਾ ਸਕਦੇ ਹਨ ।

ਗੁਰੂ ਰਵਿਦਾਸ ਸੰਬੰਧੀ ਪੰਜਾਬੀ ਵਿਚ ਰਚੇ ਗਏ ਜਨਮ ਸਾਖੀ ਸਾਹਿਤ ਵਿਚ ਭਾਈ ਦਰਬਾਰੀ ਦਾਸ ਰਚਿਤ ਪਰਚੀ ਵੀ ਵਰਨਣਯੋਗ ਹੈ। ਇਸ ਪਰਚੀ ਵਿਚ ਗੁਰੂ ਰਵਿਦਾਸ ਨਾਲ ਸੰਬੰਧਿਤ ਕਈ ਘਟਨਾਵਾਂ ਦਾ ਵਰਨਣ ਹੈ। ਪੂਰਬਲੇ ਜਨਮ ਦੀ ਕਹਾਣੀ ਨੂੰ ਕਵੀ ਦਰਬਾਰੀ ਦਾਸ ਨੇ ਇੰਵ ਪੇਸ਼ ਕੀਤਾ ਹੈ:-

ਦੋਹਰਾ।। ਜਨਮ ਪੂਰਬਲੈ ਖੱਤਰੀ ਹਾਟੁ ਤ ਬਾਖਹੁ ਬੀਚਿ ।।
ਉਤਮ ਕੈ ਸੰਗਿ ਊਚ ਫਲੁ ਨੀਚਿ ਸੰਗਿ ਅਤਿ ਨੀਚਿ ।।
ਚੌਪਈ।।ਓਇ ਜਿ ਰੀਪਹਿ ਭੂਨਹਿ ਅਸੁ।।ਇਸ ਕੋ ਆਵੈ ਮਾਸੁ ਸੁ ਬਾਸੁ।।
ਉਖਰੋ ਹੱਟ ਉਠਾਵੈ ਨਾਹਿ।। ਮਾਸ ਸੁ ਬ੍ਰਾਸੁ ਬਸੈ ਮਨ ਮਾਹਿ।।
ਮਨ ਮਹਿ ਲੋਭੁ ਹੋਇ ਰਿਵਦਾਸ।।ਕਿਵ ਹਾਂ ਖਾਯੈ ਮਛੁਲੀ ਮਾਸੁ।।
ਬਾਸੁ ਸੰਗਿ ਮਨੁ ਬਹੁਤ ਲੁਭਾਵੈ।।ਮਾਸ ਖਾਨ ਕਉ ਚਿਤੁ ਚਲਾਵੈ।।[57]

ਭਾਈ ਦਰਬਾਰੀ ਦਾਸ ਅਨੁਸਾਰ ਗੁਰੂ ਰਵਿਦਾਸ ਜੀ ਨੂੰ ਖੱਤਰੀ ਹੋਣ ਦੇ ਬਾਵਜੂਦ ਮਾਸ ਖਾਣ ਕਾਰਨ ਹੀ ਨੀਚ ਕੁਲ ਵਿੱਚ ਜਨਮ ਲੈਣਾ ਪਿਆ। ਇਹ ਰਚਨਾ ਵੀ ਪੁਰਾਤਨ ਵਾਰਤਕ ਦਾ ਇਕ ਉੱਤਮ ਨਮੂਨਾ ਕਹੀ ਜਾ ਸਕਦੀ ਹੈ। ਭਾਈ ਦਰਬਾਰੀ ਦਾਸ ਨੇ ਆਪਣੀ ਬਾਣੀ ਵਿਚ ਭਗਤ ਰਵਿਦਾਸ ਦਾ ਗੁਣ ਇਸ ਪ੍ਰਕਾਰ ਗਾਇਆ ਹੈ:-


ਰਵਿਦਾਸੁ ਭਗਤ ਗੁਰ-ਗਨੀ ਚਹੁ ਚਕੀ ਜਾਤਾ ।।
ਨੀਚ ਜਾਤ ਤੇ ਊਚ ਭਇਆ ਭੇਟਿ ਲਈ ਰੰਗਾਤਾ ।।[58]

ਰਵਿਦਾਸ ਪ੍ਰੀਤ ਲਗੀ ਪਰਮੇਸੁਰ।। ਬ੍ਰਹਮਨ ਪਤੀ ਆਏ ਜਮਤੇਸੁਰ।।
ਸਾਲਿਗ੍ਰਾਮ ਨਦੀ ਤਰਿ ਆਏ।। ਬ੍ਰਹਮਨ ਸੀਹ ਦਿਖਰਾਤਾ।।[59]

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਭਗਤ ਰਵਿਦਾਸ ਸੰਬੰਧੀ ਸਮੁੱਚੀ ਜਨਮਸਾਖੀ ਸਾਹਿਤ ਭਾਵੇਂ ਉਹ ਕਿਸੇ ਵੀ ਭਾਸ਼ਾ ਵਿੱਚ ਲਿਪੀਬੱਧ ਹੋਇਆ ਹੈ, ਭਾਵੇਂ ਉਹ ਪਦ ਜਾਂ ਗਦ ਵਿਚ ਹੈ, ਇਕ ਸਾਂਝੀ ਭਾਸ਼ਾ ਵਿਚ ਹੀ ਰਚਿਆ ਗਿਆ ਜੋ ਕਿ ਉਸ ਸਮੇਂ ਸਾਰੇ ਉੱਤਰੀ ਭਾਰਤ ਵਿਚ ਪ੍ਰਚੱਲਿਤ ਸੀ। ਸਾਖੀਕਾਰਾਂ ਲਈ ਪਾਠਕਾਂ ਦਾ ਦਾਇਰਾ ਇਕ ਵਿਸ਼ੇਸ਼ ਵਰਗ ਤੀਕ ਸੀਮਤ ਨਾ ਹੋ ਕੇ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਵਸਦੇ ਪਾਠਕਾਂ ਤੀਕ ਫੈਲਿਆ ਹੋਇਆ ਸੀ। ਇਸੇ ਕਾਰਨ ਹੀ ਸਾਰੇ ਲੇਖਕ ਇਕ ਅਜਿਹੀ ਭਾਸ਼ਾ ਦੀ ਵਰਤੋਂ ਕਰ ਰਹੇ ਸਨ ਜਿਸ ਨੂੰ ਸਧੂਕੜੀ, ਹਿੰਦਵੀ ਵੀ ਕਿਹਾ ਜਾਂਦਾ ਹੈ।

## ਮਿਲਦੀ ਚਿੱਤਰਕਾਰੀ ਅਤੇ ਉਨ੍ਹਾਂ ਦੇ ਸੰਕੇਤ

ਮੱਧਕਾਲ ਦੇ ਹੋਰ ਸੰਤਾਂ ਵਾਂਗ ਭਗਤ ਰਵਿਦਾਸ ਬਾਰੇ ਵੀ ਕਈ ਚਿੱਤਰ ਮਿਲਦੇ ਹਨ। ਇਹ ਚਿੱਤਰ ਲੋਕ-ਕਲਪਨਾ 'ਚੋਂ ਉਭਰੇ ਹਨ ਕਿਉਂਕਿ ਉਸ ਸਮੇਂ ਫੋਟੋਗਰਾਫੀ ਦੀ ਕਲਾ ਮੌਜੂਦ ਨਹੀਂ ਸੀ। ਇਹ ਚਿੱਤਰ ਮੌਲਿਕ ਹੋਣ ਦਾ ਦਾਅਵਾ ਨਹੀਂ ਕਰ ਸਕਦੇ ਪਰੰਤੂ ਜਿਵੇਂ ਸ੍ਰੀ ਸੋਭਾ ਸਿੰਘ ਜੀ ਦਾ ਬਣਾਇਆ ਸ੍ਰੀ ਗੁਰੂ ਨਾਨਕ ਦੇਵ ਦਾ ਚਿੱਤਰ ਇੰਨਾ ਮਕਬੂਲ ਹੋਇਆ ਹੈ ਕਿ ਗੁਰੂ ਨਾਨਕ ਸਾਹਿਬ ਦੇ ਕਿਸੇ ਹੋਰ ਮੌਲਿਕ ਚਿੱਤਰ ਦਾ ਹੋਣਾ ਅਸੰਭਵ ਜਾਪਦਾ ਹੈ। ਇਸੇ ਤਰ੍ਹਾਂ ਗੁਰੂ ਰਵਿਦਾਸ ਦਾ ਇਕ ਚਿੱਤਰ ਜੋ ਹਰਮਨ ਪਿਆਰਾ ਹੋਇਆ ਉਹ ਉਨ੍ਹਾਂ ਦੀ ਭਗਤੀ ਮੁਦਰਾ 'ਚ ਲੀਨ ਸਮੇਂ ਦਾ ਹੈ ।




Sant Ravidas

ਇਸ ਚਿੱਤਰ ਵਿਚ ਰਵਿਦਾਸ ਕਿਸੇ ਗੰਭੀਰ ਮੁਦਰਾ ਵਿਚ ਲੀਨ ਹਨ। ਇਹ ਪਰੰਪਰਾਵਾਦੀ ਚਿੱਤਰ ਹੈ ਜਿਸ ਵਿਚ ਉਨ੍ਹਾਂ ਦੇ ਸਿਰ ਦੇ ਆਲੇ ਦੁਆਲੇ ਪਰੰਪਰਾਵਾਦੀ ਚੱਕਰ ਹੈ। ਗਲ ਵਿਚ ਦੋ ਮਾਲਾਵਾਂ ਹਨ ਤੇ ਪਹਿਰਾਵਾ ਸੰਖੇਪ ਜਿਹਾ ਹੈ ਤੇ ਰਵਿਦਾਸ ਜੀ ਕਾਫ਼ੀ ਬਿਰਧ ਜਾਪਦੇ ਹਨ। ਇਹ ਚਿੱਤਰ ਦੀ ਪਿੱਠਭੂਮੀ ਖੁਲ੍ਹਾ ਡੁਲ੍ਹਾ ਵਾਤਾਵਰਣ ਹੈ। ਰਵਿਦਾਸ ਜੀ ਕਿਸੇ ਦਰੱਖਤ ਹੇਠ ਬੈਠੇ ਹਨ ।




सन्त शिरोमणि रविदास जी महाराज

ਇਹ ਚਿੱਤਰ ਪਰਮ ਸੰਤ ਸ੍ਰੀ ਰਵਿਦਾਸ ਦਰਸ਼ਨ ਨਾਂ ਹੇਠ ਮਿਲਦਾ ਹੈ। ਇਹ ਚਿੱਤਰ ਅਸੀਂ ਸੰਤ ਜਗਬੀਰ ਸਿੰਘ ਦੀ ਪੁਸਤਕ ਸੰਤ ਰਵਿਦਾਸ ਮਹਾਤਮਯ ਵਿਚੋਂ ਲਿਆ ਹੈ। ਇਸ ਚਿੱਤਰ ਦੀ ਪਿੱਠਭੂਮੀ ਕੋਈ ਸ਼ਾਨਦਾਰ ਮੰਦਰ ਹੈ। ਰਵਿਦਾਸ ਜੀ ਸਿੰਘਾਸਨ ਤੇ ਭਗਤੀ ਮੁਦਰਾ ਵਿਚ ਬੈਠੇ ਹਨ ਤੇ ਉਨ੍ਹਾਂ ਦੇ ਸਿਰ ਤੇ ਛਤਰ ਝੂਲ ਰਿਹਾ ਹੈ। ਦਿਖਾਈ ਦਿੰਦੇ ਮੰਦਰ ਦੇ ਥੰਮਾਂ ਤੇ ਖੂਬਸੂਰਤ ਮੀਨਾਕਾਰੀ ਕੀਤੀ ਹੋਈ ਹੈ। ਦੋਹਾਂ ਚਿੱਤਰਾਂ ਵਿਚ ਨਕਸ਼ਾਂ ਦੇ ਪੱਖ ਤੋਂ ਕਾਫ਼ੀ ਸਮਾਨਤਾ ਹੈ ।




Ravidas temple at Chittor

ਇਹ ਚਿੱਤਰ ਚਿਤੌੜ ਵਿਚ ਬਣੇ ਰਵਿਦਾਸ ਮੰਦਰ ਦਾ ਫੋਟੋਗਰਾਫ਼ ਹੈ । ਇਕ ਪਰੰਪਰਾ ਅਨੁਸਾਰ ਇਹ ਮੰਦਰ ਰਵਿਦਾਸ ਜੀ ਦੀ ਪਵਿੱਤਰ ਯਾਦ ਨੂੰ ਸਮਰਪਤ ਹੈ ।



Foot-prints of Sant Ravidas at Chittor palace temple. Miran Bai is said to have worshiped these foot-prints daily.


ਇਹ ਚਿੱਤਰ ਰਵਿਦਾਸ ਜੀ ਦੇ ਪੈਰ ਚਿੰਨ੍ਹਾਂ ਦਾ ਹੈ। ਕਿਹਾ ਜਾਂਦਾ ਹੈ ਕਿ ਮੀਰਾ ਬਾਈ ਰੋਜ਼ਾਨਾ ਇਨ੍ਹਾਂ ਦੀ ਪੂਜਾ ਕਰਿਆ ਕਰਦੇ ਸਨ ।



The holy temple at Mandua Deeh (Varanasi); The birth place of Sant Ravidas.

ਇਹ ਚਿੱਤਰ ਰਵਿਦਾਸ ਜੀ ਦੀ ਜਨਮਭੂਮੀ ਮੰਡੂਆਡੀਹ(ਬਨਾਰਸ) ਵਿਚ ਬਣੇ ਮੰਦਰ ਦਾ ਹੈ। ਇਸ ਮੰਦਰ ਦੀ ਇਮਾਰਤ ਦੇਖਣ ਤੋਂ ਬਹੁਤੀ ਪੁਰਾਣੀ ਨਹੀਂ ਜਾਪਦੀ । ਮੰਦਰ ਦੇ ਉਪਰ ਸਿੱਖਰ ਗੁੰਬਦ ਬਣਿਆ ਹੋਇਆ ਹੈ ।


ਅਗਲੇ ਕੁਝ ਚਿੱਤਰ ਗੁਰੂ ਰਵਿਦਾਸ ਨਾਲ ਸ਼ੰਬੰਧਿਤ ਸਾਖੀਆਂ ਤੋਂ ਪ੍ਰੇਰਿਤ ਹੋ ਕੇ ਬਣਾਏ ਗਏ ਜਾਪਦੇ ਹਨ ।





ਇਸ ਚਿੱਤਰ ਵਿਚ ਗੰਗਾ ਜੀ ਨੂੰ ਬਾਂਹ ਕੱਢ ਕੇ ਬ੍ਰਾਹਮਣ ਪਾਸੋਂ ਰਵਿਦਾਸ ਜੀ ਦੀ ਭੇਟਾ ਕਬੂਲ ਕਰਕੇ ਕੰਗਣ ਦਿੰਦਿਆਂ ਦਿਖਾਇਆ ਗਿਆ ਹੈ। ਇਸ ਚਿੱਤਰ ਦੀ ਪਿੱਠ-ਭੂਮੀ ਕਿਸੇ ਘਾਟ ਦੀ ਜਾਪਦੀ ਹੈ ਤੇ ਭੇਟਾਂ ਭੇਟ ਕਰ ਰਹੇ ਬ੍ਰਾਹਮਣ ਦੇ ਪਿਛੇ ਤਿੰਨ ਹੋਰ ਬ੍ਰਾਹਮਣ ਵੀ ਦਿਖਾਈ ਦੇ ਰਹੇ ਹਨ। ਦਿਖਾਈ ਦਿੰਦਾ ਹੱਥ ਦੇਵੀ ਜਾਪ ਰਿਹਾ ਹੈ ਤੇ ਗੁੱਟ ਤੋਂ ਹੇਠਾਂ ਕੁਝ ਕੰਗਣ ਵੀ ਦਿਖਾਈ ਦਿੰਦੇ ਹਨ ।

ਦੂਜੇ ਚਿੱਤਰ ਵਿਚ ਕੰਗਣ ਵਾਲੀ ਸਾਖੀ ਨੂੰ ਪੇਸ਼ ਕੀਤਾ ਗਿਆ ਹੈ। ਰਵਿਦਾਸ ਜੀ ਆਪਣੇ ਕੰਮ ਕਰਨ ਵਾਲੇ ਸਥਾਨ ਤੇ ਬੈਠੇ ਹਨ ਤੇ ਚਮੜਾ ਭਿਉਣ ਵਾਲੀ ਕਠੌਤੀ ਵਿਚੋਂ ਗੰਗਾ ਜੀ ਦੀ ਬਾਂਹ ਬਾਹਰ ਨਿਕਲੀ ਹੋਈ ਹੈ। ਹੱਥ ਵਿਚ ਇਕ ਕੰਗਣ ਹੈ। ਸ਼ੈਲੀ ਪੱਖੋਂ ਦੋਵੇਂ ਚਿੱਤਰ ਇਕੋ ਕਲਾਕਾਰ ਦੇ ਬਣਾਏ ਜਾਪਦੇ ਹਨ ।





ਇਹ ਚਿੱਤਰ ਕਬੀਰ—ਰਵਿਦਾਸ ਗੋਸ਼ਟਿ ਨੂੰ ਪ੍ਰਗਟਾ ਰਿਹਾ ਹੈ। ਇਉਂ ਜਾਪਦਾ ਹੈ ਜਿਵੇਂ ਦੋਵੇਂ ਭਗਤ ਕਿਸੇ ਦਰਿਆ ਜਾਂ ਝੀਲ ਕਿਨਾਰੇ ਬੈਠੇ ਹਨ ਤੇ ਪਿੱਛੇ ਦਰਮਿਆਨੇ ਕੱਦ ਦੇ ਪਹਾੜ ਵੀ ਦਿਖਾਈ ਦੇ ਰਹੇ ਹਨ ।


ਦੂਜੇ ਚਿੱਤਰ ਵਿਚ ਰਵਿਦਾਸ ਜੀ ਨੂੰ ਜੇਲ੍ਹ ਵਿਚ ਕੈਦ ਦਿਖਾਇਆ ਗਿਆ ਹੈ । ਇਹ ਚਿੱਤਰ ਵੀ ਗੁਰੂ ਰਵਿਦਾਸ ਜੀ ਨਾਲ ਸੰਬੰਧਿਤ ਸਾਖੀਆਂ ਨਾਲ ਹੀ ਸੰਬੰਧ ਰੱਖਦਾ ਹੈ ।





ਇਸ ਵਿਚੱਤਰ ਵਿਚ ਰਵਿਦਾਸ ਜੀ ਤੇ ਬ੍ਰਾਹਮਣ ਕਿਸੇ ਦਰਿਆ ਕਿਨਾਰੇ ਬੈਠੇ ਦਿਖਾਇਏ ਦੇ ਰਹੇ ਹਨ। ਰਵਿਦਾਸ ਜੀ ਨੇ ਦੋਵੇਂ ਹੱਥ ਪਾਣੀ ਵੱਲ ਕੀਤੇ ਹੋਏ ਹਨ। ਇਉਂ ਜਾਪਦਾ ਹੈ ਕਿ ਇਹ ਚਿੱਤਰ ਸਾਲਗਰਾਮ ਵਾਲੀ ਸਾਖੀ ਨਾਲ ਸੰਬੰਧਿਤ ਹੈ ।

ਦੂਜੇ ਚਿੱਤਰ ਵਿਚ ਰਵਿਦਾਸ ਜੀ ਨੇ ਬ੍ਰਾਹਮਣਾਂ ਵਿਚਕਾਰ ਕੋਈ ਵਾਦ-ਵਿਵਾਦ ਚਲ ਰਿਹਾ ਹੈ। ਚਿੱਤਰ ਤੋਂ ਇਸ ਵਾਦ-ਵਿਵਾਦ ਦਾ ਭਰਮ ਪੈਂਦਾ ਹੁੰਦਾ ਹੈ ।








ਪਹਿਲਾ ਅਤੇ ਦੂਜਾ ਚਿੱਤਰ ਰਾਜਦਰਬਾਰ ਨਾਲ ਸੰਬੰਧਿਤ ਹੈ। ਪਹਿਲੇ ਚਿੱਤਰ ਵਿਚ ਰਾਣੀ ਝਾਲੀ ਰਵਿਦਾਸ ਜੀ ਨੂੰ ਹੱਥ ਜੋੜ ਕੇ ਨਮਸ਼ਕਾਰ ਕਰ ਰਹੀ ਹੈ ।

ਤੀਜੇ ਚਿੱਤਰ ਵਿਚ ਰਵਿਦਾਸ ਜੀ ਕਿਸੇ ਦਰੱਖਤ ਹੇਠਾਂ ਬੈਠੇ ਕਿਸੇ ਰਾਜੇ ਨੂੰ ਉਪਦੇਸ਼ ਦੇ ਰਹੇ ਹਨ ।





ਪਹਿਲੇ ਚਿੱਤਰ ਦੀ ਪਿੱਠ ਭੂਮੀ ਰਾਜੇ ਦਾ ਮਹੱਲ ਹੈ ਤੇ ਰਾਜਾ ਗੰਭੀਰ ਮੁਦਰਾ ਵਿਚ ਕਿਸੇ ਅਹਿਲਕਾਰ ਕੋਲੋਂ ਕੁਝ ਸੁਣ ਰਿਹਾ ਹੈ। ਸੰਕੇਤ ਇਹ ਮਿਲਦਾ ਹੈ ਕਿ ਨਿਸ਼ਚੇ ਹੀ ਉਹ ਗੱਲ ਰਵਿਦਾਸ ਜੀ ਨਾਲ ਸੰਬੰਧਿਤ ਹੈ ਕਿਉਂਕਿ ਰਾਜਾ ਸੋਚਾਂ ਵਿਚ ਡੁੱਬਿਆ ਹੋਇਆ ਹੈ ।

ਦੂਜੇ ਚਿੱਤਰ ਵਿਚ ਮੀਰਾਬਾਈ ਜੀ ਕਿਸੇ ਖੂਹ ਕਿਨਾਰੇ ਰਵਿਦਾਸ ਜੀ ਨੂੰ ਨਮਸ਼ਕਾਰ ਕਰ ਰਹੇ ਹਨ। ਇਹ ਚਿੱਤਰ ਤੋਂ ਜਾਪਦਾ ਹੈ ਕਿ ਰਵਿਦਾਸ ਜੀ ਜਿਵੇਂ ਕਿਸੇ ਸਫਰ ਤੋਂ ਆ ਰਹੇ ਹਨ। ਮੀਰਾ ਬਾਈ ਜੀ ਦੇ ਪਿੱਛੇ ਇਕ ਦਾਸੀ ਵੀ ਨਜ਼ਰ ਆ ਰਹੀ ਹੈ ।

## ਟਿੱਪਣੀਆਂ ਤੇ ਹਵਾਲੇ


1. ਡਾ. ਧਰਮਪਾਲ ਸਿੰਗਲ, ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ–111.
2. ਡਾ. ਮੋਹਨ ਸਿੰਘ ਦੀਵਾਨਾ, ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ- 85
   ਹਵਾਲਾ– ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 111.
3. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ- 22.
4. ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 12.
5. ਡਾ. ਹਰਿਭਜਨ ਸਿੰਘ (ਸੰਪਾ.) ਸਾਖੀ ਸੁਰਤਿ, ਪੰਨਾ- 84.
6. ਖੋਜ ਪਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 14.
7. -ਉਹੀ-, ਪੰਨਾ- 157.
8. ਅਥ ਗ੍ਰੰਥ ਰੈਦਾਸ ਪਰਚਈ, ਪਦ–153.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 733.
10. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 13.
11. ਪਉੜੀ– 17, ਵਾਰ ਦਸਵੀਂ
12. ਅਥ ਗ੍ਰੰਥ ਰੈਦਾਸ ਪਰਚਈ, ਪਦ– 22.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 93.
14. -ਉਹੀ-, ਪੰਨਾ- 345.
15. -ਉਹੀ-, ਪੰਨਾ- 346.
16. -ਉਹੀ-, ਪੰਨਾ- 486.
17. -ਉਹੀ-, ਪੰਨਾ- 859.
18. -ਉਹੀ-, ਪੰਨਾ- 1106.
19. ਡਾ. ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 175.
20. -ਉਹੀ-, ਪੰਨਾ- 159.
21. -ਉਹੀ-, ਪੰਨਾ- 159–160.
22. -ਉਹੀ-, ਪੰਨਾ- 171.
23. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 51.

24. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 51.
25. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 251, 257, 135.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 486.
27. -ਉਹੀ-, ਪੰਨਾ- 659.
28. -ਉਹੀ-, ਪੰਨਾ- 1293.
29. -ਉਹੀ-, ਪੰਨਾ- 487.
30. ਵਾਰ 12, ਪਉੜੀ 15.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 1293.
32. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 22.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 487.
34. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 18.
35. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 25
36. ਕੇ.ਐਨ. ਉਪਾਧਿਆਇ, ਗੁਰੂ ਰਵਿਦਾਸ, ਪੰਨਾ- 3-5.
37. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 21.
38. ਏ ਸਟੱਡੀ ਆਫ ਭਕਤ ਰਵਿਦਾਸ, ਪੰਨਾ- 33.
39. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 26.
40. -ਉਹੀ-, ਪੰਨਾ- 27.
41. ਮਹੰਤ ਜਮਨਾ ਦਾਸ ਉਰਫ ਜਸਵੰਤ ਸਿੰਘ, ਰਵਿਦਾਸ ਪ੍ਰਕਾਸ਼, ਪੰਨਾ- 214.
42. ਡਾ. ਧਰਮਪਾਲ ਮੈਣੀ, ਰੈਦਾਸ, ਪੰਨਾ- 17-18.
43. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 28.
44. ਏ ਸਟੱਡੀ ਆਫ ਭਗਤ ਰਵਿਦਾਸ, ਪੰਨਾ- 33.
45. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 28.
46. -ਉਹੀ-, ਪੰਨਾ- 29.

47. ਪ੍ਰਿਥਵੀ ਸਿੰਘ ਆਜ਼ਾਦ, ਗੁਰੂ ਰਵਿਦਾਸ, ਪੰਨਾ- 16.

48. ਗੁਰੂ ਰਵਿਦਾਸ- ਲਾਈਫ ਐਂਡ ਟੀਚਿੰਗਜ਼, ਪੰਨਾ- 14-15.

49. ਡਾ. ਪਿਆਰ ਸਿੰਘ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ- 28.

50. ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ- 133.

51. -ਉਹੀ-, ਪੰਨਾ- 134.

52. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 205.

53. -ਉਹੀ-, ਪੰਨਾ- 209.

54. -ਉਹੀ-, ਪੰਨਾ- 53.

55. -ਉਹੀ-, ਪੰਨਾ- 54.

56. -ਉਹੀ-, ਪੰਨਾ- 55.

57. -ਉਹੀ-, ਪੰਨਾ- 86.

58. -ਉਹੀ- ਪੰਨਾ- 85.

59. -ਉਹੀ-, ਪੰਨਾ- 85.

## ਨਿਸ਼ਕਰਸ਼

ਅਸੀਂ ਆਪਣੇ ਸ਼ੋਧ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਲਈ ਸੱਤ ਅਧਿਆਵਾਂ ਵਿੱਚ ਵੰਡਿਆ ਹੈ। ਸਾਰੀ ਛਾਣਬੀਣ ਉਪਰੰਤ ਅਸੀਂ ਕੁਝ ਸਿੱਟਿਆਂ ਤੇ ਪੁੱਜੇ ਹਾਂ ।

ਪਹਿਲੇ ਅਧਿਆਇ ਵਿਚ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਸ਼ਬਦ ਜਨਮਸਾਖੀ ਦੋ ਸ਼ਬਦਾਂ 'ਜਨਮ' ਤੇ 'ਸਾਖੀ' ਦੇ ਸੁਮੇਲ ਤੋਂ ਬਣਿਆ ਹੈ ਜਿਸ ਦਾ ਅਰਥ ਜਨਮ ਬਾਰੇ ਗਵਾਹੀ ਹੈ। ਪਰੰਤੂ ਜਨਮ ਤੋਂ ਭਾਵ ਸਮੁੱਚਾ ਜੀਵਨ ਹੈ। ਜਨਮਸਾਖੀ ਸ਼ਬਦ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਦੇ ਜੀਵਨ-ਬਿਰਤਾਂਤ ਪੇਸ਼ ਕਰਨ ਲਈ ਪੰਜਾਬੀ ਵਿਚ ਵਰਤਿਆ ਗਿਆ। ਜਨਮਸਾਖੀ ਵਿਚ ਸਾਖੀਆਂ ਨੂੰ ਸੰਗ੍ਰਹਿਤ ਕੀਤਾ ਗਿਆ ਹੈ। ਸਾਖੀਆਂ ਨੂੰ ਸੰਗ੍ਰਹਿ ਕਰਦੇ ਸਮੇਂ ਕਿਸੇ ਵਿਸ਼ੇਸ਼ ਤਕਨੀਕ ਨੂੰ ਨਹੀਂ ਅਪਣਾਇਆ ਗਿਆ। ਹਰ ਜਨਮ ਸਾਖੀ ਪਰੰਪਰਾ ਵਿਚ ਸਾਖੀਆਂ ਦੀ ਤਰਤੀਬ ਤੇ ਗਿਣਤੀ ਵਿਚ ਭਿੰਨਤਾ ਹੈ। ਜਨਮਸਾਖੀਆਂ ਦਾ ਲਗਾਤਾਰ ਵਿਕਾਸ ਹੁੰਦਾ ਰਿਹਾ ਹੈ ਕਿਉਂਕਿ ਸਾਖੀਆਂ ਲੋਕਧਾਰਾ ਦੇ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਲਗਾਤਾਰ ਵਿਕਾਸ ਕਰਦੀਆਂ ਰਹੀਆਂ ਹਨ ।

ਸਾਖੀ ਰਚਨਾ ਵਿਚ ਮਿੱਥ ਕਥਾਵਾਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ ਤੇ ਸਾਖੀ ਰਚਨਾ ਵਿਚ ਮਿਥਿਹਾਸਕ ਤੇ ਪੌਰਾਣਿਕ ਤੱਤਾਂ ਦੀ ਭਰਮਾਰ ਹੈ। ਸਾਖੀਆਂ ਨੇ ਕਲਮਬੱਧ ਹੋਣ ਤੋਂ ਪਹਿਲਾਂ ਲੋਕ-ਮਨ ਵਿਚ ਗਰਭ ਭੋਗਿਆ । ਹਰ ਮਹਾਂਪੁਰਸ਼ ਬਾਰੇ ਰਚਿਆ ਗਿਆ ਸਾਖੀ-ਸਾਹਿਤ ਕਥਾਨਕ ਰੂੜ੍ਹੀਆਂ ਤੇ ਆਧਾਰਿਤ ਰਿਹਾ ਹੈ। ਸਾਖੀਆਂ ਵਿਚ ਚਮਤਕਾਰੀ ਤੱਤ ਦਾਖਲ ਹੋਣ ਦਾ ਵੱਡਾ ਕਾਰਨ ਸਾਖੀ ਸਾਹਿਤ ਵਿਚ ਮਿੱਥ ਕਥਾਵਾਂ ਦਾ ਵਿਸ਼ੇਸ਼ ਦਖਲ ਹੋਣਾ ਹੈ। ਦੈਵੀ-ਕਰਣ ਦੇ ਸਿਧਾਂਤ ਨੇ ਸਾਖੀਆਂ ਵਿਚ ਮਹਾਂਪੁਰਸ਼ਾਂ ਨਾਲ ਚਮਤਕਾਰੀ ਤੱਤ ਜੋੜ ਦਿੱਤੇ ਹਨ । ਇਸਲਾਮ ਦੇ ਪ੍ਰਭਾਵ ਕਾਰਨ ਵੀ ਸਾਖੀਆਂ ਵਿਚ ਚਮਤਕਾਰੀ ਤੱਤ ਰਲ ਗਏ ਹਨ। ਸਾਖੀ ਸੰਪਰਦਾਇ ਦੀ ਵਸਤੂ ਹੋਣ ਕਰਕੇ ਨਾਇਕ ਵਿਸ਼ੇਸ਼ ਨੂੰ ਸਿਰਮੌਰ ਸਿੱਧ ਕਰਨ ਦਾ ਪੁਰਜ਼ੋਰ ਯਤਨ ਕਰਦੀ ਰਹੀ ਹੈ ।

ਗੁਰੂ ਰਵਿਦਾਸ ਸੰਬੰਧੀ ਜਨਮਸਾਖੀ ਸਾਹਿਤ ਦਾ ਆਰੰਭ ਸ੍ਰੀ ਅਨੰਤ ਦਾਸ ਵੈਸ਼ਣਵ ਰਚਿਤ 'ਰੈਦਾਸ ਪਰਚਈ' ਨਾਲ ਹੋ ਜਾਂਦਾ ਹੈ। ਭਗਤਮਾਲ ਇਸ ਪਰੰਪਰਾ ਦੀ ਇਕ

ਅਹਿਮ ਕੜੀ ਹੈ। ਰਵਿਦਾਸ ਰਮਾਇਣ ਰਚਿਤ ਸ੍ਰੀ ਬਖਸ਼ੀ ਦਾਸ ਤੱਕ ਇਹ ਜਨਮਸਾਖੀ ਪਰੰਪਰਾ ਕਾਫ਼ੀ ਅਮੀਰ ਹੋ ਜਾਂਦੀ ਹੈ। ਪੰਜਾਬੀ ਵਿਚ ਭਾਈ ਗੁਰਦਾਸ ਨੇ ਗੁਰੂ ਰਵਿਦਾਸ ਦੇ ਜੀਵਨ ਬਾਰੇ ਕੁਝ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਵਿਚ ਮਿਲਦੀਆਂ ਕੁਝ ਜਨਮ-ਸਾਖੀਆਂ ਦਾ ਵੀ ਅਸੀਂ ਅਧਿਐਨ ਕੀਤਾ ਹੈ ਪਰੰਤੂ ਸਾਨੂੰ ਇਹ ਕਹਿੰਦਿਆਂ ਬਹੁਤਾ ਸੰਕੋਚ ਨਹੀਂ ਹੁੰਦਾ ਕਿ ਵੀਹਵੀਂ ਸਦੀ ਦਾ ਪੰਜਾਬੀ ਵਿੱਚ ਗੁਰੂ ਰਵਿਦਾਸ ਬਾਰੇ ਛਪਿਆ ਜਨਮਸਾਖੀ ਸਾਹਿਤ ਪ੍ਰਾਚੀਨ ਪੁਰਾਤਨ ਹਿੰਦੀ ਸ੍ਰੋਤਾਂ ਤੇ ਹੀ ਆਧਾਰਿਤ ਹੈ। ਭਾਵੇਂ ਡਾ. ਸਾਬਰ ਨੇ 'ਭਗਤ ਰਵਿਦਾਸ ਸ੍ਰੋਤ ਪੁਸਤਕ' ਵਿਚ ਇਨ੍ਹਾਂ ਦਾ ਵਰਨਣ ਨਹੀਂ ਕੀਤਾ ਪਰੰਤੂ ਅਸੀਂ ਇਸ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਨ੍ਹਾਂ ਵਿਚ ਕੋਈ ਖੋਜ ਉਪਰੰਤ ਨਵਾਂ ਤੱਥ ਪੇਸ਼ ਨਹੀਂ ਕੀਤਾ ਗਿਆ ਹੈ।

ਦੂਜੇ ਅਧਿਆਇ ਵਿਚ ਗੁਰੂ ਰਵਿਦਾਸ ਸੰਬੰਧੀ ਪ੍ਰਕਾਸ਼ਤ ਉਪਲਬਧ ਜਨਮ ਸਾਖੀ ਸਾਹਿਤ ਦੀ ਸੂਚੀ ਦਿੱਤੀ ਹੈ। ਜਨਮ ਸਾਖੀਆਂ ਵਿਚ ਕਹਾਣੀ ਤੱਤ ਬਾਰੇ ਵਿਚਾਰ ਕਰਦਿਆਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਹ ਕਹਾਣੀ ਤੱਤ ਹੀ ਸੀ ਜਿਸ ਨੇ ਸਾਖੀ ਸਾਹਿਤ ਨੂੰ ਇੰਨਾ ਹਰਮਨ-ਪਿਆਰਾ ਬਣਾ ਦਿੱਤਾ ਹੈ। ਸਾਖੀਕਾਰ ਮੂਲ ਰੂਪ ਵਿਚ ਗਲਪਕਾਰ ਸਨ ਜਿਨ੍ਹਾਂ ਨੇ ਬਾਣੀ ਦੀਆਂ ਤੁਕਾਂ ਬਾਰੇ ਪ੍ਰਚੱਲਿਤ ਅਨੇਕਾਂ ਕਹਾਣੀਆਂ ਨੂੰ ਸਾਖੀਆਂ ਦੇ ਰੂਪ ਵਿਚ ਪੇਸ਼ ਕਰ ਦਿੱਤਾ। ਸਾਖੀ ਸਾਹਿਤ ਨੂੰ ਬਹੁਤ ਦੇਰ ਤੱਕ ਬਾਣੀ ਦੇ ਬਰਾਬਰ ਦਾ ਦਰਜਾ ਮਿਲਦਾ ਰਿਹਾ ਹੈ।ਇਸ ਦਾ ਵੀ ਵੱਡਾ ਕਾਰਨ ਉਸ ਕਹਾਣੀ ਤੱਤ ਵਲੋਂ ਪਾਇਆ ਪ੍ਰਭਾਵ ਹੀ ਹੈ। ਇਸੇ ਅਧਿਆਇ ਵਿਚ ਅਸੀਂ ਇਹ ਸਿੱਟਾ ਕੱਢਿਆ ਹੈ ਕਿ ਸਾਰੀਆਂ ਸਾਖੀਆਂ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਪ੍ਰਦੀਪਤ ਨਹੀਂ ਕਰਦੀਆਂ ਸਗੋਂ ਕਈ ਸਾਖੀਆਂ ਤਾਂ ਉਨ੍ਹਾਂ ਦੀ ਸਿੱਖਿਆ ਦੇ ਬਿਲਕੁਲ ਵਿਰੋਧਾਤਮਕ ਗੱਲ ਕਰਦੀਆਂ ਹਨ ।

ਤੀਜੇ ਅਧਿਆਇ ਵਿਚ ਜਨਮ ਸਾਖੀਆਂ ਵਿਚ ਇਤਿਹਾਸਕ ਤੱਤ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਸ੍ਰੀ ਅਨੰਤ ਦਾਸ ਦੀ ਰਚਨਾ 'ਰੈਦਾਸ ਪਰਚਈ' ਸਭ ਤੋਂ ਪੁਰਾਤਨ ਸ੍ਰੋਤ ਹੈ ਤੇ ਜਦੋਂ ਤਕ ਕੋਈ ਹੋਰ ਇਸ ਤੋਂ ਵੀ ਪੁਰਾਤਨ ਸ੍ਰੋਤ ਨਹੀਂ ਮਿਲ ਜਾਂਦਾ ਇਸ ਵਿਚਲੀ ਜਾਣਕਾਰੀ ਨੂੰ ਹੀ ਮੰਨਣਾ ਠੀਕ ਹੋਵੇਗਾ। ਰਵਿਦਾਸ ਦੇ ਸਮਕਾਲੀਆਂ ਵਲੋਂ ਪ੍ਰਗਟ ਕੀਤੇ ਗਏ ਵਿਚਾਰ ਵੀ ਇਸ ਅਧਿਆਇ ਵਿਚ ਪੇਸ਼ ਕੀਤੇ

ਗਏ ਹਨ। ਲਗਭਗ ਸਾਰੇ ਹੀ ਸੰਤਾਂ ਨੇ ਰਵਿਦਾਸ ਜੀ ਸੰਬੰਧੀ ਆਦਰਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ। ਕਬੀਰ ਸਾਹਿਬ ਤਾਂ ਉਨ੍ਹਾਂ ਨੂੰ ਬਹੁਤ ਉੱਚਾ ਦਰਜਾ ਦੇ ਕੇ ਸੰਤਾਂ ਵਿਚੋਂ ਸ਼੍ਰੋਮਣੀ ਸੰਤ ਆਖਦੇ ਹਨ। ਜਨਮਸਾਖੀ ਇਤਿਹਾਸਕ ਦਸਤਾਵੇਜ਼ ਨਾ ਹੋ ਕੇ ਸਾਹਿਤ ਦਾ ਇਕ ਰੂਪ ਹਨ ਇਸ ਕਰਕੇ ਇਨ੍ਹਾਂ ਵਿਚਲੀ ਜਾਣਕਾਰੀ ਨੂੰ ਪੂਰਨ ਰੂਪ ਵਿਚ ਨਹੀਂ ਮੰਨਿਆ ਜਾ ਸਕਦਾ ।

ਚੌਥੇ ਅਧਿਆਇ ਵਿਚ ਅਸੀਂ ਉਨ੍ਹਾਂ ਰੂੜ੍ਹੀਆਂ ਦਾ ਅਧਿਐਨ ਕੀਤਾ ਹੈ ਜਿਹੜੀਆਂ ਸਾਖੀਆਂਰਚਨਾ ਦਾ ਆਧਾਰ ਬਣੀਆਂ । ਅਸੀਂ ਇਹ ਸਿੱਧ ਕੀਤਾ ਹੈ ਕਿ ਇਨ੍ਹਾਂ ਰੂੜ੍ਹੀਆਂ ਨੇ ਗੁਰੂ ਰਵਿਦਾਸ ਸੰਬੰਧੀ ਰਚੇ ਗਏ ਜਨਮਸਾਖੀ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ ਤੇ ਹਰ ਸਾਖੀ ਪੇਸ਼ ਕੀਤੀਆਂ ਰੂੜ੍ਹੀਆਂ ਵਿਚੋਂ ਕਿਸੇ ਨਾ ਕਿਸੇ ਰੂੜ੍ਹੀ ਤੇ ਆਧਾਰਿਤ ਹੈ। ਮਿਸਾਲ ਵਜੋਂ ਜਦੋਂ ਸਾਖੀਕਾਰਾਂ ਅਨੁਸਾਰ ਸਾਲਗਰਾਮ ਰਵਿਦਾਸ ਦੀ ਗੋਦ ਵਿਚ ਆ ਬਰਾਜਦੇ ਹਨ ਤਾਂ ਕੁਦਰਤ ਦੇ ਆਪਣੇ ਨਿਯਮਾਂ ਵਿਰੁੱਧ ਕੰਮ ਕਰਨ ਦੀ ਰੂੜ੍ਹੀ ਕੰਮ ਕਰਦੀ ਜਾਪਦੀ ਹੈ। ਇਸੇ ਤਰ੍ਹਾਂ ਚਮੜੀ ਚੀਰ ਕੇ ਜਨੇਊ ਦਿਖਾਉਣ ਵਾਲੀ ਸਾਖੀ ਪਿੱਛੇ ਕੰਮ ਕਰਦੀ ਰੂੜ੍ਹੀ ਦਾ ਵੀ ਵਰਨਣ ਕੀਤਾ ਹੈ। ਜਨਮਸਾਖੀਆਂ ਵਿਚ ਮਿੱਥ ਕਥਾਵਾਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ ਤੇ ਜਨਮ ਸਾਖੀ ਸਾਹਿਤ ਵਿਚ ਕਥਾਤਮਕ ਤੇ ਪਰੰਪਰਾਈ ਤੱਤ ਲੱਭੇ ਹਨ ।

ਪੰਜਵੇਂ ਅਧਿਆਇ ਵਿਚ ਗੁਰੂ ਰਵਿਦਾਸ ਜੀ ਵਲੋਂ ਕੀਤੀਆਂ ਯਾਤਰਾਵਾਂ ਦੇ ਆਧਾਰ ਤੇ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਉਹ ਚਿਤੌੜ ,ਰੰਗੌਰੰਗਾਬਾਦ, ਤੇ ਦੁਆਰਕਾ ਜ਼ਰੂਰ ਹੀ ਗਏ ਹੋਣਗੇ। ਉਨ੍ਹਾਂ ਨਾਲ ਸੰਬੰਧਿਤ ਸਥਾਨਾਂ ਨੂੰ ਅਸੀਂ ਅਰਧ -ਇਤਿਹਾਸਕ ਮੰਨਿਆ ਹੈ। ਜਦੋਂ ਤੱਕ ਕੋਈ ਅੰਤਿਮ ਨਿਰਣਾ ਨਹੀਂ ਹੋ ਜਾਂਦਾ ਉਦੋਂ ਤੱਕ ਪ੍ਰਚੱਲਿਤ ਰਵਾਇਤਾਂ ਨੂੰ ਮੰਨਿਆ ਜਾ ਸਕਦਾ ਹੈ। ਉਪਰੋਕਤ ਯਾਤਰਾਵਾਂ ਦਾ ਜ਼ਿਕਰ ਸ੍ਰੀ ਅਨੰਤ ਦਾਸ ਨੇ ਵੀ ਕੀਤਾ ਹੈ। ਅਸੀਂ ਇਹ ਦਲੀਲ ਦਿੱਤੀ ਹੈ ਕਿ ਸੰਤ ਤੇ ਨਦੀ ਆਮ ਤੌਰ ਤੇ ਚਲਦੇ ਹੀ ਰਹਿੰਦੇ ਹਨ ਤਾਂ ਇਹ ਕਥਨ ਰਵਿਦਾਸ ਜੀ ਤੇ ਵੀ ਲਾਗੂ ਹੁੰਦਾ ਹੈ। ਪੰਜਾਬ ਵਿਚ ਰਵਿਦਾਸ ਜੀ ਦੇ ਖੁਰਾਲਗੜ੍ਹ ਆਉਣ ਬਾਰੇ ਵੀ ਇਕ ਪਰੰਪਰਾ ਦਾ ਅਸੀਂ ਸਿਰਫ ਜ਼ਿਕਰ ਹੀ ਨਹੀਂ ਕੀਤਾ ਸਗੋਂ ਉਥੇ ਜਾ ਕੇ ਉਨ੍ਹਾਂ ਦੀ ਯਾਦ ਵਿਚ ਬਣਿਆ ਅਸਥਾਨ ਵੀ ਦੇਖਿਆ ਹੈ। ਸਾਡੇ ਸ਼ੋਧ-ਕਾਰਜ ਦਾ ਇਹ ਇਕ ਅਧਿਆਇ ਸੀ ਇਸ ਲਈ ਬਹੁਤ ਵਿਸਥਾਰ ਸੰਭਵ ਨਹੀਂ ਜਾਪਦਾ । ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਹ ਵਿਸ਼ਾ ਇਕ ਵੱਖਰੇ ਸ਼ੋਧ-ਕਾਰਜ ਦੀ ਮੰਗ ਕਰਦਾ ਹੈ ਜਿਵੇਂ ਕਿ ਡਾ. ਕੋਹਲੀ ਨੇ ਗੁਰੂ ਨਾਨਕ ਦੇਵ ਦੀਆਂ ਯਾਤਰਾਵਾਂ ਬਾਰੇ ਕੰਮ ਕੀਤਾ ਹੈ ।

ਛੇਵੇਂ ਅਧਿਆਇ ਵਿਚ ਹਰ ਸ੍ਰੋਤ ਵਿਚ ਮਿਲਦੀਆਂ ਸਾਖੀਆਂ ਦੀ ਕੁਲ ਗਿਣਤੀ ਲੱਭੀ ਗਈ ਹੈ। ਅਸੀਂ ਇਸ ਕੰਮ ਲਈ ਹਿੰਦੀ ਤੇ ਪੰਜਾਬੀ ਭਾਸ਼ਾ ਵਿਚ ਮਿਲਦੇ ਸ੍ਰੋਤਾਂ ਨੂੰ ਆਧਾਰ ਬਣਾਇਆ ਹੈ। ਇਸ ਸਦੀ ਵਿਚ ਛਪੀਆਂ ਕੁਝ ਜਨਮ ਸਾਖੀਆਂ ਵਿਚੋਂ ਵੀ ਸਾਖੀਆਂ ਦੀ ਗਿਣਤੀ ਕੀਤੀ ਗਈ ਹੈ। ਸਾਝੀਆਂ ਸਾਖੀਆਂ ਲੱਭਣ ਉਪਰੰਤ ਉਨ੍ਹਾਂ ਦਾ ਆਲੋਚਨਾਤਮਿਕ ਅਧਿਐਨ ਪੇਸ਼ ਕੀਤਾ ਗਿਆ ਹੈ। ਆਲੋਚਨਾ ਕਰਦੇ ਸਮੇਂ ਅਸੀਂ ਹਰ ਸਾਖੀ ਦੇ ਪਿਛੋਕੜ ਨੂੰ ਸਮਝਣ ਦਾ ਯਤਨ ਕਰਕੇ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਨ੍ਹਾਂ ਦੀ ਮਹੱਤਤਾ ਪ੍ਰਤੀਕਾਤਮਕ ਹੈ ਤੇ ਇਨ੍ਹਾਂ ਵਿਚਾਲੇ ਪੇਸ਼ ਕੀਤੇ ਸੱਚ ਨੂੰ ਜੀਵਨ ਦੇ ਸੱਚ ਨਾਲ ਨਹੀਂ ਪਰਖਿਆ ਜਾ ਸਕਦਾ ।

ਸੱਤਵੇਂ ਅਧਿਆਇ ਵਿਚ ਅਸੀਂ ਇਹ ਸਿੱਟਾ ਕੱਢਿਆ ਹੈ ਕਿ ਸਾਖੀਕਾਰ ਨੇ ਪਾਤਰ-ਉਸਾਰੀ ਲਈ ਭਾਵੇਂ ਕੋਈ ਵੀ ਢੰਗ ਵਰਤਿਆ ਹੈ ਪਰੰਤੂ ਨਾਇਕ ਨਿਰਸੰਦੇਹ ਗੁਰੂ ਰਵਿਦਾਸ ਹੀ ਹਨ। ਸਾਖੀਕਾਰ ਨੂੰ ਸਮੱਗਰੀ ਭਾਵੇਂ ਲੋਕ ਪਰੰਪਰਾ ਵਿਚੋਂ ਮਿਲੀ ਪਰੰਤੂ ਉਸ ਨੇ ਆਪਣੀ ਕਲਮ ਰਾਹੀਂ ਆਪਣੇ ਨਾਇਕ ਨੂੰ ਸਿਰਮੌਰ ਸਿੱਧ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਸਾਖੀਕਾਰ ਦਾ ਨਾਇਕ ਉਸ ਲਈ ਪ੍ਰਤੱਖ ਪਰਮਾਤਮਾ ਸੀ ਜੋ, ਜੋ ਚਾਹੇ ਜਦੋਂ ਚਾਹੇ ਕਰ ਸਕਦਾ ਸੀ। ਇਸੇ ਕਾਰਨ ਕਰਾਮਾਤਾਂ ਦਾ ਵੀ ਦਖਲ ਹੋ ਗਿਆ ਹੈ। ਜੀਵਨ ਘਟਨਾਵਾਂ ਦੀ ਛਾਣਬੀਣ ਕਰਦੇ ਸਮੇਂ ਅਸੀਂ ਉਨ੍ਹਾਂ ਦੀ ਉਮਰ 151 ਸਾਲ ਹੀ ਮੰਨੀ ਹੈ। ਉਹਨਾਂ ਦੇ ਪਿਤਾ ਦਾ ਨਾਂ ਰਘੂ ਤੇ ਮਾਤਾ ਦਾ ਨਾਂ ਕਰਮਾ ਦੇਵੀ ਮੰਨਿਆ ਹੈ। ਉਹ ਚਮਾਰ ਜਾਤੀ ਨਾਲ ਸੰਬੰਧ ਰੱਖਦੇ ਸਨ ਤੇ ਜੁੱਤੀਆਂ ਗੰਢਣ ਦਾ ਕਿੱਤਾ ਕਰਕੇ ਗੁਜ਼ਾਰਾ ਕਰਦੇ ਸਨ। ਬਾਕੀ ਘਟਨਾਵਾਂ ਦਾ ਜ਼ਿਕਰ ਸਾਖੀਆਂ ਦੇ ਰੂਪ ਵਿਚ ਪਿਛਲੇ ਪੰਨਿਆਂ ਵਿਚ ਆ ਗਿਆ ਹੈ। ਜਨਮ-ਸਾਖੀ ਦੀ ਭਾਸ਼ਾ ਬਾਰੇ ਅਸੀਂ ਸਿੱਟੇ ਤੇ ਪੁੱਜੇ ਹਾਂ ਕਿ ਨਾ ਇਹ ਸ਼ੁਧ ਹਿੰਦੀ ਹੈ ਤੇ ਨਾ ਪੰਜਾਬੀ ਸਗੋਂ ਦੋ ਜਾਂ ਦੋ ਤੋਂ ਵੀ ਵੱਧ ਭਾਸ਼ਾਵਾਂ ਦਾ ਸੁਮੇਲ ਹੈ। ਕਿਤੇ ਕਿਤੇ ਬ੍ਰਜੀ ਭਾਸ਼ਾ ਦਾ ਵੀ ਕਾਫੀ ਅਸਰ ਹੈ। ਗੁਰੂ ਰਵਿਦਾਸ ਸੰਬੰਧੀ ਉਪਲਬਧ ਚਿੱਤਰ ਵੀ ਪੇਸ਼ ਕੀਤੇ ਗਏ ਹਨ। ਕੁਝ ਚਿੱਤਰ ਤਾਂ ਉਨ੍ਹਾਂ ਦੇ ਭਗਤੀ-ਭਾਵਨਾ ਵਿਚ ਲੀਨ ਅਵੱਸਥਾ ਨੂੰ ਦਰਸਾਉਂਦੇ ਹਨ। ਕੁਝ ਚਿੱਤਰ ਵੱਖ-ਵੱਖ ਸਾਖੀਆਂ ਨੂੰ ਆਧਾਰ ਬਣਾ ਕੇ ਬਣਾਏ ਗਏ ਜਾਪਦੇ ਹਨ ।

ਅਸੀਂ ਆਪਣੇ ਸ਼ੋਧ-ਪ੍ਰਬੰਧ ਵਿਚ ਗੁਰੂ ਤੇ ਭਗਤ ਦੋਵਾਂ ਸ਼ਬਦਾਂ ਦੀ ਰਵਿਦਾਸ ਜੀ ਲਈ ਵਰਤੋਂ ਕੀਤੀ ਹੈ। ਸਾਡੇ ਜਾਚੇ ਦੋਵੇਂ ਹੀ ਸ਼ਬਦ ਉਨ੍ਹਾਂ ਦੀ ਸ਼ਖ਼ਸ਼ੀਅਤ ਨੂੰ ਉਜਾਗਰ ਕਰਦੇ ਹਨ। ਭਗਤ ਸ੍ਰਿੰਖਲਾ ਵਿਚ ਉਨ੍ਹਾਂ ਦਾ ਸਥਾਨ ਬਹੁਤ ਉੱਚਾ ਹੈ ਤੇ ਗੁਰੂ ਦਾ ਦਰਜਾ

ਉਨ੍ਹਾਂ ਨੂੰ ਮੰਨਣ ਵਾਲਿਆਂ ਵਲੋਂ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਰਜ ਹੋਣ ਕਾਰਨ ਉਹ ਗੁਰੂ ਦਾ ਰੂਪ ਹਨ ਤੇ ਭਗਤ ਸ੍ਰਿੰਖਲਾ ਵਿਚ ਸ੍ਰੋਮਣੀ ਹੋਣ ਕਾਰਨ ਭਗਤ ਸ਼ਿਰੋਮਣੀ । ਮੈਨੂੰ ਪੂਰੀ ਆਸ ਹੈ ਕਿ ਮੇਰਾ ਇਹ ਸ਼ੋਧ- ਕਾਰਜ ਗੁਰੂ ਰਵਿਦਾਸ ਸੰਬੰਧੀ ਜਨਮਸਾਖੀ ਸਾਹਿਤ ਬਾਰੇ ਇਕ ਨਵੀਂ ਧਾਰਨਾ ਪੈਦਾ ਕਰਨ ਵਿਚ ਸਫਲ ਹੋਵੇਗਾ। ਮੇਰੀ ਖੁਸ਼ਕਿਸਮਤੀ ਹੋਵੇਗੀ ਜੇ ਕੋਈ ਹੋਰ ਸੱਜਣ ਇਸ ਕੰਮ ਨੂੰ ਅੱਗੇ ਤੋਰੇ ਤਾਂ ਮੇਰਾ ਇਹ ਸ਼ੋਧ-ਕਾਰਜ ਉਸਦੇ ਕੰਮ ਆਵੇ ।

# ਸਹਾਇਕ ਪੁਸਤਕ-ਸੂਚੀ

## ਪੰਜਾਬੀ ਪੁਸਤਕਾਂ


ਉਸਾਹਣ, ਦੇਵਿੰਦਰ ਸਿੰਘ(ਸੰਪਾ.) — ਪ੍ਰੇਮ ਅੰਬੋਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਉਪਾਧਿਆਇ, ਕਾਸ਼ੀ ਨਾਥ — ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ ਬਿਆਸ, 1987.

ਅਸ਼ੋਕ, ਸ਼ਮਸ਼ੇਰ ਸਿੰਘ — ਪੰਜਾਬੀ ਹਥ ਲਿਖਤਾਂ ਦੀ ਸੂਚੀ(ਦੋ ਭਾਗ) ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਪਹਿਲਾ 1961, ਦੂਜਾ 1963.

ਅਸ਼ੋਕ ਸ਼ਮਸ਼ੇਰ ਸਿੰਘ ਅਤੇ ਜੰਗ ਸਿੰਘ(ਗਿ.) — ਭਗਤ ਰਵਿਦਾਸ ਜੀ ਦਾ ਜੀਵਨ ਅਤੇ ਬਾਣੀ, ਸ਼੍ਰੋਮਣੀ ਗੁਰਦਵਾਰਾ, ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1979.

ਅਟਾਰੀ, ਈਸ਼ਰ ਸਿੰਘ(ਸੰਪਾ.) — ਇਹ ਜਨਮ ਤੁਮਾਰੇ ਲੇਖੈ, ਪੰ. ਸਾਹਿਤ ਸਮੀਖਿਆ ਬੋਰਡ, ਜਲੰਧਰ, 1978.

ਅਨੰਦ, ਬਰਕਤ ਸਿੰਘ — ਜਨਮ ਸਾਖੀ ਸ੍ਰੀ ਰਵਿਦਾਸ ਭਗਤ ਜੀ, ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਅੰਮ੍ਰਿਤਸਰ, ਛੇਵੀਂ ਵਾਰ, 1962.

ਅਮਰ ਸਿੰਘ, ਗਿਆਨੀ — ਭਗਤਾਂ ਦੇ ਜੀਵਨ, ਡਾ. ਜਵਾਹਰ ਸਿੰਘ, ਕ੍ਰਿਪਾਲ ਸਿੰਘ ਅੰਮ੍ਰਿਤਸਰ ।

ਅਮੀਰ ਸਿੰਘ, ਸੰਤ — ਸੰਪਰਦਾਈ ਭਗਤ ਬਾਣੀ ਸਟੀਕ(ਤਿੰਨ ਭਾਗ) ਭਾ. ਜਵਾਹਰ ਸਿੰਘ, ਕ੍ਰਿਪਾਲ ਸਿੰਘ ਅੰਮ੍ਰਿਤਸਰ, ਪਹਿਲਾ ਭਾਗ 1962, ਦੂਜਾ, ਤੀਜਾ, 1965.

ਅਮੋਲ ਸ.ਸ਼. — ਗੁਰੂ ਰਵਿਦਾਸ ਵਾਰਤਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1988.

ਅਰਜਨ ਦੇਵ (ਗੁਰੂ, ਸੰਪਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 1989.

| | |
|---|---|
| ਆਜ਼ਾਦ, ਆਚਾਰੀਆ ਪ੍ਰਿਥਵੀ ਸਿੰਘ | ਗੁਰੂ ਰਵਿਦਾਸ, ਨੈਸ਼ਨਲ ਬੁਕ ਟ੍ਰੱਸਟ ਇੰਡੀਆ ਨਵੀਂ ਦਿੱਲੀ, 1986. |
| ਸਹਿਗਲ, ਮਨਮੋਹਨ | ਗੁਰੂ ਗ੍ਰੰਥ ਸਾਹਿਬ ਇੱਕ ਸਭਿਆਚਾਰਕ ਸਰਵੇਖਣ , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987. |
| ਸਾਹਿਬ ਸਿੰਘ(ਪ੍ਰੋ. | ਭਗਤ ਬਾਣੀ ਸਟੀਕ, ਸਿੰਘ ਬ੍ਰਦਰਜ਼, ਮਾਈ ਸੇਵਾਂ ਅੰਮ੍ਰਿਤਸਰ ਪੰਜਵੀਂ ਵਾਰ, 1987. |
| " | ਗੁਰਬਾਣੀ ਤੇ ਇਤਿਹਾਸ ਬਾਰੇ, ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੂਜੀ ਵਾਰ, 1960. |
| " | ਆਦਿ ਬੀੜ ਬਾਰੇ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 1970. |
| ਸਾਬਰ, ਜਸਬੀਰ ਸਿੰਘ | ਭਗਤ ਰਵਿਦਾਸ ਸ੍ਰੋਤ ਪੁਸਤਕ, ਗੁਰੂ ਨਾ. ਦੇ. ਯੂਨੀ. ਅੰਮ੍ਰਿਤਸਰ, 1984. |
| ਸ਼ਾਨ, ਹਰਨਾਮ ਸਿੰਘ | ਬਾਣੀ ਭਗਤ ਰਵਿਦਾਸ ਜੀ ਕੀ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ, 1984. |
| ਸਿੰਗਲ, ਧਰਮਪਾਲ | ਸੰਤ ਸ਼ਿਰੋਮਣੀ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ, 1983. |
| " | ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਦਲਿਤ ਵੈਲਫੇਅਰ ਐਸੋਸੀਏਸ਼ਨ ਵੁਲਵਰਹਾਂਪਟਨ, ਯੂ.ਕੇ. 1985. |
| " | ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਰਵਿਦਾਸ ਚੇਅਰ, ਪੰ. ਯੂ. ਚੰਡੀਗੜ੍ਹ, 1986. |
| " | ਪੰਜਾਬੀ ਜੀਵਨੀ ਸਰੂਪ ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ। |
| " | ਜਸ-ਕੀਰਤ ਸ੍ਰੀ ਗੁਰੂ ਰਵਿਦਾਸ ਜੀ, ਆਸਥਾ ਪ੍ਰਕਾਸ਼ਨ, ਨਕੋਦਰ, 1990. |

ਸਿੰਗਲ, ਧਰਮਪਾਲ ਅਤੇ ਅਰਸ਼ੀ ਗੁਰਚਰਨ ਸਿੰਘ(ਡਾ.) — ਗੁਰੂ ਰਵਿਦਾਸ ਜੀਵਨ ਤੇ ਬਾਣੀ, ਪੰਜਾਬੀ ਅਕਾਦਮੀ ਪਹਾੜ ਗੰਜ, ਦਿੱਲੀ, 1989.

ਸ਼ਿੰਗਾਰੀ, ਟੀ.ਆਰ. ਅਤੇ ਪਾਕ ਕ੍ਰਿਪਾਲ ਸਿੰਘ — ਸੰਤ-ਮੱਤ ਵੀਚਾਰ, ਰਾਧਾ ਸੁਆਮੀ ਸਤਿਸੰਗ ਬਿਆਸ, 1980.

ਸੀਤਲ, ਸੋਹਣ ਸਿੰਘ — ਗੁਰਬਾਣੀ ਵਿੱਚ ਪੁਰਾਣਿਕ ਪਾਤਰ ਤੇ ਭਗਤ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1986.

ਸੀਤਲ, ਜੀਤ ਸਿੰਘ — ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

" — ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਭਾਗ-1, ਪੈਪਸੂ ਬੁਕ ਡਿਪੂ, ਪਟਿਆਲਾ, 1973.

ਸੇਕ, ਗੁਰਬਚਨ ਸਿੰਘ(ਸੰਪਾ.) — ਭਾਈ ਦਰਬਾਰੀ ਦਾਸ ਰਚਿਤ-ਪਰਚੀਆਂ ਭਗਤਾਂ ਕੀਆਂ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ।

ਸੇਠੀ, ਵੀਰੇਂਦਰ ਕੁਮਾਰ — ਮੀਰਾ ਪ੍ਰੇਮ ਦੀਵਾਨੀ, ਰਾਧਾ ਸੁਆਮੀ ਸਤਿਸੰਗ ਬਿਆਸ ਚੌਥੀ ਵਾਰ, 1987.

ਹਰਭਜਨ ਸਿੰਘ ਅਤੇ ਮਨਜੀਤ ਸਿੰਘ — ਸਾਖੀ ਸੁਰਤਿ, ਫਕੀਰ ਸਿੰਘ ਐਂਡ ਸੰਨਜ, ਅੰਮ੍ਰਿਤਸਰ, 1982.

ਹਰਭਜਨ ਸਿੰਘ — ਮੁੱਲ ਤੇ ਮੁਲਾਂਕਣ, ਨਵਚੇਤਨ ਪਬਲੀਸ਼ਰਜ਼, ਘੰਟਾ ਘਰ, ਅੰਮ੍ਰਿਤਸਰ, 1972

" — ਅਧਿਅਨ ਤੇ ਅਧਿਆਪਨ, -ਉਹੀ-, 1970.

" — ਪੁਰਾਤਨ ਜਨਮਸਾਖੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1972.

" — ਸਾਹਿਤ ਵਿਗਿਆਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ।

ਹੀਰਾ ਦਾਸ (ਸੰਤ) — ਰਵਿਦਾਸ ਦੀਪ, ਲੇਖਕ ਖੁਦ ਫਗਵਾੜਾ(ਗੁਰਮਤਿ ਪ੍ਰੈਸ ਅੰਮ੍ਰਿਤਸਰ) ਮਈ, 1912.

| | |
|---|---|
| ਕਸੇਲ, ਕ੍ਰਿਪਾਲ ਸਿੰਘ(ਸੰਪਾ.) | ਪੰਜਾਬੀ ਸਾਹਿੱਤ ਦਾ ਇਤਿਹਾਸ-ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਦੂਜੀ ਵਾਰ, 1971. |
| ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ ਅਤੇ ਗੋਬਿੰਦ ਸਿੰਘ ਲਾਂਬਾ | ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ, ਲਾਹੌਰ, ਬੁਕ ਸ਼ਾਪ, ਲੁਧਿਆਣਾ, ਤੀਜੀ ਵਾਰ, 1971. |
| ਕਾਨ੍ਹ ਸਿੰਘ ਨਾਭਾ(ਭਾਈ) | ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜੀ ਵਾਰ, 1974. |
| ਕਿਰਪਾਲ ਸਿੰਘ | ਜਨਮ ਸਾਖੀ ਪਰੰਪਰਾ, ਪੰਜਾਬ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1990. |
| ਕੀਰਤ ਸਿੰਘ(ਸ੍ਰੀ) | ਸ੍ਰੀ ਨਾਭਾ ਜੀ ਕ੍ਰਿਤ ਭਗਤਮਾਲ ਔਰ ਭਗਤਿ ਪ੍ਰੇਮਾਕਰਿ, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, ਮਿਤੀਹੀਨ । |
| ਕੁਲਵੰਤ ਕੌਰ | ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਿਕ ਅਧਿਐਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986. |
| ਕੇਵਲ ਸਾਵਰਾ | ਰੱਬ ਰੂਪ ਰਵਿਦਾਸ, ਨਿਊ ਬੁੱਕ ਕੰਪਨੀ, ਜਲੰਧਰ, 1973. |
| ਕੋਹਲੀ, ਸੁਰਿੰਦਰ ਸਿੰਘ(ਸੰਪਾ.) | ਪੰਜਾਬੀ ਸਾਹਿੱਤ ਕੋਸ਼, ਭਾਗ ਪਹਿਲਾ 1972, ਭਾਗ ਦੂਜਾ 1976, ਪੰਜਾਬ ਯੂਨੀ. ਪਬਲੀਕੇਸ਼ਨ ਬਿਊਰੋ ਚੰਡੀਗੜ੍ਹ । |
| " | ਪੰਜਾਬੀ ਸਾਹਿੱਤ ਦਾ ਇਤਿਹਾਸ, -ਉਹੀ-, 1973. |
| ਖੰਨਾ, ਊਸ਼ਾ | ਕਥਾ ਗੁਸਾਈਂ ਰਵਿਦਾਸ ਜੀ ਕੇ ਸਮ੍ਹਾਵਣੇ ਕੀ, ਅਸੀਮ ਪ੍ਰਕਾਸ਼ਨ, ਜਲੰਧਰ, 1977. |
| ਗੁਰਮੁਖ ਸਿੰਘ | ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ, ਲਾਹੌਰ ਬੁਕਸ਼ਾਪ, ਲੁਧਿਆਣਾ, 1986. |
| ਘੇੜਾ, ਐਸ.ਐਸ. | ਭਗਤ ਰਵਿਦਾਸ ਜੀ, ਪ੍ਰਕਾਸ਼ਕ ਅਨੋਖ ਸਿੰਘ ਪਤਾ ਨਹੀਂ ਦਿੱਤਾ |
| ਚੰਦੜ, ਵਰਿਆਮ ਸਿੰਘ | ਸ੍ਰੀ ਰਵਿਦਾਸ ਲੀਲ੍ਹਾ, ਖੁਦ ਲੇਖਕ, ਘਾਟੀ ਰਵਿਦਾਸੀਆਂ, ਲੁਧਿਆਣਾ, 1953. |

| | |
|---|---|
| ਜਸਵੰਤ ਸਿੰਘ ਉਰਫ ਜਮਨਾ ਦਾਸ ਮਹੰਤ ਸਤਿ ਦਰਬਾਰੀ | ਭਗਤ ਬਾਣੀ ਦੀ ਖੋਜ, ਖੁਦ ਲੇਖਕ ਸ੍ਰੀ ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ, ਮਿਤੀਹੀਨ । |
| " | ਸ੍ਰੀ ਰਵਿਦਾਸ ਪ੍ਰਕਾਸ਼, ਗਰੇਵਰ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ, 1932. |
| " | ਸ੍ਰੀ ਰਵਿਦਾਸ ਸਤਿਸਰੂਪ ਦੀ ਕਥਾ, ਗੁਰਮਤਿ ਪਰੈਸ ਅੰਮ੍ਰਿਤਸਰ, 1933. |
| " | ਗੁਰਮੁਖੀ ਦੇ ਪੈਂਤੀ ਅੱਖਰ, -ਉਹੀ-, 1933. |
| " | ਸਚੁ ਦਾ ਸੁਰਾਜੁ, ਖੁਦ ਲੇਖਕ ਰਇਜ਼ ਆਰਟ ਸਟੀਮ ਪ੍ਰੈਸ ਲੁਧਿਆਣਾ, 1934. |
| ਜਗਜੀਤ ਸਿੰਘ | ਜਨਮ ਸਾਖੀਆਂ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1970. |
| " | ਆਧੁਨਿਕ ਜਨਮ ਸਾਖੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970. |
| " | ਪੁਰਾਤਨ ਜਨਮ ਸਾਖੀ—ਆਲੋਚਨਾਤਮਿਕ ਅਧਿਐਨ, -ਉਹੀ-1976. |
| " | ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਆਲੋਚਨਾਤਮਕ ਅਧਿਐਨ, ਪੈਪਸੂ ਬੁੱਕ ਡਿਪੂ ਪਟਿਆਲਾ, ਪਹਿਲਾ ਸੰਸਕਰਣ 1974. |
| ਜੋਧ ਸਿੰਘ ਭਾਈ | ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਜਾਬੀ ਯੂਨੀ. ਪਟਿਆਲਾ, 1974. |
| ਜੱਗੀ, ਰਤਨ ਸਿੰਘ | ਬਾਣੀ ਗੁਰੂ ਰਵਿਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1984. |
| " (ਸੰਪਾ.) | ਪੁਰਾਤਨ ਪੰਜਾਬੀ ਵਾਰਤਕ: ਵਿਕਾਸ ਅਤੇ ਵਿਸ਼ਲੇਸ਼ਣ, ਪੰਜਾਬ ਸਟੇਟ ਯੂਨੀ. ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1984. |

ਜੱਗੀ ਰਤਨ ਸਿੰਘ (ਸੰਪਾ.) ਸਾਹਿਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 1989.

ਤਾਰਨ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਕ ਇਤਿਹਾਸ, ਸ਼੍ਰੋਮਣੀ ਪ੍ਰਬੰਧਕ ਗੁਰਦਵਾਰਾ ਕਮੇਟੀ, ਅੰਮ੍ਰਿਤਸਰ, 1963.

ਬਿੰਦ, ਕਰਨੈਲ ਸਿੰਘ ਨੈਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ, ਪ੍ਰਕਾਸ਼ਨ, ਚੌਕ ਮੋਨਾ ਸਿੰਘ ਅੰਮ੍ਰਿਤਸਰ, 1973.

ਦਰਸ਼ਨ ਸਿੰਘ ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ, ਪੰਜਾਬੀ ਯੂਨੀ. ਪਟਿਆਲਾ, 1988.

ਦੀਪ, ਦਲੀਪ ਸਿੰਘ ਸਾਧਨ ਮੈਂ ਰਵਿਦਾਸ ਸੰਤ, ਪੰਜਾਬੀ ਯੂਨੀ. ਪਟਿਆਲ, 1984.

" ਗੁਰਮਤਿ ਸਾਹਿਤ ਪ੍ਰਵੇਸ਼ਕਾ, ਪੰਜਾਬ ਸਟੇਟ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1983.

" ਭਾਈ ਗੁਰਦਾਸ ਦੀ ਪਹਿਲੀ ਤੇ ਦਸਵੀਂ ਵਾਰ, ਲਾਹੌਰ ਬੁੱਕ ਸ਼ਾਪ ਲੁਧਿਆਣਾ, ਮਿਤੀਹੀਣ ।

ਨਰੈਣ ਸਿੰਘ, ਗਿਆਨੀ ਸ੍ਰੀ ਗੁਰ ਭਗਤ ਮਾਲ ਸਟੀਕ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ ਬਾਜਾਰ ਮਾਈ ਸੇਵਾਂ ਅੰਮ੍ਰਿਤਸਰ।

ਗਿਆਨ ਰਤਨਾਵਲੀ(ਵਾਰਾਂ ਭਾਈ ਗੁਰਦਾਸ ਟੀਕਾ) ਭਾਈ ਰਲਾ ਸਿੰਘ, ਅੰਮ੍ਰਿਤਸਰ, 1914.

" ਸ੍ਰੀ ਭਗਤ ਰਵਿਦਾਸ ਜੀ, ਭਾਈ ਚਤਰ ਸਿੰਘ ਜੀਵਨ ਸਿੰਘ, ਬਾਜਾਰ ਮਾਈ ਸੇਵਾਂ ਅੰਮ੍ਰਿਤਸਰ ।

ਨਾਮਧਾਰੀ, ਕਾਲਾ ਸਿੰਘ(ਗਿਆਨੀ) ਸਭ ਤੋਂ ਵੱਡੀ ਜਨਮ ਸਾਖੀ ਸ੍ਰੀ ਭਗਤ ਰਵਿਦਾਸ ਜੀ ਕੀ, ਸੰਤ ਬਿਸ਼ਨ ਸਿੰਘ ਬੂਟਾ ਸਿੰਘ ਨਾਮਧਾਰੀ ਠੰਗਲ ਵੱਡਾ (ਲੁਧਿਆਣਾ) ਤੀਜੀ ਵਾਰ, 1953.

ਪ੍ਰਤਾਪ ਸਿੰਘ ਗਿਆਨੀ ਅਸਲੀ ਜਨਮ ਸਾਖੀ ਬ੍ਰਹਮ ਗਿਆਨੀ ਸ੍ਰੀ ਰਵਿਦਾਸ ਭਗਤ ਜੀ, ਬੂਟਾ ਸਿੰਘ ਪ੍ਰਤਾਪ ਸਿੰਘ, ਮਾਈ ਸੇਵਾਂ ਅੰਮ੍ਰਿਤਸਰ, 1959.

ਪ੍ਰਦੇਸੀ, ਅਮਰ ਸਿੰਘ — ਸ੍ਰੀ ਰਵਿਦਾਸ ਭਗਤ ਜੀ ਦੀ ਜੀਵਨ ਕਥਾ, ਖੁਦ ਅਮਰ ਨਿਵਾਸ ਮਲੇਰਕੋਟਲਾ, ਮਿਤਹੀਨ ।

ਪ੍ਰਦੇਸੀ, ਖੁਸ਼ੀ ਰਾਮ — ਜੀਵਨ ਮੁਕਤੀ ਅਰਥਾਤ ਗੁਰੂ ਰਵਿਦਾਸ ਨਾਟਕ, ਖੁਦ ਨੰ-15, ਮਾਡਲ ਟਾਊਨ, ਜਲੰਧਰ, 1973.

" — ਮੀਰਾਬਾਈ ਦੀ ਅਮਰਕਥਾ, ਖੁਦ ਬਿਆਸ ਪਿੰਡ, ਜਲੰਧਰ, 1984.

ਪਰਵਾਨਾ, ਲੇਖ ਰਾਜ — ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਦੀਪਕ ਪਬਲਿਸ਼ਰਜ ਜਲੰਧਰ, 1986.

ਪਾਖਰ ਸਿੰਘ — ਮਨੁੱਖਤਾ ਦਾ ਚਾਨਣ ਮੁਨਾਰਾ ਗੁਰੂ ਰਵਿਦਾਸ, ਨਵਯੁਗ ਪਬਲਿਸ਼ਿੰਗ ਹਾਊਸ, ਆਦਮਪੁਰ, ਦੁਆਬਾ (ਜਲੰਧਰ), ਦੂਜੀ ਵਾਰ, 1982.

ਪਿਆਰ ਸਿੰਘ (ਸੰਪਾ.) — ਆਦਿ ਸਾਖੀਆਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969.

" — ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ, ਗੁਨਾ. ਦੇ. ਯੂਨੀਵਰਸਿਟੀ ਅੰਮ੍ਰਿਤਸਰ, ਪਹਿਲੀ ਛਾਪ, 1974.

ਬਾਲੀ, ਲਾਹੌਰੀ ਰਾਮ — ਬਾਗੀ ਰਹਿਬਰ ਗੁਰੂ ਰਵਿਦਾਸ, ਭੀਮ ਪੱਤ੍ਰਿਕਾ ਪਬਲੀਕੇਸ਼ਨ ਜਲੰਧਰ ।

ਬਿਸ਼ਨ ਸਿੰਘ ਗਿਆਨੀ — ਭਗਤਾਂ ਦੀ ਬਾਣੀ ਸਟੀਕ, ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, ਤੀਜੀ ਵਾਰ, 1921.

ਮਹਿਬੂਬ, ਹਰਿੰਦਰ ਸਿੰਘ — ਸਹਿਜੇ ਰਚਿਓ ਖਾਲਸਾ, ਖੁਦ ਲੇਖਕ ਗੜ੍ਹਦੀਵਾਲਾ (ਹੁਸ਼ਿਆਰਪੁਰ), 1988.

ਮਨਜੀਤ ਸਿੰਘ — ਜਨਮਸਾਖੀ / ਮਿੱਥ ਵਿਗਿਆਨ, ਪ੍ਰਿੰਸ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1982.

ਮਨਮੋਹਨ ਸਿੰਘ — ਭਗਤ ਰਵਿਦਾਸ ਜੀਵਨ ਤੇ ਰਚਨਾ, ਮਨਦੀਪ ਪ੍ਰਕਾਸ਼ਨ ਨਵੀਂ ਦਿੱਲੀ, 1980.

ਮਾਣਕ ਚਾਨਣ ਲਾਲ — ਹੀਰੇ ਮਾਣਕ ਮੋਤੀ, ਖੁਦ ਲੇਖਕ ਅਬਾਦਪੁਰਾ ਜਲੰਧਰ, 1983.

ਮੇਹਰ, ਮੇਹਰ ਚੰਦ — ਨੂਰੀ ਰਵਿਦਾਸ, ਖੁਦ ਲੇਖਕ ਗੁਰੂ ਰਵਿਦਾਸ ਪ੍ਰਿੰਟਿੰਗ ਪ੍ਰੈਸ ਮਾਡਲ ਟਾਊਨ, ਜਲੰਧਰ, 1980.

ਮਨਸੂਰ, ਆਰ.ਡੀ. ਨਟ — ਇਨਕਲਾਬੀ ਜੋਤ ਗੁਰੂ ਰਵਿਦਾਸ ਜੀ, ਭੀਮ ਪੱਤ੍ਰਕਾ ਪਬਲੀਕੇਸ਼ਨਜ਼ ਜਲੰਧਰ, 1983.

ਰਤਨ, ਹਰਭਜਨ ਸਿੰਘ — ਗੁਰੂ ਰਵਿਦਾਸ ਮਹਾਨ, ਰਤਨ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1988.

ਰਾਜੂ, ਕਰਮ ਸਿੰਘ — ਹਉ ਬਨਜਾਰੋ ਰਾਮਕੋ, ਰਤਨਾ ਮੈਮੋਰੀਅਲ ਟਰੱਸਟ ਚੰਡੀਗੜ੍ਹ, 1989.

ਲਾਲ ਸਿੰਘ ਗਿਆਨੀ (ਸੰਗਰੂਰ) — ਸਤਿਗੁਰੂ ਬਿਨਾ ਹੋਰ ਕੱਚੀ ਹੈ ਬਾਣੀ, ਜਨਮ ਪੁਸਤਕ ਭੰਡਾਰ ਸੰਗਰੂਰ, ਦੂਜੀ ਵਾਰ, 1973.

ਲੁਗਾਹ, ਗੁਰਦੇਵ ਦਾਸ (ਸੰਤ) — ਰਵਿਦਾਸੀਆ ਜਾਪ, ਖੁਦ ਲੇਖਕ ਪਿੰਡ ਤੇ ਡਾ. ਪਬਮਾ (ਜਲੰਧਰ) ਮਿਤੀਹੀਨ।

ਵਣਜਾਰਾ ਬੇਦੀ ਸੋਹਿੰਦਰ ਸਿੰਘ — ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪਰੰਪਰਾ ਪ੍ਰਕਾਸ਼ਨ ਜੇ 11/80 ਰਾਜੌਰੀ ਗਾਰਡਨ, ਨਵੀਂ ਦਿੱਲੀ, 1977.

" — ਲੋਕਧਾਰਾ ਅਤੇ ਸਾਹਿਤ, -ਉਹੀ-, 1977.


## ਪੱਤਰ/ਪੱਤ੍ਰਿਕਾਵਾਂ


ਆਦਿ ਗੁਰ ਪ੍ਰਕਾਸ਼ ਪੱਤ੍ਰਕਾ, ਆਲ ਇੰਡੀਆ ਆਦਿ ਧਰਮ ਮਿਸ਼ਨ, ਜਲੰਧਰ, 1987.

ਸਚਖੰਡ ਪੱਤਰ, ਗੁ. ਸਚਖੰਡ ਬੋਰਡ ਨਾਦੇੜ (ਮਹਾਰਾਸ਼ਟਰ) 1989.

ਸਰਬ ਕਲਾ, ਰਾਜਪੁਰਾ ਰੋਡ ਕਾਲੋਨੀ, ਪਟਿਆਲਾ, 16.9.1990.

ਸਾਡਾ ਵਿਰਸਾ ਸਾਡਾ ਗੌਰਵ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ।

ਸੀਸ ਗੰਜ, ਗੁਰੂਦਵਾਰਾ ਪ੍ਰਬੰਧਕ ਕਮੇਟੀ ਚਾਂਦਨੀ ਚੌਕ ਦਿੱਲੀ ।

ਖੋਜ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰੂਦਵਾਰਾ ,ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

ਗੁਰਮਤਿ ਪ੍ਰਕਾਸ਼, ਧਰਮ ਪ੍ਰਚਾਰ ਕਮੇਟੀ, ਸ਼੍ਰੋ.ਗੁ. ਪ੍ਰ. ਕਮੇਟੀ ਅੰਮ੍ਰਿਤਸਰ ।

ਗੁਲਚਮਨ, ਗਣੇਸ਼ ਨਗਰ, ਲਿੰਕ ਰੋਡ, ਲੁਧਿਆਣਾ ਸਾਲ, 1989.

ਜਾਗ੍ਰਤੀ, ਲੋਕ ਸੰਪਰਕ ਵਿਭਾਗ ਪੰਜਾਬ ਚੰਡੀਗੜ੍ਹ, 1977,78,79,83,88,90.

ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, 85, 86, 88.

ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1965, 68, 71, 77.

ਯੋਜਨਾ, ਭਾਰਤ ਸਰਕਾਰ ਪਬਲੀਕੇਸ਼ਨ ਡਵੀਜ਼ਨ ਨਵੀਂ ਦਿੱਲੀ, ਮਾਰਚ, 1988.

ਰਵਿਦਾਸ (ਸੁਵੀਨਰ) 611ਵੀਂ ਜਨਮ ਸ਼ਤਾਬਦੀ ਸ੍ਰੀ ਗੁਰੂ ਰਵਿਦਾਸ ਫਾਊਂਡੇਸ਼ਨ, ਜਲੰਧਰ, ਫਰਵਰੀ, 1988.

ਰਵਿਦਾਸ (ਸੁਵੀਨਰ) ਗੁਰੂ ਰਵਿਦਾਸ ਸਾਹਿਤ ਅਕਾਦਮੀ ਲੁਧਿਆਣਾ, ਫਰਵਰੀ, 1990.

ਰਵਿਦਾਸ ਪੱਤ੍ਰਕਾ, 615- ਐਲ ਮਾਡਲ ਟਾਊਨ ਜਲੰਧਰ, 1977 ਤੋਂ ਹੁਣ ਤੱਕ ।

## ਹਿੰਦੀ ਪੁਸਤਕਾਂ

ਅਸ਼ੋਕ, ਧਮਸ਼ੇਰ ਸਿੰਘ — ਸ੍ਰੀ ਆਦਿ ਗ੍ਰੰਥ ਕੇ ਅਤਿਰਿਕਤ ਰਵਿਦਾਸ ਵਾਣੀ, ਸ਼੍ਰੋਮਣੀ ਗੁਰੂਦਵਾਰਾ,ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

ਅਨੂ ਰਵਿ ਕੁਮਾਰ(ਸੰਪਾ.) — ਸੌਧਯਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਤੀਜੀ ਵਾਰ, 1990.

ਆਜ਼ਾਦ ਪ੍ਰਿਥਵੀ ਸਿੰਘ — ਰਵਿਦਾਸ ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ ਚੰਡੀਗੜ੍ਹ, 1973.

ਆਜ਼ਾਦ ਪ੍ਰਿਥਵੀ ਸਿੰਘ (ਆਚਾਰਯ) ਸੰਤ ਰਵਿਦਾਸ, ਨੈਸ਼ਨਲ ਬੁੱਕ ਟਰੱਸਟ ਇੰਡੀਆ ਨਈ ਦਿੱਲੀ, 1975.

" (ਸੰਪਾ.) ਯੁਗ ਪ੍ਰਵਰਤਕ ਸੰਤ ਗੁਰੂ ਰਵਿਦਾਸ, ਦੀਪਕ ਪਬਲਿਸ਼ਰਜ਼ ਜਲੰਧਰ, 1983.

ਐਨ. ਸਿੰਘ ਸੰਤ ਕਵਿ ਰੈਦਾਸ- ਮੂਲਾਂਕਨ ਔਰ ਪ੍ਰਦੇਯ, ਪੁਖਰਾਜ ਪ੍ਰਕਾਸ਼ਨ ਖਤੌਲੀ, 1983.

ਇੰਦ੍ਰਰਾਜ ਸਿੰਘ ਸੰਤ ਰਵਿਦਾਸ, ਪ੍ਰਕਾਸ਼ਨ ਵਿਭਾਗ ਭਾਰਤ ਸਰਕਾਰ ਨਈ ਦਿੱਲੀ, 1986.

ਕਲਾ ਸ਼ੁਕਲਾ ਸੰਤ ਰੈਦਾਸ, ਵਿਦਿਆ ਪ੍ਰਕਾਸ਼ਨ ਮੰਦਿਰ, ਦਿੱਲੀ, 1974.

ਕੁਰੀਲ, ਰਾਮ ਚਰਣ ਭਗਵਾਨ ਰਵਿਦਾਸ ਕੀ ਸਤਯਕਥਾ, 1950.

ਗੁਪਤ, ਗਣਪਤਿ ਚੰਦ੍ਰ ਹਿੰਦੀ ਸਾਹਿਤਯ ਕਾ ਵਿਗਿਆਨਕ ਇਤਿਹਾਸ, ਲੋਕ ਭਾਰਤੀ ਪ੍ਰਕਾਸ਼ਨ ਇਲਾਹਾਬਾਦ ਤੀਜੀ ਵਾਰ, 1986.

ਚਤੁਰਵੇਦੀ, ਪਰਸ਼ੁਰਾਮ (ਆਚਾਰਯ) ਹਿੰਦੀ ਸਾਹਿਤਯ ਕਾ ਬ੍ਰਿਹਤ ਇਤਿਹਾਸ (ਭਾਗ ਚੌਥਾ) ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ ਵਾਰਾਣਸੀ, 1968.

" ਉਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ, ਲੀਡਰ ਪ੍ਰੈਸ ਇਲਾਹਾਬਾਦ ਤੀਜੀ ਵਾਰ, 1972.

" ਸੰਤ ਸਾਹਿਤਯ ਕੇ ਪ੍ਰੇਰਣਾ ਸ੍ਰੋਤ, ਰਾਜਪਾਲ ਐਂਡ ਸਨਜ਼, ਨਈ ਦਿੱਲੀ, 1975.

" ਸੰਤ ਕਾਵਯ, ਕਿਤਾਬ ਮਹਲ ਇਲਾਹਾਬਾਦ, ਚੌਥੀ ਵਾਰ, 1981.

" ਮੀਰਾ ਬਾਈ ਕੀ ਪਦਾਵਲੀ, ਹਿੰਦੀ ਸਾਹਿਤਯ ਸੰਮੇਲਨ ਪ੍ਰਯਾਗ, ਸਤ੍ਹਾਰਵੀਂ ਵਾਰ, 1983.

ਜਮਨਾ ਦਾਸ ਉਰਫ ਜਸਵੰਤ ਸਿੰਘ ਮਹੰਤ (ਸਤ ਦਰਬਾਰੀ) ਪ੍ਰੇਮ ਭਕਤਿ ਪ੍ਰਕਾਸ਼, ਖੁਦ ਲੇਖਕ ਦੁਰਗਾਦਾਸ ਪ੍ਰੈਸ ਚੌਂਕ ਪਾਸੀਆਂ ਅੰਮ੍ਰਿਤਸਰ, 1933.

| | |
|---|---|
| ਜਗਬੀਰ ਸਿੰਹੁ(ਸੰਤ) | ਅਥ ਸ੍ਰੀ ਰਵਿਦਾਸ ਵਾਣੀ ਗ੍ਰੰਥ, ਖੰਡ ਦੂਜਾ ਖੁਦ ਲੇਖਕ ਪਿੰਡ ਤੇ ਡਾਕ ਅਸਾਰਾ(ਮੇਰਠ) 1975. |
| " | ਸੰਤ ਰਵਿਦਾਸ ਮਹਾਤਮਯ, ਸ੍ਰੀ ਰਵਿਦਾਸ ਸੰਤ ਆਸ਼ਰਮ ਅਸਾਰਾ(ਮੇਰਠ) 1978. |
| " | ਜਪਨ ਜੋਗ-ਜਪ, ਸੰਤ ਸ੍ਰੀ ਜਗਬੀਰ ਆਸ਼ਰਮ ਅਸਾਰਾ (ਮੇਰਠ) 1984. |
| ਜਿਗਿਆਸੂ, ਚੰਦ੍ਰਿਕਾ ਪ੍ਰਸਾਦ | ਸੰਤ ਪ੍ਰਵਰ ਰੈਦਾਸ ਸਾਹਬ, ਬਹੁਜਨ ਕਲਿਆਣ ਪ੍ਰਕਾਸ਼ਨ ਲਖਨਊ, 1984. |
| ਤ੍ਰਿਗੁਣਾਇਤ, ਗੋਬਿੰਦ | ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਸਾਹਿਤਯ ਨਿਕੇਤਨ ਕਾਨਪੁਰ, 1961. |
| ਦ੍ਵਿਵੇਦੀ ਹਜ਼ਾਰੀ ਪ੍ਰਸਾਦ(ਆਚਾਰਯ) | ਹਿੰਦੀ ਸਾਹਿਤਯ ਉੱਦਭਵ ਔਰ ਵਿਕਾਸ, ਰਾਜਕਮਲ ਪ੍ਰਕਾਸ਼ਨ ਨਈ ਦਿੱਲੀ ਚੌਥੀ ਵਾਰ, 1987. |
| " | ਮਧਕਾਲੀਨ, ਧਰਮ ਸਾਧਨਾ, ਸਾਹਿਤ ਭਵਨ ਪ੍ਰਾ. ਲਿ. ਇਲਾਹਾਬਾਦ ਤੀਜਾ ਐਡੀਸ਼ਨ, 1962. |
| " | ਕਬੀਰ, ਰਾਜਕਮਲ ਪ੍ਰਕਾਸ਼ਨ ਦਿੱਲੀ- 6, ਪਹਿਲਾ ਐਡੀਸ਼ਨ, 1971. |
| ਦੀਕਸ਼ਿਤ, ਤ੍ਰਿਲੋਕੀ ਨਾਰਾਯਣ | ਹਿੰਦੀ ਸੰਤ-ਸਾਹਿਤਯ, ਰਾਜ ਕਮਲ ਪ੍ਰਕਾਸ਼ਨ ਦਿੱਲੀ, 1963. |
| ਨਗੇਂਦ੍ਰ(ਡਾ.) | ਹਿੰਦੀ ਸਾਹਿਤਯ ਕਾ ਇਤਿਹਾਸ, ਨੈਸ਼ਨਲ ਪਬਲਿਸ਼ਿੰਗ ਹਾਊਸ ਨਈ ਦਿੱਲੀ, ਦੂਜੀ ਵਾਰ, 1976. |
| ਨਾਹਟਾ, ਅਗਰ ਚੰਦ | ਭਕਤਮਾਲ(ਚਤੁਰਦਾਸ) ਟੀਕਾ ਸਹਿਤ ਰਾਜਸਥਾਨ ਪ੍ਰਾਚਯ ਵਿਦਿਯਾ ਪ੍ਰਤਿਸ਼ਠਾਨ ਜੋਧਪੁਰ, 1965. |
| ਨਾਭਾ ਸਵਾਮੀ | ਭਗਤਮਾਲ, ਤੇਜ ਕੁਮਾਰ ਪ੍ਰੈਸ ਲਖਨਊ, 1964. |
| ਪਦਮ ਗੁਰਚਰਨ ਸਿੰਘ | ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵਚਿੰਤਨ ਪ੍ਰਕਾਸ਼ਨ ਜਲੰਧਰ, 1977. |
| ਪਾਂਡੇ, ਰਾਜ ਬਲੀ | ਹਿੰਦੀ ਸਾਹਿਤਯ ਕਾ ਬ੍ਰਹਤ ਇਤਿਹਾਸ(ਭਾਗ ਪਹਿਲਾ) ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ, 1940. |

| | |
|---|---|
| ਪਾਂਡੇ, ਸੰਗਮ ਲਾਲ | ਸੰਤ ਰੈਦਾਸ ਵਿਅਕਤਿਤ੍ਵ ਏਵਮ ਕ੍ਰਿਤਿਤ੍ਵ, ਸਾਹਿਤਯ ਵਾਣੀ ਗੋਸਾਈ ਟੋਲਾ, ਇਲਾਹਾਬਾਦ, 1970. |
| ਬਖਸ਼ੀ ਦਾਸ | ਅਸਲੀ ਰਵਿਦਾਸ ਰਾਮਾਇਣ, ਸਯਾਮ ਲਾਲ ਹੀਰਾ ਲਾਲ ਮਥੁਰਾ, ਮਿਤੀਹੀਨ । |
| ਬੜਥਵਾਲ ਪੀਤਾਂਬਰ ਦੱਤ | ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ, ਅਵਧ ਪਬਲਿਸ਼ਿੰਗ ਹਾਊਸ ਲਖਨਊ, 1968. |
| ਬੈਲਵੇਡੀਅਰ ਪ੍ਰੈਸ | ਰੈਦਾਸ ਜੀ ਕੀ ਵਾਣੀ, 13 ਮੋਤੀ ਲਾਲ ਰੋਡ ਇਲਾਹਾਬਾਦ 1970. |
| ਭਨੋਟ, ਸਰਨ ਦਾਸ | ਰਵਿਦਾਸ ਵਚਨ ਸੁਧਾ, ਲੋਕ ਸੰਪਰਕ ਵਿਭਾਗ,ਹਰਿਆਣਾ, 1981. |
| ਭਾਰਤੀ, ਕੰਵਲ | ਸੰਤ ਰੈਦਾਸ, ਬਹੁਜਨ ਕਲਿਆਣ ਪ੍ਰਕਾਸ਼ਨ, ਲਖਨਊ, 1985. |
| ਮਜੀਠੀਆ, ਸੁਦਰਸ਼ਨ ਸਿੰਘ | ਸੰਤ ਸਾਹਿਤਯ, ਰੂਪ ਕਮਲ ਪ੍ਰਕਾਸ਼ਨ ਦਿੱਲੀ,1962. |
| ਮਜੂਮਦਾਰ, ਮਧੂਸੂਦਨ(ਅਨੁ.) | ਭਕਤ ਰੂਈਦਾਸ, ਦੇਵ ਸਾਹਿਤਯ ਕੁਟੀਰ ਪ੍ਰਾ. ਲਿ. ਕਲਕੱਤਾ, 1915. |
| ਮਹਾਦੇਵ, ਪ੍ਰਸ਼ਾਦ ਸਿੰਹੁ(ਬਾਬੂ) | ਰਵਿਦਾਸ ਰਾਮਾਇਣ(ਪੰਜ ਕਾਂਡ) ਸ੍ਰੀ ਲੋਕ ਨਾਥ ਪੁਸਤਕਾਲਯ ਮਹਾਤਮਾ ਗਾਂਧੀ, ਰੋਡ ਕਲਕੱਤਾ -7. |
| ਮੈਨੀ, ਧਰਮਪਾਲ | ਸੰਤੋਂ ਕੇ ਧਾਰਮਿਕ ਵਿਸ਼ਵਾਸ, ਨਵਜੋਤ ਪਬਲੀਕੇਸ਼ਨਜ਼ ਮਲੇਰਕੋਟਲਾ, 1966. |
| " | ਰੈਦਾਸ, ਸਾਹਿਤਯ ਅਕਾਦਮੀ, ਦਿੱਲੀ, 1979. |
| ਯੋਗੇਂਦ੍ਰ ਸਿੰਹੁ | ਸੰਤ ਰੈਦਾਸ ਕ੍ਰਿਤਿਤ੍ਵ ,ਜੀਵਨ ਔਰ ਵਿਚਾਰ, ਅੱਖਰ ਪ੍ਰਕਾਸ਼ਨ ਪ੍ਰਾ. ਲਿਮ., 1972. |
| ਯੋਗੇਸ਼ ਗੁਪਤ(ਸੰਪਾ.) | ਸੰਤ ਰੈਦਾਸ, ਹਿੰਦ ਪਾਕਿਟ ਬੁਕਸ, ਸ਼ਾਹਦਰਾ,ਦਿੱਲੀ, 1989. |

ਰਜਨੀਸ਼(ਆਚਾਰਯ) — ਐਸੀ ਭਕਤਿ ਕਰੇ ਰੈਦਾਸਾ, ਡਾਯਮੰਡ ਪਾਕਿਟ ਬੁਕਸ ਨਈ ਦਿੱਲੀ, 1990.

" — ਸੰਤ ਭਾਖੈ ਰੈਦਾਸ, -ਉਹੀ- 1988.

ਰਤਨ ਚੰਦ — ਸੰਤ ਰਵਿਦਾਸ, ਵਿਸ਼ਵੇਸਰਾਨੰਦ ਵੈਦਿਕ ਸ਼ੋਧ ਸੰਸਥਾਨ, ਹੁਸ਼ਿਆਰਪੁਰ, 1988.

ਰਾਜਦੇਵ ਸਿੰਘ — ਸੰਤ-ਸਾਹਿੱਤਯ ਪੁਨਰ ਮੂਲਾਂਕਨ, ਆਰਯ ਬੁਕ ਡਿਪੋ, ਨਈ ਦਿੱਲੀ, 1973.

ਰਾਯ, ਚੰਦ੍ਰ ਦੇਵ — ਕਬੀਰ ਔਰ ਰੈਦਾਸ ਏਕ ਤੁਲਨਾਤਮਕ ਅਧਿਐਨ, ਸੋਹਾਰਦ ਪ੍ਰਕਾਸ਼ਨ, ਮੁੰਸੀਪੁਰਾ, ਮਊਨਾਖ ਭੰਜਨ(ਆਜਮਗੜ੍ਹ)1978.

ਰੀਨਾ ਰਾਣੀ — ਸੰਤ ਰੈਦਾਸ, ਭਾਰਤੀ ਭਾਸ਼ਾ ਪ੍ਰਕਾਸ਼ਨ ਦਿੱਲੀ, 1987.

ਵਰਮਾ, ਰਾਮ ਕੁਮਾਰ — ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਰਾਮ ਨਾਰਾਇਣ ਲਾਲ, ਇਲਾਹਾਬਾਦ, ਛੇਵੀਂ ਵਾਰ, 1971.

ਵਿਯੋਗੀ ਹਰਿ(ਸੰਪਾ.) — ਸੰਤ ਸੁਧਾਸਾਰ, ਸਸਤਾ ਸਾਹਿਤਯ ਮੰਡਲ ਨਈ ਦਿੱਲੀ, 1957.

ਸ਼ਰੀਨ, ਧਰਮਪਾਲ — ਨੀਚ ਤੇ ਊਚ ਕੀਓ ਮੇਰੇ ਸਤਿਗੁਰ, ਐਸ. ਚੰਦ ਐਂਡ ਕੰ. ਲਿਮ. ਨਈ ਦਿੱਲੀ, 1977.

ਸਵਰਣ ਕਿਰਣ, ਗੋਪਾਲ — ਸੰਤ ਰਵਿਦਾਸ ਔਰ ਉਨਕਾ ਕਾਵਿ, ਸਮਕਾਲੀਨ ਪ੍ਰਕਾਸ਼ਨ ਵਾਰਾਨਸੀ, 1970.

ਸ਼ਰਮਾ, ਬੇਣੀ ਪ੍ਰਸਾਦ — ਸੰਤ ਗੁਰੂ ਰਵਿਦਾਸ, ਗੁਰੂ ਰਵਿਦਾਸ ਸੰਸਥਾਨ ਚੰਡੀਗੜ੍ਹ, 1972.

" — ਸੰਤ ਗੁਰੂ ਰਵਿਦਾਸ ਬਾਣੀ, -ਉਹੀ-, 1978.

" — ਸੰਤ ਰਵਿਦਾਸ ਕੀ ਭਕਤਿ ਸਾਧਨਾ, ਵਿਸ਼ਵ ਭਾਰਤੀ, ਪ੍ਰਕਾ-ਸ਼ਨ, ਚੰਡੀਗੜ੍ਹ, 1980.

ਸ਼ਰਮਾ, ਪ੍ਰਾਗਦੱਤ 'ਵਿਰਿਤ' — ਸ੍ਰੀ ਰਵਿਦਾਸ ਰਾਮਾਇਣ, ਸ੍ਰੀ ਗੋਪਾਲ ਪੁਸਤਕਾਲਯ ਮਥੁਰਾ ਤੀਜੀ ਵਾਰ, 1980.

ਸ਼ਰਮਾ, ਸ਼ਿਵ ਕੁਮਾਰ — ਹਿੰਦੀ ਸਾਹਿਤਯ ਯੁਗ ਔਰ ਪ੍ਰਵਿਰਤੀਆਂ, ਅਸ਼ੋਕ ਪ੍ਰਕਾਸ਼ਨ ਦਿੱਲੀ, ਗਿਆਰਵੀਂ ਵਾਰ, 1989.

ਸ਼ਾਂਡਿਲਯ, ਸ਼ਿਵ ਕੁਮਾਰ — ਮਹਾਮਾਨਵ ਰੈਦਾਸ, ਚਰਨ ਰਾਜ ਪ੍ਰਕਾਸ਼ਨ, ਅਲੀਗੜ੍ਹ, 1987.

ਸ਼ੁਕਦੇਵ ਸਿੰਘ — ਰੈਦਾਸਗਾਥਾ, ਰਵਿਦਾਸ ਸਮਾਰਕ ਸੁਸਾਇਟੀ, ਗੁਰੂ ਰਵਿਦਾਸ ਮੰਦਿਰ ਵਾਰਾਨਸੀ, 1988.

ਸਿੰਗਲ ਧਰਮਪਾਲ(ਸੰਪਾ.) — ਸਰਬੰਗੀ(ਸੰਤ ਰੱਜਬਦਾਸ ਦੁਆਰਾ ਸੰਕਲਿਤ) ਦੀਪਕ ਪਬਲਿਸ਼ਰਜ਼ ਜਲੰਧਰ, 1990.

ਸ਼ੁਕਲ, ਰਾਮ ਚੰਦ੍ਰ(ਆਚਾਰਯ) — ਹਿੰਦੀ ਸਾਹਿਤਯ ਕਾ ਇਤਿਹਾਸ, ਨਾਗਰੀ ਪ੍ਰਚਾਰਿਣੀ ਸਭਾ ਕਾਸ਼ੀ 20ਵੀਂ ਵਾਰ, 1983.

" — ਸੰਤ ਵਾਣੀ ਸੰਗ੍ਰਹਿ, ਭਾਗ ਦੂਜਾ ਬੈਲਵੀਡਿਯਰ ਪ੍ਰਿੰਟਿੰਗ ਵਰਕਸ, ਇਲਾਹਾਬਾਦ, ਛੇਵੀਂ ਵਾਰ, 1982.

ਸ਼ਾਸਤਰੀ ਰਾਮਾਨੰਦ ਅਤੇ ਵੀਰੇਂਦਰ ਪਾਂਡੇ — ਸੰਤ ਰਵਿਦਾਸ ਔਰ ਉਨਕਾ ਕਾਵਿ, ਨਵ ਭਾਰਤ ਪ੍ਰੈਸ ਲਖਨਊ, 1955.

ਸ੍ਰੀ ਵਾਸਤਵ, ਬਦਰੀ ਨਾਰਾਯਣ — ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਸਾਹਿਤਯ ਪਰ ਉਸਕਾ ਪ੍ਰਭਾਵ ਹਿੰਦੀ ਪਰੀਸ਼ਦ ਵਿਸ਼ਵ ਵਿਦਿਆਲਯ ਪ੍ਰਯਾਗ, 1957.

ਹਰੀਸ਼ ਚੰਦ੍ਰ — ਜਨਮ ਸਾਖੀ ਭਗਤ ਰਵਿਦਾਸ ਜੀ, ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, ਮਿਤੀਹੀਨ ।

## ਪੱਤਰ/ ਪੱਤ੍ਰਿਕਾਵਾਂ

ਕਲਯਾਣ, ਗੀਤਾ ਪ੍ਰੈਸ ਗੋਰਖਪੁਰ(ਸੰਤ ਅੰਕ), 1987.

ਜਾਗ੍ਰਤੀ, ਲੋਕ ਸੰਪਰਕ ਵਿਭਾਗ ਪੰਜਾਬ, ਚੰਡੀਗੜ੍ਹ, ਫਰਵਰੀ, 1977, 1990.

ਪੰਜਾਬ ਸੌਰਭ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਈ-ਜੂਨ, 1977.

ਸਪਤ ਸਿੰਧੂ, ਭਾਸ਼ਾ ਵਿਭਾਗ, ਹਰਿਆਣਾ, ਚੰਡੀਗੜ੍ਹ, 1976, 79.

ਹਰਿਆਣਾ ਸੰਵਾਦ, ਲੋਕ ਸੰਪਰਕ ਵਿਭਾਗ ਹਰਿਆਣਾ ਚੰਡੀਗੜ੍ਹ, 1989, 90.

## ਅਪ੍ਰਕਾਸ਼ਿਤ ਸ਼ੋਧ ਪ੍ਰਬੰਧ /ਖੋਜ ਕ੍ਰੰਥ

### (ੳ) ਪੀ.ਐਚ.ਡੀ. ਦੀ ਉਪਾਧੀ ਲਈ ਪ੍ਰਵਾਨਤ ਸ਼ੋਧ-ਪ੍ਰਬੰਧ

ਅਵਤਾਰ ਸਿੰਘ(ਡਾ.) — ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ (ਪੰਜਾਬੀ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ।

ਸ਼ਰਮਾ, ਸ਼ਿਵ ਦੱਤ(ਡਾ.) — ਭਾਰਤੀ ਜੀਵਨ ਦਰਸ਼ਨ ਔਰ ਗੁਰੂ ਰਵਿਦਾਸ (ਹਿੰਦੀ) -ਉਹੀ-

ਹਰਨੇਕ ਸਿੰਘ ਕਲੇਰ(ਡਾ.) — ਗੁਰੂ ਰਵਿਦਾਸ: ਜੀਵਨੀ ਤੇ ਵਾਣੀ ਦੀ ਪ੍ਰਮਾਣਿਕਤਾ, -ਉਹੀ-

ਹਾਕਮ ਸਿੰਘ(ਡਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦੀ ਵਿਸ਼ੇਸ਼ਤਾ, -ਉਹੀ-

ਕ੍ਰਿਸ਼ਨਾ ਕੁਮਾਰੀ (ਡਾ.) — ਗੁਰੂ ਰਵਿਦਾਸ ਦਾ ਭਗਤੀ ਦਾ ਸੰਕਲਪ ,-ਉਹੀ-

ਗੋਇਲ, ਕੇ.ਐਲ.(ਡਾ.) — ਸੰਤ ਨਾਮਦੇਵ ਅਤੇ ਗੁਰੂ ਰਵਿਦਾਸ: ਇੱਕ ਤੁਲਨਾਤਮਕ ਅਧਿਐਨ -ਉਹੀ-

ਜਸਵੰਤ ਸਿੰਘ ਬੇਗੋਵਾਲ(ਡਾ.) — ਗੁਰੂ ਰਵਿਦਾਸ ਵਾਣੀ ਦਾ ਲੋਕਧਾਰਾਈ ਅਧਿਐਨ, -ਉਹੀ-

ਮਿਸ਼ਰ, ਭਗਵਤ ਵ੍ਰਤ (ਡਾ.) — ਸੰਤ ਰੈਦਾਸ ਔਰ ਉਨਕਾ ਪੰਥ(ਲਖਨਊ ਯੂਨੀਵਰਸਿਟੀ ਲਖਨਊ ਵਲੋਂ 1954 ਈ. ਵਿਚ ਪ੍ਰਵਾਨਿਤ )

ਲੇਖ ਰਾਜ ਪਰਵਾਨਾ(ਡਾ.) — ਗੁਰੂ ਰਵਿਦਾਸ:ਜੀਵਨ ਤੇ ਕਿਰਤਾਂ ਇੱਕ ਆਲੋਚਨਾਤਮਕ ਅਧਿਐਨ, (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਪ੍ਰਵਾਨਤ )

### (ਅ) ਐਮ.ਫਿਲ. ਦੀ ਡਿਗਰੀ ਲਈ ਪ੍ਰਵਾਨਤ ਸ਼ੋਧ ਪ੍ਰਬੰਧ

ਕਰਨੈਲ ਸਿੰਘ (ਜੋਗੀਮਾਜਰਾ) — ਰਵਿਦਾਸ ਵਾਣੀ ਵਿਚ ਰਹੱਸਵਾਦੀ ਪ੍ਰਵਿਰਤੀਆਂ, ਪੰਜਾਬੀ ਯੂਨੀ. ਪਟਿਆਲਾ ।

ਕ੍ਰਿਸ਼ਨ ਸਿੰਘ(ਲੁਧਿਆਣਾ) — ਆਦਿ ਗ੍ਰੰਥ ਵਿਚ ਭਗਤ ਬਾਣੀ ਦਾ ਸਮਾਜਿਕ ਪੱਖ(ਭਗਤ ਕਬੀਰ ਤੇ ਭਗਤ ਰਵਿਦਾਸ ਦੇ ਪ੍ਰਸੰਗ ਵਿੱਚ),-ਉਹੀ-

### (ੲ) ਐਮ.ਏ. ਦੀ ਡਿਗਰੀ ਲਈ ਪ੍ਰਵਾਨਤ ਸ਼ੋਧ-ਪ੍ਰਬੰਧ

ਗੁਰਬਚਨ ਸਿੰਘ — ਵੈਸ਼ਨਵ ਮੱਤ ਅਤੇ ਭਗਤ ਰਵਿਦਾਸ ਜੀ(ਐਮ.ਏ. ਧਰਮ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।)

ENGLISH BOOKS


Ahuja N.D. — Thus Sayeth Guru Ravidas, 3373/II, 40-D, Chandigarh, 1982.

Ambedkar, B.R. — Castes in India, Bhim Patrika Publications, Jalandhar, 1977.

Briggs, G.W. — The Chamars, Association Press 5, Russell Street, Calcutta, 1920.

Chahil, Darshan Singh — A Study of Bhakta Ravidass, Panjabi University, Patiala, 1977.

Darshan Singh — Sant Ravidass And His Times, Kalyani Publishers, Ludhiana, 1977.

Farquhar, J.N. — An Outline of the Religious Literature of India, Moti Lal Banarsi Dass, Delhi, 1967.

Kohli, Surinder Singh — A Critical Study of Adi Granth, Moti Lal Banarsi Dass, Delhi, 1976.

Leon Edel — Literary Biography, Rupart Hart Davis, London, 1957.

Macauliffe, Max, Arthur — The Sikh Religion, Vol, VI, S.Chand & Co., Ram Nagar, New Delhi, 1963.

Mahadevan, T.M.P. — Ten Saints of India, Bhartiya Vidya Bhavan, Bombay, 1965.

Mcleod, W.H. — Guru Nanak And the Sikh Religion, Clarendon Press, Oxford, 1968.

Mohan Singh — A History of Panjabi Literature (1100--1932), Bharat Prakashan, Jalandhar, 3rd Edi., 1971.

Panjab History Conference Proceedings — Papers on Guru Nank, March 14--15, 1968, Fourth Session, Pbi, Uni. Patiala, 1970.

Pandey, S.L. — Existence, Devotion And Freedom: The Philosophy of Ravidass, Darshan Peeth Allahabad, 1965.

Raju Karam Singh — Guru Ravi Dass Life and Philosophy, Ratna Memorial Trust, Chandigarh.

Sen, K.M. — Medieval Mysticism of India, London, 1935.

Shipley Jasiph.T. — Dictionary of World Literacy Terms, The Writer, Baston, 1970.

Talib, Gurbachan Singh — Selections from the Holly Granth, Vikas Publishing House, Pvt.Ltd. Delhi, 1975.

Trumpp, Ernest — Introduction to the Adi Granth, London, 1987.

Upadhyaya, K.N. — Guru Ravidass: Life And Teaching, Radha Swami Satsang, Beas, 1982.

Wilson, H.H. — Religious Sects of Hindus, Sushil Gupta, Pvt.Ltd. Calcutta, 1958.

Magzines

Advance, Public Relation Deptt. Pb. Chandigarh, 1990.

Journal of Sikh Studies, G.N.D.U. Amritsar, 1979.

The Journal of Religious Studies, Pbi.Uni.Patiala, 1971.

Encyclopaedias & Dictionaries

Encyclopaedia Britannica, Encyclopaedia Britannica Inc. New York, Thrteenth Edi. 1926.

Encyclopaedia of Religion and Ethics, James Hastings, Edi. George Street, New York.

Dictionary of Folklore Mythology & Legend, Vol.III, Funk & Waghalls Company, New York, 1950.

*Sohal*

541955

Punjab University